ਅਰਦਾਸ
ਤੇ
ਸਾਡਾ ਇਤਿਹਾਸ

ਪ੍ਰੋ: ਜੋਗਿੰਦਰ ਸਿੰਘ ਐਮ. ਏ.
ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਕਾਲਜ
ਦੇਵ ਨਗਰ, ਨਵੀਂ ਦਿੱਲੀ-5

ਪ੍ਰੀਤ ਪ੍ਰਕਾਸ਼ਨ ਨਵੀਂ ਦਿੱਲੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅਰਦਾਸ

ਤੇ

ਸਾਡਾ ਇਤਿਹਾਸ

ਪ੍ਰੋ: ਜੋਗਿੰਦਰ ਸਿੰਘ ਐਮ. ਏ.
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ
ਦੇਵ ਨਗਰ, ਨਵੀਂ ਦਿੱਲੀ-5

ਪ੍ਰੀਤ ਪ੍ਰਕਾਸ਼ਨ ਨਵੀਂ ਦਿੱਲੀ

Digitized by Panjab Digital Library | www.panjabdigilib.org

ਸਰਬ ਅਧਿਕਾਰ 'ਕਰਤਾ' ਦੇ ਰਾਖਵੇਂ ਹਨ

ਪਹਿਲੀ ਛਾਪ: ਨਵੰਬਰ 1967

ਮੁਲ : ਸੱਤ ਰੁਪਏ ਪੰਜਾਹ ਪੈਸੇ

ਪ੍ਰਕਾਸ਼ਕ : ਪ੍ਰੀਤ ਪ੍ਰਕਾਸ਼ਨ
ਨਵੀਂ ਦਿੱਲੀ-5

ਮੁਦ੍ਰਕ : ਗੁਰਮਤਿ ਪ੍ਰਿੰਟਿੰਗ ਪ੍ਰੈਸ, ਪਹਾੜ ਗੰਜ, ਨਵੀਂ ਦਿੱਲੀ

ਮਿਲਣ ਦਾ ਪਤਾ : ਪ੍ਰੋ: ਜੋਗਿੰਦਰ ਸਿੰਘ ਐਮ. ਏ.,
ਖਾਲਸਾ ਕਾਲਜ, ਨਵੀਂ ਦਿੱਲੀ-5

Digitized by Panjab Digital Library | www.panjabdigilib.org

ਪਰਮ ਗੁਰੂ ਗੁਰੂ ਨਾਨਕ ਦੇਵ ਜੀ

ਬਲਿਓ ਚਰਾਗ ਅੰਧ੍ਯਾਰ ਮਹਿ, ਸਭ ਕਲ ਉਧਰੀ ਇਕ ਨਾਮ ਧਰਮ ॥
ਪ੍ਰਗਟ ਸਗਲ ਹਰਿ ਭਵਨ ਮਹਿ, ਜਨ ਨਾਨਕ ਗੁਰ ਪਾਰਬ੍ਰਹਮ ॥

(ਗੁਰੂ ਅਰਜਨ ਦੇਵ ਜੀ)

Digitized by Panjab Digital Library | www.panjabdigilib.org

ਇਸੇ ਕਲਮ ਤੋਂ :–

(੧) ਸ੍ਰੀ ਗੁਰੂ ਗ੍ਰੰਥ-ਦਰਪਣ
(੨) ਦਸਮ ਪਿਤਾ–ਗੁਰੂ ਗੋਬਿੰਦ ਸਿੰਘ

Digitized by Panjab Digital Library | www.panjabdigilib.org

ਮੁੱਖ-ਸ਼ਬਦ

ਸ੍: ਜੋਗਿੰਦਰ ਸਿੰਘ, ਅਧਿਆਪਕ, ਪੰਜਾਬੀ ਵਿਭਾਗ, ਖਾਲਸਾ ਕਾਲਜ ਨਵੀਂ ਦਿੱਲੀ ਨੇ ਇਹ ਜੋ ਪੁਸਤਕ 'ਅਰਦਾਸ' ਉੱਤੇ ਲਿਖੀ ਹੈ, ਤੇ ਜਿਵੇਂ ਸਿੱਖਾਂ ਦੇ ਇਤਿਹਾਸ ਨੂੰ ਉਹਨਾਂ ਦੀ 'ਅਰਦਾਸ' ਨਾਲ ਜੋੜਿਆ ਹੈ, ਉਹ ਬਹੁਤ ਸ਼ਲਾਘਾ-ਯੋਗ ਯਤਨ ਹੈ।

'ਅਰਦਾਸ' ਸਾਨੂੰ ਆਪਣੇ ਆਦਰਸ਼ ਨਾਲ ਜੋੜਦੀ ਹੈ, ਸਾਡੇ ਮੂਲ-ਸੋਮੇਂ ਨਾਲ, ਜੋ ਸਾਡੇ ਧੁਰ-ਅੰਦਰ ਹੀ ਲੁਕਿਆ ਬੈਠਾ ਹੈ ਤੇ ਅਰਦਾਸ ਰਾਹੀਂ ਸਾਨੂੰ ਆਪਣੀ ਸੋਝੀ ਕਰਵਾਉਂਦਾ ਹੈ। ਇਸ ਨਾਲ ਸਾਡਾ ਸੈ-ਭਰੋਸਾ ਪੱਕਾ ਹੁੰਦਾ ਹੈ, ਤੇ ਮਨ ਦੀਆਂ ਉਨ੍ਹਾਂ ਡੂੰਘਾਈਆਂ ਦਾ ਸੁਤੇ ਸਿੱਧ ਹੀ ਪਤਾ ਲਗਦਾ ਹੈ, ਜਿਨ੍ਹਾਂ ਦਾ ਸਾਨੂੰ ਕਦੀ ਚਿਤ-ਚੇਤਾ ਨਹੀਂ ਹੁੰਦਾ। ਗੁਰਬਾਣੀ ਦਾ ਬਹੁਤਾ ਭਾਗ ਅਰਦਾਸ-ਰੂਪ ਹੀ ਹੈ। ਜੀਵਨ-ਸਮਰਪਣ ਕਰਨਾ ਗੁਰੂ-ਪ੍ਰਮੇਸ਼ਰ ਦੇ ਆਦਰਸ਼ਾਂ ਨਮਿੱਤ, ਇਹ ਅਰਦਾਸ ਦਾ ਮਨੋਰਥ ਹੈ। ਸਿੱਖਾਂ ਦਾ ਸਾਰਾ ਇਤਿਹਾਸ 'ਸਿੱਖ-ਅਰਦਾਸ' ਵਿਚ ਚਿਤ੍ਰਿਆ ਹੋਇਆ ਹੈ, ਜਿਸ ਉੱਤੇ ਕਰਤਾ ਨੇ ਸਿਆਣੀ ਤੇ ਸਾਰਥਕ ਖੋਜ ਕਰ ਕੇ ਚਾਨਣਾ ਪਾਇਆ ਹੈ। ਇਸ ਤਰ੍ਹਾਂ ਸਾਡਾ ਇਤਿਹਾਸ ਮਾਨੋਂ ਰੱਬ ਅੱਗੇ ਕੀਤੀ ਜਾ ਰਹੀ ਇਕ ਸਦੀਵੀ ਅਰਦਾਸ ਹੈ, ਇਕ ਸਦੀਵੀ ਸਮਰਪਣ।

ਅਰਦਾਸ 'ਸਰਬੱਤ ਦੇ ਭਲੇ' ਦੀ ਫਲਦੀ ਤੇ ਆਤਮਾ ਨੂੰ ਉੱਚਾ ਕਰਦੀ ਹੈ। ਦੂਜਿਆਂ ਦੀ ਹਾਨੀ ਲਈ ਕੀਤੀ ਅਰਦਾਸ ਆਪਣੇ ਹੀ ਹਾਨ ਦਾ ਕਾਰਨ ਬਣਦੀ ਹੈ। ਨਿਰੋਲ ਆਪਣੇ ਭਲੇ ਦੀ ਅਰਦਾਸ, ਭਾਵੇਂ ਉਹ ਪਦਾਰਥਕ ਹੋਵੇ, ਸਰੀਰ ਤੇ ਮਨ ਨੂੰ ਇਕ ਸੈ-ਭਰੋਸਾ, ਇਕ ਠੰਢ, ਤੇ ਆਪਣੇ ਤੋਂ ਉੱਚੀ ਕਿਸੇ ਹਸਤੀ ਵਿਚ ਨਿਸਚਾ ਦ੍ਰਿੜ੍ਹ ਕਰਵਾਂਦੀ ਹੈ, ਤੇ ਚੜ੍ਹਿੰਦੀ-ਕਲਾ ਵਿਚ ਕਦੀ ਜਾਣ ਨਹੀਂ ਦਿੰਦੀ। ਪਰ ਸਭ ਤੋਂ ਪ੍ਰਮੁਖ ਅਰਦਾਸ ਉਹ ਹੈ, ਜੋ ਦੂਜਿਆਂ ਦੇ ਭਲੇ ਲਈ ਤੇ ਕੇਵਲ ਰੱਬ ਨੂੰ ਮੰਗਣ ਲਈ ਕੀਤੀ ਜਾਵੇ।

ਅਰਦਾਸ ਨਾਲ ਕੀ ਹੁੰਦਾ ਹੈ? ਇਹ ਉਹੀ ਜਾਣਦਾ ਹੈ, ਜੋ ਵਿਸ਼ਵਾਸ ਨਾਲ ਅਰਦਾਸ ਕਰਦਾ ਹੈ। ਇਹ ਪੜ੍ਹਨ-ਪੜ੍ਹਾਣ ਦਾ ਵਿਸ਼ਾ ਨਹੀਂ, ਇਹ ਅਮਲ ਤੇ ਅਭਿਆਸ ਕਰਨ ਦਾ ਵਿਸ਼ਾ ਹੈ। ਜਿਉਂ ਜਿਉਂ ਮਨੁਖ ਇਸ ਰਾਹ ਤੇ ਟੁਰਦਾ ਹੈ, ਉਸ ਦੀ ਆਤਮਾ ਦੀ ਅਮੀਰੀ, ਉਸ ਦੇ ਮਨ ਦੀ ਫ਼ਕੀਰੀ, ਉਸ ਦੇ ਤਨ ਦੀ ਬਾਦਸ਼ਾਹੀ, ਉਸ ਦੇ ਸਮਾਜਕ-ਆਦਰਸ਼ਾਂ ਦੀ ਉੱਚਤਾ ਤੇ ਡੂੰਘਾਈ ਵਧਦੀ ਜਾਂਦੀ ਹੈ। ਤੇ ਮਨੁਖ ਆਤਮਕ-ਆਜ਼ਾਦੀ ਤੇ ਮਾਨਸਿਕ ਸਹਿਜ-ਸੁਖ ਨੂੰ ਪ੍ਰਾਪਤ ਕਰ ਲੈਂਦਾ ਹੈ।

'ਅਰਦਾਸ ਤੇ ਸਾਡਾ ਇਤਿਹਾਸ' ਪੁਸਤਕ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ।

62, ਸਊਥ ਐਵੀਨਿਊ
ਨਵੀਂ ਦਿਲੀ।
5 ਨਵੰਬਰ 1967

ਗੋਪਾਲ ਸਿੰਘ (ਡਾਕਟਰ)
ਵਿਜ਼ਿਟਿੰਗ ਪੋਫੈਸਰ
ਦਿੱਲੀ ਵਿਸ਼ਵ ਵਿਦਿਆਲਾ

Digitized by Panjab Digital Library | www.panjabdigilib.org

ਭੂਮਿਕਾ

'ਅਰਦਾਸ ਤੇ ਸਾਡਾ ਇਤਿਹਾਸ' ਸਿੱਖ ਧਰਮ ਨਾਲ ਸਬੰਧਤ ਮੇਰੀ ਦੂਸਰੀ ਪੁਸਤਕ ਹੈ। ਪਹਿਲੀ ਪੁਸਤਕ 'ਸ੍ਰੀ ਗੁਰੂ ਗ੍ਰੰਥ-ਦਰਪਣ' ਨੂੰ ਲਿਖਣ ਵੇਲੇ ਮੇਰੀ ਮਾਨਸਿਕ-ਖਾਹਿਸ਼ ਸੀ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਾਰਮਿਕ, ਦਾਰਸ਼ਨਿਕ, ਰਹੱਸਵਾਦੀ, ਸਮਾਜਕ ਤੇ ਸਾਹਿੱਤਕ-ਪੱਖ ਨੂੰ ਵਿਸ਼ੇਸ਼ ਰੂਪ ਵਿਚ ਰੂਪਮਾਨ ਕੀਤਾ ਜਾਵੇ ਤੇ ਮੈਂ ਆਪਣੇ ਆਸ਼ੇ ਤੇ ਉਦੇਸ਼ ਵਿਚ ਕੁਝ ਵਿਦਵਾਨ-ਅਧਿਆਪਕਾਂ ਤੇ ਮਿੱਤਰਾਂ ਦੇ ਕਹਿਣ ਮੁਤਾਬਿਕ ਸਫਲ ਵੀ ਹੋਇਆ ਹਾਂ। ਪ੍ਰਸਿੱਧ ਇਤਿਹਾਸ-ਖੋਜੀ ਪ੍ਰੋ: ਸਤਿਬੀਰ ਸਿੰਘ ਜੀ ਨੇ ਪੁਸਤਕ ਪੜ੍ਹਨ ਪਿਛੋਂ ਲਿਖਿਆ ਸੀ, "ਵੀਰ, ਜੋਗਿੰਦਰ ਸਿੰਘ ਜੀ, ਇਹ ਪੁਸਤਕ ਇਸ ਗਲ ਦੀ ਪ੍ਰਤੀਕ ਹੈ, ਕਿ ਤੁਸੀਂ ਛੇਤੀ ਹੀ ਸਿਖਰ ਛੂ ਲਵੋਗੇ। ਐਵਰਿਸਟ ਉੱਤੇ ਚੜ੍ਹਣ ਲਈ ਸਭ ਤੋਂ ਜ਼ਰੂਰੀ ਕੈਂਪ ਹੁੰਦੇ ਹਨ, ਜੇ ਕੈਂਪ ਠੀਕ ਹੈ, ਤਾਂ ਸਿਖਰ ਛੋਹਿਆ ਜਾ ਸਕਦਾ ਹੈ। ਇਹ ਪੁਸਤਕ ਇਕ ਸਫਲ ਕਿਰਤ ਹੈ ਤੇ ਕਈ ਹੋਰ ਕਾਮਯਾਬੀਆਂ ਦਾ ਪੇਸ਼ ਖੈਮਾ ਹੈ।" ਪ੍ਰੋ: ਭਰਪੂਰ ਸਿੰਘ ਜੀ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਲਿਖਿਆ ਸੀ, "ਇਹ ਪੁਸਤਕ ਧਾਰਮਿਕ ਤੇ ਸਾਹਿੱਤਕ-ਆਸ਼ੇ ਤੋਂ ਬੜਾ ਪ੍ਰਸੰਸਾ-ਯੋਗ ਉੱਦਮ ਹੈ।".....ਇਸੇ ਤਰ੍ਹਾਂ 'ਅਰਦਾਸ ਤੇ ਸਾਡਾ ਇਤਿਹਾਸ' ਪੁਸਤਕ ਨੂੰ ਲਿਖਣ ਵੇਲੇ ਵੀ ਮੇਰੇ ਦ੍ਰਿਸ਼ਟੀ-ਗੋਚਰ ਕੁਝ ਖਾਸ ਤੇ ਗੌਰਵਸ਼ੀਲ, ਪਰ ਅਣਛੋਹੇ ਵਿਸ਼ੇ ਸਨ। ਅਰਥਾਤ ਪਹਿਲਾ 'ਸਿੱਖ ਅਰਦਾਸ' ਦੀ ਆਤਮਕ, ਸਭਿਆਚਾਰਕ ਤੇ ਇਤਿਹਾਸਕ ਵਿਸ਼ੇਸ਼ਤਾ ਨੂੰ ਨਿਸਚਿਤ ਕੀਤਾ ਜਾਵੇ, ਦੂਜਾ ਸਿੱਖ ਇਤਿਹਾਸ ਦੀ ਗੌਰਵਸ਼ੀਲ-ਆਤਮਾ ਨੂੰ ਸ਼ੁੱਧ ਤੇ ਸੁਤੰਤਰ ਰੂਪ ਵਿਚ ਘਟਨਾਤਮਿਕ ਪੱਧਰ ਉੱਤੇ ਮੂਰਤੀਮਾਨ ਕੀਤਾ ਜਾਵੇ, ਤੀਜਾ ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਮੁਕਤਿਆਂ, ਸ਼ਹੀਦਾਂ ਤੇ ਮੁਰੀਦਾਂ ਨੇ ਸਿੱਖ ਲਹਿਰ ਦਾ ਸੁਨਹਿਰੀ ਤੇ ਸੂਰਮਗਤੀ ਵਾਲਾ ਮੂੰਹ-ਮੱਥਾ ਘੜਨ ਵਾਸਤੇ ਜੋ ਘਾਲਣਾਵਾਂ ਘਾਲੀਆਂ ਹਨ, ਉਹਨਾਂ ਨੂੰ ਤੇ ਉਹਨਾਂ ਦੀ ਵਿਸ਼ੇਸ਼ ਮਹੱਤਤਾ ਨੂੰ ਦਸ ਕੇ, ਅਜੋਕੀ ਸਿੱਖ ਲਹਿਰ ਦੇ ਬਣ ਰਹੇ ਕੁਝ ਕੁਚੱਜੇ ਤੇ ਕੁਚੀਲ ਮੂੰਹ-ਮੱਥੇ ਨੂੰ ਸੰਵਾਰਿਆ ਤੇ ਸੁਧਾਰਿਆ ਜਾਵੇ, ਚੌਥਾ ਸਿੱਖ ਇਤਿਹਾਸ ਨੂੰ ਗੁਰਬਾਣੀ ਦੀ ਚਿੰਤਨ ਤੇ ਦ੍ਰਿਸ਼ਟੀ-ਦਿਸ਼ਾ ਮੁਤਾਬਿਕ ਲਿਖਿਆ ਜਾਵੇ, ਪੰਜਵਾਂ ਸਿੱਖ ਧਰਮ ਦੇ ਕਿਰਿਆਤਮਿਕ-ਰੂਪਾਂ ਦੀ ਰਮਜ਼ ਤੇ ਰਹੱਸ ਨੂੰ ਸਿੱਖ ਦ੍ਰਿਸ਼ਟੀਕੋਣ ਤੋਂ ਸਮਝਿਆ ਤੇ ਸਮਝਾਇਆ ਜਾਵੇ, ਛੇਵਾਂ ਕੌਮੀ ਤੇ ਕੌਮਾਂਤਰੀ ਜੀਵਨ ਦੀ ਆਚਰਣ-ਉਸਾਰੀ ਵਾਸਤੇ ਗੁਰੂਆਂ ਤੇ ਗੁਰਸਿੱਖਾਂ ਨੇ ਜਿਹੜੀ ਸਰਬ ਸ੍ਰੇਸ਼ਟ ਸਿਧਾਂਤ-ਸਿਖਿਆ ਦਾ ਪ੍ਰਚਾਰ ਤੇ ਪਾਸਾਰ ਕੀਤਾ ਹੈ, ਉਸ ਦਾ ਸਹੀ ਰੂਪ ਵਿਚ ਮੁਲ-ਅੰਕਣ ਕੀਤਾ ਜਾਵੇ, ਸੱਤਵਾਂ 'ਅਰਦਾਸ' ਵਿਚ ਜਿਵੇਂ ਸੰਕੇਤ ਤੇ ਸੰਖੇਪ ਰੂਪ ਵਿਚ ਸਿੱਖ ਇਤਿਹਾਸ ਤੇ ਬੱਲ ਵਾਲੇ ਖਾਲਸਈ ਬੋਲਿਆਂ ਨੂੰ ਉਲੀਕਿਆ ਗਿਆ ਹੈ, ਉਸ ਨੂੰ ਵਿਸਥਾਰ ਤੇ ਵਿਸ਼ਲੇਸ਼ਣ ਸਹਿਤ ਰੂਪਮਾਨ ਕੀਤਾ ਜਾਵੇ, ਅੱਠਵਾਂ ਆਤਮਾ ਨੂੰ ਅਮੀਰ, ਮਨ ਨੂੰ ਫ਼ਕੀਰ ਤੇ ਤਨ ਨੂੰ ਬਾਦਸ਼ਾਹ ਬਣਾਉਣ ਵਿਚ ਜੋ ਅਰਦਾਸ ਦੇ ਨਾਇਕਾਂ ਨੇ ਕਰਤੱਵ ਕੀਤੇ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਸਮਝ ਕੇ, ਉਹਨਾਂ ਨੂੰ ਨਿਤ ਪ੍ਰਨਾਮ ਕਰ ਕੇ,

Digitized by Panjab Digital Library | www.panjabdigilib.org

ਮਨੁੱਖਤਾ ਨੂੰ ਵੀ ਆਤਮਕ ਤੌਰ ਤੇ ਅਮੀਰ, ਮਾਨਸਿਕ ਤੌਰ ਤੇ ਫ਼ਕੀਰ ਤੇ ਤਾਣ ਦੇ ਤੌਰ ਤੇ ਬਾਦਸ਼ਾਹ ਬਣਨ ਵਾਸਤੇ ਉਤੇਜਿਤ ਕੀਤਾ ਜਾਵੇ। 'ਅਰਦਾਸ ਤੇ ਸਾਡਾ ਇਤਿਹਾਸ' ਦੀ ਲੇਖ-ਲੜੀ ਵਿਚ ਮੈਂ ਆਪਣੇ ਮਨ ਦੇ ਸੁਪਨਿਆਂ ਨੂੰ ਹੀ ਸਾਖਿਆਤ ਕਰਨ ਦਾ ਨਿੰਮ੍ਰਤਾ ਸਹਿਤ ਯਤਨ ਕੀਤਾ ਹੈ। ਭਾਵੇਂ ਮੇਰੇ ਮਨ ਵਿਚੋਂ ਉਪਜੇ ਵਿਸ਼ੇ ਜਾਂ ਪ੍ਰਸ਼ਨ ਸਮੁੱਚੇ ਸਿੱਖ-ਜਗਤ ਦੇ ਵਿਸ਼ੇ ਜਾਂ ਪ੍ਰਸ਼ਨ ਹਨ, ਪਰ ਮੈਂ ਇਹਨਾਂ ਪ੍ਰਸ਼ਨਾਂ ਦਾ ਨਿਜ-ਪੱਧਰ ਉੱਤੇ ਆਪਣੀ ਸਮਝ ਮੁਤਾਬਿਕ ਉੱਤਰ ਦੇਣ ਦਾ ਸਾਹਸ ਕੀਤਾ ਹੈ। ਇਸ ਵਿਚ ਕਿੰਨਾ ਕੁ ਸਫਲ ਹੋਇਆ ਹਾਂ ? ਇਸ ਦਾ ਨਿਰਣਾ ਪਾਠਕਾਂ-ਗੋਚਰ ਹੈ।

ਸੰਸਾਰ-ਪ੍ਰਸਿੱਧ ਵਿਦਿਵਾਨ ਤੇ ਵਿਸ਼ੇਸ਼ ਸਾਹਿੱਤਕ-ਪ੍ਰਤਿਭਾ ਡਾ: ਗੋਪਾਲ ਸਿੰਘ ਜੀ, ਵਿਜ਼ਿਟਿੰਗ ਪ੍ਰੋਫੈਸਰ, ਦਿੱਲੀ ਵਿਸ਼ਵ ਵਿਦਿਆਲਾ, ਤੇ ਮੈਂਬਰ ਪਾਰਲੀਮੈਂਟ, ਭਾਵੇਂ ਅਨੇਕ ਰੁਝੇਵਿਆਂ ਵਿਚ ਰੁੱਝੇ ਹੋਏ ਸਨ, ਪਰ ਉਹਨਾਂ ਮੁੱਖ-ਸ਼ਬਦ ਲਿਖ ਕੇ, ਜਿਵੇਂ ਮੇਰੀ ਪੁਸਤਕ ਦਾ ਦਿਲੋਂ ਸੁਆਗਤ ਕੀਤਾ ਹੈ, ਉਸ ਲਈ ਮੈਂ ਉਹਨਾਂ ਦਾ ਅਤਿ ਰਿਣੀ ਹਾਂ। ਪ੍ਰੋ ਪੂਰਨ ਸਿੰਘ ਜੀ, ਅਧਿਆਪਕ ਧਾਰਮਿਕ ਵਿਭਾਗ, ਖਾਲਸਾ ਕਾਲਜ ਦਿੱਲੀ, ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ 'ਅਰਦਾਸ' ਵਿਚ ਰੂਪਮਾਨ ਹੋਏ ਸਿੱਖ ਇਤਿਹਾਸ ਦੇ ਦਾਰਸ਼ਨਿਕ ਤੱਤ੍ਹ ਨੂੰ ਸਮਝਣ ਵਿਚ ਸਹਿ-ਯੋਗ ਦਿੱਤਾ ਹੈ। ਮਿਸਿਜ਼ ਸਤਿਵੰਤ ਕੌਰ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾ ਇਸ ਪੁਸਤਕ ਦੇ ਹੱਥ-ਲਿਖਤ ਲੇਖਾਂ ਨੂੰ ਇਕ ਪਾਠਕ ਵਾਂਗ ਪੜ੍ਹ ਕੇ, ਕਈ ਸਿਧਾਂਤ-ਸਿਖਿਆਵਾਂ ਨੂੰ ਵਿਸ਼ਲੇਸ਼ਣ ਸਹਿਤ ਪ੍ਰਗਟਾਉਣ ਵਾਸਤੇ ਪ੍ਰੇਰਿਆ ਹੈ।

ਖਾਲਸਾ ਕਾਲਜ ਦਿੱਲੀ — ਜੋਗਿੰਦਰ ਸਿੰਘ

10-11-67

Digitized by Panjab Digital Library | www.panjabdigilib.org

ਵਿਸ਼ੇ-ਸੂਚੀ

ਵਿਸ਼ਾ	ਪੰਨਾ
ਮੁੱਖ–ਸ਼ਬਦ	5
ਭੂਮਿਕਾ	6
1. ਅਰਦਾਸ ਦਾ ਸੰਕਲਪ	9
2. ਅਰਦਾਸ ਤੇ ਸਾਡਾ ਇਤਿਹਾਸ	21
3. ਅਰਦਾਸ ਤੇ ਸਾਡਾ ਆਦਰਸ਼	25
4. ਦੱਸ ਗ਼ੁਰੂ-ਸ਼ਖਸੀਅਤਾਂ ਤੇ ਸਿੱਖ ਲਹਿਰ	38
5. ਦੱਸਾਂ ਪਾਤਿਸ਼ਾਹੀਆਂ ਦੀ ਜੋਤਿ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	85
6. ਗੁਰਦੁਆਰੇ ਤੇ ਤਖ਼ਤ	95
7. ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ	106
8. ਸ਼ਹੀਦਾਂ ਦਾ ਖੂਨ—ਧਰਮ ਤੇ ਕੌਮ–ਉਸਾਰੀ ਦਾ ਬੀਜ ਹੈ	113
9. ਦੇਗ ਤੇਗ ਫ਼ਤਹ	120
10. ਬਿਰਦ ਕੀ ਪੈਜ	127
11. ਪੰਥ ਕੀ ਜੀਤ	135
12. ਸ੍ਰੀ ਸਾਹਿਬ ਜੀ ਸਹਾਇ	140
13. ਸਿੱਖੀ ਦਾਨ ਤੇ ਬਿਬੇਕ ਦਾਨ	146
14. ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ	154
15. ਚੌਂਕੀਆਂ, ਝੰਡੇ ਤੇ ਬੁੰਗੇ	162
16. ਧਰਮ ਦਾ ਜੈਕਾਰ	174
17. ਮਨ ਨੀਵਾਂ ਤੇ ਮੱਤ ਉੱਚੀ	181
18. ਚੜ੍ਹਦੀ–ਕਲਾ ਤੇ ਸਰਬੱਤ ਦਾ ਭਲਾ	189
19. ਖਾਲਸਾ ਤੇ ਫ਼ਤਹ	198
20. ਬੋਲੇ ਸੋ ਨਿਹਾਲ–ਸਤਿ ਸ੍ਰੀ ਅਕਾਲ	206

Digitized by Panjab Digital Library | www.panjabdigilib.org

ਅਰਦਾਸ ਦਾ ਸੰਕਲਪ

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 'ਅਰਦਾਸ' ਸ਼ਬਦ ਦੇ ਬਹੁ ਰੂਪ ਵਿਚ ਦੋ ਬਣਤਰ-ਸਰੂਪ ਹੀ ਵਰਤੇ ਹੋਏ ਪ੍ਰਾਪਤ ਹੁੰਦੇ ਹਨ। ਪਹਿਲਾ ਹੈ, 'ਅਰਦਾਸਿ', ਜਿਸ ਦਾ ਮੂਲ ਉਚਾਰਣ ਫਾਰਸੀ ਬੋਲੀ ਦਾ ਹੈ ਤੇ ਜਿਸ ਦਾ ਅਰਥ-ਭਾਵ ਹੈ, 'ਅਰਜ਼-ਦਾਸ਼ਤ', ਅਰਥਾਤ ਬਿਨੈ ਜਾਂ ਪ੍ਰਾਰਥਨਾ ਪੱਤਰ[1]। ਦੂਸਰਾ ਹੈ, 'ਅਰਦਾਸ' ਜਿਸ ਦਾ ਮੂਲ ਉਚਾਰਣ ਸੰਸਕ੍ਰਿਤ ਬੋਲੀ ਵਿਚ ਹੈ, ਤੇ ਜਿਸ ਦਾ ਭਾਵ-ਅਰਥ ਹੈ, 'ਮੁਰਾਦ ਮੰਗਣ ਦੀ ਕਿਰਿਆ[2]। 'ਅਰਦਾਸ' ਦਾ ਵਿਆਪਕ ਅਰਥ-ਭਾਵ ਵੀ 'ਪ੍ਰਭੂ-ਸਨਮੁਖ' ਆਪਣੇ ਮਨ-ਭਾਵਾਂ ਨੂੰ ਸੁਹਿਰਦ ਰੂਪ ਵਿਚ ਪ੍ਰਗਟ ਕਰਨਾ ਹੀ ਹੈ। 'ਅਰਦਾਸ' ਸ਼ਬਦ ਦਾ ਬੋਲੀ ਪੱਧਰ ਤੇ ਬਣਤਰ-ਸਰੂਪ ਕੋਈ ਹੋਵੇ, ਭਾਵੇਂ 'ਅਰਦਾਸ' ਸ਼ਬਦ ਦੀ ਥਾਂ ਤੇ ਵੱਖੋ ਵਖ ਆਸਤਿਕ-ਮੱਤਾਂ ਅਨੁਸਾਰ ਦੁਆ, ਬੇਨਤੀ, ਪ੍ਰਾਰਥਨਾ ਤੇ ਪ੍ਰੇਅਰ ਸ਼ਬਦ ਦੀ ਵਰਤੋਂ ਵੀ ਕਰ ਲਈ ਜਾਵੇ, ਪਰ 'ਅਰਦਾਸ ਦੇ ਸੰਕਲਪ' ਵਿਚ ਪ੍ਰਧਾਨਤਾ ਪ੍ਰਮੁੱਖ ਰੂਪ ਵਿਚ ਦੋ ਤੱਤ੍ਵ ਦੀ ਹੀ ਹੈ। ਪਹਿਲਾ ਤੱਤ੍ਵ 'ਪ੍ਰਭੂ' ਹੈ, ਜਿਸ ਨੂੰ ਵਾਹਿਗੁਰੂ, ਪਾਰਬ੍ਰਹਮ, ਪ੍ਰਮਾਤਮਾ, ਅੱਲਾਹ, ਭਗਵਾਨ, ਰਾਮ ਤੇ ਰਹੀਮ ਜਾਂ ਹੋਰ ਅਨੇਕਾਂ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। 'ਅਰਦਾਸ' ਦੇ ਮੰਡਲ ਵਿਚ ਇਹੀ ਤੱਤ੍ਵ ਅਰਥਾਤ 'ਪ੍ਰਭੂ' ਨੂੰ ਸਰਵੋਤਮ ਤੇ ਸਰਬ-ਸਮਰੱਥ-ਸ਼ਕਤੀ ਮੰਨਿਆਂ ਜਾਂਦਾ ਹੈ। ਇਥੋਂ ਤਕ ਵੀ ਮੰਨ ਲਿਆ ਜਾਂਦਾ ਹੈ, ਕਿ ਪ੍ਰਭੂ' ਤੁੱਲ ਕੋਈ ਹੋਰ ਹਸਤੀ ਜਾਂ ਸ਼ਕਤੀ ਨਹੀਂ। ਸ੍ਰਿਸ਼ਟੀ-ਆਕਾਰ ਦੀ ਬ੍ਰਹਮਾ (ਜੰਮਣ ਵਾਲੀ), ਵਿਸ਼ਨੂੰ (ਪਾਲਕ) ਤੇ ਸ਼ਿਵ ਜੀ (ਘਾਤਕ) ਸ਼ਕਤੀ ਇਸੇ 'ਪ੍ਰਭੂ' ਨੂੰ ਹੀ ਸਵੀਕਾਰ ਕਰ ਲਿਆ ਗਿਆ ਹੈ। 'ਪ੍ਰਭੂ' ਨੂੰ ਸਰਬ-ਸ਼ਕਤੀ-ਨਿਪੁੰਨ[3] ਮਿਥ ਕੇ ਸਰਬ-ਉੱਤਮ ਤੇ ਸਰਬ-ਉੱਚ ਸਥਾਨ ਵੀ ਦੇ ਦਿੱਤਾ ਗਿਆ ਹੈ। ਦੂਜਾ ਤੱਤ੍ਵ 'ਮਨ' ਦਾ ਹੈ। 'ਮਨ' ਇਕ ਤਰ੍ਹਾਂ ਨਾਲ ਦੁਨਿਆਵੀ ਖਾਹਿਸ਼ਾਂ ਦੇ ਸੰਗ੍ਰਹਿ ਦਾ ਹੀ ਨਾਮ ਹੈ। 'ਮਨ' ਦਾ ਸਬੰਧ ਦੁਨਿਆਵੀ ਖਾਹਿਸ਼ਾਂ ਨਾਲ ਹੈ। 'ਖਾਹਿਸ਼ਾਂ' ਵਿਚ ਨੇਕੀ ਵੀ ਹੋ ਸਕਦੀ ਹੈ ਤੇ ਬਦੀ ਵੀ ਜਾਂ ਚੰਗੀਆਂ ਖਾਹਿਸ਼ਾਂ ਵੀ ਹੁੰਦੀਆਂ ਹਨ ਤੇ ਮੰਦੀਆਂ ਵੀ। ਪਰ ਇਕ ਗਲ ਨਿਸਚੇ ਨਾਲ ਆਖੀ ਜਾ ਸਕਦੀ ਹੈ, ਕਿ 'ਮਨ' ਖਾਹਿਸ਼ਾਂ ਦੇ ਅਧੀਨ ਹੈ, 'ਮਨ' ਖਾਹਿਸ਼ਾਂ ਦਾ ਪੁੱਤਲਾ ਹੈ। 'ਪ੍ਰਭੂ-ਮੰਡਲ' ਦੀ ਅਵੱਸਥਾ ਉੱਚ-ਆਤਮਕ ਤੇ ਵਿਸ਼ਵ-ਵਿਆਪਕ ਅਵੱਸਥਾ ਹੈ, ਪਰ 'ਮਨ' ਦਾ ਮੰਡਲ ਸ਼ੁੱਧ ਰੂਪ ਵਿਚ

---

੧. ਭਾਈ ਕਾਹਨ ਸਿੰਘ ਜੀ, ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼, ਪੰਨਾ ੬੧

੨. ਭਾਈ ਕਾਹਨ ਸਿੰਘ ਜੀ, ਗੁਰ ਸ਼ਬਦ ਰਤਨਕਾਰ-ਮਹਾਨ ਕੋਸ਼, ਪੰਨਾ ੬੧

੩. (ਓ) ਅਲਾਹੁ ਅਲਖੁ ਅਗੰਮ ਕਾਦਰੁ ਕਰਣਹਾਰੁ ਕਰੀਮੁ ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ (ਸਿਰੀ ਰਾਗ ਮ: ੧)

(ਅ) ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥
(ਰਾਗੁ ਆਸਾ ਮ: ੪)

Digitized by Panjab Digital Library | www.panjabdigilib.org

ਦੁਨਿਆਵੀ ਤੇ ਬੜਾ ਸੀਮਤ ਜਿਹਾ ਹੈ। ਆਸਤਿਕ 'ਮਨ' ਦੀਆਂ ਖਾਹਿਸ਼ਾਂ ਵਿਚ ਇਕ ਕੁਦਰਤੀ ਖਾਹਿਸ਼ ਇਹ ਵੀ ਹੁੰਦੀ ਹੈ, ਕਿ ਉਹ ਪ੍ਰਭੂ ਦੇ ਉੱਚ-ਆਤਮਕ ਤੇ ਵਿਸ਼ਵ ਵਿਚ ਪਸਰੇ ਵਿਸ਼ਾਲ-ਮੰਡਲ ਨਾਲ ਸੰਜੋਗ ਪ੍ਰਾਪਤ ਕਰਨਾ ਚਾਹੁੰਦਾ ਹੈ। ਕਿਉਂ ਕਿ ਉਸ ਦਾ ਵਿਸ਼ਵਾਸ ਹੈ, ਕਿ ਪ੍ਰਭੂ-ਸੰਜੋਗ ਨਾਲ ਹੀ 'ਮਨ' ਤੇ ਫਤਹਿ ਪ੍ਰਾਪਤ ਕੀਤੀ ਜਾ ਸਕਦੀ ਹੈ। ਨਾਲੇ 'ਮਨ' ਦਾ ਮੂਲ ਆਦਰਸ਼ ਵੀ ਪ੍ਰਭੂ ਨਾਲ ਸੰਜੋਗ ਪ੍ਰਾਪਤ ਕਰਨਾ ਹੀ ਹੈ, ਇਸੇ ਲਈ ਉਹ 'ਦੁਨਿਆਵੀ-ਖਾਹਿਸ਼ਾਂ' ਵਿਚ ਵਿਚਰਣ ਤੋਂ ਛੁੱਟ ਆਪਣੀ ਮਾਨਸਿਕ-ਅਵੱਸਥਾ ਵਿਚ ਤਸੱਲੀ ਤੇ ਸੰਤੁਸ਼ਟੀ ਪ੍ਰਾਪਤ ਕਰਨ ਵਾਸਤੇ, ਆਪਣੀ 'ਮਨ-ਅੰਤਰ-ਆਤਮਾ' ਨੂੰ 'ਪ੍ਰਭੂ' ਸਨਮੁਖ ਬਿਨਾਂ ਕਿਸੇ ਝਿਜਕ ਜਾਂ ਲੁਕਾ ਦੇ, ਸੁਹਿਰਦ ਰੂਪ ਵਿਚ ਸਾਖਿਆਤ ਕਰ ਦਿੰਦਾ ਹੈ। ਕਿਉਂ ਕਿ ਉਸ ਦਾ ਵਿਸ਼ਵਾਸ ਬਣ ਗਿਆ ਹੁੰਦਾ ਹੈ, ਕਿ 'ਪ੍ਰਭੂ' ਸਨਮੁਖ ਆਪਣੇ ਮਨ-ਭਾਵਾਂ ਨੂੰ ਸੁਹਿਰਦ ਰੂਪ ਵਿਚ ਮੂਰਤੀਮਾਨ ਕਰ ਕੇ, ਜੋ ਮੁਰਾਦ ਮੰਗੀ ਜਾਏ, ਉਹ ਪੂਰੀ ਹੁੰਦੀ ਹੈ। 'ਪ੍ਰਭੂ-ਸਨਮੁਖ' ਕੀਤੀ ਹੋਈ ਇਸੇ ਕਿਰਿਆ ਨੂੰ 'ਅਰਦਾਸ ਦਾ ਸੰਕਲਪ' ਦਿੱਤਾ ਜਾਂਦਾ ਹੈ। 'ਅਰਦਾਸ' ਨੂੰ ਸਹੀ ਅਰਥਾਂ ਵਿਚ 'ਪ੍ਰਭੂ' ਪਾਸੋਂ ਕੁਝ ਮੰਗਣ ਦੀ ਜਾਂ ਆਪਣੇ ਮਨ-ਬੇਨਤੀ-ਭਾਵਾਂ ਨੂੰ ਸੁਣਾਨ ਦੀ 'ਕਿਰਿਆ' ਦਾ ਹੀ ਸੰਕਲਪ ਦਿੱਤਾ ਜਾ ਸਕਦਾ ਹੈ। ਭਾਰਤੀ ਤੇ ਅਭਾਰਤੀ ਸਰਬ ਆਸਤਿਕ-ਮੱਤਾਂ ਵਿਚ 'ਅਰਦਾਸ ਦਾ ਸੰਕਲਪ' ਇਹੀ ਹੈ।

ਮਨੁੱਖੀ 'ਮਨ' ਦੀਆਂ ਖਾਹਿਸ਼ਾਂ ਦਾ ਇਤਿਹਾਸ ਸੀਮਾ-ਮੁਕਤ ਹੈ, ਪਰ ਸਮੂਹਕ ਰੂਪ ਵਿਚ ਮਨੁੱਖੀ 'ਮਨ' ਨੂੰ ਦੋ ਭਾਵ-ਬਿੰਬਾਂ ਨਾਲ ਹੀ ਸਬੰਧਤ ਕਰ ਲਿਆ ਜਾਂਦਾ ਹੈ। ਅਰਥਾਤ ਸੁਖ ਤੇ ਦੁਖ, ਸੰਜੋਗ ਤੇ ਵਿਜੋਗ, ਨੇਕੀ ਤੇ ਬਦੀ, ਧਰਮ ਤੇ ਅਧਰਮ, ਪੁੰਨ ਤੇ ਪਾਪ, ਭਲਾ ਤੇ ਵੈਰ, ਗਿਆਨ ਤੇ ਅਗਿਆਨ, ਰੂਪ ਤੇ ਕਰੂਪ। ਦੁਨਿਆਵੀ ਪੱਧਰ ਉੱਤੇ ਸੁਖ, ਸੰਜੋਗ, ਨੇਕੀ, ਧਰਮ, ਪੁੰਨ, ਭਲਾ, ਗਿਆਨ ਤੇ ਰੂਪ ਨੂੰ ਸ੍ਰਿਸ਼ਟ ਸਵੀਕਾਰ ਕੀਤਾ ਜਾਂਦਾ ਹੈ, ਤੇ ਦੁਖ, ਵਿਜੋਗ, ਬਦੀ, ਅਧਰਮ, ਪਾਪ, ਵੈਰ, ਅਗਿਆਨ ਤੇ ਕਰੂਪਤਾ ਨੂੰ ਤ੍ਰਿਸਕਾਰਿਆ ਜਾਂਦਾ ਹੈ। ਭਾਵੇਂ ਦੋਵੇਂ ਭਾਵ-ਬਿੰਬ 'ਪ੍ਰਭੂ-ਵਿਧਾਨ' ਦੀ ਵਿਆਪਕ-ਖੇਡ ਦਾ ਹੀ ਭਾਗ ਹਨ, ਪਰ ਦੁਨਿਆਵੀ ਮਨੁੱਖ ਦੋਹਾਂ ਭਾਵ-ਬਿੰਬਾਂ ਨੂੰ ਪ੍ਰਭੂ-ਖੇਡ ਦਾ ਅੰਗ ਸਵੀਕਾਰ ਨਹੀਂ ਕਰਦਾ। ਹਾਂ 'ਪ੍ਰਭੂ' ਨੂੰ ਉਹ 'ਸਰਬ-ਉੱਤਮ-ਸ਼ਕਤੀ' ਜ਼ਰੂਰ ਮੰਨਦਾ ਹੈ। ਅਜਿਹੀ ਅਵੱਸਥਾ ਵਿਚ 'ਪ੍ਰਭੂ' ਉਸ ਵਾਸਤੇ ਇਕ ਤਰ੍ਹਾਂ ਦਾ ਸਹਾਰਾ, ਸਾਹਸ, ਸੁਖ ਤੇ ਸੰਜੋਗ ਪ੍ਰਦਾਨ ਕਰਨ ਵਾਲਾ ਸਹਾਇਕ-ਸਾਧਨ ਬਣ ਜਾਂਦਾ ਹੈ। ਨਾਲੇ ਉਸ ਦੇ ਮਨ ਦਾ ਇਹ ਵਿਸ਼ਵਾਸ ਬਣ ਚੁਕਿਆ ਹੁੰਦਾ ਹੈ, ਕਿ ਪ੍ਰਭੂ-ਸਨਮੁੱਖ 'ਅਰਦਾਸ' ਦੀ ਕਿਰਿਆ ਦੁਆਰਾ, ਸੁਹਿਰਦ ਰੂਪ ਵਿਚ, ਜੋ ਪ੍ਰਗਟ ਕੀਤਾ ਜਾਏ ਜਾਂ ਮੰਗਿਆ ਜਾਏ ਉਹ ਸਭ ਕੁਝ ਪ੍ਰਾਪਤ ਹੁੰਦਾ ਹੈ। ਇਸੇ ਲਈ 'ਅਰਦਾਸ' ਨੂੰ ਮਨੁਖ ਦੀਆਂ ਸੁਖ-ਬਿਰਤੀਆਂ ਦੀ ਪ੍ਰਾਪਤੀ ਦਾ ਸਾਧਨ ਵੀ ਸਵੀਕਾਰ ਕਰ ਲਿਆ ਗਿਆ ਹੈ ਤੇ ਦੁਖ-ਬਿਰਤੀਆਂ ਦੀ ਨਿਵੇਰਤੀ ਦਾ ਸਾਧਨ ਵੀ ਮੰਨ ਲਿਆ ਗਿਆ ਹੈ। 'ਅਰਦਾਸ' ਅਸਲ ਵਿਚ ਹੈ ਹੀ ਇਕ ਸਹਾਰਾ, ਮਾਨਸਿਕ ਤਸੱਲੀ ਦਾ। ਚੂੰਕਿ ਅਰਦਾਸ-ਮੰਡਲ ਵਿਚ ਮਨੁਖੀ-ਮਨ 'ਪ੍ਰਭੂ-ਮੰਡਲ' ਵਿਚ ਇਕ ਰਸ ਜੁੜਿਆ ਹੁੰਦਾ ਹੈ ਤੇ 'ਪ੍ਰਭੂ-ਮੰਡਲ' ਦਾ ਸੰਕਲਪ ਬੜਾ ਸੁਖ ਵਾਲਾ, ਸੰਜੋਗ, ਨੇਕੀ, ਧਰਮ, ਪੁੰਨ, ਭਲਾ, ਗਿਆਨਮਈ ਤੇ ਰੂਪਵੰਤ ਹੀ ਮੂਰਤੀਮਾਨ ਕੀਤਾ ਗਿਆ ਹੈ, ਇਸ ਲਈ ਅਰਦਾਸ-ਮੰਡਲ ਵਿਚ ਇਕ ਰਸ ਜੁੜਿਆ ਮਨੁੱਖ ਆਪਣੀ ਮਾਨਸਿਕ-

Digitized by Panjab Digital Library | www.panjabdigilib.org

ਅਵੱਸਥਾ ਵਿਚ ਸੁਖ ਤੇ ਸੰਜੋਗ ਦੀ ਅਵੱਸਥਾ ਦਾ ਅਨੰਦ ਮਾਣਦਾ ਹੈ। ਇਸੇ ਕਰ ਕੇ ਆਸਤਿਕ ਮੱਤਾਂ ਵਿਚ 'ਅਰਦਾਸ' ਕਰਨੀ ਇਕ ਆਤਮਕ-ਕਰਤੱਵ ਸਵੀਕਾਰ ਕਰ ਲਿਆ ਗਿਆ ਹੈ। ਸਮਾਜਕ ਪੱਧਰ ਤੇ ਵੀ ਮਾਨਸਿਕ-ਤਸੱਲੀ ਜਾਂ ਸੰਤੁਸ਼ਟੀ ਵਾਸਤੇ 'ਅਰਦਾਸ' ਨੂੰ ਇਕ ਸਹਾਇਕ-ਕਿਰਿਆ ਸਮਝ ਲਿਆ ਗਿਆ ਹੈ। ਇਹੀ ਕਾਰਨ ਹੈ, ਕਿ ਆਤਮਕ ਤੇ ਸਮਾਜਕ ਦੋਹਾਂ ਖੇਤਰਾਂ ਵਿਚ 'ਅਰਦਾਸ' ਦੀ ਮਹੱਤਤਾ ਨੂੰ ਸਵੀਕਾਰ ਕੀਤਾ ਜਾਂਦਾ ਹੈ।

'ਅਰਦਾਸ' ਭਾਵੇਂ ਆਤਮਕ-ਖੇਤਰ ਵਿਚ ਕੀਤੀ ਜਾਵੇ ਤੇ ਭਾਵੇਂ ਸਮਾਜਕ-ਖੇਤਰ ਵਿਚ, ਅਰਦਾਸ ਆਪਣੇ ਆਪ ਵਿਚ 'ਫ਼ਤਹਿ ਪ੍ਰਾਪਤੀ' ਦਾ ਸਦੀਵੀ ਵਿਸ਼ਵਾਸ ਹੈ। 'ਫ਼ਤਹਿ' ਪ੍ਰਾਪਤ ਕਰਨਾ ਜੀਵਨ ਦੀ ਮੁੱਢਲੀ ਖਾਹਿਸ਼ ਹੈ। 'ਮਨੁਖ' ਜੀਵਨ ਦੇ ਹਰ ਖੇਤਰ ਵਿਚ ਫ਼ਤਹਿ ਵਾਲੀ ਜ਼ਿੰਦਗੀ ਜੀਊਣਾ ਚਾਹੁੰਦਾ ਹੈ। ਫ਼ਤਹਿ ਵਾਲੀ ਜ਼ਿੰਦਗੀ ਜੀਊਣੀ ਹੀ ਹਰ ਮਨੁਖ ਲਈ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਦਾ ਪੈਗਾਮ ਹੈ। ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਇਹ ਵੀ ਮਨੁਖ ਦੀਆਂ ਬੜੀਆਂ ਪ੍ਰਬੱਲ ਖਾਹਿਸ਼ਾਂ ਹਨ। ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਦੀ ਪ੍ਰਾਪਤੀ ਵਾਸਤੇ ਹੀ ਉਹ ਸਾਰੀ ਜ਼ਿੰਦਗੀ ਜਤਨ ਕਰਦਾ ਹੈ। ਕਈ ਵਾਰੀ ਅਯੋਗ ਕਰਤੱਵਾਂ ਦੀ ਵਰਤੋਂ ਵੀ ਕਰ ਲੈਂਦਾ ਹੈ। ਲੋਭ-ਲਾਲਚ ਅਧੀਨ ਇਕੱਠੀ ਕੀਤੀ ਹੋਈ ਮਾਇਆ ਨਾਲ ਵੀ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। 'ਆਸਤਿਕ-ਮਨ' ਭਾਵੇਂ 'ਅੰਤਰ-ਆਤਮੇ' ਅਯੋਗ ਕਰਤੱਵਾਂ ਨੂੰ ਆਪਣੀ ਮਨ ਦੀ ਤਸੱਲੀ ਵਾਸਤੇ ਸਹਾਇਕ-ਸਿੱਧ ਨਹੀਂ ਸਮਝਦਾ, ਪਰ ਸਮਾਜਕ-ਬੋਝ ਥੱਲੇ ਦੱਬ ਕੇ, ਉਹ ਅਯੋਗ ਕਰੱਤਵਾਂ ਨੂੰ ਵੀ ਕਰ ਲੈਂਦਾ ਹੈ। ਅਯੋਗ-ਕਰਤੱਵਾਂ ਦੇ ਅਧੀਨ ਹੋ ਕੇ, ਕਿਸੇ ਮੰਤਵ-ਪੂਰਤੀ ਵਾਸਤੇ ਕੀਤੀ 'ਅਰਦਾਸ' ਕਦੀ ਵੀ ਸਫਲ ਨਹੀਂ ਹੋ ਸਕਦੀ। ਕਿਉਂ ਕਿ ਇਹ 'ਅਰਦਾਸ' ਸੁਹਿਰਦ-ਮਨ ਦਾ ਪ੍ਰਗਟਾਵਾ ਨਹੀਂ ਹੁੰਦੀ। ਨਾਲੇ ਮੋਹ-ਮਾਇਆ' ਦੇ ਸਹਾਰੇ ਤਾਂ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਤਾਂ ਕਦੀ ਵੀ ਪ੍ਰਾਪਤ ਨਹੀਂ ਹੋ ਸਕਦੀ। ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਦਾ ਸਬੰਧ ਅੰਤਰ-ਆਤਮਾ ਨਾਲ ਹੈ। ਜੇ 'ਮਨੁਖ-ਅੰਤਰ-ਆਤਮਾ' ਸਮਾਜਕ-ਬੋਝਾਂ ਤੋਂ ਸੁਤੰਤਰ ਹੈ, ਤਾਂ ਉਹ ਸੌੜੀਆਂ ਥਾਵਾਂ ਵਿਚ ਰਹਿ ਕੇ ਵੀ ਖੁੱਲ ਦੀ ਅਵੱਸਥਾ ਵਿਚ ਜੀਊ ਸਕਦੀ ਹੈ। ਖੁੱਲ ਦੀ ਜ਼ਿੰਦਗੀ ਵਾਸਤੇ ਭਾਵੇਂ ਖੁੱਲੀ-ਕੁਦਰਤ, ਖੁੱਲ੍ਹੇ ਮੈਦਾਨ ਤੇ ਖੁੱਲ੍ਹਾ ਆਲਾ ਦੁਆਲਾ ਵੀ ਅਤਿ ਸਹਾਇਕ-ਸਿਧ ਹੁੰਦਾ ਹੈ, ਪਰ ਖੁੱਲੇ-ਮੰਡਲ ਵਿਚ ਰਹਿ ਕੇ ਵੀ ਸੰਕੀਰਣ ਜਾਂ ਗੁਲਾਮ-ਜ਼ਿੰਦਗੀ ਜੀਵੀ ਜਾ ਰਹੀ ਹੈ। ਖੁੱਲ ਦਾ ਸਬੰਧ ਪ੍ਰਮੁਖ ਰੂਪ ਵਿਚ ਮਾਨਸਿਕ ਤੌਰ ਤੇ ਪ੍ਰਾਪਤ ਕੀਤੀ ਸੁਤੰਤਰਤਾ ਨਾਲ ਹੈ। ਕੋਈ ਸੁਤੰਤਰ-ਮਨ ਹੀ ਸਦੀਵੀ ਤੌਰ ਤੇ ਖੁੱਲ ਦੀ ਜ਼ਿੰਦਗੀ ਜੀਊ ਸਕਦਾ ਹੈ। ਖੁਸ਼ੀ ਦਾ ਸਬੰਧ ਵੀ ਸ਼ੋਭਾ ਤੇ ਸ਼ਕਤੀ ਨਾਲ ਨਹੀਂ। ਦੁਨਿਆਵੀ ਪੱਧਰ ਦੀ ਸ਼ੋਭਾ-ਸ਼ਕਤੀ ਤਾਂ ਥੋੜ-ਚਿਰੀ ਖੁਸ਼ੀ ਦਾ ਰਾਜ਼ ਹੈ। ਸਦੀਵੀ ਖੁਸ਼ੀ ਤਾਂ ਮਾਨਸਿਕ--ਖਾਹਿਸ਼ਾਂ ਤੋਂ ਜ਼ਰਾ ਉੱਪਰ ਹੋ ਕੇ, ਪ੍ਰਭੂ ਨਾਲ ਇਕ ਰਸ-ਸੰਜੋਗ ਪ੍ਰਾਪਤ ਕਰ ਕੇ ਹੀ ਹੋ ਸਕਦੀ ਹੈ। 'ਪ੍ਰਭੂ-ਵਿਧਾਨ' ਨੂੰ ਸਮਦ੍ਰਿਸ਼ਟ ਮਨ ਕੇ ਹੀ ਖੁਸ਼ੀ ਦੀ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਪ੍ਰਭੂ-ਸੰਜੋਗ ਜਾਂ ਪ੍ਰਭੂ-ਵਿਧਾਨ ਵਿਚ ਰਹਿ ਕੇ ਹੀ ਸਮ੍ਰਦ੍ਰਿਸ਼ਟ ਤੇ ਸੰਤੁਲਨ ਜੀਵਨ ਸਿਰਜਿਆ ਜਾ ਸਕਦਾ ਹੈ। ਸਮਦ੍ਰਿਸ਼ਟ ਤੇ ਸੰਤੁਲਨ-ਜੀਵਨ ਹੀ ਸਦੀਵੀ ਖੁਸ਼ੀ ਨੂੰ ਮਾਣ ਸਕਦਾ ਹੈ। ਖੁਸ਼ਿਹਾਲੀ ਦਾ ਆਧਾਰ ਵੀ ਕੋਈ ਮਾਇਕ-ਅਮੀਰੀ ਜਾਂ ਮੰਡਪ-ਮਾੜੀਆਂ ਨਹੀਂ। ਮਾਇਕ-ਅਮੀਰੀ ਤੇ ਮੰਡਪ-ਮਾੜੀਆਂ ਤਾਂ ਮਨੁਖ ਨੂੰ

Digitized by Panjab Digital Library | www.panjabdigilib.org

ਹੰਕਾਰੀ, ਤੇ ਹੋਛਾ ਬਣਾਨ ਦੀਆਂ ਸਾਧਨ ਹਨ। ਹੰਕਾਰ ਤੇ ਹੋਛੇਪਣ ਦੀ ਅਵੱਸਥਾ ਵਿਚ ਕਦੀ ਕੋਈ ਖੁਸ਼ਿਹਾਲ ਨਹੀਂ ਰਹਿ ਸਕਦਾ। ਮਿੱਠਤ ਤੇ ਨਿੰਮ੍ਰਤਾ, ਪਿਆਰ ਤੇ ਪ੍ਰਉਪਕਾਰ ਦੇ ਮੰਡਲ ਵਿਚ ਰਹਿ ਕੇ ਹੀ ਸਦੀਵੀ ਖੁਸ਼ਿਹਾਲੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਦੀਵੀ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਦਾ ਜੀਵਨ-ਮੰਡਲ 'ਅਰਦਾਸ' ਦੁਆਰਾ ਹੀ ਨਿਰਮਾਣਿਆਂ ਜਾ ਸਕਦਾ ਹੈ। ਕਿਉਂ ਕਿ 'ਅਰਦਾਸ' ਦਾ ਸਬੰਧ ਅੰਤਰ-ਆਤਮਾ ਨਾਲ ਹੈ। ਅੰਤਰ-ਆਤਮੇ ਤੋਂ ਕੀਤੀ 'ਅਰਦਾਸ' ਹੀ ਸਫਲ ਹੋ ਸਕਦੀ ਹੈ। ਨਾਲੇ ਜਿਸ 'ਪ੍ਰਭੂ-ਸਨਮੁਖ' ਅਰਦਾਸ ਕੀਤੀ ਜਾਂਦੀ ਹੈ, ਉਸ ਪ੍ਰਭੂ ਦਾ ਸੰਕਲਪ ਵੀ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਵਾਲਾ ਹੀ ਮੂਰਤੀਮਾਨ ਕੀਤਾ ਗਿਆ ਹੈ। 'ਅਰਦਾਸ' ਦੀ ਕਿਰਿਆ ਦੁਆਰਾ ਤਾਂ ਮਨੁਖ ਆਪਣੇ ਅੰਤਰ-ਆਤਮੇ ਵਿਚ ਪ੍ਰਮਾਤਮਾ ਨੂੰ ਵਸਾ ਲੈਂਦਾ ਹੈ, ਅਰਥਾਤ 'ਪ੍ਰਭੂ-ਸਰੂਪ-ਗੁਣਾਂ' ਨੂੰ ਆਪਣੇ ਜੀਵਨ ਦੇ ਗੁਣ ਨਿਸਚਿਤ ਕਰ ਲੈਂਦਾ ਹੈ। ਜਦੋਂ ਮਨੁੱਖ 'ਅਰਦਾਸ' ਕਰਦਾ ਹੈ, ਤਾਂ ਇਕ ਦ੍ਰਿਸ਼ਟੀ ਤੋਂ 'ਪ੍ਰਭੂ' ਵਾਲੀ 'ਫ਼ਤਹਿ-ਭਰਪੂਰ-ਜ਼ਿੰਦਗੀ' ਨੂੰ ਪ੍ਰਾਪਤ ਕਰਨ ਦਾ ਮਨ-ਭਾਵ ਹੀ ਪ੍ਰਗਟ ਕਰ ਰਿਹਾ ਹੁੰਦਾ ਹੈ।

'ਪ੍ਰਭੂ' ਦਾ ਰੂਪ-ਰੰਗ ਤੇ ਰੇਖ-ਭੇਖ ਭਾਵੇਂ ਨਿਸਚਿਤ ਨਹੀਂ ਕੀਤਾ ਜਾ ਸਕਦਾ, ਪਰ 'ਪ੍ਰਭੂ' ਦਾ 'ਗੁਣ-ਸਰੂਪ' ਜ਼ਰੂਰ ਰੂਪਮਾਨ ਕੀਤਾ ਜਾ ਸਕਦਾ ਹੈ। ਆਸਤਿਕ-ਧਰਮ ਗ੍ਰੰਥਾਂ ਨੇ ਭਾਵੇਂ 'ਪ੍ਰਭੂ-ਗੁਣ-ਸਰੂਪ' ਦੇ ਵਿਲੱਖਣ ਪੱਖਾਂ ਨੂੰ ਮੂਰਤੀਮਾਨ ਕੀਤਾ ਹੈ, ਪਰ 'ਪ੍ਰਭੂ-ਗੁਣ-ਸਰੂਪ' ਦਾ ਜਿਹੜਾ ਚਿੱਤਰ ਗੁਰੂ ਨਾਨਕ ਦੇਵ ਜੀ ਨੇ 'ਮੂਲ ਮੰਤਰ' ਵਿਚ ਮੂਰਤੀਮਾਨ ਕੀਤਾ ਹੈ, ਉਹ ਇੰਨਾ ਸਾਰਥਿਕ, ਸੰਪੂਰਨ, ਸ਼ੁੱਧਾਤਮਕ ਤੇ ਸਭਿਆਚਾਰਕ ਹੈ, ਕਿ ਉਸ ਨੂੰ ਸਰਬ ਆਸਤਿਕ-ਧਰਮ-ਗੰਥਾਂ ਦੇ ਵਰਣਨ ਕੀਤੇ ਪ੍ਰਭੂ-ਗੁਣ-ਸਰੂਪ ਦਾ ਤੱਤ-ਦਰਸ਼ਨ ਵੀ ਮੰਨਿਆਂ ਜਾ ਸਕਦਾ ਹੈ। ਪ੍ਰਭੂ ਦਾ ਗੁਣ-ਸਰੂਪ ਮੂਲ ਰੂਪ ਵਿਚ ਭਾਵੇਂ ਨਿਰਗੁਣ ਹੈ, ਪਰ 'ਪ੍ਰਭੂ' ਦਾ ਗੁਣ-ਸਰੂਪ ਸਰਗੁਣ ਵੀ ਹੈ। ਚੂੰਕਿ 'ਪ੍ਰਭੂ' ਸਰਬ-ਵਿਆਪਕ ਇਕ ਸਚਾਈ ਹੈ, ਇਸ ਲਈ 'ਪ੍ਰਭੂ' ਦੇ ਗੁਣ-ਸਰੂਪ ਦਾ ਜਿਹੜਾ ਪਰਮ ਤੱਤ੍ਵ ਸਵੀਕਾਰ ਕੀਤਾ ਜਾਂਦਾ ਹੈ, ਉਹ ਇਕ ਜਾਂ ਏਕਤਾ ਵਾਲਾ ਹੀ ਹੈ। '੧ਓ' ਮੂਲ ਮੰਤਰ ਦਾ ਮੂਲ ਸ਼ਬਦ ਹੈ ਤੇ ਸਰਬ ਸ੍ਰਿਸ਼ਟੀ-ਆਕਾਰ ਵਿਚ ਪਸਰੀ ਇਕਾਈ ਦਾ ਪ੍ਰਤੀਕ ਵੀ ਹੈ। 'ਪ੍ਰਭੂ' ਇਕਾਈ ਹੈ, ਅਰਥਾਤ 'ਪ੍ਰਭੂ' ਸਰਬ-ਮੰਡਲ ਵਿਚ ਇਕ, ਇਕੋ ਜਿਹਾ ਤੇ ਏਕਤਾ ਵਾਲਾ ਹੈ। ਉਸ ਵਿਚ ਨਾ ਤਾਂ ਰੂਪ-ਰੰਗ ਤੇ ਰੇਖ-ਭੇਖ ਦਾ ਵਿਤਕਰਾ ਹੈ ਅਤੇ ਨਾ ਹੀ ਉਸ ਵਾਸਤੇ ਮਜ਼ਹਬ, ਗ੍ਰੰਥ, ਗੁਰੂ, ਬੋਲੀ, ਜਾਤਿ, ਸਭਿਆਚਾਰ ਤੇ ਕਿੱਤੇ ਵਿਚ ਕਿਸੇ ਤਰ੍ਹਾਂ ਦੀ ਵਿਖੇਪਤਾ ਹੈ। 'ਵਿਤਕਰਾ ਤੇ ਵਿਖੇਪਤਾ' ਪ੍ਰਭੂ ਦੇ ਗੁਣ ਨਹੀਂ, ਇਹ ਤਾਂ ਪਸ਼ੂ-ਮੰਡਲ ਦੇ ਲਖਾਇਕ-ਗੁਣ ਹਨ। 'ਪ੍ਰਭੂ' ਭਾਵੇਂ ਨਿਰਗੁਣ-ਸਰੂਪ ਵਿਚ ਹੋਵੇ, ਤੇ ਭਾਵੇਂ ਸਰਗੁਣ ਰੂਪ ਵਿਚ, ਉਸ ਦਾ ਪਰਮ ਤੱਤ੍ਵ 'ਏਕਤਾ' ਹੀ ਹੈ। '੧ਓ' ਦੀ ਅਵੱਸਥਾ ਵਿਚ ਬ੍ਰਹਮ ਤੇ ਸੰਸਾਰ ਵਿਚ ਵੀ ਆਤਮਕ-ਏਕਤਾ ਹੁੰਦੀ ਹੈ, ਮਨੁਖ ਤੇ ਮਨੁੱਖਤਾ ਵਿਚ ਵੀ ਆਤਮਕ-ਭਾਈਵਾਲੀ ਹੁੰਦੀ ਹੈ, ਮਜ਼ਹਬ, ਗ੍ਰੰਥ, ਗੁਰੂ, ਬੋਲੀ, ਜਾਤਿ, ਸਭਿਆਚਾਰ ਤੇ ਕਿੱਤਿਆਂ ਵਿਚ ਵੀ ਪ੍ਰੇਮ-ਪਿਆਰ ਹੁੰਦਾ ਹੈ। ਸਰਬ-ਖੇਤਰ ਵਿਚ ਪ੍ਰੇਮ-ਪਿਆਰ ਦਾ ਮੰਡਲ

Digitized by Panjab Digital Library | www.panjabdigilib.org

ਹੀ ੧ਓ ਦਾ ਲਖਾਇਕ ਹੈ। ਅਸਲ ਵਿਚ 'ਅਰਦਾਸ' ਦਾ 'ਮੰਡਲ' ਵੀ 'ਏਕਤਾ' ਦਾ ਮੰਡਲ ਹੀ ਹੁੰਦਾ ਹੈ, 'ਪ੍ਰਭੂ' ਇਕ ਨੂੰ ਧਿਆ ਕੇ, 'ਸਰਬੱਤ ਦਾ ਭਲਾ' ਮੰਗਣ ਦਾ ਮੰਡਲ ਹੀ ਹੁੰਦਾ ਹੈ। 'ਅਰਦਾਸ' ਵਿਚ ਨਾ ਤਾਂ ਵਿਤਕਰੇ-ਭਾਵਨਾਵਾਂ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ ਅਤੇ ਨਾ ਹੀ ਵਿਖੇਪਤਾ ਵਾਲੀਆਂ ਭਾਵਨਾਵਾਂ ਨੂੰ। ਜੇ ਕੋਈ ਮਨੁੱਖ ਪ੍ਰਗਟ ਵੀ ਕਰਦਾ ਹੈ, ਤਾਂ ਉਸ ਵਿਚ ਸਫਲਤਾ ਪ੍ਰਾਪਤ ਨਹੀਂ ਹੁੰਦੀ। ਕਿਉਂ ਕਿ 'ਪ੍ਰਭੂ' ਵਿਚ ਨਾ ਤਾਂ ਵਿਤਕਰਾ ਤੇ ਵਿਖੇਪਤਾ ਹੈ ਅਤੇ ਨਾ ਹੀ ਉਹ ਇਹਨਾਂ ਬਦੀ-ਭਾਵਨਾਵਾਂ ਨੂੰ ਸਵੀਕਾਰ ਕਰਦਾ ਹੈ। 'ਅਰਦਾਸ'

ਵਿਚ ਤਾਂ ਆਤਮਕ ਤੇ ਸਮਾਜਕ ਤੌਰ ਤੇ ੧ ਓ-ਅਵੱਸਥਾ ਨੂੰ ਸਿਰਜਨ ਵਾਸਤੇ ਹੀ ਸ਼ੁੱਭ-ਭਾਵਨਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ। ਅਸਲ ਵਿਚ ਇਹੀ ਭਾਵਨਾਵਾਂ ਆਦਰਸ਼ਕ ਤੇ ਉਸਾਰੂ ਹਨ। 'ਅਰਦਾਸ' ਇਕ ਦ੍ਰਿਸ਼ਟੀਕੋਣ ਤੋਂ ਆਦਰਸ਼ਕ ਤੇ ਉਸਾਰੂ ਕਿਰਿਆ ਹੀ ਹੈ। ਤੇ ਆਦਰਸ਼ਕ ਤੇ ਉਸਾਰੂ ਕਰਤੱਵਾਂ ਦੀ ਪੂਰਤੀ ਵਾਸਤੇ ਹਮੇਸ਼ਾਂ 'ਅਰਦਾਸ' ਦੀ ਕਿਰਿਆ ਨੂੰ ਹੀ ਉਪਯੋਗੀ ਸਮਝਿਆ ਜਾਂਦਾ ਹੈ।

'ਮਨੁਖ' ਦਾ ਜੀਵਨ-ਉਦੇਸ਼ ਮੂਲ ਰੂਪ ਵਿਚ ਆਦਰਸ਼ਕ ਤੇ ਉਸਾਰੂ ਹੀ ਹੁੰਦਾ ਹੈ। ਜਿੰਨਾ ਚਿਰ ਉਹ ਪਰਮ-ਆਤਮਕ-ਮੰਡਲ ਵਿਚ ਜੀਉਂਦਾ ਹੈ, ਉਹ ਆਦਰਸ਼ਕ ਤੇ ਉਸਾਰੂ-ਜੀਵਨ ਹੀ ਜੀਉਂਦਾ ਹੈ। ਪ੍ਰਭੂ ਦਾ 'ਗੁਣ-ਸਰੂਪ' ਆਦਰਸ਼ਕ ਤੇ ਉਸਾਰੂ ਹੀ ਹੈ। ਭਾਵੇਂ ਆਦਰਸ਼-ਹੀਣ ਤੇ ਅਣ-ਉਸਾਰੂ ਕਰਤੱਵ ਵੀ ਪ੍ਰਭੂ-ਵਿਧਾਨ ਦੇ ਅਧੀਨ ਹੀ ਹੁੰਦੇ ਹਨ, ਅਰਥਾਤ ਕਿਸੇ ਨੂੰ ਖੱਜਲ-ਖੁਆਰ ਕਰਨ ਵਾਸਤੇ, ਪਰ 'ਪ੍ਰਭੂ' ਨੂੰ ਆਦਰਸ਼ਕ ਤੇ ਉਸਾਰੂ-ਕਰਤੱਵ ਹੀ ਪ੍ਰਵਾਨ ਹਨ। ਆਸਤਿਕ ਧਰਮ-ਗ੍ਰੰਥਾਂ ਦੇ 'ਪ੍ਰਭੂ' ਦਾ ਇਹੀ ਵਿਸ਼ਵਾਸ ਹੈ। ਇਸੇ ਲਈ ਸਾਰੇ ਆਸਤਿਕ-ਮੱਤ ਆਦਰਸ਼ਕ ਤੇ ਉਸਾਰੂ-ਕਰਤੱਵ ਕਰਨ ਦੀ ਪੇਰਨਾ ਹੀ ਦਿੰਦੇ ਹਨ। ਜਦੋਂ 'ਪ੍ਰਭੂ' ਦਾ ਸਰਗੁਣ-ਸਰੂਪ 'ਸਤਿ' ਜਾਂ ਸੱਚ ਮਿਥਿਆ ਜਾਂਦਾ ਹੈ, ਤਾਂ ਇਹ 'ਸੱਚ' ਆਦਰਸ਼ਕ ਤੇ ਉਸਾਰੂ ਕਰਤੱਵ ਕਰਨ ਵਾਸਤੇ ਪ੍ਰੇਰਦਾ ਹੈ, ਪ੍ਰਭੂ ਨੂੰ ਆਦਰਸ਼ਕ ਤੇ ਉਸਾਰੂ ਹੀ ਸਿੱਧ ਕਰਦਾ ਹੈ, ਮਨੁੱਖਤਾ ਨੂੰ ਆਦਰਸ਼ਕ ਤੇ ਉਸਾਰੂ ਬਣਨ

ਵਾਸਤੇ ਉਤੇਜਿਤ ਵੀ ਕਰਦਾ ਹੈ। 'ਸੱਚ' ਸਰਬ-ਭਵਨ ਵਿਚ ੧ਓ ਵਾਂਗ ਇਕ ਤੇ ਇਕੋ ਜਿਹਾ ਹੀ ਹੈ। ਭਾਵੇਂ 'ਪ੍ਰਭੂ' ਤੇ 'ਸੱਚ' ਦੇ ਨਿਰੂਪਣ-ਸਰੂਪਾਂ ਵਿਚ ਭਿੰਨਤਾ ਹੋ ਸਕਦੀ ਹੈ, ਪਰ 'ਪ੍ਰਭੂ' ਤੇ 'ਸੱਚ' ਦਾ ਕਰਤੱਵ ਹਮੇਸ਼ਾਂ ਆਦਰਸ਼ਕ ਤੇ ਉਸਾਰੂ ਹੀ ਹੈ, ਕਦੀ ਵੀ ਆਦਰਸ਼-ਹੀਣ ਤੇ ਅਣ-ਉਸਾਰੂ ਨਹੀਂ। ਇਸੇ ਲਈ 'ਪ੍ਰਭੂ' ਨੂੰ 'ਕਰਤਾ ਪੁਰਖੁ' ਆਖਿਆ ਗਿਆ ਹੈ। ਜਿਹੜਾ ਹਮੇਸ਼ਾਂ ਕਰਤਾਰੀ-ਕਰਤੱਵ ਕਰੇ, ਉਸ ਨੂੰ 'ਕਰਤਾ' ਆਖਿਆ ਜਾਂਦਾ ਹੈ। ਤੇ ਜਿਹੜਾ ਕਰਤਾਰੀ-ਕਰਤੱਵਾਂ ਨੂੰ ਵਿਤਕਰੇ ਤੇ ਵਿਖੇਪਤਾ ਤੋਂ ਮੁਕਤ ਹੋ ਕੇ, ਸਾਬਤ ਮਰਦਾਨਗੀ ਨਾਲ ਕਰੇ, ਉਸ ਨੂੰ 'ਪੁਰਖੁ' ਸਵੀਕਾਰ ਕੀਤਾ ਜਾਂਦਾ ਹੈ। 'ਕਰਤਾ ਪੁਰਖੁ' (ਪ੍ਰਭੂ) ਹੀ ਸਦੀਵ-ਕਾਲ ਆਦਰਸ਼ਕ ਤੇ ਉਸਾਰੂ-ਕਰਤੱਵਾਂ ਨੂੰ ਕਰ ਸਕਦਾ ਹੈ। ਨਾਲੇ 'ਪ੍ਰਭੂ' ਤਾਂ 'ਸਰਗੁਣ-ਸਰੂਪ' ਵਿਚ ਵੀ ਪੂਰਨ ਤੌਰ ਤੇ ਨਿਰਭਉ ਤੇ ਨਿਰਵੈਰ ਹੁੰਦਾ ਹੈ। 'ਭਉ ਤੇ ਵੈਰ' ਹੀ ਮਨੁਖ ਦੇ ਆਦਰਸ਼ਕ ਤੇ ਉਸਾਰੂ-ਕਰਤੱਵ ਕਰਨ ਵਿਚ ਬਾਧਕ-ਸ਼ਕਤੀਆਂ ਬੰਣਦੀਆਂ ਹਨ। ਭਉ ਤੇ ਵੈਰ ਤੋਂ ਮੁਕਤ

Digitized by Panjab Digital Library | www.panjabdigilib.org

ਹੋ ਕੇ ਹੀ ਮਨੁਖ ਹਮੇਸ਼ਾਂ ਆਦਰਸ਼ਕ ਤੇ ਉਸਾਰੂ-ਕਰਤੱਵਾਂ ਨੂੰ ਪਾਲ ਸਕਦਾ ਹੈ। 'ਪ੍ਰਭੂ' ਚੂੰਕਿ ਭਉ ਤੇ ਵੈਰ-ਮੁਕਤ ਹੈ, ।ਇਸ ਲਈ ਉਹ ਆਦਰਸ਼ਕ ਤੇ ਉਸਾਰੂ-ਕਰਤੱਵਾਂ ਦੀ ਹੀ ਪ੍ਰਤੀਨਿਧਤਾ ਕਰਦਾ ਹੈ। ਜਦੋਂ 'ਪ੍ਰਭੂ' ਨੂੰ ਅਕਾਲ ਮੂਰਤਿ ਆਖਿਆ ਜਾਂਦਾ ਹੈ, ਤਾਂ ਇਸ ਦਾ ਭਾਵ ਵੀ ਇਹੀ ਹੈ, ਕਿ 'ਪ੍ਰਭੂ' ਕਾਲ-ਡਰ ਤੋਂ ਵੀ ਸੁਤੰਤਰ ਹੈ। 'ਮੌਤ' ਉਸ ਵਾਸਤੇ ਇਕ ਸਚਾਈ ਹੈ ਤੇ ਉਹ ਆਪ ਸਦਾ ਸਚਾਈ ਦੇ ਮੰਡਲ ਵਿਚ ਹੀ ਰਹਿੰਦਾ ਹੈ। ਇਸੇ ਕਰ ਕੇ ਉਸ ਨੂੰ ਆਪਣੀ ਹੋਂਦ ਉੱਤੇ ਪੂਰਨ ਤੇ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ। ਇਸੇ ਲਈ ਉਹ ਆਪਣੇ ਆਪ ਨੂੰ ਅਜੂਨੀ-ਜੂਨਾਂ ਦੇ ਮੰਡਲ ਤੋਂ ਮੁਕਤ ਤੇ ਸੈਭੰ-ਸੁੱਤੇ ਸਿੱਧ-ਮੰਡਲ ਦਾ ਵਾਸੀ ਸਮਝਦਾ ਹੈ। 'ਸੈ-ਭੰ' ਤਾਂ ਸ਼ੁੱਧ-ਮੰਡਲ ਦਾ ਹੀ ਪ੍ਰਤੀਕ ਹੈ, ਜਿਸ ਨੂੰ ਬੇਗਮਪੁਰਾ' ਦਾ ਮੰਡਲ ਵੀ ਆਖਿਆ ਜਾਂਦਾ ਹੈ। ਇਸ ਮੰਡਲ ਵਿਚ ਦੁਖ, ਵਿਜੋਗ, ਅਧਰਮ, ਬਦੀ, ਪਾਪ, ਅਗਿਆਨਤਾ, ਬੁਰਾਈ ਤੇ ਕਰੂਪਤਾ ਨਹੀਂ ਹੁੰਦੀ। ਇਸ ਮੰਡਲ ਦਾ ਵਾਤਾਵਰਣ ਤਾਂ 'ਗਿਆਨ-ਪ੍ਰਸਾਦਿ' ਵਾਲਾ ਹੁੰਦਾ ਹੈ, ਮਿੱਠਤ, ਨਿੰਮ੍ਰਤਾ ਤੇ ਕੋਮਲਤਾ ਵਾਲਾ ਹੁੰਦਾ ਹੈ। 'ਪ੍ਰਭੂ ਦਾ ਗੁਣ-ਸਰੂਪ' ਮਿੱਠਤ, ਨਿੰਮ੍ਰਤਾ ਤੇ ਕੋਮਲਤਾ ਵਾਲਾ ਹੀ ਹੈ। ਇਸੇ ਲਈ 'ਗੁਰ-ਪ੍ਰਸਾਦਿ' ਦੀ ਉਪਮਾ ਵੀ 'ਪ੍ਰਭੂ' ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਮਿੱਠਤ, ਨਿੰਮ੍ਰਤਾ ਤੇ ਕੋਮਲਤਾ ਦੇ ਮੰਡਲ ਵਿਚ ਰਹਿ ਕੇ ਕੀਤੀ 'ਅਰਦਾਸ' ਹੀ ਮਨੁਖ ਨੂੰ ਫ਼ਤਹਿ ਵਾਲੀ ਜ਼ਿੰਦਗੀ ਪ੍ਰਦਾਨ ਕਰ ਸਕਦੀ ਹੈ, ਮਨੁਖ ਨੂੰ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਵਾਲੀ ਜ਼ਿੰਦਗੀ ਦਿਵਾ ਸਕਦੀ ਹੈ, ਸੁਖ ਤੇ ਸੰਜੋਗ ਦੀ ਅਵੱਸਥਾ ਵਿਚ ਵੀ ਪਹੁੰਚਾ ਸਕਦੀ ਹੈ। ਇਹੀ ਜ਼ਿੰਦਗੀ ਆਦਰਸ਼ਕ ਤੇ ਉਸਾਰੂ ਹੈ, ਇਹੀ ਜ਼ਿੰਦਗੀ '੧ਓ-ਪ੍ਰਭੂ' ਦੀ ਹੈ। ਜਦੋਂ 'ਪ੍ਰਭੂ-ਸਨਮੁਖ' 'ਅਰਦਾਸ' ਕਿਰਿਆ ਨੂੰ ਕੀਤਾ ਜਾਂਦਾ ਹੈ, ਤਾਂ ਇਸ ਦਾ ਭਾਵ ਇਹ ਹੈ, ਕਿ ਮਨੁਖ 'ਅਰਦਾਸ' ਦੁਆਰਾ 'ਪ੍ਰਭੂ' ਵਰਗੀ ਖੁੱਲ, ਖੁਸ਼ੀ ਤੇ ਖੁਸ਼ਿਹਾਲੀ ਮੰਗਦਾ ਹੈ, 'ਪ੍ਰਭੂ' ਵਰਗੀ ਆਦਰਸ਼ਕ ਤੇ ਉਸਾਰੂ-ਜ਼ਿੰਦਗੀ ਜੀਉਣ ਦਾ ਵਰਦਾਨ ਮੰਗਦਾ ਹੈ, ਗਿਆਨ-ਸ਼ੀਲ, ਮਿੱਠਤ, ਨਿੰਮ੍ਰਤਾ ਤੇ ਕੋਮਲਤਾ-ਭਰਪੂਰ ਜ਼ਿੰਦਗੀ ਦਾ ਇੱਛਾਵਾਨ ਹੁੰਦਾ ਹੈ। ਇਸੇ ਲਈ 'ਅਰਦਾਸੀਏ' (ਅਰਦਾਸ ਕਰਨ ਵਾਲਾ) ਦਾ ਜਿਹੜਾ 'ਸਰੂਪ' ਆਸਤਿਕ ਧਰਮ-ਗ੍ਰੰਥਾਂ ਤੇ ਵਿਸ਼ੇਸ਼ ਤੌਰ ਤੇ ਗੁਰੂ ਸਾਹਿਬਾਂ ਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਮੂਰਤੀਮਾਨ ਕੀਤਾ ਹੈ, ਉਹ ਵੀ ਬੜਾ ਆਦਰਸ਼ਕ ਤੇ ਨਿੰਮ੍ਰਤਾਮਈ ਹੀ ਹੈ।

'ਅਰਦਾਸ' ਆਦਰਸ਼ਕ ਤੇ ਨਿੰਮ੍ਰਤਾ-ਭਰਪੂਰ ਮਨ ਦੀ ਹੀ ਆਵਾਜ਼ ਹੁੰਦੀ ਹੈ। ਹੰਕਾਰੀ ਤੇ ਹੋਛਾ-ਮਨੁਖ ਨਾ ਤਾਂ ਪ੍ਰਭੂ-ਹਸਤੀ ਨੂੰ ਸਵੀਕਾਰ ਕਰਦਾ ਹੈ, ਅਤੇ ਨਾ ਹੀ ਅਰਦਾਸ-ਮੰਡਲ ਵਿਚ ਕਦੀ ਜੁੜਦਾ ਹੈ। ਨਾਲੇ ਪ੍ਰਭੂ-ਦਰਬਾਰ ਵਿਚ ਹੰਕਾਰੀ ਤੇ ਹੋਛੇ-ਮਨ ਦੀ ਆਵਾਜ਼ ਸੁਣੀ ਵੀ ਨਹੀਂ ਜਾਂਦੀ। ਕਿਉਂ ਕਿ ਪ੍ਰਭੂ ਦਾ ਹੰਕਾਰੀ ਨਾਲ ਕੋਈ ਨਿਕਟ ਜਾਂ ਦੂਰ ਦਾ ਸਬੰਧ ਨਹੀਂ, ਅਤੇ ਨਾ ਹੀ ਉਹ ਹੋਛਿਆਂ ਵਿਅਕਤੀਆਂ ਨੂੰ ਮਹੱਤਵ-ਪੂਰਨ ਸਮਝਦਾ ਹੈ। 'ਪ੍ਰਭੂ' ਭਾਵੇਂ ਸਰਵੋਤਮ ਤੇ ਸਰਬ-ਸ਼ਕਤੀ ਹੈ, ਪਰ ਉਸ ਦਾ ਵਾਸਾ ਮਿੱਠਤ, ਨਿੰਮ੍ਰਤਾ ਤੇ ਕੋਮਲਤਾ, ਭਲਾ ਤੇ ਪਰਉਪਕਾਰ-ਮੰਡਲ ਵਿਚ ਹੀ ਹੈ। ਇਸੇ ਲਈ ਉਹ ਹੰਕਾਰ ਤੇ ਹਉਮੈਂ ਦਾ ਵਿਰੋਧ[1]

---

੧. ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ (ਵਡਹੰਸ ਮ: ੩)

Digitized by Panjab Digital Library | www.panjabdigilib.org

ਕਰਦਾ ਹੈ ਤੇ ਨਿੰਮ੍ਰਤਾ ਤੇ ਮਿੱਠਤ ਦੀ ਜ਼ਿੰਦਗੀ ਜੀਉਣ ਵਾਲਿਆਂ ਨੂੰ ਪਿਆਰ ਕਰਦਾ ਹੈ, ਇਹਨਾਂ ਨਾਲ ਹੀ ਆਪਣਾ ਸਾਥ[1] ਦਸਦਾ ਹੈ, ਇਹਨਾਂ ਦੇ ਸਹਾਰੇ ਹੀ ਆਪਣੀ ਹੋਂਦ ਨੂੰ ਨਿਸਚਿਤ[2] ਕਰਦਾ ਹੈ। ਸਿਖ ਧਰਮ ਦੀਆਂ ਗੁਰੂ-ਸ਼ਖਸੀਅਤਾਂ ਨੇ 'ਪ੍ਰਭੂ' ਦੇ ਇਸ 'ਗੁਣ-ਸਰੂਪ' ਦੀ ਪੂਰੀ ਪੂਰੀ ਪ੍ਰਤੀਨਿਧਤਾ ਕੀਤੀ ਹੈ। ਉਹਨਾਂ ਨੇ ਆਪਣੇ ਜੀਵਨ-ਕਰਤੱਵਾਂ ਵਿਚ ਵੀ 'ਪ੍ਰਭੂ-ਗੁਣ-ਸਰੂਪ' ਨੂੰ ਪ੍ਰਧਾਨਤਾ ਦਿਤੀ ਹੈ ਤੇ ਆਪਣੀ 'ਸਾਹਿਤਕ' ਪਰ ਅਰਸ਼ੀ-ਬਾਣੀ ਵਿਚ ਵੀ ਸਦੀਵ-ਕਾਲ ਨਿੰਮ੍ਰਤਾ ਤੇ ਨਿਸ਼ਕਾਮ ਜੀਵਨ ਨੂੰ ਹੀ ਉਚਿਆਇਆ ਹੈ। ਵਿਸ਼ੇਸ਼ ਤੌਰ ਤੇ ਨਿੰਮ੍ਰਤਾ ਤੇ ਨਿਸ਼ਕਾਮ ਜੀਵਨ ਨੂੰ ਉਚਿਆਣਾ, ਭਾਵੇਂ ਗੁਰੂ ਸਾਹਿਬਾਂ ਦਾ ਇਹ ਆਤਮਕ-ਕਰਤੱਵ ਸੀ, ਪਰ ਇਸ ਕਰਤੱਵ ਨਾਲ ਸਮਾਜਕ ਤੇ ਰਾਜਨੀਤਕ ਸਮਕਾਲੀ ਮਿਆਰ ਨੂੰ ਵੀ ਉਹਨਾਂ ਨੇ ਬੜਾ ਉੱਚਾ ਕੀਤਾ ਹੈ। ਉਦਾਹਰਣ ਵਜੋਂ ਉਸ ਵਕਤ ਦੀ ਹਕੂਮਤ ਹਿੰਦੂ ਪਰਜਾ ਨੂੰ ਦਾਸ (ਗੁਲਾਮ), ਸੇਵਕ, ਢਾਢੀ, ਭਿਖਾਰੀ, ਭਗਤ, ਗਰੀਬ, ਨਿਰਗੁਣ, ਦੀਨ, ਜ਼ੋਰ-ਹੀਣ ਤੇ ਪਤਿੱਤ ਬਣਾਉਣਾ ਚਾਹੁੰਦੀ ਸੀ। ਕਿਉਂ ਕਿ ਅਜਿਹਾ ਕਰਨ ਨਾਲ ਪਰਜਾ ਦਾ ਤਾਣ ਤੇ ਮਾਣ ਖਤਮ ਹੁੰਦਾ ਸੀ। ਇਹ ਉਸ ਵਕਤ ਦੀ ਹਕੂਮਤ ਦੀ ਸਮਾਜਕ-ਰਾਜਨੀਤੀ ਸੀ। 'ਦਾਸ' ਉਸ ਨੂੰ ਆਖਿਆ ਜਾਂਦਾ ਸੀ, ਜਿਹੜਾ ਹਾਕਮ ਤੇ ਹਕੂਮਤ ਦੀ ਅਧੀਨਤਾ ਪ੍ਰਵਾਨ ਕਰੇ। 'ਸੇਵਕ' ਉਸ ਨੂੰ ਸਵੀਕਾਰ ਕੀਤਾ ਜਾਂਦਾ ਸੀ, ਜਿਹੜਾ ਸਦਾ ਸੇਵਾ ਕਰੇ, 'ਢਾਢੀ' ਉਸ ਨੂੰ ਮੰਨਿਆਂ ਜਾਂਦਾ ਸੀ, ਜਿਹੜਾ ਢੱਢ ਸਾਜ਼ ਦੁਆਰਾ ਹਾਕਮ ਤੇ ਹਕੂਮਤ ਦੀਆਂ ਉਸਤਤ-ਮਈ ਵਾਰਾਂ ਗਾਇਨ ਕਰੇ, ਭਿਖਾਰੀ ਉਹ ਸੀ, ਜਿਹੜਾ ਆਰਥਿਕ ਤੌਰ ਤੇ ਭੁੱਖਾ ਹੋਵੇ ਜਾਂ ਭੁਖ-ਅਧੀਨ ਮੰਗਦਾ ਫਿਰੇ, 'ਭਗਤ' ਉਸਨੂੰ ਕਿਹਾ ਜਾਂਦਾ ਸੀ, ਜਿਹੜਾ ਸੰਨਿਆਸੀ ਜਾਂ ਸੰਘਰਸ਼-ਤਿਆਗੀ ਹੋਵੇ, ਗਰੀਬ, ਨਿਰਗੁਣ, ਦੀਨ, ਜ਼ੋਰ-ਹੀਣ ਤੇ ਪਤਿੱਤਾਂ ਨੂੰ ਤਾਂ ਬੜੇ ਹੀਣ-ਭਾਵਾਂ ਨਾਲ ਦੇਖਿਆ ਜਾਂਦਾ ਸੀ। ਗੱਲ ਕੀ, ਇਹਨਾਂ ਵਿਅਕਤੀਆਂ ਨੂੰ ਸਮਾਜਕ ਤੇ ਰਾਜਨੀਤਕ ਪੱਧਰ ਤੇ ਬੜਾ ਨੀਵਾਂ ਸਥਾਨ ਦਿੱਤਾ ਜਾਂਦਾ ਸੀ। ਗੁਰੂ ਸਾਹਿਬ ਬੜੇ ਦੂਰ-ਦ੍ਰਿਸ਼ਟ ਵਾਲੇ ਤੇ ਮਨੋਵਿਗਿਆਨਕ-ਤਤ੍ਵ ਦੇ ਦਰਸ਼ੀ ਸਨ। ਉਹਨਾਂ ਨੇ 'ਦਾਸ' ਨੂੰ ਦਾਸ ਰਹਿਣ ਦਿੱਤਾ, 'ਸੇਵਕ' ਨੂੰ ਸੇਵਕ, 'ਢਾਢੀ' ਨੂੰ ਢਾਢੀ, 'ਭਿਖਾਰੀ' ਨੂੰ ਭਿਖਾਰੀ, 'ਭਗਤ' ਨੂੰ ਭਗਤ, 'ਗਰੀਬ' ਨੂੰ ਗਰੀਬ, 'ਨਿਰਗੁਣ' ਨੂੰ ਨਿਰਗੁਣ, 'ਜੋਰ-ਹੀਣ' ਨੂੰ ਜੋਰ-ਹੀਣ ਤੇ 'ਪਤਿੱਤ' ਨੂੰ ਪਤਿੱਤ, ਪਰ ਇਹਨਾਂ ਦੇ ਕਰਤੱਵ ਤੇ ਸੰਕਲਪ ਨੂੰ ਬਦਲ ਦਿੱਤਾ। ਇਹਨਾਂ ਨਿੰਮ੍ਰਤਾ ਤੇ ਨਿਸ਼ਕਾਮ-ਭਰਪੂਰ ਵਿਅਕਤੀਆਂ ਨੂੰ ਉਹਨਾਂ ਨੇ ਆਤਮਕ ਤੌਰ ਤੇ ਉੱਚਿਆ ਦਿੱਤਾ, ਸਮਾਜਕ ਤੇ ਰਾਜਨੀਤਕ ਤੌਰ ਤੇ ਉਹਨਾਂ ਅੰਦਰ ਇਹ ਅਹਿਸਾਸ ਵੀ ਭਰ ਦਿੱਤਾ, ਕਿ ਨਿੰਮ੍ਰਤਾ ਤੇ ਸੇਵਾ-ਭਾਵ ਦੀ ਜ਼ਿੰਦਗੀ ਹੀ ਸਰਬ-ਸ੍ਰੇਸ਼ਟ ਹੈ, ਪਰ ਇਹ ਜ਼ਿੰਦਗੀ ਸਰਬ-ਸ੍ਰੇਸ਼ਟ ਤਾਂ ਰਹਿ ਸਕਦੀ ਹੈ, ਜੇ ਇਹ ਹੰਕਾਰ ਤੇ ਹਉਮੈਂ ਤਿਆਗੇ, ਪਰ-ਅਧੀਨਤਾ, ਪਰ-ਹਾਕਮ ਤੇ ਹਕੂਮਤ ਦੀ ਗੁਲਾਮੀ ਤਿਆਗੇ। ਹਾਂ ਹਾਕਮ ਤੇ ਹਕੂਮਤ ਦੀ ਥਾਂ 'ਪ੍ਰਭੂ' ਦੇ ਸੁਹਿਰਦ ਦਾਸ, ਸੇਵਕ, ਢਾਢੀ, ਭਿਖਾਰੀ, ਭਗਤ ਬਣ ਜਾਉ, ਆਪਣੇ ਆਪ ਨੂੰ ਗਰੀਬ, ਨਿਰਗੁਣ, ਦੀਨ, ਜੋਰ-ਹੀਣ ਤੇ ਪਤਿੱਤ ਆਖ ਕੇ, ਆਪਣੇ

---

੧. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਸਿਰੀ ਰਾਗ ਮ: ੧)

੨. ਇਨ ਹੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ ॥(ਸ੍ਰੀ ਦਸਮ ਗ੍ਰੰਥ)

Digitized by Panjab Digital Library | www.panjabdigilib.org

ਅੰਤਰ-ਮੁਖੀ-ਭਾਵਾਂ ਵਿਚ ਨਿੰਮ੍ਰਤਾ ਨੂੰ ਦ੍ਰਿੜ੍ਹ ਕਰੋ ਤੇ ਹੰਕਾਰ ਦਾ ਤਿਆਗ ਕਰੋ । ਇਸ ਤਰ੍ਹਾਂ ਗੁਰੂ ਸਾਹਿਬਾਂ ਨੇ ਹੀਣਤਾ-ਭਰਪੂਰ ਜ਼ਿੰਦਗੀਆਂ ਦੀ ਮਾਨਸਿਕ-ਸਥਿਤੀ ਨੂੰ ਬਦਲ[1] ਕੇ, ਉਹਨਾਂ ਨੂੰ ਸਰਬ ਪਖੋਂ ਉੱਚਿਆ ਦਿੱਤਾ । ਫਿਰ ਉਹਨਾਂ ਨੂੰ ਆਤਮਕ, ਸਮਾਜਕ ਤੇ ਰਾਜਨੀਤਕ ਖੇਤਰ ਵਿਚ ਵੀ ਸਰਬ-ਉੱਤਮ ਪਦਵੀਆਂ ਪ੍ਰਦਾਨ ਕੀਤੀਆਂ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਤਾਬਿਕ ਦਾਸ, ਸੇਵਕ, ਢਾਢੀ ਤੇ ਭਗਤ ਬਣਨਾ, ਇਹ ਬੜੀਆਂ ਉੱਚ-ਪਦਵੀਆਂ ਤੇ ਵਿਅਕਤੀਆਂ ਦੀ ਪ੍ਰਤੀਨਿਧਤਾ ਕਰਨਾ ਹੈ । ਆਪਣੇ ਆਪ ਨੂੰ ਭਿਖਾਰੀ, ਗਰੀਬ, ਨਿਰਗੁਣ, ਦੀਨ, ਜ਼ੋਰ-ਹੀਣ, ਤੇ ਪਤਿੱਤ ਆਖਣਾ, ਇਹ ਵੀ ਉਹਨਾਂ ਦੀ ਆਤਮਕ-ਉੱਚਤਾ ਦੇ ਲਖਾਇਕ-ਬਿੰਬ ਹਨ । ਗੁਰੂ ਸਾਹਿਬਾਂ ਨੇ ਆਪਣਾ ਸਾਥ ਨਿੰਮ੍ਰਤਾ-ਭਰਪੂਰ ਜ਼ਿੰਦਗੀਆਂ ਨਾਲ ਹੀ ਸਬੰਧਤ

---

੧. (ੳ) ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥
(ਗਉੜੀ ਮ: ੫)

ਐਸਾ ਰਾਮ ਦੀਨ ਦਨੀ ਸਹਾਈ ॥ ਦਾਸ ਕੀ ਪੈਜ ਰਖੈ ਮੇਰੇ ਭਾਈ ।
(ਗਉੜੀ ਮ: ੫)

ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥
ਤੁਮਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥ (ਬਿਲਾਵਲ ਮ: ੫)

(ਅ) ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥
(ਵਡਹੰਸ ਮ: ੫)

ਨਾਨਕ ਸੋ ਸੇਵਕੁ ਦਹਦਿਸਿ ਪ੍ਰਗਟਾਇਆ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥
(ਵਿਸਥਾਰ ਲਈ ਸੁਖਮਨੀ ਦੀ ੧੭ਵੀਂ ਅਸਟਪਦੀ ਵੇਖੋ)

(ੲ) ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ । (ਵਾਰ ਮਾਝ ਦੀ ਮ: ੧)

(ਸ) ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਾਂਤਿ ਹੈ ਦਾਤਾ ॥ (ਧਨਾਸਰੀ ਮ: ੩)
ਹਮ ਮੂਰਖ ਮੂਰਖ ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਇ ॥
(ਧਨਾਸਰੀ ਮ: ੩)

(ਹ) ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲਿਐ ॥
(ਗਉੜੀ ਬੈਰਾਗਣਿ ਮ: ੪)

(ਕ) ਹਮ ਗ਼ਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੈ ॥
(ਗਉੜੀ ਪੂਰਬੀ ਮ: ੪)

(ਖ) ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥ (ਸੂਹੀ ਮ: ੧)

(ਗ) ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
(ਧਨਾਸਰੀ ਭਗਤ ਰਵਿਦਾਸ ਜੀ)

Digitized by Panjab Digital Library | www.panjabdigilib.org

ਕੀਤਾ ਹੈ। ਨਿੰਮ੍ਰਤਾ-ਭਰਪੂਰ ਜ਼ਿੰਦਗੀਆਂ ਉੱਤੇ ਹੀ ਪ੍ਰਭੂ-ਨਦਰਿ[1] ਦਾ ਪੈਣਾ ਮੰਨਿਆਂ ਹੈ। ਨਿੰਮ੍ਰਤਾ ਤੇ ਸੇਵਾ-ਭਾਵ ਵਾਲੀਆਂ ਸ਼ਖਸੀਅਤਾਂ ਦੀ ਹੀ ਪ੍ਰਭੂ-ਦਰਬਾਰ ਵਿਚ ਪ੍ਰਵਾਨਗੀ[2] ਦਸੀ ਹੈ। ਇਸਦਾ ਭਾਵ ਇਹ ਹੈ, ਕਿ ਉਹ 'ਦਾਸ', ਸੇਵਕ, ਢਾਢੀ, ਭਿਖਾਰੀ, ਭਗਤ, ਗਰੀਬ, ਨਿਰਗੁਣ, ਦੀਨ, ਜ਼ੋਰ-ਹੀਣ ਤੇ ਪਤਿਤ ਨੂੰ ਸਰਬ-ਉੱਚ ਸਮਝ ਰਹੇ ਹਨ। ਉਹਨਾਂ ਨੂੰ ਸਰਬ-ਉੱਤਮ ਪਦਵੀ ਵੀ ਪ੍ਰਦਾਨ ਕਰਦੇ ਹਨ।

'ਅਰਦਾਸੀਏ' ਦਾ ਸਰੂਪ, ਸ਼ਾਇਦ ਇਸੇ ਕਰ ਕੇ ਗੁਰੂ ਸਾਹਿਬਾਂ ਨੇ ਨਿੰਮ੍ਰਤਾ ਤੇ ਸੇਵਾ-ਭਾਵ ਵਾਲਾ ਹੀ ਨਿਸਚਿਤ ਕੀਤਾ ਹੈ। ਜੇ ਪ੍ਰਭੂ-ਦਰਬਾਰ ਵਿਚ 'ਅਰਦਾਸ' ਕਰ ਕੇ, ਕੋਈ ਆਪਣੀਆਂ ਮਨ-ਇਛਤ ਭਾਵਨਾਵਾਂ ਨੂੰ ਤ੍ਰਿਪਤ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ 'ਪ੍ਰਭੂ' ਦਾ ਪਹਿਲਾਂ ਸੁਹਿਰਦ ਦਾਸ, ਸੇਵਕ[3], ਢਾਢੀ, ਭਿਖਾਰੀ ਤੇ ਭਗਤ ਬਣਨਾ ਚਾਹੀਦਾ ਹੈ। ਜੇ ਉਹ ਇਸ ਅਵੱਸਥਾ ਦਾ ਆਪਣੇ ਆਪ ਨੂੰ ਵਾਸੀ ਬਣਾ ਕੇ 'ਅਰਦਾਸ' ਕਰਦਾ ਹੈ, ਤਾਂ ਗੁਰੂ ਸਾਹਿਬਾਂ ਦਾ ਇਹ ਵਿਸ਼ਵਾਸ ਹੈ, ਕਿ ਉਸ ਦੀ ਕੀਤੀ ਹੋਈ ਹਰ ਤਰ੍ਹਾਂ ਦੀ 'ਅਰਦਾਸ' ਸਫਲ[4] ਹੁੰਦੀ ਹੈ, ਜਿਹੜਾ ਆਪਣੇ ਆਪ ਨੂੰ ਸੁਹਿਰਦ ਪੱਧਰ ਉੱਤੇ ਨਿਰਗੁਣ, ਦੀਨ, ਜ਼ੋਰ-ਹੀਣ ਤੇ ਪਤਿੱਤ ਆਖ ਕੇ ਅਰਦਾਸ ਕਰਦਾ ਹੈ, ਉਸ ਦੀ ਆਵਾਜ਼[5] ਵੀ ਪ੍ਰਭੂ ਪੂਰੀ ਤਰ੍ਹਾਂ ਸੁਣਦਾ ਹੈ। ਇਹ ਗੁਰੂ ਸਾਹਿਬਾਂ ਦਾ ਦ੍ਰਿੜ੍ਹ ਨਿਸਚਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਂ ਨੇ ਦਾਸ, ਸੇਵਕ, ਢਾਢੀ, ਭਿਖਾਰੀ, ਭਗਤ, ਗਰੀਬ, ਨਿਰਗੁਣ, ਦੀਨ, ਜ਼ੋਰ-ਹੀਣ ਤੇ ਪਤਿੱਤ ਦੀ ਅਰਦਾਸ ਨੂੰ ਪ੍ਰਭੂ-ਦਰਬਾਰ ਵਿਚ ਕਬੂਲ ਕਰਵਾ ਕੇ, ਆਤਮਕ ਤੇ ਸਮਾਜਕ ਤੌਰ ਤੇ ਉਹਨਾਂ ਨੂੰ ਸਰਬ-ਉੱਚ ਪਦਵੀ ਪ੍ਰਦਾਨ ਕਰ ਦਿਤੀ ਹੈ। ਅਸਲ ਵਿਚ ਇਹ ਭਾਰਤੀ ਜੀਵਨ ਨੂੰ ਗੁਰੂ ਸਾਹਿਬਾਂ ਦੀ ਅਦੁੱਤੀ ਤੇ ਅਣਖ-ਸ਼ੀਲ ਦੇਣ ਹੈ। ਇਸ ਤਰ੍ਹਾਂ ਗੁਰੂ ਸਾਹਿਬਾਂ ਨੇ 'ਅਰਦਾਸੀਏ' ਦਾ ਨਿੰਮ੍ਰਤਾ ਤੇ ਸੇਵਾ-ਭਾਵ ਵਾਲਾ, ਡਰ ਤੇ ਵੈਰ-ਮੁਕਤ, ਸੁਹਿਰਦ ਤੇ ਸ਼ੁੱਧ-ਜੀਵਨ ਵਾਲਾ ਸਰੂਪ ਨਿਯਮ-ਬਧ ਕਰ ਕੇ, 'ਅਰਦਾਸ ਦੇ ਸੰਕਲਪ' ਨੂੰ ਹੋਰ ਆਦਰਸ਼ਕ ਤੇ ਉਸਾਰੂ ਬਣਾਇਆ ਹੈ। ਖਾਸ ਕਰ ਕੇ ਜਦੋਂ 'ਅਰਦਾਸ' ਦੀ ਕਿਰਿਆ-ਰੂਪ-ਵਿਧੀ ਪ੍ਰਤੀ ਗਰੂ ਸਾਹਿਬ ਆਪਣਾ ਸਿਧਾਂਤ ਪ੍ਰਗਟਾਂਦੇ

---

੧. ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਸ੍ਰੀ ਰਾਗ ਮ: ੧)

੨. ਦਾਸ ਕੀ ਲਾਜ ਰਖੈ ਮਿਹਰਵਾਨੁ ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥
(ਬਿਲਾਵਲੁ ਮ: ੫)

੩. ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਇ ਕਿਰਪਾਲ ॥
ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥ (ਬਿਲਾਵਲੁ ਮ: ੩)

੪. ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥ (ਬਿਲਾਵਲੁ ਮ: ੫)

੫. (ੳ) ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥
ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥ (ਬਿਲਾਵਲ ਮ: ੫)

(ਅ) ਹਮ ਗੁਣ ਨਾਹੀ ਕਿਆ ਬੋਲਹ ਬੋਲ। ਤੂ ਸਭਨਾ ਦੇਖਹਿ ਤੋਲਹਿ ਤੋਲ ॥
ਜੋ ਇਛੇ ਸੋਈ ਫਲੁ ਪਾਏ ਜਿਉ ਰੰਗੁ ਮਜੀਠੈ ਰਾਤਾ ਹੇ ॥ (ਮਾਰੂ ਮ: ੩)

Digitized by Panjab Digital Library | www.panjabdigilib.org

ਹਨ, ਅਰਥਾਤ 'ਪ੍ਰਭੂ-ਦਰ ਉੱਤੇ ਖੜੇ[1] ਹੋ ਕੇ, ਦੋਵੇਂ ਹੱਥ ਜੋੜ[2] ਕੇ, ਪ੍ਰਭੂ-ਭਾਣੇ ਵਿਚ ਪੂਰਨ ਤੇ ਦ੍ਰਿੜ੍ਹ ਵਿਸ਼ਵਾਸ ਰਖ ਕੇ ਹੀ 'ਅਰਦਾਸ' ਦੀ ਕਿਰਿਆ ਨੂੰ ਨਿਬਾਹਿਆ ਜਾ ਸਕਦਾ ਹੈ। 'ਪ੍ਰਭੂ-ਦਰ' ਉੱਤੇ ਖੜੇ ਹੋਣ ਦਾ ਭਾਵ ਹੈ ਕਿ ਅਵਰ ਓਟਾਂ ਤੇ ਆਸਰਿਆਂ ਨੂੰ ਤਿਆਗ ਕੇ, ਪ੍ਰਭੂ ਨੂੰ ਹੀ ਸਰਬ ਓਟ ਤੇ ਆਸਰਾ ਸਮਝਣਾ ਹੈ। ਦੋਵੇਂ ਹੱਥ ਜੋੜਣ ਦਾ ਭਾਵ ਹੈ, ਕਿ ਆਪਣੇ ਮਨ ਵਿਚ ਪ੍ਰਭੂ-ਪਿਆਰ ਤੇ ਸਤਿਕਾਰ ਰਖ ਕੇ ਅਰਦਾਸ ਕਰਨੀ ਹੈ। ਪ੍ਰਭੂ-ਭਾਣੇ ਵਿਚ ਪੂਰਨ ਤੇ ਦ੍ਰਿੜ੍ਹ ਵਿਸ਼ਵਾਸ਼ ਦਾ ਭਾਵ ਹੈ, ਕਿ 'ਪ੍ਰਭੂ' ਜੋ ਕੁਝ ਵੀ ਕਰਦਾ ਹੈ-ਭਲਾ ਜਾਂ ਬੁਰਾ, ਉਹ ਸਭ ਕੁਝ ਖਿੜੇ ਮੱਥੇ ਸਵੀਕਾਰ[3] ਕਰਨਾ ਹੈ। ਅਜਿਹੀ ਆਤਮਕ-ਅਵੱਸਥਾ ਵਿਚੋਂ ਜਿਹੜੀ ਵੀ 'ਅਰਦਾਸ' ਕੀਤੀ ਜਾਵੇਗੀ, ਉਹ ਸਫਲ ਹੋਵੇਗੀ, ਜਿਹੜਾ ਵੀ ਬਚਨ ਬੋਲਿਆ ਜਾਵੇਗਾ, ਉਹ ਅਟਲਾਧਾ ਹੋਵੇਗਾ, ਜਿਹੜੀ ਵੀ ਮਨ-ਅੰਤਰ ਦੀ ਪੀੜਾ ਕਲਮ-ਬੱਧ ਕੀਤੀ ਜਾਵੇਗੀ, ਉਹ ਉੱਚਾ ਤੇ ਅਰਸ਼ੀ ਸਾਹਿਤ ਹੋਵੇਗਾ। ਗੁਰੂ ਸਾਹਿਬਾਂ ਤੇ ਸਿੱਖ ਧਰਮ ਦੇ ਵਿਸ਼ਵਾਸ ਕੁਝ ਇਸੇ ਤਰ੍ਹਾਂ ਦੇ ਹੀ ਹਨ।

'ਸਿੱਖ ਧਰਮ' ਦੀ ਸਮੁੱਚੀ ਜ਼ਿੰਦਗੀ 'ਅਰਦਾਸ' ਦੀ ਤਾਖ਼ਿਆ ਹੈ। ਅਰਦਾਸ-ਆਸਰ ਹੀ ਸਿੱਖ ਧਰਮ ਹੌਲੀ ਹੌਲੀ ਵਿਕਾਸ ਕਰਦਾ ਹੈ, ਸਿੱਖ ਧਰਮ ਦੇ ਪ੍ਰਤੀਨਿਧਾਂ ਦਾ ਵਿਸ਼ਵਾਸ ਹੈ, ਕਿ 'ਅਰਦਾਸ' ਜੀਵਨ ਦੇ ਹਰ ਸੰਘਰਸ਼ ਵਿਚ ਅਤਿ ਮਹੱਤਵ ਪੂਰਨ ਸਹਾਰਾ[4] ਹੈ, ਫ਼ਤਹਿ ਦੀ ਪ੍ਰਾਪਤੀ[5] ਦਾ ਸੁਹਿਰਦ ਪ੍ਰਗਟਾਵਾ ਹੈ। 'ਅਰਦਾਸ' ਹੀ ਇਕ ਅਜਿਹੀ ਕਿਰਿਆ ਹੈ, ਜਿਸ ਸਹਾਰੇ 'ਮਨੁਖ' ਸਬਰ, ਸੰਤੋਖ ਤੇ ਧੀਰਜ ਦੀ ਜ਼ਿੰਦਗੀ ਜੀਉ ਸਕਦਾ ਹੈ। 'ਸਿੱਖ ਧਰਮ' ਸਬਰ, ਸੰਤੋਖ ਤੇ ਧੀਰਜ ਵਾਲੀ ਜ਼ਿੰਦਗੀ ਦਾ ਉਪਾਸ਼ਕ ਹੈ। ਉਹ ਸਬਰ, ਸੰਤੋਖ ਤੇ ਧੀਰਜ ਵਾਲੀ ਜ਼ਿੰਦਗੀ ਨੂੰ ਹੀ ਬੜਾ ਮਹੱਤਵ ਪੂਰਨ ਸਥਾਨ ਦਿੰਦਾ ਹੈ। 'ਸਿੱਖ' ਇਸ ਜ਼ਿੰਦਗੀ ਨੂੰ ਪ੍ਰਾਪਤ ਕਰਨ ਵਾਸਤੇ 'ਪ੍ਰਭੂ-ਨਦਰਿ' ਦੀ ਪ੍ਰਾਪਤੀ ਚਾਹੁੰਦਾ ਹੈ ਤੇ ਜਾਂ ਵਿਕਾਰ-ਸ਼ਕਤੀਆਂ ਨਾਲ

---

੧. ਆਪੈ ਜਾਣੈ ਕਰੈ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ (ਵਾਰ ਮਾਰੂ ੧ ਮ: ੨)

੨. ਦੁਇ ਕਰ ਜੋਰਿ ਕਰਉ ਅਰਦਾਸਿ ॥
ਤੁਧ ਭਾਵੈ ਤਾਂ ਆਣੈ ਰਾਸਿ ॥ (ਭੈਰਉ ਮ: ੫)

੩. (ਓ) ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ (ਮਾਝ ਮ: ੩)
(ਅ) ਹੁਕਮੈ ਵਰਤੈ ਅੰਮ੍ਰਿਤੁ ਬਾਣੀ ਹੁਕਮੇ ਅੰਮ੍ਰਿਤ ਪੀਆਵਣਿਆ ॥ (ਮਾਝ ਮ: ੩)
(ਏ) ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥
ਸੋਗ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛ ਲੇਤੈ ॥ (ਕਾਨੜਾ ਮ: ੫)

੪. ਨਾਨਕ ਤਿਸ ਸਰਣਾਗਤੀ ਜਿ ਸਗਲ ਘਟਾ ਆਧਾਰ ॥ (ਸ੍ਰੀ ਰਾਗੁ ਮ: ੫)

੫. (ਓ) ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥ (ਬਿਲਾਵਲੁ ਮ: ੫)
(ਅ) ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰ ॥
(ਬਿਲਾਵਲੁ ਮ: ੫)

Digitized by Panjab Digital Library | www.panjabdigilib.org

ਸੰਘਰਸ਼ ਕਰ ਕੇ, ਸਬਰ, ਸੰਤੋਖ[1] ਤੇ ਧੀਰਜ ਦੀ ਜ਼ਿੰਦਗੀ ਨੂੰ ਸਥਿਰ ਰਖਣਾ ਚਾਹੁੰਦਾ ਹੈ। ਪਰ 'ਸਿੱਖ' ਪ੍ਰਭੂ-ਨਦਰਿ ਦੀ ਪ੍ਰਾਪਤੀ ਵਾਸਤੇ ਵੀ 'ਅਰਦਾਸ' ਕਰਦਾ ਹੈ ਤੇ ਵਿਕਾਰ-ਸ਼ਕਤੀਆਂ ਉਤੇ 'ਫ਼ਤਹਿ ਪ੍ਰਾਪਤੀ' ਵਾਸਤੇ ਵੀ ਅਰਦਾਸ ਕਰਦਾ ਹੈ। 'ਅਰਦਾਸ' ਹੀ ਸਿੱਖ ਵਾਸਤੇ ਸਰਵੋਤਮ ਤੇ ਨਿਅ ਏਸ਼ੀਲ ਸਹਾਰਾ ਹੈ। ਨਾਲੇ ਸਿੱਖ ਦਾ ਵਿਸ਼ਵਾਸ ਹੈ, ਕਿ 'ਪ੍ਰਭੂ' ਸਰਬ-ਸ਼ਕਤੀ-ਮਾਨ ਹੈ, ਇਹ ਉਸ ਦੀ ਮਰਜ਼ੀ ਹੈ, ਕਿ ਕਿਸੇ ਕੀੜੇ ਨੂੰ ਪਾਤਿਸ਼ਾਹ[2] ਬਣਾ ਦੇਵੇ, ਕਿਸੇ ਲਾਉ-ਲਸ਼ਕਰ ਵਾਲੇ ਨੂੰ ਫਨਾਹ ਕਰ ਦੇਵੇ, ਜਾਂ ਕਿਸੇ ਰੰਕ ਨੂੰ ਰਾਣਾ ਬਣਾ ਦੇਵੇ ਤੇ ਰਾਣਾ ਨੂੰ ਰੰਕ ਕਰ ਦੇਵੇ। ਇਹ ਵੀ ਉਸ ਦੀ ਇੱਛਾ ਹੈ, ਕਿ ਉੱਦਮ ਵਾਲੇ ਨੂੰ ਫਲ ਨਹੀਂ ਬਖਸ਼ਦਾ, ਪਰ ਅਣ-ਉੱਦਮ ਵਾਲੇ ਨੂੰ ਸਭ ਕੁਝ ਬਖਸ਼ ਦਿੰਦਾ ਹੈ। ਸਿੱਖ ਦਾ ਵਿਸ਼ਵਾਸ ਹੈ, ਕਿ ਇਹ 'ਨਿਆ-ਸ਼ਕਤੀ' ਪ੍ਰਭੂ-ਵਸ ਹੈ। 'ਮਨੁਖ' ਉਸ ਦੀ ਕਾਰ ਵਿਚ ਕਿਸੇ ਤਰ੍ਹਾਂ ਦੀ ਬਾਧਕ-ਸ਼ਕਤੀ ਨਹੀਂ ਬਣ ਸਕਦਾ। ਇਸੇ ਲਈ ਸਿੱਖ ਦੀ ਧਰਮ-ਕਿਰਿਆ ਵਿਚ ਪ੍ਰਧਾਨਤਾ[3] 'ਅਰਦਾਸ' ਦੀ ਹੀ ਹੈ। 'ਸਿੱਖ' ਜੀਵਨ ਦੇ ਹਰ ਕਰਤੱਵ ਵਿਚ ਜਨਮ, ਪੱਲਣ, ਵਿਕਾਸ ਤੇ ਮਰਨ ਦੇ ਸੰਸਕਾਰਾਂ ਸਮੇਂ ਅਰਦਾਸ ਕਰਦਾ ਹੈ। 'ਅਰਦਾਸ' ਉਸ ਵਾਸਤੇ ਤਾਂ ਇਕ ਮਾਨਸਿਕ-ਸ਼ਾਂਤੀ ਦਾ ਪੈਗਾਮ ਹੈ, ਮਾਨਸਿਕ ਤੇ ਆਤਮਿਕ-ਤ੍ਰਿਪਤੀ ਦਾ ਭੋਜਨ ਹੈ। ਇਸੇ ਲਈ 'ਸਿੱਖ' ਪ੍ਰਭੂ-ਨਦਰਿ ਦੀ ਪ੍ਰਾਪਤੀ ਵਾਸਤੇ ਵੀ ਅਰਦਾਸ ਕਰਦਾ ਹੈ, ਤੇ ਵਿਕਾਰ-ਸ਼ਕਤੀਆਂ ਨਾਲ ਜੂਝਣ ਵਾਸਤੇ, ਸਮਰੱਥਾ-ਸ਼ਕਤੀ ਤੇ ਫ਼ਤਹਿ ਪ੍ਰਾਪਤੀ ਦੀ ਮੰਗ ਵੀ ਅਰਦਾਸ ਦੁਆਰਾ ਹੀ ਕਰਦਾ ਹੈ। ਇਸੇ ਕਰ ਕੇ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਸਾਹਿਤ ਵਿਚ 'ਅਰਦਾਸ ਦੇ ਸੰਕਲਪ' ਨੂੰ ਬੜਾ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਤੇ ਦਿੱਤਾ ਵੀ ਜਾ ਰਿਹਾ ਹੈ।

'ਸਿੱਖ' ਦਾ ਜੀਵਨ ਪ੍ਰਮੁਖ ਰੂਪ ਵਿਚ ਭਾਵੇਂ ਆਤਮਕ ਹੈ, ਪਰ ਇਸ ਆਤਮਕ-ਜੀਵਨ-ਉਸਾਰੀ ਦਾ ਆਧਾਰ ਗੁਰੂ ਸਾਹਿਬਾਂ ਨੇ ਸਮਾਜਕ-ਸੰਘਰਸ਼ ਹੀ ਨਿਸਚਿਤ ਕੀਤਾ ਹੈ। 'ਸਿੱਖ' ਦਾ 'ਧਰਮ' ਤਿਆਗ, ਸੰਨਿਆਸ ਜਾਂ ਵੈਰਾਗ ਦਾ ਧਰਮ ਨਹੀਂ, ਨਾ ਹੀ ਨਿਰੀ ਭਗਤੀ ਜਾਂ ਨਿਰੀ ਸ਼ਕਤੀ ਦਾ ਧਰਮ ਹੈ ਅਤੇ ਨਾ ਹੀ ਪੂਰਨ ਰੂਪ ਵਿਚ ਅਹਿੰਸਾ-ਧਾਰੀ ਜਾਂ ਹਿੰਸਾ ਦਾ ਧਰਮ ਹੈ। 'ਅਸੰਤੁਲਨ ਤੇ ਅਸੰਤੁਸ਼ਟੀ' 'ਸਿੱਖ' ਵਾਸਤੇ ਪਸ਼ੂ ਤੇ ਹੀਣ-ਬਿਰਤੀਆਂ ਹਨ। 'ਸਿੱਖ ਧਰਮ' ਸੰਤੁਲਨ ਦਾ ਧਰਮ ਹੈ, ਜੀਵਨ ਦੇ ਹਰ ਖੇਤਰ ਵਿਚ ਸੰਤੁਲਨ-ਧਾਰੀ ਹੋਣਾ ਹੀ ਇਸ ਦੀ ਸਰਬ-ਸ੍ਰੇਸ਼ਟ ਵਿਸ਼ੇਸ਼ਤਾ ਹੈ। ਚੂੰਕਿ ਇਸ ਵਾਸਤੇ ਸਰਵੋਤਮ-ਸ਼ਕਤੀ 'ਪ੍ਰਭੂ' ਹੈ, ਤੇ 'ਪ੍ਰਭੂ' ਸਰਬ-ਮੰਡਲ ਵਿਚ ਸੰਤੁਲਨ ਰਹਿੰਦਾ ਹੈ। ਇਸ ਲਈ 'ਸਿੱਖ ਧਰਮ' 'ਪ੍ਰਭੂ' ਨੂੰ ਸਰਬ-ਪੱਖ ਵਿਚ ਮੰਨਣ ਕਰ ਕੇ, ਹਮੇਸ਼ਾ ਸੰਤੁਲਨ-ਜ਼ਿੰਦਗੀ ਵਿਚ ਵਿਚਰਦਾ ਹੈ, ਇਸੇ ਲਈ ਉਹ ਕਈ ਵਾਰੀ ਅਸੰਤੁਸ਼ਟ ਹੁੰਦਾ ਹੋਇਆ ਵੀ ਸੰਤੁਸ਼ਟੀ ਵਿਚ ਜੀਉਂਦਾ ਹੈ, ਸਬਰ, ਸੰਤੋਖ ਤੇ ਧੀਰਜ ਵਿਚ ਰਹਿੰਦਾ ਹੈ। ਜਦੋਂ 'ਸਿੱਖ' ਆਪਣੇ ਆਪ ਨੂੰ 'ਸਵਾ ਲੱਖ' ਦੇ ਬਰਾਬਰ ਸਮਝਦਾ

---

੧. ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (ਮ: ੫)

੨. ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ (ਸਲੋਕ ਮ: ੧)

੩. ਸੁਖ-ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ (ਸਿਰੀ ਰਾਗੁ ਮ: ੫)

Digitized by Panjab Digital Library | www.panjabdigilib.org

ਹੈ ਤੇ ਵਿਰੋਧੀ-ਸ਼ਕਤੀਆਂ ਦੀ ਅਥਾਹ ਸ਼ਕਤੀ ਨਾਲ ਜੂਝਣ ਲਈ ਵੀ ਤਿਆਰ ਹੋ ਜਾਂਦਾ ਹੈ, ਤਾਂ ਇਸ ਪਿੱਛੇ ਜਿਹੜੀ ਬਿਰਤੀ ਕੰਮ ਕਰ ਰਹੀ ਹੁੰਦੀ ਹੈ, ਉਹ ਉੱਚ-ਆਦਰਸ਼ ਤੇ ਉਸਾਰੂ ਹੀ ਹੁੰਦੀ ਹੈ। 'ਸਿੱਖ' ਦਾ ਵਿਸ਼ਵਾਸ ਹੈ, ਕਿ ਜੇ ਉੱਚ-ਆਦਰਸ਼ ਤੇ ਉਸਾਰੂ-ਕਰਤੱਵਾਂ ਦੀ ਸਿਰਜਨਾ ਵਾਸਤੇ ਲੜਿਆ ਜਾਂਦਾ ਹੈ, ਤਾਂ ਉਸ ਲੜਾਈ ਵਿਚ ਦੈਵੀ-ਪੱਖ ਵਿਚ 'ਪ੍ਰਭੂ' ਆਪਣੀ ਸਾਰੀ ਸ਼ਕਤੀ ਪ੍ਰਦਾਨ ਕਰਦਾ ਹੈ। 'ਪ੍ਰਭੂ-ਸ਼ਕਤੀ' ਸਰਵੋਤਮ-ਸ਼ਕਤੀ ਹੈ। ਇਸੇ ਵਿਸ਼ਵਾਸ-ਅਧੀਨ ਉਹ ਸਮਾਜਕ ਜਾਂ ਵਿਕਾਰ-ਸ਼ਕਤੀਆਂ ਨਾਲ ਸੰਘਰਸ਼ ਕਰਦਾ, ਕਦੀ ਘਬਰਾਂਦਾ ਨਹੀਂ। ਹਮੇਸ਼ਾਂ ਜੇਤੂ ਜਾਂ ਫ਼ਤਹਿ ਵਾਲੀ ਜ਼ਿੰਦਗੀ ਜੀਊਂਦਾ ਹੈ। ਜੇ ਕੋਈ ਸਿੱਖ ਵਿਕਾਰਾਂ-ਅਧੀਨ ਜੀਊਂਦਾ ਹੈ, ਤਾਂ ਦੁਨਿਆਵੀ ਪੁਰਸ਼ਾਂ ਵਾਂਗ ਬੜੀ ਉਦਾਸ, ਨਿਰਾਸ਼ਾ-ਜਨਕ, ਅਸੰਤੁਲਨ ਤੇ ਢਹਿੰਦੀ-ਕਲਾ ਦੀ ਜ਼ਿੰਦਗੀ ਜੀਊ ਰਿਹਾ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਵਿਚ ਨਾ ਮਿੱਠਤ ਤੇ ਨਿੰਮ੍ਰਤਾ ਹੁੰਦੀ ਹੈ, ਅਤੇ ਨਾ ਹੀ 'ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ' ਭਾਵ ਹੁੰਦਾ ਹੈ। ਸਿੱਖ ਦੀ ਜ਼ਿੰਦਗੀ ਮਿੱਠਤ ਤੇ ਨਿੰਮ੍ਰਤਾ ਦੀ ਜ਼ਿੰਦਗੀ ਹੈ, ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੀ ਜ਼ਿੰਦਗੀ ਹੈ ਤੇ ਅਸਲ ਵਿਚ ਜੇਤੂ ਤੇ ਫ਼ਤਹਿ ਵਾਲੀ ਜ਼ਿੰਦਗੀ ਹੀ ਅਜਿਹੀ ਹੋ ਸਕਦੀ ਹੈ। ਇਹੀ ਜ਼ਿੰਦਗੀ ਆਤਮਕ ਤੇ ਸਮਾਜਕ ਤੌਰ ਤੇ ਉੱਚ-ਗਤੀ ਨੂੰ ਪ੍ਰਾਪਤ ਕਰ ਸਕਦੀ ਹੈ। ਜਦੋਂ ਖਾਲਸਾ-ਪੰਥ ਵਿਕਾਰ-ਦੁਖਾਂ ਤੋਂ ਮੁਕਤ ਹੋਣ ਵਾਸਤੇ ਅਰਦਾਸ ਕਰਦਾ ਹੈ, ਸੁਖ, ਸ਼ਾਂਤੀ, ਤੇ ਸਿੱਖੀ-ਸਰੂਪ ਦੀ ਸੰਭਾਲ ਵਾਸਤੇ ਅਰਦਾਸ ਕਰਦਾ ਹੈ, ਉੱਚ-ਆਦਰਸ਼ ਤੇ ਉਸਾਰੂ-ਮੰਡਲ ਦੀ ਪ੍ਰਿਤਪਾਲਣਾ ਵਾਸਤੇ ਅਰਦਾਸ ਕਰਦਾ ਹੈ, ਤਾਂ ਇਸ ਦਾ ਇਕ ਭਾਵ ਇਹ ਹੈ, ਕਿ 'ਖਾਲਸਾ-ਪੰਥ' ਵਿਕਾਰ-ਦੁੱਖਾਂ ਤੋਂ ਸੁਤੰਤਰ ਹੋਣਾ ਚਾਹੁੰਦਾ ਹੈ, ਕਿਉਂਕਿ ਵਿਕਾਰ-ਦੁੱਖ ਉਸ ਦੇ ਜੀਵਨ-ਵਿਕਾਸ ਵਿਚ ਬਾਧਕ-ਸ਼ਕਤੀ ਦਾ ਕੰਮ ਕਰਦੇ ਹਨ। ਦੂਜਾ ਸੁੱਖ, ਸ਼ਾਂਤੀ ਤੇ ਸਿੱਖੀ-ਸਰੂਪ ਵਾਲੀ ਜ਼ਿੰਦਗੀ ਨੂੰ ਧਾਰਨ ਕਰਨਾ ਚਾਹੁੰਦਾ ਹੈ, ਤੀਜਾ ਸਬਰ, ਸੰਤੋਖ ਤੇ ਧੀਰਜ ਵਿਚ ਜੀਊਣਾ ਚਾਹੁੰਦਾ ਹੈ, ਚੌਥਾ ਚੜ੍ਹਦੀ-ਕਲਾ ਤੇ ਸਰਬੱਤ ਦੇ ਭਲੇ ਵਾਲੇ ਮੰਡਲ ਵਿਚ ਰਹਿਣਾ ਚਾਹੁੰਦਾ ਹੈ, ਪੰਜਵਾਂ ਪ੍ਰਭੂ-ਉੱਚਗਤੀ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਅਸਲ ਵਿਚ 'ਖਾਲਸਾ-ਪੰਥ' ਦੀ ਪ੍ਰਚੱਲਤ 'ਅਰਦਾਸ' ਪ੍ਰਭੂ-ਉੱਚਗਤੀ ਨੂੰ ਪ੍ਰਾਪਤ ਕਰਨ ਵਾਲੀਆਂ ਆਦਰਸ਼ਕ-ਸ਼ਖਸੀਅਤਾਂ ਦੇ ਕੌਮੀ-ਆਚਰਣ ਨਮਿੱਤ ਕੀਤੇ ਕਰਤੱਵਾਂ ਦਾ ਹੀ ਸੰਖੇਪ ਇਤਿਹਾਸ ਹੈ।

Digitized by Panjab Digital Library | www.panjabdigilib.org

ਅਰਦਾਸ ਤੇ ਸਾਡਾ ਇਤਿਹਾਸ

'ਅਰਦਾਸ' ਦਾ ਅਰਥ-ਭਾਵ ਭਾਵੇਂ ਮੁਰਾਦ-ਮੰਗਣ ਦੀ ਕਿਰਿਆ ਤੋਂ ਲਿਆ ਜਾਵੇ, ਤੇ ਭਾਵੇਂ ਪ੍ਰਭੂ-ਸਨਮੁੱਖ ਆਪਣੇ ਮਨ ਦੇ ਬੇਨਤੀ--ਭਾਵਾਂ ਨੂੰ ਸੁਹਿਰਦ ਰੂਪ ਵਿਚ ਮੂਰਤੀਮਾਨ ਕਰਨ ਤੋਂ ਲਿਆ ਜਾਵੇ, ਪਰ ਇਹ ਨਿਸਚੇ ਨਾਲ ਆਖਿਆ ਜਾ ਸਕਦਾ ਹੈ, ਕਿ ਸਿੱਖ ਧਰਮ ਵਿਚ ਪ੍ਰਚੱਲਤ ਜਿਹੜਾ ਅਰਦਾਸ ਦਾ ਰੂਪ ਹੈ, ਉਸ ਦਾ ਪ੍ਰਮੁਖ ਸਰੂਪ ਇਤਿਹਾਸਕ ਹੀ ਹੈ। 'ਇਤਿਹਾਸ' ਵਿਚ ਤੱਥ, ਕਾਲ, ਸਥਾਨ ਤੇ ਪਾਤਰਾਂ ਦੀ ਪ੍ਰਮਾਣੀਕਤਾ ਬਾਰੇ ਬਹੁਤਾ ਧਿਆਨ ਰਖਿਆ ਜਾਂਦਾ ਹੈ। ਤੱਥ, ਕਾਲ, ਸਥਾਨ ਤੇ ਪਾਤਰਾਂ ਦੇ ਅਸੱਤ ਹੋਣ ਨਾਲ, ਇਤਿਹਾਸ ਨੂੰ ਸ਼ੁੱਧ ਰੂਪ ਵਿਚ ਇਤਿਹਾਸ ਨਹੀਂ ਮੰਨਿਆਂ ਜਾ ਸਕਦਾ। 'ਅਰਦਾਸ' ਵਿਚ ਭਾਵੇਂ ਕਾਲ, ਸਥਾਨ ਤੇ ਪਾਤਰਾਂ ਦੀ ਪ੍ਰਮਾਣੀਕਤਾ ਬਾਰੇ ਕੋਈ ਜ਼ਿਕਰ ਨਹੀਂ, ਫਿਰ ਵੀ 'ਅਰਦਾਸ' ਦੇ ਸਰੂਪ ਨੂੰ ਇਤਿਹਾਸਕ ਹੀ ਆਖਿਆ ਜਾ ਸਕਦਾ ਹੈ। 'ਅਰਦਾਸ' ਵਿਚ ਤੱਥ-ਪ੍ਰਧਾਨਤਾ ਤਾਂ ਹੈ, ਪਰ 'ਤੱਥ' ਨੂੰ ਕਾਲ, ਸਥਾਨ ਤੇ ਪਾਤਰਾਂ ਤੋਂ ਮੁਕਤ ਹੋ ਕੇ ਰੂਪਮਾਨ ਕੀਤਾ ਗਿਆ ਹੈ। ਹਾਂ 'ਅਰਦਾਸ' ਦੀ ਤੱਥ-ਪ੍ਰਣਾਲੀ ਵਿਚ ਇਤਿਹਾਸਕ-ਤਰਤੀਬ ਜ਼ਰੂਰ ਹੈ। ਨਾਲੇ 'ਅਰਦਾਸ' ਸਿੱਖ ਧਰਮ ਦੇ ਕੌਮੀ-ਆਚਰਣ ਦਾ ਇਤਿਹਾਸ ਵੀ ਮੂਰਤੀਮਾਨ ਕਰਦੀ ਹੈ। ਜਿਉਂ ਜਿਉਂ ਸਿੱਖ ਧਰਮ ਦੇ ਕੌਮੀ-ਆਚਰਣ ਵਿਚ ਵਿਕਾਸ ਹੁੰਦਾ ਗਿਆ ਹੈ, ਜਿਉਂ ਜਿਉਂ ਸਿੱਖ ਧਰਮ ਨਵੀਨ ਦਿਸ਼ਾ ਨੂੰ ਧਾਰਨ ਕਰਦਾ ਰਿਹਾ ਹੈ, ਕੁਝ ਉਸੇ ਤਰ੍ਹਾਂ 'ਅਰਦਾਸ' ਵਿਚ ਕੌਮੀ-ਆਚਰਣ ਦਾ ਵਿਕਾਸ ਤੇ ਨਵੀਨ ਦਿਸ਼ਾ ਦਾ ਪ੍ਰਗਟਾਵਾ ਇਤਿਹਾਸਕ-ਸਰੂਪ ਵਿਚ ਹੀ ਤਰਤੀਬ-ਬੱਧ ਹੋਇਆ ਨਜ਼ਰ ਆਉਂਦਾ ਹੈ। ਇਸੇ ਕਰ ਕੇ 'ਅਰਦਾਸ' ਨੂੰ ਸਿੱਖ ਧਰਮ ਦੇ ਕੌਮੀ-ਆਚਰਣ ਦਾ ਪੰਜ ਮਿੰਟੀ ਤੇ ਪਰਨ ਇਤਿਹਾਸ ਵੀ ਮੰਨ ਲਿਆ ਜਾਂਦਾ ਹੈ।

'ਅਰਦਾਸ' ਦੀ ਕ੍ਰਿਆ ਭਾਵੇਂ ਪੰਜ ਕੁ ਮਿੰਟਾਂ ਵਿਚ ਕਰ ਲਈ ਜਾਂਦੀ ਹੈ। ਪਰ 'ਅਰਦਾਸ' ਪਿੱਛੇ ਸਿੱਖ ਕੌਮ ਦੇ ਕੌਮੀ-ਆਚਰਣ ਦਾ ਲਗ-ਭਗ ੫੦੦ ਸਾਲਾਂ ਦਾ ਇਤਿਹਾਸ ਹੈ। ਸਿੱਖ ਧਰਮ ਦੇ ਜਨਮ-ਮੋਢੀ ਗੁਰੂ ਨਾਨਕ ਦੇਵ ਜੀ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਈ: ਵਿਚ ਹੋਇਆ ਸੀ। ੧੪੬੯ ਈ: ਤੋਂ ਲੈ ਕੇ ਅਜ ਤਕ (੨੦ਵੀਂ ਸਦੀ ਤਕ), ਸਿੱਖ ਕੌਮ ਦੀ ਸਿਰਜਨਾ ਵਿਚ ਜੋ ਵਿਕਾਸ ਤੇ ਪਰੀਵਰਤਨ ਆਇਆ ਹੈ, ਸਿਖ ਧਰਮ ਤੇ ਕੌਮੀ-ਆਚਰਣ ਦੀ ਸਥਾਪਨਾ ਵਾਸਤੇ ਜੋ ਘਾਲਣਾਂ ਘਾਲਣੀਆਂ ਪਈਆਂ ਹਨ, ਜਿਸ ਸੰਜੋਗ ਤੇ ਵਿਜੋਗ ਦੀ ਖੇਡ ਵਿਚ ਉਨ੍ਹਾਂ (ਸਿਖ ਧਰਮ ਦੇ ਮੋਢੀ-ਗੁਰੂਆਂ) ਨੂੰ ਖੇਡਣਾ ਪਿਆ ਹੈ, ਜਿਸ ਤਰ੍ਹਾਂ ਦਾ ਸਾਵਾਂ ਪੱਧਰ, ਪਰ ਸੰਤੁਲਨ ਤੇ ਗੌਰਵਮਈ ਜੀਵਨ ਉਨ੍ਹਾਂ ਨੇ ਬਿਤਾਇਆ ਹੈ, ਉਸ ਸਾਰੇ ਦਾ ਚਿੰਨ੍ਹਾਤਮਕ ਤੇ ਭਾਵ-ਪੂਰਤ ਬਿਆਨ 'ਅਰਦਾਸ' ਵਿਚ ਮੂਰਤੀਮਾਨ ਕਰ ਦਿੱਤਾ ਗਿਆ ਹੈ। ਇਸੇ ਕਰ ਕੇ 'ਅਰਦਾਸ' ਨੂੰ ਸਿੱਖ ਧਰਮ ਦੇ ਸਿਰਜਕ ਗੁਰੂਆਂ ਦੀ ਸੰਖੇਪ ਸ੍ਵੈ-ਜੀਵਨ ਕਥਾ ਤੇ ਉਨ੍ਹਾਂ ਦੇ ਜੀਵਨ-ਸਿਧਾਂਤ ਦਾ ਪ੍ਰਗਟਾਵਾ ਵੀ ਮੰਨਿਆ ਜਾ ਸਕਦਾ ਹੈ, ਸਿੱਖ ਸ਼ਹੀਦਾਂ ਦੇ ਕੌਮੀ ਤੇ ਖ਼ੂਨੀ-ਇਤਿਹਾਸ ਦਾ ਪ੍ਰਤੀਬਿੰਬ ਵੀ ਆਖਿਆ ਜਾ ਸਕਦਾ ਹੈ, ਸਿੱਖ ਕੌਮ ਦੀ ਭਗਤੀ

Digitized by Panjab Digital Library | www.panjabdigilib.org

ਤੇ ਸ਼ਕਤੀ ਦੇ ਖੇਤਰ ਵਿਚ ਕੀਤੀ ਕਮਾਈ ਦਾ ਤੱਤ-ਦਰਸ਼ਨ ਵੀ ਸਵੀਕਾਰ ਕੀਤਾ ਜਾ ਸਕਦਾ ਹੈ, ਸਿੱਖ ਕੌਮ ਦਾ ਲਹੂ-ਭਿੱਜਾ, ਜੀਉਂਦਾ-ਜਾਗਦਾ ਤੇ ਤੁਰਦਾ ਫਿਰਦਾ ਜੀਵਨ ਵੀ ਆਖਿਆ ਜਾ ਸਕਦਾ ਹੈ, ਗੁਰੂ-ਖਾਲਸੇ ਦਾ ਗੌਰਵਮਈ ਇਤਿਹਾਸ ਵੀ ਮੰਨਿਆ ਜਾ ਸਕਦਾ ਹੈ, ਤੇ ਆਪਣੇ ਗੁਰੂ ਤੇ ਗੁਰਸਿੱਖ ਸ਼ਹੀਦਾਂ ਨੂੰ ਨਿਤ ਦਿੱਤੇ ਅਭਿਨੰਦਨ (Guard of honour) ਦਾ ਪ੍ਰਗਟਾਵਾ ਵੀ ਸਵੀਕਾਰ ਕੀਤਾ ਜਾ ਸਕਦਾ ਹੈ। 'ਅਰਦਾਸ' ਦੇ ਇਸ ਬਹੁ-ਮੁਖੀ ਪੱਖਾਂ ਦਾ ਵਿਸ਼ੇਸ਼ ਕਾਰਨ ਇਹੀ ਮਿਥਿਆ ਜਾ ਸਕਦਾ ਹੈ, ਕਿ 'ਅਰਦਾਸ' ਸਿਖ ਜੀਵਨ ਲਈ ਇਕ ਤੁਰਦਾ-ਫਿਰਦਾ, ਜੀਉਂਦਾ-ਜਾਗਦਾ ਤੇ ਗੌਰਵਮਈ ਜੀਵਨ-ਸੁਝ ਹੈ। ਜਿਉਂ ਜਿਉਂ ਸਿਖ ਜੀਵਨ ਵਿਚ ਵਿਕਾਸ ਤੇ ਪਰੀਵਰਤਨ ਹੁੰਦਾ ਹੈ, ਕੁਝ ਉਸੇ ਚਾਲ ਵਿਚ 'ਅਰਦਾਸ' ਵਿਚ ਵੀ ਵਿਕਾਸ ਤੇ ਪਰੀਵਰਤਨ ਹੁੰਦਾ ਜਾਂਦਾ ਹੈ। ਇਸੇ ਲਈ 'ਅਰਦਾਸ' ਦਾ ਜੀਵਨ ਅੰਤ-ਹੀਣ ਹੈ। ਅਸਲ ਵਿਚ 'ਅਰਦਾਸ' ਕਿਸੇ ਨਿਯਮ ਜਾਂ ਬੰਦਸ਼ ਵਿਚ ਬੰਨ੍ਹੀ ਵੀ ਨਹੀਂ ਜਾ ਸਕਦੀ। 'ਅਰਦਾਸ' ਤਾਂ ਮਨ ਦੀ ਵਿਸ਼ਾਲ ਤੇ ਸੁਤੰਤਰ ਆਤਮਾ ਦਾ ਹੀ ਪ੍ਰਗਟਾਵਾ ਹੋਇਆ ਕਰਦੀ ਹੈ। 'ਅਰਦਾਸ' ਵਿਚ ਮਨ-ਇੱਛਤ ਭਾਵਾਂ ਨੂੰ ਬਿਨਾਂ ਕਿਸੇ ਡਰ ਜਾਂ ਭਰਮ-ਮੁਕਤ ਹੋ ਕੇ ਮੂਰਤੀਮਾਨ ਕੀਤਾ ਜਾਂਦਾ ਹੈ। ਜਿਵੇਂ ਜੀਵਨ-ਭਾਵਾਂ ਨੂੰ ਕਿਸੇ ਨੀਯਮ ਜਾਂ ਨਿਸਚਿਤ-ਮੰਡਲ ਵਿਚ ਨਹੀਂ ਬੰਨ੍ਹਿਆ ਜਾ ਸਕਦਾ, ਕੁਝ ਇਸੇ ਤਰ੍ਹਾਂ ਸਿੱਖ ਧਰਮ ਦੀ 'ਅਰਦਾਸ' ਵੀ ਨੀਯਮ ਜਾਂ ਨਿਸਚਿਤ-ਮੰਡਲ ਵਿਚ ਨਹੀਂ ਬੰਨ੍ਹੀ ਜਾ ਸਕਦੀ। ਜਿਉਂ ਜਿਉਂ ਸਿਖ ਧਰਮ ਆਪਣੇ ਪ੍ਰਭੂ ਤੇ ਪੰਥਕ-ਆਦਰਸ਼ਾਂ ਦੀ ਤਾਬਿਆ ਵਿਚ ਵਿਕਾਸ ਕਰਦਾ ਜਾਂਦਾ ਹੈ, ਹੌਲੀ ਹੌਲੀ ਉਹੀ ਵਿਕਾਸ ਪੱਥ 'ਅਰਦਾਸ' ਦਾ ਹਿੱਸਾ ਬਣਦੇ ਜਾਂਦੇ ਹਨ। ਹਾਂ 'ਅਰਦਾਸ' ਵਿਚ ਸਿਖ ਦੇ ਕੌਮੀ-ਆਚਰਣ ਦੀ ਇਤਿਹਾਸਕ-ਸਾਮਿਗਰੀ ਦਾ ਦਰਸ਼ਨ-ਦੀਦਾਰ ਤਾਂ ਬਹੁ-ਰੂਪ ਵਿਚ ਹੈ, ਪਰ ਇਸ ਦੀ ਕਿਰਿਆ ਦਾ ਸਮਾਂ ਵਧ ਤੋਂ ਵਧ ਪੰਜ ਮਿੰਟ ਹੀ ਨਿਸਚਿਤ ਕੀਤਾ ਜਾ ਸਕਦਾ ਹੈ। ਇਸੇ ਲਈ ਖਾਲਸਾ-ਪੰਥ ਆਪਣੀ ਨਿਤ ਦੀ 'ਅਰਦਾਸ' ਵਿਚ ਆਪਣੇ ਕੌਮੀ-ਆਚਰਣ ਦੇ ਪੂਰਨ ਇਤਿਹਾਸ ਨੂੰ ਨਿਤ ਯਾਦ ਕਰ ਲੈਂਦਾ ਹੈ। ਇਸੇ ਕਰ ਕੇ ਤਾਂ 'ਅਰਦਾਸ' ਦੀ ਕਿਰਿਆ ਨੂੰ ਸਿਖ ਧਰਮ ਦੀਆਂ ਸਰਬ-ਕਿਰਿਆਵਾ ਵਿਚੋਂ ਸਰ-ਪ੍ਰੱਥਮ ਸਥਾਨ ਦਿੱਤਾ ਜਾਂਦਾ ਹੈ।

'ਅਰਦਾਸ' ਵਿਸ਼ਵ ਦੇ ਹਰ ਧਰਮ-ਮਜ਼ਹਬ ਦਾ ਇਕ ਜ਼ਰੂਰੀ ਅੰਗ ਹੈ। ਵਿਸ਼ੇਸ਼ ਤੌਰ ਤੇ ਵਿਸ਼ਵ ਵਿਚ ਜਿੰਨੇ ਵੀ ਆਸਤਿਕ ਮੱਤ ਹਨ, ਜਿਹੜੇ ਪ੍ਰਭੂ ਦੀ ਅਕਾਲ ਮੂਰਤਿ ਵਿਚ ਵਿਸ਼ਵਾਸ ਰਖਦੇ ਹਨ, ਜਿਹੜੇ ਪ੍ਰਭੂ-ਨਾਮ ਤੇ ਪ੍ਰਭੂ-ਹੁਕਮ ਸਹਾਰੇ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਵਾਸਤੇ 'ਅਰਦਾਸ' ਇਕ ਸਰਬ-ਉੱਤਮ ਕਾਰਜ ਹੈ। ਉਨ੍ਹਾਂ ਦਾ ਵਿਸ਼ਵਾਸ ਹੈ, ਕਿ 'ਅਰਦਾਸ' ਦੁਆਰਾ ਹੀ ਮਨ-ਇੱਛਤ ਭਾਵਨਾਵਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਤੇ ਮਾਨਸਿਕ-ਦੁਖ ਭਾਵ-ਨਾਵਾਂ ਵਿਚ ਧੀਰਜ ਵੀ ਲਿਆਂਦਾ ਜਾ ਸਕਦਾ ਹੈ। 'ਅਰਦਾਸ' ਤਾਂ ਉਨ੍ਹਾਂ ਵਾਸਤੇ ਅਜਿਹੇ ਉਡਾਰੂ-ਖੰਭ ਹਨ, ਜਿਨ੍ਹਾਂ ਨਾਲ ਉਡ ਕੇ, ਉਹ ਪ੍ਰਭੂ-ਮੰਡਲ ਦੀ ਸੈਰ ਕਰ ਸਕਦੇ ਹਨ। ਹਾਂ 'ਅਰਦਾਸ' ਦੇ ਕਿਰਿਆ-ਆਦਰਸ਼ ਵਿਚ ਵੀ ਸਰਬ-ਧਰਮਾਂ ਦੀ ਸਾਂਝ ਹੈ। ਪਰ 'ਅਰਦਾਸ' ਦੇ ਕਿਰਿਆ-ਢੰਗ ਤੇ ਰੂਪ-ਨਿਰਮਾਨਣ ਵਿਚ ਬੜੀ ਭਿੰਨਤਾ ਵੀ ਹੈ। ਖਾਸ ਕਰ ਕੇ ਹਰ ਧਰਮ ਮਜ਼ਹਬ ਦੀ ਅਰਦਾਸ ਨੂੰ ਮਨ-ਇੱਛਤ ਭਾਵਾਂ ਨੂੰ ਵਿਸਥਾਰ ਤੇ ਵਿਸ਼ਲੇਸ਼ਣ-ਸਹਿਤ ਪ੍ਰਗਟਾਉਣ ਦਾ ਸਾਧਨ ਤਾਂ ਆਖਿਆ ਜਾ ਸਕਦਾ ਹੈ, ਪਰ ਸਿਖ ਧਰਮ ਦੀ ਅਰਦਾਸ ਵਾਂਗ 'ਅਰਦਾਸ'

Digitized by Panjab Digital Library | www.panjabdigilib.org

ਪਿਛੇ ਕਿਸੇ ਕੌਮੀ-ਆਚਰਣ ਦੇ ਇਤਿਹਾਸ ਨੂੰ ਨਹੀਂ ਵੇਖਿਆ ਜਾ ਸਕਦਾ ਅਤੇ ਨਾ ਹੀ ਕਿਸੇ ਧਰਮ-ਮੱਤ ਦੀ 'ਅਰਦਾਸ-ਸਿਰਜਨਾ' ਵਾਸਤੇ ਪਹਿਲਾਂ ਜੀਵਨ ਨੂੰ ਅਮਲੀ ਤੇ ਆਦਰਸ਼ਕ ਪੱਧਰ ਉਸੇ ਜੀਵਿਆ ਗਿਆ ਹੈ। ਸਿਖ ਧਰਮ ਦੀ 'ਅਰਦਾਸ' ਵਿਚ ਜਿੰਨੇ ਵੀ ਤੱਥਾਂ ਦਾ ਬਿਆਨ ਕੀਤਾ ਗਿਆ ਹੈ, ਉਹ ਸਾਰੇ ਤੱਥ ਯਥਾਰਥਕ ਤੇ ਇਤਿਹਾਸਕ ਹਨ। ਗੌਰਵਮਈ-ਜੀਵਨ ਦਾ ਸਾਰਥਿਕ ਪ੍ਰਗਟਾਵਾ ਵੀ ਹਨ। 'ਅਰਦਾਸ' ਦਾ ਹਰ ਸ਼ਬਦ ਸਿਖ-ਕੌਮ ਦੀ ਕਿਸੇ ਕੌਮੀ-ਘਟਨਾ ਦਾ ਪ੍ਰਤੀਕ ਹੈ। ਵਿਸ਼ੇਸ਼ ਤੌਰ ਤੇ ੫੦੦ ਸਾਲਾਂ ਦਾ ਕੌਮੀ-ਇਤਿਹਾਸ ਦੁਨੀਆਂ ਦੀ ਕਿਸੇ 'ਅਰਦਾਸ' ਪਿਛੇ ਕੌਮ ਕਰਦਾ ਦਿਖਾਈ ਨਹੀਂ ਦਿੰਦਾ, ਅਤੇ ਨਾ ਹੀ ਵਿਸ਼ਵ-ਧਰਮਾਂ ਦੀ ਕਿਸੇ 'ਅਰਦਾਸ' ਪਿਛੇ ਇੰਨਾ ਭਰਪੂਰ ਗੌਰਵਸ਼ੀਲ. ਸਤਿਵਾਦੀ ਤੇ ਜੀਉਂਦਾ-ਜਾਗਦਾ ਜੀਵਨ ਹੈ। ਨਾਲੇ ਇੰਨੇ ਛੋਟੇ ਆਕਾਰ ਵਿਚ ਇਤਨਾ ਵੱਡਾ ਇਤਿਹਾਸ ਭਰ ਕੇ, ਸਦਾ ਵਾਸਤੇ 'ਅਰਦਾਸ' ਨੂੰ ਸਿਖ ਕੌਮ ਦੇ ਧਰਮ, ਦਰਸ਼ਨ, ਇਤਿਹਾਸ ਤੇ ਸਾਹਿਤ ਦੀ, ਤੱਤਵ ਰੂਪ ਵਿਚ ਪਰਦਰਸ਼ਨੀ ਬਣਾ ਦੇਣਾ, ਇਹ ਖਾਲਸਾ ਕੌਮ ਦੀ 'ਅਰਦਾਸ' ਦੀ ਸਰਬ-ਵਿਸ਼ਵ-ਅਰਦਾਸਾਂ ਵਿਚ ਇਕ ਵਿਸ਼ੇਸ਼ ਵਿਲੱਖਣਤਾ ਤੇ ਮਹਾਨਤਾ ਹੈ। ਖਾਲਸਾ-ਪੰਥ ਦੀ 'ਅਰਦਾਸ' ਵਿਚ ਨਿਰੇ ਮਨ ਦੇ ਬੇਨਤੀ ਭਾਵਾਂ ਜਾਂ ਕਿਸੇ ਤਰ੍ਹਾਂ ਦੀ ਮੁਰਾਦ-ਮੰਗਣ ਦੀ ਕ੍ਰਿਆ ਦਾ ਨਿਰੂਪਣ ਹੀ ਨਹੀਂ, ਬਲਕਿ ਇਹ 'ਅਰਦਾਸ' ਤਾਂ ਖਾਲਸਾ-ਪੰਥ ਦਾ ਜੀਉਂਦਾ-ਜਾਗਦਾ ਤੇ ਗੌਰਵਸ਼ੀਲ ਦਰਸ਼ਨ-ਚਿਤਰ ਵੀ ਹੈ, ੫੦੦ ਸਾਲਾਂ ਵਿਚ ਕੀਤੇ ਧਰਮ-ਕਰਤੱਵਾਂ ਦਾ ਸੰਖੇਪ ਇਤਿਹਾਸ ਵੀ ਹੈ, ਸਿੱਖ-ਚਿੰਤਨ ਦਾ ਤੱਤਵ ਰੂਪ ਵਿਚ ਸਾਰ ਵੀ ਹੈ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਤਾਂ ਇਹ ਬੜਾ ਕੀਮਤੀ ਚਮਤਕਾਰੀ ਤੇ ਪ੍ਰਭਾਵਸ਼ਾਲੀ ਭਾਗ ਵੀ ਹੈ।

'ਅਰਦਾਸ' ਨੂੰ ਮੁਖ ਰੂਪ ਵਿਚ 'ਇਤਿਹਾਸ ਕਹਿਣਾ ਵੀ ਉਚਿਤ ਨਹੀਂ। ਅਰਦਾਸ ਨੂੰ ਤਾਂ ਕਿਸੇ ਸਾਹਿਤਕ-ਮਨ ਦੀ ਕਾਢ ਦਾ ਇਤਿਹਾਸਕ ਕਰਿਸ਼ਮਾ ਹੀ ਕਹਿਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਰਚਨਾ, ਜਿਸ ਦਾ ਵਿਸ਼ਾ ਭਾਵਕ ਤੇ ਬੌਧਿਕ ਹੋਵੇ, ਆਧਾਰ-ਥੱਲਾ ਸ਼ੁਧ ਰੂਪ ਵਿਚ ਇਤਿਹਾਸਕ ਹੋਵੇ, ਸ਼ੈਲੀ-ਸਰੂਪ ਕਾਵਿਮਈ ਵਾਰਤਕ ਵਾਲਾ ਹੋਵੇ, ਜਿਸ ਵਿਚ ਲੈਅ ਤੇ ਤੋਲ ਵੀ ਹੋਵੇ, ਜਿਸ ਵਿਚ ਸੰਜੋਗਾਤਮਕ-ਸ਼ੈਲੀ ਵੀ ਹੋਵੇ ਤੇ ਫਿਰ ਮਿਕਨਾ-ਤੀਸੀ ਖਿਚ ਵੀ ਹੋਵੇ, ਜਿਸ ਵਿਚ ਇਤਿਹਾਸਕ-ਗੌਰਵ ਜਗਾਉਣ ਦੀ ਸਮਰੱਥਾ ਵੀ ਹੋਵੇ, ਜਿਸ ਵਿਚ ਵਿਆਪਕ ਤੱਤਵ 'ਸੱਚ ਤੇ ਆਚਾਰ' ਦਾ ਹੋਵੇ, ਜਿਸ ਦੀ ਸਿਰਜਨਾ ਜੀਵਨ ਦੇ ਲਹੂ-ਭਿੱਜੇ ਖੂਨ ਨਾਲ ਹੋਈ ਹੋਵੇ, ਇਸ ਤਰ੍ਹਾਂ ਦੀ 'ਸਾਰਥਿਕ-ਰਚਨਾ' ਨਾ ਤਾਂ ਪੰਜਾਬੀ ਸਾਹਿਤ ਵਿਚ ਕੋਈ ਹੋਰ ਹੈ, ਨਾ ਹੀ ਕਿਸੇ ਹੋਰ ਬੋਲੀ ਦੇ ਸਾਹਿਤ ਵਿਚੋਂ ਲੱਭੀ ਜਾ ਸਕਦੀ ਹੈ ਅਤੇ ਨਾ ਹੀ ਧਰਮ, ਦਰਸ਼ਨ, ਇਤਿਹਾਸ ਤੇ ਸਾਹਿਤ-ਸਰਬ ਅੰਸ਼ਾਂ ਨਾਲ ਭਰਪੂਰ 'ਅਰਦਾਸ' ਵਿਸ਼ਵ ਦੇ ਹੋਰ ਧਰਮਾਂ ਵਿਚੋਂ ਵੇਖੀ ਜਾ ਸਕਦੀ ਹੈ। ਵਿਸ਼ੇਸ਼ ਤੌਰ ਤੇ ਵਿਸ਼ਵ-ਅਰਦਾਸਾਂ ਨੂੰ ਸ਼ਾਇਦ ਹੀ ਕਦੀ ਸਾਹਿਤ ਦਾ ਅੰਗ ਸਵੀਕਾਰ ਕੀਤਾ ਗਿਆ ਹੋਵੇ। ਖਾਲਸਾ-ਕੌਮ ਦੀ 'ਅਰਦਾਸ' ਤਾਂ ਪੰਜਾਬੀ ਤੇ ਸਿਖ ਕੌਮ ਦਾ ਇਕ ਤਰ੍ਹਾਂ ਦਾ ਸਾਹਿਤਕ ਇਤਿਹਾਸ ਵੀ ਹੈ।

'ਸਾਹਿਤ' ਹਮੇਸ਼ਾਂ ਸੁਤੰਤਰ-ਆਤਮਾਵਾਂ ਦਾ ਹੀ ਪ੍ਰਗਟਾਵਾ ਹੋਇਆ ਕਰਦਾ ਹੈ। ਗੁਲਾਮ ਮਨ ਤੋਂ ਉਪਜੀ ਸਾਹਿਤ-ਰਚਨਾ ਉਸਾਰੂ, ਆਦਰਸ਼ਕ, ਪ੍ਰਭਾਵਸ਼ਾਲੀ, ਤੇ ਸਰਬ-ਉੱਤਮ

Digitized by Panjab Digital Library | www.panjabdigilib.org

ਭਾਵਨਾਵਾਂ ਜਗਾਉ ਰਚਨਾ ਨਹੀਂ ਹੋਇਆ ਕਰਦੀ। ਨਾਲੇ ਸਾਹਿਤ ਤਾਂ ਮਨੁਖ ਦੇ ਅੰਤਰ-ਆਤਮੇ ਵਿਚ ਵਸਦੇ 'ਸਤਿ' ਦੀ ਹੀ ਪਰਦਰਸ਼ਨੀ ਕਰਾਉਂਦਾ ਹੈ। 'ਸਰਬ-ਉਤਮ' ਸਾਹਿਤ ਪ੍ਰਮੁਖ ਰੂਪ ਵਿਚ ਆਤਮਕ ਹੀ ਹੁੰਦਾ ਹੈ, ਤੇ ਆਤਮਕ-ਸਾਹਿਤ ਹਮੇਸ਼ਾਂ ਅੰਤਰ-ਆਤਮਾ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ 'ਅਰਦਾਸ' ਆਤਮਕ-ਸਾਹਿਤ ਦਾ ਵੀ ਇਕ ਬੜਾ ਕੀਮਤੀ ਭਾਗ ਬਣ ਜਾਂਦਾ ਹੈ। 'ਅਰਦਾਸ' ਵਿਚ ਅੰਤਰ-ਆਤਮਕ-ਕੀਮਤਾਂ ਦੀ ਹੀ ਪ੍ਰਧਾਨਤਾ ਹੈ। ਭਾਵੇਂ 'ਅਰਦਾਸ' ਦਾ ਪ੍ਰਮੁਖ ਸਰੂਪ ਇਤਿਹਾਸਕ ਹੀ ਹੈ, ਜਾਂ ਸਿਖ-ਧਰਮ ਦੇ ਕੌਮੀ-ਆਚਰਣ ਦੇ ਤੱਥਾਂ ਨੂੰ ਮੂਰਤੀਮਾਨ ਕਰਨਾ ਹੀ ਹੈ, ਪਰ 'ਅਰਦਾਸ' ਦੇ ਇਤਿਹਾਸਕ-ਤੱਥਾਂ ਪਿਛੇ ਜਿਹੜੀ ਪ੍ਰਧਾਨ-ਆਤਮਾ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਵੀ ਆਤਮਕ ਹੀ ਹੈ। ਆਤਮਕ ਆਦਰਸ਼ ਦੀ ਸਿਰਜਨਾ-ਨਮਿੱਤ ਹੀ ਅਰਦਾਸ ਦੇ ਗੁਰੂ, ਸ਼ਹੀਦ ਤੇ ਗੁਰ ਸਿਖ ਪਾਤਰਾਂ ਨੇ ਆਪਣੇ ਸਰੀਰ-ਸੀਸ ਤੇ ਮੋਹ-ਪਿਆਰ ਨੂੰ ਤਾਂ ਤ੍ਰਿਸਕਾਰ ਦਿੱਤਾ, ਪਰ 'ਸਿਰਰ' ਨੂੰ ਨਾ ਤਿਆਗਿਆ। 'ਅਰਦਾਸ' ਦਾ ਸਮੁੱਚਾ ਮੰਡਲ ਵੀ ਆਤਮਕ ਹੀ ਹੈ ਅਤੇ ਆਤਮਕ-ਮੰਡਲ ਦੀ ਪੂਰਨਤਾ ਹਿੱਤ ਹੀ ਅਰਦਾਸ ਦੀ ਕਿਰਿਆ ਨੂੰ ਨਿਬਾਹਿਆ· ਜਾਂਦਾ ਹੈ। ਤੱਤ ਰੂਪ ਵਿਚ 'ਅਰਦਾਸ' ਨੂੰ ਪੰਜਾਬ ਦੇ ਵਿਸ਼ੇਸ਼ ਤੌਰ ਤੇ ਸਿਖ ਧਰਮ ਦੇ ਆਤਮਕ-ਸਾਹਿਤ ਦਾ ਇਕ ਚਮਤ-ਕਾਰੀ ਤੇ ਇਤਿਹਾਸਕ ਭਾਗ ਵੀ ਆਖਿਆ ਜਾ ਸਕਦਾ ਹੈ।

'ਅਰਦਾਸ' ਨਾ ਤਾਂ ਨਿਰਾ ਇਤਿਹਾਸ ਹੈ, ਨਾ ਹੀ ਧਰਮ ਤੇ ਦਰਸ਼ਨ ਦਾ ਸ਼ੁਧ ਪ੍ਰਗਟਾਵਾ, ਅਤੇ ਨਾ ਹੀ ਸ਼ੁਧ ਰੂਪ ਵਿਚ ਇਹ ਸਾਹਿਤ ਹੈ। ਹਾਂ ਇਸ ਨੂੰ ਸਿਖ ਕੌਮ ਦੇ ਧਰਮ, ਦਰਸ਼ਨ, ਇਤਿਹਾਸ ਤੇ ਸਾਹਿਤ ਦਾ ਸੁਮਿੱਲਵਾਂ, ਪਰ ਤੱਥ-ਪ੍ਰਧਾਨ ਤੇ ਸੰਖੇਪ ਸਾਹਿਤਕ-ਇਤਿ-ਹਾਸ ਜ਼ਰੂਰ ਆਖਿਆ ਜਾ ਸਕਦਾ ਹੈ। ਇਸੇ ਲਈ 'ਅਰਦਾਸ' ਦੀ ਪ੍ਰਮੁਖ ਸੁਰ ਸਿਖ ਧਰਮ ਦੇ ਕੌਮੀ-ਆਚਰਣ ਦੇ ਆਤਮਕ-ਤੱਤਵ ਨੂੰ ਮੂਰਤੀਮਾਨ ਕਰਨਾ ਹੀ ਹੈ, (ਅਰਦਾਸ ਨੂੰ) ਇਤਿਹਾਸ ਵਾਂਗ ਕਿਸੇ ਕਾਲ ਤੇ ਸਥਾਨ ਵਿਚ ਨੀਯਮ-ਬੱਧ ਕਰਨਾ ਨਹੀਂ। 'ਖਾਲਸਾ ਪੰਥ' ਦੀ 'ਅਰਦਾਸ' ਦਾ ਰੂਪ ਸ਼ਾਇਦ ਇਸ ਕਰ ਕੇ ਹਾਲਾਂ ਤਕ ਨਿਸਚਿਤ ਨਹੀਂ ਕੀਤਾ ਗਿਆ, ਅਤੇ ਨਾ ਹੀ ਕਦੀ ਕੀਤਾ ਜਾ ਸਕਦਾ ਹੈ।

'ਅਰਦਾਸ' ਦਾ ਆਧਾਰ-ਥੱਲਾ ਸਿਖ ਧਰਮ ਦੇ ਕੌਮੀ-ਆਚਰਣ ਦਾ ਇਤਿਹਾਸ ਤਾਂ ਹੈ, ਪਰ ਇਸ ਨੂੰ ਸ਼ੁਧ ਰੂਪ ਵਿਚ ਇਤਿਹਾਸ ਵੀ ਨਹੀਂ ਆਖਿਆ ਜਾ ਸਕਦਾ। ਹਾਂ 'ਅਰਦਾਸ' ਨੂੰ ਸਿਖ ਧਰਮ ਦੇ ਕੌਮੀ-ਆਚਰਣ ਦਾ ਆਤਮਕ ਤੇ ਸਾਹਿਤਕ-ਇਤਿਹਾਸ ਜ਼ਰੂਰ ਆਖਿਆ ਜਾ ਸਕਦਾ ਹੈ।

Digitized by Panjab Digital Library | www.panjabdigilib.org

ਅਰਦਾਸ ਤੇ ਸਾਡਾ ਆਦਰਸ਼

'ਖਾਲਸਾ-ਪੰਥ' ਵਿਚ ਪ੍ਰਚੱਲਤ 'ਅਰਦਾਸ ਦਾ ਸਰੂਪ' ਸਿੱਖ ਧਰਮ ਦਾ ਇਕ ਤਰ੍ਹਾਂ ਦਾ ਆਦਰਸ਼ ਹੀ ਹੈ। ਸਿੱਖ ਧਰਮ ਇਕ ਆਦਰਸ਼ਵਾਦੀ ਧਰਮ ਹੈ। ਸਰਬ ਆਸਤਿਕ-ਧਰਮ ਹੁੰਦੇ ਤਾਂ ਆਦਰਸ਼ਵਾਦੀ ਹੀ ਹਨ, ਪਰ ਸਿੱਖ ਧਰਮ ਵਿਸ਼ੇਸ਼ ਰੂਪ ਵਿਚ 'ਆਦਰਸ਼ ਦੀ ਸ਼ਕਤੀ' ਉੱਤੇ ਆਧਾਰਤ ਹੈ। 'ਆਦਰਸ਼ ਦੀ ਸ਼ਕਤੀ' ਹੀ ਅਸਲ ਵਿਚ ਉੱਚ-ਮਿਆਰ ਹੈ, 'ਕਿਸੇ ਕੌਮੀ-ਆਚਰਣ ਦਾ, ਕਿਸੇ ਕੌਮੀ-ਇਤਿਹਾਸ ਦਾ, ਕਿਸੇ ਕੌਮੀ-ਆਦਰਸ਼ ਦਾ। 'ਖਾਲਸਾ-ਪੰਥ' ਦੀ 'ਅਰਦਾਸ' ਸਿੱਖ ਧਰਮ ਦਾ ਆਦਰਸ਼ ਵੀ ਹੈ, ਕੌਮੀ-ਆਚਰਣ ਦਾ ਉੱਚ-ਮਿਆਰ ਵੀ ਹੈ, ਕੌਮ ਦਾ ਚਮਤਕਾਰੀ-ਇਤਿਹਾਸ ਵੀ ਹੈ ਤੇ ਸਿੱਖ-ਸ਼ਕਤੀ ਦਾ ਪੂਰਨ ਤੇ ਸਾਕਾਰ ਹੋਇਆ ਪ੍ਰਤੀਬਿੰਬ ਵੀ ਹੈ। ਸਿੱਖ ਧਰਮ ਵਿਚ ਪ੍ਰਧਾਨਤਾ ਆਦਰਸ਼ ਦੀ ਹੀ ਹੈ ਤੇ ਅਧੀਨਤਾ ਸ਼ਕਤੀ ਦੀ ਹੈ। ਸਿੱਖ ਧਰਮ ਕਦੇ ਵੀ ਸ਼ਕਤੀ ਦੀ ਪ੍ਰਾਪਤੀ ਵਾਸਤੇ 'ਆਦਰਸ਼ ਦਾ ਸੰਕਲਪ' ਨਹੀਂ ਘੜਦਾ ਅਤੇ ਨਾ ਹੀ 'ਸਿੱਖ ਧਰਮ' ਸ਼ੁੱਧ ਰੂਪ ਵਿਚ ਸ਼ਕਤੀਆਂ ਜਾਂ ਸ਼ਕਤੀ ਦਾ ਪੁਜਾਰੀ ਹੈ। ਉਹ ਮੂਲ ਰੂਪ ਵਿਚ ਆਦਰਸ਼ ਦਾ ਪੁਜਾਰੀ ਹੈ। ਉਸ ਦਾ ਵਿਸ਼ਵਾਸ ਹੈ ਕਿ 'ਆਦਰਸ਼ ਦੀ ਦ੍ਰਿੜ੍ਹਤਾ' ਵਿਚ ਹਮੇਸ਼ਾਂ ਸ਼ਕਤੀ ਹੁੰਦੀ ਹੈ। 'ਆਦਰਸ਼ ਦਾ ਪੁਜਾਰੀ' ਰਹਿ ਕੇ ਹੀ ਸ਼ਕਤੀ-ਨਿਪੁੰਨ ਰਿਹਾ ਜਾ ਸਕਦਾ ਹੈ। ਜੇ ਸ਼ਕਤੀ ਦੀ ਪ੍ਰਾਪਤੀ ਵਾਸਤੇ ਆਦਰਸ਼ ਨੂੰ ਬਦਲ ਲਿਆ ਜਾਵੇ, (ਜਿਵੇਂ ਸਿੱਖ ਧਰਮ-ਨੇਤਾ ਅਜੋਕੀ ਸਥਿਤੀ ਵਿਚ ਕਰ ਰਹੇ ਹਨ) ਤਾਂ ਅਜਿਹੀ ਪਰਿਵਰਤਨ-ਸ਼ੀਲ ਅਵੱਸਥਾ ਵਿਚ ਨਾ ਧਰਮ ਰਹਿੰਦਾ ਹੈ, ਨਾ ਆਦਰਸ਼ ਅਤੇ ਨਾ ਹੀ ਸ਼ਕਤੀ ਪ੍ਰਾਪਤ ਹੁੰਦੀ ਹੈ। 'ਧਰਮੀ' ਰਹਿਣਾ ਹੀ ਇਕ ਉੱਚ-ਆਦਰਸ਼ ਨੂੰ ਨਿਬਾਹੀ ਜਾਣ ਦਾ ਪ੍ਰਣ ਕਰਨਾ ਹੈ। 'ਧਰਮ' ਆਪਣੇ ਆਪ ਵਿਚ ਇਕ ਉੱਚ-ਆਦਰਸ਼ ਹੈ, ਸਰਬ ਸ੍ਰੇਸ਼ਟ-ਆਦਰਸ਼ ਹੈ, ਜਿਸ ਨੂੰ 'ਸੱਚ ਤੇ ਆਚਾਰੁ' ਦਾ ਆਦਰਸ਼ ਵੀ ਆਖਿਆ ਜਾ ਸਕਦਾ ਹੈ। 'ਸੱਚ ਤੇ ਆਚਾਰੁ' ਦਾ ਆਦਰਸ਼ ਹੀ ਸਰਬ-ਉੱਤਮ ਆਦਰਸ਼ ਹੈ। ਇਸੇ ਆਦਰਸ਼ ਦਾ ਉਪਾਸ਼ਕ ਰਹਿਣ ਨਾਲ ਹੀ ਮਨੁਖ ਸ਼ਕਤੀਸ਼ਾਲੀ ਬਣ ਸਕਦਾ ਹੈ। ਕਿਉਂਕਿ ਸੱਚ ਤੇ ਆਚਾਰੁ' ਵਿਚ ਦੈਵੀ-ਸ਼ਕਤੀਆਂ ਦੀ ਭਰਪੂਰਤਾ ਹੈ। 'ਸੱਚ ਤੇ ਆਚਾਰੁ' ਦੀ ਅਵੱਸਥਾ ਵਿਚ ਹੀ ਮਨੁਖ ਨਿਰਭਉ ਤੇ ਨਿਰਵੈਰ ਹੁੰਦਾ ਹੈ। ਇਸੇ ਲਈ ਇਸ ਅਵੱਸਥਾ ਵਿਚ ਦੁਨਿਆਵੀ ਮੋਹ-ਪਿਆਰ ਉਸ ਨੂੰ ਭਰਮਾ ਨਹੀਂ ਸਕਦੇ, ਦੁਨਿਆਵੀ ਲੋਭ-ਲਾਲਚ ਤੇ ਸ਼ੋਭਾ-ਸ਼ਕਤੀਆਂ ਉਸ ਨੂੰ ਗਿਰਾ ਨਹੀਂ ਸਕਦੀਆਂ, ਦੁਨਿਆਵੀ ਲਾਉ-ਲਸ਼ਕਰ ਉਸ ਨੂੰ ਡਰਾ ਨਹੀਂ ਸਕਦੇ। ਨਾਲੇ ਉਹ ਦੁਨਿਆਵੀ-ਸ਼ਕਤੀਆਂ ਨੂੰ ਸਥਿਰ ਸਮਝਦਾ ਹੀ ਨਹੀਂ। ਸਿੱਖ ਧਰਮ ਤਾਂ ਸਥਿੱਰਤਾ ਦਾ ਧਰਮ ਹੈ। ਇਸੇ ਲਈ ਇਹ 'ਧਰਮ' ਦੁਨਿਆਵੀ ਜਾਂ ਅਸਥਿਰ-ਕੀਮਤਾਂ ਵਿਚ ਵਿਸ਼ਵਾਸ ਰਖਦਾ ਹੀ ਨਹੀਂ। ਉਸ ਦਾ ਵਿਸ਼ਵਾਸ ਹੈ, ਕਿ ਸੱਚ ਤੇ ਆਚਾਰੁ ਹੀ ਸਰਵੋਤਮ-ਸ਼ਕਤੀ ਹੈ। ਇਹੀ ਸ਼ਕਤੀ ਸੰਸਾਰ ਵਿਚ ਵੀ ਪ੍ਰਧਾਨ ਹੈ ਤੇ ਇਸੇ ਦੀ ਅਧਿਆਤਮਿਕ-ਖੇਤਰ ਵਿਚ ਵੀ ਪ੍ਰਧਾਨਤਾ ਹੈ। ਇਸੇ ਕਰ ਕੇ ਸਿੱਖ ਧਰਮ ਮੂਲ ਰੂਪ ਵਿਚ ਆਸਤਿਕ ਤੇ ਆਦਰਸ਼ਵਾਦੀ ਧਰਮ ਹੈ। ਤੇ ਆਪਣੀ ਆਸ-

Digitized by Panjab Digital Library | www.panjabdigilib.org

ਤਿਕਤਾ ਤੇ ਆਦਰਸ਼-ਦ੍ਰਿੜ੍ਹਤਾ ਵਿਚੋਂ ਹੀ ਸ਼ਕਤੀ ਦੀ ਪ੍ਰਾਪਤੀ ਕਰਦਾ ਹੈ। 'ਖਾਲਸਾ-ਪੰਥ' ਦੀ 'ਅਰਦਾਸ' ਆਸਤਿਕ-ਧਰਮ ਦਾ ਜ਼ਿੰਦਾ ਪ੍ਰਮਾਣ ਹੈ ਤੇ ਆਦਰਸ਼ ਦੀ ਦ੍ਰਿੜ੍ਹਤਾ ਵਿਚੋਂ ਪੈਦਾ ਹੋਈਆਂ ਸ਼ਕਤੀਸ਼ਾਲੀ-ਸ਼ਖਸੀਅਤਾਂ ਤੇ ਉਹਨਾਂ ਦੇ ਸ਼ਕਤੀਸ਼ਾਲੀ-ਕਰਤੱਵਾਂ ਦਾ ਸਦੀਵੀ ਤੇ ਪ੍ਰਮਾਣੀਕ ਇਤਿਹਾਸ ਵੀ ਹੈ।

'ਆਸਤਿਕ-ਧਰਮ' ਹਮੇਸ਼ਾਂ ਵਿਸ਼ਵਾਸ ਉੱਤੇ ਆਧਾਰਤ ਹੁੰਦੇ ਹਨ। ਵਿਸ਼ਵਾਸ ਦਾ ਭਾਵ-ਅਰਥ ਹੈ, 'ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ-ਹੋਂਦ ਨੂੰ ਬਿਨਾ ਤਰਕ-ਵਿਤਰਕ ਦੇ ਮੰਨ ਲੈਣਾ।' 'ਵਿਸ਼ਵਾਸ-ਮੰਡਲ' ਵਿਚ ਨਾ ਤਰਕ-ਵਿਤਰਕ ਹੁੰਦਾ ਹੈ, ਅਤੇ ਨਾ ਹੀ 'ਸ਼ੱਕ ਤੇ ਸ਼ਿੱਕਵਾ' ਹੁੰਦਾ ਹੈ। ਇਸੇ ਲਈ ਸਿੱਖ ਧਰਮ ਵਿਚ ਪ੍ਰਭੂ-ਵਿਸ਼ਵਾਸ ਦੀ ਜ਼ਿੰਦਗੀ ਪ੍ਰਧਾਨ ਹੈ। ਸਿੱਖ ਧਰਮ-ਅਨੁਸਾਰੀ ਪ੍ਰਭੂ-ਵਿਸ਼ਵਾਸ ਦੇ ਮੰਡਲ ਪ੍ਰਤੀ ਨਾ ਤਰਕ-ਵਿਤਰਕ ਕਰਦਾ ਹੈ, ਨਾ ਸ਼ੱਕ ਕਰਦਾ ਹੈ ਅਤੇ ਨਾ ਹੀ ਕਦੀ ਸ਼ਿੱਕਵਾ ਕਰਦਾ ਹੈ। ਤਰਕ-ਵਿਤਰਕ ਤੇ ਸ਼ੱਕ-ਸ਼ਿੱਕਵਾ ਦੀ ਜ਼ਿੰਦਗੀ ਕੁਝ ਹੱਦ ਤਕ ਨਾਸਤਿਕ ਹੁੰਦੀ ਹੈ। 'ਪ੍ਰਭੂ-ਵਿਧਾਨ' ਨੂੰ ਮੰਨਣ ਤੋਂ ਇਨਕਾਰੀ ਹੁੰਦੀ ਹੈ, ਅਵਿਸ਼ਵਾਸੀ, ਅਸੰਤੁਲਣ ਤੇ ਅਸੰਤੁਸ਼ਟ ਹੀ ਹੁੰਦੀ ਹੈ। 'ਸਿੱਖ ਧਰਮ' ਇਸੇ ਲਈ ਪ੍ਰਭੂ-ਵਿਸ਼ਵਾਸੀ ਹੈ, ਹਮੇਸ਼ਾਂ ਸੰਤੁਲਨ ਤੇ ਸੰਤੁਸ਼ਟ ਵੀ ਰਹਿੰਦਾ ਹੈ। ਇਸੇ ਕਰ ਕੇ ਸਿੱਖ ਧਰਮ ਨੂੰ ਆਸਤਿਕ-ਧਰਮ ਆਖਿਆ ਜਾਂਦਾ ਹੈ। 'ਪ੍ਰਭੂ-ਵਿਸ਼ਵਾਸ' ਇਸ ਧਰਮ ਦਾ ਸਰਵੋਤਮ ਤੱਤ੍ਵ ਹੈ। 'ਵਿਸ਼ਵਾਸ ਦੀ ਅਵੱਸਥਾ' ਵਿਚੋਂ ਹੀ ਦ੍ਰਿੜ੍ਹਤਾ ਪੈਦਾ ਹੁੰਦੀ ਹੈ, ਸ੍ਵੈ-ਵਿਸ਼ਵਾਸ ਜਾਗਦਾ ਹੈ। ਸ੍ਵੈ-ਵਿਸ਼ਵਾਸ ਵਿਚੋਂ ਹੀ ਕਿਸੇ ਉੱਚ-ਮਿਆਰੀ ਆਦਰਸ਼ ਦਾ ਜਨਮ ਹੁੰਦਾ ਹੈ। ਜਦੋਂ ਕੋਈ ਮਨੁੱਖ ਆਪਣਾ ਕੋਈ ਆਦਰਸ਼ ਮਿੱਥਦਾ ਹੈ, ਤਾਂ ਉਸ ਪਿੱਛੇ ਜਿਹੜੀਆਂ ਬਿਰਤੀਆਂ ਕੰਮ ਕਰ ਰਹੀਆਂ ਹੁੰਦੀਆਂ ਹਨ, ਉਹ ਸੱਚ ਤੇ ਆਚਾਰੁ, ਵਿਸ਼ਵਾਸ, ਦ੍ਰਿੜ੍ਹਤਾ ਤੇ ਸ੍ਵੈ-ਮਾਣ ਵਾਲੀਆਂ ਹੀ ਹੁੰਦੀਆਂ ਹਨ। ਇਹੀ ਬਿਰਤੀਆਂ ਆਧਾਰ ਹਨ--'ਸ਼ਕਤੀ ਦੀ ਉਪਜ' ਦਾ। ਜਦੋਂ ਮਨੁੱਖ 'ਆਦਰਸ਼' ਦੀ ਤਾਬਿਆ ਹੋ ਕੇ, ਬੜੀ ਦ੍ਰਿੜ੍ਹਤਾ ਨਾਲ ਜੀਵਨ-ਖੇਤਰ ਵਿਚ ਵਿਚਰਦਾ ਹੈ, ਤਾਂ ਉਸ ਦਾ ਆਦਰਸ਼ ਉਸ ਨੂੰ ਹਮੇਸ਼ਾਂ ਸ਼ਕਤੀ-ਸੰਪੂਰਨਤਾ ਪ੍ਰਦਾਨ ਕਰਦਾ ਹੈ। ਦੁਨਿਆਵੀ ਤੇ ਅਧਿਆਤਮਿਕ ਦੋਹਾਂ ਖੇਤਰਾਂ ਵਿਚ ਉਹ ਸਰਬ ਸ਼ਕਤੀਸ਼ਾਲੀ ਵੀ ਬਣ ਜਾਂਦਾ ਹੈ। ਸਿੱਖ ਧਰਮ ਇਸੇ ਕਰ ਕੇ ਪ੍ਰਭੂ-ਆਦਰਸ਼ ਦੀ ਤਾਬਿਆ ਵਿਚ ਹੈ ਤੇ ਦੁਨਿਆਵੀ ਤੇ ਅਧਿਆਤਮਿਕ ਦੋਹਾਂ ਜੀਵਨ-ਖੇਤਰਾਂ ਵਿਚ ਬਹੁ-ਰੂਪ ਵਿਚ ਸ਼ਕਤੀਸ਼ਾਲੀ ਵੀ ਹੈ। 'ਖਾਲਸਾ-ਪੰਥ' 'ਅਰਦਾਸ' ਨੂੰ ਦੁਨਿਆਵੀ ਤੇ ਅਧਿਆਤਮਿਕ ਦੋਹਾਂ ਖੇਤਰਾਂ ਵਿਚ ਸ਼ਾਇਦ ਇਸੇ ਲਈ ਸਰਬ ਸ਼ਕਤੀ-ਨਿਪੁੰਨ ਮੰਨਦਾ ਹੈ। 'ਅਰਦਾਸ' ਦੀ ਉਸਾਰੀ ਵੀ ਪ੍ਰਭੂ-ਆਦਰਸ਼ ਦੀ ਤਾਬਿਆ ਹੀ ਹੋਈ ਹੈ। ਵਿਸ਼ੇਸ਼ ਤੌਰ ਤੇ ਪ੍ਰਭੂ-ਆਦਰਸ਼ ਦੀ ਸ਼ਕਤੀ ਦਾ ਜਿਹੜਾ ਤੇ ਜਿਸ ਤਰ੍ਹਾਂ ਦਾ ਪ੍ਰਗਟਾਵਾ 'ਅਰਦਾਸ' ਵਿਚ ਹੋਇਆ ਹੈ, ਇਸ ਤਰ੍ਹਾਂ ਦਾ ਸ਼ਕਤੀ-ਜਗਾਊ ਪ੍ਰਗਟਾ ਵਿਸ਼ਵ ਦੀ ਨਾ ਕਿਸੇ 'ਅਰਦਾਸ' ਵਿਚੋਂ ਪ੍ਰਤੀਬਿੰਬਤ ਹੋਇਆ ਹੈ, ਅਤੇ ਨਾ ਹੀ ਕਿਸੇ ਸਾਹਿੱਤਕ-ਭਾਗ ਵਿਚੋਂ।

"ਪ੍ਰਭੂ-ਉੱਚ ਗਤੀ ਦੀ ਪ੍ਰਾਪਤੀ ਵਾਸਤੇ 'ਅਰਦਾਸ' ਸਰਬ-ਉੱਤਮ ਕਿਰਿਆ ਵੀ ਹੈ, ਸਿੱਖ ਧਰਮ ਦੀ ਆਦਰਸ਼-ਸ਼ਕਤੀ ਦਾ ਪੂਰਨ ਪ੍ਰਤੀਬਿੰਬ ਵੀ ਹੈ, ਸ਼ਕਤੀ-ਜਗਾਊ ਸਾਹਿਤੱਕ-ਰਚਨਾ ਵੀ ਹੈ, ਖਾਲਸਾ-ਪੰਥ ਦੀਆਂ ਗੌਰਵਸ਼ੀਲ ਗੁਰੂ, ਪਿਆਰੇ, ਸਾਹਿਬਜ਼ਾਦੇ, ਗੁਰਸਿੱਖ ਤੇ

Digitized by Panjab Digital Library | www.panjabdigilib.org

ਸ਼ਹੀਦ-ਸ਼ਖਸੀਅਤਾਂ ਦੇ ਆਸਤਿਕ-ਕਰਤੱਵਾਂ ਦਾ ਸੰਕੇਤਕ-ਇਤਿਹਾਸ ਵੀ ਹੈ ਤੇ ਸਿੱਖ-ਚਿੰਤਨ-ਪ੍ਰਣਾਲੀ ਦਾ ਤੱਤ-ਦਰਸ਼ਨ ਵੀ ਹੈ।''

'ਸਿੱਖ-ਚਿੰਤਨ-ਪ੍ਰਣਾਲੀ' ਦਾ ਪਰਮ ਤੇ ਪ੍ਰਮੁਖ ਤੱਤ੍ਵ '੧ਓ ਹੀ ਹੈ। ੧ਓ ਹੀ ਗੁਰੂ-ਸ਼ਖਸੀਅਤਾਂ ਦਾ ਪਰਮ ਤੇ ਪ੍ਰਮੁਖ ਆਦਰਸ਼ ਸੀ, '੧ਓ ਹੀ ਗੁਰੂ ਗ੍ਰੰਥ ਸਾਹਿਬ ਦਾ ਤੱਤ-ਚਿੰਤਨ ਹੈ, '੧ਓ ਹੀ ਸਿੱਖ-ਦਰਸ਼ਨ ਤੇ ਸਭਿਆਚਾਰ ਦਾ ਤੱਤ-ਬੀਜ ਹੈ, '੧ਓ ਹੀ ਸਾਰੇ ਸਿੱਖ ਸਾਹਿਤ ਦਾ ਪ੍ਰਮੁਖ ਆਸ਼ਾ ਹੈ, ਤੇ ਸ਼ਾਇਦ ਇਸੇ ਲਈ 'ਅਰਦਾਸ' ਦਾ ਆਰੰਭ ਵੀ '੧ਓ ਨਾਲ ਹੀ ਕੀਤਾ ਗਿਆ ਹੈ। '੧ਓ ਦੀ ਜ਼ਿੰਦਗੀ ਹੀ ਸਿੱਖ ਧਰਮ ਵਿਚ ਪ੍ਰਧਾਨ ਹੈ। 'ਦ੍ਵੈਤ-ਭਰਪੂਰ' ਜ਼ਿੰਦਗੀਆਂ ਦਾ ਤਾਂ ਸਿੱਖ ਧਰਮ ਮੂਲ ਰੂਪ ਵਿਚ ਤ੍ਰਿਸਕਾਰ ਕਰਦਾ ਹੈ। ਸਿੱਖ ਧਰਮ ਦਾ ਇਹ ਪੂਰਨ ਵਿਸ਼ਵਾਸ ਵੀ ਹੈ, ਕਿ ੧ਓ ਦੀ ਜ਼ਿੰਦਗੀ ਹੀ ਸਦੀਵੀ ਤੌਰ ਤੇ ਜੇਤੂ ਜਾਂ ਫ਼ਤਹਿ ਵਾਲੀ ਜ਼ਿੰਦਗੀ ਹੋ ਸਕਦੀ ਹੈ, ਪਰ '੧ਓ ਦੀ ਫ਼ਤਹਿ' ਹਮੇਸ਼ਾਂ ਵਾਹਿਗੁਰੂ ਦੁਆਰਾ ਹੀ ਹੋਣੀ ਹੈ। 'ਵਾਹਿਗੁਰੂ' ਦੁਆਰਾ ਪ੍ਰਾਪਤ ਹੋਈ ਫ਼ਤਹਿ ਵਾਲੀ ਜ਼ਿੰਦਗੀ ਹਮੇਸ਼ਾਂ '੧ਓ ਦੀ ਤਾਬਿਆ ਰਹਿਣ ਵਾਲੀ ਜ਼ਿੰਦਗੀ ਹੈ। ਸਿੱਖ ਧਰਮ ਲਈ ੧ਓ ਵਾਲੀ ਜ਼ਿੰਦਗੀ ਹੀ ਸਦੀਵੀ ਤੌਰ ਤੇ ਜੇਤੂ ਜਾਂ ਫ਼ਤਹਿ ਵਾਲੀ ਹੈ। ਇਹੀ 'ਜ਼ਿੰਦਗੀ' ਸਿੱਖ ਧਰਮ ਦਾ ਆਦਰਸ਼ ਹੈ। ਇਸੇ ਆਦਰਸ਼-ਜ਼ਿੰਦਗੀ ਦੀ ਸਿਰਜਨਾ ਵਾਸਤੇ ਹੀ 'ਅਰਦਾਸ' ਨੂੰ ਸਿਰਜਿਆ ਗਿਆ ਹੈ। 'ਅਰਦਾਸ' ਆਦਰਸ਼-ਜ਼ਿੰਦਗੀ ਦਾ ਪੂਰਨ ਮਿਆਰ ਹੈ। ੧ਓ ਵਾਲੀ ਜ਼ਿੰਦਗੀ ਉੱਤੇ ਆਪਣੇ ਆਪ ਨੂੰ ਢਾਲ ਲੈਣਾ ਹੀ ਜ਼ਿੰਦਗੀ ਨੂੰ ਜੀਊਣ ਦੀ ਪ੍ਰਤੀਨਿਧਤਾ ਕਰਨਾ ਹੈ। 'ਅਰਦਾਸ' ੧ਓ ਜਾਂ ਆਦਰਸ਼-ਜ਼ਿੰਦਗੀ ਜੀਊਣ ਵਾਲਿਆਂ ਦਾ ਹੀ ਪ੍ਰਤੀਨਿਧ-ਇਤਿਹਾਸ ਹੈ, ਉਹਨਾਂ ਦੇ ਕੌਮੀ ਤੇ ਕੌਮਾਂਤਰੀ ਮਿਆਰ ਦਾ ਵੀ ਦਰਸ਼ਨ-ਚਮਤਕਾਰ ਹੈ।

'੧ਓ ਦਾ ਅਰਥ-ਭਾਵ ਹੈ, 'ਬ੍ਰਹਮੰਡਾਤਮਕ-ਏਕਤਾ' ਅਰਥਾਤ ਸਰਬ ਸ੍ਰਿਸ਼ਟੀ-ਆਕਾਰ ਵਿਚ 'ਏਕਤਾ' ਹੀ ਪ੍ਰਧਾਨ ਹੈ। 'ਏਕਤਾ' ਹੀ 'ਫ਼ਤਹਿ-ਜ਼ਿੰਦਗੀ' ਦਾ ਆਧਾਰ ਹੈ। 'ਆਤਮਕ-ਏਕਤਾ' ਬ੍ਰਹਮ ਤੇ ਸ੍ਰਿਸ਼ਟੀ-ਆਕਾਰ ਵਿਚ ਵੀ ਹੋ ਸਕਦੀ ਹੈ ਤੇ 'ਮਨੁਖ' ਮਨੁਖ ਵਿਚ ਵੀ ਸਮਾਜਾਤਮਕ-ਏਕਤਾ ਹੋ ਸਕਦੀ ਹੈ। 'ਏਕਤਾ' ਭਾਵੇਂ ਆਤਮਕ-ਖੇਤਰ ਵਿਚ ਹੋਵੇ, ਤੇ ਭਾਵੇਂ ਸਮਾਜਕ-ਖੇਤਰ ਵਿਚ ਹੋਵੇ, 'ਏਕਤਾ' ਸਰਬ-ਮੰਡਲ ਵਿਚ ਇਕਸਾਰ ਹੀ ਹੁੰਦੀ ਹੈ। 'ਏਕਤਾ' ਦੀ ਅਵੱਸਥਾ ਵਿਚੋਂ ਹੀ 'ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ' ਭਾਵ ਉਜਾਗਰ ਹੁੰਦਾ ਹੈ।

Digitized by Panjab Digital Library | www.panjabdigilib.org

'ਸਰਬੱਤ ਦਾ ਭਲਾ' ਭਾਵ ਵਿਚੋਂ ਹੀ ਵਿਸ਼ਵ-ਸ਼ਾਂਤੀ ਵਾਸਤੇ ਪ੍ਰੇਰਨਾ ਮਿਲਦੀ ਹੈ। ਵਿਸ਼ਵ-ਸ਼ਾਂਤੀ ਦੀ ਅਵੱਸਥਾ ਵਿਚ ਹੀ ਫ਼ਤਹਿ ਦੀ ਜ਼ਿੰਦਗੀ ਨੂੰ ਜੀਵਿਆ ਜਾ ਸਕਦਾ ਹੈ। 'ਫ਼ਤਹਿ' ਹਮੇਸ਼ਾਂ ੧ਓ ਦੀ ਹੋਣੀ ਹੈ, ਕਿਸੇ ਹੋਰ ਤਾਕਤ, ਅਰਥਾਤ ਗੋਲੀਆਂ, ਬੰਬਾਂ ਜਾਂ ਲਾਉ-ਲਸ਼ਕਰਾਂ ਦੀ ਨਹੀਂ। ਜਿੰਨਾ ਚਿਰ ਸਰਬ ਸ੍ਰਿਸ਼ਟੀ-ਆਕਾਰ ਵਿਚ ਏਕਤਾ ਜਾਂ ਇਕਾਗ਼ਰਤਾ ਪੈਦਾ ਨਹੀਂ ਹੁੰਦੀ, ਉਨ੍ਹਾਂ ਚਿਰ ੧ਓ ਦੀ ਫ਼ਤਹਿ ਨਹੀਂ ਹੋ ਸਕਦੀ, ਜਾਂ ਫ਼ਤਹਿ ਵਾਲੀ ਜ਼ਿੰਦਗੀ ਨਹੀਂ ਜੀਵੀ ਜਾ ਸਕਦੀ। ਜਦੋਂ 'ਅਰਦਾਸ' ਦਾ ਆਰੰਭ '੧ਓ ਵਾਹਿਗੁਰੂ ਜੀ ਕੀ ਫ਼ਤਹਿ' ਨਾਲ ਕੀਤਾ ਜਾਂਦਾ ਹੈ, ਤਾਂ ਇਸ ਦਾ ਭਾਵ ਇਹੀ ਹੈ, ਕਿ ਫ਼ਤਹਿ ੧ਓ ਦੀ ਹੀ ਹੋਣੀ ਹੈ, ਪਰ ਹੋਣੀ 'ਵਾਹਿਗੁਰੂ' ਦੁਆਰਾ ਹੈ।

'ਵਾਹਿਗੁਰੂ' ਦਾ ਸ਼ਬਦ ਸਪਸ਼ਟ ਰੂਪ ਵਿਚ ਭਾਵੇਂ ਪ੍ਰਮਾਤਮਾ-ਪਾਰਬ੍ਰਹਮ ਦਾ ਪ੍ਰਤੀਕ ਹੈ, ਪਰ ਇਸ ਸ਼ਬਦ ਦੀ ਬਣਤਰ ਦਾ ਆਧਾਰ 'ਵਾਹਿ' ਅਤੇ 'ਗੁਰੂ' ਸ਼ਬਦ ਹਨ। 'ਵਾਹਿ' ਦਾ ਭਾਵ-ਅਰਥ ਹੈ, 'ਅਸਚਰਜਤਾ', ਬ੍ਰਹਮ-ਵਿਸ਼ਾਲਤਾ ਨੂੰ ਵੇਖ ਕੇ ਅਸਚਰਜ ਹੋਣਾ। 'ਗੁਰੂ-ਸਾਹਿਤ' ਵਿਚ ਵਾਹਿ ਜਾਂ ਅਸਚਰਜ-ਅਵੱਸਥਾ ਨੂੰ 'ਵਿਸਮਾਦੁ' ਵੀ ਆਖਿਆ ਜਾਂਦਾ ਹੈ। 'ਵਿਸਮਾਦੁ' ਨੂੰ ਦੂਜਿਆਂ ਸ਼ਬਦਾਂ ਵਿਚ ਇਕਾਗਰਤਾ ਦੀ ਅਵੱਸਥਾ ਵਿਚੋਂ ਉਪਜੀ 'ਸੁੰਦਰਤਾ' ਹੀ ਮੰਨ ਲਿਆ ਜਾਂਦਾ ਹੈ। 'ਗੁਰੂ' ਦਾ ਭਾਵ-ਅਰਥ ਹੈ, ''ਅਗਿਆਨ-ਮੰਡਲ ਵਿਚ ਗਿਆਨ ਦਾ ਦੀਵਾ ਬਾਲਣ ਵਾਲਾ।'' 'ਗਿਆਨ ਦਾ ਦੀਵਾ' ਸਦੀਵੀ ਰੂਪ ਵਿਚ 'ਬ੍ਰਹਮ-ਗਿਆਨ' ਨੂੰ ਹੀ ਮੰਨਿਆਂ ਜਾ ਸਕਦਾ ਹੈ। 'ਮਨੁਖ-ਅੰਤਰ-ਆਤਮਾ' ਵਿਚ ਬ੍ਰਹਮ-ਗਿਆਨ ਦਾ ਦੀਵਾ ਬੱਲਣ ਨਾਲ ਹੀ ਅਗਿਆਨਤਾ ਦਾ ਨਾਸ਼ ਹੋ ਸਕਦਾ ਹੈ। 'ਗੁਰੂ' ਬ੍ਰਹਮ-ਗਿਆਨ' ਦਾ ਹੀ ਪ੍ਰਤੀਕ ਹੈ। ਜਦੋਂ 'ਜਪੁ ਨੀਸਾਣੁ' ਰਚਨਾ ਵਿਚ ਗੁਰੂ ਨਾਨਕ ਦੇਵ ਜੀ 'ਗਿਆਨ-ਖੰਡ' ਦੀ ਅਵੱਸਥਾ ਦਾ ਚਿਤਰ ਮੂਰਤੀਮਾਨ ਕਰਦੇ ਹਨ, ਤਾਂ ਇਹ 'ਗਿਆਨ-ਖੰਡ' ਬ੍ਰਹਮ-ਵਿਸ਼ਾਲਤਾ ਦੇ ਵਿਧਾਨ ਨੂੰ ਬੁੱਝਣ ਦਾ ਹੀ ਪ੍ਰਤੀਕ ਹੈ। ਬ੍ਰਹਮੰਡ-ਵਿਸ਼ਾਲਤਾ ਦੇ ਵਿਧਾਨ ਨੂੰ ਬੁਝਣਾ ਹੀ ਅਸਲ ਵਿਚ ਬ੍ਰਹਮ-ਗਿਆਨ ਦੀ ਟੀਸੀ ਤੇ ਬੈਠਣਾ ਹੈ। ਬ੍ਰਹਮ-ਗਿਆਨ' ਦੀ ਅਵੱਸਥਾ ਵਿਚ ਮਨੁਖ ਅਦ੍ਵੈਤਵਾਦੀ ਹੁੰਦਾ ਹੈ, ਦ੍ਵੈਤ ਤੇ ਦਵੰਦ ਉਸ ਦੇ ਵੈਰੀ ਹੁੰਦੇ ਹਨ। ਅਦ੍ਵੈਤ ਦੀ ਅਵੱਸਥਾ ਵਿਚ ਮਨੁਖ ਏਕਤਾ, ਇਕ ਰਸ ਤੇ ਸਮਦ੍ਰਿਸ਼ਟ-ਜ਼ਿੰਦਗੀ ਜੀਉਂਦਾ ਹੈ। 'ਫ਼ਤਹਿ' ਹਮੇਸ਼ਾਂ ਏਕਤਾ, ਇਕ ਰਸ ਤੇ ਸਮਦ੍ਰਿਸ਼ਟ-ਜ਼ਿੰਦਗੀ ਜੀਉਣ ਵਾਲੇ ਦੀ ਹੀ ਹੋਣੀ ਹੈ। ਕਿਉਂਕਿ ਅਜਿਹੀ ਅਵੱਸਥਾ ਵਿਚ ਜੀਉਣ ਵਾਲਾ ਮਨੁਖ 'ਮਨ-ਜੇਤੂ' ਹੁੰਦਾ ਹੈ। ਮਾਨਸਿਕ-ਜਿੱਤ ਦੁਆਰਾ ਹੀ ਜਗਤ-ਜੇਤੂ ਬਣਿਆ ਜਾ ਸਕਦਾ ਹੈ। ਜਦੋਂ 'ਵਾਹਿਗੁਰੂ ਨੂੰ '੧ਓ ਦੀ ਫ਼ਤਹਿ' ਦਾ ਆਧਾਰ ਮਿੱਥਿਆ ਜਾਂਦਾ ਹੈ, ਤਾਂ ਇਸ ਦਾ ਭਾਵ ਇਹ ਹੈ, ਕਿ ਫ਼ਤਹਿ 'ਬ੍ਰਹਮੰਡ-ਏਕਤਾ' ਦੀ ਹੀ ਹੋਣੀ ਹੈ, ਪਰ ਹੋਣੀ ਗਿਆਨ (ਬ੍ਰਹਮ-ਗਿਆਨ) ਦੁਆਰਾ ਹੀ ਹੈ, ਕਿਸੇ ਹੋਰ ਸਾਧਨ ਜਾਂ ਸ਼ਕਤੀ ਦੁਆਰਾ ਨਹੀਂ।

Digitized by Panjab Digital Library | www.panjabdigilib.org

ਇਸੇ ਲਈ 'ਅਰਦਾਸ' ਦਾ ਆਰੰਭ ੧ਓ ਤੋਂ ਹੀ ਕੀਤਾ ਗਿਆ ਹੈ, ਤੇ 'ਏਕਤਾ' ਦੀ ਫ਼ਤਹਿ ਹੀ ਇਸ ਦਾ ਪ੍ਰਮੁੱਖ ਆਦਰਸ਼ ਮਿਥਿਆ ਗਿਆ ਹੈ।

'ਏਕਤਾ' ਦੇ ਮੰਡਲ ਵਿਚ ਕਿਸੇ ਤਰ੍ਹਾਂ ਦਾ ਵਿਤਕਰਾ ਜਾਂ ਵਿਖੇਪਤਾ ਨਹੀਂ ਹੁੰਦੀ। ਇਸ ਮੰਡਲ ਨੂੰ ਤਾਂ ਸ਼ੁੱਧ ਜਾਂ ਸਮਦ੍ਰਿਸ਼ਟ-ਮੰਡਲ ਹੀ ਕਹਿਣਾ ਚਾਹੀਦਾ ਹੈ। ਇਸ ਮੰਡਲ ਵਿਚ ਨਾ ਮਜ਼ਹਬ ਦਾ ਝਗੜਾ ਹੁੰਦਾ ਹੈ, ਨਾ ਗੁਰੂ, ਗ੍ਰੰਥ, ਬੋਲੀ, ਜ਼ਾਤਿ, ਸਭਿਆਚਾਰ ਤੇ ਕਿੱਤੇ ਦਾ ਵਿਤਕਰਾ ਹੁੰਦਾ ਹੈ ਅਤੇ ਨਾ ਹੀ ਰੂਪ-ਰੰਗ ਤੇ ਰੇਖ-ਭੇਖ ਦੀ ਵਿਖੇਪਤਾ ਹੁੰਦੀ ਹੈ। 'ਏਕਤਾ' ਦਾ ਮੰਡਲ ਸਰਬ ਰੂਪ ਵਿਚ ਸਹਜਾਤਮਿਕ-ਮੰਡਲ ਹੀ ਹੁੰਦਾ ਹੈ। ਸਹਜਾਤਮਿਕ-ਮੰਡਲ ਵਿਚ ਨਾ ਡਰ ਹੁੰਦਾ ਹੈ, ਅਤੇ ਨਾ ਹੀ ਵਿਕਾਰਾਂ ਦਾ ਲੋਭ-ਲਾਲਚ ਹੁੰਦਾ ਹੈ। ਇਸ ਮੰਡਲ ਦਾ ਵਾਸੀ ਮਨੁਖ ਜੋਤੂ ਤੇ ਜੀਵੰਤ ਜ਼ਿੰਦਗੀ ਜੀਉਂਦਾ ਹੈ। ਉਸ ਨੂੰ ਸਾਰਾ ਜਗਤ ਆਪਣਾ ਦਿਸਦਾ ਹੈ। ਕੁਝ ਵੀ ਉਸ ਨੂੰ ਪਰਾਇਆ ਨਹੀਂ ਦਿਸਦਾ। ਜਿਸ ਪ੍ਰਤੀ ਉਹ ਵੈਰ-ਵਿਰੋਧ ਦੇ ਭਾਵ ਪੈਦਾ ਕਰ ਸਕੇ। ਵੈਰ-ਵਿਰੋਧ ਦੇ ਭਾਵ-ਮੰਡਲ ਤੋਂ ਮੁਕਤ ਹੋ ਕੇ ਹੀ ਏਕਤਾ ਜਾਂ ਫ਼ਤਹਿ ਦੇ ਮੰਡਲ ਵਿਚ ਜੀਵਿਆ ਜਾ ਸਕਦਾ ਹੈ। 'ਅਰਦਾਸ' ਭਾਵੇਂ ਕਿਸੇ ਮੱਤ-ਮਜ਼ਹਬ ਦੀ ਹੋਵੇ, ਉਸ ਵਿਚ ਏਕਤਾ ਹੀ ਪ੍ਰਧਾਨ ਹੋਣੀ ਚਾਹੀਦੀ ਹੈ, ਤੇ ਵੈਰ-ਵਿਰੋਧ ਦੇ ਭਾਵਾਂ ਦਾ ਤ੍ਰਿਸਕਾਰ ਹੀ ਹੋਣਾ ਚਾਹੀਦਾ ਹੈ। ਵਿਸ਼ੇਸ਼ ਤੌਰ ਤੇ ਖਾਲਸਾ-ਪੰਥ ਦੀ 'ਅਰਦਾਸ' ਦੇ ਅੰਗ-ਪਾਤਰ, ਗੁਰੂ, ਪਿਆਰੇ, ਸਾਹਿਬਜ਼ਾਦੇ, ਗੁਰਸਿੱਖ ਤੇ ਸ਼ਹੀਦ, ਸਾਰੇ ਦੇ ਸਾਰੇ ਏਕਤਾ ਜਾਂ ਫ਼ਤਹਿ-ਮੰਡਲ ਦੇ ਹੀ ਵਾਸੀ ਸਨ। ਇਸੇ ਲਈ ਉਹ ਸਦੀਵ-ਕਾਲ ਜੋਤੂ ਤੇ ਜੀਵੰਤ ਹਨ। ਸਿੱਖ ਧਰਮ ਦੀ 'ਅਰਦਾਸ' ਨੂੰ ਤਾਂ 'ਏਕਤਾ ਦੀ ਫ਼ਤਹਿ' ਲਈ ਕੀਤੇ ਯਤਨਾਂ ਦਾ ਇਤਿਹਾਸ ਕਹਿਣਾ ਚਾਹੀਦਾ ਹੈ। ਜੇ ਇਹ ਵੀ ਕਹਿ ਦਿੱਤਾ ਜਾਏ, ਕਿ 'ਅਰਦਾਸ' ਦਾ ਸਾਰਾ ਕਾਰਜ 'ਏਕਤਾ' ਦੀ ਕਾਇਮੀ ਤੇ 'ਗਿਆਨ' ਦੀ ਪ੍ਰਾਪਤੀ ਵਾਸਤੇ ਹੀ ਹੋਇਆ ਹੈ, ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। 'ਏਕਤਾ' 'ਖਾਲਸਾ-ਪੰਥ' ਦਾ ਆਦਰਸ਼ ਹੈ, ਤੇ 'ਗਿਆਨ' ਖਾਲਸਾ-ਪੰਥ ਦੀ ਸ਼ਕਤੀ ਹੈ। 'ਆਦਰਸ਼ ਦੀ ਸ਼ਕਤੀ' ਹੀ ਖਾਲਸਾ-ਪੰਥ ਦੀ ਸਾਰੀ ਸ਼ਕਤੀ ਹੈ, ਇਹੀ ਸਿਖ ਸਾਹਿਤੱਕ ਤੇ ਸਭਿਆਚਾਰਕ-ਸ਼ਕਤੀ ਹੈ, ਇਹੀ 'ਅਰਦਾਸ' ਦੀ ਸ਼ਕਤੀ ਹੈ। '(ਬ੍ਰਹਮ) ਗਿਆਨ ਦੀ ਏਕਤਾ' ਨੂੰ ਪ੍ਰਾਪਤ ਕਰ ਕੇ ਹੀ ਕੋਈ ਮਨੁਖ 'ਆਦਰਸ਼ ਦੀ ਸ਼ਕਤੀ' ਨੂੰ ਪ੍ਰਾਪਤ ਕਰ ਸਕਦਾ ਹੈ।

''ਅਰਦਾਸ ਨੂੰ ਤਾਂ 'ਆਦਰਸ਼ ਦੀ ਸ਼ਕਤੀ' ਦਾ ਵੀ ਵਿਸਥਾਰ-ਵਿਸ਼ਲੇਸ਼ਣ ਆਖਿਆ ਜਾ ਸਕਦਾ ਹੈ।''

'ਆਦਰਸ਼ ਦੀ ਸ਼ਕਤੀ' ਹੀ ਸਰਬ ਸੰਸਾਰਕ-ਸ਼ਕਤੀਆਂ ਵਿਚੋਂ ਸਰਵੋਤਮ ਸ਼ਕਤੀ ਹੈ। 'ਖਾਲਸਾ-ਪੰਥ' ਇਸ ਸ਼ਕਤੀ ਨੂੰ 'ਭਗਉਤੀ' ਤੇ ਖੰਡਾ' ਦਾ ਸੰਕਲਪ ਵੀ ਪ੍ਰਦਾਨ ਕਰਦਾ ਹੈ। 'ਭਗਉਤੀ ਤੇ ਖੰਡਾ' ਦੋਵੇਂ ਹੀ ਸਿੱਖ ਸਾਹਿਤ ਵਿਚ ਪ੍ਰਮਾਤਮਾ ਦੇ ਸੰਕੇਤ ਸਵੀਕਾਰ ਕੀਤੇ ਗਏ ਹਨ। ਭਾਵੇਂ 'ਭਗਉਤੀ ਤੇ ਖੰਡਾ' ਦਾ ਬਣਤਰ-ਸਰੂਪ ਲੋਹੇ ਦਾ ਹੈ, ਜਿਹੜਾ ਜੜ੍ਹ-ਵਸਤੂ ਦੇ ਸਮਾਨ ਹੈ, ਪਰ 'ਖਾਲਸਾ-ਪੰਥ' 'ਭਗਉਤੀ ਤੇ ਖੰਡੇ' ਦਾ ਪੁਜਾਰੀ ਹੈ। ਜੇ 'ਖਾਲਸਾ-ਪੰਥ' ਗੁਰੂ ਨਾਨਕ ਦੇਵ ਜੀ ਨੂੰ ਧਿਆਉਂਦਾ ਹੈ, ਤਾਂ ਵੀ ਉਹ 'ਪ੍ਰਿੱਥਮ ਭਗਉਤੀ' ਨੂੰ ਹੀ ਸਿਮਰਦਾ ਹੈ,

Digitized by Panjab Digital Library | www.panjabdigilib.org

ਤੇ 'ਸ੍ਰੀ ਭਗਉਤੀ' ਨੂੰ ਹੀ ਬ੍ਰਹਮੰਡ-ਏਕਤਾ ਵਾਸਤੇ ਸਹਾਇਕ ਸਮਝਦਾ ਹੈ। 'ਪ੍ਰਿਥਮ ਭਗਉਤੀ' ਨੂੰ ਸਿਮਰਨਾ ਤੇ ਪਿਛੋਂ ਗੁਰੂ ਨਾਨਕ ਦੇਵ ਜੀ ਨੂੰ ਧਿਆਉਣਾ, ਇਹ ਇਸ ਭਾਵ ਦਾ ਪ੍ਰਤੀਕ ਹੈ, ਕਿ 'ਖਾਲਸਾ-ਪੰਥ' ਗੁਰੂ ਨਾਨਕ ਦੇਵ ਜੀ ਨਾਲੋਂ ਵੀ ਪਹਿਲ 'ਭਗਉਤੀ' ਨੂੰ ਹੀ ਦਿੰਦਾ ਹੈ। ਖਾਲਸਾ-ਪੰਥ ਵਾਸਤੇ 'ਭਗਉਤੀ' ਪ੍ਰਭੂ-ਸ਼ਕਤੀ ਦਾ ਸੰਕੇਤ ਹੈ। ਕਿਸੇ ਦੇਵੀ-ਦੇਵਤੇ ਦਾ ਪ੍ਰਤੀਕ ਨਹੀਂ। 'ਖਾਲਸਾ-ਪੰਥ' ਮੂਲ ਰੂਪ ਵਿਚ ਪ੍ਰਭੂ-ਪੁਜਾਰੀ ਹੈ। ਗੁਰੂ ਨਾਨਕ ਦੇਵ ਜੀ ਵੀ ਪ੍ਰਭੂ-ਪੁਜਾਰੀ ਹੀ ਸਨ। ਭਾਵੇਂ ਭੱਟਾਂ ਦੇ ਕਹਿਣ ਮੁਤਾਬਿਕ ਗੁਰੂ ਨਾਨਕ ਦੇਵ ਜੀ ਨਰਾਇਣ ਦਾ ਰੂਪ ਵੀ ਸਨ, ਜਾਂ ਪ੍ਰਭੂ ਨਾਲ ਇਕ ਸੁਰ ਹੋਈ ਹਸਤੀ ਦੇ ਹੀ ਮਾਲਕ ਸਨ, ਪ੍ਰਭੂ ਤੇ ਉਹਨਾਂ ਵਿਚ ਅੰਤਰ ਕੋਈ ਨਹੀਂ ਸੀ, ਪਰ ਗੁਰੂ ਨਾਨਕ ਦੇਵ ਜੀ ਨਰਾਇਣ ਦਾ ਰੂਪ ਹੁੰਦੇ ਹੋਏ ਵੀ 'ਪ੍ਰਭੂ' ਨੂੰ ਹੀ ਸਰਵੋਤਮ-ਸ਼ਕਤੀ ਮੰਨਦੇ ਸਨ ਤੇ 'ਪ੍ਰਭੂ' ਨੂੰ ਹੀ ਸਰਵੋਤਮ-ਸ਼ਕਤੀ ਸਮਝ ਕੇ ਉਸ ਨੂੰ ਹੀ ਸਰਬ-ਸਮਰੱਥ-ਸ਼ਕਤੀ ਕਹਿੰਦੇ ਸਨ। ਇਸੇ 'ਸਰਬ-ਸਮਰੱਥ-ਸ਼ਕਤੀ' ਨੂੰ ਗੁਰੂ ਨਾਨਕ-ਗੱਦੀ ਦੀਆਂ ਅਧਿਕਾਰੀ ਗੁਰੂ-ਸ਼ਖਸੀਅਤਾਂ ਨੇ 'ਭਗਉਤੀ ਤੇ ਖੰਡਾ' ਦਾ ਸੰਕਲਪ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ 'ਚੰਡੀ ਦੀ ਵਾਰ' ਦੇ 'ਮੰਗਲਾ ਚਰਣ' ਵਿਚ 'ਪ੍ਰਭੂ' ਨੂੰ 'ਭਗਉਤੀ' ਦਾ ਸੰਕਲਪ ਦਿੰਦੇ ਹਨ, ਤੇ ਉਸੇ ਨੂੰ ਹੀ ਸਰਬ-ਮੰਡਲ ਵਿਚ ਸਹਾਏ ਸਮਝਦੇ ਹਨ। ਫਿਰ ਵਿਸ਼ੇਸ਼ ਤੌਰ ਤੇ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਵਿਚ ਜਦੋਂ 'ਪ੍ਰਿਥਮੇ ਖੰਡਾ ਸਾਜਿ ਕੇ ਸਭ ਸੰਸਾਰ ਉਪਾਇਆ' ਦਾ ਭਾਵ ਪ੍ਰਗਟ ਕਰਦੇ ਹਨ, ਤਾਂ ਇਥੇ 'ਖੰਡਾ' ਵੀ ਪ੍ਰਭੂ ਦਾ ਹੀ ਸੰਕੇਤ ਹੈ। 'ਭਗਉਤੀ' ਪ੍ਰਭੂ-ਸੱਚ ਦਾ ਸੰਕੇਤ ਹੈ ਤੇ 'ਖੰਡਾ' 'ਬ੍ਰਹਮ-ਚੱਕਰ' ਗਿਆਨ ਦਾ ਸੰਕੇਤ ਹੈ। 'ਸੱਚ' ਪ੍ਰਭੂ ਦਾ ਹੀ ਸਰਗੁਣ-ਸਰੂਪ ਹੈ ਤੇ 'ਭਗਉਤੀ' ਹਮੇਸ਼ਾਂ ਪ੍ਰਭੂ-ਸੱਚ ਦੀ ਹੀ ਸਹਾਇ ਹੈ, ਤੇ 'ਖੰਡਾ' ਪ੍ਰਭੂ-ਗਿਆਨ ਦੀ ਚੇਤੰਨਤਾ ਦਾ ਲਖਾਇਕ ਹੈ। ਇਸੇ ਲਈ 'ਖਾਲਸਾ-ਪੰਥ' ਦਾ

'ਭਗਉਤੀ ਵਾਲਾ ਖੰਡਾ' ਪ੍ਰਭੂ-ਸੱਚ ਤੇ ਪ੍ਰਭੂ-ਗਿਆਨ ਦਾ ਪ੍ਰਤੀਕ ਵੀ ਹੈ। '੧ਓ ਦੀ ਫ਼ਤਹਿ' ਲਈ ਜਿਹੜਾ ਗਿਆਨ ਤੇ ਸ਼ਕਤੀ-ਬੱਲ ਚਾਹੀਦਾ ਹੈ, 'ਖਾਲਸਾ-ਪੰਥ' ਉਸ ਲਈ 'ਸ੍ਰੀ ਭਗਉਤੀ' ਤੇ 'ਖੰਡੇ' ਨੂੰ ਹੀ ਸਹਾਇਕ ਸਵੀਕਾਰ ਕਰਦਾ ਹੈ। 'ਭਗਉਤੀ-ਖੰਡਾ' ਭਾਵੇਂ ਪ੍ਰਭੂ-ਭਗਤੀ ਦਾ ਪ੍ਰਤੀਕ ਹੈ ਤੇ ਭਾਵੇਂ ਪ੍ਰਭੂ-ਸ਼ਕਤੀ ਦਾ ਸੰਕੇਤ ਹੈ, ਪਰ ਸਿਖ ਧਰਮ ਇਸੇ ਨੂੰ ਹੀ ਨਿਜ ਤੇ ਪਰ-ਸੁਰਖਿਆ ਵਾਸਤੇ ਸਹਾਇਕ ਸਮਝਦਾ ਹੈ, ਤੇ ਇਸੇ ਨੂੰ ਹੀ ਪ੍ਰਿਥਮ ਰੂਪ ਵਿਚ ਸਿਮਰਤੀ ਦਾ ਹਿੱਸਾ ਬਣਾਉਂਦਾ ਹੈ। 'ਖਾਲਸਾ-ਪੰਥ' ਦਾ ਵਿਸ਼ਵਾਸ ਹੈ, ਕਿ "ਭਗਉਤੀ-ਸਿਮਰਨ' ਵਿਚ ਨਿਰੰਕਾਰ ਦਾ ਵਾਸਾ ਹੈ। ਜਦੋਂ ਸਿੱਖੀ ਦਾ ਜਨਮ 'ਭਗਉਤੀ-ਖੰਡਾ' ਦੀ ਤਿੱਖੀ ਧਾਰ ਵਿਚੋਂ ਮੰਨਿਆਂ ਜਾਂਦਾ ਹੈ ਤਾਂ ਇਸ ਦਾ ਭਾਵ ਵੀ ਇਹੀ ਹੈ, ਕਿ ਖਾਲਸੇ ਦਾ ਜਨਮ-ਦਾਤਾ 'ਪ੍ਰਭੂ' ਹੈ, ਤੇ ਜੇ 'ਖਾਲਸਾ-ਪੰਥ' 'ਭਗਉਤੀ-ਖੰਡਾ' ਨੂੰ ਸਿਮਰਦਾ ਜਾਂ ਧਿਆਉਂਦਾ ਹੈ, ਤਾਂ ਉਹ ਆਪਣੇ ਮੂਲ 'ਪ੍ਰਭੂ' ਨੂੰ ਹੀ ਯਾਦ ਕਰ ਰਿਹਾ ਹੁੰਦਾ ਹੈ। 'ਪ੍ਰਭੂ' ਦਾ ਸਰਗੁਣ-ਸਰੂਪ 'ਸੱਚ' ਹੈ ਤੇ ਭਗਉਤੀ-ਖੰਡਾ ਸੱਚ ਦਾ ਹੀ ਹਮੇਸ਼ਾਂ ਸਾਥ ਦਿੰਦੇ ਹਨ, ਕੂੜ, ਪਾਪ ਜਾਂ ਪਾਖੰਡ ਦਾ ਨਹੀਂ। ਜਦੋਂ 'ਭਗਉਤੀ-ਖੰਡਾ' ਸੱਚ ਦੀ ਜੈ ਵਾਸਤੇ ਹੀ ਸਹਾਇਕ ਹਨ ਤੇ ਬ੍ਰਹਮੰਡ ਵਿਚ ਹਮੇਸ਼ਾਂ ਸੱਚ

ਦੀ ਹੀ ਫ਼ਤਹਿ ਹੋਣੀ ਹੈ, ਇਸ ਲਈ 'ਖਾਲਸਾ-ਪੰਥ' ੧ਓ ਦੀ ਫ਼ਤਹਿ ਵਾਸਤੇ ਹੀ 'ਸ੍ਰੀ ਭਗਉਤੀ'

Digitized by Panjab Digital Library | www.panjabdigilib.org

ਨੂੰ ਸਹਾਇ ਸਮਝਦਾ ਹੈ । ੧ਓ 'ਵਾਹਿਗੁਰੂ ਜੀ ਕੀ ਫ਼ਤਹਿ' ਤੋਂ ਪਿਛੋਂ ਜਦੋਂ ਅਰਦਾਸ ਵਿਚ 'ਵਾਰ ਸ੍ਰੀ ਭਗਉਤੀ ਜੀ ਸਹਾਇ' ਤੇ 'ਪ੍ਰਿਥਮ ਭਗਉਤੀ ਸਿਮਰ ਕੈ' ਦੇ ਵਾਕ ਨਿਤ ਆਪਣੀ ਸਿਮਰਤੀ ਦਾ ਭਾਗ ਬਣਾਏ ਜਾਂਦੇ ਹਨ, ਤਾਂ ਇਕ ਦਿਸ਼ਾ ਤੋਂ ਖਾਲਸਾ-ਪੰਥ ਨਿਤ ਪ੍ਰਤੱਗ਼ਿਆ ਕਰ ਰਿਹਾ ਹੁੰਦਾ ਹੈ, ਕਿ 'ਬ੍ਰਹਮੰਡ-ਏਕਤਾ' ਦੀ ਪ੍ਰਾਪਤੀ ਵਾਸਤੇ ਜਿਹੜਾ ਗਿਆਨ ਤੇ ਸ਼ਕਤੀ-ਬੱਲ ਚਾਹੀਦਾ ਹੈ, 'ਖਾਲਸਾ-ਪੰਥ' ਉਸ ਵਾਸਤੇ 'ਭਗਉਤੀ' ਨੂੰ ਸਹਾਇਕ-ਸਿੱਧ ਸਮਝਦਾ ਹੈ ਤੇ ਪ੍ਰਿੱਥਮ ਭਗਉਤੀ ਨੂੰ ਹੀ ਸਿਮਰਦਾ ਹੈ । 'ਭਗਉਤੀ' ਦੀ ਸਹਾਇਤਾ ਤੇ ਸਿਮਰਤੀ ਨਾਲ ਹੀ ੧ਓ ਦੀ ਫ਼ਤਹਿ ਹੋ ਸਕਦੀ ਹੈ, ਕਿਸੇ ਹੋਰ ਸਾਧਨ ਦੁਆਰਾ ਨਹੀਂ । ਇਸੇ ਲਈ 'ਭਗਉਤੀ' ਹੀ 'ਖਾਲਸਾ-ਪੰਥ' ਦਾ ਆਦਰਸ਼ ਹੈ, ਇਹੀ ਖਾਲਸਾ-ਪੰਥ ਦੀ ਸ਼ਕਤੀ ਦਾ ਸੰਕੇਤ ਹੈ । ਦੂਜਿਆਂ ਸ਼ਬਦਾਂ ਵਿਚ 'ਭਗਉਤੀ-ਖੰਡਾ' ਹੀ ਸਿਖ ਧਰਮ ਦੀ ਆਦਰਸ਼-ਸ਼ਕਤੀ ਦਾ ਲਖਾਇਕ ਹਨ । ਜਿੰਨਾ ਚਿਰ 'ਖਾਲਸਾ-ਪੰਥ' 'ਭਗਉਤੀ ਤੇ ਖੰਡੇ' ਦਾ ਉਪਾਸ਼ਕ ਹੈ, ਭਗਉਤੀ ਤੇ ਖੰਡੇ ਨੂੰ ਸਹਾਇਕ ਸਮਝਦਾ ਹੈ, ਭਗਉਤੀ ਤੇ ਖੰਡੇ ਨੂੰ ਸਿਮਰਦਾ ਹੈ, ਉਨ੍ਹਾਂ ਚਿਰ ਉਹ ਆਦਰਸ਼ਵਾਦੀ ਵੀ ਹੈ ਤੇ ਸ਼ਕਤੀ-ਨਿਪੁੰਨ ਵੀ ਹੈ । ਉਸ ਕੋਲ ਚੜ੍ਹਦੀ-ਕਲਾ ਵੀ ਹੈ ਤੇ ਉਹ 'ਸਰਬੱਤ ਦਾ ਭਲਾ' ਭਾਵ ਦਾ ਇੱਛਕ ਵੀ ਹੈ । 'ਅਰਦਾਸ' ਦੇ ਪਾਤਰ 'ਭਗ਼ਉਤੀ ਤੇ ਖੰਡਾ' ਦੇ ਹੀ ਉਪਾਸ਼ਕ ਸਨ, ਭਗਉਤੀ ਤੇ ਖੰਡੇ ਦਾ ਹੀ ਸਿਮਰਨ ਕਰਦੇ ਸਨ, ਤੇ ਭਗਉਤੀ ਤੇ ਖੰਡੇ ਨੂੰ ਹੀ 'ਨਿਜ ਤੇ ਪਰ' ਲਈ ਸਹਾਇਕ ਸਮਝਦੇ ਸਨ । ਇਸੇ ਲਈ ਉਹ 'ਚੜ੍ਹਦੀ-ਕਲਾ' ਵਿਚ ਰਹਿੰਦੇ ਸਨ ਤੇ 'ਸਰਬੱਤ ਦਾ ਭਲਾ' ਦਿਨ-ਰੈਣਿ ਮੰਗਣ ਦੀ ਅਭਿਲਾਸ਼ਾ ਦਾ ਪ੍ਰਗਟਾਵਾ ਵੀ ਕਰਦੇ ਸਨ ।

"ਅਰਦਾਸ ਵਿਚ ਕੁਝ ਇਹੋ ਜਿਹੀਆਂ ਪਾਤਰ-ਸ਼ਖਸੀਅਤਾਂ ਦਾ ਹੀ ਇਤਿਹਾਸ ਰੂਪਮਾਨ ਹੋ ਰਿਹਾ ਹੈ ।"

'ਅਰਦਾਸ' ਦੀਆਂ ਗੁਰੂ-ਸ਼ਖਸੀਅਤਾਂ ਦੱਸ ਹਨ । ਭਾਵੇਂ 'ਅਰਦਾਸ' ਦੀ ਪਹਿਲੀ ਪਉੜੀ (ਜਿਹੜੀ ਚੰਡੀ ਦੀ ਵਾਰ ਦਾ ਮੰਗਲਚਰਣ ਹੈ) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀਆਂ ਨੌਂ ਗੁਰੂ-ਸ਼ਖਸੀਅਤਾਂ ਦਾ ਸੰਕੇਤ ਰੂਪ ਵਿਚ ਜ਼ਿਕਰ ਕੀਤਾ ਹੈ, ਆਪਣਾ ਜ਼ਿਕਰ ਨਹੀਂ ਕੀਤਾ । ਪਰ ਪਿਛੋਂ 'ਖਾਲਸਾ-ਪੰਥ' ਨੇ 'ਅਰਦਾਸ' ਦੀ ਸਿਰਜਨਾ ਵਿਚ ਦੱਸਵੇਂ ਪਾਤਿਸ਼ਾਹ, ਪੰਥ ਦੇ ਵਾਲੀ ਤੇ ਦੋ ਜਹਾਨ ਦੇ ਮਾਲਕ-ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਜ਼ਿਕਰ ਕਰ ਕੇ, ਦੱਸਾਂ ਗੁਰੂ-ਪਾਤਸ਼ਾਹੀਆਂ ਦੀ ਆਤਮਕ-ਅਵੱਸਥਾ ਨੂੰ ਨਮਸਕਾਰ ਕੀਤੀ ਹੈ । ਉਹਨਾਂ ਨੂੰ ਧਿਆਉਣ, ਸਿਮਰਨ ਤੇ ਦਰਸ਼ਨ-ਦੀਦਾਰ ਕਰਨ ਵਾਸਤੇ ਵੀ ਪ੍ਰੇਰਨਾ ਕੀਤੀ ਹੈ । ਫਿਰ ਉਹਨਾਂ ਤੋਂ ਜੀਵਨ ਦੇ ਹਰ ਖੇਤਰ ਵਿਚ ਸਹਾਇ ਹੋਣ ਦਾ ਪ੍ਰਣ ਵੀ ਲਿਆ ਹੈ । ਗੁਰੂ-ਆਤਮਾਵਾਂ ਚੂੰਕਿ ਭਗਉਤੀ ਦੀਆਂ ਹੀ ਉਪਾਸ਼ਕ ਸਨ. ਭਗਉਤੀ ਨੂੰ ਸਿਮਰਦੀਆਂ ਤੇ ਸਹਾਇਕ ਸਮਝਦੀਆਂ ਸਨ । ਇਸ ਲਈ ਭਗਉਤੀ-ਕਰਤੱਵ ਦੀ ਪੂਰਤੀ ਵਾਸਤੇ 'ਖਾਲਸਾ-ਪੰਥ' ਗੁਰੂ-ਆਤਮਾਵਾਂ ਨੂੰ ਵੀ ਸਹਾਇਕ ਤੇ ਸਹਿਯੋਗੀ ਸਮਝਦਾ ਹੈ । ਗੁਰੂ-ਆਤਮਾਵਾਂ ਆਪ ਵੀ 'ਪ੍ਰਿਥਮ ਭਗਉਤੀ' ਦਾ ਹੀ ਆਸਰਾ ਜਾਂ ਸਹਾਰਾ ਲੈ ਕੇ ਏਕਤਾ-ਵਿਰੋਧੀ

Digitized by Panjab Digital Library | www.panjabdigilib.org

ਸ਼ਕਤੀਆਂ ਨਾਲ ਸੰਘਰਸ਼ ਕਰਦੀਆਂ ਰਹੀਆਂ ਸਨ। ਇਸ ਲਈ ਗੁਰੂ-ਆਤਮਾਵਾਂ ਏਕਤਾ-ਅਭਿਲਾਸ਼ੀ ਤੇ ਸੱਚ-ਮੁਤਲਾਸ਼ੀ ਵੀ ਸਨ। ਉਹਨਾਂ ਦਾ ਸਾਰਾ ਜੀਵਨ-ਸੰਘਰਸ਼ ਏਕਤਾ ਅਤੇ ਸੱਚ ਦੀ ਉਸਾਰੀ-ਨਮਿੱਤ ਸੀ। ਗੁਰੂਆਂ, ਸਾਹਿਬਜ਼ਾਦਿਆਂ ਤੇ ਗੁਰਸਿੱਖਾਂ ਦੀਆਂ ਸ਼ਹਾਦਤਾਂ ਵੀ ਏਕਤਾ ਅਤੇ ਸੱਚ ਦੀ ਸੁਰੱਖਿਆ ਹਿੱਤ ਹੀ ਹੋਈਆਂ ਸਨ। 'ਏਕਤਾ ਅਤੇ ਸੱਚ' ਹੀ ਗੁਰੂਆਂ ਤੇ ਗੁਰਸਿੱਖਾਂ ਦਾ ਆਦਰਸ਼ ਸੀ। ਇਹੀ ਉਹਨਾਂ ਦੀ ਭਗਤੀ ਤੇ ਸ਼ਕਤੀ ਦਾ ਮਾਪ-ਗਜ਼ ਸੀ। ਜਦੋਂ ਖਾਲਸਾ-ਪੰਥ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਰੀ ੧੦' ਆਖਦਾ ਹੈ, ਤਾਂ ਇਸ ਦਾ ਭਾਵ ਇਹ ਹੈ, ਕਿ ਭਗਉਤੀ-ਆਦਰਸ਼ ਦੀ ਪੂਰਤੀ ਵਾਸਤੇ ਖਾਲਸਾ-ਪੰਥ ਦੱਸ ਪਾਤਸ਼ਾਹੀਆਂ ਦੀ ਆਤਮਾ ਨੂੰ ਸਹਾਇਕ ਸਮਝਦਾ ਹੈ। ਕਿਉਂ ਕਿ ਉਹਨਾਂ ਨੇ ਭਗਉਤੀ ਨੂੰ ਸਿਮਰ ਕੇ ਹੀ 'ਬ੍ਰਹਮੰਡ-ਏਕਤਾ' ਤੇ ਸੱਚ ਦੀ ਸੁਰਖਿਆ ਵਾਸਤੇ ਸਾਰੀ ਜ਼ਿੰਦਗੀ ਸੰਘਰਸ਼ ਕੀਤਾ ਹੈ। ਇਸੇ ਲਈ 'ਖਾਲਸਾ-ਪੰਥ' ਭਗਉਤੀ ਤੇ ਅਮਰ ਗੁਰੂ-ਆਤਮਾਵਾਂ ਦਾ ਸਿਮਰਨ ਕਰਦਾ ਹੈ, ਉਹਨਾਂ ਨੂੰ ਮਨ-ਅੰਤਰ ਵਿਚ ਧਿਆਉਂਦਾ ਵੀ ਹੈ ਤੇ ੧ਓ ਦੀ ਫ਼ਤਹਿ ਪ੍ਰਾਪਤੀ ਵਾਸਤੇ ਉਹਨਾਂ ਨੂੰ ਹਰ ਤਰ੍ਹਾਂ ਸਹਾਇਕ ਵੀ ਸਮਝਦਾ ਹੈ। ਇਸ ਤਰ੍ਹਾਂ 'ਅਰਦਾਸ' ਦਾ ਪ੍ਰਮੁਖ ਆਦਰਸ਼ ਤਾਂ '੧ਓ ਦੀ ਫ਼ਤਹਿ' ਹੀ ਨਿਸਚਿਤ ਕੀਤਾ ਜਾ ਸਕਦਾ ਹੈ।

"ਸਿੱਖ ਧਰਮ ਵਿਚ ਭਗਉਤੀ-ਪੂਜਾ ਵੀ ਹੈ, ਤੇ ਗੁਰੂ-ਪੂਜਾ ਵੀ ਹੈ। 'ਭਗਉਤੀ' ਪ੍ਰਤੀਕ ਹੈ 'ਸ਼ਕਤੀ' ਦਾ, ਤੇ 'ਗੁਰੂ' ਪ੍ਰਤੀਕ ਹੈ 'ਗਿਆਨ' ਦਾ। 'ਗਿਆਨ ਦੀ ਸ਼ਕਤੀ' ਦੁਆਰਾ ਹੀ '੧ਓ ਦੀ ਫ਼ਤਹਿ' ਹੋ ਸਕਦੀ ਹੈ, ਇਹ ਖਾਲਸਾ-ਪੰਥ ਦਾ ਦ੍ਰਿੜ੍ਹ ਵਿਸ਼ਵਾਸ ਹੈ।"

ਸਿੱਖ ਧਰਮ ਵਿਚ 'ਗਿਆਨ ਦੀ ਸ਼ਕਤੀ' ਦਾ ਅਮੁੱਕ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਵੀਕਾਰ ਕੀਤਾ ਜਾਂਦਾ ਹੈ। 'ਅਰਦਾਸ' ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਦੱਸਾਂ ਪਾਤਿਸ਼ਾਹੀਆ ਦੀ ਜੋਤਿ ਆਖਿਆ ਗਿਆ ਹੈ। ਸਿੱਖ ਧਰਮ ਵਿਚ 'ਪਾਤਿਸ਼ਾਹ' ਪ੍ਰਤੀਕ ਹੈ 'ਗੁਰੂ ਦਾ, ਕਿਸੇ ਵਿਅਕਤੀ ਜਾਂ ਦੁਨਿਆਵੀ ਸ਼ਕਤੀ ਦਾ ਨਹੀਂ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖਿਆ ਜਾਂਦਾ ਹੈ, ਤਾਂ ਇਸ ਦਾ ਇਕ ਭਾਵ ਇਹ ਵੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਜੋਤਿ ਦੀ ਪ੍ਰਧਾਨਤਾ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਤਾਂ ਦੱਸਾਂ ਪਾਤਿਸ਼ਾਹੀਆਂ ਦੀ ਬਾਣੀ ਹੈ ਅਤੇ ਨਾ ਹੀ ਦੱਸਾਂ ਪਾਤਿਸ਼ਾਹੀਆਂ ਦੀ ਸਮੁੱਚੀ ਰਚਨਾ ਦੀ ਇਹ 'ਗ੍ਰੰਥ' ਪ੍ਰਤੀਨਿਧਤਾ ਕਰਦਾ ਹੈ। ਇਸ ਗ੍ਰੰਥ ਵਿਚ ਭਗਤਾਂ, ਭੱਟਾਂ ਤੇ ਕੁਝ ਹੋਰਾਂ ਦੀਆਂ ਵੀ ਰਚਨਾਵਾਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਦੋਂ ਗੁਰੂ-ਪੱਦ ਪ੍ਰਦਾਨ ਕੀਤਾ ਸੀ, ਤਾਂ ਉਹਨਾਂ ਦੀ ਦ੍ਰਿਸ਼ਟ ਵਿਚ ਦੱਸ ਗੁਰੂ-ਪਾਤਿਸ਼ਾਹੀਆਂ ਦੀ ਜੋਤਿ ਇਕ ਹੀ ਸੀ। ਭਗਤਾਂ ਤੇ ਭੱਟਾਂ ਦੀ ਬਾਣੀ ਵਿਚ ਵੀ ਉਹੀ ਜੋਤਿ ਜੱਗ ਮੱਗ ਕਰ ਰਹੀ ਸੀ। ਇਸ ਲਈ ਉਹਨਾਂ ਨੇ ਸਮੂਹਕ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਪੱਦ ਪ੍ਰਦਾਨ ਕਰ ਕੇ, ਇਸ ਨੂੰ 'ਗੁਰੂ-ਜੋਤਿ' ਠਹਿਰਾ ਦਿੱਤਾ ਤੇ ਇਸ ਦੇ ਦਰਸ਼ਨ-ਦੀਦਾਰ ਵਾਸਤੇ ਵੀ ਆਪਣੇ ਖਾਲਸੇ-ਪੰਥ ਨੂੰ ਉਤੇਜਿਤ ਕਰ ਦਿੱਤਾ। ਇਸ ਦਾ ਭਾਵ ਇਹ ਵੀ ਹੈ, ਕਿ ਗੁਰੂ-ਦੇਹ

Digitized by Panjab Digital Library | www.panjabdigilib.org

ਦੇ ਕਾਲ-ਵਸ ਪੈਣ ਪਿਛੋਂ ਗੁਰੂ-ਜੋਤਿ ਦਾ ਦਰਸ਼ਨ-ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ-ਦੀਦਾਰ ਹੀ ਹੈ। ਇਸੇ ਲਈ ਗੁਰੂ-ਸ਼ਖਸੀਅਤਾਂ ਨੇ '੧ਓ ਦੀ ਫ਼ਤਹਿ' ਪ੍ਰਾਪਤੀ ਲਈ ਜਿਹੜਾ 'ਨਿਰਮਲ-ਪੰਥ' ਸਥਾਪਤ ਕੀਤਾ ਸੀ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੇਧ ਵਿਚ ਰਹਿ ਕੇ ਹੀ 'ਨਿਰਮਲ-ਪੰਥ' ਤੇ ਟੁਰਿਆ ਜਾ ਸਕਦਾ ਹੈ, ਤੇ '੧ਓ ਦੀ ਫ਼ਤਹਿ' ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। '੧ਓ ਦੀ ਫ਼ਤਹਿ' ਪ੍ਰਾਪਤੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਦਰਸ਼ ਹੈ। 'ਗਿਆਨ ਦੀ ਸ਼ਕਤੀ' ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤ-ਤਾਬਿਆ ਵਿਚ ਰਹਿ ਕੇ ਹੀ 'ਬ੍ਰਹਮੰਡ-ਏਕਤਾ' ਸਥਿਰ ਰਖੀ ਜਾ ਸਕਦੀ ਹੈ, ਜਾਤੀ ਤੇ ਜਮਾਤੀ-ਏਕਤਾ ਨੂੰ ਵੀ ਸਥਿਰ ਰਖਿਆ ਜਾ ਸਕਦਾ ਹੈ। ਇਸੇ ਲਈ 'ਖਾਲਸਾ-ਪੰਥ' ਆਪਣੀ ਅਰਦਾਸ ਵਿਚ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ, ਗਿਆਨ-ਜੋਤ-ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਨਿਤ ਦਰਸ਼ਨ-ਦੀਦਾਰ ਦੀ ਸਿੱਕ ਜਾਂ ਅੰਤਰ-ਲੋਚਾ ਨੂੰ ਵੀ ਪ੍ਰਗਟ ਕਰਦਾ ਹੈ ਤੇ ਅੰਤਰ-ਆਤਮੇ ਵਾਹਿਗੁਰੂ ਦੇ ਬੋਲ ਨੂੰ ਦ੍ਰਿੜ੍ਹ ਵੀ ਕਰਦਾ ਹੈ।

'ਖਾਲਸਾ-ਪੰਥ' ਦੀ 'ਅਰਦਾਸ' ਵਿਚ ੧ਓ, ਭਗਉਤੀ, ਪਾਤਿਸ਼ਾਹੀ ੧੦, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੜਾ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ। ਭਾਵੇਂ '੧ਓ ਖਾਲਸਾ-ਪੰਥ ਦਾ ਤੱਤ-ਸੰਕੇਤ ਹੈ, 'ਭਗਉਤੀ' ਖਾਲਸਾ-ਪੰਥ ਦੀ ਭਗਤੀ ਤੇ ਸ਼ਕਤੀ ਦਾ ਸੰਕੇਤ ਹੈ, 'ਪਾਤਿਸ਼ਾਹੀ ੧੦' ਦਾ ਜੀਵਨ ਭਗਤੀ ਤੇ ਸ਼ਕਤੀ ਦਾ ਹੀ ਆਦੇਸ਼ ਹੈ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤੀ ਤੇ ਸ਼ਕਤੀ ਦਾ ਵਿਸਥਾਰ ਤੇ ਵਿਸ਼ਲੇਸ਼ਣ-ਸਹਿਤ 'ਗਿਆਨ-ਪ੍ਰਕਾਸ਼' ਹੈ। ਪਰ 'ਖਾਲਸਾ-ਪੰਥ' ਮੂਲ ਰੂਪ ਵਿਚ 'ਗਿਆਨ-ਪ੍ਰਕਾਸ਼' ਦਾ ਹੀ ਪੁਜਾਰੀ ਹੈ। ਇਸੇ ਲਈ ਇਹ ਨਾ ਭਰਮ ਵਿਚ ਵਿਸ਼ਵਾਸ ਰਖਦਾ ਹੈ, ਅਤੇ ਨਾ ਹੀ ਪਾਪ ਨੂੰ ਸਵੀਕਾਰ ਕਰਦਾ ਹੈ। 'ਗਿਆਨ-ਪ੍ਰਕਾਸ਼' ਦੀ ਘਾਟ ਕਾਰਨ ਹੀ ਭਰਮ ਤੇ ਪਾਪ-ਭਾਵ ਉਪਜਦਾ ਹੈ। ਸਿੱਖ ਧਰਮ ਨਾ ਭਰਮੀ ਹੈ ਅਤੇ ਨਾ ਹੀ ਪਾਪ-ਕਰਤੱਵਾਂ ਵਿਚ ਵਿਸ਼ਵਾਸ ਰਖਦਾ ਹੈ। ਇਸੇ ਲਈ ਖਾਲਸਾ-ਪੰਥ ਦੀ ਅਰਦਾਸ ਵਿਚ ਉਹਨਾਂ ਸਿੱਖਾਂ ਦਾ ਜ਼ਿਕਰ ਨਹੀਂ, ਜਿਹੜੇ ਭਰਮੀ ਤੇ ਪਾਪੀ ਹਨ, ਹਾਂ ਕੇਵਲ ਉਹਨਾਂ ਦਾ ਹੀ ਜ਼ਿਕਰ ਹੈ, ਜਿਹੜੇ 'ਗਿਆਨ-ਪ੍ਰਕਾਸ਼' ਦੇ ਪੁਜਾਰੀ ਸਨ, ਜਿਹੜੇ ਏਕਤਾ ਤੇ ਸੱਚ ਦੀ ਸੁਰਖਿਆ ਹਿੱਤ ਲੜੇ ਸਨ, ਜਿਹੜੇ ਪ੍ਰਉਪਕਾਰੀ ਤੇ ਤਨ, ਮਨ ਤੇ ਧਨ ਵਲੋਂ ਦਾਨੀ ਸਨ, ਜਿਹੜੇ ਨਿਜ ਤੇ ਪਰ-ਅਣਖ ਤੇ ਆਜ਼ਾਦੀ ਵਾਸਤੇ ਸ਼ਹਾਦਤਾਂ ਵੀ ਦੇ ਸਕੇ ਸਨ, ਜਿਹੜੇ ਸਿੱਖ ਸਿਧਾਂਤਾਂ, ਸਰੂਪ, ਸੰਸਥਾਵਾਂ (ਗੁਰਦੁਆਰੇ) ਤੇ ਸਾਹਿਤ ਦੀ ਪਰਮ-ਇੱਜ਼ਤ ਦੀ ਸੁਰਖਿਆ ਹਿੱਤ ਮਰ-ਮਿਟੇ ਸਨ, ਜਿਹਨਾਂ ਨੇ 'ਸਿਰਰੁ' ਨੂੰ ਕਾਇਮ ਰਖਿਆ ਸੀ, ਪਰ ਸੀਸ ਦੇ ਦਿੱਤਾ ਸੀ, ਜਿਨ੍ਹਾਂ ਨੇ ਜ਼ਬਰ ਤੇ ਜ਼ੁਲਮ ਦੀ ਪਰਵਾਹ ਨਹੀਂ ਕੀਤੀ, ਜਿਨ੍ਹਾਂ ਨੇ ਜਪੁ-ਤਪੁ ਤੇ ਸਬਰ-ਸੰਤੋਖ ਵਿਚ ਪੂਰਨ ਵਿਸ਼ਵਾਸ ਰਖਿਆ ਸੀ, ਜਿਨ੍ਹਾਂ ਨੇ ਨਾਮ ਜਪਿਆ, ਵੰਡ ਛੱਕਿਆ ਤੇ ਕਿਰਤ ਕੀਤੀ ਸੀ, ਜਿਨ੍ਹਾਂ ਨੇ ਗੁਰੂਆਂ ਮਹਾਨ ਸੰਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕੀਤਾ ਸੀ, ਤੇ ਇਹਨਾਂ ਦੇ ਹੀ ਬੱਲ-

Digitized by Panjab Digital Library | www.panjabdigilib.org

ਸਹਾਰੇ ਏਕਤਾ ਨੂੰ ਸਥਿਰ ਰਖਿਆ ਸੀ। ਇਸੇ ਲਈ ਖਾਲਸਾ-ਪੰਥ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ, ਹੱਠੀਆਂ, ਜੱਪੀਆਂ, ਤੱਪੀਆਂ ਤੇ ਸ਼ਹੀਦਾਂ ਨੂੰ ਨਿਤ ਨਮਸਕਾਰ ਕਰਦਾ ਹੈ, ਨਿਤ ਆਪਣੀ ਸਿਮਰਨ-ਸ਼ਕਤੀ ਦਾ ਭਾਗ ਵੀ ਬਣਾਉਂਦਾ ਹੈ, ਨਿਤ ਉਹਨਾਂ ਦੀ ਕੀਤੀ ਹੋਈ ਗੌਰਵਸ਼ੀਲ ਕਮਾਈ ਤੋਂ ਉਤੇਜਨਾ ਵੀ ਲੈਂਦਾ ਹੈ, ਨਿਤ ਉਹਨਾਂ ਨੂੰ ਸਹਾਇਕ ਵੀ ਸਮਝਦਾ ਹੈ । ਪਿਆਰਿਆਂ, ਸਾਹਿਬਜ਼ਾਦਿਆਂ, ਗੁਰਸਿੱਖਾਂ ਤੇ ਸ਼ਹੀਦਾਂ ਦੀ ਕੀਤੀ ਹੋਈ ਕਮਾਈ ਖਾਲਸਾ-ਪੰਥ ਲਈ ਆਦਰਸ਼ ਵੀ ਹੈ, ਤੇ ਸ਼ਕਤੀ ਦਾ ਪ੍ਰਤੀਬਿੰਬ ਵੀ ਹੈ। 'ਖਾਲਸਾ-ਕੌਮ' ਨੇ ਕਝ ਇਸੇ ਤਰ੍ਹਾਂ ਦੀ ਗੌਰਵਸ਼ੀਲ-ਕਮਾਈ ਕਰਨੀ ਹੈ। ਇਸੇ ਤਰ੍ਹਾਂ ਦੀ ਕੀਤੀ ਹੋਈ ਕਮਾਈ ਨਾਲ ਹੀ ਹਮੇਸ਼ਾਂ '੧ਓ ਤੇ ਫ਼ਤਹਿ' ਵਾਲੀ ਜੀਵੰਤ ਜ਼ਿੰਦਗੀ ਜੀਵੀ ਜਾ ਸਕਦੀ ਹੈ।

'ਅਰਦਾਸ' ਦੀ ਜ਼ਿੰਦਗੀ 'ਏਕਤਾ ਤੇ ਫ਼ਤਹਿ' ਵਾਲੀ ਜ਼ਿੰਦਗੀ ਹੀ ਹੈ । 'ਏਕਤਾ ਤੇ ਫ਼ਤਹਿ' ਵਾਲੀ ਜ਼ਿੰਦਗੀ ਹੀ ਸਦੀਵ-ਕਾਲ ਜੀਵੰਤ ਰਹਿੰਦੀ ਹੈ । ਇਹੀ ਜ਼ਿੰਦਗੀ ਆਦਰਸ਼ਕ ਤੇ ਗੌਰਵਸ਼ੀਲ ਹੁੰਦੀ ਹੈ। 'ਅਰਦਾਸ' ਦੇ ਸਾਰੇ 'ਸ਼ਹੀਦ' ਆਦਰਸ਼ਵਾਦੀ ਤੇ ਗੌਰਵਸ਼ੀਲ ਜ਼ਿੰਦਗੀ ਦੇ ਸੁਆਮੀ ਸਨ। 'ਖਾਲਸਾ-ਪੰਥ' ਲਈ ਇਹ ਮਾਣ ਵਾਲੀ ਗੱਲ ਹੈ, ਕਿ ਇਸ ਨੇ 'ਸ਼ਹਾਦਤ' ਦੇ ਪ੍ਰਚੱਲਤ ਹਰ ਢੰਗ ਨੂੰ ਆਪਣੀ 'ਦੇਹ' ਉਤੇ ਅਜ਼ਮਾਇਆ ਹੈ। ਜਿੰਨੇ ਸ਼ਹੀਦ ਤੇ ਜਿੰਨੀ ਤਰ੍ਹਾਂ ਦੇ ਸ਼ਹੀਦ ਖਾਲਸਾ-ਪੰਥ ਨੇ ਪੈਦਾ ਕੀਤੇ ਹਨ, ਇੰਨੇ ਤੇ ਇੰਨੀ ਤਰ੍ਹਾਂ ਦੇ ਸ਼ਹੀਦ ਨਾ ਕਿਸੇ ਪ੍ਰਾਂਤ ਜਾਂ ਰਾਸ਼ਟਰੀ-ਕੌਮ ਨੇ ਪੈਦਾ ਕੀਤੇ ਹਨ ਅਤੇ ਨਾ ਹੀ ਵਿਦੇਸ਼ੀ ਕਿਸੇ ਕੌਮ ਨੇ ਪੈਦਾ ਕੀਤੇ ਹਨ। ਖਾਲਸਾ-ਪੰਥ ਦੇ ਸ਼ਹੀਦਾਂ ਦਾ ਇਤਿਹਾਸ 'ਵਿਸ਼ਵ-ਇਤਿਹਾਸ' ਵਿਚ ਵਿਸ਼ੇਸ਼ਤਾ ਤੇ ਵਿਲੱਖਣਤਾ ਰੱਖਣ ਵਾਲਾ ਇਤਿਹਾਸ ਹੈ। ਸਿਖ ਸ਼ਹੀਦਾਂ ਦਾ ਕਦੀ ਤੱਤੀ ਤਵੀ ਉਤੇ ਬੈਠਣਾ, ਕਦੀ ਪਾਣੀ ਦੀ ਉਬਲਦੀ ਦੇਗ ਵਿਚ ਸਮਾਧੀ-ਸਥਿਤ ਹੋ ਜਾਣਾ, ਕਦੀ ਤੇਗ ਨਾਲ ਸੀਸ ਕਟਾਣਾ, ਕਦੀ ਆਰੇ ਨਾਲ ਦੋਫ਼ਾੜ ਹੋਣਾ, ਕਦੀ ਦੀਵਾਰਾਂ ਦੀਆਂ ਨੀਹਾਂ ਵਿਚ ਚਿਣੇ ਜਾਣਾ, ਕਦੀ ਬੰਦ ਬੰਦ ਕਟਵਾਣਾ, ਖੋਪਰੀ ਲੁਹਾਉਣਾ, ਚਰਖੜੀ ਤੇ ਚੜਨਾ, ਮਾਸ ਵਿਚੋਂ ਖ਼ੂਨ ਕਢਵਾ ਕਢਵਾ ਕੇ ਸ਼ਹੀਦ ਹੋ ਜਾਣਾ, ਕਦੀ ਪੁਠੀਆਂ ਖੱਲਾਂ ਲੁਹਾਉਣਾ, ਕੀਮਾ ਕੀਮਾ ਕੀਤੇ ਜਾਣਾ, ਜੰਡਾਂ ਨਾਲ ਬੰਨ ਕੇ ਸਾੜੇ ਜਾਣਾ, ਗੱਡੀਆਂ-ਇੰਜਨਾਂ ਥੱਲੇ ਸੀਸ ਡਾਉਣਾ, ਕਦੀ ਮੈਦਾਨੇ-ਜੰਗ ਵਿਚ ਜੂਝ ਜਾਣਾ ਤੇ ਅੰਤ ਸ਼ਹੀਦ ਹੋ ਜਾਣਾ ਤੇ ਕਦੀ ਤੇਲ ਦੇ ਕੜਾਹੇ ਵਿਚ ਸੜ ਜਾਣਾ..... ਆਦਿ। ਇਹ ਖਾਲਸਾ-ਕੌਮ ਦੀ ਕੀਤੀ ਹੋਈ ਕਮਾਈ ਹੈ, ਇਹ ਖਾਲਸਾ-ਪੰਥ ਦੀ ਗੌਰਵਸ਼ੀਲ ਪੂੰਜੀ ਹੈ। ਇਹ ਪੂੰਜੀ ਕਿਵੇਂ ਬਣੀ ?.....ਏਕਤਾ ਤੇ ਫ਼ਤਹਿ ਦੀ ਜ਼ਿੰਦਗੀ ਨੂੰ ਨਿਡਰ ਤੇ ਨਿਰਵੈਰ ਰੂਪ ਵਿਚ ਨਿਬਾਹੁਣ ਹਿੱਤ, ਆਪਣੇ 'ਗ੍ਰੰਥ' ਤੇ 'ਪੰਥ' ਨੂੰ ਬਚਾਣ ਹਿੱਤ, ਆਪਣੇ ਤਖਤ ਤੇ ਗੁਰਦੁਆਰਿਆਂ ਦੀ ਪਵਿੱਤ੍ਰਤਾ ਨੂੰ ਸਾਂਬੱਰ ਰੱਖਣ ਹਿੱਤ, ਆਪਣੇ ਤੇ ਪਰਾਏ 'ਉੱਚ-ਆਚਰਣ' ਨੂੰ ਸੰਭਾਲਣ ਹਿੱਤ । 'ਖਾਲਸਾ-ਪੰਥ' ਦਾ 'ਗ੍ਰੰਥ ਤੇ ਪੰਥ', 'ਤਖਤ ਤੇ ਗੁਰਦੁਆਰੇ' 'ਉੱਚ-ਆਚਰਣ' ਸਿਰਜਨ ਦੇ ਸੋਮੇ ਹਨ। 'ਗ੍ਰੰਥ ਤੇ ਪੰਥ' ਦੀ ਤਾਬਿਆ ਰਹਿ ਕੇ ਹੀ 'ਉੱਚ-ਆਚਰਣ' ਨੂੰ ਪਾਲਿਆ ਜਾ ਸਕਦਾ ਹੈ। ਤਖਤ ਤੇ ਗੁਰਦੁਆਰਿਆਂ ਦੀ ਪ੍ਰਚੱਲਤ ਮਰਯਾਦਾ ਨੂੰ ਨਿਸਚਿਤ ਰਖ ਕੇ ਹੀ, ਇਹਨਾਂ ਨੂੰ 'ਉਚ-ਆਚਰਣ' ਦੇ ਸੋਮੇ ਮਿਥਿਆ ਜਾ ਸਕਦਾ ਹੈ । ਜਦੋਂ 'ਖਾਲਸਾ-ਪੰਥ' ਆਪਣੀ ਅਰਦਾਸ ਵਿਚ ਭਾਰਤੀ ਤੇ ਪਾਕਿਸਤਾਨੀ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ

Digitized by Panjab Digital Library | www.panjabdigilib.org

ਦੀ ਇੱਛਾ ਪ੍ਰਗਟਾਂਦਾ ਹੈ, ਤਾਂ ਇਕ ਦ੍ਰਿਸ਼ਟੀਕੋਣ ਤੋਂ 'ਖਾਲਸਾ-ਪੰਥ' ਆਪਣੀਆਂ ਗੁਰੂ ਤੇ ਗੁਰਦੁਆਰਿਆਂ ਦੀਆਂ ਯਾਦਾਂ ਨੂੰ ਦੁਹਰਾ ਰਿਹਾ ਹੁੰਦਾ ਹੈ, ਦੂਜਾ ਗੁਰੂ ਤੇ ਗੁਰਦੁਆਰਿਆਂ ਵਿਚੋਂ ਜਿਹੜੀ 'ਉੱਚ-ਆਚਰਣ' ਘੜਨ ਦੀ ਸਿਖਿਆ ਤੇ ਪ੍ਰੇਰਨਾ ਮਿਲਦੀ ਹੈ, ਉਸ ਨੂੰ ਵੀ ਪ੍ਰਾਪਤ ਕਰਨਾ ਚਾਹੁੰਦਾ ਹੈ, ਤੀਜਾ ਗੁਰੂ ਤੇ ਗੁਰਦੁਆਰੇ-ਯਾਦਾਂ ਖਾਲਸਾ-ਕੌਮ ਦੀ ਇਤਿਹਾਸਕ-ਜਾਇਦਾਦ ਹਨ। ਇਸੇ ਲਈ ਉਹ ਦਰਸ਼ਨ-ਦੀਦਾਰ ਦੀ ਇੱਛਾ ਪ੍ਰਗਟਾ ਕੇ ਉਹਨਾਂ ਦੀ ਸੇਵਾ-ਸੰਭਾਲ ਕਰਨਾ ਚਾਹੁੰਦਾ ਹੈ। 'ਗ੍ਰੰਥ ਤੇ ਪੰਥ', ਤਖਤ ਤੇ ਗੁਰੂ-ਯਾਦਾਂ-ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ, 'ਖਾਲਸਾ-ਪੰਥ' ਆਪਣਾ ਪਹਿਲਾ ਫਰਜ਼ ਸਮਝਦਾ ਹੈ। ਨਾਲੇ 'ਗ੍ਰੰਥ ਤੇ ਪੰਥ', 'ਤਖਤ ਤੇ ਗੁਰਦੁਆਰੇ' ਖਾਲਸਾ-ਪੰਥ ਦੇ ਉਚ-ਆਚਰਣ ਦੇ ਮਿਆਰ-ਪ੍ਰਮਾਣ ਵੀ ਹਨ। ਇਸੇ ਲਈ 'ਖਾਲਸਾ-ਪੰਥ' ਸ਼ਹੀਦਾਂ ਦੀ ਕੀਤੀ ਹੋਈ ਕਮਾਈ ਨੂੰ ਜਿੱਥੇ ੧ਓ ਦੀ ਫ਼ਤਹਿ ਵਾਸਤੇ ਸਹਾਇਕ ਸਮਝਦਾ ਹੈ, ਤੇ ਇਸ ਤੋਂ ਉਤਸ਼ਾਹ ਤੇ ਉਤੇਜਨਾ ਵੀ ਲੈਂਦਾ ਹੈ, ਉਹਦੇ ਨਾਲ ਨਾਲ ਉਹ ਆਪਣੇ 'ਪ੍ਰਭੂ-ਸਨਮੁਖ' ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਗੁਰਸਿੱਖਾਂ ਤੇ ਸ਼ਹੀਦਾਂ ਵਰਗਾ 'ਉੱਚ-ਆਚਰਣ' ਪ੍ਰਾਪਤ ਕਰਨ ਦੀ ਯਾਚਨਾ ਵੀ ਕਰਦਾ ਹੈ ਤੇ ਨਿਤ ਦਾਨ ਵੀ ਮੰਗਦਾ ਹੈ।

'ਖਾਲਸਾ-ਕੌਮ' ਦਾ ਇਹ ਵਿਸ਼ਵਾਸ ਹੈ, ਕਿ '੧ਓ ਦੀ ਫ਼ਤਹਿ' ਵਾਸਤੇ ਵਿਸ਼ੇਸ਼ ਤੇ 'ਉਚ-ਆਚਰਣ' ਦੀ ਹੀ ਲੋੜ ਹੈ। 'ਉੱਚ-ਆਚਰਣ' ਦੀ ਪ੍ਰਾਪਤੀ ਆਪਣੇ ਉੱਦਮ ਉਤੇ ਆਧਾਰਤ ਨਹੀਂ, ਇਹ ਤਾਂ 'ਪ੍ਰਭੂ-ਦਰਬਾਰ' ਵਲੋਂ ਮਿਲਿਆ ਤੋਹਫ਼ਾ ਹੀ ਹੈ। ਇਸ ਦਾ ਭਾਵ ਇਹ ਵੀ ਨਹੀਂ, ਕਿ ਸਿੱਖ ਨੇ ਉੱਦਮ ਨਹੀਂ ਕਰਨਾ, ਉੱਦਮ ਕਰਨਾ ਹੈ, ਪਰ ਉਸ ਦਾ ਹੰਕਾਰ ਨਹੀਂ ਕਰਨਾ ਜਾਂ ਫੱਲ ਨਹੀਂ ਮੰਗਣਾ। 'ਫੱਲ' ਪ੍ਰਭੂ-ਵਸ ਹੈ, ਦਾਨ ਦੇ ਰੂਪ ਵਿਚ ਮੰਗਣਾ ਨਿੱਤ ਹੈ। ਪਰ ਮਿਲਣਾ ਪ੍ਰਭੂ-ਦਰਬਾਰ ਵਿਚ ਪ੍ਰਵਾਨ ਹੋਣ ਪਿਛੋਂ ਹੀ ਹੈ। ਪ੍ਰਭੂ-ਦਰਬਾਰ ਦੀ ਪ੍ਰਵਾਨਗੀ 'ਪ੍ਰਭੂ-ਆਚਰਣ' ਉਤੇ ਪੂਰਨ ਰੂਪ ਵਿਚ ਢਲ ਜਾਣ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜਦੋਂ 'ਖਾਲਸਾ-ਪੰਥ' ਅਰਦਾਸ ਦੀ ਕਿਰਿਆ ਦੁਆਰਾ, ਪ੍ਰਭੂ-ਸਨਮੁਖ ਖੜਾ ਹੋ ਕੇ, ਨਿਤ ਦਾਨ ਮੰਗਦਾ ਹੈ, ਅਰਥਾਤ:—

"ਸਰਬੱਤ ਖਾਲਸਾ ਜੀ ਕੌ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ, ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ ਦੇਗ ਤੇਗ ਫ਼ਤਹਿ. ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ-ਬਾਲੇ, ਬੋਲੋ ਜੀ ਵਾਹਿਗੁਰੂ।"

"ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ-ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ".....

"ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪਿ ਵਾਹਿਗੁਰੂ"

ਇਹ 'ਦਾਨ' ਕਿਸ ਵਾਸਤੇ ਹੈ ? 'ਉੱਚ-ਆਚਰਣ' ਦੀ ਉਸਾਰੀ ਵਾਸਤੇ ਹੀ ਹੈ। ਇਸ ਸਾਰੇ ਮੰਗੇ ਹੋਏ 'ਦਾਨ' ਵਿਚ ਇਕ ਜਿਹੜਾ ਸਰਬ ਸਾਝਾਂ ਤੱਤ ਉਜਾਗਰ ਹੁੰਦਾ ਹੈ, ਉਹ ਹੈ 'ਪ੍ਰਭੂ ਦੀ

Digitized by Panjab Digital Library | www.panjabdigilib.org

ਸਰਬ-ਸਮਰੱਥਾ ਸ਼ਕਤੀ ਦਾ।' 'ਖਾਲਸਾ-ਪੰਥ' ਪ੍ਰਭੂ ਨੂੰ ਹੀ ਸਰਬ-ਸਮਰੱਥ-ਸਕਤੀ ਮੰਨਦਾ ਹੈ, ਇਹ ਸਰਬ-ਸਮਰੱਥ-ਸ਼ਕਤੀ ਹਰ ਥਾਂ ਰੱਛਿਆ ਰਿਆਇਤ ਹੋ ਸਕਦੀ ਹੈ। ਇਹੀ 'ਗ੍ਰੰਥ ਤੇ ਪੰਥ' ਤਖਤ ਤੇ ਗੁਰਦੁਆਰਿਆਂ ਦੀ ਰਾਖਾ ਸ਼ਕਤੀ ਹੈ, ਤੇ ਇਹੀ ਖਾਲਸੇ ਜੀ ਦੇ ਬੋਲ-ਬਾਲੇ ਦਾ ਪੂਰਨ ਰੂਪ ਵਿਚ ਪ੍ਰਕਾਸ਼ ਕਰਦੀ ਹੈ। ਇਸੇ ਲਈ 'ਖਾਲਸਾ-ਪੰਥ' ਪ੍ਰਭੂ ਨੂੰ ਹੀ ਆਪਣਾ ਮਾਣ, ਤਾਣ, ਓਟ, ਆਸਰਾ ਤੇ ਗਤੀ ਕਰਨ ਵਾਲਾ ਮਿਥ ਲੈਂਦਾ ਹੈ। ਤੇ ਆਪਣੇ ਆਪ ਨੂੰ ਨਿਮਾਣਾ, ਨਿਤਾਣਾ, ਨਿਓਂਟਾ, ਨਿਆਸਰਾ ਤੇ ਨਿਗਤਿ ਕਹਿ ਲੈਂਦਾ ਹੈ। ਆਪਣੇ ਆਪ ਨੂੰ ਨਿਮ੍ਰਤਾ ਦੇ ਮੰਡਲ ਵਿਚ ਸੁਹਿਰਦ ਰੂਪ ਵਿਚ ਰਖ ਲੈਣਾ ਹੀ ਉਸ ਦੇ 'ਉੱਚ-ਆਚਰਣ' ਦਾ ਪ੍ਰਤੀਕ ਹੈ। ਗੁਰੂ ਸਾਹਿਬਾਂ ਦਾ ਵਿਸ਼ਵਾਸ ਹੈ ਕਿ "ਜੋ ਆਪਸ ਕਉ ਜਾਣੈ ਨੀਚਾ, ਸੋਊ ਗਣੀਐ ਸਭ ਤੇ ਊਚਾ।" ਬਸ ਇਹੀ 'ਉੱਚ-ਆਚਰਣ' ਸੀ, ਜਿਸ ਨੇ 'ਏਕਤਾ' ਦੀ ਫ਼ਤਹਿ ਨੂੰ ਥੰਮੀ ਰਖਿਆ। ਇਸੇ 'ਉੱਚ-ਆਚਰਣ' ਦਾ ਖਾਲਸਾ-ਪੰਥ ਨਿਤ ਦਾਨ ਮੰਗਦਾ ਹੈ।

ਕਾਸ਼! ਇਹ ਦਾਨ ਜਲਦੀ ਪ੍ਰਾਪਤ ਹੋ ਸਕੇ।

'ਉੱਚ-ਆਚਰਣ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 'ਨਾਮ' ਦਾ ਸੰਕਲਪ ਵੀ ਦਿੱਤਾ ਗਿਆ ਹੈ। 'ਨਾਮ' ਦਾ ਭਾਵ-ਅਰਥ ਹੈ, "ਉਹ ਅਟੱਲ ਬਚਨ, ਜਿਹੜੇ ਅਮਰ ਗੁਰੂ-ਆਤਮਾਵਾਂ ਨੇ ਆਤਮਕ ਰੂਪ ਵਿਚ ਪ੍ਰਭੂ ਨਾਲ ਇਕ ਸੁਰ ਹੋ ਕੇ ਅਲਾਪੇ ਹਨ।" 'ਪ੍ਰਭੂ' ਨਾਲ ਇਕ ਸੁਰ ਹੋ ਕੇ, ਜੋ ਕੁਝ ਵੀ ਗੁਰੂ-ਅੰਤਰ-ਆਤਮਾਵਾਂ ਵਿਚੋਂ ਰੂਪਮਾਨ ਹੋਇਆ ਹੈ, ਸਿੱਖ ਦ੍ਰਿਸ਼ਟੀਕੋਣ ਤੋਂ ਉਹ 'ਨਾਮ' ਅਖਵਾਉਂਦਾ ਹੈ। ਇਸ 'ਨਾਮ' ਵਿਚ ਪ੍ਰਧਾਨਤਾ ਉੱਚ ਜਾਂ ਦੈਵੀ-ਆਚਰਣ ਦੀ ਹੀ ਹੈ, ਪਰ 'ਉੱਚ-ਆਚਰਣ' ਨੂੰ ਜਿਸ ਜਿਸ ਦਿਸ਼ਾ ਤੋਂ ਵੀ ਉਸਾਰਿਆ ਜਾ ਸਕਦਾ ਹੈ, ਜਾਂ ਜਿਹੜਾ ਰੂਪ ਵੀ ਸੱਚ, ਆਚਾਰ ਤੇ ਵਿਹਾਰ ਦਾ ਆਧਾਰ ਬਣ ਸਕਦਾ ਹੈ, 'ਨਾਮ' ਵਿਚ ਉਸ ਦਾ ਵਿਸਥਾਰ ਤੇ ਵਿਸ਼ਲੇਸ਼ਣ ਸਹਿਤ ਪ੍ਰਗਟਾਵਾ ਮਿਲ ਜਾਂਦਾ ਹੈ। ਇਸੇ ਕਰ ਕੇ ਸਰਬ ਆਸਤਿਕ-ਗ੍ਰੰਥਾਂ ਦੀ 'ਪੂਰਨ ਪ੍ਰਭੂ-ਅਨੁਭਵ' ਵਾਲੀ ਰਚਨਾ ਨੂੰ 'ਨਾਮ' ਦਾ ਸੰਕਲਪ ਦਿੱਤਾ ਜਾ ਸਕਦਾ ਹੈ। ਵਿਸ਼ੇਸ਼ ਤੌਰ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਪਾਦਤ ਹੋਈ ਰਚਨਾ ਤਾਂ ਸਾਰੀ ਦੀ ਸਾਰੀ 'ਨਾਮ' ਦੇ ਸੰਕਲਪ ਨਾਲ ਹੀ ਉਪਮਾਈ ਗਈ ਹੈ। ਇਕ ਦ੍ਰਿਸ਼ਟੀਕੋਣ ਤੋਂ ਤਾਂ 'ਨਾਮ' 'ਪ੍ਰਭੂ-ਆਚਰਣ' ਦਾ ਹੀ ਸੰਕੇਤ ਹੈ। 'ਨਾਮ-ਆਚਰਣ' ਅਨੁਸਾਰ ਆਪਣੇ ਆਪ ਨੂੰ ਢਾਲਣ ਨਾਲ ਹੀ 'ਪ੍ਰਭੂ-ਭਗਤ' ਅਖਵਾਇਆ ਜਾ ਸਕਦਾ ਹੈ। 'ਪ੍ਰਭੂ-ਭਗਤ' ਦੀ ਪ੍ਰਮੁਖ ਤੇ ਪ੍ਰਧਾਨ ਵਿਸ਼ੇਸ਼ਤਾ ਇਹ ਹੁੰਦੀ ਹੈ, ਕਿ ਉਹ ਮਨ, ਬਚਨ ਤੇ ਕਰਮ-ਖੇਤਰ ਵਿਚ ਚੜ੍ਹਦੀ-ਕਲਾ ਦੀ ਜੀਵੰਤ ਜ਼ਿੰਦਗੀ ਜੀਊਂਦਾ ਹੈ। 'ਚੜ੍ਹਦੀ-ਕਲਾ' ਵਾਲੇ ਜੀਵਨ ਦਾ ਆਧਾਰ-ਸੋਮਾ 'ਨਾਮ-ਆਚਰਣ' ਹੀ ਹੈ। 'ਪ੍ਰਭੂ-ਭਗਤ' ਦਾ ਵਿਹਾਰ ਨਾਮ-ਆਚਰਣ ਵਾਲਾ ਹੀ ਹੁੰਦਾ ਹੈ। ਜਦੋਂ 'ਖਾਲਸਾ-ਪੰਥ' ਪ੍ਰਭੂ-ਸਨਮੁਖ ਖੜਾ ਹੋ ਕੇ ਨਿਤ ਯਾਦ ਕਰਦਾ ਹੈ, "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ", ਤਾਂ ਉਹ ਆਪਣਾ ਵਿਸ਼ਵਾਸ-ਨਿਰਣਾ ਹੀ ਪ੍ਰਗਟ ਕਰ ਰਿਹਾ ਹੁੰਦਾ ਹੈ, ਕਿ ਗੁਰੂ ਨਾਨਕ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਜਿਹੜਾ 'ਨਾਮ-ਆਚਰਣ' ਮੂਰਤੀਮਾਨ ਕੀਤਾ ਹੈ, ਉਸੇ ਆਧਾਰ ਤੇ ਹੀ ਚੜ੍ਹਦੀ-ਕਲਾ ਦਾ ਭਾਵ ਉਪਜ ਸਕਦਾ ਹੈ। ਦੂਜਿਆਂ ਸ਼ਬਦਾਂ ਵਿਚ 'ਚੜ੍ਹਦੀ-ਕਲਾ' ਹੀ ਨਾਮ-ਆਚਰਣ ਦੀ ਸਰਬ-ਉੱਤਮ ਤੇ

Digitized by Panjab Digital Library | www.panjabdigilib.org

ਪੂਰਨ ਟੀਸੀ ਹੈ। ਚੜ੍ਹਦੀ-ਕਲਾ ਵਿਚੋਂ ਹੀ 'ਸਰਬੱਤ ਦਾ ਭਲਾ' ਭਾਵ ਉਜਾਗਰ ਹੁੰਦਾ ਹੈ। ਤੇ 'ਸਰਬੱਤ ਦਾ ਭਲਾ' ਭਾਵ ਵਾਲੀ ਜ਼ਿੰਦਗੀ ਸਦਾ ਏਕਤਾ ਦੀ ਪ੍ਰਤੀਕ ਹੈ। 'ਏਕਤਾ' ਹੀ 'ਖਾਲਸਾ-ਪੰਥ' ਦਾ 'ਉੱਚ-ਆਚਰਣ' ਹੈ। ਇਸੇ 'ਆਚਰਣ' ਦਾ ਹੀ ਖਾਲਸਾ-ਪੰਥ ਉਪਾਸ਼ਕ ਹੈ, ਇਹੀ 'ਆਚਰਣ' ਗੁਰੂਆਂ, ਪੈਆਰਿਆਂ, ਸਾਹਿਬਜ਼ਾਦਿਆਂ, ਗੁਰਸਿੱਖਾਂ ਤੇ ਸ਼ਹੀਦਾਂ ਦਾ ਸੀ, ਇਹੀ 'ਆਚਰਣ' 'ਗ੍ਰੰਥ ਤੇ ਪੰਥ', 'ਤਖਤ ਤੇ ਗੁਰਦੁਆਰਿਆਂ' ਵਿਚ ਮੱਘਦਾ ਹੈ। ਇਸੇ 'ਆਚਰਣ' ਸਹਾਰੇ 'ਖਾਲਸਾ-ਪੰਥ' ਵਿਚ ਆਦਰਸ਼, ਪੰਥ ਤੇ ਪਰਸਪਰ ਸਾਂਝ ਵੀ ਰਹੀ ਹੈ, ਤੇ ਹੁਣ ਵੀ ਰਹਿ ਸਕਦੀ ਹੈ। ਇਹੀ 'ਆਚਰਣ' ਖਾਲਸਾ-ਪੰਥ ਦੇ ਸਰਬ-ਖੇਤਰਾਂ ਵਿਚ ਪ੍ਰਧਾਨ ਹੋਣਾ ਚਾਹੀਦਾ ਹੈ।

'ਪ੍ਰਭੂ-ਨਾਮ-ਆਚਰਣ' ਸਹਾਰੇ ਹੀ ਏਕਤਾ ਪੈਦਾ ਹੋਣੀ ਹੈ, ਤੇ ਏਕਤਾ ਵਿਚ ਹੀ ਸਰਬੱਤ ਦਾ ਭਲਾ ਹੈ। 'ਸਰਬੱਤ ਦਾ ਭਲਾ'-ਮੰਡਲ ੧ਓ ਦਾ ਹੀ ਮੰਡਲ ਹੈ, ਗਿਆਨ ਦਾ ਹੀ ਮੰਡਲ ਹੈ। 'ਏਕਤਾ ਤੇ ਗਿਆਨ'-ਮੰਡਲ ਵਿਚੋਂ ਹੀ ਸਦੀਵੀ ਫ਼ਤਹਿ ਪ੍ਰਾਪਤ ਹੋਣੀ ਹੈ। 'ਸਦੀਵੀ ਫ਼ਤਹਿ' ਹੀ ੧ਓ ਦੀ ਫ਼ਤਹਿ ਦੀ ਪ੍ਰਤੀਕ ਹੈ, ਤੇ ਇਹੀ 'ਅਰਦਾਸ' ਦਾ ਪ੍ਰਮੁੱਖ ਤੇ ਤੇ ਪ੍ਰਧਾਨ ਆਦਰਸ਼ ਹੈ।'

'ਅਰਦਾਸ' ਨੂੰ ਸੰਖੇਪ ਸ਼ਬਦਾਂ ਵਿਚ 'ਏਕਤਾ ਤੇ ਫ਼ਤਹਿ' ਦਾ ਹੀ ਸਰਬ-ਭਾਵੀ ਇਤਿਹਾਸ ਆਖਿਆ ਜਾ ਸਕਦਾ ਹੈ। 'ਸਰਬ-ਭਾਵੀ ਇਤਿਹਾਸ' ਕਿਸੇ ਕੌਮਾਂਤਰੀ-ਆਚਰਣ ਦਾ ਹੀ ਪ੍ਰਤੀਬਿੰਬ ਹੁੰਦਾ ਹੈ, ਕਿਸੇ ਕੌਮੀ-ਆਚਰਣ ਦੇ ਗੌਰਵਸ਼ੀਲ ਚਮਤਕਾਰਾਂ ਨਾਲ ਹੀ ਭਰਪੂਰ ਹੁੰਦਾ ਹੈ, ਕਿਸੇ 'ਉੱਚ-ਆਦਰਸ਼' ਦਾ ਹੀ ਪ੍ਰਤੀਨਿਧ ਹੁੰਦਾ ਹੈ। 'ਅਰਦਾਸ' ਖਾਲਸਾ-ਪੰਥ ਦੇ 'ਉੱਚ-ਆਚਰਣ' ਤੇ ਉੱਚ-ਆਦਰਸ਼ ਦਾ ਹੀ ਤੱਤ੍ਵ-ਪ੍ਰਧਾਨ ਇਤਿਹਾਸ ਰੂਪਮਾਨ ਕਰਦੀ ਹੈ।

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ

ਸਿਖ ਲਹਿਰ ਦੀ ਪਹਿਲੀ ਤੇ ਸਿਰਤਾਜ ਸ਼ਖਸੀਅਤ

ਗੁਰੂ ਨਾਨਕ ਦੇਵ ਜੀ ਇਕ ਲਹਿਰ ਸਨ, ਜੀਵਨ ਤੇ ਸਾਹਿਤ ਦੀ ਲਹਿਰ ਸਨ, ਸੱਚ ਪ੍ਰੇਮ, ਅਣਖ ਤੇ ਆਜ਼ਾਦੀ ਦੀ ਲਹਿਰ ਸਨ, ਯਥਾਰਥਵਾਦੀ ਤੇ ਆਦਰਸ਼ਵਾਦੀ ਕਾਵਿ ਦੀ ਲਹਿਰ ਸਨ। ਗੁਰੂ ਨਾਨਕ ਦੇਵ ਜੀ ਸਿਖ ਲਹਿਰ ਤੇ ਸਿਖ ਸਾਹਿਤਕ-ਲਹਿਰ ਦੇ ਮੋਢੀ ਵੀ ਸਨ। ਕਿਉਂਕਿ ਜੀਵਨ ਤੇ ਸਾਹਿਤ ਦੋਹਾਂ ਖੇਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਲਹਿਰ ਦਾ ਜਜ਼ਬਾ ਸੰਚਾਰ ਕੀਤਾ ਸੀ. ਯਥਾਰਥਵਾਦੀ ਤੇ ਆਦਰਸ਼ਕ ਉਦੇਸ਼ ਦਾ ਪ੍ਰਗਟਾ ਕੀਤਾ ਸੀ। ਇਸ ਲਈ ਜਿਥੇ ਗੁਰੂ ਨਾਨਕ ਦੇਵ ਜੀ ਨਾਲ ਪੰਜਾਬ ਦੇ ਜੀਵਨ-ਇਤਿਹਾਸ ਵਿਚ, ਇਕ ਨਵੀਂ ਲਹਿਰ ਦਾ ਮੁੱਢ ਬੱਝਦਾ ਹੈ, ਨਵੀਂ ਤੇ ਸੰਪੂਰਨ ਜੀਵਨ ਜਾਚ ਦਾ ਆਰੰਭ ਹੁੰਦਾ ਹੈ, ਉਥੇ ਪੰਜਾਬੀ ਸਾਹਿਤ ਵਿਚ ਵੀ ਇਕ ਨਵੀਂ ਤੇ ਕਲਾ-ਨਿਪੁੰਨ ਸਾਹਿਤਕ-ਲਹਿਰ ਦਾ ਜਨਮ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਰਚਨਾਵਾਂ, ਤੇ ਸ੍ਰੀ ਦਸਮ ਗ੍ਰੰਥ ਸਾਹਿਬ, ਇਸੇ ਸਾਹਿਤਕ ਲਹਿਰ ਦਾ ਹੀ ਸਿੱਟਾ ਹਨ। ਪਰ ਸਮੁੱਚੇ ਸਿਖ-ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਹੀ ਜਗ-ਮਗਾਉਂਦੀ ਦਿਸਦੀ ਹੈ। ਮੂਲ ਰੂਪ ਵਿਚ ਸਿਖ-ਸਾਹਿਤ, ਕਵਿਤਾ ਤੇ ਵਾਰਤਕ, ਗੁਰੂ ਨਾਨਕ ਦੇਵ ਜੀ ਨੂੰ, ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਨੂੰ, ਸਿਖ ਲਹਿਰ ਨੂੰ, ਸਿਖ ਲਹਿਰ ਦੀਆਂ ਗੁਰੂ ਤੇ ਗੁਰਮੁਖ ਸ਼ਖਸੀਅਤਾਂ ਨੂੰ, ਸਿਖ ਲਹਿਰ ਦੀ ਇਤਿਹਾਸਕ, ਸਭਿਆਚਾਰਕ ਤੇ ਦਾਰਸ਼ਨਿਕ ਪ੍ਰਗਤੀਸ਼ੀਲਤਾ ਨੂੰ, ਗੁਰੂ ਤੇ ਗੁਰਮੁਖਾਂ ਦੇ ਕਰਤੱਵਾਂ ਨੂੰ, ਸਾਂਭਣ ਦਾ ਇਕ ਸਦੀਵੀ ਯਤਨ ਹੈ। ਅੰਤਰੀਵੀਂ ਰੂਪ ਵਿਚ, ਪੰਜਾਬ ਵਿਚੋਂ ਉਠ ਰਹੇ ਸੁਤੰਤਰਤਾ ਦੇ ਇਨਕਲਾਬ ਤੇ ਕਲਾ-ਖੇਤਰ ਵਿਚ ਪ੍ਰਾਪਤ ਕੀਤੀਆਂ ਕਮਾਈਆਂ ਦਾ ਪ੍ਰਤੀਬਿੰਬ ਵੀ ਇਸ ਨੂੰ ਕਹਿਣਾ ਚਾਹੀਦਾ ਹੈ। ਜੀਵਨ ਤੇ ਸਾਹਿਤ ਦੋਹਾਂ ਖੇਤਰਾਂ ਵਿਚ ਸੁਮੇਲ ਪ੍ਰਾਪਤ ਕਰਕੇ, ਗੁਰੂ ਨਾਨਕ ਦੇਵ ਜੀ ਨੇ ਇਕ ਸਦੀਵੀ ਤੇ ਸੰਪੂਰਨ ਲਹਿਰ ਨੂੰ ਜਨਮ ਦਿੱਤਾ।

ਗੁਰੂ ਨਾਨਕ ਦੇਵ ਜੀ ਦੀ ਲਹਿਰ ਜੋਤਿ ਤੇ ਜੁਗਤਿ ਦੀ ਲਹਿਰ ਸੀ, ਇਸ ਨੂੰ 'ਕਾਇਆਂ' ਜਾਂ ਕਿਸੇ ਸੰਕੀਰਣਤਾਵਾਦੀ ਮੱਤ, ਮਜ਼ਹਬ ਜਾਂ ਸੰਪਰਦਾ ਦੀ ਲਹਿਰ ਨਹੀਂ ਕਿਹਾ ਜਾ ਸਕਦਾ। ਇਹ ਲਹਿਰ ਮਨੁੱਖਤਾ ਦੀ ਲਹਿਰ ਸੀ, ਪੰਜਾਬ ਦੀ ਇਕ ਸਾਂਝੀ ਲਹਿਰ ਸੀ, ਜਿਸ ਵਿਚ ਹਿੰਦੂ, ਮੁਸਲਮਾਣ ਤੇ ਜੋਗੀ ਦਾ ਨਾ ਤਾਂ ਮਜ਼ਹਬੀ ਵਿਤਕਰਾ ਸੀ, ਤੇ ਨਾ ਹੀ ਕਿਰਤ, ਜਾਤਿ ਤੇ ਰਹਿਣੀ-ਬਹਿਣੀ ਦਾ ਕੋਈ ਵਿਤਕਰਾ ਸੀ। ਇਹ ਲਹਿਰ ਇਨਸਾਨੀਅਤ ਦੀ ਲਹਿਰ ਸੀ। ਚੂੰਕਿ ਗੁਰੂ ਨਾਨਕ ਦੇਵ ਜੀ ਆਪ ਇਕ ਨੇਕ ਇਨਸਾਨ ਸਨ, ਨਾ ਹਿੰਦੂ ਨਾ ਮੁਸਲਮਾਣ, ਸ਼ੁੱਭ ਗੁਣਾਂ ਦੇ ਸੋਮਾ ਸਨ, ਮਨੁੱਖਤਾ ਦੇ ਢਾਢੀ ਸਨ। "ਉਹ ਮਨੁੱਖਤਾ ਵਾਸਤੇ ਸਨ ਤੇ ਮਨੁੱਖਤਾ ਉਹਨਾਂ ਵਾਸਤੇ ਸੀ।" ਇਸੇ ਕਰ ਕੇ

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ ਇਕ ਲਹਿਰ ਸਨ, ਮਨੁੱਖਤਾ ਦੀ ਦਲੇਰ ਆਵਾਜ਼ ਸਨ, ਸਦੀਆਂ ਤੋਂ ਅਲੋਪ ਹੋ ਰਹੀ ਸੱਚ, ਪਰੇਮ, ਅਣਖ ਤੇ ਆਜ਼ਾਦੀ ਦੀ ਆਦਰਸ਼ਕ ਜੀਵਨ ਜਾਚ ਦੇ ਪਹਿਲੇ ਪ੍ਰਚਾਰਕ ਸਰਦਾਰ ਸਨ।

'ਸੱਚ, ਪਰੇਮ, ਅਣਖ ਤੇ ਆਜ਼ਾਦੀ' ਸਿਖ ਲਹਿਰ ਦਾ ਮੁਖ ਜੀਵਨ-ਦਰਸ਼ਨ ਹੈ। ਇਹੀ 'ਜੀਵਨ-ਦਰਸ਼ਨ' ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਹੈ। ਗੁਰੂ ਨਾਨਕ ਦੇਵ ਜੀ ਤੋਂ ਪੂਰਵ ਇਹ ਜੀਵਨ-ਦਰਸ਼ਨ ਤਾਂ ਸੀ, ਪਰ ਲੱਗ ਭੁੱਗ 16ਵੀਂ ਸਦੀ ਵਿਚ, ਇਹ ਜੀਵਨ-ਦਰਸ਼ਨ ਖੰਭ ਲਾ ਕੇ ਉਡਿਆ ਹੋਇਆ ਹੀ ਨਜ਼ਰ ਆ ਰਿਹਾ ਸੀ। ਗੁਰੂ ਨਾਨਕ ਦੇਵ ਜੀ ਪਹਿਲੀ ਵਾਰੀ, ਬਾਵਜੂਦ ਸਮਕਾਲੀ ਵਿਰੋਧਤਾਈਆਂ ਦੇ, ਇਸ ਜੀਵਨ-ਦਰਸ਼ਨ ਨੂੰ ਵਿਅਕਤੀਗਤ ਤੇ ਸਮਾਜਕ ਪੱਧਰ ਤੇ ਪ੍ਰਚੱਲਤ ਕਰਦੇ ਹੰਨ, ਆਪ ਇਸ ਮਾਰਗ ਤੇ ਟੁਰ ਕੇ ਇਕ ਅਸਚਰਜਮਈ ਉਦਾਹਰਣ ਕਾਇਮ ਕਰਦੇ ਹਨ, ਹਿੰਦੂ, ਮੁਸਲਮਾਣ ਤੇ ਜੋਗੀਆਂ ਨੂੰ ਇਸ ਜੀਵਨ-ਦਰਸ਼ਨ ਦਾ ਪ੍ਰਭਾਵਸ਼ਾਲੀ ਪ੍ਰਭਾਵ ਦਰਸਾ ਕੇ, ਇਸ ਮਾਰਗ ਵਿਚ ਆਉਣ ਲਈ ਸੱਦਾ ਦਿੰਦੇ ਹਨ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ.....ਇਸ ਮਾਰਗ ਵਿਚ ਦੀਖਸ਼ਿਤ ਹੋ ਕੇ ਹੀ ਗੁਰੂ ਪਦ ਪ੍ਰਾਪਤ ਕਰਦੇ ਹਨ। ਚੂੰਕਿ ਮਾਰਗ ਇਕ ਹੈ, ਜੋਤਿ ਤੇ ਜੁਗਤਿ ਇਕ ਹੈ, ਇਸ ਲਈ ਭਾਵੇਂ ਸਿਖ ਲਹਿਰ ਨੂੰ ਪੂਰਨਤਾ, ਕਈ ਜੀਵਨ ਦੀਆਂ ਪਵਿੱਤਰ ਤੇ ਉਸਾਰੂ ਛੋਹਾਂ ਦੁਆਰਾ ਪ੍ਰਾਪਤ ਹੁੰਦੀ ਹੈ, ਪਰ ਮੂਲ ਰੂਪ ਵਿਚ ਪ੍ਰਧਾਨ ਸ਼ਕਤੀ ਗੁਰੂ ਨਾਨਕ ਦੇਵ ਜੀ ਹੀ ਸਨ, ਸਰਬ ਰਮੀ ਹੋਈ ਜੋਤਿ ਤੇ ਜੁਗਤਿ ਵੀ ਗੁਰੂ ਨਾਨਕ ਦੇਵ ਜੀ ਦੀ ਹੀ ਹੈ। ਇਸ ਲਈ 'ਗੁਰੂ ਨਾਨਕ ਦੇਵ' ਜੀ ਨੂੰ ਹੀ ਸਿਖ ਲਹਿਰ ਦਾ ਮੋਢੀ ਕਹਿਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਇਕ ਨੇਕ ਮਨੁੱਖ ਸਨ, ਚੰਗੇ ਕਿਰਤੀ ਤੇ ਕ੍ਰਿਸਾਣ ਸਨ, ਮਾਤਾ-ਪਿਤਾ ਦੇ ਸੁਹਿਰਦ ਸਪੁੱਤਰ ਸਨ, ਗ੍ਰਿਹਸਤ-ਮਾਰਗੀ ਸਨ, ਆਪਣੀ ਪਤਨੀ ਦੇ ਪਿਆਰੇ ਪਤੀ-ਪ੍ਰਮੇਸ਼ਰ ਸਨ, ਦੋ ਬੱਚਿਆਂ ਦੇ ਬਾਪ ਸਨ, ਆਪਣੇ ਆਲੇ ਦੁਆਲੇ, ਸਮਾਜ ਤੇ ਪ੍ਰਕਿਰਤੀ ਦੇ ਮਿੱਤਰ ਸਨ। ਮਿੱਤਰਤਾ ਵਿਚੋਂ ਅਨੰਦ ਮਾਣਨਾ, ਉਹਨਾਂ ਦੀ ਵਿਸ਼ੇਸ਼ ਬਿਰਤੀ ਸੀ। ਉਹਨਾਂ ਦੀ ਮਿੱਤਰਤਾ ਸਮਾਜਕ ਪੱਧਰ ਤੇ ਵੀ ਸੀ ਤੇ ਮਾਨਵ ਪੱਧਰ ਤੇ ਵੀ ਸੀ। ਉਹ ਨਿਡਰ, ਦਲੇਰ ਤੇ ਸੁਹਿਰਦ ਪ੍ਰਤਿਭਾ ਦੇ ਸੁਆਮੀ ਸਨ। ਸੱਚੇ ਦੇਸ਼-ਭਗਤ ਸਨ, ਮਨੁੱਖਤਾ ਦੇ ਸੱਚੇ ਸਾਹਿਤਕਾਰ ਸਨ। ਉਹਨਾਂ ਦਾ ਗਿਆਨ ਅਨੁਭਵ ਬੜਾ ਵਿਸ਼ਾਲ ਤੇ ਡੂੰਘਾ ਸੀ, ਉਹ ਪ੍ਰੌਹੜ ਤੇ ਪੰਡਤਈ ਜੀਵਨ ਦੇ ਮਾਲਕ ਸਨ, ਚੰਗੇ ਜੋਸ਼ਟਕਾਰ ਸਨ, ਸੱਚ ਕਹਿਣ ਦੀ ਸਮਰੱਥਾ ਰਖਦੇ ਸਨ, ਇਕ ਜੇਤੂ ਯੋਧਾ ਸਨ, ਭਗਤੀ, ਕੁਰਬਾਨੀ ਤੇ ਤਿਆਗ ਦੀ ਸੁਹਣੀ ਸੂਰਤਿ ਸਨ, ਸੰਸਾਰ ਦਾ ਸਭ ਤੋਂ ਵਧ ਸਫ਼ਰ ਕਰਨ ਵਾਲੇ ਵਿਜੇਤਾ ਸਨ, ਸਾਹਿਤਕ-ਖੇਤਰ ਵਿਚ ਵਿਸ਼ਵ-ਲੀਹਾਂ ਦਾ ਮੁੱਢ ਬੰਨ੍ਹਣ ਵਾਲੇ ਸਨ, ਚੰਗੇ ਭਾਸ਼ਾ ਵਿਗਿਆਨੀ ਸਨ, ਮਨੋਵਿਗਿਆਨਕ ਉਪਦੇਸ਼ਕ ਸਨ, ਇਕ ਸਫਲ ਆਗੂ ਸਨ, ਸੇਵਾ, ਨਿੰਮ੍ਰਤਾ, ਪਰਉਪਕਾਰ, ਸ਼ਾਂਤੀ ਤੇ ਮਿਠਾਸ ਦੇ ਮੁਜੱਸਮਾ

Digitized by Panjab Digital Library | www.panjabdigilib.org

ਸਨ, ਇਕ ਚੰਗੇ ਪ੍ਰਬੰਧ-ਕਰਤਾ ਸਨ। ਸਿਖ ਲਹਿਰ ਦੇ ਬੁਨਿਆਦੀ ਆਧਾਰ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਨੀਯਤ ਕੀਤਾ, ਉਹ ਗੁਰੂ ਨਾਨਕ ਦੇਵ ਜੀ ਦੇ ਦੂਰ-ਦਰਸ਼ੀ ਪਾਰ-ਦਰਸ਼ੀ ਤੇ ਤੱਤ੍ਵ-ਦਰਸ਼ੀ ਹੋਣ ਦਾ ਪ੍ਰਮਾਣ ਹਨ.....ਗੁਰੂ ਨਾਨਕ ਦੇਵ ਜੀ ਜਗਤ ਗੁਰੂ ਸਨ।.....ਗਲ ਕੀ ਗੁਰੂ ਨਾਨਕ ਦੇਵ ਜੀ, ਇਕ ਪੂਰਨ ਜੀਵਨ ਸਨ। ਇਸ ਲਈ ਉਹਨਾਂ ਦੇ ਕਰਤੱਵ, ਉਪਦੇਸ਼ ਤੇ ਸਾਹਿਤ ਰਚਨਾਵਾਂ, ਸਭ ਪੂਰਨਤਾ ਦੇ ਹੀ ਲਖਾਇਕ ਹਨ। 'ਸਿਖ ਲਹਿਰ' ਉਹਨਾਂ ਦੇ ਜੀਵਨ ਦਾ ਮੁਢਲਾ ਤੇ ਅੰਤਮ ਕਰਤੱਵ ਸੀ, ਇਸ ਲਈ ਇਹ ਵੀ ਪੂਰਨ ਹੈ, ਪੂਰਨਤਾ ਦੀ ਸਿਖਰ ਹੈ, ਗੁਰੂ ਨਾਨਕ ਦੇਵ ਜੀ ਦਾ ਸਾਖਿਆਤ-ਦਰਸ਼ਨ ਹੈ। ਗੁਰੂ ਨਾਨਕ ਦੇਵ ਜੀ ਦਾ ਸਾਖਿਆਤ-ਦਰਸ਼ਨ, ਉਹਨਾਂ ਦਾ ਜੀਵਨ-ਦਰਸ਼ਨ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਜੀਵਨ-ਦਰਸ਼ਨ ਤਿੰਨ ਵਿਸ਼ੇਸ਼ ਸਿਧਾਂਤਾਂ ਉਤੇ ਆਧਾਰਤ ਹੈ।

(ੳ) ਆਤਮਾ ਦਾ ਸ਼ੁੱਧ ਸਰੂਪ

(ਅ) ਆਤਮਾ ਦੀ ਪ੍ਰਗਤੀਸ਼ੀਲਤਾ

(ੲ) ਸਮਦ੍ਰਿਸ਼ਟ ਆਤਮਾ ਦੀ ਉਸਾਰੀ

(ੳ) ਆਤਮਾ ਦਾ ਸ਼ੁੱਧ ਸਰੂਪ

ਆਤਮਾ ਨੂੰ ਸ਼ੁੱਧ ਸਰੂਪ ਵਿਚ ਵਿਦਮਾਨ ਰਖਣਾ, ਇਹ ਇਕ ਧਰਮ-ਆਤਮਾਂ ਦਾ ਕਰਤੱਵ ਹੈ, ਇਹੀ ਪ੍ਰਮਾਤਮਾ ਦਾ ਕਰਤੱਵ ਹੈ। ਇਸ ਕਰਤਵ ਨੂੰ ਕਿਵੇਂ ਪਾਲਿਆ ਜਾਏ ? ਇਹ ਇਕ ਬੁਝਾਰਤ ਹੈ, ਜਿਸ ਨੂੰ ਸਿਖ ਲਹਿਰ ਦਾ ਮੂਲ ਆਧਾਰ, ਗੁਰੂ ਨਾਨਕ ਦੇਵ ਜੀ ਨੇ ਸਥਾਪਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਇਸ ਪਾਈ ਹੋਈ ਬੁਝਾਰਤ ਨੂੰ ਬੁਝਣ ਨਾਲ ਹੀ ਆਤਮਾ ਸ਼ੁਧ ਸਰੂਪ ਵਿਚ ਪ੍ਰਵੇਸ਼ ਕਰ ਸਕਦੀ ਹੈ। ਉਂਜ ਆਤਮਾ ਅਗਿਆਨ-ਵਸ ਹੈ, ਅਵਿਦਿਆ ਹੈ, ਵਿਸ਼ੁ-ਗੰਦਲਾਂ ਦੇ ਰੰਗ ਵਿਚ ਰੰਗੀ ਹੋਈ ਹੈ। ਇਸ ਨੂੰ ਗਿਆਨਮਈ ਜਾਂ ਵਿਦਿਆਮਈ ਬਣਾਉਣਾ, ਇਸ ਨੂੰ ਸ਼ੁਧ ਸਰੂਪ ਵਿਚ ਮੂਰਤੀਮਾਨ ਕਰਨਾ ਹੈ।

'ਸ਼ੁੱਧ-ਆਤਮਕ-ਉਸਾਰੀ' ਲਈ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਤੌਰ ਤੇ ਤਿੰਨ ਸਾਧਨਾਂ ਦਾ ਜ਼ਿਕਰ ਕੀਤਾ ਹੈ :—

(1) ਨਾਮ (2) ਦਾਨ (3) ਇਸ਼ਨਾਨ

ਨਾਮ :—

ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਰੀ ਬਾਣੀ ਨਾਮ ਹੈ, ਪ੍ਰਮਾਤਮਾ ਵੀ ਨਾਮ ਹੈ, ਵਿਦਿਆ, ਪਰਉਪਕਾਰ, ਨਿੰਮਰਤਾ, ਮਿਠਾਸ, ਸ਼ਾਂਤੀ, ਸਹਿਣ ਸ਼ਕਤੀ, ਸੇਵਾ, ਇਹ ਸਭ ਨਾਮ ਦੇ ਸਥੂਲ ਕਰਤੱਵ ਹਨ। ਇਹੀ ਸਥੂਲ ਕਰਤੱਵ ਪ੍ਰਮਾਤਮਾ ਦੀ ਜੀਵਨ ਜਾਚ

Digitized by Panjab Digital Library | www.panjabdigilib.org

ਹਨ। ਸਿਖ ਵਿਸ਼ਵਾਸ ਹੈ, ਕਿ ਗੁਰੂ ਸਾਹਿਬਾਨ ਦੀ ਜੀਵਨ-ਜਾਚ, ਪ੍ਰਮਾਤਮਾ ਦੀ ਜੀਵਨ ਜਾਚ ਹੀ ਸੀ, ਉਹਨਾਂ ਦੀ ਜੋ ਜੀਵਨ-ਹਰਕਤ ਸੀ, ਜੋ ਜੀਵਨ-ਕਰਤੱਵ ਸੀ, ਜੋ ਜੀਵਨ-ਉਪਦੇਸ਼ ਸੀ, ਉਹ ਸਭ ਕੁਝ ਪ੍ਰਮਾਤਮਾ ਦੇ ਨਾਮੱਤ ਸੀ, ਕਿਉਂਕਿ ਜਦੋਂ ਆਤਮਾ 'ਹਉਂ' ਛਡ ਕੇ, 'ਪਰ ਵਾਸਤੇ' ਹੋ ਜਾਵੇ ਤਾਂ ਉਹ ਪ੍ਰਮਾਤਮਾ ਹੁੰਦੀ ਹੈ। ਫਿਰ ਉਹ ਜੋ ਕੁਝ ਵੀ ਬੋਲੇ, ਉਹ ਸਭ ਕੁਝ ਪ੍ਰਮਾਤਮਾ ਦਾ ਬੋਲ ਹੁੰਦਾ ਹੈ, ਸੱਚ ਦਾ ਬੋਲ ਹੁੰਦਾ ਹੈ। ਇਸ ਕਰਕੇ 'ਸ੍ਰੀ ਗੁਰੂ ਗਰੰਥ ਸਾਹਿਬ' ਦੇ ਬੋਲ-ਬਾਣੀ, ਭਾਵੇਂ ਗੁਰੂ ਤੇ ਭਗਤ-ਆਤਮਾਵਾਂ ਵਿਚੋਂ ਨਿਕਲੇ ਅਟੱਲ ਤੇ ਰੱਬੀ ਬਚਨ ਹਨ, ਚੂੰਕਿ ਇਹ ਬਚਨ ਪਰ-ਅਵੱਸਥਾ ਵਿਚੋਂ ਨਿਕਲੇ ਹਨ, ਸਹਜ-ਅਵੱਸਥਾ ਵਿਚੋਂ ਮੂਰਤੀਮਾਨ ਹੋਏ ਹਨ, ਸ਼ੁਧ-ਆਤਮਕ ਮੰਡਲ ਵਿਚੋਂ ਰੂਪਮਾਨ ਹੋਏ ਹਨ, ਇਸ ਲਈ ਇਹ ਪ੍ਰਮਾਤਮਾ ਦੇ ਬਚਨ ਹਨ। 'ਪ੍ਰਮਾਤਮਾਂ' ਦੇ ਬਚਨਾਂ ਨੂੰ ਹੀ ਸਿਖ ਮਤਿ ਵਿਚ 'ਨਾਮ', ਗੁਰਬਾਣੀ, ਅੰਮ੍ਰਿਤ, ਗੁਰੂ, ਗੁਰਮਤਿ, ਸ਼ਬਦ, ਜੋਤਿ ਤੇ ਭਗਤੀ ਆਦਿ ਨਾਮ ਦਿੱਤੇ ਗਏ ਹਨ। 'ਨਾਮ-ਭਗਤੀ' ਦੁਆਰਾ ਹੀ ਆਤਮਾ ਗਿਆਨਮਈ ਬਣ ਸਕਦੀ ਹੈ। 'ਨਾਮ' ਚਾਨਣ ਹੈ, ਪ੍ਰਕਾਸ਼ ਹੈ। ਪ੍ਰਕਾਸ਼ ਦਾ ਤੇਜ਼ ਉਹੀ ਝਲ ਸਕਦਾ ਹੈ, ਜਿਸ ਨੇ ਆਪਣੇ ਆਪ ਨੂੰ ਪ੍ਰਕਾਸ਼ ਨਮਿੱਤ ਕੁਰਬਾਨ ਕਰ ਦਿੱਤਾ ਹੈ। 'ਨਾਮ-ਸਿਮਰਨ' ਵਿਚ ਆਪਾ ਗਵਾ ਦੇਣਾ, ਆਪੇ ਤੋਂ ਮੁਕਤ ਹੋ ਕੇ 'ਪਰ' ਵਾਸਤੇ ਹੋ ਜਾਣਾ, ਇਹ ਨਾਮ-ਭਗਤੀ ਹੈ, ਇਹ ਉੱਤਮ ਜੀਵਨ-ਜਾਚ ਹੈ, ਉੱਨਤ ਆਤਮਾ ਦੀ ਪਛਾਣ ਹੈ, ਆਤਮਾ ਦਾ ਸ਼ੁੱਧ ਸਰੂਪ ਹੈ। ਆਪਣੇ ਸ਼ੁੱਧ ਸਰੂਪ ਨੂੰ ਪ੍ਰਾਪਤ ਕਰਨਾ, ਇਹ ਮਨੁਖ ਦਾ ਧਰਮ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦਾ ਵੀ ਮੁਖ ਧਰਮ ਇਹੀ ਹੈ। ਚੂੰਕਿ ਇਹ ਧਰਮ ਸਰਬ ਸਾਂਝਾ ਹੈ, ਸਮੁੱਚੀ ਮਨੁੱਖਤਾ ਦਾ ਹੈ, ਇਸ ਲਈ ਇਸ ਧਰਮ-ਅਧੀਨ, ਆਈ ਹੋਈ ਜਿਹੜੀ ਮਨੁੱਖਤਾ ਸੀ, ਉਸ ਨੂੰ 'ਸਿਖ ਲਹਿਰ' ਦਾ ਨਾਮ ਦਿੱਤਾ ਗਿਆ। ਸਿਖ ਲਹਿਰ ਦਾ ਆਸ਼ਾ ਕਿਉਂਕਿ ਗੁਰੂ ਨਾਨਕ ਦੇਵ ਜੀ ਵਾਲਾ ਸੀ, ਇਸ ਲਈ ਸਿਖ ਲਹਿਰ ਨੂੰ ਗੁਰੂ ਨਾਨਕ-ਜੋਤਿ ਤੋਂ ਪ੍ਰਚੰਡ ਹੋਈ ਲਾਟ ਹੀ ਮੰਨਿਆਂ ਗਿਆ ਹੈ।

ਸਿਖ ਲਹਿਰ ਸ਼ੁੱਧ-ਆਤਮਾਵਾਂ ਦੀ ਲਹਿਰ ਹੈ, ਗੁਰੂ-ਭਗਤਾਂ ਤੇ ਈਸ਼ਵਰ ਭਗਤਾਂ ਦੀ ਲਹਿਰ ਹੈ। 'ਨਾਮ-ਭਗਤੀ' ਇਸ ਲਹਿਰ ਦਾ ਮੂਲ ਸਿਧਾਂਤ ਹੈ।

੨. ਦਾਨ :-

ਗੁਰੂ ਸਾਹਿਬਾਨ ਦੀ ਜ਼ਿੰਦਗੀ ਦਾਨੀ ਜ਼ਿੰਦਗੀ ਸੀ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਇਹਨਾਂ ਦਾਨੀ ਜ਼ਿੰਦਗੀਆਂ ਦਾ ਹੀ ਮਨੁੱਖਤਾ ਪ੍ਰਤੀ ਕੀਤਾ ਦਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਸਾਹਿਤਕ-ਦਾਨ ਹੈ, ਜੀਵਨ ਵਾਸਤੇ ਆਦਰਸ਼ਕ ਦਾਨ ਹੈ। ਇਹ ਦਾਨ ਸ਼ਬਦ ਰੂਪ ਵਿਚ ਵੀ ਹੈ, ਤੇ ਸਰੀਰਕ ਰੂਪ ਵਿਚ ਵੀ ਹੈ। ਸ਼ਬਦ ਰੂਪ ਵਿਚ ਆਤਮਾ ਦਾ ਦਾਨ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਆਤਮਕ ਤੌਰ ਤੇ ਹੀ ਮਨੁੱਖੀ ਹਿੱਤਾਂ ਵਾਸਤੇ ਕੀਤਾ ਉੱਤਮ ਦਾਨ ਹੈ। 'ਆਤਮ-ਦਾਨ' ਨੂੰ ਹੀ ਵਿਸ਼ਵ ਵਿਚ ਸਰਬ-ਸ੍ਰੇਸ਼ਟ ਦਾਨ ਮੰਨਿਆਂ ਗਿਆ ਹੈ। 'ਆਤਮ-ਦਾਨ' ਦਾ ਸਥਾਈ ਭਾਵ ਹਉਮੈਂ

Digitized by Panjab Digital Library | www.panjabdigilib.org

ਦਾ ਤਿਆਗ ਹੈ, ਹੰਕਾਰ ਦੀ ਕੁਰਬਾਨੀ ਹੈ, ਲੋਕ ਹਿੱਤਾਂ ਨੂੰ ਉਚਿਆਣ ਦੀ ਪ੍ਰਵਾਨਗੀ ਹੈ, ਲੋਕ-ਸੇਵਾ ਵਿਚ ਜੁੱਟ ਜਾਣ ਦਾ ਮਾਣ ਹੈ। ਆਪਣੇ ਗੌਰਵ ਨੂੰ ਲੋਕਾਂ ਨਮਿਤ ਠਹਿਰਾ ਦੇਣਾ, ਇਹ ਆਤਮਾ ਦਾ ਦਾਨ ਹੈ। ਸਰੀਰਕ ਰੂਪ ਵਿਚ ਵੀ ਦਾਨ ਦਿੱਤਾ ਜਾ ਸਕਦਾ ਹੈ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਸਿਖ ਸ਼ਹੀਦ, ਸਰੀਰਕ ਰੂਪ ਵਿਚ ਦਿਤੇ ਦਾਨ ਹੀ ਹਨ। ਇਹ ਦਾਨ ਕੌਮ ਤੇ ਦੇਸ਼ ਨੂੰ ਨਵਾਂ ਰੰਗ ਪ੍ਰਦਾਨ ਕਰਦੇ ਹਨ, ਉਹਨਾਂ ਦੀ ਸੁੱਤੀ ਕਲਾ ਨੂੰ ਜਗਾਉਂਦੇ ਤੇ ਮਿਲ-ਬੈਠਣ ਵਾਸਤੇ ਉਕਸਾਂਦੇ ਹਨ। ਕਿਉਂਕਿ ਅਜਿਹੇ ਦਾਨ ਹਮੇਸ਼ਾਂ ਮਿਲ-ਬੈਠਣ ਦੀ ਰਖਿਆ ਹਿਤ ਹੀ ਹੁੰਦੇ ਹਨ। ਕੋਈ ਹੰਕਾਰੀ ਮਿਲ-ਬੈਠੇ ਲੋਕਾਂ ਨੂੰ ਵੇਖ ਕੇ ਸਹਾਰ ਨਹੀਂ ਸਕਦਾ, ਉਸ ਨੂੰ ਉਹਨਾਂ ਦਾ ਮਿਲ-ਬੈਠਣਾ, ਖਤਰਾ ਜਾਪਦਾ ਹੈ, ਆਪਣੇ ਹੰਕਾਰ ਵਿਰੁਧ ਉਠ ਰਿਹਾ ਇਨਕਲਾਬ ਭਾਸਦਾ ਹੈ। ਉਹ ਹੰਕਾਰ-ਵਸ ਹੋ ਕੇ, ਮਿਲ-ਬੈਠਣ ਵਾਲਿਆਂ ਤੇ ਜ਼ੁਲਮ ਕਰਦਾ ਹੈ, ਜੁਰਮਾਨੇ ਕਰਦਾ ਹੈ, ਸਖਤ ਸਜ਼ਾਵਾਂ ਦਿੰਦਾ ਹੈ। ਮਿਲ-ਬੈਠਣ ਵਾਲੇ ਚੂੰਕਿ ਸੁਹਿਰਦ ਹੁੰਦੇ ਹਨ, ਕਿਸੇ ਸੱਚੇ ਤੇ ਸੁੱਚੇ ਆਦਰਸ਼ ਦੇ ਧਾਰਨੀ ਹੁੰਦੇ ਹਨ, ਦੈਵੀ ਜੀਵਨ ਦੇ ਮਾਲਕ ਹੁੰਦੇ ਹਨ, ਮਨੁਖੀ ਹਿੱਤਾਂ ਹਿਤ ਕੁਰਬਾਨ ਹੋ ਜਾਣ ਦੀ ਸਮਰੱਥਾ ਤੇ ਲਾਲਸਾ ਰਖਦੇ ਹੁੰਦੇ ਹਨ। ਇਸ ਲਈ ਜਦੋਂ ਕਦੀ ਮਿਲ-ਬੈਠਣ ਵਾਲਿਆਂ ਨੂੰ ਅਜਿਹਾ ਮੌਕਾ ਬਣਦਾ ਹੈ, ਤਾਂ ਉਹ ਸਰੀਰਕ ਦਾਨ ਵੀ ਦੇ ਦਿੰਦੇ ਹਨ। ਸਿਖ ਸ਼ਹੀਦਾਂ ਦਾ ਇਤਿਹਾਸ ਇਸ ਕਥਨ ਦਾ ਗਵਾਹ ਹੈ, ਕਿ:—

ਸਿਖ ਲਹਿਰ ਦਾਨੀਆਂ ਦੀ ਲਹਿਰ ਹੈ, ਆਤਮਕ ਤੇ ਸਰੀਰਕ ਤੌਰ ਤੇ ਮਿਲ-ਬੈਠਣ ਵਾਲਿਆਂ ਦੀ ਲਹਿਰ ਹੈ। 'ਦ·ਨ' ਇਸ ਲਹਿਰ ਦਾ ਦੂਜਾ ਤੇ ਪ੍ਰਸਿੱਧ ਸਿਧਾਂਤ ਹੈ।

੩. ਇਸ਼ਨਾਨ :—

ਸਿੱਖ ਰਵਾਇਤ ਹੈ, "ਅੰਮ੍ਰਿਤ ਸਰ ਜੀ ਦੇ ਇਸ਼ਨਾਨ"। 'ਅੰਮ੍ਰਿਤ ਸਰ ਦੇ ਇਸ਼ਨਾਨ' ਸਿਖ ਅਰਦਾਸੇ ਦੀ ਨਿਤ ਮੰਗ ਹੈ। 'ਅੰਮ੍ਰਿਤ ਸਰ ਜੀ ਦੇ ਇਸ਼ਨਾਨ' ਸਿਖ ਨਿਤ ਕਿਉਂ ਮੰਗਦਾ ਹੈ ? 'ਅੰਮ੍ਰਿਤ ਸਰ' ਇਕ ਸਰੋਵਰ ਹੈ, ਜਿਥੋਂ ਸਿਖ ਨੂੰ ਜੀਵਨ ਮਿਲਦਾ ਹੈ, ਮਰ ਕੇ ਜੀਵਨ ਮਿਲਦਾ ਹੈ। ਗੁਰੂ ਸਾਹਿਬਾਨ ਦੀ ਸਾਰੀ ਜ਼ਿੰਦਗੀ ਮਰ ਕੇ ਜੀਉਣ ਦੀ ਜ਼ਿੰਦਗੀ ਹੈ, ਮੌਤ-ਰਹਿਤ ਜ਼ਿੰਦਗੀ ਹੈ। ਮੌਤ-ਰਹਿਤ ਜ਼ਿੰਦਗੀ ਹੀ ਅਸਲ ਵਿਚ ਅੰਮ੍ਰਿਤ ਜ਼ਿੰਦਗੀ ਹੈ, ਪਵਿੱਤਰ ਤੇ ਸੁਹਿਰਦ ਜ਼ਿੰਦਗੀ ਹੈ, ਸਿੰਘ-ਸ਼ੇਰ ਦੀ ਜ਼ਿੰਦਗੀ ਹੈ, ਵਰਿਆਮੀ ਯੋਧੇ ਦੀ ਜ਼ਿੰਦਗੀ ਹੈ। ਸਿਖ 'ਅਰਦਾਸ' ਵਿਚ ਇਸ ਮੰਗ ਨੂੰ ਨਿਤ ਇਸ ਵਾਸਤੇ ਦੁਹਰਾਂਦੇ ਹਨ, ਕਿਉਂਕਿ ਅੰਮ੍ਰਿਤ ਸਰ ਦੇ ਇਸ਼ਨਾਨ ਵਿਚੋਂ ਉਹਨਾਂ ਨੂੰ ਮਰਦਾਨਗੀ ਮਿਲਦੀ ਹੈ, ਸਤਿ, ਨਿਰਭਉ ਤੇ ਨਿਰਵੈਰ ਹੋਣ ਦੀ ਸਿਖਿਆ ਮਿਲਦੀ ਹੈ, ਜੁਗੋ ਜੁਗ ਅਟੱਲ ਹੋਣ ਦਾ ਵਿਸ਼ਵਾਸ ਮਿਲਦਾ ਹੈ, ਸਿਖ ਨਿਸ਼ਾਨ ਝੂਲਦੇ ਨਜ਼ਰ ਆਉਂਦੇ ਹਨ, ਬੁੰਗੇ ਕਾਇਮ ਹੁੰਦੇ ਦਿਸਦੇ ਹਨ। ਇਸ

Digitized by Panjab Digital Library | www.panjabdigilib.org

ਸ਼ਕਤੀ-ਸੋਮੇ ਨੂੰ ਮੁਕਾਣ ਵਾਸਤੇ ਵਿਰੋਧੀਆਂ ਵਲੋਂ ਕਈ ਵਾਰੀ 'ਅੰਮ੍ਰਿਤ ਸਰ ਸਰੋਵਰ' ਮਿੱਟੀ ਨਾਲ ਭਰਵਾਇਆ ਗਿਆ । ਪਰ ਸਿੱਖਾਂ ਨੇ ਆਪਣੇ ਇਸ ਅਟੱਲ ਸ਼ਕਤੀ-ਸੋਮੇ ਨੂੰ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਪੜ੍ਹ ਪੜ੍ਹ ਕੇ ਉਸਾਰ ਲਿਆ, ਤੇ ਅੱਜ 'ਅੰਮ੍ਰਿਤ ਸਰ-ਸਰੋਵਰ' 'ਹਰਿ ਮੰਦਰ' ਦੇ ਰੂਪ ਵਿਚ ਪ੍ਰਚੱਲਤ ਹੋ ਗਿਆ ਹੈ ।

'ਇਸ਼ਨਾਨ' ਦਾ ਇਕ ਅਰਥ ਸਥੂਲ ਹੈ, ਅਰਥਾਤ ਸਰੀਰਕ ਸਫਾਈ ਵਾਸਤੇ ਪਾਣੀ ਆਦਿ ਨਾਲ ਇਸ਼ਨਾਨ ਕਰਨਾ, ਤੇ ਦੂਜਾ ਅਰਥ ਰਹੱਸਮਈ ਹੈ, ਅਰਥਾਤ ਬਾਣੀ ਰੂਪੀ ਹਰਿ ਮੰਦਰ ਵਿਚ ਤੇ ਸਤਿਸੰਗ ਰੂਪੀ ਅੰਮ੍ਰਿਤਸਰ ਵਿਚ ਇਸ਼ਨਾਨ ਕਰਨਾ । ਗੁਰਮਤਿ ਵਿਚ ਇਹੀ ਇਸ਼ਨਾਨ ਵਿਸ਼ੇਸ਼ ਹੈ । ਆਤਮਾ ਨੂੰ ਇਸ਼ਨਾਨ ਕਰਾਉਣਾ ਹੈ, ਆਤਮਕ-ਇਸ਼ਨਾਨ ਕਰਨ ਨਾਲ ਹੀ ਸੁੰਦਰਤਾ ਆ ਸਕਦੀ ਹੈ, ਸਦੀਵੀ ਸਵੱਛਤਾ ਪ੍ਰਾਪਤ ਹੋ ਸਕਦੀ ਹੈ, ਸਦੀਵੀ ਤੌਰ ਤੇ ਵਿਕਾਰਾਂ ਦੀ ਮੈਲ ਉਤਰ ਸਕਦੀ ਹੈ । ਵਿਕਾਰਾਂ ਦੀ ਮੈਲ ਧੋਣੀ ਹੀ 'ਸਿੱਖੀ ਇਸ਼ਨਾਨ' ਹੈ। ਇਹੀ ਇਸ਼ਨਾਨ ਗੁਰਮਤਿ ਵਿਚ ਪ੍ਰਵਾਨ ਹੈ। 'ਅੰਮ੍ਰਿਤ ਸਰ ਜੀ ਦਾ ਇਸ਼ਨਾਨ' ਚੂੰਕਿ ਇਸੇ ਇਸ਼ਨਾਨ ਦਾ ਪ੍ਰਤੀਕ ਹੈ, ਇਸ ਲਈ ਸਿੱਖ ਆਪਣੀ ਨਿਤ ਦੀ ਅਰਦਾਸ ਵਿਚ, ਇਸ ਇਸ਼ਨਾਨ ਨੂੰ ਰੋਜ਼ ਮੰਗਦਾ ਹੈ ।

'ਸਿਖ ਲਹਿਰ' ਅੰਮ੍ਰਿਤ-ਧਾਰੀਆਂ ਦੀ ਲਹਿਰ ਹੈ, ਵਿਕਾਰ-ਰਹਿਤ ਸ਼ੇਰਾਂ ਦੀ ਲਹਿਰ ਹੈ, ਸਾਬਤ ਮਰਦਾਨਿਆਂ ਦੀ ਲਹਿਰ ਹੈ ਤੇ ਸੂਰਮੇ ਬਹਾਦਰਾਂ ਦੀ ਲਹਿਰ ਹੈ । 'ਸੂਰਮਗਤੀ' ਸਿਖ ਲਹਿਰ ਦਾ ਤੀਜਾ ਸਿਧਾਂਤ ਹੈ ।

'ਨਾਮ, ਦਾਨ, ਇਸ਼ਨਾਨ' ਸਿਖ ਲਹਿਰ ਦੇ ਵਿਸ਼ੇਸ਼ ਤਿੰਨ ਸਿਧਾਂਤ ਹਨ । ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਹੈ, ਕਿ ਇਹਨਾਂ ਨੂੰ ਜੀਵਨ-ਅਮਲ ਵਿਚ ਲਿਆਉਣ ਨਾਲ ਹੀ 'ਮਨੁੱਖ-ਆਤਮਾ', ਆਤਮਕ ਤੌਰ ਤੇ ਸ਼ੁਧ ਹੋ ਸਕਦੀ ਹੈ । ਇਹੀ ਤਿੰਨ ਸਾਧਨ ਆਤਮਾ ਨੂੰ ਸ਼ੁੱਧ ਸਰੂਪ ਵਿਚ ਪਹੁੰਚਾਣ ਤਕ ਸਹਾਇਤਾ ਕਰਦੇ ਹਨ। ਆਤਮਕ ਤੌਰ ਤੇ ਸ਼ੁੱਧ ਹੋਣਾ ਹੀ ਗੁਰੂ ਨਾਨਕ-ਜੀਵਨ-ਦਰਸ਼ਨ ਦਾ ਪ੍ਰਮੁਖ ਲਖਸ਼ ਹੈ, ਇਹੀ ਸਿਖ ਲਹਿਰ ਦਾ ਮੁੱਖ ਆਧਾਰ ਹੈ ।

(ਅ) ਆਤਮਾ ਦੀ ਪ੍ਰਗਤੀਸ਼ੀਲਤਾ

'ਮਨੁੱਖ-ਆਤਮਾ' ਪ੍ਰਗਤੀਸ਼ੀਲ ਹੈ, ਉਹ ਸਦਾ ਵਿਕਾਸ ਕਰਦੀ ਹੈ । ਜਿਸ ਆਤਮਾ ਦਾ ਵਿਕਾਸ ਨਹੀਂ, ਉਹ ਆਤਮਾ ਜਾਂ ਤਾਂ ਮਰ ਚੁਕੀ ਹੈ, ਜਾਂ ਵਿਕਾਸ ਦੀਆਂ ਮੰਜ਼ਲਾਂ ਟੱਪ ਕੇ ਅੰਤਮ ਆਦਰਸ਼ ਨੂੰ ਪ੍ਰਾਪਤ ਕਰ ਚੁਕੀ ਹੈ। ਸਾਧਾਰਣ ਮਨੁੱਖ-ਆਤਮਾ ਸਦਾ ਵਿਕਾਸ ਕਰਦੀ ਹੈ, ਸਦਾ ਪ੍ਰਗਤੀਸ਼ੀਲ-ਮਾਰਗ ਤੇ ਟੁਰਦੀ ਹੈ । 'ਪ੍ਰਗਤੀ' ਕਰਨਾ ਹਰ ਆਤਮਾ ਦਾ ਕੁਦਰਤੀ ਕਰਤੱਵ ਹੈ, ਸਮਾਜਕ ਤੇ ਰਾਜਨੀਤਕ ਪ੍ਰਗਤੀ ਕਰਨੀ, ਇਹ ਵੀ ਆਤਮਾ ਦਾ ਕਰਤੱਵ ਹੈ। ਸਮਾਜਕ ਤੇ ਰਾਜਨੀਤਕ ਪ੍ਰਗਤੀ ਪੂਰਨ

Digitized by Panjab Digital Library | www.panjabdigilib.org

ਜੀਵਨ ਦੀ ਨਿਸ਼ਾਨੀ ਹੈ । 'ਪੂਰਨ-ਜੀਵਨ' ਧਾਰਮਿਕ, ਸਮਾਜਕ, ਰਾਜਨੀਤਕ..... ਸਭ ਖੇਤਰਾਂ ਵਿਚ ਪ੍ਰਗਤੀਸ਼ੀਲ ਹੋਣ ਦਾ ਹੀ ਪ੍ਰਮਾਣ ਹੈ । ਮਨੁਖ ਆਪਣੀ ਆਤਮਾ ਨੂੰ ਉੱਨਾ ਚਿਰ ਪ੍ਰਗਤੀ ਲੀਹਾਂ ਤੇ ਨਹੀਂ ਟੋਰ ਸਕਦਾ, ਜਿੰਨਾ ਚਿਰ ਉਸ ਦਾ ਵਿਹਾਰ ਸਮਾਜਕ ਨਹੀਂ, ਸਮਾਜਕ ਸੰਘਰਸ਼ ਵਿਚੋਂ ਹੀ ਪ੍ਰਗਤੀ ਮਿਲਣੀ ਹੈ । ਕਿਸੇ ਇਕੱਲ ਵਿਚ ਜਾ ਬੈਠਣ ਨਾਲ ਮਨੁਖ-ਆਤਮਾ ਪ੍ਰਗਤੀ ਨਹੀਂ ਕਰ ਸਕਦੀ, ਨਾ ਹੀ ਸਮਾਜਕ ਸੰਘਰਸ਼ ਵਿਚੋਂ ਅੱਖਾਂ ਮੀਟ ਕੇ ਕੋਈ ਉਨਤੀ ਕਰ ਸਕਦਾ ਹੈ ।

'ਨਾਮ-ਸਿਮਰਨ' ਦੀ ਕਮਾਈ ਪ੍ਰੇਮ ਤੇ ਸੇਵਾ ਬਿਨਾਂ ਸਫਲ ਨਹੀਂ ਹੋ ਸਕਦੀ । ਪ੍ਰੇਮ ਤੇ ਸੇਵਾ ਹੀ ਨਾਮ-ਸਿਮਰਨ ਦੀ ਜ਼ਿੰਦਗੀ ਹੈ ।

ਪ੍ਰੇਮ :-

ਪ੍ਰੇਮ-ਭਰਪੂਰ ਜੀਵਨ, ਰੱਬੀ ਜੀਵਨ ਹੈ, ਤੇ ਪ੍ਰੇਮ-ਹੀਣ ਜੀਵਨ ਇਕ ਟੁਰਦੀ ਫਿਰਦੀ ਲਾਸ਼ ਹੈ । ਜਿਸ ਮਨੁਖ-ਆਤਮਾ ਵਿਚ ਪ੍ਰੇਮ ਨਹੀਂ, ਲੋਕ-ਪ੍ਰੇਮ, ਸਮਾਜ-ਪ੍ਰੇਮ, ਕੌਮ-ਪ੍ਰੇਮ, ਦੇਸ਼-ਪ੍ਰੇਮ, ਵਿਸ਼ਵ-ਪ੍ਰੇਮ, ਉਹ ਕਦੀ ਵੀ ਪ੍ਰਗਤੀ ਨਹੀਂ ਕਰ ਸਕਦਾ । 'ਪ੍ਰਗਤੀ' ਮਿਲ-ਬੈਠਣ ਤੇ ਮਿਲ ਕੇ ਟੁਰਨ ਵਿਚ ਹੈ । ਕੋਈ ਵਿਅਕਤੀ ਵੀ ਸਮਾਜ ਨਾਲੋਂ ਟੁਟ ਕੇ ਵਖਰੇ ਹੋ ਕੇ, ਆਤਮਾ ਦਾ ਵਿਕਾਸ ਤੇ ਉਨਤੀ ਨਹੀਂ ਕਰ ਸਕਦਾ । ਇਕ ਇਤਿਹਾਸਕ ਸੱਚ ਹੈ, ਕਿ:—

"ਤੁਸੀਂ ਲੋਕਾਂ ਨੂੰ ਪ੍ਰੇਮ ਕਰੋਗੇ, ਤਾਂ ਲੋਕ ਤੁਹਾਨੂੰ ਪ੍ਰੇਮ ਕਰਨਗੇ ।"

ਗੁਰੂ ਨਾਨਕ ਦੇਵ ਜੀ ਦਾ ਇਹੀ ਤਾਂ ਉਪਦੇਸ਼ ਸੀ । ਗੁਰੂ ਨਾਨਕ ਦੇਵ ਜੀ ਨੇ ਆਪ ਲੋਕਾਂ ਨਾਲ ਪ੍ਰੇਮ ਕੀਤਾ ਹੈ, ਖਾਸ ਕਰ ਕੇ ਨੀਚਾਂ ਨਾਲ, ਗਰੀਬਾਂ ਤੇ ਕਿਰਤੀਆਂ ਨਾਲ, ਰੱਬੀ-ਪਿਆਰਿਆਂ ਨਾਲ । ਇਹਨਾਂ ਨਾਲ ਹੀ ਆਪਣਾ ਸਾਥ ਦਸ ਕੇ, ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਸਮਾਜਕ ਤੇ ਰਾਜਨੀਤਕ-ਆਕਰਮਣਾਂ ਦਾ, ਸਮਕਾਲੀ ਹਾਕਮਾਂ ਦਾ ਮੁਕਾਬਲਾ ਕੀਤਾ ਹੈ, ਅੰਤਮ ਰੂਪ ਵਿਚ ਜਿਤ ਵੀ ਪ੍ਰਾਪਤ ਕੀਤੀ ਹੈ । ਇਹ ਮੁਕਾਬਲਾ ਗੁਰੂ ਨਾਨਕ ਦੇਵ ਜੀ ਨੇ ਵਿਅਕਤੀਗਤ ਪ੍ਰਗਤੀ ਵਾਸਤੇ ਨਹੀਂ ਸੀ ਕੀਤਾ, ਬਲਕਿ ਇਸ ਮੁਕਾਬਲੇ ਵਿਚ ਲੋਕ-ਹਿਤ ਸਨ, ਲੋਕ-ਰਖਿਆ ਦਾ ਜਜ਼ਬਾ ਸੀ, ਲੋਕਾਂ ਨੂੰ ਅਮੀਰ ਤੇ ਵੱਡੇ ਬਣਾਨ ਦੀ ਇੱਛਾ ਸੀ, ਹੰਕਾਰੀਆਂ ਦਾ ਹੰਕਾਰ ਤੋੜਨ ਦੀ ਜੁਰਅੱਤ ਸੀ । ਇਹ ਸਭ ਕੁਝ 'ਪ੍ਰੇਮ' ਨਮਿਤ ਸੀ । ਗੁਰੂ ਨਾਨਕ ਦੇਵ ਜੀ ਆਪ ਪ੍ਰੇਮ-ਮੂਰਤਿ ਸਨ । ਜੇ ਗੁਰੂ ਨਾਨਕ ਦੇਵ ਜੀ ਇਹ ਸਭ ਕੁਝ ਪ੍ਰੇਮ-ਨਮਿਤ ਸਿਰਜ ਰਹੇ ਸਨ, ਤਾਂ ਇਹ ਸੁਭਾਵਕ ਹੈ, ਕਿ:—

ਸਿਖ ਲਹਿਰ ਵੀ ਪ੍ਰੇਮ-ਮੂਰਤੀਆਂ ਦੀ ਲਹਿਰ ਹੈ, ਰੱਬੀ ਪ੍ਰੇਮ-ਮੂਰਤੀਆਂ ਦੀ, ਦੇਸ਼ ਭਗਤਾਂ ਦੀ । 'ਪ੍ਰੇਮ' ਕਰਨਾ ਸਿਖ ਲਹਿਰ ਦਾ ਪਰਮ ਧਰਮ ਹੈ ।

Digitized by Panjab Digital Library | www.panjabdigilib.org

ਸੇਵਾ :-

'ਸੇਵਾ' ਨਿਸ਼ਕਾਮਤਾ ਤੇ ਨਿਰਮਾਣਤਾ ਦੀ ਪ੍ਰਤੀਕ ਹੈ। ਨਿਸ਼ਕਾਮ ਤੇ ਨਿਰਮਾਣ ਹੋਣਾ, ਇਹ ਉੱਤਮ ਜੀਵਨ ਦੀ ਕਾਰ ਹੈ, ਸਚਿਆਰੁ ਜੀਵਨ ਦੀ ਮਿਸਾਲ ਹੈ। ਕੋਈ ਸਚਿਆਰੁ ਜੀਵਨ ਹੀ ਸੇਵਾ ਕਰ ਸਕਦਾ ਹੈ, ਸੱਚਾ ਸੇਵਕ ਬਣ ਸਕਦਾ ਹੈ। ਸਚਾ ਸੇਵਕ ਬਣਨਾ, ਇਹ ਪ੍ਰਗਤੀਸ਼ੀਲ ਜੀਵਨ ਦਾ ਪ੍ਰਤੀਕ ਹੈ, ਹਉਮੈਂ-ਰਹਿਤ ਹੋਣ ਦੀ ਨਿਸ਼ਾਨੀ ਹੈ। ਹਉਮੈ-ਰਹਿਤ ਜੀਵਨ ਹੀ ਵਿਕਾਸ ਤੇ ਉਨਤੀ ਕਰ ਸਕਦਾ ਹੈ। ਗੁਰੂ ਅਮਰ ਦਾਸ ਜੀ ਸੇਵਾ ਦੀ ਮੂਰਤਿ ਸਨ, ਸੇਵਾ ਦੀ ਅਦੁੱਤੀ ਸੂਰਤਿ ਸਨ। ਬਜ਼ੁਰਗੀ ਵਿਚ ਆਪਣੇ ਗੁਰੂ ਦੀ ਚੋਣ ਕਰ ਕੇ, ਲਗਾਤਰ 12 ਸਾਲ ਉਹਨਾਂ ਦੀ ਸੇਵਾ ਵਿਚ ਜੁੜੇ ਰਹਿਣਾ, ਫਿਰ ਸੇਵਾ ਦੇ ਪਰਵਾਨ ਚੜ ਜਾਣ ਬਾਅਦ, ਗੁਰ ਗੱਦੀ ਦਾ ਵਾਰਸ ਵੀ ਬਣ ਜਾਣਾ, ਬਾਣੀ ਲਿੱਖਣ ਯੋਗ ਹੋ ਜਾਣਾ, ਇਕ ਆਗੂ ਦੇ ਤੌਰ ਤੇ ਸਾਰੇ ਪੰਜਾਬ ਵਿਚ ਪ੍ਰਚੱਲਤ ਹੋ ਜਾਣਾ,.....ਇਹ ਅਸਲ ਵਿਚ ਸੇਵਾ ਦੀ ਹੀ ਕਰਾਮਾਤ ਸੀ।.....ਨਵਾਬ ਕਪੂਰ ਸਿੰਘ ਸਿਖ-ਸੈਨਾ ਦੇ ਘੋੜਿਆਂ ਦੀ ਸੇਵਾ ਵਿਚ ਜੁਟਿਆ ਹੋਇਆ ਸੀ। ਲਾਹੌਰ ਵਲੋਂ ਸਿੱਖਾਂ ਨੂੰ ਨਵਾਬੀ ਭੇਂਟ ਹੋਈ। ਸਿਖ ਫੈਸਲਾ ਨਾ ਕਰ ਸੱਕਣ, ਕਿ ਇਹ ਕਿਸ ਨੂੰ ਦਿੱਤੀ ਜਾਏ। ਅੰਤ ਸਰਬ ਸਾਂਝਾ ਫੈਸਲਾ ਸੇਵਾ ਦੇ ਹੱਕ ਵਿਚ ਹੋਇਆ। ਨਵਾਬ ਕਪੂਰ ਸਿੰਘ ਦੀ ਸੇਵਾ ਪ੍ਰਵਾਨ ਹੋ ਚੁਕੀ ਸੀ ਤੇ ਫੈਸਲਾ ਵੀ ਇਹੀ ਹੋਇਆ, ਕਿ ਇਹ ਨਵਾਬੀ ਸ: ਕਪੂਰ ਸਿੰਘ ਨੂੰ ਦੇ ਦਿੱਤੀ ਜਾਏ। ਨਵਾਬ ਕਪੂਰ ਸਿੰਘ ਨੇ ਸੇਵਾ ਨੂੰ ਨਾ ਛਡਦਿਆਂ, ਲਾਹੌਰੋਂ ਆਈ ਨਵਾਬੀ ਪ੍ਰਵਾਨ ਕਰ ਲਈ। ਸਿੱਖਾਂ ਨੇ ਸੇਵਾ ਕਰਨ ਵਾਲੇ ਨੂੰ ਆਪਣਾ ਗੁਰੂ ਵੀ ਮੰਨ ਲਿਆ ਤੇ ਜੱਥੇਦਾਰ ਵੀ ਸਵੀਕਾਰ ਕਰ ਲਿਆ। ਇਹ ਸੀ ਸੇਵਾ ਦੀ ਸ਼ਕਤੀ, ਸੇਵਾ ਦੀ ਕਰਾਮਾਤ, ਸੇਵਾ ਦੀ ਫਲ-ਪ੍ਰਾਪਤੀ।

'ਸੇਵਾ ਦਾ ਧਰਮ' ਮਨੁਖ ਸਮਾਜ ਦੀ ਸੇਵਾ ਕਰਨੀ ਹੈ। ਮਨੁਖ ਸਮਾਜ ਦੀ ਸੇਵਾ ਕਰਨੀ, ਇਹ ਉੱਚ ਕਰਤੱਵ ਹੈ। ਗੁਰੂ ਸਾਹਿਬ ਇਸ ਨੂੰ ਪੂਜਾ ਵੀ ਕਹਿੰਦੇ ਹਨ। ਸੇਵਾ ਕਰਨੀ ਇਹ ਵੀ ਭਗਤੀ ਹੈ। ਜਿਵੇਂ ਭਗਤੀ ਕਰਨ ਨਾਲ, ਮਨੁਖ ਨਿਸ਼ਕਾਮ ਤੇ ਨਿਰਮਾਣ ਹੁੰਦਾ ਹੈ, ਇਸੇ ਤਰ੍ਹਾਂ ਸੇਵਾ ਮਨੁਖ ਨੂੰ ਕਿਰਤ ਕਰਨ ਲਈ ਪ੍ਰੇਰਦੀ ਹੈ। ਕਿਰਤੀ ਸਦਾ ਹੰਕਾਰ-ਰਹਿਤ ਹੁੰਦਾ ਹੈ, ਵੰਡ ਛਕਣ ਦਾ ਹਾਮੀ ਹੁੰਦਾ ਹੈ, ਨਾਮ ਜੱਪਣ ਦਾ ਅਭਿਆਸੀ ਹੁੰਦਾ ਹੈ।

'ਸਿਖ ਲਹਿਰ' ਇਸੇ ਕਰਕੇ ਕਿਰਤੀਆਂ ਤੇ ਵੰਡ ਛੱਕਣ ਵਾਲਿਆਂ ਦੀ ਲਹਿਰ ਹੈ, ਪਨਾਢਾਂ ਜਾਂ ਪੂੰਜੀਦਾਰਾਂ ਦੀ ਲਹਿਰ ਨਹੀਂ। ਗੁਰੂ ਸਾਹਿਬਾਨ ਕਿਰਤੀ ਤੇ ਵੰਡ ਛਕਣ ਵਾਲੇ ਸਨ, ਸ਼ਾਇਦ ਇਸ ਕਰਕੇ, ਕਿ ਉਹਨਾਂ ਦੀ ਆਤਮਾ ਪ੍ਰਗਤੀਸ਼ੀਲ ਸੀ।

'ਸਿਖ ਲਹਿਰ' ਪ੍ਰਗਤੀਸ਼ੀਲ ਲਹਿਰ ਹੈ, ਆਤਮਕ, ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਪ੍ਰਗਤੀ ਕਰਨਾ, ਇਸ ਲਹਿਰ ਦਾ ਕੁਦਰਤੀ ਸੁਭਾ ਹੈ। ਇਸੇ ਕਰਕੇ

Digitized by Panjab Digital Library | www.panjabdigilib.org

ਇਸ ਲਹਿਰ ਵਿਚ ਭਗਤੀ ਹੈ, ਕਲਿਆਣਕਾਰੀ ਸ਼ਕਤੀ ਹੈ, ਸਮਾਜਕ ਤੇ ਰਾਜਨੀਤਕ ਸੰਘਰਸ਼ ਵਿਚ ਜੂਝਣ ਦੀ ਸਮਰੱਥਾ ਹੈ।

'ਸੰਘਰਸ਼' ਵਿਚ ਜੂਝਣਾ, ਇਹ ਆਤਮਾ ਦੇ ਪ੍ਰਗਤੀਸ਼ੀਲ ਹੋਣ ਦਾ ਪ੍ਰਮਾਣ ਹੈ ਤੇ ਸਿਖ ਲਹਿਰ ਕੁਝ ਇਹੋ ਜਿਹੀ ਹੀ ਪ੍ਰਗਤੀਸ਼ੀਲ ਲਹਿਰ ਹੈ।

(ਏ) ਸਮਦ੍ਰਿਸ਼ਟ ਆਤਮਾ ਦੀ ਉਸਾਰੀ

ਨਾਮ, ਦਾਨ ਤੇ ਇਸ਼ਨਾਨ, ਮਨੁਖ-ਆਤਮਾ ਨੂੰ ਪਵਿੱਤਰ ਬਣਾਨ ਵਿਚ ਸਹਾਇਕ ਹੁੰਦੇ ਹਨ, ਪ੍ਰੇਮ ਤੇ ਸੇਵਾ, ਉਸ ਨੂੰ ਹੰਕਾਰ-ਰਹਿਤ ਬਣਾਂਦੇ ਹਨ, ਹੰਕਾਰ ਦੀ ਜਿਲ੍ਹਣ ਵਿਚੋਂ ਕਢ ਕੇ, ਸਮਾਜ ਦਾ ਅਟੁੱਟਵਾਂ ਅੰਗ ਬਣਾਂਦੇ ਹਨ। ਇਸ ਤਰ੍ਹਾਂ ਮਨੁਖ-ਆਤਮਾ, ਸਾਂਝੀਵਾਲਤਾ ਦੀ ਇੱਛਕ ਹੋ ਜਾਂਦੀ ਹੈ, ਮਿਲ-ਬੈਠਣ ਦਾ ਜਜ਼ਬਾ ਉਸ ਵਿਚ ਫੁਟ ਪੈਂਦਾ ਹੈ, ਕਾਮ, ਕਰੋਧ, ਲੋਭ, ਮੋਹ ਦੀ ਭਾਵਨਾ ਤੋਂ 'ਆਤਮਾ' ਮੁਕਤ ਹੋ ਜਾਂਦੀ ਹੈ। 'ਸਾਂਝੀਵਾਲਤਾ' ਉਸ ਦੇ ਜੀਵਨ ਦਾ ਮੁਖ ਆਦਰਸ਼ ਬਣ ਜਾਂਦਾ ਹੈ।

'ਸ਼ਾਂਝੀਂਵਾਲਤਾ' ਨਿਰੰਕਾਰ-ਖੰਡ ਹੈ। ਇਥੇ ਅਖੰਡ ਬਿਰਤੀ ਦੀ ਪ੍ਰਧਾਨਤਾ ਹੈ, ਪਿਆਰ ਤੇ ਸੇਵਾ ਅਧੀਨ ਸਾਂਝੇ ਹੋ ਕੇ ਬੈਠਣ ਦੀ ਪ੍ਰਧਾਨਤਾ ਹੈ, ਆਤਮਕ, ਸਮਾਜਕ ਤੇ ਰਾਜਨੀਤਕ-ਸਮੂਹਕ ਜੀਵਨ ਨੂੰ ਪ੍ਰਗਤੀਸ਼ੀਲ ਬਣਾਨ ਦੀ ਪ੍ਰਧਾਨਤਾ ਹੈ। ਇਹ ਕੋਈ ਆਕਾਰ-ਹੱਦ ਨਹੀਂ, ਨਾ ਹੀ ਇਥੇ ਕੋਈ ਆਕਾਰ-ਹੱਦਾਂ ਹਨ। ਸਾਂਝੀਵਾਲਤਾ ਵਿਚ ਮਨੁਖ, ਆਕਾਰ-ਹੱਦਾਂ ਟਪ ਕੇ, ਮੈਂ-ਹਉਂ ਦਾ ਤਿਆਗੀ ਬਣ ਕੇ, ਇਕ ਦੂਜੇ ਵਾਸਤੇ ਹੋ ਜਾਂਦਾ ਹੈ। ਉ ਵਿਚ ਪਰਉਪਕਾਰ ਤੇ ਕੁਰਬਾਨੀ ਦਾ ਜਜ਼ਬਾ ਸਿਖਰ ਤੇ ਹੁੰਦਾ ਹੈ, ਬ੍ਰਹਿਮੰਡ ਦੀ ਕਾਰ, ਉਸ ਨੂੰ ਕਿਸੇ ਅਗੰਮੀ ਸ਼ਕਤੀ ਦੇ ਹੁਕਮ ਵਿਚ ਚਕਰ ਲਾਉਂਦੀ ਨਜ਼ਰ ਆਉਂਦੀ ਹੈ, ਬ੍ਰਹਮ-ਸ਼ਕਤੀ ਹੀ ਉਸ ਨੂੰ ਸਰਬ-ਪਸਰੀ ਦਿਸਦੀ ਹੈ, ਕਣ ਕਣ ਵਿਚ ਬ੍ਰਹਮ-ਆਤਮਾ ਦੇ ਝਲਕਾਰੇ ਦਿਸਦੇ ਹਨ, ਮਨੁਖ-ਆਤਮਾ ਤਾਂ, ਉਸ ਨੂੰ 84 ਲਖ ਜੂਨਾਂ ਵਿਚੋਂ, ਉੱਤਮ ਦੇਹੀ ਜਾਪਦੀ ਹੈ, ਰੱਬ ਦੀ ਸੁਹਣੀ ਸੂਰਤਿ ਭਾਸਦੀ ਹੈ। ਇਸ ਖੰਡ ਵਿਚ ਹੀ ਆਤਮਾ ਵਿਚੋਂ ਪ੍ਰਸ਼ਨ ਉਠਦੇ ਹਨ, 'ਮੈਂ' ਕੀ ਹਾਂ ? ਮੈਂ ਕਿਉਂ ਜੰਮਿਆਂ ? ਮੇਰਾ ਕੋਈ ਜਗ-ਪ੍ਰਵੇਸ਼ ਆਦਰਸ਼ ਹੈ ? ਮੈਂ ਕਰ ਕੀ ਰਿਹਾ ਹਾਂ ? ਮੇਰਾ ਅਸਲਾ ਕੀ ਹੈ ? ਮੈਂ ਕਿੱਧਰ ਜਾ ਰਿਹਾ ਹਾਂ।.....ਇਹ ਪ੍ਰਸ਼ਨ ਮਨੁਖ-ਆਤਮਾ ਨੂੰ ਟੁੰਬਦੇ ਹਨ, ਵਿਸੁ ਗੰਦਲਾਂ ਨਾਲੋਂ ਤੋੜ ਕੇ, ਉਸ ਨੂੰ ਸਦੀਵੀ ਤੇ ਉੱਚ ਕੀਮਤਾਂ ਨਾਲ ਜੁੜਨ ਲਈ ਪ੍ਰੇਰਦੇ ਹਨ। 'ਸਾਂਝੀਵਾਲਤਾ' ਸਦੀਵੀ ਤੇ ਸਥਿਰ ਕੀਮਤਾਂ ਦਾ ਸੋਮਾ ਹੈ। ਇਥੇ ਪਹੁੰਚ ਕੇ ਮਨੁਖ-ਆਤਮਾ ਕਦੀ ਉਦਾਸ ਨਹੀਂ ਹੁੰਦੀ, ਢਹਿੰਦੀ ਕਲਾ, ਕਦੀ ਉਸ ਦੇ ਜੀਵਨ ਜਜ਼ਬਾਤ ਨੂੰ ਆ ਕੇ ਨਹੀਂ ਘੇਰਦੀ। 'ਚੜ੍ਹਦੀ ਕਲਾ' ਹੀ ਉਸ ਦਾ ਸਦੀਵੀ ਜੀਵਨ-ਸੁਆਦ ਹੁੰਦਾ ਹੈ। ਇਸ ਸਦੀਵੀ ਜੀਵਨ-ਸੁਆਦ ਨੂੰ ਮਾਣਦਾ ਹੀ, ਉਹ ਇਨਸਾਨੀਅਤ ਦਾ, ਵਿਸ਼ਵ-ਪੱਧਰ ਤੇ ਕਲਿਆਣ-ਕਾਰੀ ਬਣ ਜਾਂਦਾ ਹੈ।

Digitized by Panjab Digital Library | www.panjabdigilib.org

'ਸਿਖ ਲਹਿਰ' ਕਲਿਆਣ ਕਰਨ ਵਾਲਿਆਂ ਦੀ ਲਹਿਰ ਹੈ, ਸਮਾਂਦ੍ਰਿਸ਼ਟ-ਆਤਮਾਵਾਂ ਦੀ ਲਹਿਰ ਹੈ, ਪਰਉਪਕਾਰੀ ਤੇ ਕੁਰਬਾਨ ਹੋ ਜਾਣ ਵਾਲਿਆਂ ਦੀ ਲਹਿਰ ਹੈ, ਬ੍ਰਹਮ-ਸ਼ਕਤੀ ਦੇ ਮੁਤਲਾਸ਼ੀਆਂ ਦੀ ਲਹਿਰ ਹੈ।

ਚੜ੍ਹਦੀ-ਕਲਾ' ਸਿਖ ਲਹਿਰ ਦਾ ਨਿਤ ਜੀਵਨ-ਵਿਹਾਰ ਹੈ।

ਗੁਰੂ ਨਾਨਕ ਦੇਵ ਜੀ ਨੇ ਮਾਨਸਿਕ ਪੱਧਰ ਤੇ ਸਿਖ ਲਹਿਰ ਨੂੰ ਜਨਮ ਦੇ ਕੇ, ਮਨੋ-ਵਿਗਿਆਨਕ ਢੰਗ ਨਾਲ, ਉਸ ਦੀ ਉਸਾਰੀ ਵਾਸਤੇ ਵੀ ਕੁਝ ਨੀਂਹ-ਪੱਥਰ ਰਖ ਦਿੱਤੇ। ਇਹਨਾਂ ਨੀਂਹ-ਪੱਥਰਾਂ ਤੇ ਹੀ ਗੁਰੂ ਨਾਨਕ ਦੇਵ ਜੀ ਨੇ ਸਿਖ ਲਹਿਰ ਦੀ ਉਸਾਰੀ ਕੀਤੀ। ਸਿਖ ਲਹਿਰ ਦੇ ਨੀਂਹ-ਪੱਥਰ ਬੜੇ ਸ਼ਕਤੀਸ਼ਾਲੀ ਤੇ ਜ਼ਿੰਦਾ ਦਿਲ ਸਨ। ਭਗਤੀ, ਕੁਰਬਾਨੀ ਤੇ ਤਿਆਗ, ਉਹਨਾਂ ਦਾ ਵਿਸ਼ੇਸ਼ ਸਰੂਪ ਸੀ। ਜਿਸ ਲਹਿਰ ਕੋਲ ਭਗਤੀ ਹੋਵੇ, ਉਹ ਬੜੀ ਸ਼ਕਤੀ ਸ਼ਾਲੀ ਹੁੰਦੀ ਹੈ। ਜਿਸ ਕੋਲ ਕੁਰਬਾਨੀ ਹੋਵੇ, ਉਹ ਲਹਿਰ ਬੜੀ ਪ੍ਰਗਤੀਸ਼ੀਲ ਤੇ ਵਿਕਾਸਸ਼ੀਲ ਹੁੰਦੀ ਹੈ। ਜਿਸ ਕੋਲ਼ ਤਿਆਗ ਹੋਵੇ, ਉਹ ਲਹਿਰ ਅਮੁੱਲ ਹੁੰਦੀ ਹੈ, ਉਸ ਦੇ ਸਭ ਕਰਤੱਵ ਅਮੁਲ ਹੁੰਦੇ ਹਨ। ਉਸ ਦਾ ਨਾ ਤਾਂ ਕੋਈ ਮੁਲ ਪਾ ਸਕਦਾ ਹੈ, ਤੇ ਨਾ ਹੀ ਉਸ ਦਾ ਕੋਈ ਸਾਨੀ ਹੁੰਦਾ ਹੈ। ਸਿਖ ਲਹਿਰ ਕੋਲ ਤਿੰਨੇ ਗੁਣ ਸਨ। ਭਾਵੇਂ ਇਹਨਾਂ ਗੁਣਾਂ ਦਾ ਸਾਕਾਰ-ਦਰਸ਼ਨ ਦੱਸ ਗੁਰ ਸਾਹਿਬਾਨ ਦੇ ਜੀਵਨ-ਅਮਲ ਵਿਚੋਂ' ਹੁੰਦਾ ਹੈ, ਪਰ ਸਥਾਈ ਪੱਧਰ ਤੇ ਇਹ ਤਿੰਨੇ ਗੁਣ, ਪ੍ਰਧਾਨ-ਆਤਮਾ ਗੁਰੂ ਨਾਨਕ ਦੇਵ ਜੀ ਵਿਚੋਂ ਹੀ ਸਫੁੱਟ ਹੁੰਦੇ ਹਨ, ਉਹਨਾਂ ਦੇ ਜੀਵਨ-ਅਮਲ ਵਿਚੋਂ ਹੀ ਮੂਰਤੀਮਾਨ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਭਗਤੀ

ਗੁਰੂ ਨਾਨਕ ਦੇਵ ਜੀ ਇਕ ਭਗਤ-ਆਤਮਾ ਸਨ ਤੇ ਭਗਤੀ ਉਹਨਾਂ ਦੇ ਜੀਵਨ ਦਾ ਸਰਵੋਤਮ ਕਰਤੱਵ ਸੀ। ਉਹਨਾਂ ਦਾ ਵਿਸ਼ਵਾਸ ਸੀ, ਕਿ ਭਗਤੀ ਹੀ ਕਿਸੇ ਵਿਅਕਤੀ ਨੂੰ ਸਚਿਆਰ ਤੇ ਆਚਾਰੀ ਬਣਾ ਸਕਦੀ ਹੈ। ਸਚਿਆਰ ਤੇ ਆਚਾਰੀ ਬਣਨਾ ਇਹ ਮਨੁਖ-ਜੀਵਨ ਦੀ ਪੂਰਨਤਾ ਦੀ ਨਿਸ਼ਾਨੀ ਹੈ। 'ਪੂਰਨ' ਹੋਣ ਵਾਸਤੇ ਜ਼ਰੂਰੀ ਹੈ, ਕਿ ਕਿਸੇ ਪੂਰੇ ਦੀ ਭਗਤੀ ਕੀਤੀ ਜਾਏ। 'ਭਗਤੀ' ਦਾ ਭਾਵ ਹੈ, ਆਪਣੇ ਆਦਰਸ਼ ਨਾਲ ਇਕ ਮਿਕ ਹੋ ਜਾਣਾ। ਜੇ ਸਾਡਾ ਪੂਜਾ-ਆਦਰਸ਼ ਅਕਾਲ ਮੂਰਤਿ ਹੈ, ਤਾਂ ਸਾਡੀ ਭਗਤੀ ਦੀ ਸਫਲ ਨਿਸ਼ਾਨੀ ਵੀ ਇਹ ਹੈ, ਕਿ ਅਸੀਂ ਵੀ ਅਕਾਲ ਮੂਰਤਿ ਬਣੀਏ। ਜੇ ਅਕਾਲ ਮੂਰਤਿ ਦੀ ਹੋਂਦ ਸਤਿ ਹੈ, ਨਿਰਭਉ ਤੇ ਨਿਰਵੈਰ ਹੈ, ਕਰਤਾਰੀ ਤੇ ਪ੍ਰਸਾਦਿ ਵਾਲੀ ਹੈ, ਤਾਂ ਮਨੁਖ ਆਤਮਾ ਵੀ ਸਤਿਧਾਰੀ ਬਣੇ, ਨਿਰਭਉ ਤੇ ਨਿਰਵੈਰ ਹੋਵੇ, ਉਸ ਦਾ ਸੁਭਾ ਕਰਤਾਰੀ ਤੇ ਪ੍ਰਸਾਦਿ ਵਾਲਾ ਹੋਵੇ। ਗੁਰੂ ਨਾਨਕ ਦੇਵ ਜੀ ਕੁਝ ਇਸੇ ਤਰ੍ਹਾਂ ਦੀ ਹੀ ਭਗਤੀ ਕਰਨ ਵਾਲੀ ਭਗਤ-ਆਤਮਾ ਸਨ।

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ ਦਾ ਅਨੁਭਵ ਸੀ, ਕਿ ਇਹ 'ਸੰਜੋਗ-ਵਿਜੋਗ' ਦੀ ਕਾਰ '੧ਓ-ਹੁਕਮ' ਦੇ ਅਧੀਨ ਹੀ ਵਾਪਰ ਰਹੀ ਹੈ।'੧ਓ-ਹੁਕਮ' ਬਿਨਾਂ ਨਾ ਤਾਂ ਹੋਰ ਕੋਈ ਅਨੁਭਵ ਹੈ, ਨਾ ਜੀਵਨ ਜਾਚ ਤੇ ਨਾ ਹੀ ਕੋਈ ਹੋਰ ਆਦਰਸ਼ ਹੈ। ੧ਓ ਹੀ ਸਰਬ ਰਮੀ ਹੋਈ ਸ਼ਕਤੀ ਹੈ। ਇਸ ਸ਼ਕਤੀ ਦਾ ਹੀ ਸਰਬ ਥਾਂ ਰਾਜ ਹੈ। '੧ਓ ਪ੍ਰਤੀ ਜਿਥੇ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਧਾਰਮਿਕ, ਸਮਾਜਿਕ ਤੇ ਸਦਾਚਾਰਕ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਥੇ ਉਹਨਾਂ ਨੇ '੧ਓ ਨੂੰ ਰਾਜ-ਸ਼ਕਤੀ ਦਾ ਪ੍ਰਤੀਕ ਵੀ ਮੰਨਿਆਂ ਹੈ। ਰਾਜਾ, ਸੁਲਤਾਨ, ਪਾਤਸ਼ਾਹ, ਹਾਕਮ, ਸਾਹਿਬ, '੧ਓ ਪ੍ਰਤੀ ਇਹ ਸ਼ਬਦ, ਉਹਨਾਂ ਆਮ ਵਰਤੇ ਹਨ। 'ਸੋਦਰ' ਦੀ ਰਚਨਾ ਤਾਂ '੧ਓ-ਸ਼ਕਤੀ' ਦਾ ਲੱਗਾ ਪੂਰਾ ਰਾਜ-ਦਰਬਾਰ ਹੈ, ਰਾਜ-ਦਰਬਾਰ ਦਾ ਸਮੂਹਕ ਤੇ ਯਥਾਰਥਕ ਚਿਤਰ ਹੈ। ਕਿਵੇਂ ੧ਓ-ਹੁਕਮ ਵਿਚ, ਜਿਥੇ ਜਿਥੇ ਵੀ ਕੋਈ ਬੈਠਾ ਹੈ, ਉਸ ਦੀ ਸਰਬ-ਸੰਭਾਲ ਹੋ ਰਹੀ ਹੈ, ਅਨੇਕਾਂ ਤੇ ਅਸੰਖਾਂ ਇਸ ਪਖੋਂ ੧ਓ-ਹੁਕਮ ਦੀ ਉਸਤਤੀ ਗਾਉਂਦੇ ਹਨ। ਪਉਣ,[1] ਪਾਣੀ, ਬੈਸੰਤਰੁ, ਈਸਰ, ਬ੍ਰਹਮਾ, ਇੰਦਰ; ਦੇਵੀ ਦੇਵਤੇ, ਸਿੱਧ ਤੇ ਸਾਧ, ਸਮਾਧੀ ਤੇ ਵਿਚਾਰ ਅੰਦਰ, ਜਤੀ, ਸਤੀ, ਸੰਤੋਖੀ ਤੇ ਵੀਰ ਕਰਾਰੇ ਵੀ, ਵੇਦਾਂ ਦੇ ਪੰਡਿਤ ਤੇ ਰਿਖੀ ਵੀ, ਮਨ-ਮੋਹਣੇ ਜੀਵ ਵੀ, ਜੋਧ ਮਹਾ ਬਲ ਸੂਰ ਵੀ, ਅੰਡਜ, ਜੇਰਜ, ਸੇਤਜ ਤੇ ਉਤਭੁਜ ਖਾਣੀਆਂ ਵੀ, ਧਰਤੀ ਦੇ ਖੰਡ, ਮੰਡਲ, ਵਰਭੰਡ ਵੀ, ਹੋਰ ਅਨੇਕਾਂ ਹਨ, ਜਿਹੜੇ ਮੇਰੇ ਚਿਤ ਵਿਚ ਨਹੀਂ ਆ ਰਹੇ, ਪਰ ਉਹ ਤੇਰੇ ਦਰਬਾਰ ਵਿਚ ਸੋਭਦੇ ਹਨ ਤੇ ਤੈਨੂੰ ਸੱਚਾ ਸਾਹਿਬ,

---

੧. ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਈਸਰ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਾਰੇ ਰਖੇ ਧਾਰੈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥
(ਜਪੁ ਨੀਸਾਣੁ)

Digitized by Panjab Digital Library | www.panjabdigilib.org

ਨਾ ਨਾਸ਼ ਹੋਣ ਵਾਲਾ ਸਾਹਿਬ, ਸ੍ਰਿਸ਼ਟੀ ਰਚਨਾ ਦਾ ਸਿਰਜਕ ਸਾਹਿਬ, ਭਾਂਤ ਭਾਂਤ ਦੀ ਮਾਇਆ ਰੂਪੀ ਜਿਨਸ ਉਪਜਾਣ ਵਾਲਾ, ਆਪਣੀ ਖੇਡ ਤੇ ਵਡਿਆਈ ਨੂੰ ਆਪ ਵੇਖਣ ਵਾਲਾ ਪਾਤਿਸ਼ਾਹ, ਪਾਤਿਸ਼ਾਹਾਂ ਦਾ ਸਾਹਾ ਪਾਤਿ-ਸਾਹਿਬ, ਸਦੀਵ ਕਾਲ ਸਥਿਰ ਰਹਿਣ ਵਾਲਾ ਸਮਝ ਕੇ, ਸ਼ੋਭਾ ਕਰਦੇ ਹਨ ।

ਇਹ '੧ਓ-ਸ਼ਕਤੀ' ਦਾ ਰਾਜ ਦਰਬਾਰ ਹੈ, ਹੁਕਮ ਅੰਦਰ ਵਰਤ ਰਹੀ ਕਾਰ ਦਾ ਯਥਾਰਥਕ ਚਿਤਰ ਹੈ ।

ਗੁਰੂ ਨਾਨਕ ਦੇਵ ਜੀ ਕੁਝ ਇਸੇ ਤਰ੍ਹਾਂ ਦੀ '੧ਓ-ਸ਼ਕਤੀ' ਦੇ ਭਗਤ ਸਨ । ੧ਓ ਦੀ ਭਗਤੀ ਕਰਨ ਨਾਲ, ਜਿਥੇ ਗੁਰੂ ਨਾਨਕ ਦੇਵ ਜੀ ੧ਓ ਹੋ ਗਏ, ਨਿਰੰਕਾਰ ਦਾ ਆਕਾਰ ਹੋ ਗਏ, ਉਥੇ ਗੁਰੂ ਨਾਨਕ ਦੇਵ ਜੀ ਵਿਚ ੧ਓ ਦੇ ਸਮਾਜਕ ਗੁਣ ਵੀ ਆ ਗਏ। ਗੁਰੂ ਨਾਨਕ ਦੇਵ ਜੀ ਸਤਿਵਾਦੀ ਸਨ, ਕਰਤਾਰੀ ਦ੍ਰਿਸ਼ਟੀਕੋਣ ਦੇ ਮਾਲਕ ਸਨ, ਨਿਰਭਉ ਤੇ ਨਿਰਵੈਰ ਬਿਰਤੀ ਦੇ ਧਾਰਨੀ ਸਨ, ਪ੍ਰਸਾਦਿ ਉਹਨਾਂ ਦਾ ਵਿਸ਼ੇਸ਼ ਲਛਣ ਸੀ। ਇਹਨਾਂ ਗੁਣਾਂ ਦੇ ਆਧਾਰ ਤੇ ਹੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਦ੍ਰਿੜ੍ਹ ਵਿਸ਼ਵਾਸੀ ਬਣ ਗਈ, ਏਕਤਾ ਦੀ ਹਾਮੀ ਬਣ ਗਈ, ਅਦ੍ਵੈਤ ਦੀ ਉਪਦੇਸ਼ਕ ਬਣ ਗਈ। 'ਅਦ੍ਵੈਤ-ਆਤਮਾ' ਹਮੇਸ਼ਾਂ ਸ਼ਕਤੀ-ਸ਼ਾਲੀ ਹੁੰਦੀ ਹੈ । ਕਿਉਂਕਿ ਉਸ ਨੂੰ ਕਿਸੇ ਤਰ੍ਹਾਂ ਦੀ ਲਾਲਸਾ ਨਹੀਂ ਹੁੰਦੀ । 'ਲਾਲਸਾ-ਅਧੀਨ' ਹੀ ਮਨੁਖ ਸ਼ਕਤੀ-ਹੀਣ ਜਾਂ ਅਤਿਆਚਾਰੀ ਬਣਦਾ ਹੈ । ਅਤਿਆਚਾਰੀ-ਆਤਮਾ ਨੂੰ ਸ਼ਕਤੀਵਾਨ ਨਹੀਂ ਕਿਹਾ ਜਾ ਸਕਦਾ । ਆਤਮਕ-ਸ਼ਕਤੀ ਹੀ ਸਦੀਵੀ ਜਿਤ ਦੀ ਪ੍ਰਤੀਕ ਹੁੰਦੀ ਹੈ । ਗੁਰੂ ਨਾਨਕ ਦੇਵ ਜੀ ਆਤਮਕ ਤੌਰ ਤੇ ਜੇਤੂ-ਯੋਧਾ ਸਨ, ਖਾਸ ਕਰ ਕੇ ਦਾਰਸ਼ਨਿਕ-ਯੋਧਾ, ਸਮਾਜਕ-ਯੋਧਾ, ਰਾਜਨੀਤਕ-ਯੋਧਾ । ਪਰ ਇਸ 'ਜੋਧ ਮਹਾਂ ਬਲ ਸੂਰ' ਦਾ ਆਧਾਰ ਭਗਤੀ ਸੀ । ਭਗਤੀ ਨੇ ਹੀ ਉਹਨਾਂ ਦੀ ਆਤਮਾ ਨੂੰ ਸ਼ਕਤੀ-ਨਿਪੁੰਨ ਬਣਾ ਦਿੱਤਾ ਸੀ, ਭਗਤੀ ਨੇ ਹੀ ਉਹਨਾਂ ਨੂੰ ਜੀਵਨ-ਮੁਕਤ, ਅਰਥਾਤ ਮਰ ਕੇ ਜੀਉਣਾ ਸਿਖਾ ਦਿੱਤਾ ਸੀ । ਚੂੰਕਿ ਉਹਨਾਂ ਦੀ ਭਗਤੀ 'ਸਤਿ ਸ੍ਰੀ ਅਕਾਲ' ਦੀ ਸੀ, ਇਸ ਲਈ ਉਹ ਵੀ 'ਅਕਾਲ' ਹੀ ਬਣ ਗਏ ।

'ਸਤਿ ਸ੍ਰੀ ਅਕਾਲ' ਹੀ ਕਾਲ ਤੋਂ ਬਚਾ ਸਕਦਾ ਹੈ । ਸ਼ਾਇਦ ਇਸੇ ਕਰਕੇ ਸਿਖ ਲਹਿਰ ਦਾ ਜੈਕਾਰਾ 'ਸਤਿ ਸ੍ਰੀ ਅਕਾਲ' ਹੈ । 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹੀ ਸਿਖ ਕੌਮ ਕਾਲ ਤੇ ਫ਼ਤਹਿ ਪਾਉਂਦੀ ਆਈ ਹੈ ।

'ਕਾਲ' ਤੇ ਫਤਹਿ ਪਾਉਣੀ, ਇਹ ਸਿਖ ਲਹਿਰ ਦਾ ਸ਼੍ਰੋਮਣੀ ਆਦਰਸ਼ ਹੈ । ਇਹੀ ਆਦਰਸ਼ ਗੁਰੂ ਨਾਨਕ ਦੇਵ ਜੀ ਦੀ ਭਗਤੀ ਦਾ ਸੀ । ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ

Digitized by Panjab Digital Library | www.panjabdigilib.org

ਵੀ ਭਗਤੀ ਨੇ ਸਿਖ ਲਹਿਰ ਨੂੰ ਸ਼ਕਤੀ-ਸ਼ਾਲੀ ਬਣਾਇਆ। ਸਿਖ ਲਹਿਰ ਦਾ ਇਤਿਹਾਸ ਇਸ ਗਲ ਦੀ ਸਾਖੀ ਭਰਦਾ ਹੈ, ਕਿ 'ਗੁਰੂ ਨਾਨਕ-ਲਹਿਰ' ਸਮੇਂ ਦੇ ਲੰਘਣ ਨਾਲ ਬਲਵਾਨ ਹੀ ਹੁੰਦੀ ਗਈ ਤੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਇਹ ਲਹਿਰ, ਹਿੰਦੂ ਤੇ ਮੁਸਲਮਾਨਾਂ ਵਿਚਕਾਰ ਇਕ ਤੀਜੇ ਪੰਥ[1] ਤੀਜੀ ਕੌਮ ਦੇ ਰੂਪ ਵਿਚ ਆ ਖੜੀ ਹੋਈ ਤੇ ਇਸ ਪੰਥ ਨੇ ਭਾਰਤ ਦੇ, ਖਾਸ ਕਰ ਕੇ ਪੰਜਾਬ ਦੇ, ਸਮੂਹਕ ਜੀਵਨ ਉਤੇ ਬੜਾ ਵਿਆਪਕ ਤੇ ਬਲਵਾਨ ਪ੍ਰਭਾਵ ਪਾਇਆ। 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਤਾਂ ਇਹ 'ਪੰਥ' ਪੰਜਾਬ ਦਾ ਮਾਲਕ ਬਣ ਬੈਠਾ।

ਗੁਰੂ ਨਾਨਕ ਦੇਵ ਜੀ ਦੀ ਕੁਰਬਾਨੀ

ਕੁਰਬਾਨੀ ਦੋ ਪੱਖੀ ਹੁੰਦੀ ਹੈ, ਆਤਮਾ ਤੇ ਸਰੀਰ ਦੀ। 'ਆਤਮ-ਕੁਰਬਾਨੀ' ਦੇ ਸੱਕਣ ਵਾਲਾ ਹੀ ਸਰੀਰ ਦੀ ਕੁਰਬਾਨੀ ਦੇ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਕੁਰਬਾਨੀ ਆਤਮਾ ਦੀ ਹੈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਸਰੀਰ ਦੀ ਹੈ। ਸਿਖ ਸ਼ਹੀਦ ਵੀ ਇਸੇ ਲੜੀ ਵਿੱਚ ਆਉਂਦੇ ਹਨ। ਇਹਨਾਂ ਦੀ ਸਰੀਰਕ-ਸ਼ਹਾਦਤ ਇਸ ਵਾਸਤੇ ਮਹਾਨ ਹੈ, ਕਿਉਂਕਿ ਇਹਨਾਂ ਸ਼ਹਾਦਤਾਂ ਨੇ ਸਿਖ ਲਹਿਰ ਦਾ ਸਹੀ ਪੱਖ ਤੇ ਸਰੂਪ ਉਘਾੜਿਆ ਹੈ, ਸਿਖ ਲਹਿਰ ਨੂੰ ਪ੍ਰਗਤੀਸ਼ੀਲਤਾ ਤੇ ਵਿਕਾਸਸ਼ੀਲਤਾ ਪ੍ਰਦਾਨ ਕੀਤੀ ਹੈ। ਇਹ ਇਤਿਹਾਸਕ ਸੱਚ ਹੈ, ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਇੱਕ ਪਰੇਰਨਾ ਸੀ, ਕਿ ਗੁਰੂ ਹਰਿਗੋਬਿੰਦ ਸਾਹਿਬ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ। ਦੋ ਤਲਵਾਰਾਂ ਪਹਿਨਣ ਨਾਲ, ਸਿਖ ਲਹਿਰ ਦੇ ਇਤਿਹਾਸ ਵਿਚ ਇਕ ਨਵੇਂ ਮੋੜ ਦਾ ਆਰੰਭ ਹੁੰਦਾ ਹੈ। ਸਿਖ ਕੌਮ, ਭਗਤੀ-ਸਿਮਰਨ ਦੇ ਗੀਤ ਗਾਉਂਦੀ ਗਾਉਂਦੀ ਇਕ ਦਮ ਸ਼ੱਸਤਰ-ਧਾਰੀ ਬਣ ਜਾਂਦੀ ਹੈ, ਸਮਾਜਕ ਖੇਤਰ ਵਿਚ ਘੋੜ-ਸਵਾਰੀ, ਕੁਸ਼ਤੀਆਂ ਕਰਨਾ, ਸ਼ੱਸਤਰ ਸਿਖਿਆ, ਕਿਲ੍ਹੇ ਉਸਾਰਨਾ, ਫੌਜਾਂ ਤਿਆਰ ਕਰਨੀਆਂ, ਬਾਜ਼ ਰਖਣੇ, ਕਲਗੀ ਲਾਉਣੀ, ਵਿਰੋਧੀ ਦਲ ਨਾਲ ਸੰਗ੍ਰਾਮ ਕਰਨਾ.....ਇਹ ਕਰਤੱਵ, ਸਿਖ ਲਹਿਰ ਦੇ ਜੀਵਨ ਦਾ ਨਿਤ ਅੰਗ ਬਣ ਜਾਂਦੇ ਹਨ। ਗੁਰੂ ਹਰਿਕ੍ਰਿਸ਼ਨ ਜੀ ਤਕ ਸਿਖ ਲਹਿਰ ਦੇ ਇਹ ਜੰਗਜੂ ਕਰਤੱਵ, ਕੁਝ ਸ਼ਾਂਤ-ਮਈ ਰੂਪ ਵਿਚ ਰਹਿੰਦੇ ਹਨ, ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ 'ਜੰਗੀ ਸਪਿਰਿਟ' ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪ੍ਰਤੀਬਿੰਬਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਅੰਮ੍ਰਿਤ ਛਕਾ ਕੇ ਸਿਖ ਲਹਿਰ ਨੂੰ ਸ਼ਹੀਦਾਂ ਦੀ ਲਹਿਰ ਵਿਚ ਪਲਟ ਦਿੰਦੇ ਹਨ। 18ਵੀਂ ਸਦੀ ਵਿਚ 'ਸ਼ਹਾਦਤ' ਦੇਣਾ ਗੁਰੂ ਜੀ ਦੇ ਸਨਮੁਖ ਹੋਣ ਦਾ ਮੌਕਾ ਪ੍ਰਵਾਨ ਕਰ ਲਿਆ ਜਾਂਦਾ ਹੈ, ਜਨਮ ਸਵਾਰ ਕੇ ਸੱਚੀ ਦਰਗਾਹ ਵਿਚ ਪਹੁੰਚਣ ਦਾ ਮਾਰਗ ਮੰਨ ਲਿਆ ਜਾਂਦਾ ਹੈ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਪੰਜਾਬ ਦੀ ਧਰਤੀ ਤੇ 7 ਸਾਲ ਤੋਂ ਲੈ ਕੇ 86 ਸਾਲ ਤਕ ਦੀ ਉਮਰ ਦੇ ਸ਼ਹੀਦ ਪੈਦਾ ਹੁੰਦੇ ਹਨ। ਫਿਰ ਭਾਂਤ ਭਾਂਤ ਦੇ

---

[1] ਦੋਨੋ ਪੰਥ ਮਹਿ ਕਪਟ ਵਿਦਿਆ ਚਲਾਨੀ ॥
ਬਹੁੜ ਤੀਸਰ ਪੰਥ ਕੀਚੈ ਪ੍ਰਧਾਨੀ ॥

Digitized by Panjab Digital Library | www.panjabdigilib.org

ਸ਼ਹੀਦ। ਕੋਈ ਧਰਮ ਹੇਤ ਸੀਸ ਦਿੰਦਾ ਹੈ, ਕੋਈ ਬੰਦ ਬੰਦ ਕਟਵਾਂਦਾ ਹੈ, ਕੋਈ ਖੋਪਰੀ ਲੁਹਾਂਦਾ ਹੈ, ਕੋਈ ਚਰਖੜੀ ਤੇ ਚੜ੍ਹਦਾ ਹੈ, ਕੋਈ ਆਰੇ ਨਾਲ ਚਿਰਦਾ ਹੈ, ਕੋਈ ਦੀਵਾਰਾਂ ਵਿਚ ਚਿਣਿਆਂ ਜਾਂਦਾ ਹੈ, ਕੋਈ ਬੱਚਿਆਂ ਦੇ ਟੁੱਕੜੇ-ਟੁੱਕੜੇ ਕਰਵਾ ਕੇ ਝੋਲੀ ਵਿਚ ਪੁਆਂਦਾ ਹੈ, ਕੋਈ ਤਪਦੇ ਤੇਲ ਦੇ ਕੜਹੇ ਵਿਚ ਪਵਾ ਕੇ, ਆਪਣੇ ਆਪ ਨੂੰ ਸ਼ਹੀਦ ਕਰਵਾ ਲੈਂਦਾ ਹੈ, ਕੋਈ ਦੇਗ ਵਿਚ ਉਬਾਲੇ ਖਾ ਖਾ, ਸਿਰ ਤੇ ਤੱਤੀ ਰੇਤ ਦੇ ਕੜਛੇ ਪਵਾ ਕੇ ਸ਼ਹੀਦ ਹੁੰਦਾ ਹੈ, ਕੋਈ ਇੰਜਣਾਂ ਥੱਲੇ ਆ ਕੇ ਸ਼ਹੀਦ ਹੁੰਦਾ ਹੈ ਤੇ ਕੋਈ ਦੇਸ਼ ਦੀ ਆਜ਼ਾਦੀ ਦੀ ਰਖਿਆ ਹਿਤ ਗੋਲੀਆਂ ਖਾ ਖਾ ਕੇ ਸ਼ਹੀਦ ਹੁੰਦਾ ਹੈ।.....ਇਸ ਤਰ੍ਹਾਂ ਸ਼ਹਾਦਤ ਦੇ ਢੰਗ ਬਦਲਦੇ ਹਨ। ਜੇ ਇਹ ਮਾਣ ਵਾਲੀ ਗਲ ਹੈ, ਕਿ ਗੁਰੂ ਨਾਨਕ ਦੇਵ ਜੀ ਦੀ ਕੁਰਬਾਨੀ ਪ੍ਰਤੀ ਦਿਤੀ ਹੋਈ ਆਤਮਕ-ਗੁੜ੍ਹਤੀ ਇਕ ਰੰਗ ਲਿਆਂਦੀ ਹੈ, ਨਵਾਂ ਰੰਗ, ਸ਼ਾਂਤੀ ਵਿਚੋਂ ਲਾਲ ਰੰਗ, ਜਿਸ ਨਾਲ ਭਾਰਤ ਵਿਚ, ਖਾਸ ਕਰਕੇ ਪੰਜਾਬ ਵਿਚ ਇਕ ਇਨਕਲਾਬੀ ਅੰਦੋਲਨ ਦਾ ਜਨਮ ਹੁੰਦਾ ਹੈ, ਜ਼ੁਲਮ ਵਿਰੁਧ ਧਰਮ-ਯੁਧ ਲੜਨ ਦਾ ਚਾਹ ਪੈਦਾ ਹੁੰਦਾ ਹੈ। 18ਵੀਂ ਸਦੀ ਵਿਚ ਪੰਜਾਬ ਇਸ ਇਨਕਲਾਬੀ ਅੰਦੋਲਨ ਦਾ ਮੁਖ ਕੇਂਦਰ ਸੀ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਇਕ ਸਦੀ ਬਾਅਦ, ਗੁਰੂ ਨਾਨਕ-ਲਹਿਰ, ਪੰਜਾਬ ਦੀ ਵਾਰਸ ਬਣ ਜਾਂਦੀ ਹੈ। 'ਪੰਜਾਬ' ਗੁਰੂ ਦੇ ਨਾਂ ਤੇ ਜੀਣ ਥੀਣ ਲਗ ਪੈਂਦਾ ਹੈ। ਕਿੱਥੇ ਪੰਜਾਬ ਦੇ ਵਾਰਸ ਮੁਗਲ ਤੇ ਕਿਥੇ ਸਿਖ ਲਹਿਰ ਦੇ ਆਗੂ। ਇਹ ਗੁਰੂ ਨਾਨਕ ਦੇਵ ਜੀ ਤੇ ਸਿਖ ਲਹਿਰ ਦੀ ਪ੍ਰਗਤੀਸ਼ੀਲਤਾ ਤੇ ਵਿਕਾਸ਼ਸ਼ੀਲਤਾ ਦਾ ਪਰਤੱਖ ਪ੍ਰਮਾਣ ਹੈ।

ਗੁਰੂ ਨਾਨਕ ਦੇਵ ਜੀ ਦਾ ਤਿਆਗ

'ਤਿਆਗ' ਵਿਕਾਰਾਂ ਦਾ ਹੁੰਦਾ ਹੈ, ਲਾਲਸਾਵਾਂ ਤੇ ਹਉਮੈ ਦਾ ਹੁੰਦਾ ਹੈ। ਸੰਸਾਰ ਦਾ ਤਿਆਗ ਕਰਨਾ, ਇਹ ਪੂਰਨ ਹੋਣ ਦਾ ਪ੍ਰਤੀਕ ਨਹੀਂ, ਨਾ ਹੀ ਬਿਰਤੀਆਂ ਨੂੰ ਅਖੰਡ ਕਰਨ ਦਾ ਕੋਈ ਸਾਧਨ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ, ਵਿਕਾਰਾਂ ਦਾ ਤਿਆਗ ਕਰਨਾ, ਇਹ ਸੂਰਮਗਤੀ ਹੈ, 'ਕੰਵਲ ਫੁਲ' ਵਾਂਗ ਜੀਵਨ ਬਿਤਾਣ ਦੀ ਨਿਸ਼ਾਨੀ ਹੈ। ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਕੰਵਲ ਫੁਲ ਸੀ, ਉਹਨਾਂ ਕੰਵਲ ਫੁਲ ਵਾਂਗ ਮਾਇਆ ਰੂਪੀ ਸੰਸਾਰ ਵਿਚ ਭਿੱਜ ਕੇ ਵੀ, ਆਪਣੇ ਆਪ ਨੂੰ ਵਿਕਾਰਾਂ ਤੋਂ. ਵਿਸ-ਗੰਦਲਾਂ ਤੋਂ ਅਭਿੱਜ ਰਖਿਆ। ਅਭਿੱਜ ਰਹਿਣ ਵਾਲਾ ਹੀ ਇਹ ਉਪਦੇਸ਼ ਦੇ ਸਕਦਾ ਹੈ :—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ ॥

(ਸਿਧ ਗੋਸ਼ਟਿ)

ਗੁਰੂ ਨਾਨਕ ਦੇਵ ਜੀ ਵਿਕਾਰ ਤਿਆਗੀ ਸਨ। ਲਾਲਸਾਵਾਂ ਤੇ ਹਉਮੈ ਦੇ ਵੀ ਤਿਆਗੀ ਸਨ। ਖਾਸ ਕਰ ਕੇ ਮਨੁਖੀ ਹਿੱਤਾਂ ਹਿੱਤ, ਆਪਣੀ ਨਿਵਾਸ-ਭੂਮੀ ਪੰਜਾਬ ਨੂੰ ਵੀ

Digitized by Panjab Digital Library | www.panjabdigilib.org

ਤਿਆਗ ਕੇ, ਵਿਸ਼ਵ ਦੇ ਚਹੁੰ ਹਿੱਸਿਆਂ ਵਿਚ ਜਾ ਪਸਰਨਾ, ਆਪਣੇ ਆਚਰਣ, ਪਰਮ ਸ਼ਖਸੀਅਤ, ਸਾਂਝੇ ਉਪਦੇਸ਼ ਤੇ ਅਮਲ ਦੁਆਰਾ ਮਾਨਵ ਵਾਦੀ ਸਿਖਿਆ ਦੇਣਾ, ਤਾਂ ਕਿ ਮਨੁੱਖਤਾ ਦਾ ਕਲਿਆਣ ਹੋ ਸਕੇ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਇਕ ਤਿਆਗੀ-ਯੋਧੇ, ਪਰ-ਉਪਕਾਰੀ ਤੇ ਨਿਡਰ-ਯੋਧੇ ਬਣ ਜਾਂਦੇ ਹਨ।

'ਉਦਾਸੀ-ਜੀਵਨ' ਗੁਰੂ ਨਾਨਕ ਦੇਵ ਜੀ ਦੇ ਤਿਆਗ ਦਾ ਪਰਤੱਖ ਪ੍ਰਮਾਣ ਹੈ। ਸਿਖ ਲਹਿਰ ਤਿਆਗੀ-ਯੋਧਿਆਂ ਦੀ ਹੈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਵਰਗੇ ਮਹਾਨ ਤਿਆਗੀ-ਸੂਰਮਿਆਂ ਦੀ ਲਹਿਰ ਹੈ। 'ਸਰਬੰਸ-ਦਾਨ' ਕਰਵਾਉਣਾ, ਇਸੇ ਲਹਿਰ ਦਾ ਸੁਨਹਿਰੀ ਕਰਤੱਵ ਹੈ। 7 ਤੇ 9 ਸਾਲ ਦੇ ਬੱਚਿਆਂ ਨੂੰ ਦੀਵਾਰਾਂ ਵਿਚ ਚਿਣੇ ਜਾਣ ਵੇਲੇ ਸ਼ਾਬਾਸ ਦੇਣਾ, ਇਹ ਮੋਹ-ਮਾਇਆ ਦੇ ਤਿਆਗ ਦੀ ਅਦੁੱਤੀ ਮਿਸਾਲ ਹੈ। ਦੇਸ਼ ਦੀ ਸੁਤੰਤਰਤਾ ਤੇ ਆਪਣੀ ਅਣਖ ਹਿਤ, ਸਭ ਕੁਝ ਤਿਆਗ ਦੇਣਾ, ਇਹ ਸਭ ਤੋਂ ਉੱਤਮ ਕਰਤੱਵ ਹੈ।

'ਸਿੱਖ ਲਹਿਰ' ਤਾਂ ਉੱਤਮ ਕਰਤੱਵਾਂ ਦਾ ਇਤਿਹਾਸ ਹੈ। ਉੱਤਮ ਕਰਤੱਵ ਹੀ ਕਿਸੇ ਲਹਿਰ ਨੂੰ ਸਦੀਵ ਕਾਲ ਜ਼ਿੰਦਾ ਰਖ ਸਕਦੇ ਹਨ, ਕਿਸੇ ਲਹਿਰ ਨੂੰ ਲਾਸਾਨੀ ਤੇ ਅਮੁੱਲ ਬਣਾ ਸਕਦੇ ਹਨ। ਸਿਖ ਲਹਿਰ ਇਸੇ ਕਰ ਕੇ ਲਾਸਾਨੀ ਲਹਿਰ ਹੈ, ਇਸ ਦਾ ਸਾਨੀ ਕੋਈ ਨਹੀਂ, ਨਾ ਹੀ ਇਸ ਦਾ ਕੋਈ ਮੁੱਲ ਪਾ ਸਕਦਾ ਹੈ। ਕਿਉਂਕਿ ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ ਆਪ ਇਕ ਅਮੁੱਲ ਸ਼ਖਸੀਅਤ ਸਨ, ਉਹ ਜਾਣਦੇ ਸਨ ਕਿ ਕਿਹੜੇ-ਕਿਹੜੇ ਕਰਤੱਵ ਅਮੁੱਲ ਹਨ। ਅਮੁੱਲ ਕਰਤੱਵਾਂ ਦੇ ਨੀਂਹ-ਪੱਥਰਾਂ ਤੇ ਹੀ, ਗੁਰੂ ਨਾਨਕ ਦੇਵ ਜੀ ਨੇ ਸਿਖ ਲਹਿਰ ਦੀ ਉਸਾਰੀ ਕੀਤੀ।

"ਅਜੋਕੇ ਯੁੱਗ ਵਿਚ ਵੀ ਸਿਖ ਲਹਿਰ ਦਾ ਕਰਤੱਵ ਅਮੁੱਲ ਹੀ ਹੋਣਾ ਚਾਹੀਦਾ ਹੈ।"

Digitized by Panjab Digital Library | www.panjabdigilib.org

ਗੁਰੂ ਅੰਗਦ ਦੇਵ ਜੀ

ਸਿਖ ਲਹਿਰ ਦੀ ਦੂਜੀ ਤੇ ਜਾ-ਨਸ਼ੀਨ ਗੁਰੂ ਸ਼ਖਸੀਅਤ

ਗ਼ੁਰੂ ਅੰਗਦ ਦੇਵ ਜੀ ਸਿਖ ਲਾਂਹਰ ਦੇ ਦੂਜੇ ਆਗੂ ਸਨ। ਉਹਨਾਂ ਦਾ ਪਹਿਲਾ ਨਾਮ ਭਾਈ ਲਹਿਣਾ ਸੀ। ਚੂੰਕਿ ਗੁਰੂ ਨਾਨਕ ਦੇਵ ਜੀ ਦੇ ਅੰਗ[1] ਤੋਂ ਇਹ ਜੋਤਿ ਜਗੀ ਸੀ, ਇਸ ਕਰ ਕੇ ਭਾਈ ਲਹਿਣਾ ਜੀ ਦਾ ਨਾਮ ਗੁਰੂ ਅੰਗਦ ਦੇਵ ਜੀ ਕਰ ਕੇ ਪ੍ਰਸਿੱਧ ਹੋ ਗਿਆ। ਗੁਰੂ ਅੰਗਦ ਦੇਵ ਜੀ ਦੀ ਜੋਤਿ ਤੇ ਜੁਗਤਿ, ਗੁਰੂ ਨਾਨਕ ਜੀ ਵਾਲੀ ਹੀ ਸੀ, ਭਾਵੇਂ ਕਾਇਆਂ[2] ਵਖਰੀ ਸੀ। ਗੁਰੂ ਨਾਨਕ ਦੇਵ ਜੀ ਦੀ ਇਹ ਬੜੀ ਦੂਰ-ਦਰਸ਼ੀ ਤੇ ਸਿਖ ਲਹਿਰ ਪ੍ਰਤੀ ਬੜੀ ਡੂੰਘੀ ਹਮਦਰਦੀ ਸੀ, ਕਿ ਉਹਨਾਂ ਨੇ ਆਪਣੇ ਜੀਉਂਦੇ[3] ਜੀਅ ਹੀ, ਕਰਤਾਰਪੁਰ ਵਿਚ, ਆਪਣਾ ਜਾ-ਨਸ਼ੀਨ ਚੁਣ ਲਿਆ, ਸਿਖ ਲਹਿਰ ਦਾ ਦੂਜਾ ਆਗੂ ਚੁਣ ਲਿਆ। ਇਹ ਗੁਰੂ ਨਾਨਕ ਦੇਵ ਜੀ ਦੇ ਸੁਹਿਰਦ ਤੇ ਤਿਆਗਵਾਦੀ ਹੋਣ ਦੀ ਉੱਤਮ ਮਿਸਾਲ ਹੈ। ਗੁਰੂ ਅੰਗਦ ਦੇਵ ਜੀ ਨੂੰ ਆਪਣਾ ਜਾ-ਨਸ਼ੀਨ ਚੁਣ ਕੇ, ਗੁਰੂ ਨਾਨਕ ਦੇਵ ਜੀ ਨੇ ਆਪ ਉਹਨਾਂ ਦੀ ਸੇਵਾ ਭਰਪੂਰ ਸ਼ਖਸੀਅਤ ਨੂੰ ਮੱਥਾ ਟੇਕਿਆ,[4] ਆਪ ਉਹਨਾਂ ਦੀ ਦੁਹਾਈ ਫੇਰਾਈ,[5] ਆਪ ਉਹਨਾਂ ਨੂੰ ਸਿਖ ਲਹਿਰ ਦਾ ਵਾਰਸ ਬਣਾਇਆ ਤੇ ਅੰਤ ਆਪਣਾ ਸਭ ਕੁਝ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਕੇ, ਸਰੀਰਕ ਤੌਰ ਤੇ, ਸਦਾ ਲਈ ਸਭ ਨੂੰ ਵਿਛੋੜਾ ਦੇ ਦਿੱਤਾ।

---

੧. ਗ਼ੁਰੂ ਅੰਗਦ ਗੁਰ ਅੰਗ ਤੇ ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਫਲਿਆ ॥
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉਂ ਦੀਵਾ ਬਲਿਆ ॥
ਹੀਰੈ ਹੀਰਾ ਬੇਧਿਆ ਛਲ ਕਰ ਅਛਲੀ ਅਛਲ ਛਲਿਆ ॥
ਕੋਈ ਬੁੱਝ ਨ ਹੰਘਈ ਪਾਣੀ ਅੰਦਰ ਪਾਣੀ ਰਲਿਆ। (ਭਾਈ ਗੁਰਦਾਸ)

੨. ਜੋਤਿ ਓਹਾ ਜੁਗਤਿ ਸਾਹਿ ਕਾਇਆ ਫੇਰਿ ਪਲਟੀਐ ॥ (ਸੱਤਾ ਬਲਵੰਡ)

੩. ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ ॥
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ ॥
ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ ॥
ਕਾਇਆ ਪਲਟ ਸਰੂਪ ਬਣਾਇਆ ॥ (ਭਾਈ ਗੁਰਦਾਸ)

੪. ਲਹਣੇ ਧਰਿਓਨੁ ਛਤੁ ਸਿਰਿ ਕਾਂਰ ।ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੇ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕ ਸਲਾਮਤਿ ਥੀਵਦੈ।
ਸਹਿ ਟਿਕਾ ਦਿਤੋਸੁ ਜੀਵਦੈ ॥ (ਸੱਤਾ ਬਲਵੰਡ)

੫. ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥

Digitized by Panjab Digital Library | www.panjabdigilib.org

ਇਹ ਗੁਰੂ ਨਾਨਕ ਦੇਵ ਜੀ ਦੇ ਮਹਾਨ-ਤਿਆਗੀ ਹੋਣ ਦਾ ਪ੍ਰਮਾਣ ਹੈ ।

ਗੁਰੂ ਅੰਗਦ ਦੇਵ ਜੀ ਦੇ, ਗੁਰੂ ਨਾਨਕ ਗੱਦੀ ਦਾ ਵਾਰਸ ਬਣਨ ਵੇਲੇ, ਇਕ ਮੁਗ਼ਲ ਹਕੂਮਤ ਦੀ ਵਿਰੋਧਤਾ ਹੈ, ਦੂਜਾ ਗੁਰਗੱਦੀ ਦੇ ਘਰੋਗੀ ਵਾਰਸਾਂ ਦੀ ਵਿਰੋਧਤਾ ਹੈ, ਤੀਜਾ ਸਮਕਾਲੀ ਆਚਾਰ-ਹੀਣ ਸਥਿਤੀ ਨਾਲ ਘੋਲ ਹੈ, ਚੌਥਾ ਕੁਝ ਉਸਾਰੂ ਕਰਤੱਵ ਹਨ, ਜਿਨ੍ਹਾਂ ਸਹਾਰੇ ਸਿਖ ਲਹਿਰ ਦੇ ਇਤਿਹਾਸ, ਸਾਹਿਤ ਤੇ ਕਲਾ ਨੂੰ ਸਾਂਭਣਾ ਹੈ । ਗੁਰੂ ਅੰਗਦ ਦੇਵ ਜੀ, ਇਕ ਯੋਧਾ ਬਣ ਕੇ, ਇਹਨਾਂ ਸਭ ਕਰਤੱਵਾਂ ਦੀ ਪਾਲਣਾ ਕਰਦੇ ਹਨ । ਗੁਰੂ ਨਾਨਕ-ਗੱਦੀ ਦੀ ਜੁਗਤਿ ਵੀ ਫੈਲਾਂਦੇ ਹਨ, ਸੰਗਤ[1] ਤੇ ਪੰਗਤ[2] ਵਰਗੀਆਂ ਮਹਾਨ ਸੰਸਥਾਵਾਂ ਵੀ ਸਥਾਪਨ ਕਰ ਕੇ, ਸਿਖ ਲਹਿਰ ਨੂੰ ਹੋਰ ਸ਼ਕਤੀ-ਨਿਪੁੰਨ ਬਣਾਂਦੇ ਹਨ, ਖਡੂਰ ਸਾਹਿਬ[3] ਨੂੰ ਸਿਖ ਸ਼ਕਤੀ ਦਾ ਦੂਜਾ ਕੇਂਦਰ ਸਥਾਪਤ ਕਰ ਕੇ ਸਿੱਖਾਂ ਦੀਆਂ ਕੁਸ਼ਤੀਆਂ[4] ਕਰਾਂਦੇ ਹਨ, ਚੰਗੇ ਸੈਨਿਕ ਬਣਨ ਵਾਸਤੇ ਪਰੇਰਦੇ ਹਨ, ਹਾਕਮ-ਸ਼ੈਣੀ ਨਾਲ ਵੀ ਸਿੱਧੀ ਟੱਕਰ ਲੈਣ ਵਾਸਤੇ ਤਿਆਰ ਹਨ, ਹਮਾਯੂੰ ਬਾਦਸ਼ਾਹ ਨੂੰ ਸ਼ੇਰ-ਦਿਲ ਜਵਾਬ ਦਿੰਦੇ ਹਨ । ਵਿਰੋਧੀਆਂ ਵਲੋਂ ਵੀ ਸ਼ਾਹੀ-ਦਰਬਾਰ ਵਿਚ ਕਈ ਸ਼ਕਾਇਤਾਂ ਹੋਈਆਂ ਹਨ, ਘਰੋਗੀ ਵਾਰਸਾਂ ਵਲੋਂ ਵੀ ਵਿਰੋਧਤਾ ਹੋਈ ਹੈ, ਪਰ ਗੁਰੂ ਅੰਗਦ ਦੇਵ ਜੀ ਨੇ ਬੇਪਰਵਾਹ ਤੇ ਅਡੋਲ ਰਹਿ ਕੇ, ਸਭ ਦਾ ਮੁਕਾਬਲਾ ਕੀਤਾ ਹੈ । ਸੈ-ਰਖਿਆ ਤੇ ਪਰ-ਰਖਿਆ ਵੀ ਕੀਤੀ ਹੈ । ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ-ਜੁਗਤਿ ਨੂੰ ਕਿਸੇ ਡਰ-ਅਧੀਨ ਤਿਆਗਿਆ ਨਹੀਂ, ਬਲਕਿ ਸਿਖ ਲਹਿਰ ਨੂੰ ਚਿਰ-ਸਥਾਈ ਬਣਾਨ ਵਾਸਤੇ ਕਈ ਸਾਹਿਤਕ ਕਰਤੱਵ ਕੀਤੇ ਹਨ । ਗੁਰਮੁਖੀ ਦੇ ਖੰਡ ਅਖਰਾਂ ਨੂੰ ਇਕ ਥਾਂ ਤੇ ਲਿਪੀ ਬੱਧ ਕੀਤਾ ਹੈ, ਪੰਜਾਬ ਦੀ ਲਿਪੀ ਨੂੰ ਟਕਸਾਲੀ ਬਣਾਇਆ ਹੈ, ਆਪਣੀ ਹੱਥੀਂ ਗੁਰਮੁਖੀ ਦੇ ਕੈਦੇ ਲਿਖ ਲਿਖ ਕੇ ਪੰਜਾਬੀ ਬੋਲੀ ਦਾ ਪ੍ਰਚਾਰ ਕੀਤਾ ਹੈ, ਤਾਂ ਕਿ ਗੁਰੂ ਨਾਨਕ-ਬਾਣੀ ਨੂੰ ਲੋਕੀਂ ਚੰਗੀ ਤਰ੍ਹਾਂ ਪੜ੍ਹ-ਸਮਝ ਸੱਕਣ, ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਾਂਭਿਆ ਹੈ, ਗੁਰੂ ਨਾਨਕ ਦੇਵ ਜੀ ਦੇ ਜੀਵਨ-ਇਤਿਹਾਸ ਨੂੰ ਇਕ 'ਜਨਮ-ਸਾਖੀ' ਦੇ ਰੂਪ ਵਿਚ ਲਿਖਵਾਇਆ ਹੈ । ਆਪ ਬਾਣੀ ਲਿਖੀ ਹੈ, ਫਿਰ ਆਪਣੇ ਦਰਬਾਰ ਵਿਚ ਰਬਾਬੀ ਰਖ ਕੇ ਕੀਰਤਨ ਤੇ ਸੰਗੀਤ ਨੂੰ ਪ੍ਰਚੱਲਤ ਤੇ ਪ੍ਰਸਿੱਧ ਕੀਤਾ ਹੈ, ਸਮਕਾਲੀ ਸਮਾਜਕ ਸਥਿਤੀ ਵਿਰੁਧ

---

੧. ਲੰਗਰੁ ਚਲੇ ਗੁਰ ਸਬਦਿ ਹਰਿ ਤੋਟ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥
ਹੋਵੈ ਸਿਫ਼ਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲ ਜਨਮ ਜਨਮ ਦੀ ਕਟੀਐ ॥ (ਸੱਤਾ ਬਲਵੰਡ)

੨. ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤਿ ਛਾਉ ਪਤ੍ਰਾਲੀ ॥
ਲੰਗਰ ਦਉਲਾਂਤ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (ਸੱਤਾ ਬਲਵੰਡ)

੩. ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਈ ॥
ਦਿਤਾ ਛਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ ॥ (ਭਾਈ ਗੁਰਦਾਸ)

੪. ਅਜੇ ਵੀ 'ਮਲ ਅਖਾੜਾ' ਖਡੂਰ ਸਾਹਿਬ ਵਿਚ ਕਾਇਮ ਹੈ ।

Digitized by Panjab Digital Library | www.panjabdigilib.org

ਲੜਾਈ ਕੀਤੀ ਹੈ, ਵਹਿਮਾਂ, ਭਰਮਾਂ ਤੇ ਹਉਮੈ ਦਾ ਚੰਗਾ ਨਿਖੇਦ ਕੀਤਾ ਹੈ, ਦੈਵੀ-ਜ਼ਿੰਦਗੀ ਦਾ ਬੜੇ ਸਪਸ਼ਟ ਤੇ ਸਿੱਧੇ ਸਾਧੇ ਢੰਗ ਨਾਲ ਨਿਰੂਪਣ ਕੀਤਾ ਹੈ, ਗੁਰੂ ਨਾਨਕ-ਸਿਧਾਂਤ ਪੰਪਰਾ ਨੂੰ ਕਾਵਿ ਰੂਪ ਵਿਚ ਵਿਆਖਿਆ ਵੀ ਹੈ, 'ਨਾਨਕ ਨਿਰਮਲ ਪੰਥ' ਦੀ ਗਿਣਤੀ ਵਿਚ ਵਾਧਾ ਵੀ ਕੀਤਾ ਹੈ।.....ਗੁਰੂ ਅੰਗਦ ਦੇਵ ਜੀ ਦੇ ਜੀਉਂਦੇ ਜੀਅ ਜਿੱਥੇ ਸਿਖ ਲਹਿਰ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਬਣ ਗਈ, ਉਥੇ ਉਹਨਾਂ ਨੇ ਆਪਣੇ ਜੀਉਂਦਿਆਂ ਹੀ ਗੁਰੂ ਅਮਰ ਦਾਸ ਜੀ ਨੂੰ ਆਪਣਾ ਜਾ-ਨਸ਼ੀਨ[1] ਚੁਣ ਲਿਆ ਤੇ ਗੁਰੂ ਨਾਨਕ-ਮਰਯਾਦਾ ਅਨੁਸਾਰ ਗੁਰੂ ਨਾਨਕ-ਗੱਦੀ ਦਾ ਤੇ 'ਨਾਨਕ ਨਿਰਮਲ ਪੰਥ' ਦਾ ਵਾਰਸ ਵੀ ਇਹਨਾਂ ਨੂੰ ਹੀ ਬਣਾ ਦਿੱਤਾ।

---

੧. ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ·ਘਰ ਆਈ।
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ ॥
ਫੇਰ ਵਸਾਇਆ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ ॥
ਦਾਤਿ ਜੋਤਿ ਖਸਮੈ ਵਡਿਆਈ ॥ (ਭਾਈ ਗੁਰਦਾਸ)

Digitized by Panjab Digital Library | www.panjabdigilib.org

ਗੁਰੂ ਅਮਰ ਦਾਸ ਜੀ

ਸਿਖ ਲਹਿਰ ਦੀ ਤੀਜੀ ਤੇ ਪਰਵਾਨ-ਪੋਤਾ ਗੁਰੂ ਸ਼ਸਖੀਅਤ

ਗੁਰੂ ਅਮਰ ਦਾਸ ਜੀ ਪਰਵਾਨ-ਪੋਤਾ ਸਨ[1], ਨਿਡਰ ਤੇ ਦਲੇਰ ਸਖਸ਼ੀਅਤ ਦੇ ਸੁਆਮੀ ਸਨ। ਗੁਰੂ ਨਾਨਕ-ਗੱਦੀ ਜੋਤਿ ਤੇ ਜੁਗਤਿ ਦੀ ਗੱਦੀ ਸੀ। ਗੁਰ-ਗੱਦੀ ਦਾ ਵਾਰਸ ਜੁਗਤਿ ਨੂੰ ਪਰਖ ਕੇ ਹੀ ਬਣਾਇਆ ਜਾਂਦਾ ਸੀ। ਅਮੀਰ-ਗਰੀਬ, ਜਾਤਿ-ਪਾਤਿ, ਬਲਵਾਨ-ਕਮਜ਼ੋਰ ਦਾ ਖਿਆਲ ਨਹੀਂ ਸੀ ਰਖਿਆ ਜਾਂਦਾ। ਜੋ ਤਖਤੈ ਲਾਇਕ ਹੈ, ਭਾਵੇਂ ਕਿਸੇ ਪਰਿਵਾਰ ਦਾ ਹੈ, ਉਸ ਨੂੰ ਗੁਰੂ ਨਾਨਕ-ਜੋਤਿ ਵਿਚ ਢਾਲਿਆ ਜਾਂਦਾ ਸੀ, ਉਸ ਨੂੰ ਗੁਰੂ ਨਾਨਕ-ਜੁਗਤਿ ਸਿਖਾਈ ਜਾਂਦੀ ਸੀ। ਜਦੋਂ ਗੁਰੂ ਵਲੋਂ ਪਰਵਾਨਗੀ ਮਿਲ ਜਾਂਦੀ ਸੀ ਤਾਂ ਉਸ ਨੂੰ ਗੁਰ--ਗੱਦੀ ਦਾ ਵਾਰਸ ਬਣਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਗੁਰੂ ਨਾਨਕ-ਗੱਦੀ ਅਮਲ ਰੂਪ ਵਿਚ ਇਕ ਤਜਰਬਾ ਸੀ, ਜਾਤਿ-ਪਾਤਿ ਮਿਟਾਣ ਦਾ, ਅਮੀਰ-ਗਰੀਬ ਦਾ ਵਿਤਕਰਾ ਹਟਾਣ ਦਾ, ਗੁਣ-ਭਰਪੂਰ ਸ਼ਖ ੀਅਤ ਨੂੰ ਉਚਿਆਣ ਦਾ, ਭਗਤੀ, ਕੁਰਬਾਨੀ ਤੇ ਤਿਆਗ ਦਾ ਸਨੇਹਾ ਦੇਣ ਦਾ, ਨਿੰਮ੍ਰਤਾ, ਸੇਵਾ ਤੇ ਪਰੇਮ-ਪੁੰਜ ਵਿਅਕਤੀ ਨੂੰ ਪਰਵਾਨ ਚੜ੍ਹਾਣ ਦਾ। ਗੁਰੂ ਅਮਰ ਦਾਸ ਜੀ ਨਿੰਮ੍ਰਤਾ, ਸੇਵਾ ਤੇ ਪ੍ਰੇਮ ਦੀ ਅਨੂਪਮਿ ਮੂਰਤਿ ਸਨ। ਬਜ਼ੁਰਗ ਉਮਰ ਵਿਚ ਲਗਾਤਾਰ 12 ਸਾਲ ਆਪਣੇ ਗੁਰੂ ਦੀ ਸੇਵਾ ਵਿਚ ਜੁੜੇ ਰਹਿਣਾ, ਨਿਤਾਣਾ ਹੋ ਕੇ ਰੱਬੀ-ਦਰਬਾਰ ਵਿਚ ਬਹਿ ਰਹਿਣਾ, ਪ੍ਰੇਮ-ਲਗਨ ਵਿਚ ਗੜੁੰਦ ਹੋ, ਗੁਰੂ-ਗਿਆਨ ਦੀ ਪ੍ਰਾਪਤੀ ਵਾਸਤੇ ਖੜੇ ਰਹਿਣਾ, ਇਹ ਇਕ ਅਨੂਪਮਿ ਜ਼ਿੰਦਗੀ ਹੈ, ਆਦਰਸ਼ਕ ਤੇ ਲਗਨ ਵਾਲੀ ਜ਼ਿੰਦਗੀ ਹੈ। ਇਹੀ ਜ਼ਿੰਦਗੀ ਪਰਵਾਨ ਹੈ, ਇਹੀ ਜ਼ਿੰਦਗੀ ਪੰਚ ਹੈ, ਇਹੀ ਪ੍ਰਧਾਨ ਹੈ। ਗੁਰੂ ਅੰਗਦ ਦੇਵ ਜੀ ਨੇ ਇਸੇ ਕਰ ਕੇ ਗੁਰੂ ਅਮਰ ਦਾਸ ਜੀ, ਜਿਨ੍ਹਾਂ ਦੀ ਉਮਰ 72 ਸਾਲ ਸੀ, ਨੂੰ ਗੁਰ ਗੱਦੀ ਦਾ ਵਾਰਸ ਬਣਾਇਆ। ਕਿਉਂਕਿ ਇਹਨਾਂ ਵਿਚ "ਅਮਰ" ਹੋਣ ਵਾਲੇ ਗੁਣ[2] ਸਨ। ਗੁਰ ਗੱਦੀ ਤਾਂ ਅਮਰ ਸ਼ਖਸੀਅਤਾਂ ਦੀ ਲਹਿਰ ਹੈ।

---

੧. (ੳ) ਸ਼ਬਦ ਸੁਰਤਿ ਪਰਚਾਇਕੈ ਚੇਲੇ ਤੇ ਗੁਰ ਗੁਰ ਤੇ ਚੇਲਾ ॥
ਵਾਣਾ ਤਾਣਾ ਆਖੀਐ ਸੂਤ ਇਕੋ ਹੁਇ ਕੱਪੜ ਮੇਲਾ ॥
ਪਾਨ ਸੁਪਾਰੀ ਕੱਥ ਮਿਲ ਚੂਨੇ ਰੰਗ ਸੁਰੰਗ ਸਹੇਲਾ ॥
ਪੋਤਾ ਪਰਵਾਣੀਕ ਨਵੇਲਾ ॥ (ਭਾਈ ਗੁਰਦਾਸ)

(ਅ) ਸੌ ਟਿਕਾ ਸੌ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥ (ਸੱਤਾ ਬਲਵੰਡ)

੨. ਭਲੇ ਅਮਰ ਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨ ਆਵੈ ॥
(ਸਵੱਯੇ ਮਹਲੇ ਤੀਜੇ ਦੇ)

Digitized by Panjab Digital Library | www.panjabdigilib.org

ਸਿਖ ਲਹਿਰ ਦੀ ਜ਼ਿੰਦਗੀ ਵੀ ਗੁਰੂ ਅਮਰ ਦਾਸ ਜੀ ਵਰਗੀ ਪੰਚ ਤੇ ਪ੍ਰਧਾਨ ਹਣੀ ਚਾਹੀਦੀ ਹੈ।

ਗੁਰੂ ਅਮਰ ਦਾਸ ਜੀ ਨੇ ਗੱਦੀ ਦੀ ਜ਼ਿੰਮੇਵਾਰੀ ਨੂੰ ਸੰਭਾਲਦਿਆਂ ਹੀ 'ਨਾਨਕ ਨਿਰਮਲ ਪੰਥ' ਤੇ ਗੁਰਬਾਣੀ-ਪ੍ਰਚਾਰ ਦਾ ਹੋਰ ਪਸਾਰਾ ਕੀਤਾ। ਉਹਨਾਂ ਦੇ ਮੁਖ ਤਿੰਨ ਕਰਤੱਵ ਹਨ, ਜਿਨ੍ਹਾਂ ਨਾਲ ਸਿਖ ਲਹਿਰ ਇਕ ਸ਼ੁੱਧ ਜਥੇਬੰਦੀ ਦੇ ਰੂਪ ਵਿਚ ਨਿਖਰਦੀ ਹੈ। ਸਮਕਾਲੀ ਹਾਕਮ ਤੇ ਵਿਰੋਧੀ ਇਹ ਮਹਿਸੂਸ ਕਰਦੇ ਹਨ, ਕਿ ਸਿਖ ਲਹਿਰ ਤਾਕਤ ਫੜ ਰਹੀ ਹੈ, ਜੇ ਇਸ ਤਰ੍ਹਾਂ ਇਹ ਵਧਦੀ ਤੇ ਫੈਲਦੀ ਗਈ ਤਾਂ.....ਕਿਸੇ ਵੇਲੇ ਇਹ ਪੰਜਾਬ ਦੀ ਮਾਲਕ ਬਣੇਗੀ।

ਗੁਰੂ ਅਮਰ ਦਾਸ ਜੀ ਦੇ ਮੁੱਖ ਕਰਤੱਵ ਇਹ ਹਨ :—

(ੳ) ਗੁਰਗੱਦੀ ਦਾ ਕੇਂਦਰ 'ਗੋਇੰਦਵਾਲ' :-

ਗੁਰੂ ਨਾਨਕ ਦੇਵ ਜੀ ਵੇਲੇ ਗੁਰ-ਗੱਦੀ ਦਾ ਕੇਂਦਰ 'ਕਰਤਾਰ ਪੁਰ' ਸੀ, ਗੁਰੂ ਅੰਗਦ ਦੇਵ ਜੀ ਵੇਲੇ 'ਖਡੂਰ ਸਾਹਿਬ' ਤੇ ਗੁਰੂ ਅਮਰ ਦਾਸ ਜੀ ਵੇਲੇ ਗੁਰ ਗੱਦੀ ਦਾ ਕੇਂਦਰ ਗੋਇੰਦਵਾਲ[1] ਸਥਾਪਨ ਕੀਤਾ ਗਿਆ। ਇਸ ਤਰ੍ਹਾਂ ਗੁਰ-ਗੱਦੀ-ਕੇਂਦਰ ਬਦਲਣ ਨਾਲ, ਗੁਰੂ ਨਾਨਕ-ਸੰਸਥਾ ਦਾ ਪ੍ਰਚਾਰ ਤੇ ਸਿਖ ਲਹਿਰ ਦਾ ਪਸਾਰਾ ਵਧਦਾ ਹੀ ਗਿਆ। ਸਾਰੇ ਪੰਜਾਬ ਵਿਚ, ਖਾਸ ਕਰ ਕੇ ਹਾਕਮ ਸ਼੍ਰੇਣੀ ਦੇ ਘਰਾਂ ਵਿਚ, ਉਸਰ ਰਹੀ ਇਠਕਲਾਬੀ ਸਿਖ-ਲਹਿਰ ਦਾ ਖੱਤਰਾ ਮਹਿਸੂਸ ਕੀਤਾ ਜਾਣ ਲੱਗਾ। ਗੁਰੂ ਅਮਰ ਦਾਸ ਜੀ ਵੇਲੇ ਵੀ ਗੁਰੂ-ਪੁੱਤਰਾਂ[2] ਵਲੋਂ', ਲੋਕਾਂ ਵਲੋਂ, ਬਾਦਸ਼ਾਹ ਦੇ ਨਿਕਟਵਰਤੀਆਂ ਵਲੋਂ, ਸਿਖ ਲਹਿਰ ਦੀ ਵਿਰੋਧਤਾ ਹੋਈ। ਕਿਸੇ ਨੇ ਆਪਣੇ ਆਪ ਨੂੰ ਗੁਰ ਗੱਦੀ ਦਾ ਵਾਰਸ ਦਸਿਆ, ਕਿਸੇ ਨੇ ਸ਼੍ਰੇਣੀ ਭੇਦ-ਭਾਵ ਦੇ ਟੁੱਟਦੇ ਜਾਲ ਨੂੰ ਵੇਖ ਕੇ, ਆਪਣੀ ਹਉਮੈਂ ਵਿਰੁਧ ਉਠ ਰਿਹਾ ਜਹਾਦ ਮਹਿਸੂਸ ਕੀਤਾ, ਕਿਸੇ ਨੇ ਬਾਦਸ਼ਾਹ ਅਕਬਰ ਕੋਲ ਝੂਠੀਆਂ-ਸੱਚੀਆਂ ਸ਼ਕਾਇਤਾਂ ਕੀਤੀਆਂ। ਪਰ ਗੁਰੂ ਅਮਰ ਦਾਸ ਜੀ ਅਡੋਲ ਪਰਬਤ[3] ਸਨ, ਉਹਨਾਂ ਸਭ ਕੁਝ ਖਿੜੇ ਮੱਥੇ ਸਹਾਰਿਆ। ਚੂੰਕਿ ਪਰਵਾਣ ਪੋਤੇ ਸਨ, ਪਿਓ ਦਾਦੇ ਦੀ ਦਲੇਰੀ ਤੇ ਨਿਡਰਤਾ ਦੀਆਂ ਕਹਾਣੀਆਂ ਉਹਨਾਂ ਸੁਣੀਆਂ ਹੋਈਆਂ ਸਨ। ਇਸ ਲਈ ਉਹ ਕਿਸੇ ਦੀ ਵਿਰੋਧਤਾ ਤੋਂ ਵੀ ਪ੍ਰਭਾਵਤ ਨਾ ਹੋਏ, ਸਗੋਂ 'ਗੁਰਮੁਖ ਬੁੱਢੇ ਕਦੇ ਨਾ ਹੋਵਣ ਜਿਨਾਂ ਅੰਦਰਿ ਸੁਰਤਿ ਗਿਆਨ' ਦੇ ਮਹਾਂ ਵਾਕ ਅਨੁਸਾਰ, ਇਕ ਜਵਾਨ ਦੀ ਤਰ੍ਹਾਂ, ਉਹਨਾਂ ਸਿਖ ਲਹਿਰ ਦੀ ਇਨੀ ਵੱਡੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਇਆ, ਤੇ ਗੋਇੰਦਵਾਲ ਹੀ ਆਪਣੇ ਜੀਵਨ ਦੇ ਗੁਰੂ-ਸਾਲ, ਗੁਰਬਾਣੀ ਲਿਖ ਕੇ ਸੰਗੀਤਕ ਧੁੰਨਾਂ ਵਿਚ ਬੰਨ੍ਹ ਕੇ, ਗਾਇਨ ਕਰ ਕੇ, ਵਿਆਖਿਆ ਕਰ ਕੇ, ਪ੍ਰਚਾਰ ਕਰਦੇ ਕਰਦੇ

---

1. ਫੇਰ ਵਸਾਇਆ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ ॥
(ਭਾਈ ਗੁਰਦਾਸ)

2. ਮੰਜੀ ਦਾਸ ਬਹਾਲਿਆ ਦਾਤੂ ਸਿੱਧਾਸਣ ਸਿਖ ਆਇਆ ॥ (ਭਾਈ ਗੁਰਦਾਸ)

3. ਝਖੜਿ ਵਾਉ ਨ ਡੋਲਈ, ਪਰਬਤ ਮੇਰਾਣੁ ॥
ਜਾਣੈ ਬਿਰਥਾ ਜੀਅ ਕੀ, ਜਾਣੀ ਹੂ ਜਾਣੁ ॥
(ਸੱਤਾ ਬਲਵੰਡ)

Digitized by Panjab Digital Library | www.panjabdigilib.org

ਬਿਤਾਏ । ਸੀ. ਐਚ. ਪੇਨ[1] ਸ਼ਾਇਦ ਇਸੇ ਕਰ ਕੇ ਗੁਰੂ ਅਮਰ ਦਾਸ ਜੀ ਨੂੰ ਇਕ 'ਉਤਸ਼ਾਹੀ ਪ੍ਰਚਾਰਕ' (Zealous Preacher) ਕਹਿੰਦਾ ਹੈ ।

(ਅ) ਗੁਰੂ ਮਰਯਾਦਾ ਦਾ ਪ੍ਰਚਾਰ:-

ਗੁਰੂ ਅਮਰ ਦਾਸ ਜੀ ਪੂਹੜ ਉਮਰ ਵਿਚ ਗੁਰੂ ਬਣਦੇ ਹਨ। 'ਪੂਹੜ-ਆਤਮਾ' ਬੜੀ ਗੰਭੀਰ ਤੇ ਸਦਾਚਾਰਕ ਸੱਚ ਦੀ ਪ੍ਰਚਾਰਕ ਹੁੰਦੀ ਹੈ। ਕਿਉਂਕਿ ਸਮਾਜਕ-ਕਾਰ ਨੂੰ ਉਸ ਨੇ ਚੰਗੀ ਤਰ੍ਹਾਂ ਨਾਲ ਦੇਖ-ਭਾਲ ਲਿਆ ਹੁੰਦਾ ਹੈ। ਉਮਰ ਦੇ ਲੰਘਣ ਨਾਲ ਨਿਰਣਾ-ਸ਼ਕਤੀ ਦਾ ਗਿਆਨ ਵੀ ਹੋ ਜਾਂਦਾ ਹੈ। ਮਨੁਖ-ਆਤਮਾ ਵਿਚ ਕਿਸੇ ਤਰ੍ਹਾਂ ਦੀ ਧੁੰਧ ਜਾਂ ਅਸਪਸ਼ਟਤਾ ਨਹੀਂ ਰਹਿੰਦੀ । ਉਹ ਮਨੁੱਖਤਾ ਨੂੰ ਸਮਾਜਕ ਗੁਣ-ਔਗੁਣਾਂ ਦੀ ਤਸਵੀਰ ਉਲੀਕ ਕੇ, ਇਹ ਦਸ ਸਕਦਾ ਹੈ, ਕਿ ਜੀਵਨ ਦਾ ਚੰਗੇਰਾ ਪੱਖ ਗੁਣਾਂ ਵਾਲਾ ਹੈ, ਗੁਣਾਂ ਨੂੰ ਹੀ ਧਾਰਨ ਕਰੋ, ਔਗੁਣ ਤਿਆਗੋ, ਇਸ ਤਰ੍ਹਾਂ ਹੀ ਜੀਵਨ ਸੁਖੀ ਬਣ ਸਕਦਾ ਹੈ। ਗੁਰੂ ਅਮਰ ਦਾਸ ਜੀ ਦਾ ਜੀਵਨ-ਅਨੁਭਵ ਬੜਾ ਡੂੰਘਾ ਤੇ ਵਿਸ਼ਾਲ ਸੀ। ਇਸੇ ਕਰਕੇ ਇਕ ਪਾਸੇ ਉਹ 'ਅਨੰਦ' ਬਾਣੀ ਰਾਹੀਂ ਬੜੇ ਸਪਸ਼ਟ ਤੇ ਸਿੱਧੇ ਸਾਧੇ ਢੰਗ ਨਾਲ ਪ੍ਰਮਾਰਥਕ ਤੇ ਪਦਾਰਥਕ ਅਨੰਦ ਦਾ ਅੰਤਰ ਸਮਝਾਂਦੇ ਹਨ, ਦੂਜਾ ਸਮਾਜਕ ਅਧੋਗਤੀ ਨੂੰ ਬੜੇ ਤਕੜੇ ਹੱਥ ਪਾ ਕੇ, ਇਕ ਜ਼ੋਰਦਾਰ ਹਲੂਣਾ ਵੀ ਦੇਂਦੇ ਹਨ। ਉਸ ਵਕਤ ਸਮਾਜਕ ਵਿਤਕਰੇ ਇਹ ਸਨ-ਸ਼ੂਦ੍ਰੀ ਭੇਦ-ਭਾਵ, ਅਮੀਰ-ਗਰੀਬ ਦਾ ਫ਼ਰਕ, ਇਸਤ੍ਰੀ-ਮਰਦ ਦਾ ਫਰਕ, ਪਰਦੇ ਦੀ ਰਸਮ, ਸਤੀ ਹੋਣ ਦੀ ਰਸਮ.....ਆਦਿ। ਗੁਰੂ ਅਮਰਦਾਸ ਜੀ ਇਹਨਾਂ ਵਿਤਕਰਿਆਂ ਵਿਰੁਧ ਬੜੀ ਦਲੇਰੀ ਨਾਲ ਆਵਾਜ਼ ਉਠਾਂਦੇ ਹਨ, ਇਹਨਾਂ ਵਿਤਕਰਿਆਂ ਅਧੀਨ ਉਸਰ ਰਹੀ ਸਮਾਜਕ ਰਹਿਣੀ-ਬਹਿਣੀ ਦਾ ਵੀ ਵਿਰੋਧ ਕਰਦੇ ਹਨ ਤੇ ਉਹਨਾਂ ਦੀ ਸਮਾਜਕ ਅਸਲੀਅਤ ਉਘਾੜ ਕੇ ਮਨੁੱਖਤਾ ਨੂੰ 'ਸੰਗਤ ਤੇ ਪੰਗਤ' ਵਿਚ ਆਉਣ ਲਈ ਪ੍ਰੇਰਦੇ ਹਨ। ਗੁਰੂ ਅਮਰ ਦਾਸ ਜੀ ਸੰਗਤ ਤੇ ਪੰਗਤ ਦੀਆਂ ਆਦਰਸ਼ਕ ਸੰਸਥਾਵਾਂ ਨੂੰ ਹੋਰ ਪੱਕਾ ਕਰਦੇ ਹਨ। ਅਕਬਰ ਬਾਦਸ਼ਾਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਤੇ ਸੰਗਤ ਵਿਚ ਬੈਠਦਾ ਹੈ.....ਇਹ ਸਿਖ ਲਹਿਰ ਦੀ ਪ੍ਰਗਤੀਸ਼ੀਲਤਾ ਤੇ ਵਿਕਾਸਸ਼ੀਲਤਾ ਦੀ ਅਦੁੱਤੀ ਉਦਾਹਰਣ ਹੈ।.....ਗੁਰੂ ਅਮਰ ਦਾਸ ਜੀ ਨੇ ਤੀਰਥ-ਇਸ਼ਨਾਨ ਤੇ ਤੀਰਥ-ਯਾਤਰਾ ਵਰਗੇ ਵਹਿਮਾਂ, ਭਰਮਾਂ ਤੇ ਪਾਖੰਡਾਂ ਦਾ ਵੀ ਵਿਰੋਧ ਕੀਤਾ ਹੈ.....ਇਹ ਇਤਿਹਾਸਕ ਸੱਚ ਹੈ, ਕਿ ਉਹਨਾਂ ਨੇ ਪੂਹੜ ਉਮਰ ਵਿਚ ਘੋੜੇ ਦੀ ਸਵਾਰੀ ਕੀਤੀ, ਪੰਜਾਬ ਤੋਂ ਹਰਿਦੁਆਰ ਤੀਕ ਘੋੜੇ ਤੇ ਹੀ ਸਫਰ ਕੀਤਾ.....ਇਸ ਤਰ੍ਹਾਂ ਅਗਾਂਹ ਵਧੂ ਮਹਾਂ ਪੁਰਸ਼ ਬਣ ਕੇ, ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਇਨਕਲਾਬੀ ਲਹਿਰ ਦੀ ਅਗਵਾਈ ਕੀਤੀ। ਸ੍ਰੀ ਚੰਦ ਵਲੋਂ ਆਰੰਭ ਕੀਤੇ ਹੋਏ ਉਦਾਸੀ ਮੱਤ ਦਾ ਵਿਰੋਧ ਵੀ ਕੀਤਾ, ਸਿੱਖਾਂ ਨੂੰ ਗ੍ਰਿਹਸਤ ਵਿਚ ਉਦਾਸ ਰਹਿਣ ਦਾ ਉਪਦੇਸ਼ ਦਿੱਤਾ।.....ਗੋਇੰਦਵਾਲ ਵਾਪਸ ਪਹੁੰਚ ਕੇ ਉਹਨਾਂ 'ਬਾਉਲੀ ਸਾਹਿਬ' ਤੀਰਥ-ਸਥਾਨ ਵੀ ਸਥਾਪਤ ਕੀਤਾ, ਜਿਸ ਦੇ ਕਈ ਮੰਤਵ ਸਨ।.....ਸਮਾਜਕ ਦ੍ਰਿਸ਼ਟੀ ਤੋਂ ਗਰੂ ਅਮਰ ਦਾਸ ਜੀ ਨੇ ਸਿਖ ਲਹਿਰ ਨੂੰ ਹੋਰ ਜੱਥੇਬੰਦ ਕਰ ਦਿੱਤਾ।

---

१. The short History of the sikhs, page, 31.

Digitized by Panjab Digital Library | www.panjabdigilib.org

(ਏ) ਮੰਜੀਆਂ ਦੀ ਸਥਾਪਨਾ: -

'ਮੰਜੀਆਂ ਦੀ ਸਥਾਪਨਾ' ਇਕ ਤਾਂ ਆਪਣੇ ਮੱਤ ਦੇ ਪ੍ਰਚਾਰ-ਪਾਸਾਰੇ ਵਾਸਤੇ ਕੀਤੀ ਜਾਂਦੀ ਹੈ ਤੇ ਦੂਜੀ ਆਪਣੀ ਸ਼ਕਤੀ ਨੂੰ ਕੇਂਦਰਿਤ ਕਰਨ ਵਾਸਤੇ। ਇਸ ਨੂੰ ਰਾਜਸੀ ਕਰਤੱਵ ਵੀ ਕਿਹਾ ਜਾ ਸਕਦਾ ਹੈ। ਗੁਰੂ ਅਮਰ ਦਾਸ ਜੀ ਨੇ ਸਿਖ ਮੱਤ ਦੇ ਪ੍ਰਚਾਰ-ਪਾਸਾਰੇ ਤੇ ਸਿਖ-ਲਹਿਰ ਦੀ ਸ਼ਕਤੀ ਨੂੰ ਕੇਂਦਰਿਤ ਕਰਨ ਵਾਸਤੇ ੨੨ ਮੰਜੀਆਂ ਦੀ ਸਥਾਪਨਾ ਕੀਤੀ, ਕੁਝ 'ਪੀੜੀਆਂ' ਵੀ ਸਥਾਪਿਤ ਕੀਤੀਆਂ। ਮੰਜੀਆਂ ਦੀ ਇਹ ਵੰਡ ਅਕਬਰ ਦੇ ਸਾਰੇ ਹਿੰਦੁਸਤਾਨ ਨੂੰ ੨੨ ਸੂਬਿਆਂ ਵਿਚ ਵੰਡਣ ਦੇ ਆਧਾਰ ਤੇ ਹੀ ਕੀਤੀ ਜਾਪਦੀ ਹੈ। ਗੁਰੂ ਅਮਰ ਦਾਸ ਜੀ ਦਾ ਸਮੁੱਚੇ ਸਿਖ ਜਗਤ ਨੂੰ ੨੨ ਹਿੱਸਿਆਂ ਵਿਚ ਵੰਡ ਦੇਣਾ, ਹਰ ਹਿੱਸੇ ਵਿਚੋਂ ਯੋਗ ਵਿਅਕਤੀ ਚੁਣ ਕੇ, ਉਥੋਂ ਦੀ ਮੰਜੀ ਦਾ ਮੁਖੀ ਬਣਾ ਦੇਣਾ ਤੇ ਮੁਖੀ ਨੂੰ ਆਪਣੇ ਨਾਲ ਜੋੜ ਲੈਣਾ.....ਇਹ ਗੁਰੂ ਅਮਰ ਦਾਸ ਜੀ ਦੀ ਬੜੀ ਦੂਰ-ਦਰਸ਼ੀ ਤੇ ਰਾਜਸੀ ਸੂਝ ਦਾ ਪ੍ਰਗਟਾ ਹੈ। ਇਸ ਤਰ੍ਹਾਂ ਹੀ ਰਾਜ-ਬਣਤਰ ਦੀ ਉਸਾਰੀ ਹੁੰਦੀ ਹੈ, ਕੋਈ ਜਥੇਬੰਦੀ ਸ਼ਕਤੀ-ਨਿਪੁੰਨ ਹੁੰਦੀ ਹੈ।.....ਗੁਰੂ ਅਮਰ ਦਾਸ ਜੀ ਵੇਲੇ ਜਿੱਥੇ ਸਿਖ ਮਤ ਦਾ ਪ੍ਰਚਾਰ ਹਿੰਦੁਸਤਾਨ ਦੇ ਚਹੁੰ-ਪਾਸੀਂ ਫੈਲ ਜਾਂਦਾ ਹੈ, ਸਿਖ ਲਹਿਰ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ, ਸਿੱਖੀ ਸਮਕਾਲੀ ਧਰਮਾਂ ਤੋਂ ਕੁਝ ਵਖਰੀ ਦਿੱਸਣ ਲਗਦੀ ਹੈ, ਉਥੇ ਸਿਖ-ਸ਼ਕਤੀਆਂ ਦੀਆਂ ਮੰਦਰ-ਨੀਹਾਂ ਵੀ ਪੱਕੀਆਂ ਹੋ ਜਾਂਦੀਆਂ ਹਨ। 'ਸਿੱਖ' ਖੁਲੇ ਤੌਰ ਤੇ ਬਾਦਸ਼ਾਹੀ ਹੁਕਮਾਂ ਦੀ ਉਲੰਘਣਾ ਕਰਨ ਲਗ ਪੈਂਦੇ ਹਨ। ਜਜ਼ੀਆ ਤੇ ਯਾਤਰਾ-ਟੈਕਸਾਂ ਦੀ ਵਿਰੋਧਤਾ, ਸਿਖ ਲਹਿਰ ਦੇ ਜ਼ੋਰ ਫੜ ਜਾਣ ਦਾ ਹੀ ਪ੍ਰਮਾਣ ਹੈ। ਗੁਰੂ ਰਾਮ ਦਾਸ ਜੀ ਸਿਖ ਲਹਿਰ ਦੇ ਇਸ ਕਰਤੱਵ ਦਾ ਆਪਣੀ ਬਾਣੀ ਵਿਚ ਜ਼ਿਕਰ ਕਰਦੇ ਹਨ :—

ਆਦਿ ਦਾਮ ਪਿਆ ਨ ਗੋਲਕ ॥ (ਤੁਖਾਰੀ ਮ: ੪)

ਗੁਰੂ ਅਮਰ ਦਾਸ ਜੀ ਨੇ ਵੀ ਆਪਣੇ ਪਿਉ-ਦਾਦੇ ਵਾਂਗ ਆਪਣੇ ਜੀਉਂਦੇ ਹੀ ਗੁਰੂ ਰਾਮ ਦਾਸ ਜੀ[1] ਨੂੰ ਆਪਣਾ ਜਾ-ਨਸ਼ੀਨ ਚੁਣ ਲਿਆ। ਜਾ-ਨਸ਼ੀਨ ਚੁਣਨ ਦੀ ਮਰਯਾਦਾ, ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ, ਅਰਥਾਤ

ਜੋ ਘਾਲਹਿ ਸੋ ਪਾਵਹਿ

---

੧. ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੁਰੀ ਹੋਈ ਕਰਾਮਾਤ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈ ਸਕਾਰਿਆ ॥
ਨਾਨਕੁ ਤੂ ਲਹਣਾ ਤੂ ਹੈ ਗੁਰੂ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ (ਸੱਤਾ ਬਲਵੰਡ)

Digitized by Panjab Digital Library | www.panjabdigilib.org

ਗੁਰੂ ਰਾਮ ਦਾਸ ਜੀ

ਸਿੱਖ ਲਹਿਰ ਦੀ ਚੌਥੀ ਤੇ ਪੜੋਤਾ ਗੁਰੂ-ਸ਼ਖਸੀਅਤ

'ਗੁਰੂ ਰਾਮ ਦਾਸ ਜੀ' ਗੁਰੂ-ਰਿਸ਼ਤੇ ਵਿਚ ਪੜੋਤਾ ਸਨ, ਪਰਵਾਨ ਪੜੋਤਾ[1]। ਪਰ ਮਾਨਸਕ ਤੇ ਆਤਮਕ-ਗੁਣਾਂ ਵਿਚ ਬਿਲਕੁਲ ਆਪਣੇ ਬਜ਼ੁਰਗ ਗੁਰੂ ਅਮਰ ਦਾਸ ਜੀ, ਗੁਰੂ ਅੰਗਦ ਦੇਵ ਜੀ ਤੇ ਗੁਰੂ ਨਾਨਕ ਦੇਵ ਜੀ ਤੁੱਲ ਸਨ। ਜੋਤਿ ਤੇ ਜੁਗਤਿ ਵਲੋਂ, ਇਹ ਗੁਰੂ ਨਾਨਕ ਦੇਵ ਜੀ ਦੀ ਚੌਥੀ ਕਾਇਆਂ ਸਨ—ਪ੍ਰੇਮ, ਨਿੰਮ੍ਰਤਾ ਤੇ ਸੇਵਾ ਦੀ ਪੁੰਜ ਕਾਇਆਂ, ਸਹਜ ਅਵੱਸਥਾ ਵਿਚ ਪ੍ਰਫੁੱਲਤ[2] ਹੋਣ ਵਾਲੀ ਕਾਇਆਂ, ਮਨੁੱਖਤਾ ਨੂੰ ਪ੍ਰਗਤੀਸ਼ੀਲ ਵੇਖਣ ਵਾਲੀ ਕਾਇਆਂ। ਭਾਈ ਨੰਦ ਲਾਲ ਗੁਰੂ ਰਾਮ ਦਾਸ ਜੀ ਨੂੰ 'ਖਲਕਤ ਦਾ ਸਿਰਤਾਜ', ਸਿਦਕ ਤੇ ਪਵਿੱਤ੍ਰਤਾ ਦਾ ਬਾਦਸ਼ਾਹ[3] ਕਹਿੰਦੇ ਹਨ। 'ਭੱਟ' ਰਾਜ-ਜੋਗ ਦੇ ਤਖਤ ਦਾ ਮਾਲਕ[4] ਮੰਨਦੇ ਹਨ। ਭਾਈ ਗੁਰਦਾਸ ਬ ਬਾਣੇ ਘਰ ਵਿਚ ਕੰਵਲ ਫੁਲ[5] ਦਾ ਜੰਮਣਾ ਕਹਿੰਦਾ ਹੈ। ਪ੍ਰੋ: ਪੂਰਨ ਸਿੰਘ ਨੂੰ ਤਾਂ ਗੁਰੂ ਰਾਮ ਦਾਸ ਜੀ ਇਕ ਪ੍ਰੇਮ-ਭਿੰਜੀ ਮੂਰਤਿ ਜਾਪਦੀ ਹੈ, ਤੇ ਉਹਨਾਂ ਦੀ ਕਵਿਤਾ 'ਪ੍ਰੇਮ ਦੀ ਝਨਾਂ' ਜਿਸ ਵਿਚ ਪ੍ਰਭੂ-ਵਰ ਦੇ ਦਰਸ਼ਨਾਂ ਲਈ ਜਿੰਦ-ਵਹੁਟੀ ਦੀ ਪੁਕਾਰ ਹੈ, ਮੇਲਾਪ ਲਈ ਬਿਰਹਾ ਦਾ ਸਿਖਰ ਹੈ, ਖਾਸ ਕਰ ਕੇ ਉਹਨਾਂ ਦਾ ਅਮਿਉ ਸੰਗੀਤ ਸ੍ਰਿਸ਼ਟੀ ਦੀ ਆਤਮਾ ਨੂੰ ਟੁੰਬ ਕੇ, ਉਸ ਵਿਚ ਨਵ-ਜਾਗ੍ਰਿਤੀ ਦੀ ਥਰਾਹਟ ਪੈਦਾ ਕਰਦਾ ਜਾਪਦਾ ਹੈ, ਉਹਨਾਂ ਦੇ ਗੀਤ ਹਰ ਸਰੋਤੇ ਨੂੰ ਨਿਰਮਲਤਾ ਪ੍ਰਦਾਨ ਕਰਦੇ ਦਿਸਦੇ ਹਨ। ਇੰਜ ਗੁਰੂ ਰਾਮਦਾਸ ਜੀ ਦੀ ਸ਼ਖਸੀਅਤ ਛੱਤਰ ਧਾਰੀ ਬਣ ਜਾਂਦੀ ਹੈ, ਲੋਕ-ਆਤਮਾ ਨੂੰ ਆਪਣੀ ਛੱਤਰ-ਛਾਇਆ ਹੇਠ ਪਾਲਣ, ਉਸਾਰਨ ਤੇ ਪ੍ਰਫੁੱਲੜ ਕਰਨ ਵਾਲੀ ਬਣ ਜਾਂਦੀ ਹੈ।

ਗੁਰੂ ਰਾਮ ਦਾਸ ਜੀ ਦੇ ਮੁਖ ਕਰਤੱਵ ਇਹ ਹਨ :—

(ੳ) ਗੁਰ-ਗੱਦੀ ਦਾ ਕੇਂਦਰ 'ਅੰਮ੍ਰਿਤਸਰ':-

'ਅੰਮ੍ਰਿਤਸਰ' ਪੰਜਾਬ ਦਾ ਕੇਂਦਰੀ ਸਥਾਨ ਹੈ। ਸਦੀਆਂ ਤੋਂ ਰਿਸ਼ੀਆਂ-ਮੁਨੀਆਂ ਦਾ ਪਵਿੱਤਰ ਸਥਾਨ ਵੀ ਰਿਹਾ ਹੈ। ਗੁਰੂ ਅਮਰ ਦਾਸ ਜੀ ਨੇ ਪੰਜਾਬ ਦੀ ਕੇਂਦਰੀ ਥਾਂ ਸਮਝ ਕੇ ਹੀ ਗੁਰੂ ਰਾਮ ਦਾਸ ਜੀ ਨੂੰ ਇਥੇ ਵਾਸਾ ਕਰਨ ਲਈ ਪ੍ਰੇਰਿਆ, ਇਸ ਨੂੰ ਗੁਰੂ ਚੱਕ ਬਣਾ

---

੧. ਪਿਓ ਦਾਦੇ ਜੇਵੇਹਿਆ ਪੜਦਾਦੇ ਪਰਵਾਣ ਪੜੋਤਾ ॥ (ਭਾਈ ਗੁਰਦਾਸ)

੨. ਸਹਿਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ (ਸਵੱਯੇ ਮ: ੪)

੩. ਗੁਰੂ ਰਾਮ ਦਾਸ ਆਂ ਅਤਾਅ-ਉਲ-ਵਰਾ
ਜਹਾਂ ਬਾਨਿ ਅਕਲੀਮ ਸਿਦਕੋ ਸਫਾ ॥ (ਤੌਸੀਫੋ ਸਨਾ ੬੯)

੪. ਰਾਜ-ਜੋਗ ਤਖਤ ਦੀਅਨ ਗੁਰੂ ਰਾਮ ਦਾਸ ॥ (ਨੱਲ੍ਹ ਭੱਟ)

੫. ਬਾਬਾਣੇ ਕੁਲ ਕੰਵਲ ਅਛੋਤਾ ॥ (ਭਾਈ ਗੁਰਦਾਸ)

Digitized by Panjab Digital Library | www.panjabdigilib.org

ਲੈਣ ਲਈ ਕਿਹਾ। ਗੁਰੂ ਰਾਮ ਦਾਸ ਜੀ ਇਕ ਸਿਆਣੇ ਵਿਉਪਾਰੀ ਵੀ ਸਨ। ਉਹਨਾਂ ਆਤਮਕ ਵਿਉਪਾਰ ਦੇ ਨਾਲ ਨਾਲ ਗੁਰੂ ਕੇ ਚੱਕ ਨੂੰ ਵਿਉਪਾਰਕ ਦ੍ਰਿਸ਼ਟੀ ਤੋਂ ਪੰਜਾਬ ਦੀ ਮੁਖ ਮੰਡੀ ਬਣਾਨ ਦਾ ਵੀ ਪਰੋਗਰਾਮ ਬਣਾਇਆ। ਜੀਵਨ ਦਾ ਕੁਝ ਹਿੱਸਾ ਤਾਂ ਉਹਨਾਂ ਅੰਮ੍ਰਿਤਸਰ ਦੀ ਉਸਾਰੀ ਉਤੇ ਹੀ ਲਾ ਦਿੱਤਾ। ਗੁਰੂ ਰਾਮ ਦਾਸ ਜੀ ਸਮਝਦੇ ਸਨ, ਕਿ ਸਿਖ ਲਹਿਰ ਦਾ ਕੇਂਦਰ ਇਸੇ ਸਥਾਨ ਨੂੰ ਹੀ ਬਣਾਉਣਾ ਚਾਹੀਦਾ ਹੈ, ਕਿਉਂਕਿ ਹਰ ਪਾਸਿਓਂ ਸਿੱਖ ਇਥੇ ਆ ਸਕਦੇ ਸਨ। ਗੁਰੂ ਗੱਦੀ ਦੀ ਪ੍ਰਾਪਤੀ ਪਿਛੋਂ ਗੁਰੂ ਰਾਮ ਦਾਸ ਜੀ ਨੇ ਗੋਇੰਦਵਾਲ ਦੀ ਥਾਂ ਅੰਮ੍ਰਿਤਸਰ ਨੂੰ ਹੀ ਆਪਣਾ ਕੇਂਦਰ ਸਥਾਪਨ ਕੀਤਾ ਅਤੇ ਆਪ ਇਥ ਹੀ ਰਹਿਣਾ ਸ਼ੁਰੂ ਕਰ ਦਿੱਤਾ[1]।

(ਅ) 'ਅੰਮ੍ਰਿਤ ਸਰ' ਨੂੰ ਵਿਉਪਾਰਕ ਦ੍ਰਿਸ਼ਟੀ ਤੋਂ ਉਸਾਰਨਾ:-

ਗੁਰੂ ਰਾਮ ਦਾਸ ਜੀ ਨੇ ਆਰਥਕ ਦ੍ਰਿਸ਼ਟੀ ਤੋਂ ਸਿਖ ਲਹਿਰ ਨੂੰ ਬੜੀ ਸ਼ਕਤੀ ਪ੍ਰਦਾਨ ਕੀਤੀ ਹੈ। ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਸਿੱਖਾਂ ਦਾ ਆਰਥਕ ਤੌਰ ਤੇ ਤਕੜਾ ਹੋਣਾ ਵੀ ਜ਼ਰੂਰੀ ਹੈ। ਜੇ ਸਿਖ ਆਰਥਕ ਪਖੋਂ ਖੁਸ਼ਹਾਲ ਨਹੀਂ ਤਾਂ ਉਹ ਸਮਾਜਕ ਤੇ ਰਾਜਸੀ ਨੇਤਾ ਵੀ ਨਹੀਂ ਬਣ ਸਕਦੇ। ਇਸ ਆਦਰਸ਼-ਅਧੀਨ ਗੁਰੂ ਰਾਮ ਦਾਸ ਜੀ ਨੇ ੫੨ ਵੱਖੋ ਵੱਖ ਕਿਰਤੀ-ਘਰਾਣੇ ਅੰਮ੍ਰਿਤ ਸਰ ਵਿਚ ਵਸਾਏ, ਉਹਨਾਂ ਨੂੰ ਵਿਉਪਾਰਕ ਤੇ ਰਹਿਣ-ਬਹਿਣ ਦੀਆਂ ਸਹੂਲਤਾਂ ਵੀ ਦਿੱਤੀਆਂ। ਇੰਜ ਆਲੇ-ਦੁਆਲੇ ਦੇ ਲੋਕਾਂ ਵਾਸਤੇ 'ਅੰਮ੍ਰਿਤ ਸਰ' ਪੰਜਾਬ ਦੀ ਕੇਂਦਰੀ ਮੰਡੀ ਬਣ ਗਈ। ਅੰਮ੍ਰਿਤ ਸਰ ਵਿਚ ਗੁਰੂ ਰਾਮ ਦਾਸ ਜੀ ਆਪ ਵੀ ਜੋਤਿ ਰੂਪ ਵਿਚ ਬਿਰਾਜਮਾਨ ਸਨ, ਵਿਉਪਾਰਕ-ਮੰਡਲ ਤਾਂ ਉਹਨਾਂ ਦੇ ਆਲੇ-ਦੁਆਲੇ ਆ ਕੇ ਜੁੜਨਾ ਸ਼ੁਰੂ ਹੋ ਗਿਆ ਸੀ, ਸਿਖ ਲਹਿਰ ਥੋੜੇ ਸਮੇਂ ਵਿਚ ਹੀ ਪ੍ਰਮਾਰਥਕ ਤੇ ਪਦਾਰਥਕ ਵਿਉਪਾਰ ਮੰਡੀ ਬਣਨ ਲਗੀ। ਸਿੱਖਾਂ ਦੀ ਆਰਥਕ ਹਾਲਤ ਚੰਗੀ ਹੋ ਗਈ। ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਹੋਰ ਸਥਿਰ ਹੋ ਗਈਆਂ। ਲੋਕੀਂ ਦੂਰੋਂ ਦੂਰੋਂ ਆ ਕੇ ਅੰਮ੍ਰਿਤ ਸਰ ਇਕੱਠੇ ਹੋਣ ਲਗੇ। ਅਮ੍ਰਿਤ ਸਰ ਸਿੱਖਾਂ ਦਾ ਪ੍ਰਮਾਰਥਕ ਤੇ ਪਦਾਰਥਕ, ਸਮੁੱਚੇ ਪੰਜਾਬ ਵਿਚੋਂ ਸਰਵੋਤਮ ਗੜ੍ਹ ਬਣ ਗਿਆ। ਸਿੱਖ ਲਹਿਰ ਦੀ ਸ਼ਕਤੀ ਵੱਧਣ ਲਗੀ। ਸਿਖ ਲਹਿਰ ਬਤੌਰ ਇਕ ਕੌਮ ਦੇ ਉਜਾਗਰ ਹੋਣ ਲਗੀ। ਪਿਛੋਂ 'ਅੰਮ੍ਰਿਤ ਸਰ' ਮੁਗਲ-ਹਕੂਮਤ ਦੇ ਮੁਕਾਬਲੇ ਤੇ 'ਸੱਚੇ ਪਾਤਿਸ਼ਾਹ ਦਾ ਦਰਬਾਰ' ਬਣ ਗਿਆ। 'ਦਰਬਾਰ ਸਾਹਿਬ' ਨਾਮ ਇਸੇ ਕਰ ਕੇ ਪ੍ਰਸਿੱਧ ਹੈ। ਸਿੱਖ ਇਸ ਦਰਬਾਰ ਵਿਚ ਆ ਕੇ ਜੁੜਦੇ, ਸਮਾਜਕ ਸਾਂਝਾਂ ਪੈਦਾ ਕਰਨ ਦੇ ਨਾਲ ਨਾਲ, ਸਮਾਜਕ ਝਗੜੇ ਵੀ ਮੁਗਲ ਦਰਬਾਰ ਵਿਚ ਮੁਕਾਣ ਦੀ ਥਾਂ, ਇਸੇ ਦਰਬਾਰ ਵਿਚ ਆ ਕੇ ਮੁਕਾਂਦੇ। ਇਸ ਤਰ੍ਹਾਂ 'ਅੰਮ੍ਰਿਤ ਸਰ' ਗੁਰੂ ਰਾਮ ਦਾਸ ਜੀ ਵੇਲੇ ਹੀ ਸਿਖ-ਸ਼ਕਤੀ ਦਾ ਕੇਂਦਰੀ ਸਥਾਨ ਬਣ ਗਿਆ। ਨਾਲੇ ਗੁਰ-ਗੱਦੀ ਦਾ ਕੇਂਦਰ ਸੀ। ਇਸ ਲਈ 'ਨਾਨਕ ਨਿਰਮਲ ਪੰਥ' ਦੇ ਪ੍ਰਚਾਰ ਦੇ ਨਾਲ ਨਾਲ ਸਿਖ ਲਹਿਰ ਦੀ ਗਿਣਤੀ ਵਿਚ ਵੀ ਬੜਾ ਵਾਧਾ ਹੋਇਆ।

---

੧. ਬੈਠਾ ਸੋਢੀ ਪਾਤਸ਼ਾਹ ਰਾਮ ਦਾਸ ਸਤਿਗੁਰੂ ਕਹ ਵੈ ॥
ਪੂਰਨ ਤਾਲ ਖਟਾਇਆ ਅੰਮ੍ਰਿਤ ਸਰ ਵਿਚ ਜੋਤ ਜਗਾਵੈ ॥ (ਭਾਈ ਗੁਰਦਾਸ)

Digitized by Panjab Digital Library | www.panjabdigilib.org

(ਏ) ਮਸੰਦਾਂ ਦੀ ਸਥਾਪਨਾ:—

ਗੁਰੂ ਅਮਰ ਦਾਸ ਜੀ ਦੀਆਂ ਸਥਾਪਨ ਕੀਤੀਆਂ ਹੋਈਆਂ ੨੨ ਮੰਜੀਆਂ ਸਿਖ-ਪੰਥ ਦਾ ਪ੍ਰਚਾਰ ਤੇ ਸਿਖ ਲਹਿਰ ਦਾ ਆਕਾਰ ਵਧਾ ਰਹੀਆਂ ਸਨ। ਗੁਰੂ ਰਾਮ ਦਾਸ ਜੀ ਸ਼ਿਖ-ਲਹਿਰ ਵਿਚ ਹੋ ਰਹੇ ਇਸ ਵਾਧੇ ਤੋਂ ਜਾਣੂ ਸਨ। ਉਹਨਾਂ ਨੂੰ ਮੰਜੀਆਂ ਵਲੋਂ ਹੋ ਰਹੇ ਪ੍ਰਚਾਰ ਦੀਆਂ ਖਬਰਾਂ ਵੀ ਮਿਲਦੀਆਂ ਰਹਿੰਦੀਆਂ ਸਨ। ਮੰਜੀਆਂ ਵਲੋਂ ਇਕੱਠੀ ਕੀਤੀ ਹੋਈ ਮਾਇਆ ਵੀ ਉਹਨਾਂ ਨੂੰ ਮਿਲਦੀ ਸੀ। 'ਹਰਿਮੰਦਰ' ਤੇ 'ਸ਼ਰੋਵਰ' ਦੀ ਉਸਾਰੀ ਕਾਰਨ ਖਰਚ ਵੀ ਵਧਦੇ ਜਾ ਰਹੇ ਸਨ। ਖਾਸ ਕਰ ਕੇ ਅੰਮ੍ਰਿਤਸਰ ਸਿਖ-ਸ਼ਕਤੀ ਦਾ ਕੇਂਦਰ ਬਣ ਜਾਣ ਕਾਰਨ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਵਿੱਚ ਵੀ ਵਾਧਾ ਹੋਇਆ ਸੀ। ਲੰਗਰ ਦਾ ਖਰਚ ਦਿਨੋ ਦਿਨ ਵਧਦਾ ਜਾ ਰਿਹਾ ਸੀ। ਮੰਜੀਆਂ ਦੇ ਆਗੂਆਂ ਵਿੱਚ ਪਰਿਵਰਤਨ ਹੋ ਰਿਹਾ ਸੀ। ਕਈ ਮੰਜੀਆਂ ਵਲੋਂ ਰਕਮ ਆਉਣੀ ਤਾਂ ਬਿਲਕੁਲ ਬੰਦ ਹੋ ਗਈ ਸੀ। ਕੁਝ ਪ੍ਰਿਥੀ ਚੰਦ ਦੀ ਹੇਰਾ-ਫੇਰੀ ਕਾਰਨ 'ਲੰਗਰ' ਸੰਸਥਾ ਦੀ ਹਾਲਤ ਕਾਫੀ ਵਿਗੜਦੀ ਜਾਪਦੀ ਸੀ। ਕੇਂਦਰ ਦੀ ਮਜ਼ਬੂਤੀ ਮੰਜੀਆਂ ਉਤੇ ਆਧਾਰਤ ਸੀ। ਮੰਜੀਆਂ ਨੂੰ ਆਪਣੇ ਨਾਲ ਸਹੀ ਤੌਰ ਤੇ ਜੋੜੀ ਰੱਖਣ ਵਾਸਤੇ, ਗੁਰੂ ਰਾਮ ਦਾਸ ਜੀ ਨੇ ਇਕ ਹੋਰ ਜਿਹੜੀ ਸੰਸਥਾ ਸਥਾਪਨ ਕੀਤੀ, ਉਹ ਸੀ ਮਸੰਦਾਂ ਦੀ।

ਮਸੰਦ ਸੰਸਥਾ ਦੇ ਮੁਖ ਦੋ ਕਰਤੱਵ ਸਨ :—

੧. ਮੰਜੀਆਂ ਨੂੰ ਬਹਾਲ ਰਖਣਾ ਤੇ ਉਹਨਾਂ ਦੇ ਆਗੂਆਂ ਦੀ ਯੋਗ ਚੋਣ ਕਰਨਾ। ਫਿਰ ਸਿਖ ਲਹਿਰ ਦੀ ਹੋ ਰਹੀ ਪੰਥ-ਉਸਾਰੀ ਤੋਂ ਉਹਨਾਂ ਆਗੂਆਂ ਨੂੰ ਜਾਣੂ ਕਰਵਾਉਣਾ, ਤਾਂ ਕਿ ਉਹ ਆਪਣੇ ਆਲੇ-ਦੁਆਲੇ ਵਿਚ ਸਿੱਖ ਮੱਤ ਦਾ, ਸਿੱਖ ਲਹਿਰ ਦਾ, ਸਿੱਖਾਂ ਦੀ ਵਧ ਰਹੀ ਕੌਮੀ ਸ਼ਕਤੀ ਦਾ ਪ੍ਰਚਾਰ ਕਰ ਸੱਕਣ।

੨. ਮੰਜੀਆਂ ਵਲੋਂ ਹੋਈ ਇਕੱਠੀ ਮਾਇਆ ਨੂੰ ਆਪ ਜਾ ਕੇ ਲਿਆਉਣਾ ਤੇ ਫਿਰ ਸਾਲ ਵਿਚ ਇਕ ਦੋ ਵਾਰੀ ਅੰਮ੍ਰਿਤ ਸਰ ਪਹੁੰਚ ਕੇ, ਇਕ ਤਾਂ ਗੁਰੂ ਦਰਬਾਰ ਦੇ ਦਰਸ਼ਨ ਕਰਨੇ, ਦੂਜਾ ਉਸ ਇਕੱਠੀ ਕੀਤੀ ਹੋਈ ਮਾਇਆ ਨੂੰ ਗੁਰੂ ਦਰਬਾਰ ਵਿਚ ਜਮ੍ਹਾ ਕਰਾਉਣਾ।

'ਮਸੰਦ ਸੰਸਥਾ' ਨੇ ਸਿਖ ਲਹਿਰ ਦੀ ਉਸਾਰੀ ਵਿਚ ਬੜਾ ਨਿੱਗਰ ਹਿੱਸਾ ਪਾਇਆ ਹੈ।

ਗੁਰੂ ਰਾਮ ਦਾਸ ਜੀ ਵੇਲੇ ਸਿਖ ਲਹਿਰ ਇਕ ਕੌਮ ਦੇ ਰੂਪ ਵਿਚ ਨਿਖਰਣ ਲਗੀ। 'ਮੰਦਰ ਤੇ ਸਰੋਵਰ' ਸਿਖ ਸਮਾਜ ਦੇ ਕੇਂਦਰ ਬਣ ਕੇ, ਸਿਖ ਲਹਿਰ ਨੂੰ ਸਮਾਜਕ ਤੇ ਰਾਜਨੀਤਕ ਸ਼ਕਤੀ ਪ੍ਰਦਾਨ ਕਰਨ ਲਗੇ ।.....ਗੁਰੂ ਅਰਜਨ ਦੇਵ ਜੀ ਦੇ ਘਰ[1] ਗੁਰ ਗੱਦੀ ਅਉਣ ਨਾਲ, ਗੁਰੂ-ਸ਼ਖਸੀਅਤ, ਗੁਰੂ-ਦਰਬਾਰ ਤੇ ਸਿਖ ਲਹਿਰ ਸੰਸਾਰ-ਪੱਧਰ ਤੇ ਆ ਖੜੀ ਹੋਈ।

---

੧. ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ ॥ (ਭਾਈ ਗੁਰਦਾਸ)

Digitized by Panjab Digital Library | www.panjabdigilib.org

ਗੁਰੂ ਅਰਜਨ ਦੇਵ ਜੀ

ਸਿਖ ਲਹਿਰ ਦੀ ਪੰਜਵੀਂ ਤੇ ਪਹਿਲੀ ਗੁਰੂ-ਸ਼ਹੀਦ ਸ਼ਖਸੀਅਤ

ਗੁਰੂ ਅਰਜਨ ਦੇਵ ਜੀ ਪਹਿਲੀ ਗੁਰੂ-ਸ਼ਖਸੀਅਤ ਹਨ, ਜਿਨ੍ਹਾਂ ਨੇ ਆਪਣੇ ਪਿਤਾ-ਪੁਰਖੀ ਦੀ ਗੱਦੀ ਨੂੰ ਸਾਂਭਿਆ ਹੈ। ਗੁਰੂ ਅਰਜਨ ਦੇਵ ਜੀ ਉਮਰ ਦੇ ਲਿਹਾਜ਼ ਨਾਲ, ਭਾਵੇਂ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ, ਪਰ ਗੁਰ ਗੱਦੀ ਦੇ ਯੋਗ ਨਾ ਤਾਂ ਕੋਈ ਵੱਡਾ ਪੁੱਤਰ ਪਰਵਾਨ ਹੋ ਸਕਿਆ ਤੇ ਨਾ ਹੀ ਕੋਈ ਹੋਰ ਸਿਖ, ਕੇਵਲ ਗੁਰੂ ਅਰਜਨ ਦੇਵ ਜੀ ਹੀ ਸਾਬਤ ਹੋਏ। ਇਸ ਕਰ ਕੇ ਗੁਰੂ ਨਾਨਕ-ਗੱਦੀ ਤੇ ਸਿਖ ਲਹਿਰ ਦਾ ਪੰਜਵਾਂ ਵਾਰਸ ਗੁਰੂ ਅਰਜਨ ਦੇਵ ਜੀ ਨੂੰ ਹੀ ਥਾਪਿਆ ਗਿਆ।

ਗੁਰੂ ਅਰਜਨ ਦੇਵ ਜੀ ਬ੍ਰਹਮ-ਮੂਰਤਿ ਸਨ, ਨਿਰੰਕਾਰ-ਸੂਰਤਿ ਸਨ, ਭਗਤੀ ਕੁਰਬਾਨੀ ਤੇ ਤਿਆਗ, ਉਹਨਾਂ ਦਾ ਵਿਸ਼ੇਸ਼ ਜੀਵਨ-ਸਰੂਪ ਸੀ। ਆਤਮਾ ਦਾ ਸ਼ੁੱਧ ਸਰੂਪ, ਆਤਮਾ ਦੀ ਪ੍ਰਗਤੀਸ਼ੀਲਤਾ ਤੇ ਸਮਦ੍ਰਿਸ਼ਟ ਆਤਮਾ, ਇਹ ਉਹਨਾਂ ਦਾ ਵਿਸ਼ੇਸ਼ ਆਦਰਸ਼ ਤੇ ਪ੍ਰਾਪਤੀ ਸੀ। ਸ਼ਾਂਤੀ, ਮਿਠਾਸ, ਨਿੰਮ੍ਰਤਾ ਤੇ ਪਰਉਪਕਾਰ ਇਹ ਉਹਨਾਂ ਦਾ ਨਿਤ ਜੀਵਨ ਵਿਹਾਰ ਸੀ। 'ਸੁਖਮਨੀ' ਗੁਰੂ ਅਰਜਨ ਦੇਵ ਜੀ ਦਾ ਆਤਮਕ-ਦਰਸ਼ਨ ਹੈ, ਉਹਨਾਂ ਦੀਆਂ ਆਤਮਕ, ਸਮਾਜਕ ਤੇ ਸਦਾਚਾਰਕ ਪ੍ਰਾਪਤੀਆਂ ਦਾ ਪ੍ਰਮਾਣੀਕ ਤੇ ਸ਼ੁੱਧ ਸਿਖਰ ਹੈ, ਸਾਹਿਤਕ ਤੇ ਦਾਰਸ਼ਨਿਕ ਪਰਬੀਨਤਾ ਦੀ ਸੁੰਦਰ ਉਦਾਹਰਣ ਹੈ, ਭਾਰਤੀ ਸਾਹਿਤ ਦਾ ਕਲਾਤਮਕ ਸਿਖਰ ਹੈ।

ਗੁਰੂ ਅਰਜਨ ਦੇਵ ਜੀ ਨੇ ਸਿਖ ਲਹਿਰ ਨੂੰ ਸਮਾਜਕ ਤੇ ਰਾਜਨੀਤਕ ਚਿਰੰਜੀਵਤਾ ਪ੍ਰਦਾਨ ਕੀਤੀ, ਸਾਹਿਤ ਦਾ ਅਮੁੱਲ ਤੇ ਅਖੱਟ ਖਜ਼ਾਨਾ ਬਖਸ਼ਿਆ, ਸ਼ਹਾਦਤ ਦੇ ਕੇ ਸਿਖ-ਲਹਿਰ ਨੂੰ ਸਦਾ ਲਈ ਸੁਤੰਤਰਤਾ ਦਾ ਹਾਮੀ ਬਣਾ ਦਿੱਤਾ।

ਗੁਰੂ ਅਰਜਨ ਦੇਵ ਜੀ ਦੇ ਵਿਸ਼ੇਸ਼ ਕਰਤੱਵ ਇਹ ਹਨ :—

(ੳ) ਗੁਰ ਗੱਦੀ-ਕੇਂਦਰ ਦੀ ਸਮਾਜਕ ਤੇ ਰਾਜਨੀਤਕ ਮਜ਼ਬੂਤੀ:—

ਗੁਰੂ ਅਰਜਨ ਦੇਵ ਜੀ ਨੇ ਗੁਰ ਗੱਦੀ ਦਾ ਕੇਂਦਰ 'ਅੰਮ੍ਰਿਤਸਰ' ਨੂੰ ਹੀ ਪ੍ਰਵਾਨ ਕੀਤਾ। ਗੁਰ ਗੱਦੀ ਦੀ ਪ੍ਰਾਪਤੀ ਪਿਛੋਂ (ਪਹਿਲਾਂ ਉਹ ਗੋਇੰਦਵਾਲ ਰਹਿੰਦੇ ਸਨ, ਉਥੇ ਹੀ ਗੱਦੀ ਨਸ਼ੀਨੀ ਹੋਈ) ਗੁਰੂ ਅਰਜਨ ਦੇਵ ਜੀ, ਆਪਣੇ ਪਰਿਵਾਰ ਸਮੇਤ 'ਅੰਮ੍ਰਿਤਸਰ' ਆ ਗਏ। 'ਅੰਮ੍ਰਿਤਸਰ' ਪੰਜਾਬ ਦਾ ਵਿਉਪਾਰਕ ਕੇਂਦਰ ਤਾਂ ਗੁਰੂ ਰਾਮਦਾਸ ਜੀ ਵੇਲੇ ਹੀ

Digitized by Panjab Digital Library | www.panjabdigilib.org

ਬਣ ਗਿਆ ਸੀ, ਪਰ ਗੁਰੂ ਅਰਜਨ ਦੇਵ ਜੀ ਨੇ 'ਹਰਿਮੰਦਰ' ਦੀ ਉਸਾਰੀ ਕਰ ਕੇ 'ਅੰਮ੍ਰਿਤਸਰ' ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ। 'ਅੰਮ੍ਰਿਤਸਰ' ਵਿਚ ਹਰਿਮੰਦਰ ਦੀ ਉਸਾਰੀ ਜਿਥੇ ਸਿੱਖਾਂ ਵਾਸਤੇ ਇਕ ਧਾਰਮਿਕ ਖਿਚ ਸੀ, ਕਿਉਂਕਿ ਇਥੇ ਗੁਰੂ ਅਰਜਨ ਦੇਵ ਜੀ ਦੀ ਜੋਤਿ ਜਗ ਮਗ ਕਰ ਰਹੀ ਸੀ, ਉਥੇ ਹਰਿਮੰਦਰ ਸਾਹਿਬ ਤੇ ਰਾਮਦਾਸ ਸਰੋਵਰ ਵੀ ਸਿੱਖਾਂ ਵਾਸਤੇ ਮਿਲ ਬੈਠਣ ਦਾ ਸਥਾਨ ਬਣ ਗਏ। ਸਿਖ ਸਮਾਜਕ ਤੌਰ ਤੇ ਇਥੇ ਇਕੱਠੇ ਹੋਣ ਲਗੇ। ਗੁਰਪੁਰਬ-ਮੇਲੇ ਵੀ ਇਥੇ ਲਗਦੇ। ਲੋਕੀਂ ਹਜ਼ਾਰਾਂ ਦੀ ਗਿਣਤੀ ਵਿਚ ਇਥੇ ਇਕੱਠੇ ਹੁੰਦੇ। ਥੋੜੇ ਚਿਰ ਵਿਚ ਹੀ ਇਹੀ ਸਥਾਨ ਸਿੱਖਾਂ ਦਾ 'ਸਚੇ ਪਾਤਿਸ਼ਾਹ ਦਾ ਦਰਬਾਰ' ਬਣ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਜਾਣ ਨ ਲ, ਇਹ 'ਹਰਿ ਮੰਦਰ ਸਾਹਿਬ' ਸਦੀਵੀ ਤੌਰ ਤੇ 'ਰੱਬੀ-ਦਰਬਾਰ' ਬਣ ਗਿਆ, ਇਹ ਨਿਆਂ ਦਾ ਦਰਬਾਰ ਬਣ ਗਿਆ, ਸਿਖ ਆਪਣੇ ਫੈਸਲੇ ਇਥੇ ਆ ਕੇ ਮੁਕਾਂਦੇ, ਗੁਰੂ ਅਰਜਨ ਦੇਵ ਜੀ ਨੂੰ ਅਪਣਾ ਸੱਚਾ ਪਾਤਿਸ਼ਾਹ ਮੰਨਦੇ, ਹਿੰਦੂ-ਮੁਸਲਮਾਨ ਬਿਨਾਂ ਕਿਸੇ ਵਿਤਕਰੇ ਦੇ, ਇਥੇ ਆ ਕੇ ਜੁੜਨ ਲਗੇ, ਗੁਰੂ ਅਰਜਨ ਦੇਵ ਜੀ ਨੂੰ ਆਪਣਾ ਅਧਿਆਤਮਕ, ਸਮਾਜਕ ਤੇ ਸਭਿਆਚਾਰਕ ਆਗੂ ਮੰਨਣ ਲਗੇ, ਸੱਚਾ ਪਾਤਿਸ਼ਾਹ ਕਹਿਣ ਲਗੇ।.....ਇਹ ਸਿਖ ਲਹਿਰ ਦਾ ਪਹਿਲਾ ਮੌਕਾ ਸੀ, ਜਦੋਂ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਸਿੱਧੇ ਤੌਰ ਤੇ ਆਪਣਾ ਆਗੂ ਪਰਵਾਨ ਕੀਤਾ। ਗੁਰੂ ਅਰਜਨ ਦੇਵ ਜੀ ਵੀ ਸਮ-ਦ੍ਰਿਸ਼ਟ-ਆਤਮਾ ਸਨ, ਉਹਨਾਂ ਵੀ ਸ੍ਰੀ ਹਰਿ ਮੰਦਰ ਸਾਹਿਬ ਦੀ ਨੀਂਹ 'ਮੀਆਂ ਮੀਰ' ਇਕ ਮੁਸਲਮਾਨ ਦਰਵੇਸ਼ ਕੋਲੋਂ ਰਖਵਾਈ, ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰਖ ਕੇ, ਹਰ ਮਜ਼ਹਬ ਤੇ ਸ਼੍ਰੇਣੀ ਦੇ ਵਿਅਕਤੀ ਨੂੰ ਇਥੇ ਆਉਣ ਲਈ ਪਰੇਰਿਆ.....ਜਦੋਂ ਸੱਚੇ ਦਰਬਾਰ ਦੀ ਪਵਿੱਤ੍ਰਤਾ ਪ੍ਰਸਿੱਧ ਹੋਵੇ, ਮਿਲ-ਬੈਠਣ ਦਾ ਸਿੱਧਾ ਸੱਦਾ ਹੋਵੇ, ਜਾਤਿ ਦਾ ਅਭਿਮਾਨ ਟੁਟ ਰਿਹਾ ਹੋਵੇ, ਮਜ਼ਹਬੀ ਵਿਤਕਰਾ ਮੁਕ ਰਿਹਾ ਹੋਵੇ, ਹਾਕਮ ਸ਼੍ਰੇਣੀ ਦੀ ਥਾਂ ਗੁਰੂ-ਪੂਜਾ ਹੋ ਰਹੀ ਹੋਵੇ.....ਭਾਵੇਂ ਇਹ ਸਾਰੇ ਧਾਰਮਿਕ ਕਰਤੱਵ ਹਨ, ਧਰਮ ਦਾ ਆਦਰਸ਼ ਇਹੀ ਹੋਣਾ ਚਾਹੀਦਾ ਹੈ, ਪਰ ਸਮਕਾਲੀ ਹਕੂਮਤ ਨੂੰ ਇਸ ਤਰ੍ਹਾਂ ਦੇ ਧਰਮ ਵਿਚੋਂ ਉਠ ਰਿਹਾ ਰਾਜਨੀਤਕ ਵਿਦਰੋਹ ਭਾਸਦਾ ਹੁੰਦਾ ਹੈ, ਆਪਣੀ ਝੂਠ ਦੀ ਗੱਦੀ ਖੁਸਦੀ ਦਿਸਦੀ ਹੈ।.....ਜਹਾਂਗੀਰ ਨੇ ਸਿਖ ਲਹਿਰ ਵਲੋਂ ਉਸਰ ਰਹੇ ਧਾਰਮਿਕ ਜਹਾਦ ਨੂੰ ਆਪਣਾ ਰਾਜਨੀਤਕ ਵਿਦਰੋਹ ਸਮਝਿਆ, ਆਪਣੇ ਵਿਰੁਧ ਉਠ ਰਿਹਾ ਇਨਕਲਾਬ ਸਮਝਿਆ। ਇਸ ਇਨਕਲਾਬ ਨੂੰ ਦਬਾਣ ਵਾਸਤੇ ਹੀ ਉਸ ਨੇ ਸਿਖ ਲਹਿਰ ਦੇ ਆਗੂ, ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕੀਤਾ, ਦੋ ਲੱਖ ਜੁਰਮਾਨਾ ਭਰਨ ਲਈ ਕਿਹਾ, ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਕਲਾਮ ਨੂੰ ਦਰਜ ਕਰਨ ਵਾਸਤੇ ਕਿਹਾ, ਆਪਣੀ ਗਲਤੀ ਮੰਨਣ ਲਈ ਕਿਹਾ।.....ਗੁਰੂ ਅਰਜਨ ਦੇਵ ਜੀ ਰਾਜ-ਜੋਗੀ ਸਨ, ਉਹ ਇਕ ਸਿਆਣੇ ਤੇ ਦਲੇਰ ਜੱਥੇਦਾਰ ਸਨ, ਚੰਗੇ ਸਟੇਟਸਮੈਨ ਸਨ, ਉਹ ਜਹਾਂਗੀਰ ਦੀ ਇਸ ਰਾਜਨੀਤਕ ਘਬਰਾਹਟ ਤੋਂ ਚੰਗੀ ਤਰ੍ਹਾਂ ਜਾਣੂ ਸਨ.....ਸਭ ਕੁਝ ਜਾਣਦਿਆਂ ਹੋਇਆਂ, ਉਨ੍ਹਾਂ ਸ਼ਹਾਦਤ ਦਾ ਜਾਮ ਪੀਣਾ ਪ੍ਰਵਾਨ ਕਰ ਲਿਆ, ਕਿਉਂ ? ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ, ਕਿ ਸ਼ਹਾਦਤ ਨਾਲ ਹੀ ਜਹਾਂਗੀਰ ਦੀ ਪਾਪ-ਬੇੜੀ ਡੁਬ ਸਕਦੀ ਹੈ, ਤੇ ਸਿਖ ਲਹਿਰ ਸ਼ੱਸਤਰ ਧਾਰੀ ਬਣ ਸਕਦੀ ਹੈ.....ਹੋਇਆ ਵੀ ਕੁਝ ਇਸੇ ਤਰ੍ਹਾਂ ਹੀ।

Digitized by Panjab Digital Library | www.panjabdigilib.org

ਗੁਰੂ ਅਰਜਨ ਦੇਵ ਜੀ ਇਕ ਸਿਆਣੇ ਜੱਥੇਦਾਰ ਸਨ, ਉਹਨਾਂ ਜੱਥੇਦਾਰੀ ਨੂੰ ਸੰਭਾਲਦਿਆਂ ਹੀ ਸਿਖ-ਸ਼ਕਤੀ ਨੂੰ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ। ਖਾਸ ਕਰ ਕੇ ਮਾਝੇ ਤੇ ਦੁਆਬੇ ਵਿਚ ਸਿੱਖਾਂ ਦੀ ਗਿਣਤੀ ਬਹੁਤ ਸੀ, ਉਹਨਾਂ ਨੇ ਉਸ ਸਿਖੀ ਨੂੰ ਆਪਣੇ ਨਾਲ ਜੋੜਨ ਵਾਸਤੇ ਮਾਝੇ ਵਿਚ 'ਤਰਨ ਤਾਰਨ' ਇਕ ਪਵਿੱਤਰ ਦਰਬਾਰ ਦੀ ਨੀਂਹ ਰੱਖੀ, ਅਜ ਵੀ 'ਤਰਨ ਤਾਰਨ' ਮਾਝੇ ਦੀ ਸਿਖ-ਸ਼ਕਤੀ ਦਾ ਕੇਂਦਰ ਸਵੀਕਾਰ ਕੀਤਾ ਜਾਂਦਾ ਹੈ। ਦੁਆਬੇ ਦੀ ਸਿਖ-ਸ਼ਕਤੀ ਨੂੰ 'ਕਰਤਾਰ ਪੁਰ' ਵਸਾ ਕੇ ਕੇਂਦਰਿਤ ਕੀਤਾ। ਹੋਰ ਵੀ ਆਲੇ-ਦੁਆਲੇ 'ਦਰਬਾਰ-ਕੇਂਦਰ' ਸਥਾਪਨ ਕਰ ਕੇ ਗੁਰੂ ਅਰਜਨ ਦੇਵ ਜੀ ਨੇ ਸਿਖ-ਸ਼ਕਤੀ ਨੂੰ ਕੇਂਦਰਿਤ ਕੀਤਾ। ਖਾਸ ਕਰ ਕੇ ਮਸੰਦਾਂ ਰਾਹੀਂ ਆਲੇ-ਦੁਆਲੇ ਵਿਚ ਵਧ ਰਹੀ ਸਿਖ ਸ਼ਕਤੀ ਦਾ, ਉਹਨਾਂ ਨੂੰ ਪੂਰਾ ਪੂਰਾ ਪਤਾ ਲਗ ਰਿਹਾ ਸੀ। ਆਰਥਕ ਤੌਰ ਤੇ ਵੀ ਉਹ ਸਿਖ ਸ਼ਕਤੀ ਨੂੰ ਵਾਚ ਰਹੇ ਸਨ। ਇਹ ਇਤਿਹਾਸਕ ਸੱਚ ਵੀ ਹੈ, ਕਿ ਉਹਨਾਂ ਆਪਣੇ ਸਿੱਖਾਂ ਨੂੰ ਘੋੜਿਆਂ ਦੀ ਤਜਾਰਤ ਵਾਸਤੇ ਤੁਰਕਿਸਤਾਨ ਵਲ ਭੇਜਿਆ, ਸ਼ਾਇਦ ਸਿੱਖਾਂ ਨੂੰ ਚੰਗੇ ਘੋੜ ਸਵਾਰ ਵੀ ਬਣਾਉਣਾ ਚਾਹੁੰਦੇ ਸਨ, ਆਰਥਕ ਤੌਰ ਤੇ ਵਿਉਪਾਰੀ ਤੇ ਖੁਸ਼ਹਾਲ ਵੇਖਣਾ ਚਾਹੁੰਦੇ ਸਨ। ਜਹਾਂਗੀਰ ਨੂੰ ਸਿੱਖਾਂ ਦੀ ਇਹ ਖੁਸ਼ਹਾਲੀ ਨਾ ਸਖਾਈ। ਘੋੜ ਸਵਾਰੀ ਵਿਚੋਂ ਉਸ ਨੂੰ 'ਸਿਖ-ਲਹਿਰ' ਸਿੱਧੇ ਤੌਰ ਤੇ ਯੁਧ-ਖੇਤਰ ਵਿਚ ਉਤਰਦੀ ਨਜ਼ਰ ਆਈ.....ਗੁਰੂ ਅਰਜਨ ਦੇਵ ਜੀ ਨੇ ਸਮੂਹਕ ਤੌਰ ਤੇ ਸਿਖ ਲਹਿਰ ਨੂੰ ਸਮਾਜਕ ਤੇ ਰਾਜਨੀਤਕ ਮਜ਼ਬੂਤੀ ਪ੍ਰਦਾਨ ਕੀਤੀ। ਇਹ ਉਹਨਾਂ ਦੀ ਸਿਖ ਲਹਿਰ ਨੂੰ ਬੜੀ ਗੌਰਵ-ਭਰਪੂਰ ਦੇਣ ਹੈ।

(ਅ) ਸਾਮੱਗਰੀ-ਸੰਕਲਣ, ਸੰਪਾਦਨਾ ਤੇ ਪ੍ਰਕਾਸ਼:-

'ਸ੍ਰੀ ਗੁਰੂ ਗ੍ਰੰਥ ਸਾਹਿਬ' ਭਾਰਤੀ ਗੁਰੂਆਂ, ਭਗਤਾਂ ਤੇ ਭੱਟਾਂ ਦੇ ਅਟੱਲ ਬਚਨਾਂ ਦਾ ਇਕ ਤਰਤੀਬ ਬੱਧ ਪ੍ਰਗਟਾ ਹੈ। ਇਸ ਨੂੰ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤਕ ਦੇ ਪ੍ਰਚੱਲਤ ਭਾਰਤੀ ਭਗਤੀ ਲਹਿਰ ਦੇ ਸਿਧਾਂਤਾਂ ਤੇ ਪ੍ਰੰਪਰਾ ਦਾ ਸਾਹਿਤਕ ਇਤਿਹਾਸ ਵੀ ਕਿਹਾ ਜਾ ਸਕਦਾ ਹੈ। ਇਹ ਪਹਿਲਾ ਹੀ ਧਾਰਮਿਕ ਤੇ ਸਾਹਿਤਕ ਗ੍ਰੰਥ ਹੈ, ਜਿਸ ਵਿਚ ਮਨੁੱਖਤਾ ਦੀ ਸਾਂਝੀ ਧੜਕਣ ਨੂੰ ਯਥਾਰਥਕ ਪੱਧਰ ਤੇ ਉਚਿਆਇਆ ਗਿਆ ਹੈ, ਮਨੁੱਖਤਾ ਦੀਆਂ ਧਾਰਮਿਕ ਤੇ ਰਾਜਨੀਤਕ ਸਮਸਿਆਵਾਂ ਨੂੰ ਸੁਲਝਾਇਆ ਗਿਆ ਹੈ, ਮਨੁੱਖਤਾ ਨੂੰ ਆਦਰਸ਼ਕ ਜੀਵਨ-ਜਾਚ ਦਾ ਦਰਸ਼ਨ ਕਰਾ ਕੇ, ਮਨੁਖੀ ਕਲਿਆਣਤਾ ਦਾ ਸਬਕ ਸਿਖਾਇਆ ਗਿਆ ਹੈ। ਇਹ 'ਗ੍ਰੰਥ' ਵਿਸ਼ਵ-ਸਾਹਿਤ ਦਾ ਅਮੁੱਲਾ ਵਿਰਸਾ ਹੈ, ਪੰਜਾਬੀ ਸਾਹਿਤ ਦਾ ਸੁਨਹਿਰੀ ਭੰਡਾਰਾ ਹੈ।

'ਸਾਹਿਤ' ਕੌਮਾਂ ਨੂੰ ਜੀਵਨ ਪ੍ਰਦਾਨ ਕਰਦਾ ਹੈ, ਕੌਮਾਂ ਨੂੰ ਚਿਰੰਜੀਵਤਾ ਬਖਸ਼ਦਾ ਹੈ, ਜਿਸ ਕੌਮ ਕੋਲ ਸਾਹਿਤਕ ਵਿਰਸਾ ਨਹੀਂ, ਉਹ ਕੌਮ ਬਹੁਤਾ ਚਿਰ ਜ਼ਿੰਦਾ ਨਹੀਂ ਰਹਿ ਸਕਦੀ, ਨਾ ਹੀ ਉਸਦੀ ਪ੍ਰਗਤੀਸ਼ੀਲਤਾ ਤੇ ਵਿਕਾਸਸ਼ੀਲਤਾ ਹੋ ਸਕਦੀ ਹੈ। ਕਿਉਂਕਿ 'ਸਾਹਿਤ' ਸਦਾ ਸੱਚ ਹੁੰਦਾ ਹੈ, ਆਦਿ ਜੁਗਾਦਿ ਸੱਚ, 'ਸਾਹਿਤ' ਸਚਿਆਰ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ। ਸਚਿਆਰੁ ਜੀਵਨ ਹੀ ਪ੍ਰਗਤੀਸ਼ੀਲ ਤੇ ਵਿਕਾਸਸ਼ੀਲ ਹੈ, ਸਚਿਆਰੁ ਜੀਵਨ ਹੀ ਸੁਤੰਤਰ ਜੀਵਨ ਹੈ। 'ਸਾਹਿਤ' ਸੁਤੰਤਰ ਹੋਣ ਲਈ ਪ੍ਰੇਰਦਾ ਹੈ। ਸੁਤੰਤਰਤਾ ਹੀ ਕਿਸੇ ਕੌਮ ਦੀ, ਕਿਸੇ ਲਹਿਰ ਦੀ ਪ੍ਰਗਤੀਸ਼ੀਲਤਾ ਤੇ ਵਿਕਾਸਸ਼ੀਲਤਾ ਦੀ ਪ੍ਰਤੀਕ ਹੁੰਦੀ ਹੈ।

Digitized by Panjab Digital Library | www.panjabdigilib.org

ਸਿਖ ਲਹਿਰ ਦਾ ਸਾਹਿਤਕ ਤੇ ਪੂਜਾ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਗੁਰੂ ਅਰਜਨ ਦੇਵ ਜੀ ਇਸ ਗ੍ਰੰਥ ਦੇ ਸੰਪਾਦਕ ਤੇ ਸਿਰਜਣ ਕਰਤਾ ਹਨ। 'ਗੁਰਬਾਣੀ' ਭਾਵੇਂ ਇਕ ਪੋਥੀ ਜਾਂ ਕਿਤਾਬ ਦੇ ਰੂਪ ਵਿਚ ਸਿਖ ਲਹਿਰ ਕੋਲ ਪਹਿਲਾਂ ਵੀ ਸੀ, ਪਰ ਇਹ ਗੁਰੂ ਅਰਜਨ ਦੇਵ ਜੀ ਦੀ ਦੇਣ ਹੀ ਹੈ, ਕਿ ਉਹਨਾਂ ਨੇ ਪਹਿਲੀ ਵਾਰੀ ਸਿਖ ਲਹਿਰ ਨੂੰ ਇਕ ਉੱਤਮ ਸਾਹਿਤਕ ਗ੍ਰੰਥ ਦਿੱਤਾ, ਸੁਤੰਤਰਤਾ ਦਾ ਸੋਮਾ ਦਿੱਤਾ, ਤਾਂ ਕਿ ਸੋਮੇ ਦੇ ਅੰਮ੍ਰਿਤ-ਬਚਨਾਂ ਵਿਚ ਇਸ਼ਨਾਨ ਕਰ ਕਰ ਕੇ, ਸਿਖ ਆਪਣੇ ਆਪ ਨੂੰ ਸੁਤੰਤਰ ਬਣਾ ਲਵੇ। ਜਦੋਂ ਵਿਅਕਤੀਗਤ ਤੇ ਸਮਾਜਕ ਪੱਧਰ ਤੇ, ਗੁਰੂ ਅਰਜਨ ਦੇਵ ਜੀ ਨੇ ਹਰ ਸਿਖ ਨੂੰ ਗੁਰੂ ਗ੍ਰੰਥ ਸਾਹਿਬ ਦਾ ਪੂਜਕ ਬਣਾ ਕੇ, ਸੁਤੰਤਰ ਹੋਣ ਲਈ ਉਕਸਾਇਆ, ਤਾਂ ਇਹ ਕੁਦਰਤੀ ਸੀ, ਕਿ ਸਿਖ ਲਹਿਰ ਆਪਣੀ ਸੁਤੰਤਰ ਹੋਂਦ ਮਹਿਸੂਸ ਕਰਦੀ, ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਵਿਚਕਾਰ ਪ੍ਰਕਾਸ਼ ਕਰ ਕੇ, ਜਿਥੇ ਸਿਖ ਨੂੰ ਸਦੀਵੀ ਤੌਰ ਤੇ ਉਪਦੇਸ਼ ਸੁਣਨ ਦਾ ਧਾਰਨੀ ਬਣਾ ਦਿੱਤਾ, ਉਥੇ ਨਿਤ ਸੁਤੰਤਰਤਾ ਦੀ ਆਵਾਜ਼ ਸੁਣਨ ਦਾ ਆਦੀ ਵੀ ਬਣਾ ਦਿੱਤਾ। ਇਹ ਸੁਤੰਤਰਤਾ ਦੀ ਨਿਤ-ਆਵਾਜ਼ ਹੀ ਸੀ, ਜਿਸ ਨੇ ਸਿਖ ਲਹਿਰ ਨੂੰ ਸੁਤੰਤਰਤਾ ਦਾ ਅੰਦੋਲਨ ਬਣਾ ਦਿੱਤਾ। ਸੁਤੰਤਰਤਾ ਪ੍ਰਾਪਤ ਕਰਨੀ, ਇਸ ਲਹਿਰ ਦਾ ਮੁਖ ਆਸ਼ਾ ਬਣ ਗਿਆ। ਇਸੇ ਕਰਕੇ ਭਾਰਤੀ ਸੁਤੰਤਰਤਾ ਦੇ ਇਤਿਹਾਸ ਵਿਚ ਸਿਖ ਲਹਿਰ ਦਾ ਸਭ ਤੋਂ ਵਧ ਹੱਥ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਮਨੁੱਖਤਾ ਲਈ, ਸੁਤੰਤਰ ਰਹਿਣ ਦਾ ਇਕ ਆਸ਼ਾਵਾਦੀ ਤੇ ਸਦੀਵੀ ਸਨੇਹਾ ਹੈ।

(ਏ) ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ:-

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਬ੍ਰਹਮ ਗਿਆਨੀ' ਦੀ ਸ਼ਹਾਦਤ ਹੈ, ਭਗਤ ਦੀ 'ਭਗਤੀ' ਦੀ ਸ਼ਹਾਦਤ ਹੈ, ਸਿਖ ਲਹਿਰ ਦੀ ਪ੍ਰਗਤੀਸ਼ੀਲਤਾ ਤੇ ਵਿਕਾਸਸ਼ੀਲਤਾ ਦੀ ਸ਼ਹਾਦਤ ਹੈ, ਸਿਖ ਲਹਿਰ ਵਿਚੋਂ ਪ੍ਰਚੰਡ ਹੋ ਰਹੀ ਸਮਾਜਕ ਤੇ ਰਾਜਸੀ ਸ਼ਕਤੀ ਦੀ ਸ਼ਹਾਦਤ ਹੈ।

'ਸ਼ਹਾਦਤ' ਕਿਸੇ ਕੌਮ ਅੰਦਰ ਪ੍ਰਵੇਸ਼ ਕਰ ਚੁਕੀ ਸੂਰਬੀਰਤਾ ਦੀ ਪ੍ਰਤੀਕ ਹੁੰਦੀ ਹੈ। ਸੂਰਬੀਰ ਕੌਮ ਹੀ ਸ਼ਹਾਦਤ ਦੇ ਸਕਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਸ ਗਲ ਦੀ ਵੀ ਪ੍ਰਤੀਕ ਹੈ, ਕਿ ਸਿਖ ਲਹਿਰ ਜੱਥੇਬੰਦ ਤੇ ਸੂਰਬੀਰ ਬਣ ਚੁਕੀ ਸੀ। ਸਿਖ ਲਹਿਰ ਦੀ ਸੂਰਮਗਤੀ ਹੀ ਸੀ, ਜਿਸ ਤੋਂ ਜਹਾਂਗੀਰ ਬਾਦਸ਼ਾਹ ਘਬਰਾਇਆ ਸੀ, ਉਸ ਨੂੰ ਬਿਆਸਾ ਤੋਂ ਇਹ ਉਠੀ ਲਹਿਰ ਦਿੱਲੀ ਤੇ ਆਗਰੇ ਨੂੰ ਰੋੜ੍ਹ ਕੇ ਲੈ ਜਾਣ ਵਾਲੀ ਭਾਸਦੀ ਸੀ। ਇਸ ਸੂਰਬੀਰ ਲਹਿਰ ਨੂੰ ਦਬਾਣ ਵਾਸਤੇ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕੀਤਾ। ਗ੍ਰਿਫਤਾਰੀ ਦੇ ਹੋਰ ਕਾਰਨ ਅਧੀਨ ਹਨ, ਮੁਖ ਕਾਰਨ ਸਿਖ ਲਹਿਰ ਦੀ ਵਧਦੀ ਸੂਰਮਗਤੀ ਨੂੰ ਖਤਮ ਕਰਨਾ ਹੀ ਸੀ.....ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਲਿਆਂਦਾ ਗਿਆ ਤੇ 'ਬ ਸਿਆਸਤ ਵ ਬ-ਯਾਸਾ ਰਸਾਨੰਦ' ਅਰਥਾਤ ਸਿਆਸਤ ਅਤੇ ਯਾਸਾ (ਕਾਨੂੰਨ) ਅਨੁਸਾਰ ਸ਼ਹੀਦ ਕਰ ਦਿੱਤਾ ਗਿਆ।

Digitized by Panjab Digital Library | www.panjabdigilib.org

ਗੁਰੂ ਹਰਿ ਗੋਬਿੰਦ ਸਾਹਿਬ

ਸਿੱਖ ਲਹਿਰ ਦੀ ਛੇਵੀਂ, ਵੱਡ-ਯੋਧਾ ਤੇ ਪਰਉਪਕਾਰੀ-ਸ਼ਖਸੀਅਤ

ਗੁਰੂ ਹਰਿ ਗੋਬਿੰਦ ਸਾਹਿਬ ਸਿਖ ਲਹਿਰ ਦੇ ਛੱਟਮ ਪੀਰ ਸਨ। ਸਿੱਖ ਲਹਿਰ ਹਾਲਾਂ ਪੀਰਾਂ ਦੀ ਛੱਤਰ ਛਾਯਾ ਹੇਠ ਹੀ ਪ੍ਰਫੁੱਲਤਾ ਪ੍ਰਾਪਤ ਕਰ ਰਹੀ ਸੀ, ਕਿ ਗੁਰੂ ਅਰਜਨ ਦੇਵ ਜੀ ਨੇ ਪੀਰੀ ਦੀ ਸ਼ਹਾਦਤ ਦੇ ਕੇ, ਮੀਰ-ਸ਼ਕਤੀ ਨੂੰ ਵੀ ਜਨਮ ਦੇ ਦਿੱਤਾ। ਗੁਰੂ ਹਰਿ ਗੋਬਿੰਦ ਸਾਹਿਬ ਪੀਰੀ ਤੇ ਮੀਰੀ, ਦੋਹਾਂ ਦੇ ਧਾਰਨੀ ਸਨ। ਭਾਈ ਗੁਰਦਾਸ ਜੀ, ਸ਼ਾਇਦ ਇਸੇ ਕਰ ਕੇ, ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰੂ ਨਾਨਕ-ਗੱਦੀ ਤੇ ਬੈਠੇ 'ਭਾਰੀ-ਗੁਰੂ'[1] ਕਹਿੰਦੇ ਹਨ। 'ਭਾਰੀ ਗੁਰੂ' ਦਾ ਭਾਵ ਹੈ, ਸ਼ਕਤੀ-ਨਿਪੁੰਨ ਗੁਰੂ, ਤੇਜ਼ ਵਾਲਾ ਗੁਰੂ। ਗੁਰੂ ਹਰਿ ਗੋਬਿੰਦ ਜੀ, ਭਗਤੀ ਤੇ ਸ਼ਕਤੀ, ਪੀਰੀ ਤੇ ਮੀਰੀ, ਮੰਦਰ ਤੇ ਤਖਤ, ਜਲਾਲ ਤੇ ਜਮਾਲ, ਦੋਹਾਂ ਵਿਚ ਨਿਪੁੰਨ ਗੁਰੂ ਸਨ। ਇਕ ਨਿਪੁੰਨ ਗੁਰੂ ਹੀ 'ਵੱਡ-ਯੋਧਾ' ਤੇ 'ਪਰਉਪਕਾਰੀ, ਹੋ ਸਕਦਾ ਹੈ, ਦਲ (ਵਿਰੋਧੀ ਦਲ) ਭੰਜਨ ਗੁਰੂ ਸੂਰਮਾ ਹੋ ਸਕਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦੀ ਸੁਰਮਗਤੀ ਸਾਖਿਆਤ ਸੁਰਮਗਤੀ ਸੀ, ਭਗਤ ਦੀ ਦਿੱਤੀ ਗਈ ਸ਼ਹਾਦਤ ਵਿਚੋਂ ਪੈਦਾ ਹੋਈ ਸ਼ਕਤੀ ਸੀ। ਸ਼ਕਤੀ-ਨਿਪੁੰਨ ਤਾਂ ਪਹਿਲੀਆਂ ਪੰਜ ਗੁਰੂ-ਸ਼ਖਸੀਅਤਾਂ ਵੀ ਸਨ, ਪਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਪਹਿਲੀ ਵਾਰੀ ਆਪਣੇ ਆਪ ਨੂੰ ਇਕ ਸੂਰਮੇ ਤੇ ਯੋਧੇ ਦੇ ਰੂਪ ਵਿਚ ਮੂਰਤੀਮਾਨ ਕੀਤਾ, ਯੁਧ-ਵੀਰ ਬਣਨ ਵਾਸਤੇ ਸੈਨਿਕ-ਸ਼ਕਤੀ ਨੂੰ ਕੇਂਦਰਿਤ ਕੀਤਾ, ਗੱਦੀ ਤੇ ਬੈਠਦਿਆਂ ਹੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਅਕਾਲ ਤਖਤ (ਰਾਜਸੀ-ਤਖਤ) ਦੀ ਪਹਿਲੀ ਵਾਰੀ ਸਥਾਪਨਾ ਕੀਤੀ, ਪਹਿਲਾ ਲੋਹ ਗੜ੍ਹ ਕਿਲ੍ਹਾ ਉਸਾਰਿਆ, ਸਾਰੇ ਪੰਜਾਬ ਵਿਚ ਸੈਨਿਕ-ਕੇਂਦਰ ਨੀਯਤ ਕੀਤੇ, (ਹਰਿ ਗੋਬਿੰਦਪੁਰ ਬਿਆਸਾ ਨਦੀ ਦੇ ਕੰਡੇ, ਇਕ ਫੌਜੀ ਅੱਡਾ ਹੀ ਸੀ) ਸੈਨਿਕ-ਖੇਤਰ ਵਿਚ ਜਵਾਨਾਂ ਤੇ ਮਰਦਾਨਿਆਂ ਦੀ ਭਰਤੀ ਕੀਤੀ, ਥਾਂ ਥਾਂ ਸੈਨਿਕ ਸਿਖਿਆ ਦੇ ਸਕੂਲ ਸਥਾਪਨ ਕੀਤੇ, ਘੋੜ-ਸਵਾਰੀ, ਕੁਸ਼ਤੀਆਂ, ਸ਼ਿਕਾਰ, ਤਲਵਾਰ-ਮਾਰ, ਕਰਤੱਵਾਂ ਨੂੰ ਪ੍ਰਧਾਨਤਾ ਦਿੱਤੀ, ਆਪਣੇ ਸਰਵੋਤਮ ਤੇ ਸਭ ਤੋਂ ਪਿਆਰੇ ਕਰਤੱਵ ਵੀ ਇਹਨਾਂ ਨੂੰ ਹੀ ਮੰਨਿਆਂ.....ਇਸ ਤਰ੍ਹਾਂ ਭਗਤੀ ਵਿਚੋਂ ਸ਼ਕਤੀ ਪ੍ਰਚੰਡ ਹੋ ਗਈ। ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਨਾਲ ਪੈਦਾ ਹੋਈ ਉਦਾਸੀਨਤਾ ਨੂੰ ਉਤਸ਼ਾਹ ਵਿਚ ਬਦਲ ਦਿੱਤਾ, ਮੱਘ ਰਹੀ ਅੱਗ-ਸ਼ਕਤੀ ਨੂੰ ਭਾਂਬੜ ਦੇ ਰੂਪ ਵਿਚ ਬਾਲ

---

੧. ਪੰਜ ਪਿਆਲੇ ਪੰਜ ਪੀਰ ਛਠਮਾਂ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆ ਪਲਟ ਕੈ ਮੂਰਤਿ ਹਰਿ ਗੋਬਿੰਦ ਸਵਾਰੀ ॥
ਚਲੀ ਪੀੜੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ ॥
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥ (ਭਾਈ ਗੁਰਦਾਸ)

Digitized by Panjab Digital Library | www.panjabdigilib.org

ਦਿੱਤਾ। ਸਿਖ ਲਹਿਰ 'ਸ਼ਕਤੀ ਦਾ ਭਾਂਬੜ' ਬਣ ਗਈ, ਜੱਥੇਬੰਦ ਤੇ ਸੂਰਬੀਰ ਬਣ ਗਈ। ਗੁਰੂ ਹਰਿ ਗੋਬਿੰਦ ਜੀ ਨੇ ਸਿਖ ਲਹਿਰ ਦੇ ਭੜਕੇ ਹੋਏ ਜਜ਼ਬਾਤ ਨੂੰ ਸੰਭਾਲਿਆ ਤੇ ਉਹਨਾਂ ਨੂੰ ਇਕੱਠੇ ਕਰ ਕੇ ਇਕ 'ਨੀਸ਼ਾਨ' ਅਧੀਨ ਕਰ ਦਿੱਤਾ। 'ਨੀਸ਼ਾਨ' ਹਰ ਕੌਮ ਦੀ ਸਮਾਜਕ ਤੇ ਰਾਜਸੀ ਸ਼ਕਤੀ ਦਾ ਪ੍ਰਤੀਕ ਹੁੰਦਾ ਹੈ। ਗੁਰੂ ਹਰਿ ਗੋਬਿੰਦ ਜੀ ਨੇ 'ਨੀਸ਼ਾਨ' ਦੀ ਸਥਾਪਨਾ ਕਰ ਕੇ, ਸਿਖ ਲਹਿਰ ਨੂੰ ਸਪਸ਼ਟ ਤੌਰ ਤੇ ਸਮਾਜਕ ਤੇ ਰਾਜਸੀ ਲਹਿਰ ਬਣਾ ਦਿੱਤਾ। ਇਸ ਲਹਿਰ ਦਾ ਪ੍ਰਚਾਰ ਤੇ ਪਾਸਾਰ ਕਰਨ ਵਾਸਤੇ ਉਹਨਾਂ ਕਵੀਆਂ, ਢਾਢੀਆਂ ਤੇ ਸਿੱਖਾਂ ਨੂੰ ਸੱਦਾ ਦਿੱਤਾ। ਢਾਢੀਆਂ ਨੇ ਤਾਂ ਜੋਸ਼-ਉਭਾਰੂ ਵਾਰਾਂ ਸੁਣਾ ਸੁਣਾ ਕੇ, ਸਿਖ ਲਹਿਰ ਨੂੰ ਰਾਜਸੀ ਤੇ ਜੰਗਜੂ ਬਣਾ ਦਿੱਤਾ।.....ਸਿਖ ਲਹਿਰ ਦਾ ਰਾਜਨੀਤਕ-ਖੇਤਰ ਵਿਚ ਆਉਣਾ, ਆਪਣੇ ਗੁਰ-ਗੱਦੀ-ਕੇਂਦਰ ਨੂੰ ਹੋਰ ਮਜ਼ਬੂਤ ਕਰਨਾ, ਸਿੱਖਾਂ ਨੂੰ ਬਹਾਦਰਾਂ ਵਾਂਗ ਆਜ਼ਾਦ ਰਹਿਣ ਦਾ ਉਪਦੇਸ਼ ਦੇਣਾ.....ਇਹ ਸਾਰੇ ਕਰਤੱਵ ਜਹਾਂਗੀਰ ਨੂੰ ਵਿਰੋਧ ਵਿਚ ਉਠ ਰਹੇ ਸੰਗ੍ਰਾਮ ਦਾ ਪ੍ਰਤੀਕ ਭਾਸਦੇ ਸਨ, ਇਕ ਬਣ ਰਹੀ ਵਖਰੀ ਹਕੂਮਤ ਦੇ ਅਸਾਰ ਜਾਪਦੇ ਸਨ। ਸਿੱਖਾਂ ਆਪਣੇ ਫੈਸਲੇ 'ਅਕਾਲ ਤਖਤ' ਤੇ ਆ ਕੇ ਨਜਿੱਠਣੇ ਸ਼ੁਰੂ ਕਰ ਦਿੱਤੇ।.....ਦਰਬਾਰ, ਤਖਤ, ਨੀਸ਼ਾਨ, ਕਿਲ੍ਹੇ, ਢਾਢੀ, ਫੌਜਾਂ, ਇਹ ਕਿਸੇ ਹਕੂਮਤ ਦੇ ਹੀ ਲਖਾਇਕ ਹੁੰਦੇ ਹਨ। ਜਹਾਂਗੀਰ, ਸਿੱਖਾਂ ਦੀ ਇਸ ਬਣ ਰਹੀ ਹਕੂਮਤ ਤੋਂ ਡਰਿਆ ਤੇ ਘਬਰਾਇਆ। ਆਪਣੀ ਘਬਰਾਹਟ ਨੂੰ ਦੂਰ ਕਰਨ ਵਾਸਤੇ, ਉਸ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗ੍ਰਿਫਤਾਰ ਕੀਤਾ, ਪੰਜਾਬੋਂ ਕਢ ਕੇ, ਗਵਾਲੀਅਰ ਵਿਚ ਡੱਕ ਦਿੱਤਾ, ਸ਼ਾਇਦ ਇਸ ਕਰ ਕੇ, ਕਿ ਪੰਜਾਬ ਨੇਤਾ-ਹੀਣ ਹੋ ਜਾਏਗਾ। ਨੇਤਾ-ਹੀਣ ਕੌਮ ਹਮੇਸ਼ਾਂ ਸ਼ਕਤੀ-ਹੀਣ ਹੁੰਦੀ ਹੈ। ਸਿਖ ਲਹਿਰ ਨੂੰ ਸ਼ਕਤੀ-ਹੀਣ ਕਰਨ ਵਾਸਤੇ ਹੀ ਜਹਾਂਗੀਰ ਬਾਦਸ਼ਾਹ ਨੇ, ਗੁਰੂ ਹਰਿ ਗੋਬਿੰਦ ਜੀ ਨੂੰ ਪੰਜਾਬ ਦੇ ਕਿਸੇ ਕਿਲ੍ਹੇ ਦੀ ਥਾਂ, ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਸੀ। ਆਪ ਆਗਰੇ ਵਿਚ ਬੈਠਾ, ਸਾਰੇ ਹਿੰਦੁਸਤਾਨ ਦੀ ਕਮਾਨ ਕਰ ਰਿਹਾ ਸੀ। ਗੁਰੂ ਹਰਿ ਗੋਬਿੰਦ ਜੀ ਦੀ ਗ੍ਰਿਫਤਾਰੀ, ਪੰਜਾਬ ਦੀ ਸਿਖ ਲਹਿਰ ਨੂੰ ਨੇਤਾ-ਹੀਣ ਕਰਨ ਦੀ ਥਾਂ, ਹੋਰ ਭੜਕਾ ਗਈ। ਸਿੱਖਾਂ ਇਕੱਠੇ ਹੋ ਕੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਗ੍ਰਿਫਤਾਰੀ ਵਿਰੁਧ ਰੋਸ ਪ੍ਰਗਟ ਕੀਤਾ, ਜਲੂਸ ਕੱਢੇ, ਵਿਖਾਵੇ ਕੀਤੇ, ਕਈ ਜੱਥੇ ਤਾਂ ਗਵਾਲੀਅਰ ਵੀ ਪਹੁੰਚੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ, ਇਹਨਾਂ ਰੋਸ ਇਕੱਤਰਤਾਵਾਂ ਦੇ ਆਗੂ ਸਨ.....ਪੰਜਾਬ ਜਾਗ ਪਿਆ। ਸਿਖ ਲਹਿਰ ਪੰਜਾਬ ਦੀ ਸਾਂਝੀ ਲਹਿਰ ਬਣ ਗਈ। ਜਹਾਂਗੀਰ ਪੰਜਾਬ ਦੀ ਇਸ ਜਾਗ੍ਰਿਤੀ ਤੋਂ ਹੋਰ ਘਬਰਾਇਆ। ਮੀਆਂ ਮੀਰ ਤੇ ਹਰੀ ਦਾਸ ਵਰਗੇ ਦਰਵੇਸ਼ਾਂ ਦੇ ਸਮਝਾਣ ਤੇ ਜਹਾਂਗੀਰ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਛੱਡ ਦਿੱਤਾ। ਪਰਉਪਕਾਰੀ ਗੁਰੂ ਹਰਿ ਗੋਬਿੰਦ ਜੀ ਨੇ ਗਵਾਲੀਅਰ ਦੇ ਹੋਰ ੫੨ ਕੈਦੀਆਂ ਨੂੰ ਵੀ ਆਪਣੇ ਨਾਲ ਰਿਹਾ ਕਰਵਾ ਲਿਆ। ਇੰਜ ਗੁਰੂ ਸਾਹਿਬ 'ਬੰਦੀ ਛੋੜ' (ਬੰਦੀ ਤੋਂ ਛੁਡਾਣ ਵਾਲੇ) ਬਣ ਗਏ। ਜਹਾਂਗੀਰ ਵੀ ਉਹਨਾਂ ਦੀ ਪਰਉਪਕਾਰੀ ਬਿਰਤੀ ਦਾ ਸ਼ਰਧਾਲੂ ਬਣ ਗਿਆ।.....੧੩ ਸਾਲ ਤਕ ਇਹ ਸੁਲਾਹ ਕਾਇਮ ਰਹੀ।

ਗੁਰੂ ਹਰਿ ਗੋਬਿੰਦ ਸਾਹਿਬ, ਗੁਰੂ ਅਰਜਨ ਦੇਵ ਜੀ ਦੀ ਮੂਰਤ ਸਨ। ਕੇਵਲ ਕਾਇਆਂ ਹੀ ਪਲਟੀ ਸੀ। ਜੋਤਿ ਤੇ ਜੁਗਤਿ ਤਾਂ ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ।

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ ਹੀ ਛੇਵੇਂ ਰੂਪ ਵਿਚ ਗੁਰੂ ਹਰਿ ਗੋਬਿੰਦ ਜੀ ਸਦਵਾਏ। ਭਾਵੇਂ ਗੁਰੂ ਹਰਿ ਗੋਬਿੰਦ ਜੀ ਨੇ ਸਿੱਖ ਲਹਿਰ ਨੂੰ ਦਲ-ਭੰਜਨੀ ਤੇ ਵੱਡ-ਯੋਧਾ ਬਣਾ ਦਿੱਤਾ, ਸ਼ੱਸਤਰ ਬੱਧ ਵੀ ਕਰਵਾ ਦਿੱਤਾ, ਪਰ ਇਸ ਦਾ ਇਹ ਭਾਵ ਨਹੀਂ ਕਿ ਉਹਨਾਂ ਸਿਖ ਲਹਿਰ ਦੇ ਮੂਲ ਆਦਰਸ਼ ਨੂੰ ਤਿਆਗ ਦਿੱਤਾ। ਸਿਖ ਲਹਿਰ ਵਿਕਾਸ ਮੁਖੀ ਹੈ। ਗੁਰੂ ਹਰਿ ਗੋਬਿੰਦ ਜੀ ਵੇਲੇ ਸਿਖ ਲਹਿਰ ਦਾ ਸ਼ੱਸਤਰ ਧਾਰੀ ਹੋ ਜਾਣਾ, ਇਹ ਕੋਈ ਗੁਰੂ ਨਾਨਕ-ਪੰਥ ਤੋਂ ਵਖਰੇ ਹੋ ਜਾਣ ਦਾ ਕਰਤੱਵ ਨਹੀਂ, ਨਾ ਹੀ ਸਿਖ ਲਹਿਰ ਦਾ ਕੋਈ ਮੋੜ (Turning point) ਹੈ। ਸਿਖ ਲਹਿਰ ਦਾ ਆਦਰਸ਼ 'ਮਾਨਵ-ਕਲਿਆਣਤਾ' ਹੈ। ਮਾਨਵ-ਕਲਿਆਣਤਾ ਵਾਸਤੇ ਹੀ, ਸਿਖ ਲਹਿਰ ਵਿਕਾਸ ਕਰਦੀ ਹੈ। ਭਗਤੀ, ਕੁਰਬਾਨੀ, ਤਿਆਗ ਤੇ ਸ਼ੱਸਤਰ-ਧਾਰੀ ਸ਼ਕਲਾਂ ਧਾਰਨ ਕਰਦੀ ਹੈ। ਗੁਰੂ ਹਰਿ ਗੋਬਿੰਦ ਜੀ ਦਾ ਸ਼ੱਸਤਰ ਧਾਰੀ ਹੋਣਾ, ਸ਼ੱਸਤਰਾਂ ਨੂੰ ਮਾਨਵ-ਕਲਿਆਣਤਾ ਹਿਤ ਸਿਖ ਲਹਿਰ ਦਾ ਜੀਵਨ-ਅੰਗ ਬਣਾ ਦੇਣਾ, ਇਹ ਕੋਈ ਨਵੇਂ ਪੰਥ ਦਾ ਮੁੱਢ ਨਹੀਂ ਸੀ, ਬਲਕਿ 'ਨਾਨਕ ਨਿਰਮਲ ਪੰਥ' ਵਿਚ ਪੈਦਾ ਹੋ ਚੁਕੀ ਆਤਮਕ ਦ੍ਰਿੜ੍ਹਤਾ ਦਾ ਹੀ ਇਕ ਸਾਖਿਆਤ ਕ੍ਰਿਸ਼ਮਾ ਸੀ। 'ਸ਼ੱਸਤਰ' ਆਤਮਕ ਤੌਰ ਤੇ ਸਿਖ ਲਹਿਰ ਨੂੰ ਸ਼ਕਤੀਸ਼ਾਲੀ ਤੇ ਦ੍ਰਿੜ੍ਹ ਕਰ ਗਏ।

ਗੁਰੂ ਹਰਿ ਗੋਬਿੰਦ ਜੀ ਤੇ ਇਕ ਹੋਰ ਕਿੰਤੂ ਕੀਤਾ ਜਾਂਦਾ ਹੈ, ਕਿ ਉਹਨਾਂ ਬਾਕੀ ਗੁਰੂ-ਸ਼ਖਸੀਅਤਾਂ ਵਾਂਗ ਭਗਤੀ ਨਹੀਂ ਕੀਤੀ, ਬਾਣੀ ਨਹੀਂ ਲਿਖੀ, ਕੋਈ ਸਾਹਿਤਕ ਕਰਾਮਾਤ ਨਹੀਂ ਕੀਤੀ।.....ਸਮੇਂ ਦੀ ਚਾਲ ਨੂੰ ਸਮਝ ਕੇ ਹੀ ਜੀਵਨ ਵਿਚ ਵਿਚਰਨਾ, ਇਹ ਭਗਤੀ ਦੀ ਸਿਖਿਆ ਹੈ। ਜੇ ਕਿਸੇ ਨੇ ਜ਼ਿੰਦਗੀ ਵਿਚ ਭਗਤੀ ਕਮਾਈ ਹੈ, ਉਹ ਹਮੇਸ਼ਾਂ ਸਮੇਂ ਦੀ ਚਾਲ ਨੂੰ ਸਮਝ ਕੇ ਹੀ, ਜੀਵਨ ਵਿਚ ਵਿਚਰਦਾ ਹੈ। ਜੀਵਨ ਨੂੰ ਸਮੇਂ ਅਨੁਸਾਰ ਬਿਲਕੁਲ ਬਦਲ ਲੈਣਾ, ਇਹ ਭਗਤ ਜਾਂ ਭਗਤੀ ਦਾ ਕਰਤੱਵ ਨਹੀਂ, ਆਧਾਰ ਭਗਤੀ ਹੀ ਰਹਿਣਾ ਚਾਹੀਦਾ ਹੈ, ਤੇ ਸਰੂਪ ਸਮੇਂ ਦੀ ਚਾਲ ਅਨੁਸਾਰ ਢਾਲ ਲੈਣਾ ਚਾਹੀਦਾ ਹੈ, ਅਸਲਾ ਉਹੀ ਰਹਿਣਾ ਚਾਹੀਦਾ ਹੈ, ਪਰ ਜੀਵਨ ਸਮਕਾਲੀ ਸਮਾਜਕ ਤੇ ਰਾਜਨੀਤਕ ਸਥਿਤੀਆਂ ਅਨੁਸਾਰ ਢਾਲ ਲੈਣਾ ਚਾਹੀਦਾ ਹੈ। ਸਮਕਾਲੀ ਸਮਾਜਕ ਤੇ ਰਾਜਨੀਤਕ ਸਥਿਤੀਆਂ ਨਾਲ ਸੰਘਰਸ਼ ਕਰ ਕੇ ਆਪਣੇ ਅਸਲੇ ਨਾਲ ਜੁੜੇ ਰਹਿਣਾ ਇਹ ਵੀ ਭਗਤੀ ਹੈ, ਸੂਰਮਗਤੀ ਹੈ, 'ਪ੍ਰਭ ਕਾ ਪੰਥ' ਹੈ।

ਗੁਰੂ ਹਰਿ ਗੋਬਿੰਦ ਸਾਹਿਬ ਦੀ ਭਗਤੀ ਕੁਝ ਇਸੇ ਤਰ੍ਹਾਂ ਦੀ ਹੀ ਭਗਤੀ ਹੈ। ਉਹਨਾਂ ਨੇ ਭਗਤੀ ਨੂੰ ਤਿਆਗਿਆ ਨਹੀਂ, ਬਲਕਿ ਪੰਜਾਬ ਦੇ ਬਹੁਤੇ ਹਿਸਆਂ ਵਿਚ ਗੁਰਬਾਣੀ ਦਾ ਪ੍ਰਚਾਰ ਕਰਕੇ, ਭਗਤੀ-ਕੇਂਦਰ ਸਥਾਪਤ ਕਰ ਕੇ, ਉਹਨਾਂ ਇਕ ਭਗਤ ਦੇ ਕਰਤੱਵ ਨੂੰ ਨਿਬਾਹਿਆ ਹੈ। ਇਹ ਉਹਨਾਂ ਦੇ ਬਹੁ-ਪਰਉਪਕਾਰੀ ਹੋਣ ਦਾ ਪ੍ਰਤੀਕ ਹੈ।

.....ਸਮੇਂ ਦੀ ਚਾਲ ਗੁਰੂ ਹਰਿ ਗੋਬਿੰਦ ਜੀ ਤੋਂ ਮੰਗ ਕਰਦੀ ਸੀ, ਕਿ ਉਹ ਸੂਰਮੇ ਬਣਨ, ਮਰਦਾਨਗੀ ਦਿਖਾਣ। ਉਹਨਾਂ ਮਾਝੇ, ਮਾਲਵੇ ਤੇ ਦੁਆਬੇ ਦੇ ਸੈਨਿਕ ਕੇਂਦਰਾਂ ਨੂੰ ਮਜ਼ਬੂਤ ਕਰ ਕੇ, ਸ਼ਾਹੀ ਫੌਜਾਂ ਨਾਲ ਚਾਰ ਜੰਗਾਂ ਵੀ ਲੜੀਆਂ, ਜਿੱਤਾਂ ਪ੍ਰਾਪਤ ਕਰ ਕੇ,

Digitized by Panjab Digital Library | www.panjabdigilib.org

ਸ਼ਾਹ ਜਹਾਨ ਨੂੰ ਆਪਣੀ ਮਰਦਾਨਗੀ ਤੇ ਸੂਰਮਤਾਈ ਵੀ ਦਿਖਾਈ, ਇਹ ਉਹਨਾਂ ਦੇ ਵਡ-ਯੋਧੇ ਹੋਣ ਦਾ ਪ੍ਰਤੀਕ ਹੈ।

ਗੁਰੂ ਹਰਿ ਗੋਬਿੰਦ ਜੀ ਪ੍ਰਭੂ-ਪਾਂਧੀ ਵੀ ਸਨ। ਭਾਵੇਂ ਉਹਨਾਂ ਬਾਣੀ ਨਹੀਂ ਲਿਖੀ, ਪਰ ਉਹਨਾਂ ਬਾਣੀ ਦਾ ਪ੍ਰਚਾਰ ਤਾਂ ਕੀਤਾ ਹੈ, ਬਾਣੀ ਨੂੰ ਕਮਾ ਕੇ ਪ੍ਰਭ-ਪੰਥ ਨੂੰ ਪ੍ਰਾਪਤ ਤਾਂ ਕੀਤਾ ਹੈ। ਵਿਸ਼ੇਸ਼ ਕਰ ਕੇ ਆਪਣੇ ਜੀਵਨ ਦੇ ਅੰਤਮ ਦਸ ਸਾਲ (੧੬੩੪-੧੬੪੪ ਈ: ਤਕ) ਉਹਨਾਂ ਕੀਰਤਪੁਰ ਵਿਚ ਬਿਤਾਏ। 'ਕੀਰਤਪੁਰ' ਨੂੰ ਹੀ ਅੰਮ੍ਰਿਤਸਰ ਦੀ ਥਾਂ, ਗੁਰ-ਗੱਦੀ ਦਾ ਪੱਕਾ ਕੇਂਦਰ ਨੀਯਤ ਕੀਤਾ ਤੇ ਇਥੇ ਹੀ ਰੱਬੀ ਕੀਰਤੀ ਦੇ ਗੀਤ ਗਾਏ। 'ਕੀਰਤਪੁਰ' ਰੱਬ ਪ੍ਰਤੀ ਕੀਤੀ ਹੋਈ ਕੀਰਤੀ ਦਾ ਪ੍ਰਤੀਕ ਹੈ। 'ਕੀਰਤਪੁਰ' ਵਿਚ ਹੀ ਗੁਰੂ ਹਰਿ ਗੋਬਿੰਦ ਜੀ ਨੇ ਆਪਣਾ ਜਾ-ਨਸ਼ੀਨ ਗੁਰੂ ਹਰਿ ਰਾਇ ਜੀ ਨੂੰ ਚੁਣ ਲਿਆ ਤੇ ਗੁਰਗੱਦੀ ਦਾ ਵਾਰਸ ਵੀ ਇਹਨਾਂ ਨੂੰ ਹੀ ਬਣਾ ਦਿੱਤਾ ਗਿਆ।

Digitized by Panjab Digital Library | www.panjabdigilib.org

ਗੁਰੂ ਹਰਿ ਰਾਇ ਸਾਹਿਬ

ਸਿੱਖ ਲਹਿਰ ਦੀ ਸੱਤਵੀਂ ਤੇ ਅਹਿੰਸਾਵਾਦੀ ਸ਼ਖਸੀਅਤ

'ਹਿੰਸਾ ਨਾ ਕਰਨੀ' ਇਹ ਅਹਿੰਸਾਵਾਦੀ ਸ਼ਖਸੀਅਤ ਦਾ ਪ੍ਰਤੀਕ ਹੈ। ਮਾਣ ਹੁੰਦਿਆਂ ਨਿਮਾਣਾ ਰਹਿਣਾ, ਤਾਣ ਹੁੰਦਿਆਂ ਨਿਤਾਣਾ ਰਹਿਣਾ, ਇਹ ਗੁਰੂ-ਘਰ ਦੀ ਅਹਿੰਸਾ ਹੈ। ਗੁਰੂ ਹਰਿ ਰਾਇ ਸਾਹਿਬ ਚੂੰਕਿ ਸੱਤਵੀਂ ਗੁਰੂ-ਜੋਤਿ ਸਨ। ਇਸ ਲਈ ਉਹਨਾਂ ਦੀ ਅਹਿੰਸਾ ਗੁਰੂ-ਘਰ ਵਾਲੀ ਹੀ ਸੀ। ਹਿੰਸਾ ਕਰਨ ਦੀ ਸਮਰੱਥਾ ਰਖਦੇ ਹੋਏ, ਅਹਿੰਸਾਵਾਦੀ ਰਹਿਣਾ, ਇਹ ਕਿਸੇ ਮਹਾਨ ਸ਼ਖਸੀਅਤ ਦਾ, ਕਿਸੇ ਮਹਾਨ ਆਚਰਣ ਵਾਲੇ ਸੁਆਮੀ ਦਾ ਕਰਤੱਵ ਹੁੰਦਾ ਹੈ। ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਜੀਵਨ-ਅਮਲ ਰਾਹੀਂ, ਸਿਖ ਲਹਿਰ ਨੂੰ ਇਹੀ ਆਚਰਣ ਸਿਖਾਇਆ, ਇਹੀ ਦ੍ਰਿੜ੍ਹ ਕਰਾਇਆ, ਕਿ ਸਦਾ ਅਹਿੰਸਾਵਾਦੀ ਰਹਿਣਾ ਹੈ, ਅਹਿੰਸਾ ਵਾਸਤੇ ਹਿੰਸਾ ਨੂੰ ਵੀ ਕੁਰਬਾਨ ਕਰ ਦੇਣਾ ਹੈ। ਇਹ ਅਹਿੰਸਾ ਹੀ ਸੀ, ਜਿਸ ਨੇ ਸਿਖ ਲਹਿਰ ਦੀ ਨੌਵੀਂ ਸ਼ਖਸੀਅਤ, ਗੁਰੂ ਤੇਗ ਬਹਾਦਰ ਜੀ ਨੂੰ ਹਿੰਸਾ ਵਿਰੁਧ ਸੰਗ੍ਰਾਮ ਕਰ ਕੇ ਸ਼ਹੀਦ ਹੋਣ ਵਾਸਤੇ ਪ੍ਰੇਰਿਆ। ਉਹਨਾਂ ਨੇ ਅਹਿੰਸਾ ਦੀ ਰਖਿਆ ਵਾਸਤੇ ਹੀ ਸ਼ਹਾਦਤ ਦਿੱਤੀ ਸੀ। ਉਹਨਾਂ ਦੀ ਸ਼ਹਾਦਤ ਇਸ ਕਥਨ ਦੀ ਪ੍ਰਤੀਕ ਹੈ, ਕਿ ਸਿਖ ਲਹਿਰ ਅਹਿੰਸਾਵਾਦੀ ਸ਼ਖਸੀਅਤਾਂ ਦੀ ਲਹਿਰ ਹੈ।

ਇਹ ਇਤਿਹਾਸਕ ਸੱਚ ਹੈ, ਕਿ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿਚ ੨੨੦੦ ਘੋੜ-ਸਵਾਰ ਸਨ। ਇਹ ੨੨੦੦ ਘੋੜ ਸਵਾਰ, ਉਹਨਾਂ ਨੂੰ ਆਪਣੇ ਗੁਰੂ ਹਰਿ ਗੋਬਿੰਦ ਜੀ ਵਲੋਂ ਮਿਲੇ ਸਨ। ਉਹਨਾਂ ਆਪ ਫੌਜੀ ਭਰਤੀ ਨਹੀਂ ਕੀਤੀ। ਇਹ ੨੨੦੦ ਘੋੜ ਸਵਾਰ, ਉਹਨਾਂ ਦਾ ਮਾਣ ਸਨ, ਉਹਨਾਂ ਦਾ ਤਾਣ ਸਨ। ਇਸ ਤਾਣ ਦੇ ਸਹਾਰੇ ਹੀ, ਉਹਨਾਂ ਔਰੰਗਜ਼ੇਬ ਬਾਦਸ਼ਾਹ ਦੇ ਵਿਰੁਧ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ ਸੀ, ਗੁਰੂ-ਘਰ ਵਿਚ ਆਏ ਦੀ ਪੈਜ ਰਖੀ ਸੀ, ਇਹ ਉਹਨਾਂ ਦਾ ਤਾਣ ਸੀ। ਤਾਣ ਹੁੰਦਿਆਂ ਹੋਇਆਂ ਵੀ, ਉਹਨਾਂ ਦੀ ਸਾਰੀ ਜ਼ਿੰਦਗੀ ਮਿੱਠਤ ਤੇ ਨੀਵੀਂ ਦੀ ਸੀ। 'ਕੋਮਲਤਾ' ਉਹਨਾਂ ਦੇ ਸੁਭਾ ਦਾ ਵਿਸ਼ੇਸ਼ ਗੁਣ ਸੀ। ਸਿੱਖ ਰਵਾਇਤ ਹੈ, ਕਿ ਇਕ ਦਿਨ, ਗੁਰੂ ਹਰਿ ਰਾਇ ਜੀ ਦੇ ਲੰਮੇ ਚੋਲੇ ਨਾਲ ਇਕ ਫੁੱਲ ਟੁਟ ਗਿਆ। ਟੁੱਟੇ ਹੋਏ ਫੁੱਲ ਨੂੰ ਦੇਖ ਕੇ, ਉਹ ਕਿਸੇ ਅਗੰਮੀ ਮਗਨਤਾ ਵਿਚ ਗੜ੍ਹੁੰਦ ਸਨ, ਕਿ ਗੁਰੂ ਹਰਿ ਗੋਬਿੰਦ ਜੀ ਨੇ ਮਗਨਤਾ ਦਾ ਕਾਰਨ ਪੁਛਿਆ। ਉੱਤਰ ਵਜੋਂ ਗੁਰੂ ਹਰਿ ਰਾਇ ਜੀ ਨੇ ਟੁੱਟੇ ਹੋਏ ਫੁੱਲ ਦੀ ਕਹਾਣੀ ਸੁਣਾਈ, ਇਹ ਕਹਾਣੀ ਨਹੀਂ ਸੀ, ਉਹਨਾਂ ਦੀ ਕੋਮਲ ਆਤਮਾ ਦਾ ਪ੍ਰਗਟਾ ਸੀ, ਕਿਸੇ ਦੇ ਟੁੱਟ ਜਾਣ ਤੇ ਮਹਿਸੂਸ ਕੀਤੀ ਪੀੜ ਸੀ। ਗੁਰੂ ਹਰਿਗੋਬਿੰਦ ਜੀ ਨੇ ਕਿਹਾ, ਜ਼ਰਾ ਸੰਭਲ ਕੇ ਟੁਰੀ ਦਾ ਹੈ। ਇਹ ਸਿਖਿਆ ਹੀ ਸੀ, ਜਿਸਨੇ ਗੁਰੂ ਹਰਿ ਰਾਇ ਜੀ ਦੀ ਜ਼ਿੰਦਗੀ ਨੂੰ ਸੰਭਾਲ ਲਿਆ। ਗੁਰੂ ਹਰਿ ਰਾਇ ਸਾਹਿਬ

Digitized by Panjab Digital Library | www.panjabdigilib.org

ਦਾ ਇਸੇ ਸਿਖਿਆ ਦੇ ਆਧਾਰ ਤੇ ਆਪਣੇ ਜੀਵਨ ਨੂੰ ਸੰਭਲ ਲੈਣਾ, ਨਾ ਕਿਸੇ ਦਾ ਦਿਲ ਤੋੜਨਾ ਤੇ ਨਾ ਕਿਸੇ ਦਿਲ ਦੇ ਟੁੱਟ ਜਾਣ ਦਾ ਇੱਛਾਵਾਨ ਹੋਣਾ, ਇਹ ਉਹਨਾਂ ਦੀ ਕੋਮਲਤਾ ਸੀ, ਇਹ ਉਹਨਾਂ ਦੀ ਕਰਤਾਰੀ ਬਿਰਤੀ ਸੀ। ਇਹ ਕਰਤਾਰੀ ਬਿਰਤੀ ਵੀ ਸਿਖ ਲਹਿਰ ਦਾ ਆਦਰਸ਼ ਹੈ।

ਸਿਖ ਲਹਿਰ ਦਾ ਆਦਰਸ਼ ਸਦਾ ਕਰਤਾਰੀ ਹੋਣਾ ਚਾਹੀਦਾ ਹੈ!

ਗੁਰੂ ਹਰਿ ਰਾਇ ਜੀ ਨੇ ਭਾਵੇਂ ਬਾਣੀ ਨਹੀਂ ਲਿਖੀ, ਪਰ ਉਹਨਾਂ ਦੀ ਆਤਮਾ ਬਾਣੀ ਅਨੁਸਾਰ ਢਲ ਚੁਕੀ ਸੀ। ਖਾਸ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਜੀਵਨ ਦੇ ਕੁਝ ਅੰਤਲੇ ਸਾਲ, ਤਾਂ ਨਿਰੋਲ ਆਪਣਾ ਜਾ-ਨਸ਼ੀਨ ਲੱਭਣ ਉਤੇ ਕੇਂਦਰਿਤ ਕੀਤੇ। ਗੁਰੂ ਹਰਿ ਰਾਇ ਸਾਹਿਬ ਨੂੰ ਆਪਣੀ ਛੱਤਰ-ਛਾਯਾ ਹੇਠ, ਗੁਰੂ-ਪਦ ਯੋਗ ਬਣਾਇਆ। ਜਦੋਂ ਉਸਾਰੀ ਪੂਰਨ ਹੋ ਗਈ, ਤਾਂ ਕੀਰਤਪੁਰ ਵਿਚ ਹੀ ਉਹਨਾਂ ਗੁਰੂ ਹਰਿ ਰਾਇ ਸਾਹਿਬ ਨੂੰ ਆਪਣਾ ਜਾ-ਨਸ਼ੀਨ ਨੀਯਤ ਕਰ ਲਿਆ। ਗੁਰੂ ਹਰਿ ਰਾਇ ਸਾਹਿਬ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ 'ਨਾਨਕ ਨਿਰਮਲ ਪੰਥ' ਦਾ ਪ੍ਰਚਾਰ ਦੌਰਾ ਸ਼ੁਰੂ ਕਰ ਦਿੱਤਾ। ਮਾਝੇ ਤੇ ਦੁਆਬੇ ਵਿਚ ਸਿੱਖ ਲਹਿਰ ਦਾ ਪਾਸਾਰਾ ਦਿਨੋ ਦਿਨ ਵਧਦਾ ਹੀ ਜਾ ਰਿਹਾ ਸੀ, ਪਰ ਮਾਲਵੇ ਵਿਚ ਹਾਲਾਂ ਸਿੱਖੀ ਦੀ ਘਾਟ ਸੀ। ਗੁਰੂ ਹਰਿ ਰਾਇ ਜੀ ਦੀ ਇਹ ਰਾਜਨੀਤਕ ਸਿਆਣਪ ਸੀ, ਕਿ ਉਹਨਾਂ ਨੇ ਮਾਲਵੇ ਵਿਚ ਸਿੱਖੀ ਪ੍ਰਚਾਰ ਤੇ ਸਿਖ ਲਹਿਰ ਦੇ ਪਾਸਾਰ ਵਾਸਤੇ ਯੋਗ ਕਦਮ ਚੁਕੇ। ਕਈ ਪ੍ਰਚਾਰਕਾਂ ਦੀਆਂ ਮੰਜੀਆਂ ਵੀ ਮਾਲਵੇ ਵਿਚ ਸਥਾਪਨ ਕੀਤੀਆਂ। ਸਿਖ ਲਹਿਰ ਦਾ ਪ੍ਰਚਾਰ ਤੇ ਪਾਸਾਰ ਵਧ ਰਿਹਾ ਸੀ, ਪਰ ਗੁਰ-ਗੱਦੀ ਦਾ ਕੇਂਦਰ ਕੀਰਤਪੁਰ ਹੀ ਰਿਹਾ।

ਗੁਰੂ ਅੰਗਦ ਦੇਵ ਜੀ ਦੇ, ਗੁਰੂ ਨਾਨਕ-ਗੱਦੀ ਤੇ ਬੈਠਦਿਆਂ ਹੀ ਸਮਕਾਲੀ ਵਿਰੋਧ ਵਧਣਾ ਸ਼ੁਰੂ ਹੋ ਗਿਆ ਸੀ। ਇਕ ਪਾਸੇ ਬਾਬੇ ਤੇ ਬਾਬਰ ਦਾ ਘੋਲ ਸੀ, ਦੂਜਾ ਗ਼ੁਰ-ਗੱਦੀ ਦੇ ਘਰੋਗੀ ਦਾਹਵੇਦਾਰਾਂ ਦਾ ਵਿਰੋਧ ਸੀ। ਘਰੋਗੀ ਦਾਹਵੇਦਾਰ, ਗੁਰ-ਗੱਦੀ ਤੇ ਆਪਣਾ ਹੱਕ ਸਮਝਦੇ ਸਨ, ਪਰ ਗੁਰੂ ਸਾਹਿਬ ਗੁਰ-ਗੱਦੀ ਨੂੰ ਇਕ ਅਮੁੱਲ ਦਾਤ ਸਮਝਦੇ ਸਨ, ਜਿਹੜਾ ਇਸ ਦਾ ਮੁਲ ਤਾਰਨ ਯੋਗ ਹੋ ਜਾਂਦਾ ਸੀ, ਉਸ ਨੂੰ ਗੁਰ-ਗੱਦੀ ਪ੍ਰਦਾਨ ਕਰ ਦਿਤੀ ਜਾਂਦੀ ਸੀ। ਗੁਰੂ ਨਾਨਕ ਦੇਵ ਨੇ ਗੁਰ-ਗੱਦੀ, ਗੁਰੂ ਅੰਗਦ ਦੇਵ ਜੀ ਨੂੰ ਦਿਤੀ, ਤਾਂ ਸ੍ਰੀ ਚੰਦ ਤੇ ਲਖਮੀ ਦਾਸ ਪੁੱਤਰਾਂ ਨੇ ਵਿਰੋਧ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਸੌਂਪੀ ਤਾਂ ਦਾਤੂ ਤੇ ਦਾਸੂ ਨੇ ਰੋਸ ਪ੍ਰਗਟ ਕੀਤਾ। ਗੁਰੂ ਅਮਰ ਦਾਸ ਜੀ ਨੇ ਗੁਰ-ਗੱਦੀ ਗੁਰੂ ਰਾਮ ਦਾਸ ਜੀ ਨੂੰ ਬਖਸ਼ੀ ਤਾਂ ਪੁੱਤਰਾਂ ਗੁੱਸਾ ਕੀਤਾ। ਗੁਰੂ ਅਰਜਨ ਦੇਵ ਜੀ ਦੇ ਗੁਰ-ਗੱਦੀ ਬੈਠਣ ਵੇਲੇ ਤਾਂ ਇਹ ਘਰੋਗੀ ਵਿਰੋਧ ਬੜਾ ਵਧ ਗਿਆ। ਪ੍ਰਿਥੀ ਚੰਦ ਨੇ ਦਸਤਾਰ ਬੰਦੀ ਵੇਲੇ ਹੱਥੋ ਪਾਈ ਵੀ ਕੀਤੀ, ਪਰ ਗੁਰੂ ਰਾਮ ਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਹੀ ਯੋਗ ਸਮਝਦੇ ਸਨ, ਇਸ ਲਈ ਉਹਨਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਹੀ ਗੁਰ-ਗੱਦੀ ਦਾ ਵਾਰਸ ਬਣਾਇਆ। ਗੁਰੂ ਅਰਜਨ ਦੇਵ ਜੀ ਵੇਲੇ ਇਹ ਸਮਕਾਲੀ ਘਰੋਗੀ ਤੇ ਬਾਬਰ-ਵਿਰੋਧ ਸਿਖਰ ਤੇ ਸੀ। ਗੁਰੂ

Digitized by Panjab Digital Library | www.panjabdigilib.org

ਅਰਜਨ ਦੇਵ ਦੀ ਸ਼ਹਾਦਤ ਦਾ ਕਾਰਨ ਵੀ ਇਹੀ ਵਿਰੋਧ ਬਣਿਆ। ਇਸੇ ਵਿਰੋਧ ਨੇ ਗੁਰੂ ਹਰਿ ਗੋਬਿੰਦ ਜੀ ਨੂੰ ਸ਼ੱਸਤਰ ਧਾਰੀ ਬਣਾ ਦਿੱਤਾ। ਗੁਰੂ ਹਰਿ ਰਾਇ ਸਾਹਿਬ ਵੇਲੇ ਇਹ ਵਿਰੋਧ ਹੋਰ ਵਧਿਆ। ਪਰਿਵਾਰਕ ਸਬੰਧਾਂ ਵਿਚੋਂ ਧੀਰ ਮਲ ਨੇ ਗੁਰ-ਗੱਦੀ ਦਾ ਹੱਕ ਜਤਲਾਇਆ, ਪਰ ਗੁਰੂ ਹਰਿ ਗੋਬਿੰਦ ਜੀ ਨੇ ਗੁਰੂ ਹਰਿ ਰਾਇ ਜੀ ਨੂੰ ਯੋਗ ਸਮਝ ਕੇ, ਗੁਰ-ਗੱਦੀ ਦਾ ਪਾਤਿਸ਼ਾਹ ਬਣਾ ਦਿੱਤਾ। ਧੀਰ ਮਲ ਨੇ ਹੋਰ ਵਿਰੋਧ ਕੀਤਾ, ਹੋਰ ਵਿਰੋਧੀਆਂ ਨੇ ਵੀ ਔਰੰਗਜ਼ੇਬ ਦੇ ਕੰਨ ਭਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਰੁਧ ਔਰੰਗਜ਼ੇਬ ਨੂੰ ਭੜਕਾਇਆ। ਔਰੰਗਜ਼ੇਬ ਦੀ ਧਾਰਮਿਕ ਨੀਤੀ ਵੀ ਇਹੀ ਸੀ ਕਿ ਹਿੰਦੁਸਤਾਨੀ ਰੂਪ ਨੂੰ ਇਸਲਾਮ ਵਿਚ ਵਟਾਇਆ ਜਾਏ। ਉਸ ਨੇ ਗੁਰੂ ਹਰਿ ਰਾਇ ਜੀ ਨੂੰ ਸ਼ਾਹੀ ਦਰਬਾਰ ਵਿਚ ਸੱਦਿਆ। ਗੁਰੂ ਹਰਿ ਰਾਇ ਜੀ ਨੇ ਆਪ ਜਾਣ ਦੀ ਥਾਂ, ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਆਪਣਾ ਦ੍ਰਿਸ਼ਟੀਕੋਨ ਪੜ੍ਹਾ-ਸਿਖਾ ਕੇ, ਦਿੱਲੀ ਵਲ ਭੇਜ ਦਿੱਤਾ। ਔਰੰਗਜ਼ੇਬ ਨੇ ਰਾਮ ਰਾਇ ਦੇ ਮਿਲਣ ਤੇ ਕਰਾਮਾਤਾਂ ਦਿਖਾਣ ਲਈ ਕਿਹਾ, ਬਾਬਾ ਜੀ ਨੇ ਗੁਰੂ ਘਰ ਨੂੰ ਭੁਲ ਕੇ ਕਰਾਮਾਤਾਂ ਦਿਖਾਈਆਂ, 'ਮਿਟੀ ਮੁਸਲਮਾਣੁ ਕੀ ਪੇੜੈ ਪਈ ਕੁਮਿਆਰ' ਗੁਰੂ ਵ·ਕ ਦੀ ਥਾਂ 'ਮਿਟੀ ਬੇਈਮਾਨ ਦੀ' ਦੇ ਵਾਕ ਵਰਤ ਕੇ ਔਰੰਗਜ਼ੇਬ ਨੂੰ ਖੁਸ਼ ਕੀਤਾ। ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ, ਪਰ ਗੁਰੂ ਹਰਿ ਰਾਇ ਸਾਹਿਬ ਜੀ ਦਾ ਕੋਮਲ ਤੇ ਪਿਆਰ ਭਰਿਆ ਹਿਰਦਾ ਰੋਸ ਵਿਚ ਬਦਲ ਗਿਆ। ਉਹਨਾਂ ਰਾਮ ਰਾਇ ਦੇ ਸਭ· ਕਰਤੱਵਾਂ ਤੇ ਰੋਸ ਪ੍ਰਗਟ ਕੀਤਾ। 'ਕੀਰਤਪੁਰ' ਵਾਪਸ ਆਉਣ ਤੋਂ ਮਨਾਹੀ ਕਰ ਦਿਤੀ, ਦਰਸ਼ਨ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਗੁਰੂ ਹਰਿ ਰਾਇ ਸਾਹਿਬ ਦੀ ਕੀਤੀ ਪ੍ਰਤੱਗਿਆ ਸੀ, ਖਾਸ ਕਰ ਕੇ ਗੁਰ-ਗੱਦੀ ਦਾ ਸਤਿਕਾਰ ਤੇ ਸਿੱਖ-ਲਹਿਰ ਦੀ ਰਖਿਆ ਕਰਨ ਦਾ ਤਾਣ ਸੀ।

ਗੁਰੂ ਹਰਿ ਰਾਇ ਸਾਹਿਬ ਤਾਣ ਵਾਲੇ ਸਨ। ਇਸੇ ਲਈ ਔਰੰਗਜ਼ੇਬ ਬਾਦਸ਼ਾਹ ਨੂੰ ਇਹ ਹਿੰਮਤ ਨਾ ਪਈ, ਕਿ ਉਹ ਉਹਨਾਂ ਤੇ ਹਮਲਾ ਕਰੇ। ਸਿਖ ਲਹਿਰ ਆਪਣੇ ਤਾਣ ਸਹਾਰੇ ਦਿਨੋ ਦਿਨ ਵਧਦੀ ਤੇ ਪਸਰਦੀ ਜਾ ਰਹੀ ਸੀ।

Digitized by Panjab Digital Library | www.panjabdigilib.org

ਗੁਰੂ ਹਰਿ ਕ੍ਰਿਸ਼ਨ ਸਾਹਿਬ

ਸਿਖ ਲਹਿਰ ਦੀ ਅੱਠਵੀਂ ਤੇ ਸਭ ਤੋਂ ਛੋਟੀ ਉਮਰ ਵਾਲੀ ਗੁਰੂ-ਸ਼ਖਸੀਅਤ

ਗੁਰੂ ਹਰਿ ਕ੍ਰਿਸ਼ਨ ਸਾਹਿਬ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦੇ ਵਾਰਸ ਬਣਦੇ ਹਨ। ਗੁਰ-ਗੱਦੀ ਦੇ ਜਾ-ਨਸ਼ੀਨਾਂ ਵਿਚੋਂ, ਗੁਰੂ ਹਰਿ ਕ੍ਰਿਸ਼ਨ ਜੀ, ਸਭ ਤੋਂ ਛੋਟੀ ਉਮਰ ਦੇ ਜਾ-ਨਸ਼ੀਨ ਸਨ। ਗੁਰੂ ਹਰਿ ਰਾਇ ਜੀ ਨੇ, ਇਹਨਾਂ ਨੂੰ ਗੁਰ-ਗੱਦੀ ਯੋਗ ਸਮਝ ਕੇ, ਸਿੱਖ-ਲਹਿਰ ਦਾ ਆਗੂ ਨੀਯਤ ਕਰ ਦਿੱਤਾ। ਭਾਈ ਸੰਤੋਖ ਸਿੰਘ[1] ਜੀ ਕਹਿੰਦੇ ਹਨ, "ਗੁਰੂ ਹਰਿ ਕ੍ਰਿਸ਼ਨ ਜੀ ਗਿਆਨ-ਬ੍ਰਿਧ ਸਨ, ਪਰਮ ਸਮਰੱਥ ਸਨ, ਸੇਵਕਾਂ ਉਤੇ ਬਖਸ਼ਿਸ਼ ਕਰਨ ਵਾਲੇ ਸਨ।" ਗੁਰੂ ਗੋਬਿੰਦ ਸਿੰਘ[2] ਜੀ "ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖ ਜਾਇ" ਦੇ ਵਾਕ ਨਾਲ ਯਾਦ ਕਰਦੇ ਹਨ। ਪੰਜ ਸਾਲ ਦੀ ਉਮਰ ਵਿਚ ਗੁਰੂ-ਪਦ ਯੋਗ ਹੋ ਜਾਣਾ, 'ਡਿਠੇ ਸਭ ਦੁਖ ਜਾਇ' ਦਾ ਮਾਣ ਹਾਸਲ ਕਰ ਲੈਣਾ, ਇਹ ਵਿਸ਼ਵ ਦੇ ਇਤਿਹਾਸ ਵਿਚ ਇਕ ਹੈਰਾਨ ਕਰਨ ਵਾਲੀ ਘਟਨਾ ਹੈ। ਕੀ ਪੰਜ ਸਾਲ ਦਾ ਬੱਚਾ ਵੀ ਆਤਮਕ, ਸਮਾਜਕ ਤੇ ਰਾਜਨੀਤਕ ਲਹਿਰ ਦਾ ਆਗੂ ਬਣ ਸਕਦਾ ਹੈ ? ਸਿੱਖ-ਲਹਿਰ ਦਾ ਅਮਲੀ ਤਜਰਬਾ ਹੈ, ਕਿ ਪੰਜ ਸਾਲ ਦਾ ਬੱਚਾ ਵੀ ਇਕ ਸਫਲ ਆਗੂ ਬਣ ਸਕਦਾ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ, ਵਿਸ਼ਵ ਦੇ ਧਾਰਮਿਕ ਪੈਗੰਬਰਾਂ, ਗੁਰੂਆਂ ਤੇ ਅਵਤਾਰਾਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਸਨ। ਗੁਰੂ ਹਰਿ ਰਾਇ ਜੀ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਸਿੱਖ-ਲਹਿਰ ਦਾ ਆਗੂ ਬਣਾ ਕੇ, ਗੁਰ-ਗੱਦੀ ਦਾ ਵਾਰਸ ਚੁਣ ਕੇ, ਇਹ ਭੁਲੇਖਾ ਵੀ ਖਤਮ ਕਰ ਦਿੱਤਾ, ਕਿ ਸਿੱਖ ਧਰਮ ਵਿਚ, ਸਿੱਖ ਲਹਿਰ ਵਿਚ, ਉਮਰਾਂ ਦਾ ਕੋਈ ਤਕਾਜ਼ਾ ਨਹੀਂ, ਨਾ ਹੀ ਘਰੋਗੀ ਵਾਰਸਾਂ ਦਾ ਗੁਰ-ਗੱਦੀ ਤੇ ਸਿੱਧਾ ਕੋਈ ਹੱਕ ਹੈ, ਤੇ ਨਾ ਹੀ ਬਾਣੀ ਲਿਖਣਾ, ਕੋਈ ਗੁਰੂ ਬਣਨ ਦੀ ਨਿਸ਼ਾਨੀ ਹੈ। ਯੋਗ ਵਿਅਕਤੀ ਹੀ, ਭਾਵੇਂ ਛੋਟਾ ਹੈ, ਜਾਂ ਵੱਡਾ, ਬਾਹਰ ਦਾ ਹੈ, ਜਾਂ ਘਰ ਦਾ, ਨੀਚ ਜਾਤਿ ਦਾ ਹੈ, ਜਾਂ ਉੱਚ ਜਾਤਿ ਦਾ, ਗੁਰ-ਗੱਦੀ ਦਾ ਵਾਰਸ ਬਣ ਸਕਦਾ ਹੈ। ਜਾਦੂ ਨਾਥ ਸਰਕਾਰ, ਪੰਜ ਸਾਲਾਂ ਦੇ ਬੱਚੇ ਦੇ ਹੱਥ ਵਿਚ ਗਈ ਹੋਈ ਗੁਰ-ਗੱਦੀ ਨੂੰ ਵੇਖ ਕੇ ਕਹਿੰਦਾ ਹੈ, "ਗੁਰੂ ਹਰਿ ਕ੍ਰਿਸ਼ਨ ਜੀ ਵੇਲੇ ਸਿਖ ਲਹਿਰ ਸ਼ਖਸੀ-ਪੂਜਕ ਬਣ ਗਈ ਸੀ।" ਸਿਖ ਲਹਿਰ ਸ਼ਖਸੀ-ਪੂਜਕ ਨਹੀਂ, ਬਲਕਿ ਜੋਤਿ ਤੇ ਜੁਗਤਿ ਦੀ ਪੂਜਕ ਹੈ। ਗੁਰੂ ਹਰਿ ਕ੍ਰਿਸ਼ਨ ਜੀ ਗੁਰੂ ਨਾਨਕ ਦੇਵ ਜੀ ਦੀ ਅੱਠਵੀਂ ਜੋਤਿ ਹੀ ਸਨ, ਉਹਨਾਂ ਨੇ ਅੱਠਾਂ ਸਾਲਾਂ ਦੀ ਜ਼ਿੰਦਗੀ ਵਿਚ ਹੀ, ਗੁਰ-ਗੱਦੀ ਦੇ ਕਰਤੱਵ ਨੂੰ, ਜਿਸ ਸਿਆਣਪ ਤੇ ਦੀਰਘ ਦ੍ਰਿਸ਼ਟੀ ਨਾਲ ਚਲਾਇਆ, ਉਹ ਉਹਨਾਂ ਦੇ ਗੁਰੂ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

---

੧. ਬਾਲ ਬੈਸ ਬ੍ਰਿਧ ਗਿਯਾਨ ਮਹਿ ਸਮਰਥ ਸ੍ਰੀ ਗੁਰਦੇਵ ॥
ਪਦ ਅਰਵਿੰਦਨਿ ਬੰਦਨਾ ਮੁਕਤਿ ਪਾਇ ਜਿਸ ਸੇਵ ॥ (ਗੁ: ਪ੍ਰ: ਸੂ:)

੨. ਚੰਡੀ ਦੀ ਵਾਰ

Digitized by Panjab Digital Library | www.panjabdigilib.org

ਗੁਰੂ ਹਰਿਕ੍ਰਿਸ਼ਨ ਜੀ ਤੇ ਸਮਕਾਲੀ ਵਿਰੋਧ

ਰਾਮ ਰਾਇ ਨੇ ਗੁਰੂ ਹਰਿ ਰਾਇ ਸਾਹਿਬ ਦੇ ਜੀਉਂਦਿਆਂ ਹੀ ਔਰੰਗਜ਼ੇਬ ਦੀਆਂ ਨਜ਼ਰਾਂ ਵਿਚ ਪਰਵਾਨਗੀ ਹਾਸਲ ਕਰ ਲਈ ਸੀ। ਔਰੰਗਜ਼ੇਬ ਨੇ ਵੀ ਗੁਰ-ਗੱਦੀ ਦਾ ਵਾਰਸ ਰਾਮ ਰਾਇ ਨੂੰ ਬਣਦਾ ਸਮਝ ਕੇ, ਉਸ ਨਾਲ ਨੇੜਤਾ ਪ੍ਰਾਪਤ ਕਰ ਲਈ ਸੀ। ਰਾਮ ਰਾਇ ਨੂੰ ਸਹਾਇਤਾ ਦੇਣੀ ਵੀ ਔਰੰਗਜ਼ੇਬ ਨੇ ਮੰਨ ਲਈ ਸੀ। ਗੁਰੂ ਹਰਿ ਰਾਇ ਸਾਹਿਬ ਨਿਰਣਾ-ਸ਼ਕਤੀ ਵਿਚ ਨਿਪੁੰਨ ਸਨ। ਉਹਨਾਂ ਕੀਰਤਪੁਰ ਵਿਚ ਹੀ ਬਾਲ ਰੂਪ ਹਾਂਰ ਕ੍ਰਿਸ਼ਨ ਨੂੰ ਪਰਖ ਲਿਆ ਤੇ ਯੋਗ ਸਮਝ ਕੇ, ਕੀਰਤਪੁਰ ਵਿਚ ਹੀ ਗੁਰ-ਗੱਦੀ ਦਾ ਵਾਰਸ ਵੀ ਬਣਾ ਦਿੱਤਾ। ਜਰਮਨੀ ਦਾ ਪ੍ਰਸਿੱਧ ਵਿਦਵਾਨ ਡਾ: ਟ੍ਰੰਪ ਲਿਖਦਾ ਹੈ, "ਜਦੋਂ ਰਾਮ ਰਾਇ ਨੇ ਆਪਣੇ ਪਿਤਾ ਦੇ ਜੋਤੀ ਜੋਤਿ ਸਮਾ ਜਾਣ ਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰ ਗੱਦੀ ਦਾ ਵਾਰਸ ਬਣ ਜਾਣ ਦੀ ਖਬਰ ਸੁਣੀ, ਤਾਂ ਉਸ ਨੇ ਬਾਦਸ਼ਾਹ ਕੋਲ ਸ਼ਕਾਇਤ ਕਰ ਕੇ, ਇਨਸਾਫ਼ ਦੀ ਮੰਗ ਕੀਤੀ। ਔਰੰਗਜ਼ੇਬ ਨੂੰ ਇਸ ਮਾਮਲੇ ਵਿਚ ਦਖਲ ਦੇਣ ਦਾ ਚੰਗਾ ਮੌਕਾ ਮਿਲ ਗਿਆ, ਅਤੇ ਉਸ ਨੇ ਬਾਲ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ।" ਇਹ ਇਤਿਹਾਸਕ ਸੱਚ ਹੈ, ਕਿ ਗੁਰੂ ਜੀ ਨੇ ਦਿੱਲੀ ਜਾਣ ਤੋਂ ਸਿਧੀ ਨਾਂਹ ਕਰ ਦਿੱਤੀ, ਔਰੰਗਜ਼ੇਬ ਦੇ ਸ਼ਾਹੀ ਹੁਕਮ ਨੂੰ ਠੁਕਰਾ ਦਿੱਤਾ। ਰਾਮ ਰਾਇ ਦੇ ਸਭ ਯਤਨ ਅਸਫਲ ਗਏ। ਇਤਿਹਾਸਕਾਰ ਕਹਿੰਦੇ ਹਨ, ਕਿ ਝਗੜਾ ਕਾਫੀ ਵਧ ਗਿਆ। ਮਿਰਜਾ ਰਾਜਾ ਜੈ ਸਿੰਘ[1] ਨੇ ਵਿਚ ਪੈ ਕੇ, ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਆਉਣ ਲਈ ਪੇ੍ਰ ਲਿਆ, ਤੇ ਦਿੱਲੀ ਉਹਨਾਂ ਨੂੰ ਆਪਣੇ ਬੰਗਲੇ[2] ਵਿਚ ਹੀ ਠਹਿਰਾਇਆ। ਇਹ ਵੀ ਇਤਿਹਾਸਕ ਸੱਚ ਹੈ, ਕਿ ਗੁਰੂ ਹਰਿ ਕ੍ਰਿਸ਼ਨ ਜੀ ਦੀ ਔਰੰਗਜ਼ੇਬ ਨਾਲ ਮੁਲਾਕਾਤ ਨਹੀਂ ਹੋਈ। ਗੁਰੂ ਹਰਿ ਕ੍ਰਿਸ਼ਨ ਜੀ ਹਾਲਾਂ ਦਿੱਲੀ ਵਿਚ ਹੀ 'ਨਾਨਕ ਨਿਰਮਲ ਪੰਥ' ਦਾ ਪ੍ਰਚਾਰ ਕਰ ਰਹੇ ਸਨ, ਕਿ ਆਪ ਨੂੰ ਬਿਮਾਰੀ ਨੇ ਆ ਘੇਰਿਆ। ਗੁਰੂ ਹਰਿ ਕ੍ਰਿਸ਼ਨ ਜੀ ਨੇ ਬੀਮਾਰੀ ਵਿਚ ਹੀ ਆਪਣੇ ਜਾ-ਨਸ਼ੀਨ ਦਾ ਫੈਸਲਾ ਕਰ ਲਿਆ ਤੇ ਜੋਤੀ ਜੋਤਿ ਸਮਾ ਜਾਣ ਤੋਂ ਪਹਿਲਾਂ, ਉਹਨਾਂ ਆਪਣੇ ਜਾ-ਨਸ਼ੀਨ ਵਾਸਤੇ 'ਬਾਬਾ-ਬਕਾਲੇ' ਦਾ ਸੰਕੇਤ ਕੀਤਾ, (ਬਾਬਾ ਬਕਾਲੇ ਦਾ ਭਾਵ ਹੈ, ਕਿ ਗੁਰ-ਗੱਦੀ ਦਾ ਵਾਰਸ ਬਕਾਲੇ ਪਿੰਡ ਵਿਚ ਹੈ, ਬਾਬਾ ਇਸ ਲਈ ਕਿਹਾ, ਕਿਉਂਕਿ ਗੁਰੂ ਤੇਗ ਬਹਾਦਰ ਜੀ ਰਿਸ਼ਤੇ ਵਿਚ ਬਾਬਾ ਲਗਦੇ ਸਨ) ਅਰਥਾਤ ਗੁਰੂ ਤੇਗ ਬਹਾਦਰ, ਗੁਰ-ਗੱਦੀ ਦੇ ਨੌਵੇਂ ਵਾਰਸ ਹਨ। ਗੁਰੂ ਹਰਿ ਕ੍ਰਿਸ਼ਨ ਜੀ ਦਾ ਇਹ ਸੰਕੇਤ ਇਕ ਵੱਡਾ ਰਾਜਸੀ ਰਾਜ਼ ਸੀ, (ਅਰਥਾਤ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਹੀ ਉਹਨਾਂ ਤੇ ਕਿਸੇ ਕਿਸਮ ਦਾ ਜ਼ੁਲਮ ਨਾ ਕੀਤਾ ਜਾ ਸਕੇ) ਗੁਰੂ ਤੇਗ ਬਹਾਦਰ ਜੀ ਦੀ ਤਪੱਸਵੀ ਤੇ ਤਿਆਗੀ ਆਤਮਾ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਦਾ ਪ੍ਰਮਾਣ ਸੀ, ਇਕ ਹੋਰ ਭੁਲੇਖੇ ਨੂੰ ਦੂਰ ਕਰਨ ਦਾ ਖਿਆਲ ਸੀ, ਕਿ ਸਿਖ ਲਹਿਰ ਦਾ ਵਾਰਸ ਕੇਵਲ ਆਤਮਕ ਤੌਰ ਤੇ ਉਚ ਵਿਅਕਤੀ ਹੀ ਬਣ ਸਕਦਾ ਸੀ, ਕੋਈ ਮਾਇਆ ਧਾਰੀ ਜਾਂ ਠੇਕੇਦਾਰ ਨਹੀਂ।

---

੧. ਸੂਰਜ ਪ੍ਰਕਾਸ਼।

੨. ਉਹ ਥਾਂ ਜਿਥੇ ਗੁਰੂ ਜੀ ਠਹਿਰੇ, ਹੁਣ 'ਬੰਗਲਾ ਸਾਹਿਬ' ਦੇ ਨਾਮ ਨਾਲ ਪ੍ਰਸਿਧ ਹੈ।

Digitized by Panjab Digital Library | www.panjabdigilib.org

ਗੁਰੂ ਤੇਗ ਬਹਾਦਰ ਸਾਹਿਬ

ਸਿਖ ਲਹਿਰ ਦੀ ਨੌਵੀਂ ਤੇ ਬਾਬਾ ਗੁਰੂ-ਸ਼ਹੀਦ-ਸ਼ਖਸੀਅਤ

ਗੁਰੂ ਤੇਗ ਬਹਾਦਰ ਜੀ ਸਿਖ ਲਹਿਰ ਵਿਚ 'ਬਾਬਾ' ਕਰ ਕੇ ਪ੍ਰਸਿੱਧ ਹਨ। 'ਬਾਬਾ' ਪ੍ਰਤੀਕ ਹੈ, ਬਜ਼ੁਰਗੀ ਦਾ। ਇਕ ਬਜ਼ੁਰਗ ਵੀ ਸਿਖ ਲਹਿਰ ਦਾ ਆਗੂ ਬਣ ਸਕਦਾ ਹੈ। ਗੁਰੂ ਤੇਗ ਬਹਾਦਰ ਜੀ, ਰਿਸ਼ਤੇ ਵਜੋਂ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਬਜ਼ੁਰਗ ਬਾਬਾ ਹੀ ਸਨ। 'ਬਾਬਾ' ਦਰਵੇਸ਼ੀ ਜੀਵਨ ਦਾ ਵੀ ਪ੍ਰਤੀਕ ਹੈ। ਦਰਵੇਸ਼ੀ ਜੀਵਨ, ਚੂੰਕਿ ਪ੍ਰੌਹੜ ਤੇ ਗੰਭੀਰ ਹੁੰਦੇ ਹਨ, ਰੱਬ ਦੇ ਪਿਆਰੇ ਤੇ ਮਨੁੱਖੀ ਹਿੱਤਾਂ ਦੇ ਰਾਖੇ ਹੁੰਦੇ ਹਨ, ਇਸ ਲਈ ਮਨੁੱਖਤਾ, ਉਹਨਾਂ ਦਰਵੇਸ਼ਾਂ ਨੂੰ ਬਾਬਾ ਕਹਿ ਕੇ ਹੀ ਸਤਿਕਾਰਦੀ ਤੇ ਪਿਆਰਦੀ ਹੈ। ਬਾਬਾ ਫਰੀਦ, ਬਾਬਾ ਨਾਨਕ, ਬਾਬਾ ਬੁੱਢਾ.....ਇਹ ਪੰਜਾਬ ਦੀਆਂ ਸਤਿਕਾਰੀਆਂ ਤੇ ਪਿਆਰੀਆਂ ਹੋਈਆਂ ਪ੍ਰੌਹੜ ਤੇ ਗੰਭੀਰ ਸ਼ਖਸੀਅਤਾਂ ਹੀ ਤਾਂ ਹਨ। ਗੁਰੂ ਤੇਗ ਬਹਾਦਰ ਜੀ ਵੀ ਇਕ ਦਰਵੇਸ਼ ਸਨ, ਪ੍ਰੌਹੜ ਤੇ ਗੰਭੀਰ ਸ਼ਖਸੀਅਤ ਦੇ ਸੁਆਮੀ ਸਨ, ਰੱਬ ਦੇ ਪਿਆਰੇ ਤੇ ਮਨੁੱਖੀ ਹਿੱਤਾਂ ਦੇ ਰਾਖੇ ਸਨ। ਉਹਨਾਂ ਦੀ ਸ਼ਹਾਦਤ ਮਨੁਖੀ ਹਿੱਤਾਂ ਦੇ ਰਾਖੇ ਹੋਣ ਦਾ ਵੱਡ-ਪ੍ਰਮਾਣ ਹੈ। ਇਸੇ ਕਰ ਕੇ ਗਰ ਤੇਗ ਬਹਾਦਰ ਜੀ ਨੂੰ, ਗੁਰੂ ਹਰਿ ਕ੍ਰਿਸ਼ਨ ਜੀ ਨੇ 'ਬਾਬਾ' ਪਦ ਨਾਲ ਹੀ ਯਾਦ ਕੀਤਾ ਹੈ।

'ਬਾਬੇ ਤੇ ਬਾਬਰ' ਦਾ ਸੰਘਰਸ਼ ੧੬ਵੀਂ ਸਦੀ ਤੋਂ ਪੰਜਾਬ ਵਿਚ ਹੋਣਾ ਸ਼ੁਰੂ ਹੋ ਗਿਆ ਸੀ। 'ਬਾਬਰ-ਪਰਿਵਾਰ', ਪੰਜਾਬ-ਭਾਰਤ ਤੇ ਕਬਜ਼ਾ ਕਰ ਕੇ, ਸਮੁੱਚੀ ਮਨੁੱਖਤਾ ਨੂੰ, ਮਜ਼ਹਬੀ ਤੌਰ ਤੇ ਮੁਸਲਮਾਨ ਬਣਾਉਣਾ ਚਾਹੁੰਦਾ ਸੀ, ਮਜ਼ਹਬੀ ਅਨੇਕਤਾ ਨੂੰ ਨਾਸ਼ ਕਰ ਕੇ, ਇਸਲਾਮੀ ਏਕਤਾ ਵਿਚ ਸਭ ਨੂੰ ਪਰੁੱਚਣਾ ਚਾਹੁੰਦਾ ਸੀ, ਕਿਉਂਕਿ ਮਜ਼ਹਬੀ ਤੌਰ ਤੇ ਬਦਲਣ ਨਾਲ ਹੀ ਮਨੁਖ ਦੀ ਸਮਾਜਕ ਤੇ ਰਾਜਸੀ ਰਹਿਣੀ ਬਹਿਣੀ ਬਦਲ ਸਕਦੀ ਸੀ।.....ਇਸ ਦੇ ਮੁਕਾਬਲੇ ਤੇ 'ਬਾਬੇ ਦਾ ਪਰਿਵਾਰ' ਪੰਜਾਬ-ਭਾਰਤ ਦਾ ਰਖਿਅਕ ਸੀ, ਪੰਜਾਬ-ਭਾਰਤ ਨੂੰ ਮਜ਼ਹਬੀ ਤੌਰ ਤੇ ਸੁਤੰਤਰ ਵੇਖਣ ਦਾ ਇੱਛਾਵਾਨ ਸੀ। ਹਾਮੀ ਤੇ ਉਹ ਵਿਸ਼ਵ ਵਿਆਪੀ ਸਤੰਤਰਤਾ ਦੇ ਸਨ, ਪਰ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਬਹੁਤਾ ਪੰਜਾਬ-ਭਾਰਤ ਵਿਚ ਹੀ ਰਹਿ ਕੇ ਆਤਮਕ, ਸਮਾਜਕ, ਤੇ ਰਾਜਨੀਤਕ ਤੌਰ ਤੇ ਸੁਤੰਤਰ ਹੋਣ ਦਾ ਪ੍ਰਚਾਰ ਕੀਤਾ ਸੀ। 'ਬਾਬੇ-ਪਰਿਵਾਰ' ਨੇ ਆਪਣੀ ਸਾਰੀ ਜ਼ਿੰਦਗੀ ਸੁਤੰਤਰ ਰਹਿ ਕੇ ਬਿਤਾਈ। ਨਾ ਕਿਸੇ ਦੀ ਅਧੀਨਤਾ ਪ੍ਰਵਾਨ ਕੀਤੀ, ਤੇ ਨਾ ਹੀ ਕਿਸੇ ਨੂੰ ਆਪਣੇ ਅਧੀਨ ਕੀਤਾ। ਸਭ ਨੂੰ ਸੁਤੰਤਰ ਜੀਵਨ ਜੀਊਣ ਵਾਸਤੇ ਉਕਸਾਇਆ, ਘਰ, ਜਾਇਦਾਦ, ਸਨਬੰਧੀਆਂ ਨੂੰ ਨਾਸ਼ਮਾਨ ਦਸ ਕੇ, ਜੀਵਨ ਦੇ ਹਰ ਖੇਤਰ ਵਿਚ ਆਜ਼ਾਦ ਹੋਣ ਲਈ ਪ੍ਰੇਰਿਆ। ਇਹ ਪ੍ਰੇਰਨਾ ਵਿਅਕਤੀਗਤ-ਪੱਧਰ ਤੇ ਵੀ ਸੀ ਤੇ ਸਮਾਜਕ ਪੱਧਰ ਤੇ ਵੀ। ਬਾਬੇ ਦਾ ਪਰਿਵਾਰ ਦਿਲ ਤੇ ਦਿਮਾਗ ਦੋਹਾਂ ਖੇਤਰਾਂ ਵਿਚ ਆਜ਼ਾਦ ਸੀ। ੧੬ਵੀਂ ਤੇ ੧੭ਵੀਂ ਸਦੀ ਵਿਚ ਸੁਤੰਤਰਤਾ ਦੇ ਇਤਿਹਾਸ ਵਿਚ,

Digitized by Panjab Digital Library | www.panjabdigilib.org

ਇਹਨਾਂ ਬਾਬਿਆਂ ਨੇ ਅਨੇਕਾਂ ਤਜਰਬੇ ਕੀਤੇ। ਖਾਸ ਕਰ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਭਾਰਤ ਦੀ ਸੁਤੰਤਰਤਾ ਦੇ ਇਤਿਹਾਸ ਵਿਚ, ਕੀਤਾ ਗਿਆ, ਪਹਿਲਾ ਤੇ ਅਦੁੱਤੀ ਤਜਰਬਾ ਸੀ, ਜਿਸ ਨੇ ਸਮੁੱਚੇ ਭਾਰਤੀਆਂ ਦੀਆਂ ਨਜ਼ਰਾਂ ਨੂੰ ਆਪਣੇ ਵਲ ਖਿਚ ਲਿਆ। ਸਿਖ ਲਹਿਰ ਸ਼ੱਸਤਰ-ਬੱਧ ਹੋ ਕੇ, ਬਾਬਰ-ਪਰਿਵਾਰ ਨਾਲ ਟੱਕਰ ਲੈਣ ਵਾਸਤੇ, ਸਿੱਧੇ ਤੌਰ ਤੇ ਰਣ-ਖੇਤਰ ਵਿਚ ਉਤਰ ਆਈ। ਚਾਰ ਜੰਗਾਂ ਵੀ ਹੋਈਆਂ। ਬਾਬੇ ਦੇ ਪਰਿਵਾਰ ਵਲੋਂ ਸਤੰਤਰਤਾ ਦੀ ਹਰ ਪੱਧਰ ਤੇ ਵਕਾਲਤ ਤੇ ਰਖਿਆ ਕੀਤੀ ਗਈ। ਅੰਤਰੀਵੀ ਰੂਪ ਵਿਚ ਬਾਬੇ ਦਾ ਪਰਿਵਾਰ, ਸਮਾਜਕ ਤੇ ਰਾਜਸੀ ਕੱਰਤਵਾਂ ਨੂੰ, ਬਿਨਾਂ ਹਾਕਮੀ ਡਰ ਦੇ, ਪੰਜਾਬੀ ਜੰਤਾ ਵਿਚ ਪਰਚਾਰਨ ਲੱਗਾ। ਪਰਚਾਰ ਦਾ ਅਸਰ ਸਾਰੇ ਪੰਜਾਬ-ਭਾਰਤ ਵਿਚ ਹੋਇਆ। ਗੁਰੂ ਹਰਿ ਰਾਇ ਨੇ ਬਾਬੇ ਦੇ ਪਰਿਵਾਰ ਦੀ ਦੋ ਪਾਸੀ ਤਸਵੀਰ ਨੂੰ ਪੇਸ਼ ਕੀਤਾ। ਮਾਣ ਹੁੰਦਿਆਂ ਨਿਮਾਣਾ ਰਹਿਣ ਦੀ ਉਦਾਹਰਣ ਕਾਇਮ ਕੀਤੀ। ਬਾਬੇ-ਪਰਿਵਾਰ ਦਾ ਵੀਚਾਰ ਸੀ, ਕਿ ਸਿਖ ਲਹਿਰ ਨੂੰ ਪਹਿਲਾਂ ਪੂਰੀ ਤਰ੍ਹਾਂ ਨਾਲ ਸਿਰਜ ਲਿਆ ਜਾਏ। ਸਿਰਜਣਾ ਹੋ ਜਾਣ ਪਿਛੋਂ ਹੀ ਬਾਬਰ-ਪਰਿਵਾਰ ਨਾਲ ਸਿੱਧੀ ਟਕਰ ਲਈ ਜਾਏ। ਪਰ ਬਾਬਰ-ਪਰਿਵਾਰ, ਬਾਬੇ ਦੇ ਪਰਿਵਾਰ ਦੀ ਹਰ ਹਰਕਤ ਨੂੰ ਰਾਜਸੀ ਦ੍ਰਿਸ਼ਟੀ ਤੋਂ ਵੇਖਦਾ ਸੀ।.....ਸ੍ਰੀ ਹਰਿ ਮੰਦਰ ਸਾਹਿਬ (ਦਰਬਾਰ ਸਾਹਿਬ) ਦਾ ਉਸਰਨਾ, ਕੌਮੀ ਗ੍ਰੰਥ ਦਾ ਮੂਰਤੀਮਾਨ ਹੋਣਾ, ਸ੍ਰੀ ਅਕਾਲ ਤਖਤ ਦਾ ਬਣਨਾ, ਮੀਰੀ ਪੀਰੀ ਨੂੰ ਜੀਵਨ ਦਾ ਨਿਤ ਅੰਗ ਬਣਾ ਲੈਣਾ, ਸਿੱਖਾਂ ਦਾ ਸੈਨਾ ਵਿਚ ਭਰਤੀ ਹੋਣਾ, ਘੋੜ-ਸਵਾਰਾਂ ਦਾ ਗੁਰੂ-ਦਰਬਾਰ ਵਿਚ ਇਕੱਠਾ ਹੋਣਾ, ਸ੍ਰੀ ਨੀਸ਼ਾਨ ਸਾਹਿਬ ਦਾ ਰਚੇ ਜਾਣਾ,.....ਇਹ ਸਭ ਕਰਤੱਵ ਮੂਲ ਰੂਪ ਵਿਚ, ਭਾਵੇਂ ਆਤਮਕ ਤੌਰ ਤੇ ਮਨੁੱਖਤਾ ਨੂੰ ਪੂਰਨਤਾ ਪ੍ਰਦਾਨ ਕਰਨ ਦੇ ਲਖਾਇਕ ਹਨ, ਪਰ ਬਾਬਰ-ਪਰਿਵਾਰ ਨੂੰ ਇਹ ਸਾਰੇ ਕਰਤੱਵ, ਇਕ ਉਸਰ ਰਹੀ ਹਕੂਮਤ ਦੇ ਪ੍ਰਤੀਕ ਜਾਪਦੇ ਸਨ। ਉਹ ਇਹਨਾਂ ਕਰਤੱਵਾਂ ਨੂੰ ਹਰ ਸ਼ਰਤ ਤੇ ਦਬਾਉਣਾ ਚਾਹੁੰਦੇ ਸਨ। ਬਾਬੇ ਦਾ ਪਰਿਵਾਰ ਇਹਨਾਂ ਕਰਤੱਵਾਂ ਦਾ ਪ੍ਰਚਾਰ ਕਰਦਾ ਸੀ ਤੇ ਬਾਬਰ-ਪਰਿਵਾਰ ਇਹਨਾਂ ਕਰਤੱਵਾਂ ਨੂੰ ਦਬਾਣ ਦਾ ਯਤਨ ਕਰਦਾ ਸੀ। ਵਿਰੋਧ ਦਿਨੋ ਦਿਨ ਵਧਦਾ ਗਿਆ।

ਗੁਰੂ ਤੇਗ ਬਹਾਦਰ ਜੀ ਮੂਲ ਰੂਪ ਵਿਚ ਇਕ ਵਰਿਆਮੀ-ਯੋਧਾ ਸਨ, ਸਰੀਰਕ ਤੌਰ ਤੇ 'ਤੇਗ ਦੇ ਧਨੀ' ਤੇ ਬਹਾਦਰ-ਯੋਧਾ ਸਨ। ਸ਼ਾਇਦ ਇਕ ਚੰਗਾ ਯੋਧਾ ਹੋਣ ਕਰ ਕੇ ਹੀ, ਗੁਰੂ ਹਰਿ ਗੋਬਿੰਦ ਜੀ ਨੇ, ਉਹਨਾਂ ਨੂੰ ਗੁਰ-ਗੱਦੀ ਦਾ ਵਾਰਸ ਨਾ ਬਣਾਇਆ। ਗੁਰ-ਗੱਦੀ ਗੁਰੂ ਹਰਿ ਰਾਇ, ਆਪਣੇ ਪੋਤਰੇ ਨੂੰ ਦੇ ਦਿਤੀ ਗਈ। ਗੁਰੂ ਤੇਗ ਬਹਾਦਰ ਜੀ ਨੇ ਇਸ ਅਗੰਮੀ ਭੇਦ ਨੂੰ ਵੀਚਾਰਿਆ, ਸਮਝਿਆ ਤੇ ਅੰਤਮ ਤੌਰ ਤੇ ਆਪਣੇ ਆਪ ਨੂੰ ਆਤਮਕ ਯੋਧਾ ਬਣਾਨ ਲਈ ਫੈਸਲਾ ਕਰ ਲਿਆ। ਵਿਸੁ ਗੰਦਲਾਂ ਨੂੰ ਪੂਰਨ ਤੌਰ ਤੇ ਤਿਆਗ ਕੇ, ਆਪਣੇ-ਆਪ ਨੂੰ ਭਗਤੀ-ਮੰਡਲ ਨਾਲ ਜੋੜ ਲਿਆ। ਬਾਬੇ ਦੇ ਪਰਿਵਾਰ ਵਿਚੋਂ ਗੁਰੂ ਤੇਗ ਬਹਾਦਰ ਜੀ ਪਹਿਲੇ ਬਾਬੇ ਸਨ, ਜਿਨ੍ਹਾਂ ਨੇ ਲਗਾਤਾਰ ੨੬ ਸਾਲ ੯ ਮਹੀਨੇ ਤੇ ੧੩ ਦਿਨ ਤਪੱਸਿਆ ਕੀਤੀ। ਗੁਰੂ ਤੇਗ ਬਹਾਦਰ ਜੀ ਇਕ ਮਹਾਨ ਤਪੱਸਵੀ ਸਨ, ਵੈਰਾਗ ਤੇ ਤਿਆਗ ਦੀ ਅਦੁੱਤੀ ਮੂਰਤਿ ਸਨ। ਵੈਰਾਗ ਤੇ ਤਿਆਗ ਹੀ ਦੋ ਕਰਤਵ ਸਨ, ਜਿਨ੍ਹਾਂ ਨਾਲ ਗੁਰੂ ਤੇਗ

Digitized by Panjab Digital Library | www.panjabdigilib.org

ਬਹਾਦਰ ਜੀ ਨੇ ਮੌਤ ਦੀ ਅਸਲੀਅਤ ਨੂੰ ਸਮਝ ਲਿਆ ਤੇ ਗੁਰ-ਗੱਦੀ ਦਾ ਵਾਰਸ ਬਣਨ ਪਿਛੋਂ ਸ਼ਾਇਦ ਉਹਨਾਂ ਇਸੇ ਅਸਲੀਅਤ ਦਾ ਹੀ ਸਭ ਤੋਂ ਵਧ ਪ੍ਰਚਾਰ ਕੀਤਾ। ਖਾਸ ਕਰ ਕੇ ਪੂਰਬ-ਭਾਰਤੀ-ਯਾਤਰਾ ਵਿਚ, ਉਹਨਾਂ ਇਸੇ ਅਸਲੀਅਤ ਦਾ ਹੀ ਪ੍ਰਚਾਰ ਕੀਤਾ ਸੀ। ਉਹਨਾਂ ਦੀ ਸਾਰੀ ਬਾਣੀ ਇਸੇ ਅਸ਼ਲੀਅਤ ਦਾ ਪ੍ਰਗਟਾਵਾ ਹੈ। ਗੁਰੂ ਤੇਗ ਬਹਾਦਰ ਜੀ ਦਾ ਵਿਸ਼ਵਾਸ ਸੀ, ਕਿ ਪਦਾਰਥਕ ਮੋਹ ਮਾਇਆ ਨਾਲੋਂ ਟੁਟ ਕੇ ਹੀ ਕੋਈ ਵਿਅਕਤੀ ਜੱਗ ਵਿਚ ਬਿਰਾਜ[1] ਸਕਦਾ ਹੈ, ਨਿਰਭੈ ਪਦ[2] ਪਾ ਸਕਦਾ ਹੈ, ਵਿਜੇਤਾ ਤੇ ਜੀਵਨ-ਮੁਕਤ[3] ਕਹਾ ਸਕਦਾ ਹੈ। ਗੁਰੂ ਤੇਗ ਬਹਾਦਰ ਜੀ, ਸਮੁੱਚੀ ਹਿੰਦੁਸਤਾਨੀ ਮਨੁੱਖਤਾ ਨੂੰ ਆਤਮਕ ਤੌਰ ਤੇ ਵਿਜੇਤਾ ਤੇ ਜੀਵਨ-ਮੁਕਤ ਵੇਖਣਾ ਚਾਹੁੰਦੇ ਸਨ। ਇਸੇ ਲਈ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਗੁਰੂ ਤੇਗ ਬਹਾਦਰ ਜੀ ਹੀ ਪਹਿਲੇ ਬਾਬੇ ਹਨ, ਜਿਨ੍ਹਾਂ ਪੰਜਾਬ ਤੋਂ ਬਾਹਰ ਵੀ ਸਿਖ ਲਹਿਰ ਦੇ ਆਦਰਸ਼ ਦਾ ਪ੍ਰਚਾਰ ਕੀਤਾ ਹੈ, ਸਿੱਖੀ ਨੂੰ ਫੈਲਾਇਆ ਤੇ ਸ਼ਕਤੀ-ਨਿਪੁੰਨ ਕੀਤਾ ਹੈ।

ਗੁਰੂ ਤੇਗ ਬਹਾਦਰ ਜੀ ਆਤਮਕ ਤੇ ਸਮਾਜਕ ਤੌਰ ਤੇ ਸੁਚੇਤ ਬਿਰਤੀ ਦੇ ਮਾਲਕ ਸਨ। ਭਗਤੀ-ਮੰਡਲ ਵਿਚ ਇਕ ਰਸ ਜੁੜੇ ਰਹਿਣ ਨਾਲ, ਉਹਨਾਂ ਵਿਚ ਤਿਆਗ ਤੇ ਬਲੀਦਾਨ ਦਾ ਆਦਰਸ਼ਕ ਜਜ਼ਬਾ ਵੀ ਪ੍ਰਵੇਸ਼ ਕਰ ਚੁਕਾ ਸੀ। ਉਹਨਾਂ ਦੀ ਭਗਤੀ ਸ੍ਵੈ-ਵਿਕਾਰ-ਦਮਨ ਤੇ ਦੁਸ਼ਟ-ਦਮਨ ਵਾਸਤੇ ਸੀ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਹਨਾਂ ਨੂੰ ਗੁਰ-ਗੱਦੀ ਦਾ ਵਾਰਸ ਬਣਾਇਆ ਤਾਂ ਗੁਰੂ ਤੇਗ ਬਹਾਦਰ ਜੀ, ਬਾਵਜੂਦ ਸਮਕਾਲੀ ਵਿਰੋਧਤਾ (ਘਰੋਗੀ ਤੇ ਰਾਜਸੀ) ਦੇ ਧਰਮ ਦੀ ਅਡੋਲ ਮੂਰਤਿ ਬਣੇ ਰਹੇ, ਤੇ ਸਿਖ ਲਹਿਰ ਦਾ ਆਪਣੇ ਵਿਤ ਅਨੁਸਾਰ ਪ੍ਰਚਾਰ ਕਰਦੇ ਰਹੇ। ਗੁਰ-ਗੱਦੀ ਦਾ ਵਾਰਸ ਬਣਨ ਤੋਂ ਪਹਿਲਾਂ, ਉਹਨਾਂ ਦਾ ਨਿਵਾਸ-ਸਥਾਨ 'ਬਕਾਲਾ' ਪਿੰਡ ਵਿਚ ਸੀ। ਜਦੋਂ ਗੁਰ--ਗੱਦੀ ਦੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ, ਤਾਂ ਇਹ ਉਹਨਾਂ ਦੀ ਸਮਾਜਕ ਜਾਗ੍ਰਿਤੀ ਹੀ ਸੀ, ਕਿ ਉਹਨਾਂ 'ਬਕਾਲੇ' ਪਿੰਡ ਨੂੰ ਸਿਖ ਲਹਿਰ ਦਾ ਕੇਂਦਰ ਬਣਾਨ ਦੀ ਥਾਂ, 'ਮਾਖੋਵਾਲ' ਦਾ ਪਿੰਡ 2200 ਰੁਪਏ ਤੋਂ ਮੁਲ ਖਰੀਦ ਕੇ, 'ਅਨੰਦਪੁਰ' ਨਾਂ ਰਖ ਕੇ, ਸਿਖ ਲਹਿਰ ਦਾ ਇਕ ਨਵਾਂ ਕੇਂਦਰ ਸਥਾਪਨ ਕਰ ਲਿਆ। ਗੁਰੂ ਤੇਗ ਬਹਾਦਰ ਜੀ ਨਿਰਲੇਪ-ਸ਼ਖਸੀਅਤ[4] ਸਨ। ਉਹ ਵਿਸ਼ੁ-ਵਾਸ਼ਨਾਵਾਂ ਤੋਂ ਅਲੇਪ ਰਹਿ ਕੇ ਹੀ ਸਿਖ ਲਹਿਰ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। 'ਅਨੰਦਪੁਰ' ਨੂੰ ਸੁਹਾਵਣਾ, ਪਹਾੜੀ ਤੇ ਸ਼ਾਂਤੀ ਵਾਲਾ ਸਥਾਨ ਸਮਝ ਕੇ ਹੀ, ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪ੍ਰਚਾਰ ਦਾ ਮੁਖ ਕੇਂਦਰ ਨੀਯਤ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਵੇਲੇ ਤਾਂ 'ਅਨੰਦਪੁਰ'

---

੧. ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨ ਜਗ ਮੈ ਬਿਰਾਜੁ ਹੈ ॥ (ਰਾਗੁ ਜੈਜਾਵੰਤੀ ਮਃ ੯)

੨. ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਿਹ ਬਾਸੁ ॥ (ਸਲੋਕ ਮਃ ੯)

੩. ਮਾਨ ਮੋਹ ਦੋਨੋ ਕਉ ਪਰਹਰਿ ਜੀਵਨ ਮੁਕਤਿ ਕਹਾਵੈ ॥ (ਰਾਗੁ ਬਿਲਾਵਲੁ ਮਃ ੯)

੪. ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥ (ਸੋਰਠਿ ਮਃ ੯)

Digitized by Panjab Digital Library | www.panjabdigilib.org

ਸਿਖ-ਸ਼ਕਤੀ ਤੇ ਸਿਖ-ਸਾਹਿਤ ਦਾ, ਸਾਰੇ ਪੰਜਾਬ ਵਿਚੋਂ, ਮੁਖ-ਕੇਂਦਰ ਬਣ ਗਿਆ। 'ਅਨੰਦਪੁਰ' ਸੱਚ ਮੁੱਚ ਹੀ 'ਬੇਗਮ' ਪੁਰ ਸੀ, ਵਿਸ਼-ਵਾਸ਼ਨਾਵਾਂ ਤੋਂ ਰਹਿਤ ਸਥਾਨ ਸੀ। ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਤੋਂ ਹੀ, ਸਮੁੱਚੇ ਭਾਰਤੀਆਂ ਨੂੰ, ਆਪਣੇ ਸਮਾਜਕ ਹਿੱਤਾਂ ਤੋਂ ਜਾਣੂ ਕਰਾਇਆ, ਮੋਹ-ਮਾਇਆ ਦੀ ਗੂੜ੍ਹੀ ਨੀਂਦ ਵਿਚੋਂ ਜਾਗਣ ਲਈ, ਸੰਦੇਸ਼ ਦਿੱਤਾ। ਮਨ-ਮੂਰਖ[1] ਨੂੰ ਪ੍ਰਭੂ ਦੇ ਗੀਤ ਗਾਉਣ ਵਾਸਤੇ ਪ੍ਰੇਰਿਆ, ਜੋਬਨ-ਧਨ ਦੀ ਪ੍ਰਭੁਤਾ[2] ਵਿਚ ਮੱਦੇ ਹੋਏ ਜੀਵਨ ਨੂੰ ਪ੍ਰਭੂ ਦਾ ਅਹਿਨਿਸ ਦਿਵਾਨਾ ਰਹਿਣ ਲਈ ਉਕਸਾਇਆ, ਇਹ ਦਿਲਾਸਾ ਦਿੱਤਾ, ''ਅਜਹੂ ਕਛੁ ਬਿਗਰਿਓ ਨਹੀਂ'', ਅਚਲ, ਅਮਰ, ਨਿਰਭੈ[3] ਬਣਨ ਵਾਸਤੇ ਵਿਸ਼ਵਾਸ ਦਿਵਾਇਆ ਤੇ ਕਿਹਾ ''ਕਹਿਓ ਮਾਨ ਲੈ ਮੇਰੋ'', 'ਗੁਰੂ-ਹੁਕਮ' ਸੁਣਨ ਤੇ ਮੰਨਣ ਨਾਲ ਹੀ ਵਿਅਕਤੀ 'ਜਗੁ-ਜੀਤਿ[4] ਬਣ ਸਕਦਾ ਹੈ। ਇਕ ਪਾਸੇ ਗੁਰੂ ਤੇਗ ਬਹਾਦਰ ਜੀ ਜਗੁ-ਜੀਤਿ ਬਣਨ ਵਾਸਤੇ ਲੋਕਾਂ ਨੂੰ ਪ੍ਰੇਰ ਰਹੇ ਸਨ, ਦੂਜੇ ਪਾਸੇ ਬਾਬਰ-ਪਰਿਵਾਰ ਦਾ ਬਾਦਸ਼ਾਹ ਔਰੰਗਜ਼ੇਬ, ਸਮੁੱਚੇ ਹਿੰਦੁਸਤਨ ਨੂੰ ਮੁਸਲਮਾਣੀ ਵਰਣ ਵਿਚ ਸਮੇਟਣ ਵਾਸਤੇ ਆਪਣਾ ਪਰੋਗਰਾਮ ਬਣਾ ਰਿਹਾ ਸੀ। 'ਔਰੰਗਜ਼ੇਬ' ਸਿਖ ਲਹਿਰ ਤੇ ਖਾਸ ਕਰ ਕੇ ਗੁਰੂ ਤੇਗ ਬਹਾਦਰ ਜੀ ਦੇ ਸਮਾਜਕ ਹਿੱਤਾਂ ਹਿਤ ਕੀਤੇ ਕਰਤੱਵਾਂ ਨੂੰ ਪੂਰੀ ਤਰ੍ਹਾਂ ਦੇਖ ਭਾਲ ਰਿਹਾ ਸੀ। ਸਿਖ-ਲਹਿਰ ਹਾਲਾਂ 'ਪ੍ਰਭ ਕੇ ਗੀਤ' ਗਾਉਣ ਵਿਚ ਹੀ ਰੁੱਝੀ ਹੋਈ ਸੀ, ਕਿ ਔਰੰਗਜ਼ੇਬ ਨੇ ਆਪਣੀ ਧਾਰਮਿਕ ਨੀਤੀ ਦਾ ਐਲਾਨ ਕਰ ਦਿੱਤਾ। ਕਿ ਸਮੂਹ ਭਾਰਤੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਏ, ਉਹਨਾਂ ਦੇ ਧਰਮ-ਆਗੂਆਂ, ਧਰਮ-ਮੰਦਰਾਂ ਤੇ ਧਰਮ-ਰਹਿਣੀ ਬਹਿਣੀ ਨੂੰ, ਮਜ਼ਹਬੀ ਤੌਰ ਤੇ ਮੁਸਲਮਾਣੀ ਰੂਪ ਦਿੱਤਾ ਜਾਏ। ਇਸ ਕਰਤੱਵ ਦੀ ਪੂਰਨਤਾ ਵਾਸਤੇ ਔਰੰਗਜ਼ੇਬ ਨੇ ਕਈ ਗਵਰਨਰ ਥਾਪੇ। ਉਹਨਾਂ ਨੇ ਇਸਲਾਮ ਦੇ ਪ੍ਰਚਾਰ ਵਾਸਤੇ ਪਿਆਰ ਤੇ ਤਲਵਾਰ, ਦੋ ਪਾਸੀ ਹਥਿਆਰ ਦੀ ਵਰਤੋਂ ਕੀਤੀ। ਬਾਬੇ-ਪਰਿਵਾਰ ਦੇ ਪ੍ਰਚਾਰ ਦਾ ਪੰਜਾਬ-ਭਾਰਤੀਆਂ ਤੇ ਇਕ ਅਸਰ ਤਾਂ ਹੋ ਚੁਕਾ ਸੀ, ਕਿ ਅਣਖ ਤੇ ਸੁਤੰਤਰਤਾ ਦੀ ਜ਼ਿੰਦਗੀ ਜੀਉਣੀ ਹੈ। ਔਰੰਗਜ਼ੇਬ ਵੀ ਇਸ ਹੋਏ ਅਸਰ ਤੋਂ ਜਾਣੂ ਸੀ। ਭਾਰਤੀਆਂ ਨੇ ਔਰੰਗਜ਼ੇਬ ਦੀ ਨੀਤੀ ਨੂੰ ਸੁਣਿਆਂ, ਸਮਝਿਆ ਤੇ ਪੜਤਾਲਿਆ। ਪਰ ਔਰੰਗਜ਼ੇਬੀ ਤਲਵਾਰ ਬੜੀ ਤੇਜ਼ੀ ਨਾਲ ਵਗ ਰਹੀ ਸੀ। ਹਿੰਦੂ-ਮੰਦਰਾਂ ਨੂੰ ਢਵਾ ਕੇ, ਮਸੀਤਾਂ ਉਸਾਰੀਆਂ ਜਾ ਰਹੀਆਂ ਸਨ, ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆ ਜਾ ਰਿਹਾ ਸੀ। ਇਸਲਾਮ ਵਿਚ ਨਾ ਆਉਣ ਵਾਲਿਆਂ ਨੂੰ ਕਾਫ਼ਰ ਕਹਿ ਕੇ ਧਿਕਾਰਿਆ ਗਿਆ। ਉਹਨਾਂ ਤੇ ਜ਼ੁਲਮ ਕੀਤੇ ਗਏ, ਇਸ ਜ਼ੁਲਮ ਦੇ, ਪ੍ਰਤੱਖ ਤੌਰ ਤੇ ਪਹਿਲੇ ਸ਼ਿਕਾਰ ਕ਼ਸ਼ਮੀਰ ਦੇ ਵਿਦਵਾਨ ਪੰਡਤ ਹੋਏ। ਸ਼ਾਇਦ ਇਹ

---

੧. ਕਿਉ ਨ ਹਰਿ ਕੋ ਨਾਮੁ ਲੇਹ ਮੂਰਖ ਨਿਲਾਜ ਰੇ ॥ (ਜੈਜੈਵੰਤੀ ਮ: ੯)

੨. ਜੋਬਨੁ ਧਨ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ (ਸੋਰਠਿ ਸ: ੯)

੩. ਅਚਲ, ਅਮਰ, ਨਿਰਭੈ ਪਦੁ ਪਾਇਓ, ਜਗਤ ਜਾਹਿ ਹੈਰਾਨੋ ॥
(ਬਿਲਾਵਲੁ ਮ: ੯)

੪. ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤਿ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥ (ਸਲੋਕ ਮ: ੯)

Digitized by Panjab Digital Library | www.panjabdigilib.org

ਹਿੰਦੁਸਤਾਨ ਦੀ ਸ਼ੁੰਮਣੀ ਜਾਤੀ ਸਵੀਕਾਰੀ ਜਾਂਦੀ ਸੀ ਤੇ ਔਰੰਗਜ਼ੇਬ ਦਾ ਵਿਸ਼ਵਾਸ ਸੀ, ਕਿ ਇਹਨਾਂ ਦੇ ਇਸਲਾਮ ਵਿਚ ਆਉਣ ਨਾਲ ਸ਼ਾਇਦ ਸਾਰਾ ਹਿੰਦੁਸਤਾਨ ਜਲਦੀ ਹੀ ਇਸਲਾਮ ਨੂੰ ਆਪਣਾ ਮਜ਼ਹਬ ਪ੍ਰਵਾਨ ਕਰ ਲਏਗਾ। ਪਰ ਔਰੰਗਜ਼ੇਬ ਦੀ ਇਹ ਪੇਸ਼ੀਨਗੋਈ ਗਲਤ ਸਾਬਤ ਹੋਈ। ਕਸ਼ਮੀਰੀ ਪੰਡਤਾਂ 'ਧਰਮ-ਰਖਿਅਕ' ਗੁਰੂ ਤੇਗ ਬਹਾਦਰ ਜੀ ਨੂੰ ਆਪਣੀ ਆਤਮ-ਪੀੜ ਸੁਣਾਈ। ਗੁਰੂ ਤੇਗ ਬਹਾਦਰ ਜੀ ਤਾਂ ਪਹਿਲਾਂ ਹੀ ਔਰੰਗਜ਼ੇਬ ਦੀ ਧਾਰਮਿਕ ਨੀਤੀ ਦਾ ਵਿਰੋਧ ਕਰ ਰਹੇ ਸਨ। ਨਾਲੇ ਉਹਨਾਂ ਦੇ ਦਿਲ ਵਿਚ ਮਨੁੱਖੀ ਹਿੱਤਾਂ ਨਾਲ ਖਾਸ ਲਗਨ ਸੀ, ਮੋਹ-ਮਾਇਆ ਦੇ ਜਾਲ ਨੂੰ ਤਾਂ, ਉਹ ਪਹਿਲਾਂ ਹੀ ਤਿਆਗ ਚੁਕੇ ਸਨ, 'ਮ੍ਰਿਗ-ਤ੍ਰਿਸ਼ਨਾ' ਦੀ ਨਿਆਂਈ ਸਮਝਦੇ ਸਨ। ਇਸ ਲਈ ਉਹ ਭਾਰਤੀ ਹਿੱਤਾਂ ਦੀ ਰਖਿਆ ਵਾਸਤੇ ਤਿਆਰ ਹੋ ਗਏ। ਗੁਰ-ਗੱਦੀ ਦਾ ਵਾਰਸ ਆਪਣੇ ਸਪੁੱਤਰ ਗੋਬਿੰਦ ਸੂਰੇ ਨੂੰ ਬਣਾ ਕੇ, ਸ਼ਾਹੀ ਦਰਬਾਰ, ਦਿੱਲੀ ਵਿਚ ਜਾਣਾ ਸਵੀਕਾਰ ਕਰ ਲਿਆ। ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਦੇ ਨੇੜਿਓਂ ਹੀ ਗ੍ਰਿਫਤਾਰ ਕਰ ਕੇ ਦਿੱਲੀ ਲਿਆਂਦਾ ਗਿਆ, ਚਾਂਦਨੀ ਚੌਂਕ ਦੀ ਕੁਤਵਾਲੀ ਵਿਚ ਕੁਝ ਦਿਨ ਡਕੀ ਵੀ ਰਖਿਆ। ਗੁਰੂ ਤੇਗ ਬਹਾਦਰ ਜੀ ਨਾਲ ਭਾਈ ਮਤੀ ਦਾਸ ਤੇ ਭਾਈ ਦਿਆਲਾ ਵਰਗੇ ਨਿਡਰ ਤੇ ਦਲੇਰ ਸ਼ਹੀਦ ਵੀ ਸਨ। ਸ਼ਾਹੀ ਦਰਬਾਰ ਵਲੋਂ ਗੁਰੂ ਤੇਗ ਬਹਾਦਰ ਜੀ ਨੂੰ ਤਿਨ ਸ਼ਰਤਾਂ[1] ਪੇਸ਼ ਕੀਤੀਆਂ ਗਈਆਂ।

੧. ਇਸਲਾਮ ਨੂੰ ਆਪਣਾ ਮਜ਼ਹਬ ਸਵੀਕਾਰ ਕਰ ਲਵੋ।

੨. ਕੋਈ ਕਰਾਮਾਤ ਕਰ ਕੇ ਦਿਖਾਉ।

੩. ਜੇ ਦੋਵੇਂ ਸ਼ਰਤਾਂ ਪਰਵਾਨ ਨਹੀਂ, ਤਾਂ ਕੁਰਬਾਨੀ ਵਾਸਤੇ ਤਿਆਰ ਹੋ ਜਾਉ।

ਗੁਰੂ ਤੇਗ ਬਹਾਦਰ ਜੀ, ਨਾ ਇਸਲਾਮ ਵਿਚ ਆਉਣ ਲਈ ਤਿਆਰ ਸਨ, ਤੇ ਨਾ ਹੀ ਨਾਟਕ ਚੇਟਕ ਕਰਨ ਦੇ ਆਦੀ ਸਨ। ਉਹਨਾਂ ਨੇ 'ਕੁਰਬਾਨੀ' ਨੂੰ ਪ੍ਰਵਾਨ ਕਰ ਲਿਆ। ਕਿਉਂਕਿ ਉਹ ਸਮਝਦੇ ਸਨ, ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਬਾਬਰ-ਪਰਿਵਾਰ ਸੰਤੁਸ਼ਟ ਨਹੀਂ ਹੋ ਸਕਿਆ, ਆਪਣੇ ਜ਼ਾਲਮੀ ਰੂਪ ਨੂੰ ਬਦਲ ਨਹੀਂ ਸਕਿਆ। ਮਰਨਾ ਤੇ ਇਕ ਵਾਰੀ ਹੀ ਹੈ, ਕਿਉਂ ਨਾ ਐਸੀ ਮਰਨੀ ਮਰਿਆ ਜਾਏ, ਜਿਸ ਨਾਲ ਮਨ ਨੂੰ 'ਪੂਰਨ-ਪ੍ਰਮ-ਅਨੰਦ' ਦੀ ਪ੍ਰਪਤੀ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਪ੍ਰਭੂ-ਭਾਣੇ ਵਿਚ ਸ਼ਹਾਦਤ ਦੇਣ ਵਾਸਤੇ ਤਿਆਰ ਹੋ ਗਏ। ਭਾਈ ਮਤੀ ਦਾਸ ਤੇ ਭਾਈ ਦਿਆਲੇ ਤੋਂ ਪਿਛੋਂ ਗੁਰੂ ਤੇਗ ਬਹਾਦਰ ਜੀ ਨੂੰ ਇਕ ਨਵੇਂ ਹੀ ਢੰਗ ਨਾਲ ਸ਼ਹੀਦ ਕੀਤਾ ਗਿਆ। ਉਹਨਾਂ ਦਾ

---

੧. ਤੀਨ ਬਾਤ ਨਿਰਨੈ ਕਰਿ ਲੀਜੈ ॥ ਲਖਹੁ ਭਲੀ ਸੋ ਧਾਰਨਿ ਕੀਜੈ ॥
ਸ਼ਰਾ ਚਲਹੁ ਕਲਮੇ ਕਹੁ ਪਢਿ ਮੁਖ ॥ ਦੇਹਿ ਸ਼ਾਹੁ ਭੰਗਹੁ ਸਭਿ ਬਿਧਿ ਸੁਖ ॥
ਜੌ ਹਠ ਕਰਹੁ ਨਾ ਮਾਨਹੁ ਏਹੋ ॥ ਕਰਾਮਾਤ ਕਾਮਲ ਹੋਇ ਦੇਹੋ ॥
ਜਿਮ ਹਜ਼ਰਤ ਤੁਮ ਤੇ ਕਰਿਵਾਵੈ ॥ ਤਿਮ ਕਰਿ ਦੇਹੁ ਦੇਖਿ ਹਰਖਾਵੈ ॥
ਜੋ ਇਹ ਦੋਨਹੁ ਨਾਂਹਿ ਨ ਮਾਨਹੁ ॥ ਆਪਨੇ ਪ੍ਰਾਨ ਪ੍ਰਾਨ ਕਹੁ ਹਾਨਹੁ ॥
(ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼)

Digitized by Panjab Digital Library | www.panjabdigilib.org

ਸਿਰ ਤੇ ਧੜ ਤਲਵਾਰ ਨਾਲ ਅਲੱਗ ਅਲੱਗ ਕਰ ਦਿੱਤਾ ਗਿਆ। ਇਹ ਆਪਣੇ ਆਪ ਵਿਚ ਸਿਖ ਲਹਿਰ ਦੀ ਪਹਿਲੀ ਤੇ ਪ੍ਰਸਿੱਧ ਗੁਰੂ-ਸ਼ਹਾਦਤ ਸੀ, ਜਦੋਂ ਕਿ ਸ਼ਹੀਦ ਦਾ ਸਿਰ ਤੇ ਧੜ ਵਖਰਾ ਵਖਰਾ ਕਰ ਦਿੱਤਾ ਗਿਆ। ਸਿਰ ਤੇ ਧੜ ਦਾ ਸੱਸਕਾਰ ਵੀ ਵੱਖੋ ਵਖ ਥਾਵਾਂ ਤੇ ਕੀਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਇਕ ਸਿੱਟਾ ਇਹ ਨਿਕਲਿਆ, ਕਿ ਗੁਰੂ ਗੋਬਿੰਦ ਸਿੰਘ ਜੀ ਨੂੰ, ਬਾਬਰ-ਪਰਿਵਾਰ ਦੀ ਧਾਰਮਿਕ ਨੀਤੀ ਦਾ ਪੂਰਾ ਪਤਾ ਲਗ ਗਿਆ। ਦੂਜਾ, ਭਾਰਤੀ ਅਧੋਗਤੀ ਦਾ ਵੀ ਉਹਨਾਂ ਨੂੰ ਅੰਦਾਜ਼ਾ ਹੋ ਗਿਆ। ਤੀਜਾ, ਸਿਖ ਲਹਿਰ ਜੱਥੇਬੰਦ ਤੇ ਸ਼ੱਸਤਰ-ਬੱਧ ਹੋ ਗਈ। ਚੌਥਾ, ਭਾਰਤੀ ਹਿੰਦੂਆਂ ਨੇ ਇਸ ਸ਼ਹਾਦਤ ਨੂੰ ਆਪਣੇ ਲਈ ਹੋਣੀ ਮੰਨ ਕੇ ਸਿਖ ਲਹਿਰ ਵਿਚ ਭਰਤੀ ਹੋਣਾ ਸਵੀਕਾਰ ਕਰ ਲਿਆ। ਪੰਜਵਾਂ, ਸਾਰੇ ਪੰਜਾਬ-ਭਾਰਤ ਵਿਚ ਔਰੰਗਜ਼ੇਬ ਦੀ ਧਾਰਮਿਕ ਨੀਤੀ ਦੇ ਵਿਰੁਧ ਗੁੱਸੇ ਤੇ ਰੋਸ ਦੀ ਜਵਾਲਾ ਭੜਕ ਉਠੀ। ਛੇਵਾਂ, ਇਸ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਕਸਾਇਆ, ਕਿ ਉਹ ਹੁਣ ਸਿਖ ਲਹਿਰ ਨੂੰ ਪੂਰਨਤਾ ਪ੍ਰਦਾਨ ਕਰਨ। ਕਨਿੰਘਮ ਇਤਿਹਾਸਕਾਰ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਦੀ ਸ਼ਹਾਦਤ ਦੇ ਕਾਰਨਾਂ ਨੂੰ ਸਮਝਿਆ, ਔਰੰਗਜ਼ੇਬ ਦੀ ਧਾਰਮਿਕ ਨੀਤੀ ਨੂੰ ਦੇਖਿਆ ਤੇ ਪੜਤਾਲਿਆ। ਤਜਰਬੇ, ਸਿਆਣਪ ਤੇ ਵਿਦਿਆ ਨੇ ਉਹਨਾਂ ਨੂੰ ਤਿਆਰ ਕਰ ਦਿੱਤਾ, ਕਿ ਉਹ ਹੁਣ ਆਪਣੇ ਹਮ-ਵਤਨਾਂ ਨੂੰ ਮੁੜ ਨਵੇਂ ਸਿਰੇ ਤੋਂ ਉਠਾਉਣ, ਤੇ ਗੁਰੂ ਨਾਨਕ ਦੇਵ ਦੇ ਮੁਖ ਅਸੂਲਾਂ ਨੂੰ ਨਿਰਣਾ-ਜਨਕ ਸਰੂਪ ਦੇਣ।" ਸੱਤਵਾਂ, ਇਸ ਸ਼ਹਾਦਤ ਸੱਦਕੇ ਹੀ ਸਾਰਾ ਭਾਰਤ, ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਵਿਚ ਸ਼ਾਮਲ ਹੋ ਗਿਆ, ਅੰਮ੍ਰਿਤ ਵਿਚ, ਯੁੱਧਾਂ ਵਿਚ ਤੇ ਅਗਲੇ ਸਾਰੇ ਖਾਲਸਈ ਪ੍ਰੋਗਰਾਮ ਵਿਚ।

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ

ਸਿਖ ਲਹਿਰ ਦੀ ਦੱਸਵੀਂ, ਗਾਜ਼ੀ, ਸਬੱਲ ਤੇ ਸਿੰਘ ਜਗਾਣ ਵਾਲੀ ਸ਼ਖਸੀਅਤ

ਗੁਰੂ ਗੋਬਿੰਦ ਸਿੰਘ ਜੀ, ਸਿੱਖ ਲਹਿਰ ਦੀ ਪਹਿਲੀ ਸੰਤ-ਸੈਨਾਪਤਿ ਸ਼ਖਸੀਅਤ ਸਨ। ਭਾਈ ਗੁਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਗਾਜ਼ੀ, ਸਬੱਲ ਤੇ ਸਿੱਖਾਂ ਨੂੰ ਸਿੰਘ ਸਜਾ ਕੇ, ਸ਼ੇਰ ਬਣਾ ਕੇ, ਮਨੁੱਖੀ ਚਿੱਤਾਂ ਲਈ ਜਗਾ ਦੇਣ ਵਾਲੀ ਸ਼ਖਸੀਅਤ ਮੰਨਦਾ ਹੈ। ਇਹ ਇਤਿਹਾਸਕ ਸੱਚ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਇਕ ਸਫਲ ਸੰਤ-ਸੈਨਾਪਤਿ ਸਨ। ਪਹਿਲਾਂ ਸੰਤ ਸਨ ਤੇ ਪਿਛੋਂ ਸੰਤਾਂ ਦੀ ਰਾਖੀ ਕਰਨ ਵਾਲੀ ਫੌਜ ਦੇ ਸੈਨਾਪਤਿ। ਸੰਤ ਰੂਪ ਵਿਚ ਤਾਂ ਗੁਰੂ ਗੋਬਿੰਦ ਸਿੰਘ ਜੀ, ਗੁਰੂ ਨਾਨਕ-ਆਤਮਾ ਹੀ ਸਨ, ਗੁਰੂ ਨਾਨਕ ਦੇਵ ਜੀ ਦਾ ਦੱਸਵਾਂ ਰੂਪ ਹੀ ਸਨ। ਜੋਤਿ, ਆਦਰਸ਼ ਤੇ ਜੁਗਤਿ, ਦੱਸਾਂ ਗੁਰੂਆਂ ਦੀ ਇਕ ਸੀ। ਦੱਸ ਗੁਰੂ ਸਾਹਿਬਾਨ ਸੰਤ-ਮੂਰਤਾਂ ਸਨ। ਸੰਤਾਂ ਵਾਲੀ ਭਗਤੀ, ਕੁਰਬਾਨੀ ਤੇ ਤਿਆਗ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ੇਸ਼ ਜੀਵਨ-ਸਰੂਪ ਸੀ। 'ਭਗਤੀ' ਸੰਬੰਧੀ ਉਹ ਆਪ ਆਪਣੀ 'ਆਤਮ-ਕਥਾ' ਵਿਚ ਲਿਖਦੇ ਹਨ :—

ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥ ਪੰਡੁ ਰਾਜ ਜਹ ਜੋਗ ਕਮਾਵਾ ॥
ਤਹ ਹਮ ਅਧਿਕ ਤਪਸਿਆ ਸਾਧੀ ॥ ਮਹਾ ਕਾਲ ਕਾਲਿਕਾ ਅਰਾਧੀ ॥
(ਬਚਿੱਤ੍ਰ ਨਾਟਕ)

'ਕੁਰਬਾਨੀ' ਤਾਂ ਉਹਨਾਂ ਦੀ ਸੰਸਾਰ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ-ਦਾਨੀ ਕਿਹਾ ਜਾਂਦਾ ਹੈ। ਕਿਉਂਕਿ ਉਹਨਾਂ ਨੇ ਧਰਮ, ਕੌਮ ਤੇ ਦੇਸ਼ ਦੀ ਖਾਤਰ ਆਪਣਾ ਸਾਰਾ ਬੰਸ ਦਾਨ ਕਰ ਦਿੱਤਾ ਸੀ। ਸਾਰਾ ਬੰਸ ਦਾਨ ਕਰ ਦੇਣ ਵਾਲੇ ਨੂੰ ਹੀ 'ਗ਼ਾਜ਼ੀ' ਕਿਹਾ ਜਾ ਸਕਦਾ ਹੈ, ਕੁਰਬਾਨੀ ਦਾ ਪੁੱਤਲਾ ਤੇ ਦੇਸ਼-ਭਗਤ ਕਿਹਾ ਜਾ ਸਕਦਾ ਹੈ। ਦੇਸ਼-ਭਗਤ ਸਦਾ ਤਿਆਗੀ ਹੁੰਦਾ ਹੈ, ਵਿਕਾਰ-ਤਿਆਗੀ ਤੇ ਸੁਆਰਥ-ਤਿਆਗੀ। ਉਸ ਵਿਚ ਦੇਸ਼ ਦਾ ਸਤਿਕਾਰ ਤੇ ਪਿਆਰ ਭਰਿਆ ਹੁੰਦਾ ਹੈ, ਉਹ ਦੇਸ਼ ਦੀ ਆਜ਼ਾਦੀ ਦੀ ਖਾਤਰ ਤੇ ਮਾਨਵ-ਚਿੱਤਾਂ ਖਾਤਰ, ਆਪਣੇ ਆਪ ਦਾ ਤਿਆਗ ਕਰ ਸਕਦਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਕੁਝ ਇਸੇ ਤਰ੍ਹਾਂ ਦੇ ਹੀ ਗਾਜ਼ੀ, ਦੇਸ਼ ਭਗਤ ਤੇ ਤਿਆਗੀ ਯੋਧੇ ਸਨ। ਉਹਨਾਂ ਨੇ ਧਰਮ ਹਿਤ, ਆਪਣੇ ਵਤਨ ਹਿਤ, ਸਭ ਕੁਝ ਤਿਆਗ ਦਿੱਤਾ। ਇਸ ਤਰ੍ਹਾਂ ਦਾ ਤਿਆਗ ਹੀ, ਕਿਸੀ ਮਹਾਨ ਸੰਤ-ਸ਼ਖਸੀਅਤ ਦੀ ਪਰਖ-ਕਸਵੱਟੀ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਚੂੰਕਿ ਮਹਾਨ ਤਿਆਗੀ ਸਨ, ਇਸ ਲਈ ਮੂਲ ਰੂਪ ਵਿਚ, ਉਹ ਸੰਤ-ਸ਼ਖਸੀਅਤ ਸਨ।

Digitized by Panjab Digital Library | www.panjabdigilib.org

ਸਿੱਖ ਲਹਿਰ ਸੰਤਾਂ ਦੀ ਲਹਿਰ ਹੈ, ਆਤਮਕ ਤੌਰ ਤੇ ਜੇਤੂਆਂ ਦੀ ਲਹਿਰ ਹੈ। ਸੰਤ ਕਦੀ ਹਾਰਦਾ ਨਹੀਂ, ਉਹ ਆਤਮਕ ਤੌਰ ਤੇ ਸਦੀਵ ਕਾਲ ਜੇਤੂ ਹੈ, ਉਹ ਸੰਸਾਰਕ ਖੇਤਰ ਵਿਚ ਹਾਰਿਆ ਹੋਇਆ ਵੀ, ਜੇ ਆਤਮਕ ਦ੍ਰਿੜ੍ਹਤਾ ਨੂੰ ਤਿਆਗਦਾ ਨਹੀਂ, ਤਾਂ ਉਹ ਜੇਤੂ ਹੈ, ਸੰਤ ਹੈ, ਉਸ ਦਾ ਤਾਂ ਜੀਵਨ ਭਰ ਇਹੀ ਨਾਹਰਾ ਹੁੰਦਾ ਹੈ :—

ਇਹ ਹਾਰ ਨਹੀਂ ਸਭ ਜੇਤੇ ॥

ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਸਾਰੀ ਜ਼ਿੰਦਗੀ ਵਿਰੋਧੀ ਦਲਾਂ ਨੂੰ ਰੋਕਣ ਤੇ ਸੋਧਣ ਵਿਚ ਹੀ ਗੁਜ਼ਾਰੀ ਹੈ, ਪਰ ਇਹ ਇਤਿਹਾਸਕ ਸੱਚ ਹੈ, ਕਿ ਉਹਨਾਂ ਨੇ ਸਰਬੰਸ ਕੁਰਬਾਨ ਕਰਾ ਕੇ ਵੀ, ਆਪਣੀ ਆਤਮਕ-ਦ੍ਰਿੜ੍ਹਤਾ ਤੇ ਆਦਰਸ਼ ਨੂੰ ਛਡਿਆ ਨਹੀਂ, ਨਾ ਹੀ ਕਿਸੇ ਹਕੂਮਤ ਅੱਗੇ ਜਾ ਕੇ ਗੋਡੇ ਟੇਕੇ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਬੱਲ ਹੋਣ ਦਾ ਪ੍ਰਤੀਕ ਹੈ, ਉਹਨਾਂ ਦੇ ਸੰਤ-ਯੋਧਾ ਹੋਣ ਦੀ ਮਿਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਆਦਰਸ਼ ਇਹੀ ਸੀ :—

ਜਬ ਆਵ ਕੀ ਅਉਧ ਨਿਦਾਨ ਬਨੈ ॥
ਅਤਿ ਹੀ ਰਣ ਮੈ ਤਬ ਜੂਝ ਮਰੋਂ ॥ (ਸ੍ਰੀ ਦਸਮ ਗ੍ਰੰਥ)

ਇਸ ਆਦਰਸ਼ ਉਤੇ ਪੂਰਨ ਉਤਰਨਾ ਹੀ ਸਿੱਖ ਲਹਿਰ ਦੀ ਸੰਪੂਰਨਤਾ ਹੈ, ਇਹੀ ਗੁਰੂ ਨਾਨਕ ਦੇਵ ਜੀ ਦਾ ਆਸ਼ਾ ਸੀ। ਅਰਥਾਤ ਧਰਮ ਨੂੰ ਚਲਾਵੋ, ਦੁਸ਼ਟਾਂ ਨੂੰ ਸੰਘਾਰੋ, ਤੇ ਸੰਤਾਂ ਨੂੰ ਉਭਾਰੋ। ਸੰਤਾਂ ਨੂੰ ਉਭਾਰਨਾ ਤੇ ਦੁਸ਼ਟਾਂ ਨੂੰ ਸੰਘਾਰਨਾ ਹੀ ਸਿਖ ਲਹਿਰ ਦਾ ਮੁਖ ਮੰਤਵ ਹੈ। ਖਾਲਸਾ-ਪੰਥ ਦਾ ਮੁਖ ਆਦਰਸ਼ ਵੀ ਇਹੋ ਹੀ ਹੈ।

ਗੁਰੂ ਗੋਬਿੰਦ ਸਿੰਘ ਜੀ 'ਨਾਨਕ-ਨਿਰਮਲ ਪੰਥ' ਦੇ ਦੱਸਵੇਂ ਆਗੂ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ-ਸਥਿਤੀ ਤੋਂ, ਉਹਨਾਂ ਇਹ ਗਲ ਮਹਿਸੂਸ ਕਰ ਲਈ ਸੀ, ਕਿ ਪੰਜਾਬ-ਭਾਰਤੀ ਸਿੱਖਾਂ ਨੂੰ ਹੁਣ ਸ਼ੇਰ ਬਣਾਉਣਾ ਹੈ, ਸਿੰਘ ਸਜਾਣਾ ਹੈ, ਉਹਨਾਂ ਵਿਚ ਆ ਚੁਕੀ ਕਮਜ਼ੋਰੀ ਤੇ ਸਿੱਥਲਤਾ ਨੂੰ ਮੁਕਾ ਕੇ, ਫਿਰ ਮਰਦ ਦਾ ਜੀਵਨ ਸੰਚਾਰ ਕਰਨਾ ਹੈ, ਉਹਨਾਂ ਨੂੰ ਵਰਿਆਮ ਤੇ ਮਰਦਾਨਾ ਬਣਾਉਣਾ ਹੈ। ਭਾਈ ਗੁਰਦਾਸ ਸਿੰਘ ਇਸੇ ਕਰ ਕੇ ਲਿਖਦਾ ਹੈ :—

ਵਾਹੁ ਗੁਰੂ ਗੋਬਿੰਦ ਸਿੰਘ ਗਾਜ਼ੀ, ਸਬਲ, ਜਿਨ ਸਿੰਘ ਜਗਾਏ ॥

ਗੁਰੂ ਗੋਬਿੰਦ ਸਿੰਘ ਜੀ ਨੇ ਨੀਂਦ ਵਿਚ ਗੜ੍ਹੁੰਦ, ਪੰਜਾਬ-ਭਾਰਤੀਆਂ ਨੂੰ ਅੰਮ੍ਰਿਤ ਛਕਾ ਕੇ, ਸਿਖ ਤੋਂ ਸਿੰਘ ਸਜਾ ਕੇ, ਸਦਾ ਲਈ ਜਗਾ ਦਿੱਤਾ-ਆਪਣੇ ਹੱਕਾਂ ਲਈ, ਪਰ ਹੱਕਾਂ ਲਈ। ਇਹ ਜਾਗ੍ਰਿਤੀ ਹੀ ਸੀ, ਜਿਸ ਨੂੰ ਸਿੱਖ ਲਹਿਰ ਦੇ ਆਗੂ ਜਗਾਉਣਾ ਚਾਹੁੰਦੇ ਸਨ। ਗੁਰੂ ਸਾਹਿਬਾਨ ਦਾ ਆਪਣਾ ਸਾਰਾ ਗੁਰੂ-ਜੀਵਨ ਜਾਗ੍ਰਿਤੀ ਦਾ ਜੀਵਨ ਸੀ। ਪਰ ਇਹ ਸਿਧਾਂਤਕ ਸੱਚ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਦੇ ਵਿਸਾਖੀ-ਮਹਾਂ ਸਮਾਗਮ ਪਿਛੋਂ, ਇਸ ਜਾਗ੍ਰਿਤੀ ਨੂੰ ਪੰਜਾਬ-ਭਾਰਤ ਦੀ ਸਮੁੱਚੀ ਮਨੁੱਖਤਾ ਦੀ ਜੀਵਨ-ਸਾਥਣ ਬਣਾ ਦਿੱਤਾ। ਪੰਜਾਬ-ਭਾਰਤੀ ਪੂਰੀ ਤਰ੍ਹਾਂ ਜਾਗ ਪਏ। ਉਹਨਾਂ ਅੰਮ੍ਰਿਤ ਛਕ ਕੇ, ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿਚ ਭਰਤੀ ਕਰਨਾ. ਇਕ ਮਾਣ ਸਮਝਿਆ। ਭਾਵੇਂ ਵਿਰੋਧੀ ਜ਼ੁਲਮ ਸਿਖਰ ਤੇ ਸੀ ਤੇ

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਨੂੰ ਘਰ-ਘਾਟ ਤਿਆਗ ਕੇ, ਨਸ ਜਾਣ ਲਈ ਮਜ਼ਬੂਰ ਕਰ ਰਿਹਾ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਸੰਗ੍ਰਾਮੀ-ਯੋਧਾ ਸਨ। ਚੰਗੇ, ਸਿਆਣੇ ਤੇ ਜਾਨ ਤਲੀ ਤੇ ਰਖ ਕੇ ਖੇਡ ਜਾਣ ਵਾਲੇ ਫੌਜੀ ਸੈਨਾਪਤਿ ਹੋਣ ਦੀ ਹਸੀਅਤ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਆਪ ਸ਼ੱਸਤਰ-ਧਾਰੀ ਸਨ, ਮੈਦਾਨ ਦੇ ਸੂਰਮਾ ਸਨ, ਇਕ ਲੜਾਕਾ ਸਿਪਾਹੀ ਸਨ, ਤੀਰ-ਅੰਦਾਜ਼ ਤੇ ਨਿਸ਼ਾਨਾ-ਬਾਜ਼ ਸਨ, ਤੇਗ ਦੇ ਧਨੀ ਤੇ ਚੰਗੇ ਘੋੜ-ਸਵਾਰ ਸਨ, ਕਿਲ੍ਹੇ ਉਸਰਈਆ ਵੀ ਸਨ, ਇਕ ਸਫਲ ਨੀਤੀਵਾਨ ਵੀ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਰਾਜਸੀ ਨੀਤੀ ਨਾ ਤਾਂ ਕਿਸੇ ਨੂੰ ਰਾਜਸੀ-ਗੱਦੀ ਤੋਂ ਉਤਾਰਨ ਦੀ ਸੀ ਤੇ ਨਾ ਹੀ ਆਪ ਹਾਕਮੀ-ਗੱਦੀ ਦਾ ਵਾਰਸ ਬਣਨ ਦੀ ਸੀ। ਉਹਨਾਂ ਦੀ ਨੀਤੀ ਤਾਂ ਮਨੁੱਖੀ ਹਿੱਤਾਂ ਨੂੰ ਉਚਿਆਣ ਦੀ ਸੀ। ਸਭ ਕੁਝ ਕੁਰਬਾਨ ਕਰਕੇ 'ਮਾਨਵ-ਸਤਿਕਾਰ' ਤੇ 'ਗੌਰਵ' ਕਾਇਮ ਰਖਣਾ ਹੈ। ਇਹ ਮਨੁੱਖੀ ਗੌਰਵ ਹੀ ਸੀ, ਜਿਸ ਦੀ ਰੱਖਿਆ ਹਿਤ, ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ-ਪੰਥ' ਦੀ ਸਾਜਨਾ ਕੀਤੀ।

'ਖਾਲਸਾ-ਪੰਥ' ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕ-ਸ਼ਕਤੀ ਤੋਂ ਜਗੀ ਜੋਤਿ ਹੈ। ਇਸੇ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਖਾਲਸਾ-ਪੰਥ ਨੂੰ ਆਪਣਾ ਖਾਸ ਰੂਪ, ਪ੍ਰਾਨ, ਜਾਨ, ਪਤਿ, ਸ਼ੋਭਾ, ਸ਼ਕਤੀ ਤੇ ਸੰਪਤੀ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਵੇਲੇ 'ਸਿੱਖ ਲਹਿਰ' ਹੀ 'ਖਾਲਸਾ-ਪੰਥ' ਦੇ ਰੂਪ ਵਿਚ ਮੂਰਤੀਮਾਨ ਹੁੰਦੀ ਹੈ ਤੇ ਪਿਛੋਂ, 'ਖਾਲਸਾ-ਪੰਥ' ਹੀ ਪੰਜਾਬ-ਭਾਰਤ ਦੀ ਪ੍ਰਸਿੱਧ ਤੇ ਪ੍ਰਤੀਨਿਧ ਲਹਿਰ ਬਣ ਜਾਂਦਾ ਹੈ।

'ਖਾਲਸਾ-ਪੰਥ' ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ-ਦਰਸ਼ਨ ਹੈ, ਗੁਰੂ ਨਾਨਕ ਦੇਵ ਜੀ ਦੇ 'ਨਾਨਕ ਨਿਰਮਲ ਪੰਥ' ਦਾ ਸਿਖਰ ਹੈ, ਸਿਖ ਲਹਿਰ ਦਾ ਪੂਰਨ ਤੇ ਆਦਰਸ਼ਕ ਸਰੂਪ ਹੈ।

'ਖਾਲਸਾ-ਪੰਥ' ਦਾ ਆਦਰਸ਼ਕ ਸਰੂਪ ਇਹ ਹੈ :—

ਜਾਗਤਿ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
'ਪੂਰਨ ਜੋਤਿ' ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥

(ਸ੍ਰੀ ਦਸਮ ਗ੍ਰੰਥ)

Digitized by Panjab Digital Library | www.panjabdigilib.org

ਦੱਸਾਂ ਪਾਤਿਸ਼ਾਹੀਆਂ ਦੀ ਜੋਤਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇਸ਼ ਤੇ ਵਿਦੇਸ਼ ਵਿਚ ਵਸਦੇ ਮਨੁੱਖ ਅਤੇ ਮਨੁੱਖਤਾ ਦਾ ਸਰਬ-ਸਾਂਝਾ ਤੇ ਧਾਰਮਿਕ ਗ੍ਰੰਥ ਹੈ। ਪਰ ਸਿੱਖ ਧਰਮ ਲਈ ਇਸ ਦੀ ਪ੍ਰਮਾਣੀਕਤਾ 'ਆਦਿ ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਹੀ ਪ੍ਰਸਿੱਧ ਹੈ। ਸਿੱਖ ਧਰਮ ਦੀ 'ਗ੍ਰੰਥ-ਅਧਿਕਰਣ' ਦੇ ਰੂਪ ਵਿਚ ਦੋ 'ਗ੍ਰੰਥ' ਬੜੇ ਪ੍ਰਸਿੱਧ, ਮਹਾਨ ਤੇ ਪ੍ਰਭਾਵਸ਼ਾਲੀ ਸਵੀਕਾਰ ਕੀਤੇ ਗਏ ਹਨ। ਪਹਿਲਾ ਗ੍ਰੰਥ 'ਆਦਿ ਗੁਰੂ ਗ੍ਰੰਥ ਸਾਹਿਬ' ਦੇ ਨਾਮ ਨਾਲ ਪ੍ਰਸਿੱਧ ਹੈ ਤੇ ਦੂਸਰਾ ਗ੍ਰੰਥ 'ਸ੍ਰੀ ਦਸਮ ਗ੍ਰੰਥ' ਦੇ ਨਾਮ ਨਾਲ ਪ੍ਰਚੱਲਤ ਹੈ! 'ਆਦਿ ਗੁਰੂ ਗ੍ਰੰਥ ਸਾਹਿਬ' ਦੇ ਕਾਵਿ-ਕਰਤਾ ਤਾਂ ਅਨੇਕ ਹਨ, ਪਰ 'ਸ੍ਰੀ ਦਸਮ ਗ੍ਰੰਥ' ਦੇ ਕਾਵਿ-ਕਰਤਾ ਇਕ (ਬਹੁ-ਰੂਪ ਵਿਚ) ਹੀ ਸਵੀਕਾਰੇ ਜਾਂਦੇ ਹਨ। 'ਆਦਿ ਗੁਰੂ ਗ੍ਰੰਥ ਸਾਹਿਬ' ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਹਨ, ਪਰ ਇਸ ਨੂੰ ਪੂਰਨ ਰੂਪ ਵਿਚ ਮੂਰਤੀਮਾਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਹਨ ਤੇ ਅੰਤਿਮ ਰੂਪ ਵਿਚ ਦੱਸਾਂ ਪਾਤਿਸ਼ਾਹੀਆਂ ਦੀ ਗੁਰੂ-ਜੋਤਿ ਸਥਾਪਨ ਕਰਨ ਵਾਲੇ ਵੀ ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਭਾਵੇਂ ਆਦਿ ਗੁਰੂ ਗ੍ਰੰਥ ਸਾਹਿਬ ਵਿਚਲੀ ਕਾਵਿ-ਬਾਣੀ ਦੱਸਾਂ-ਜੋਤਾਂ ਦੀ ਨਹੀਂ ਅਤੇ ਨਾ ਹੀ ਸਿਰਫ ਇਸ ਵਿਚ ਗੁਰੂ-ਪਾਤਿਸ਼ਾਹੀਆਂ ਦੀ ਹੀ ਕਾਵਿ-ਰਚਨਾ ਹੈ। ਚੂੰਕਿ ਇਸ ਨੂੰ 'ਗੁਰੂ' ਪੱਦ ਦੱਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤਾ ਹੈ ਤੇ ਉਹਨਾਂ ਨੇ ਆਪ ਇਸ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖਿਆ ਹੈ, ਨਾਲੇ ਦੱਸਾਂ ਗੁਰੂਆਂ ਦੇ ਆਤਮਕ-ਤੱਤ੍ਵ ਦਾ ਇਥੇ ਪੂਰਨ ਦਰਸ਼ਨ-ਦੀਦਾਰ ਵੀ ਹੁੰਦਾ ਹੈ, ਇਸ ਲਈ 'ਆਦਿ ਗੁਰੂ ਗ੍ਰੰਥ ਸਾਹਿਬ' ਨੂੰ ਸਿੱਖ ਧਰਮ ਦੀਆਂ ਨਿਰਮਾਣ-ਦੱਸਾਂ ਪਾਤਿਸ਼ਾਹੀਆਂ ਦੀ ਹੀ ਜੋਤਿ ਦਾ ਪ੍ਰਤੱਖ ਦਰਸ਼ਨ ਮੰਨ ਲਿਆ ਜਾਂਦਾ ਹੈ। 'ਸ੍ਰੀ ਦਸਮ ਗ੍ਰੰਥ' ਦੀ ਸਾਰੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਅਸਚਰਜ ਤੇ ਸਾਹਿਤਕ-ਖੇਡ ਹੈ, ਇਸ ਲਈ 'ਸ੍ਰੀ ਦਸਮ ਗ੍ਰੰਥ' ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਗ੍ਰੰਥ ਮੰਨ ਲਿਆ ਜਾਂਦਾ ਹੈ, ਅਰਥਾਤ ਦੇਸ਼ ਤਕ ਹੀ ਸੀਮਤ ਕਰ ਲਿਆ ਜਾਂਦਾ ਹੈ ਤੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਦੇਸ਼ ਤੇ ਵਿਦੇਸ਼ ਵਿਚ ਵਸਦੇ ਮਨੁੱਖ ਅਤੇ ਮਨੁੱਖਤਾ ਦਾ ਸਰਬ ਸਾਂਝਾ ਤੇ ਧਾਰਮਿਕ ਗ੍ਰੰਥ ਮੰਨ ਲਿਆ ਜਾਂਦਾ ਹੈ।

'ਆਦਿ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਲੱਗ-ਭੱਗ ੧੬੦੦ ਈ: ਦੇ ਨੇੜੇ ਤੇੜੇ ਸ਼ੁਰੂ ਹੋਈ ਤੇ ੧੬੦੪ ਈ: ਵਿਚ ਇਸ ਦੀ ਪਹਿਲੀ ਪੂਰਨਤਾ ਇਕ 'ਗ੍ਰੰਥ ਸਾਹਿਬ' ਦੇ ਰੂਪ ਵਿਚ ਬੰਨ੍ਹ ਦਿਤੀ ਗਈ। ਭਾਵੇਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਕਾਵਿ-ਰਚਨਾ ਲਿੱਖਣ ਦਾ ਕਰਤੱਵ ਭਾਈ ਗੁਰਦਾਸ ਜੀ ਨੇ ਨਿਬਾਹਿਆ, ਪਰ ਇਸ ਦੀ ਸਾਮਿੱਗਰੀ ਨੂੰ ਸੰਕਲਣ ਤੇ ਸੰਪਾਦਨ ਦਾ ਸਾਰਾ ਕਰਤੱਵ ਗੁਰੂ ਅਰਜਨ ਦੇਵ ਜੀ ਦਾ ਹੀ ਹੈ। ਗੁਰੂ ਅਰਜਨ ਦੇਵ ਜੀ

Digitized by Panjab Digital Library | www.panjabdigilib.org

ਦੇ ਮਨ ਦਾ ਹੀ ਇਹ ਫੈਸਲਾ ਸੀ, ਕਿ ਇਕ ਅਜਿਹਾ ਸਰਬ-ਸਾਂਝਾ, 'ਸ਼ੁਧ-ਆਤਮਕ-ਤੱਤ੍ਵ' ਨਾਲ ਭਰਪੂਰ, 'ਬ੍ਰਹਮ ਗਿਆਨ'-ਪ੍ਰਧਾਨ ਧਾਰਮਿਕ ਗ੍ਰੰਥ ਰਚਿਆ ਜਾਵੇ, ਜਿਸ ਵਿਚ ਸਰਬ-ਮਨੁੱਖਤਾ ਦੀ ਆਤਮਿਕ ਸੰਤੁਸ਼ਟੀ ਵੀ ਹੋਵੇ, ਸਰਬ-ਸਾਂਝੇ ਤੇ ਕੌਮੀ-ਜੀਵਨ ਦੀ ਉਸਾਰੀ ਵਾਸਤੇ ਆਦਰਸ਼ਕ ਪ੍ਰੇਰਨਾ ਵੀ ਹੋਵੇ, ਸਮਾਜਕ ਤੇ ਸਾਹਿੱਤਕ-ਸਮਕਾਲੀ ਪਰੰਪਰਾਵਾਂ ਨੂੰ ਵੀ ਪੂਰੀ ਤਰ੍ਹਾਂ ਸਾਂਭ ਲਿਆ ਜਾਵੇ। ਨਾਲੇ ਸਰਬ-ਸਾਂਝੇ ਤੇ ਕੌਮੀ-ਜੀਵਨ ਨੂੰ ਉਸਾਰਨ ਵਾਸਤੇ ਉਸ ਵਕਤ ਦੀ ਹਕੂਮਤ ਵਲੋਂ ਵੀ ਪਹਿਲ ਦਿੱਤੀ ਜਾ ਰਹੀ ਸੀ। 'ਅਕਬਰ' ਪਾਤਿਸ਼ਾਹ ਵਲੋਂ ਪ੍ਰਾਰੰਭ ਕੀਤਾ 'ਦੀਨੇ ਇਲਾਹੀ' ਮੱਤ ਸਰਬ-ਸਾਂਝੇ ਤੇ ਕੌਮੀ-ਜੀਵਨ ਦੀ ਹੀ ਪ੍ਰਤੀਨਿਧਤਾ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਅੰਤਰ-ਆਤਮਾ ਵਿਚ ਵੀ ਪ੍ਰਧਾਨਤਾ ਸਰਬ-ਸਾਂਝੇ ਤੇ ਆਤਮਕ-ਤੱਤ੍ਵ ਦੀ ਹੀ ਸੀ। 'ਸੁਖਮਨੀ' ਉਹਨਾਂ ਦੀ ਸ਼ੁਧ-ਆਤਮਾ ਦਾ ਪ੍ਰਤੱਖ-ਪ੍ਰਮਾਣ ਹੈ। ਗੁਰੂ ਅਰਜਨ ਦੇਵ ਜੀ ਸਮਾਜਕ ਤੇ ਰਾਜਨੀਤਕ ਤੌਰ ਤੇ ਵੀ ਜਾਗ੍ਰਿਤ-ਪਰਵਿਰਤੀਆਂ ਦੇ ਮਾਲਕ ਸਨ। ਉਹਨਾਂ ਦਾ ਵਿਸ਼ਵਾਸ ਸੀ, ਕਿ 'ਕੇਂਦਰ' ਦੇ ਸ਼ਕਤੀਸ਼ਾਲੀ ਹੋਣ ਨਾਲ ਹੀ ਸਾਰਾ ਤਾਣਾ ਸ਼ਕਤੀਸ਼ਾਲੀ ਹੋ ਜਕਦਾ ਹੈ। ਇਸੇ ਲਈ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਖਿਲਰੀ ਹੋਈ ਸਾਰੀ ਸ਼ਕਤੀ ਨੂੰ ਪਹਿਲਾਂ ਸ੍ਰੀ 'ਹਰਿਮੰਦਰ ਸਾਹਿਬ' ਨੂੰ ਸਿਰਜ ਕੇ, ਇਸ ਨੂੰ ਸਿੱਖ-ਸ਼ਕਤੀ ਦਾ ਕੇਂਦਰ ਨਿਸਚਿਤ ਕਰ ਕੇ, ਇਕੱਠਾ ਕੀਤਾ, ਫਿਰ ਸਿੱਖ-ਸ਼ਕਤੀ ਨੂੰ ਆਰਥਿਕ ਤੌਰ ਤੇ ਪ੍ਰਫੁੱਲਤ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਨੂੰ ਸਾਰੇ ਪੰਜਾਬ ਦੀ ਵਪਾਰਿਕ ਮੰਡੀ ਬਣਾਇਆ, ਫਿਰ ਆਪਣੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਦਾ ਸਬਕ ਪੜ੍ਹਾਇਆ, ਫਿਰ ਮਸੰਦਾਂ ਦੀ ਸਥਾਪਨਾ ਦੁਆਰਾ, ਕੇਂਦਰ ਨੂੰ ਪੱਕਾ ਕਰਨ ਵਾਸਤੇ ਉਚੇਚੇ ਯਤਨ ਕੀਤੇ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਇੰਜ ਜਾਪਦਾ ਹੈ, ਜਿਵੇਂ ਕਿ ਸਰਬ ਪਾਸੇ, ਸਰਬ-ਸਾਂਝੇ ਤੇ ਕੌਮੀ-ਜੀਵਨ ਦੀ ਉਸਾਰੀ ਹੋਣ ਲਗ ਪੈਂਦੀ ਹੈ। ਇਸ ਦਾ ਇਕ ਪ੍ਰਮਾਣ ਇਹ ਵੀ ਹੈ ਕਿ ਇਸ ਸਮੇਂ ਸਾਰੇ ਭਾਰਤ ਵਿਚ 'ਭਗਤੀ-ਲਹਿਰ' ਪਸਰੀ ਹੋਈ ਹੈ। ਸਾਰੇ ਭਗਤ ਆਪਣੇ ਭਗਤੀ-ਕਰਤੱਵਾਂ ਤੇ ਚਮਤਕਾਰਾਂ ਦੁਆਰਾ ਸਮੂਹ ਭਾਰਤੀਆਂ ਨੂੰ ਸਰਬ-ਸਾਂਝਾ ਜੀਵਨ ਜੀਊਣ ਵਾਸਤੇ ਸਿਖਿਆ ਤੇ ਪਰੇਰਨਾ ਦੇ ਰਹੇ ਸਨ। 'ਭਗਤੀ-ਲਹਿਰ' ਦੇ ਸਾਰੇ ਭਗਤ ਭਾਵੇਂ ਵੱਖੋ-ਵਖਰੇ ਸਥਾਨਾਂ ਦੇ ਜੰਮ-ਪਲ ਸਨ, ਵੱਖੋ ਵਖਰੀਆਂ ਜਾਤੀਆਂ, ਬੋਲੀਆਂ, ਕਿਤਿਆਂ ਤੇ ਸਭਿਆਚਾਰਾਂ ਦੇ ਪ੍ਰਤੀਨਿਧ ਸਨ, ਪਰ ਉਹਨਾਂ ਦੇ ਪਰਚਾਰ-ਉਦੇਸ਼ ਵਿਚ ਜਿਹੜਾ ਸਰਬ-ਸਾਂਝਾ ਤੱਤ੍ਵ ਸੀ, ਉਹ ਸੀ 'ਆਤਮਕ-ਇਕਾਗਰਤਾ' ਦਾ। ਸਾਰੇ ਭਗਤ, ਦੱਖਣ ਤੋਂ ਲੈ ਕੇ ਉੱਤਰ ਤਕ, ਸਰਬ-ਸਾਂਝੇ ਤੇ ਕੌਮੀ-ਜੀਵਨ ਉਸਾਰੀ ਦਾ ਹੀ ਪੈਗਾਮ ਦਿੰਦੇ ਹਨ। ਨਾਲੇ ਗੁਰੂ ਅਰਜਨ ਦੇਵ ਜੀ ਦਾ ਵਿਸ਼ਵਾਸ ਸੀ, ਕਿ ਸਰਬ-ਸਾਂਝੇ ਜੀਵਨ ਵਿਚ ਹੀ ਚੜ੍ਹਦੀ-ਕਲਾ ਹੈ, ਕੌਮੀ-ਜੀਵਨ ਉਸਾਰੀ ਵਿਚ ਹੀ ਭਾਰਤੀਆਂ ਦਾ ਬਚਾ ਹੈ। ਗੁਰੂ ਅਰਜਨ ਦੇਵ ਜੀ ਪੰਜਾਬ ਤੇ ਭਾਰਤ ਦੇ ਲੋਕਾਂ ਨੂੰ ਸਰਬ-ਸਾਂਝਾ, ਚੜ੍ਹਦੀ ਕਲਾ ਵਾਲਾ ਤੇ ਕੌਮੀ ਜੀਵਨ ਪ੍ਰਦਾਨ ਕਰਨਾ ਚਾਹੁੰਦੇ ਸਨ। ਇਸੇ ਜੀਵਨ-ਉਸਾਰੀ ਵਿਚ ਸਰਬ-ਸ਼ਾਂਤੀ ਤੇ ਸਰਬੱਤ ਦਾ ਭਲਾ ਹੈ। ਗੁਰੂ ਅਰਜਨ ਦੇਵ ਜੀ ਸਰਬ-ਸ਼ਾਂਤੀ ਤੇ ਸਰਬੱਤ ਦਾ ਭਲਾ ਵੇਖਣ ਦੇ ਇੱਛਾਵਾਨ ਸਨ। ਇਸ ਕਰ ਕੇ ਉਹਨਾਂ ਨੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸਰਬ ਭਾਰਤੀ-ਭਗਤਾਂ, ਭੱਟਾਂ ਤੇ ਫ਼ਕੀਰਾਂ ਦੇ ਆਤਮਕ-ਤੱਤ ਨੂੰ ਪ੍ਰਵਾਨ ਕਰ ਲਿਆ। ਵਿਸ਼ੇਸ਼ ਤੌਰ ਤੇ ਗੁਰੂ

Digitized by Panjab Digital Library | www.panjabdigilib.org

ਅਰਜਨ ਦੇਵ ਜੀ ਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਨਾ ਤਾਂ ਕੁਲ-ਜਾਤਿ ਦਾ ਖਿਆਲ ਰਖਿਆ ਹੈ, ਨਾ ਹੀ ਮਜ਼ਹਬ, ਬੋਲੀ ਤੇ ਕਿੱਤੇ ਦਾ ਅਤੇ ਨਾ ਹੀ ਰੂਪ-ਰੰਗ ਤੇ ਸਭਿਆਚਾਰ ਦਾ। ਉਹਨਾਂ ਦੀ ਨਦਰਿ ਵਿਚ ਪ੍ਰਵਾਨਗੀ ਦਾ ਪ੍ਰਮੁਖ ਤੱਤ੍ਵ ਆਤਮਕ-ਤੱਤ੍ਵ ਸੀ, ਬ੍ਰਹਮ ਗਿਆਨ ਦਾ ਤੱਤ੍ਵ ਸੀ। ਜਿਸ ਭਾਰਤੀ ਭਗਤ, ਭੱਟ ਤੇ ਫ਼ਕੀਰ-ਦਰਵੇਸ਼ ਵਿਚੋਂ ਗੁਰੂ ਅਰਜਨ ਦੇਵ ਜੀ ਨੂੰ ਬ੍ਰਹਮ ਗਿਅ ਨ ਦੇ ਆਤਮਕ-ਤੱਤ੍ਵ ਦੀ ਝਲਕ ਦਿੱਸੀ, ਉਹਨਾਂ ਨੇ ਉਸ ਦੀ ਕਾਵਿ ਰਚਨਾ ਨੂੰ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਾਸਤੇ ਪ੍ਰਵਾਨ ਕਰ ਲਿਆ। ਇਹੀ ਕਾਰਨ ਹੈ ਕਿ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਦੀ ਕਾਵਿ-ਬਾਣੀ ਵੀ ਹੈ, ਭਗਤਾਂ, ਭੱਟਾਂ, ਦਰਵੇਸ਼ਾਂ ਤੇ ਆਤਮਕ ਤੌਰ ਤੇ ਉੱਚ-ਹਸਤੀਆਂ ਦੀ ਬਾਣੀ ਵੀ ਹੈ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਕਾਵਿ-ਕਰਤਾ ਅਨੇਕ ਹਨ, ਇਕ ਨਹੀਂ। ਇਸ ਦਾ ਭਾਵ ਇਹ ਵੀ ਨਹੀਂ ਕਿ ਜਿਨ੍ਹਾਂ ਦੀ ਕਾਵਿ-ਰਚਨਾ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸੰਗ੍ਰਹਿ ਕੀਤੀ ਗਈ ਹੈ, ਕੇਵਲ ਉਹੀ ਆਤਮਕ ਕਾਵਿ-ਕਰਤਾ ਹਨ। ਹਾਂ ਇਹਨਾਂ ਦੀ ਆਤਮਕ-ਪ੍ਰਮਾਣੀਕਤਾ ਬਾਰੇ ਤਾਂ ਸ਼ੰਕਾ-ਕਿੰਤੂ ਨਹੀਂ ਕੀਤਾ ਜਾ ਸਕਦਾ, ਪਰ ਇਹ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਮੇਂ ਵਿਚ ਆਤਮਕ ਤੌਰ ਤੇ ਇਹੀ ਕਾਵਿ-ਕਰਤਾ ਪ੍ਰਸਿੱਧ ਸਨ। ਹਾਂ ਇਕ ਗਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਪ੍ਰਮੁਖ-ਉਦੇਸ਼ ਸਰਬ-ਸਾਂਝਾ, ਚੜ੍ਹਦੀ ਕਲਾ ਵਾਲਾ ਤੇ ਕੌਮੀ-ਜੀਵਨ ਉਸਾਰਨਾ ਹੀ ਸੀ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੀਆਂ ਪਾਵਨ ਛੋਹਾਂ ਨਾਲ ਸੰਪੂਰਨ ਹੁੰਦੀ ਹੈ ਤੇ ਉਹ ਆਪਣੀ ਹੋਂਦ ਵਿਚ ਹੀ ਇਸ ਮਹਾਨ ਗ੍ਰੰਥ ਸਾਹਿਬ ਦਾ ਪ੍ਰਕਾਸ਼ 'ਸ੍ਰੀ ਹਰਿਮੰਦਰ ਸਾਹਿਬ' ਵਿਚ ਕਰ ਦਿੰਦੇ ਹਨ। ਸਿੱਖ ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਵੇਲੇ ਹੀ ਇਸ ਮਹਾਨ ਗ੍ਰੰਥ ਸਾਹਿਬ ਨੂੰ 'ਪੋਥੀ-ਪ੍ਰਮੇਸਰ' ਦਾ ਸਥਾਨ ਦਿੱਤਾ ਜਾਣ ਲੱਗ ਪਿਆ ਸੀ। ਗੁਰੂ-ਸ਼ਰਧਾਲੂ ਗੁਰੂ ਅਰਜਨ ਦੇਵ ਜੀ ਦੀ ਹਾਜ਼ਰੀ ਵਿਚ ਹੀ ਇਸ ਮਹਾਨ ਗ੍ਰੰਥ ਸਾਹਿਬ ਨੂੰ 'ਪੋਥੀ-ਪ੍ਰਮੇਸ਼ਰ' ਸਮਝ ਕੇ ਤੇ ਇਸ ਦੇ ਬਾਣੀ-ਉਪਦੇਸ਼ਾਂ ਨੂੰ ਧੁਰ-ਦਰਗਾਹੀ, ਸਰਵੋਤਮ ਤੇ ਪ੍ਰਭੂ-ਉਪਦੇਸ਼ ਮੰਨ ਕੇ ਮੱਥਾ ਟੇਕਣ ਲਗ ਪਏ ਸਨ। ਜੇ ਇਹ ਵੀ ਕਹਿ ਦਿੱਤਾ ਜਾਏ ਕਿ ਸਮਾਜਕ ਤੇ ਰਾਜਨੀਤਕ-ਖੇਤਰ ਵਿਚ ਜੋ ਉਸ ਵਕਤ ਦੀਆਂ ਜੋਉਂਦੀਆਂ ਗੁਰੂ-ਸ਼ਖਸੀਅਤਾਂ ਦਾ ਸਥਾਨ ਸੀ, ਉਹੀ ਸਥਾਨ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਇਸ ਮਹਾਨ ਗ੍ਰੰਥ ਸਾਹਿਬ ਨੂੰ ਦਿੱਤਾ ਜਾਣ ਲਗ ਪਿਆ ਸੀ। ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸ਼ਨ ਜੀ ਤੇ ਗੁਰੂ ਤੇਗ਼ ਬਹਾਦਰ ਜੀ ਨੇ ਵੀ ਆਪਣੇ ਜੀਵਨ-ਵਿਹਾਰ ਤੇ ਵਿਕਾਸ ਵਾਸਤੇ ਇਸੇ ਮਹਾਨ ਗ੍ਰੰਥ ਸਾਹਿਬ ਨੂੰ ਹੀ ਆਪਣਾ ਚਾਨਣ-ਮੁਨਾਰਾ ਮਿਥਿਆ ਸੀ। ਗੁਰੂ ਅਰਜਨ ਦੇਵ ਜੀ ਦੇ ਉਤਰ-ਅਧਿਕਾਰੀ ਪੰਜਾਂ ਗੁਰੂਆਂ ਨੂੰ ਇਸ ਮਹਾਨ ਗ੍ਰੰਥ ਸਾਹਿਬ ਦੀ ਚਿੰਤਨ-ਧਾਰਾ, ਦ੍ਰਿਸ਼ਟੀ-ਦਿਸ਼ਾ ਤੇ ਸਾਹਿੱਤਕ-ਪਰੰਪਰਾ ਦਾ ਪੂਰਨ ਅਨੁਭਵ ਸੀ। ਭਾਵੇਂ ਇਸ ਮਹਾਨ ਗ੍ਰੰਥ ਸਾਹਿਬ ਦੀ ਕਾਵਿ-ਬਾਣੀ ਨੂੰ ੧੭ਵੀਂ ਸਦੀ ਦੇ ਅੰਤ ਤਕ 'ਗੁਰੂ' ਪੱਦ ਪ੍ਰਦਾਨ ਨਹੀਂ ਸੀ ਕੀਤਾ ਗਿਆ, ਪਰ ਇਹ ਨਿਸਚੇ ਨਾਲ ਆਖਿਆ ਜਾ

Digitized by Panjab Digital Library | www.panjabdigilib.org

ਸਕਦਾ ਹੈ ਕਿ ਇਸ ਮਹਾਨ ਗ੍ਰੰਥ ਸਾਹਿਬ ਦੀ ਸਾਰੀ ਕਾਵਿ-ਬਾਣੀ ਨੂੰ ਗੁਰੂ-ਸਮਾਨ ਤੇ ਗੁਰੂ-ਬਾਣੀ ੧੭ਵੀਂ ਸਦੀ ਦੇ ਆਦਿ ਤੋਂ ਹੀ ਆਖਿਆ ਜਾਣ ਲਗ ਪਿਆ ਸੀ। ਕਿਉਂਕਿ ਜਦੋਂ ਇਸ ਮਹਾਨ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਇਸ ਤਰ੍ਹਾਂ ਦੇ ਸੰਕਲਪ ਮੂਰਤੀਮਾਨ ਹੁੰਦੇ ਹਨ :—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤ ਰੇ ॥੪॥
(ਨਟ ਮ: ੪)

ਤਾਂ ਇਹ ਕਿਵੇਂ ਮੰਨਿਆਂ ਜਾ ਸਕਦਾ ਹੈ ਕਿ ਉਤਰ-ਅਧਿਕਾਰੀ ਪੰਜਾਂ ਗੁਰੂ-ਹਸਤੀਆਂ ਤੇ ਨਿਤ ਬਾਣੀ ਪੜ੍ਹਨ ਵਾਲੇ ਗੁਰਸਿੱਖਾਂ ਨੂੰ ਇਸ 'ਬਾਣੀ-ਗੁਰੂ ਤੇ ਗੁਰੂ ਹੈ ਬਾਣੀ' ਦੇ ਸੰਕਲਪ ਪ੍ਰਤੀ ਪੂਰਾ ਅਨੁਭਵ ਨਾ ਹੋਇਆ ਹੋਵੇ। 'ਬਾਣੀ' ਦਾ ਪੂਰਾ ਅਨੁਭਵ ਹੋਣ ਕਰ ਕੇ ਹੀ ਪਿਛਲੀਆਂ ਗੁਰੂ-ਸ਼ਖਸੀਅਤਾਂ 'ਗੁਰੂ' ਪੱਦ ਯੋਗ ਹੋ ਸਕਦੀਆਂ ਸਨ ਤੇ ਗੁਰੂ-ਬਾਣੀ ਦਾ ਪੂਰਨ ਅਨੁਭਵ ਵੀ ਸਾਰੇ ਪੰਜਾਬ-ਭਾਰਤ ਵਿਚ ਪ੍ਰਚੱਲਤ ਕਰ ਸਕੀਆਂ ਸਨ, ਵਿਸ਼ੇਸ਼ ਤੌਰ ਤੇ ਆਪਣੇ ਜੀਵਨ ਵਿਚ ਵੀ 'ਬਾਣੀ-ਅਨੁਭਵ' ਨੂੰ ਪੂਰਨ ਤੌਰ ਤੇ ਨਿਬਾਹ ਸਕੀਆਂ ਸਨ। ਜੇ 'ਗੁਰੂ-ਬਾਣੀ' ਤੇ 'ਬਾਣੀ-ਗੁਰੂ' ਦੇ ਸੰਕਲਪ ਨੂੰ ਉਹ ਆਪਣੇ ਜੀਵਨ ਵਿਚ ਅਨੁਭਵ ਕਰ ਸਕੀਆਂ ਤਾਂ ਇਹ ਵੀ ਠੀਕ ਮੰਨਿਆਂ ਜਾ ਸਕਦਾ ਹੈ ਕਿ ਭਾਵੇਂ ਇਸ ਮਹਾਨ ਗ੍ਰੰਥ ਸਾਹਿਬ ਨੂੰ ਪ੍ਰਮਾਣੀਕ ਤੇ ਸਿਧਾਂਤਕ ਰੂਪ ਵਿਚ 'ਗੁਰੂ' ਪੱਦ ਪ੍ਰਦਾਨ ਨਾ ਕੀਤਾ ਗਿਆ ਹੋਵੇ, ਪਰ ਆਤਮਕ ਪੱਧਰ ਤੇ ਇਸ ਮਹਾਨ ਗ੍ਰੰਥ ਸਾਹਿਬ ਨੂੰ 'ਗੁਰੂ-ਸਮਾਨ' ਹੀ ਸਤਿਕਾਰਿਆ ਤੇ ਸਵੀਕਾਰਿਆ ਜਾ ਰਿਹਾ ਸੀ।

'ਸ੍ਰੀ ਆਦਿ ਗ੍ਰੰਥ ਸਾਹਿਬ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਹਿਣ ਦੀ ਪਰੰਪਰਾ ਦਾ ਇਤਿਹਾਸਕ-ਆਰੰਭ ੧੮ਵੀਂ ਸਦੀ ਦੇ ਆਦਿ ਤੋਂ ਹੀ ਸ਼ੁਰੂ ਹੁੰਦਾ ਹੈ। ਦੂਜਿਆਂ ਸ਼ਬਦਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ (ਨਾਂਦੇੜ ਵਿਚ) ਵਿਖੇ ਜੋਤੀ ਜੋਤਿ (੧੭੦੮ ਈ: ਵਿਚ) ਸਮਾਉਣ ਲਗਦੇ ਹਨ, ਤਾਂ ਉਸ ਵਕਤ ਉਹਨਾਂ ਨੇ ਆਪਣੇ ਨਿਕਟਵਰਤੀ ਸਿੱਖਾਂ ਨੂੰ ਇਕੱਠਾ ਕੀਤਾ, ਉਹਨਾਂ ਨਾਲ ਬਚਨ-ਬਿਲਾਸ ਵੀ ਕੀਤਾ, ਉਹਨਾਂ ਨੂੰ 'ਪੰਥ ਤੇ ਗ੍ਰੰਥ' ਦਾ ਵਾਰਸ ਬਣਾਉਣ ਵਾਸਤੇ ਕਈ ਤਰ੍ਹਾਂ ਦੀਆਂ ਬੁਝਾਰਤਾਂ ਵੀ ਸਮਝਾਈਆਂ. ਅੰਤ ਸਿੱਖਾਂ ਨੇ ਵੀ ਆਪਣੇ ਮਨ-ਅੰਦਰੋਂ ਪੈਦਾ ਹੋ ਰਹੇ ਪ੍ਰਸ਼ਨਾਂ ਦੇ ਉੱਤਰ ਮੰਗੇ। ਅਰਥਾਤ 'ਤੁਹਾਡੇ ਤੋਂ ਪਿਛੋਂ 'ਗੁਰੂ' ਕੌਣ ਹੋਵੇਗਾ ? ਖਾਲਸਾ-ਪੰਥ ਦਾ ਆਗੂ ਕੌਣ ਹੋਵੇਗਾ ? ਤੁਹਾਡਾ ਦਰਸ਼ਨ-ਦੀਦਾਰ ਕਿਵੇਂ ਹੋਵੇਗਾ ? ਤੁਹਾਡੇ ਨਾਲ ਜੇ ਬਚਨ-ਬਿਲਾਸ ਕਰਨਾ ਹੋਵੇ, ਤਾਂ ਉਹ ਕਿਸ ਤਰ੍ਹਾਂ ਹੋਵੇਗਾ ?'.....ਗੁਰੂ ਗੋਬਿੰਦ ਸਿੰਘ ਜੀ ਬੜੇ ਦੂਰ-ਦਰਸ਼ੀ ਤੇ ਆਪਣੇ ਸਿੱਖਾਂ ਨਾਲ ਪਿਆਰ ਕਰਨ ਵਾਲੇ ਸਨ। ਨਾਲੇ ਉਹ ੧੫ਵੀਂ ਸਦੀ ਤੋਂ ਪ੍ਰਾਰੰਭ ਹੋਈ ਗੁਰੂ ਨਾਨਕ-ਗੱਦੀ ਤੇ ਪ੍ਰਚੰਡ ਹੋਈ ਗੁਰੂ ਨਾਨਕ-ਜੋਤਿ ਨੂੰ ਅੰਤਿਮ ਰੂਪ ਵਿਚ, ਸਦੀਵੀ ਤੌਰ ਤੇ ਪ੍ਰਜਵੱਲਤ

Digitized by Panjab Digital Library | www.panjabdigilib.org

ਰਖਣਾ ਚਾਹੁੰਦੇ ਸਨ, ਇਸ ਲਈ ਇਹ ਕਦੀ ਵੀ ਨਹੀਂ ਮੰਨਿਆਂ ਜਾ ਸਕਦਾ, ਕਿ ਉਹ 'ਗ਼ੁਰੂ-ਜੋਤਿ' ਤੇ 'ਗੁਰੂ-ਗੱਦੀ' ਦੀ ਸੰਪੂਰਨਤਾ ਸਥਾਪਨ ਕੀਤੇ ਬਿਨਾ ਹੀ ਸਾਡੀਆਂ ਅਸਥੂਲ ਅੱਖਾਂ ਤੋਂ ਦੂਰ ਹੋਏ ਹੋਣ। ਇਹ ਵੀ ਕਹਿਣਾ, ਕਿ ਉਹ 'ਜੋਤੀ-ਜੋਤਿ' ਨਹੀਂ ਸਮਾਏ, ਉਹਨਾਂ ਨੇ ਗੁਰੂ-ਗੱਦੀ ਤੇ ਗੁਰੂ-ਜੋਤਿ ਦੀ ਪੰਪਰਾ ਨੂੰ ਅਗਾਂਹ ਟੋਰਿਆ ਹੈ, ਕੁਝ ਅਣ-ਅਨੁਭਵ ਤੇ ਅਣ-ਸੂਝ ਦਾ ਹੀ ਪ੍ਰਗਟਾਵਾ ਜਾਪਦਾ ਹੈ। ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਦਸਵੇਂ ਪਾਤਿਸ਼ਾਹ ਹਨ। ਇਹ ਪਾਤਿਸ਼ਾਹੀ 'ਗੁਰੂ' ਰੂਪ ਵਿਚ ਸਿਖ ਧਰਮ ਦੀ ਅਖੀਰਲੀ ਤੇ ਦੇਹ-ਧਾਰੀ ਪਾਤਿਸ਼ਾਹੀ ਸੀ। ਭਾਵੇਂ ਗੁਰੂ-ਪਾਤਿਸ਼ਾਹੀਆਂ 'ਦੇਹ' ਵਿਚ ਜੀਉਂਦੀਆਂ ਨਹੀਂ ਸਨ, ਪਰ ਉਹਨਾਂ ਦਾ ਬਾਹਰਲਾ ਸਰੂਪ 'ਦੇਹ' ਦਾ ਜ਼ਰੂਰ ਸੀ। ਸ਼ਾਇਦ ਇਸੇ ਭੁਲੇਖੇ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਆਖ ਲਿਆ ਜਾਂਦਾ ਹੈ। ਅਸਲ ਵਿਚ ਗੁਰੂ ਸਾਹਿਬ ਸਰਗੁਣ ਸਰੂਪ ਵਿਚ ਦੇਹ-ਧਾਰੀ ਜ਼ਰੂਰ ਸਨ, ਪਰ ਉਹਨਾਂ ਦੀ ਚਿੰਤਨ-ਧਾਰਾ ਤੇ ਦ੍ਰਿਸ਼ਟੀ-ਦਿਸ਼ਾ ਕਿਸੇ ਦੇਹ-ਧਾਰੀ ਸ਼ਖਸੀਅਤ ਪ੍ਰਤੀ ਬਹੁਤਾ ਮੋਹ-ਪਿਆਰ ਨਹੀਂ ਜਗਾਂਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ, ਰਚਨਾ ਦੀ ਸਾਰੀ ਚਿੰਤਨ-ਧਾਰਾ ਤੇ ਦ੍ਰਿਸ਼ਟੀ-ਦਿਸ਼ਾ 'ਦੇਹ' ਨੂੰ ਨਾਸ਼ਮਾਨ, ਸੁਪਨੇ ਦੀ ਨਿਆਂਈ, ਮੇਘ ਦੀ ਛਾਇਆ ਤੇ ਕਾਲ-ਵਸ ਪੈਣ ਵਾਲੀ ਮੰਨਦੀ ਹੈ। 'ਦੇਹ' ਪ੍ਰਤੀ ਜਿਹੜਾ ਮੋਹ-ਪਿਆਰ ਪੈਦਾ ਹੁੰਦਾ ਹੈ ਉਸ ਦੇ ਟੁੱਟ-ਭੱਜ ਜਾਣ ਨੂੰ ਹੀ 'ਮੌਤ' ਦਾ ਸੰਕਲਪ ਦਿੱਤਾ ਜਾਂਦਾ ਹੈ। ਗੁਰੂ ਸਾਹਿਬਾਂ ਦਾ ਵਿਸ਼ਵਾਸ ਹੈ ਕਿ 'ਆਤਮਾ' ਕਦੀ ਵੀ ਮਰਦੀ ਨਹੀਂ, ਹਾਂ ਪੁਸ਼ਾਕ ਦਾ ਰੂਪ ਜ਼ਰੂਰ ਬਦਲਦੀ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਂ 'ਦੇਹ' ਨੂੰ ਮਹੱਤਵ ਪੂਰਨ ਨਹੀਂ ਮੰਨਿਆਂ, ਪਰ ਦੇਹ-ਅੰਦਰ ਵਸਦੀ 'ਆਤਮਾ' ਦੀ ਨੇਕ-ਜੋਤਿ ਨੂੰ ਜ਼ਰੂਰ ਮਹਾਨਤਾ ਦਿੱਤੀ ਹੈ। ਗੁਰੂ-ਬਾਣੀ ਦੀ ਦ੍ਰਿਸ਼ਟੀ-ਦਿਸ਼ਾ ਵਿਚ ਤਾਂ ਮਹਾਨ ਨੈ ਹੀ ਉਹ, ਜਿਹੜਾ ਆਤਮਕ-ਜ਼ਿੰਦਗੀ ਜੀਉਂਦਾ ਹੈ, ਆਤਮਾ ਦੀ ਨੇਕ-ਜੋਤਿ ਦਾ ਅਨੁਭਵ ਕਰਦਾ ਹੈ, ਜਿਸ ਦੀਆਂ ਜੀਵਨ-ਕੀਮਤਾਂ ਅੰਤਰ-ਆਤਮਕ ਹਨ, ਜਿਸ ਦਾ ਸਮੁੱਚਾ 'ਅਨੁਭਵ' ਜੀਵਨ ਜੀਉਣ ਦਾ ਤੇ ਜੀਵਨ ਨੂੰ ਉੱਚ ਕੱਦਰਾਂ-ਕੀਮਤਾਂ ਤੇ ਮਾਪਣ ਦਾ ਅੰਤਰ-ਆਤਮਕ ਹੈ। ਗੁਰੂ-ਬਾਣੀ ਵਿਚ ਅੰਤਰ-ਆਤਮਕ ਜਾਂ ਅਦ੍ਵੈਤ-ਜੀਵਨ ਦੀ ਉਸਾਰੀ ਦੀ ਹੀ ਦ੍ਰਿਸ਼ਟੀ-ਦਿਸ਼ਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸੇ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖਿਆ ਜਾ ਸਕਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ 'ਜੋਤੀ-ਜੋਤਿ' ਸਮਾਉਣ ਲਗੇ, ਉਸ ਵਕਤ ਉਹਨਾਂ ਨੇ ਆਪਣੇ ਸਿੱਖਾਂ ਨੂੰ ਜਿਹੜੀ ਸਿੱਖੀ ਦੀ ਬੁਝਾਰਤ ਸਮਝਾਈ ਸੀ, ਉਹ ਵੀ ਇਹੀ ਸੀ, "ਅੱਜ ਤੋਂ ਦੇਹ-ਧਾਰੀ ਗੁਰੂਆਂ ਨੂੰ ਮੱਥਾ ਟੇਕਣ ਦੀ ਥਾਂ ਇਸ ਮਹਾਨ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਹੈ, ਅੱਜ ਤੋਂ ਇਹੀ ਤੁਹਾਡਾ ਗੁਰੂ ਹੈ, ਇਹੀ ਦੱਸਾਂ ਪਾਤਿਸ਼ਾਹੀਆਂ ਦੀ ਜਾਗਦੀ-ਜੋਤਿ ਹੈ, ਇਸ ਦਾ ਦਰਸ਼ਨ-ਦੀਦਾਰ ਹੀ ਦੱਸਾਂ ਪਾਤਿਸ਼ਾਹੀਆਂ ਦਾ ਦਰਸ਼ਨ-ਦੀਦਾਰ ਹੈ। ਸਾਰਾ 'ਪੰਥ' ਇਸ ਦੀ ਤਾਬਿਆ ਹੈ, ਇਹੀ 'ਗੁਰੂ-ਗ੍ਰੰਥ' ਪੰਥ ਦਾ ਆਗੂ ਹੈ, ਇਸੇ 'ਬਾਣੀ-ਗੁਰੂ ਤੇ ਗੁਰੂ-ਬਾਣੀ' ਦੇ ਉਪਦੇਸ਼ ਹੀ ਤੁਹਾਡੇ ਵਾਸਤੇ ਚਾਨਣ-ਮੁਨਾਰਾ ਹਨ। ਜੇ ਤੁਸੀਂ ਮੇਰੇ ਨਾਲ ਬਚਨ-ਬਿਲਾਸ ਕਰਨਾ ਚਾਹੁੰਦੇ ਹੋ, ਤਾਂ ਤੁਸੀਂ 'ਸ਼ਬਦ' ਪੜ੍ਹੋ, ਗੁਰੂ-ਬਾਣੀ ਪੜ੍ਹੋ, ਅੰਤਰ-ਆਤਮੇ ਮੈਂ ਤੁਹਾਡੇ ਨਾਲ ਗਲਬਾਤ ਕਰਾਂਗਾ, ਤੁਹਾਨੂੰ ਪੂਰਨ ਤੌਰ ਤੇ ਅਗਵਾਈ ਦਿਆਂਗਾ, ਨੇਕੀ ਦੀ ਆਵਾਜ਼ ਨੂੰ ਬੁਲੰਦ

Digitized by Panjab Digital Library | www.panjabdigilib.org

ਕਰਨ ਵਾਸਤੇ ਤੁਹਾਡਾ ਸਹਾਇਕ-ਸਿੱਧ ਹੋਵਾਂ ਗਾ।" ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਸੰਪਾਦਤ ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤੇ ਇਸ ਮਹਾਨ ਗ੍ਰੰਥ ਸਾਹਿਬ ਨੂੰ 'ਪੋਥੀ-ਪ੍ਰਮੇਸ਼ਰ' ਦੀ ਥਾਂ 'ਗੁਰੂ-ਪ੍ਰਮੇਸ਼ਰ' ਦਾ ਸਥਾਨ ਦੇ ਕੇ, ਇਸ ਮਹਾਨ ਗ੍ਰੰਥ ਸਾਹਿਬ ਨੂੰ 'ਗੁਰੂ' ਮੰਨ ਕੇ ਪਹਿਲਾਂ ਆਪ ਮੱਥਾ ਟੇਕਿਆ, ਫਿਰ ਸਰਬ ਸਿੱਖਾਂ ਕੋਲੋਂ ਮੱਥਾ ਟਿਕਵਾਇਆ । ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ, 'ਗੁਰੂ ਤੇ ਸਿੱਖਾਂ' ਵਿਚ ਇਕ ਜਿਹੜਾ ਫਰਕ ਚਲਿਆ ਆ ਰਿਹਾ ਸੀ, ਇਸ ਮਹਾਨ ਗ੍ਰੰਥ ਸਾਹਿਬ ਨੂੰ ਆਪਣਾ ਤੇ ਸਿੱਖਾਂ ਦਾ ਸਾਂਝਾ ਗ੍ਰੰਥ ਮੰਨ ਕੇ, ਉਸ ਨੂੰ ਪੂਰਨ ਰੂਪ ਵਿਚ ਮਿਟਾ ਦਿੱਤਾ, ਦੂਜਾ 'ਦੇਹ-ਧਾਰੀ' ਗੁਰੂਆਂ ਦੀ ਪਰੰਪਰਾ ਨੂੰ ਪੂਰਨ ਰੂਪ ਵਿਚ ਸਮਾਪਤ ਕਰ ਦਿੱਤਾ, ਤੀਜਾ ਸਮੁੱਚੇ ਖਾਲਸਾ-ਪੰਥ ਨੂੰ ਇਹ ਸਮਝਾ ਦਿੱਤਾ ਕਿ ਸਿਖ ਧਰਮ ਜੋਤਿ ਦਾ ਪੁਜਾਰੀ ਹੈ, ਦੇਹ ਦਾ ਪੁਜਾਰੀ ਨਹੀਂ, ਚੌਥਾ ਖਾਲਸਾ-ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿਣ ਲਈ ਪ੍ਰੇਰ ਦਿੱਤਾ, ਪੰਜਵਾਂ 'ਬਾਣੀ ਗੁਰੂ ਤੇ ਗੁਰੂ ਬਾਣੀ' ਦੇ ਸੰਕਲਪ ਨੂੰ ਸਾਖਿਯ ਤ ਰੂਪ ਵਿਚ 'ਗੁਰੂ' ਪ੍ਰਗਟ ਕਰ ਦਿੱਤਾ । ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸੰਪਾਦਤ ਕੀਤੇ 'ਗ੍ਰੰਥ ਸਾਹਿਬ' ਨੂੰ ਸੰਪੂਰਨਤਾ (ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰ ਕੇ) ਤੇ 'ਗੁਰੂ' ਪੱਦ ਪ੍ਰਦਾਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੀ ਹਨ । ਗੁਰੂ ਗੋਬਿੰਦ ਸਿੰਘ ਜੀ ਹੀ ਗੁਰੂ ਨਾਨਕ-ਗੱਦੀ ਦੇ ਦਸਵੇਂ ਤੇ ਅੰਤਿਮ ਵਾਰਸ ਸਨ । ਤੇ ਗੁਰੂ ਗੋਬਿੰਦ ਸਿੰਘ ਜੀ ਹੀ ਗੁਰੂ ਨਾਨਕ-ਜੋਤਿ ਦੀ ਦਸਵੀਂ ਜੋਤਿ ਦੇ ਮਾਲਕ ਸਨ । ਗੁਰੂਆਂ ਦੀ ਦੇਹ-ਸ਼ਖਸੀਅਤ ਵਿਚ ਫਰਕ ਜ਼ਰੂਰ ਹੈ, ਪਰ ਉਹਨਾਂ ਦੀ ਜੋਤਿ ਅਨੇਕ ਹੰਦੀ ਹੋਈ ਵੀ ਇਕ ਹੈ । 'ਜੋਤਿ' ਕਰ ਕੇ ਤਾਂ ਸਾਰੇ ਭਗਤ, ਭੱਟ ਤੇ ਦਰਵੇਸ਼ (ਆਦਿ ਗ੍ਰੰਥ ਦੇ ਕਾਵਿ-ਕਰਤਾ) ਵੀ ਗੁਰੂ-ਜੋਤਿ ਦੇ ਸਮਾਨ ਹਨ। ਇਸੇ ਕਰਕੇ ਉਹਨਾਂ ਦੀ ਚਿੰਤਨ-ਧਾਰਾ ਤੇ ਦ੍ਰਿਸ਼ਟੀ-ਦਿਸ਼ਾ ਇਕ ਹੈ । ਇਹ ਵੀ ਇਕ ਪਰਮਾਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਨ ਗ੍ਰੰਥ ਸਾਹਿਬ ਦੇ ਕਾਵਿ ਕਰਤਿਆਂ ਨੂੰ ਇਕ ਮੰਨ ਕੇ, ਸਾਰਿਆਂ ਨੂੰ ਇਕ ਸਮਾਨ 'ਗੁਰੂ' ਪੱਦ ਪ੍ਰਦਾਨ ਕਰ ਦਿੱਤਾ ਹੈ। ਪਰ ਸਮੁੱਚੇ ਰੂਪ ਵਿਚ ਜਦੋਂ ਸਾਰੇ 'ਗ੍ਰੰਥ ਸਾਹਿਬ' ਦੀ ਚਿੰਤਨ ਧਾਰਾ ਤੇ ਦ੍ਰਿਸ਼ਟੀ-ਦਿਸ਼ਾ ਦੀ ਗਲ ਕੀਤੀ ਜਾਂਦੀ ਹੈ ਤਾਂ ਉਸ ਵਕਤ ਸਾਰੇ 'ਗ੍ਰੰਥ ਸਾਹਿਬ' ਨੂੰ 'ਗੁਰੂ ਗ੍ਰੰਥ ਸਾਹਿਬ' ਹੀ ਆਖਿਆ ਜਾਂਦਾ ਹੈ, ਸਾਰੀ ਬਾਣੀ ਨੂੰ, 'ਗੁਰੂ' ਪੱਦ ਹੀ ਪ੍ਰਦਾਨ ਕੀਤਾ ਜਾਂਦਾ ਹੈ। ਸ਼ਾਇਦ ਗੁਰੂ-ਜੋਤਿ ਦੀ ਪ੍ਰਧਾਨਤਾ ਹੋਣ ਕਾਰਨ ਹੀ ।

'ਗੁਰੂ' ਭਾਵੇਂ ਵਿਸ਼ੇਸ਼ ਹਸਤੀ ਦਾ ਵੀ ਪ੍ਰਤੀਕ ਹੈ, ਪਰ ਸਿਖ ਧਰਮ ਨੇ 'ਗੁਰੂ' ਦਾ ਸੰਕਲਪ ਇਕ ਜੋਤਿ, ਦੀਵਾ ਜਾਂ ਚਰਾਗ਼ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਹੈ। ਭਾਵੇਂ ਸਾਧਾਰਨ ਰੂਪ ਵਿਚ ਦਸ ਗੁਰੂ ਸਾਹਿਬਾਨ ਦੇਹ-ਧਾਰੀ 'ਗੁਰੂ' ਹੀ ਸਨ, ਪਰ ਸਿਖ ਧਰਮ ਉਹਨਾਂ ਦੀ 'ਦੇਹ' ਦਾ ਇੰਨਾ ਪੁਜਾਰੀ ਨਹੀਂ, ਜਿੰਨਾ ਉਹਨਾਂ ਦੀ ਸਦਾ ਜਗਦੀ ਸ਼ਬਦ-ਜੋਤਿ ਦਾ ਪੁਜਾਰੀ ਹੈ। ਜੇ ਗੁਰੂਆਂ ਨੂੰ ਵਿਸ਼ੇਸ਼ ਹਸਤੀ ਮੰਨਿਆਂ ਵੀ ਜਾਂਦਾ ਹੈ, ਤਾਂ ਇਸ ਦਾ ਆਧਾਰ ਉਹਨਾਂ ਦੀ ਵਿਸ਼ੇਸ਼ ਤੇ ਵਿਲੱਖਣ ਅਧਿਆਤਮਿਕ-ਜੋਤਿ ਹੀ ਹੈ। ਗੁਰੂਆਂ ਦੀ ਅਧਿਆਤਮਿਕ-ਜੋਤਿ ਜਾਂ ਸ਼ਬਦ-ਜੋਤਿ ਨੂੰ ਹੀ ਸਿਖ ਧਰਮ 'ਗੁਰੂ' ਪੱਦ ਪ੍ਰਦਾਨ ਕਰਦਾ ਹੈ। 'ਗੁਰੂ' ਦਾ ਸ਼ਬਦ-ਅਰਥ ਹੈ, 'ਅਗਿਆਨਤਾ ਵਿਚ ਗਿਆਨ ਦੀ ਜੋਤਿ, ਗਿਆਨ ਦਾ ਦੀਵਾ ਜਾਂ ਗਿਆਨ ਦਾ ਚਰਾਗ਼ ਬਾਲਣ

Digitized by Panjab Digital Library | www.panjabdigilib.org

ਵਾਲਾ ।' ਜੋਤਿ, ਦੀਵਾ ਜਾਂ ਚਰਾਗ਼ ਦੇ ਬੱਲਣ ਨਾਲ ਹੀ ਦ੍ਰਿਸ਼ਟ ਤੇ ਅਦ੍ਰਿਸ਼ਟ-ਮੰਡਲ ਦਾ ਪੂਰਾ ਪ੍ਰਕਾਸ਼ ਹੋ ਸਕਦਾ ਹੈ। 'ਗੁਰੂ' ਭਾਵੇਂ ਵਿਸ਼ੇਸ਼ ਹਸਤੀ ਦੇ ਰੂਪ ਵਿਚ ਹੋਵੇ ਤੇ ਭਾਵੇਂ ਜੋਤਿ, ਦੀਵਾ ਜਾਂ ਚਰਾਗ਼ ਦੇ ਰੂਪ ਵਿਚ ਹੋਵੇ, ਉਸ ਦਾ ਕਰਤੱਵ ਅਗਿਆਨਤਾ ਵਿਚ ਗਿਆਨ ਦਾ ਪ੍ਰਕਾਸ਼ ਕਰਨਾ ਹੀ ਹੁੰਦਾ ਹੈ । 'ਗਿਆਨ' ਹੀ ਬ੍ਰਹਮ-ਗਿਆਨ ਦੀ ਸਰਬ-ਉੱਤਮ ਟੀਸੀ ਹੈ । 'ਬ੍ਰਹਮ-ਗਿਆਨ' ਦੁਆਰਾ ਹੀ ਅਗਿਆਨ ਦੂਰ ਕੀਤਾ ਜਾ ਸਕਦਾ ਹੈ । ਜਿਵੇਂ ਸਮਾਜਕ ਪੱਧਰ ਤੇ 'ਦੀਵਾ ਬਲੇ ਅੰਧੇਰਾ ਜਾਇ' ਵਾਕ ਉਪਯੋਗੀ ਸਿੱਧ ਹੋ ਜਾਂਦਾ ਹੈ, ਕੁਝ ਇਸੇ ਤਰ੍ਹਾਂ ਅਧਿਆਤਮਿਕ ਪੱਧਰ ਤੇ ਅੰਤਰ-ਆਤਮਾ ਵਿਚ 'ਬ੍ਰਹਮ-ਗਿਆਨ' ਦਾ ਦੀਵਾ ਬਲਦਾ ਅਨੁਭਵ ਕਰਦਾ ਮਨੁਖ ਵਹਿਮ-ਭਰਮ, ਧੋਖਾ-ਫਰੇਬ ਤੇ ਠੱਗੀ ਦੀ ਸਾਰੀ ਅਗਿਆਨਤਾ ਤੋਂ ਵੀ ਬੱਚ ਜਾਂਦਾ ਹੈ, ਅੰਤਰ-ਆਤਮਾ ਆਪਣੇ ਸ਼ੁਧ ਰੂਪ ਵਿਚ ਵਿਗਸਣ ਲਗ ਪੈਂਦੀ ਹੈ । 'ਗੁਰੂ' ਸਮਾਜਕ ਤੌਰ ਤੇ ਵੀ ਆਮ ਮਨੁਖਾਂ ਨਾਲੋਂ ਵਿਸ਼ੇਸ਼ ਹਸਤੀ ਹੁੰਦੀ ਹੈ, ਪਰ ਅਧਿਆਤਮਿਕ ਤੌਰ ਤੇ ਤਾਂ ਉਸ ਨੂੰ ਸਰਬ-ਉੱਚਾ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ । ਜਦੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ 'ਗੁਰੂ' ਪੱਦ ਨਾਲ ਯਾਦ ਕੀਤਾ ਜਾਂਦਾ ਹੈ, ਤਾਂ ਇਸ ਦਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਾਵਿ ਕਰਤਾ-ਗੁਰੂ, ਭਗਤ, ਭੱਟ, ਦਰਵੇਸ਼ ਤੇ ਕੁਝ ਗੁਰਸਿੱਖ, ਸਾਰੇ ਦੇ ਸਾਰੇ 'ਬ੍ਰਹਮ-ਗਿਆਨ' ਦੀ ਜ਼ਿੰਦਗੀ ਜੀਉਂਦੇ ਸਨ । ਸਾਰੇ ਬ੍ਰਹਮ-ਗਿਆਨ ਦੀ ਅਧਿਆਤਮਿਕ-ਜੋਤਿ ਸਨ, ਸਾਰੇ ਦੀਵਾ ਜਾਂ ਚਰਾਗ਼ ਦੇ ਸਮਾਨ ਸਨ । ਚੂੰਕਿ ਬ੍ਰਹਮ ਦੀ ਅਧਿਆਤਮਿਕ-ਜੋਤਿ ਵਿਚ ਨਾ ਕੁਲ-ਜਾਤਿ ਦਾ ਅੰਤਰ ਹੁੰਦਾ ਹੈ ਅਤੇ ਨਾ ਹੀ ਰੂਪ-ਰੰਗ, ਬੋਲੀ, ਕਿੱਤਾ ਤੇ ਸਭਿਆਚਾਰ ਦਾ ਅੰਤਰ ਹੁੰਦਾ ਹੈ । ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਵਿ-ਕਰਤਾ ਵੱਖਰੀ ਵੱਖਰੀ ਕੁਲ-ਜਾਤਿ, ਰੂਪ-ਰੰਗ, ਬੋਲੀ, ਕਿੱਤਾ ਤੇ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੇ ਹੋਏ ਵੀ ਆਪਣੀ ਅਧਿਆਤਮਿਕ-ਜੋਤਿ ਕਾਰਨ ਇਕ ਹਨ, ਇਕ ਦੂਜੇ ਦੇ ਸਮਾਨ ਹਨ । 'ਦੇਹ ਤੇ ਸਰੂਪ' ਕਰ ਕੇ, ਭਾਵੇਂ ਇਹਨਾਂ ਵਿਚੋਂ ਭਿੰਨ-ਭੇਦਤਾ ਲੱਭੀ ਜਾ ਸਕਦੀ ਹੈ, ਪਰ ਜੋਤਿ ਕਰ ਕੇ, ਇਹ ਸਾਰੇ ਇਕ-ਏਕਤਾ ਦੇ ਭਾਈਵਾਲ ਹਨ । ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੀ ਚਿੰਤਨ-ਧਾਰਾ ਵਿਚ ਬ੍ਰਹਮ-ਗਿਆਨ ਦੀ ਹੀ ਪ੍ਰਧਾਨਤਾ ਹੈ ਤੇ ਦ੍ਰਿਸ਼ਟੀ-ਦਿਸ਼ਾ ਵਿਚ ਗੁਰੂ-ਜੋਤਿ ਜਾਂ ਬ੍ਰਹਮ-ਜੋਤਿ ਨੂੰ ਹੀ ਪ੍ਰਮੁਖ ਰੂਪ ਵਿਚ ਵਿਸ਼ੇਸ਼ਤਾ ਦਿਤੀ ਗਈ ਹੈ । ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਨ ਗ੍ਰੰਥ ਸਾਹਿਬ ਨੂੰ 'ਗੁਰੂ-ਖਿਤਾਬ' ਪ੍ਰਦਾਨ ਕੀਤਾ ਤਾਂ ਉਹਨਾਂ ਦੀ ਅੰਤਰ-ਆਤਮਾ ਵਿਚ ਵੀ 'ਗੁਰੂ' ਪੱਦ ਗਿਆਨ (ਬ੍ਰਹਮ-ਗਿਆਨ) ਦਾ ਹੀ ਲਖਾਇਕ ਸੀ। ਜਦੋਂ ਉਹ ਆਪਣੀ ਬਾਣੀ ਵਿਚ ਕਹਿੰਦੇ ਹਨ', 'ਗਿਆਨ-ਗੁਰੂ' ਆਤਮ-ਉਪਦੇਸਹੁ' ਤਾਂ ਇਸ ਦਾ ਭਾਵ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੀ 'ਗੁਰੂ' ਦੇ ਸੰਕਲਪ ਵਿਚ ਗੁਰੂ ਨਾਨਕ-ਪਰੰਪਰਾ ਦੇ ਹੀ ਅਨੁਸਾਰੀ ਸਨ । ਚੂੰਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਪਾਤਿਸ਼ਾਹੀਆਂ ਦੀ ਜੋਤਿ ਦਾ ਗਿਆਨ ਹੈ ਤੇ ਜੋਤਿ ਦਾ ਗਿਆਨ ਹੀ 'ਗੁਰੂ' ਅਖਵਾਉਂਦਾ ਹੈ । ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖ ਲਿਆ ਜਾਂਦਾ ਹੈ ।

ਆਤਮਕ ਰੂਪ ਵਿਚ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖਿਆ ਜਾ ਸਕਦਾ ਹੈ । ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਤੇ ਸ਼ਬਦ ਦੇ ਰੂਪ

Digitized by Panjab Digital Library | www.panjabdigilib.org

ਵਿਚ ਜਿਹੜੀ ਜੋਤਿ ਬਾਲੀ ਸੀ, ਉਹ ਪ੍ਰਮੁਖ ਰੂਪ ਵਿਚ ਆਤਮਕ ਹੀ ਸੀ। 'ਗੁਰੂ-ਗੱਦੀ' ਗੁਰੂਆਂ ਦੇ ਸਮੇਂ ਵਿਚ ਕਿਸੀ ਵੇਲੇ ਵੀ ਨਿਜੀ ਜਾ ਘਰੇਗੀ ਪੂੰਜੀ ਨਹੀਂ ਬਣੀ ਅਤੇ ਨਾ ਹੀ ਕਦੀ ਗੁਰੂਆਂ ਨੇ ਆਪਣੀ ਨਿਜੀ ਜਾਇਦਾਦ ਹੋਣ ਦਾ ਦਾਹਵਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਸੱਚ ਦੀ ਨੀਂਹ ਉੱਤੇ ਇਸ ਗੁਰੂ-ਗੱਦੀ ਦਾ ਨਿਰਮਾਣ ਕੀਤਾ ਸੀ ਤੇ ਜਿਹੜਾ ਪੁਰਸ਼ ਉਹਨਾਂ ਦਾ ਨਿਕਟਵਰਤੀ ਹੋ ਕੇ, ਆਪਣੇ ਆਪ ਨੂੰ ਪੂਰਨ ਰੂਪ ਵਿਚ 'ਸੱਚ ਦੀ ਮੂਰਤਿ' ਬਣਾ ਲੈਂਦਾ ਸੀ, ਆਪਣੇ ਗੁਰੂਆਂ ਵਾਂਗ ਆਪਣੇ ਜੀਵਨ-ਵਿਹਾਰ ਨੂੰ ਢਾਲ ਲੈਂਦਾ ਸੀ, ਗੁਰੂ ਸਾਹਿਬਾਨ ਉਹਨਾਂ 'ਸੱਚ ਦੀਆਂ ਮੂਰਤਾਂ' ਨੂੰ ਹੀ ਆਪਣਾ, 'ਜਾ-ਨਸ਼ੀਨ-ਗੁਰੂ' ਮੰਨ ਲੈਂਦੀਆਂ ਸਨ। ਚੂੰਕਿ ਹਰ 'ਗੁਰ-ਸਿੱਖ' ਗੁਰੂ-ਨਦਰਿ ਵਿਚ ਪ੍ਰਵਾਨ ਹੋਣ ਪਿਛੋਂ 'ਗੁਰੂ' ਬਣਦਾ ਸੀ, ਇਸ ਲਈ ਬਣਨ ਵਾਲੇ 'ਗੁਰੂ' ਵਿਚ 'ਸੱਚ ਤੇ ਨਦਰਿ' ਦੀ ਸਮਰੱਥਾ ਆ ਜਾਂਦੀ ਸੀ। ਅਸਲ ਵਿਚ ਦੱਸਾਂ ਪਾਤਿਸ਼ਾਹੀਆਂ ਦੀ ਪਹਿਲੀ ਜੋਤਿ ਗੁਰੂ ਨਾਨਕ ਦੇਵ ਜੀ ਸੱਚ ਦੀ ਮੂਰਤਿ ਵੀ ਸਨ ਤੇ ਪ੍ਰਭੂ-ਨਦਰਿ ਦੇ ਪੂਰਨ ਅਧਿਕਾਰੀ ਵੀ ਸਨ। ਉਹ ਆਪਣੀ ਨਦਰਿ-ਸ਼ਕਤੀ ਦੁਆਰਾ ਹੀ ਆਪਣੇ ਜਾ-ਨਸ਼ੀਨਾਂ ਦੀ ਅੰਤਰ-ਆਤਮਾ ਵਿਚ 'ਸੱਚ ਦੀ ਜੋਤਿ' ਪ੍ਰਜਵੱਲਤ ਕਰ ਜਾਂਦੇ ਸਨ। ਇਸ ਤਰ੍ਹਾਂ ਨੌਂ ਪਾਤਿਸ਼ਾਹੀਆਂ ਅੰਦਰ ਗੁਰੂ ਨਾਨਕ ਦੇਵ ਜੀ ਦੀ 'ਸੱਚ-ਜੋਤਿ' ਪੂਰਨ ਰੂਪ ਵਿਚ ਪ੍ਰਜਵੱਲਤ ਹੋਈ। ਇਸੇ ਕਰ ਕੇ ਦੱਸਾਂ ਪਾਤਿਸ਼ਾਹੀਆਂ ਦੀ ਜੀਵਨ-ਸ਼ਖਸੀਅਤ, ਰੂਪ-ਰੇਖਾ, ਪਰਿਵਾਰ-ਬੰਹਿਣ ਖਲੋਣ ਤੇ ਕਰਤੱਵ-ਖੇਤਰ, ਸਭ ਕੁਝ ਵੱਖਰਾ ਹੋਣ ਦੇ ਬਾਵਜੂਦ ਵੀ, ਉਹਨਾਂ ਨੂੰ ਆਤਮਕ ਤੌਰ ਤੇ 'ਏਕ ਦਾ ਹੀ ਅਨੇਕ ਰੂਪ, ਮੰਨਿਆਂ ਜਾਂਦਾ ਹੈ। ਦੱਸਾਂ ਪਾਤਿਸ਼ਾਹੀਆਂ ਦੇ ਰੂਪ ਭਾਵੇਂ ਅਨੇਕ ਹਨ, ਪਰ ਉਹਨਾਂ ਵਿਚ ਜੋਤਿ ਇਕ ਸੀ ਤੇ ਉਹ ਸੀ ਪਰਧਾਨ ਤੇ ਪ੍ਰਮੁਖ-ਜੋਤਿ 'ਗੁਰੂ ਨਾਨਕ ਦੇਵ' ਜੀ ਦੀ।

'ਸਰਬ-ਗੁਰੂ-ਪਾਤਿਸ਼ਾਹੀਆਂ' ਦੀ ਅੰਤਰ-ਆਤਮਾ 'ਗੁਰੂ ਨਾਨਕ ਦੇਵ' ਜੀ ਦੀ ਅੰਤਰ-ਆਤਮਾ ਹੈ। ਗੁਰੂ ਨਾਨਕ ਦੇਵ ਜੀ ਦੀ ਅੰਤਰ-ਆਤਮਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸ਼ਬਦ-ਬਾਣੀ ਵਿਚ ਸਥਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਬਦ-ਬਾਣੀ ਗੁਰੂ ਨਾਨਕ ਦੇਵ ਜੀ ਦੀ ਸਾਖਿਆਤ-ਆਤਮਾ ਹੈ। ਸ਼ਬਦ-ਬਾਣੀ ਹੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਹੈ। ਇਸੇ ਸ਼ਬਦ-ਬਾਣੀ ਨੂੰ ਹੀ ਦੀਵਾ, ਚਾਨਣ ਤੇ ਚਰਾਗ ਦੇ ਉਪਮਾਨ ਦਿਤੇ ਗਏ ਹਨ। ਸ਼ਬਦ-ਜਤਿ ਹੀ ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਸੀ, ਸ਼ਬਦ-ਜੋਤਿ ਆਸਰੇ ਹੀ ਉਹ ਸਾਰੇ ਜਗਤ ਵਿਚ ਘੁੱਮੇ, ਸ਼ਬਦ-ਜੋਤਿ ਦੁਆਰਾ ਹੀ ਉਹਨਾਂ ਨੌਂ ਖੰਡ ਪ੍ਰਿਥਮੀ ਨੂੰ ਜਿਤਿਆ, ਸ਼ਬਦ-ਜੋਤਿ ਦਾ ਹੀ ਉਹਨਾਂ ਨੇ ਸਰਬ-ਸ੍ਰਿਸ਼ਟੀ ਆਕਾਰ ਵਿਚ ਚੱਕਰ ਫਿਰਾਇਆ! ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਦੇਹ ਜਾਂ ਮੋਹ-ਮਾਇਆ ਦੀ ਜ਼ਿੰਦਗੀ ਸਥਿਰ ਤੇ ਸਦੀਵੀ ਜ਼ਿੰਦਗੀ ਨਹੀਂ ਤੇ ਨਾ ਹੀ ਇਸ ਤਰ੍ਹਾਂ ਦੀ ਜ਼ਿਦਗੀ ਨੂੰ ਆਤਮਕ ਤੇ ਆਦਰਸ਼ਕ ਆਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਆਤਮਕ ਤੇ ਆਦਰਸ਼ਕ-ਜ਼ਿੰਦਗੀਆਂ ਨਿਰਮਾਣਨ ਦੇ ਅਭਿਲਾਸ਼ੀ ਸਨ। ਉਹ ਆਪ ਵੀ ਆਤਮਕ ਤੇ ਆਦਰਸ਼ਕ ਜ਼ਿੰਦਗੀ ਜੀਉਂਦੇ ਸਨ। ਆਤਮਕ ਤੇ ਆਦਰਸ਼ਕ ਜ਼ਿੰਦਗੀ ਅਸਲ ਵਿਚ ਸੱਚ ਤੇ ਸੱਚ-ਆਚਾਰ ਵਾਲੀ ਹੀ ਹੋ ਸਕਦੀ ਹੈ, ਬ੍ਰਹਮ-ਗਿਆਨ ਵਾਲੀ ਜ਼ਿੰਦਗੀ ਹੀ ਹੋ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ

Digitized by Panjab Digital Library | www.panjabdigilib.org

ਸਾਰੀ ਕਾਵਿ-ਬਾਣੀ ਵਿਚ 'ਬ੍ਰਹਮ-ਗਿਆਨ', ਸੱਚ ਤੇ ਆਚਾਰੁ ਵਾਲੀ ਜ਼ਿੰਦਗੀ ਦਾ ਹੀ ਵਿਸਥਾਰ-ਵਿਸ਼ਲੇਸ਼ਣ ਕੀਤਾ ਗਿਆ ਹੈ। ਸੰਖੇਪ ਰੂਪ ਵਿਚ 'ਸ਼ਬਦ-ਜੋਤਿ' ਆਧਾਰਤ ਜੀਵੀ ਜਾ ਰਹੀ ਜ਼ਿੰਦਗੀ ਅਸਲ ਵਿਚ ਜੋਤਿ ਦੀ ਜ਼ਿੰਦਗੀ ਹੈ, ਗੁਰੂ ਨਾਨਕ-ਨਦਰਿ ਵਿਚ ਪ੍ਰਵਾਨ ਹੋਈ ਜ਼ਿੰਦਗੀ ਹੈ। ਉੱਤਰਾਧਿਕਾਰੀ ਨੌਂ ਗੁਰੂਆਂ ਦੀ ਜੋਤਿ ਸਹੀ ਅਰਥਾਂ ਵਿਚ 'ਸ਼ਬਦ ਦੀ ਜੋਤਿ' ਹੀ ਸੀ, ਗੁਰੂ ਨਾਨਕ-ਨਦਰਿ ਵਿਚ ਪ੍ਰਵਾਨ ਜੋਤਿ ਹੀ ਸੀ। ਇਸੇ ਕਰ ਕੇ ਦੱਸਾਂ ਪਾਤਿਸ਼ਾਹੀਆਂ ਵਿਚੋਂ ਕਿਸੇ ਗੁਰੂ-ਕਵੀ ਨੇ ਸ਼ਬਦ ਬਾਣੀ ਰਚੀ ਹੈ ਜਾਂ ਨਹੀਂ ਇਸ ਨੂੰ ਇੰਨੀ ਮਹੱਤਤਾ ਨਹੀਂ ਦਿੱਤੀ ਜਾਂਦੀ, ਜਿੰਨੀ ਉਹਨਾਂ ਦੀ ਆਤਮਕ-ਜ਼ਿੰਦਗੀ ਨੂੰ, ਜਿਹੜੀ ਸ਼ਬਦ-ਜੋਤਿ ਦੇ ਆਸਰੇ ਆਪਣੇ ਆਪ ਨੂੰ 'ਗੁਰੂ-ਪੱਦ' ਤੇ ਗੁਰੂ ਨਾਨਕ-ਨਦਰਿ ਦਾ ਅਧਿਕਾਰੀ ਹੋਣ ਲਈ ਯੋਗ ਸਿੱਧ ਕਰ ਲੈਂਦੀ ਹੈ। ਕਿਉਂਕਿ ਸ਼ਬਦ-ਜੋਤਿ ਵਾਂਗ ਜ਼ਿੰਦਗੀ ਜੀਉਣ ਦਾ ਭਾਵ ਹੀ ਇਹ ਹੈ ਕਿ ਸਰਬ-ਗੁਰੂਆਂ ਦੀ ਜੋਤਿ ਇਕ ਹੈ। ਨਾਲੇ 'ਸ਼ਬਦ-ਜੋਤਿ' ਸਰਬ-ਕਾਲ ਤੇ ਸਰਬ-ਸਥਾਨ ਵਿਚ ਇਕ ਤਰ੍ਹਾਂ ਦੀ ਹੀ ਹੁੰਦੀ ਹੈ। ਇਸੇ ਕਰ ਕੇ ਦਸ ਗੁਰੂ-ਪਾਤਿਸ਼ਾਹੀਆਂ ਵਿਚ ਨਾ ਤਾਂ ਉਚ-ਨੀਚ ਦਾ ਭਾਵ ਹੈ ਅਤੇ ਨਾ ਹੀ ਹੋਰ ਕਿਸੇ ਤਰ੍ਹਾਂ ਦਾ ਭਿੰਨ-ਭੇਦ ਹੈ। ਸਰਬ-ਪੱਧਰ ਤੇ 'ਗੁਰੂ-ਜੋਤਿ' ਇਕ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਸ਼ਬਦ-ਗੁਰੂ-ਜੋਤਿ' ਦਾ ਹੀ ਸੁਤੇ ਸਿਧ-ਪ੍ਰਕਾਸ਼ ਹੈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖਿਆ ਜਾਂਦਾ ਹੈ ਤਾਂ ਇਸ ਦਾ ਇਕ ਭਾਵ ਇਹ ਹੈ ਕਿ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਇਕ ਹੈ, ਦੂਜਾ ਦੱਸਾਂ ਪਾਤਿਸ਼ਾਹੀਆਂ ਵਿਚ ਦੇਹ ਦੀ ਪ੍ਰਧਾਨਤਾ ਨਹੀਂ, ਬਲਕਿ ਅਦ੍ਵੈਤ ਜੋਤਿ ਦੀ ਹੀ ਪ੍ਰਧਾਨਤਾ ਹੈ, ਤੀਜਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਗੁਰ-ਜੋਤਿ ਦਾ ਹੀ ਪ੍ਰਕਾਸ਼ ਹੈ, ਚੌਥਾ ਭਾਵੇਂ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸ਼ਨ ਜੀ ਨੇ ਕੋਈ ਵੀ ਕਾਵਿ-ਬਾਣੀ ਨਹੀਂ ਰਚੀ, ਪਰ ਗੁਰੂ ਨਾਨਕ ਦੇਵ ਜੀ ਵਾਂਗ ਉਹਨਾਂ ਦੀ ਜੋਤਿ ਵਿਚ ਵੀ ਕਿਸੇ ਤਰ੍ਹਾਂ ਦੀ ਘਾਟ ਜਾਂ ਊਣ ਨਹੀਂ, ਪੰਜਵਾਂ ਜੋਤਿ ਰੂਪ ਵਿਚ ਸਾਰੇ ਗੁਰੂ ਸਾਹਿਬਾਨ ਇਕ ਹਨ, ਛੇਵਾਂ ਭਾਵੇਂ ਭਗਤਾਂ, ਭੱਟਾਂ ਤੇ ਦਰਵੇਸ਼ਾਂ ਦੀ ਵੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਕੀਤੀ ਹੋਈ ਹੈ, ਚੂੰਕਿ ਇਹਨਾਂ ਵਿਚ ਵੀ ਪ੍ਰਮੁਖਤਾ ਜੋਤਿ ਦੀ ਹੀ ਹੈ ਤੇ ਪ੍ਰਮੁਖ-ਜੋਤਿ ਗੁਰੂ ਨਾਨਕ ਦੇਵ ਜੀ ਦੀ ਹੀ ਮੰਨੀ ਗਈ ਹੈ। ਇਸ ਲਈ 'ਅਰਦਾਸ' ਵਿਚ ਜਦੋਂ ਇਸ ਵਾਕ ਨੂੰ 'ਦੱਸਾਂ ਪਾਤਿਸ਼ਾਹੀਆਂ ਦੀ ਜੋਤਿ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਿਤ ਦੁਹਰਾਇਆ ਜਾਂਦਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਾਂ ਪਾਤਿਸ਼ਾਹੀਆਂ ਦੀ ਬਾਣੀ ਹੈ ਜਾਂ ਦੱਸਾਂ ਪਾਤਿਸ਼ਾਹੀਆਂ ਤੋਂ ਛੁਟ ਹੋਰ ਕਿਸੇ ਦੀ ਕਾਵਿ-ਬਾਣੀ ਹੈ ਹੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ-ਬਾਣੀ ਤਾਂ ਗੁਰੂਆਂ, ਭਗਤਾਂ, ਭੱਟਾਂ, ਫ਼ਕੀਰਾਂ ਤੇ ਗੁਰਸਿੱਖਾਂ ਦੀ ਰਲੀ ਮਿਲੀ ਹੈ। ਚੂੰਕਿ ਸਾਰੀ ਸ਼ਬਦ-ਬਾਣੀ ਵਿਚ 'ਚਿੰਤਨ-ਧਾਰਾ ਤੇ ਦ੍ਰਿਸ਼ਟੀ-ਦਿਸ਼ਾ' ਕੇਵਲ ਇਕ ਜੋਤਿ ਦਾ ਹੀ ਪ੍ਰਤੀਬਿੰਬ ਹੈ। ਨਾਲੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸ਼ਾ ਤੇ ਉਦੇਸ਼ ਸਰਬ-ਸਾਂਝਾ, ਚੜ੍ਹਦੀ-ਕਲਾ ਵਾਲਾ ਤੇ ਕੌਮੀ ਜੀਵਨ ਨੂੰ ਨਿਰਮਾਣਨ ਵਾਲਾ ਹੀ ਹੈ, ਇਸ ਲਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਮੰਨ ਲਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਤਿਹਾਸਕ ਤੌਰ ਤੇ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਕਹਿਣਾ ਬਹੁਤਾ ਅਣ-ਉਚਿੱਤ ਜਿਹਾ ਜਾਪਦਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ-

Digitized by Panjab Digital Library | www.panjabdigilib.org

ਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਕੋਈ ਕਾਵਿ-ਟੁਕੜੀ ਸੰਪਾਦਤ ਨਹੀਂ ਕੀਤੀ ਗਈ। ਨਾਲੇ ਇਸ ਮਹਾਨ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ, ਭੱਟਾਂ ਤੇ ਦਰਵੇਸ਼ਾਂ ਦੀ ਵੀ ਬ੍ਰਹਮ-ਬਾਣੀ ਹੈ ਤੇ ਇਹਨਾਂ ਨੂੰ ਗੁਰੂ-ਪਾਤਿਸ਼ਾਹ ਮੰਨਣ ਦੀ ਕੋਈ ਪਰੰਪਰਾ ਨਹੀਂ। ਭਾਵੇਂ ਸਮੁੱਚੀ ਬ੍ਰਹਮ-ਬਾਣੀ ਨੂੰ 'ਗੁਰੂ' ਪੱਦ ਨਾਲ ਯਾਦ ਕਰ ਲਿਆ ਜਾਂਦਾ ਹੈ, ਪਰ ਇਤਿਹਾਸਕ ਤੌਰ ਤੇ ਇਹਨਾਂ ਨੂੰ ਗੁਰੂ-ਪਾਤਿਸ਼ਾਹ ਜਾਂ ਸੱਚਾ ਪਾਤਿਸ਼ਾਹ ਕਹਿਣਾ ਅਣ-ਉਚਿੱਤ ਜਿਹਾ ਜਾਪਦਾ ਹੈ। ਇਸ ਤਰ੍ਹਾਂ ਇਤਿਹਾਸਕ ਤੌਰ ਤੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਨਹੀਂ ਆਖਿਆ ਜਾ ਸਕਦਾ ਅਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਦੱਸਾਂ ਪਾਤਿਸ਼ਾਹੀਆਂ ਦੇ ਦਰਸ਼ਨ-ਦੀਦਾਰ ਕੀਤੇ ਜਾ ਸਕਦੇ ਹਨ। ਹਾਂ ਆਤਮਕ ਤੌਰ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਵੀ ਹੈ, ਸਰਬ-ਅਧਿਆਤਮਿਕ-ਜੋਤਿ ਦਾ ਦਰਸ਼ਨ ਦੀਦਾਰ ਵੀ ਹੈ ਤੇ ਬ੍ਰਹਮ-ਗਿਆਨ ਦਾ ਪੂਰਨ ਪ੍ਰਤੀਬਿੰਬ ਵੀ ਹੈ। ਖਾਲਸਾ-ਪੰਥ ਦੀ 'ਅਰਦਾਸ' ਗੁਰੂ-ਜੋਤਿ ਤੇ ਗੁਰੂ-ਜੋਤਾਂ ਤੋਂ ਪ੍ਰਜਵੱਲਤ ਹੋਈਆਂ ਗੁਰਸਿੱਖ-ਜੋਤਾਂ ਦਾ ਆਤਮ-ਇਤਿਹਾਸ ਹੀ ਹੈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਆਖ ਕੇ, ਦਰਸ਼ਨ-ਦੀਦਾਰ ਦੀ ਆਤਮਕ-ਅਭਿਲਾਸ਼ਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ, ਤਾਂ 'ਖਾਲਸਾ-ਪੰਥ' ਆਪਣੇ ਆਤਮ-ਵਿਸ਼ਵਾਸ ਵਿਚ ਇਹ ਦ੍ਰਿੜ੍ਹ ਕਰ ਰਿਹਾ ਹੁੰਦਾ ਹੈ ਕਿ ਦੱਸਾਂ ਪਾਤਿਸ਼ਾਹੀਆਂ ਦੀ ਜੋਤਿ ਇਕ ਹੈ, ਦੱਸਾਂ ਪਾਤਿਸ਼ਾਹੀਆਂ ਦੀ ਚਿੰਤਨ-ਧਾਰਾ ਤੇ ਦ੍ਰਿਸ਼ਟੀ-ਦਿਸ਼ਾ ਇਕ ਹੈ, ਦੱਸਾਂ ਪਾਤਿਸ਼ਾਹੀਆਂ ਦੀ ਜੋਤਿ 'ਬ੍ਰਹਮ-ਜੋਤਿ' ਹੈ, ਬ੍ਰਹਮ-ਜੋਤਿ ਜਾਂ ਸ਼ਬਦ-ਜੋਤਿ ਹੀ ਅਸਲ ਵਿਚ 'ਗੁਰੂ' ਹੈ। ਇਸੇ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਗੁਰੂ' ਵੀ ਹੈ ਤੇ ਗੁਰੂ-ਪਾਤਿਸ਼ਾਹੀਆਂ ਦੀ ਜੋਤਿ ਦਾ ਦਰਸ਼ਨ-ਦੀਦਾਰ ਵੀ ਹੈ।

Digitized by Panjab Digital Library | www.panjabdigilib.org

ਗੁਰਦੁਆਰੇ ਤੇ ਤਖ਼ਤ

'ਗੁਰਦੁਆਰੇ ਤੇ ਤਖ਼ਤ' ਸਿੱਖ-ਧਰਮ, ਸਿੱਖ-ਇਤਿਹਾਸ, ਸਿੱਖ-ਸਦਾਚਾਰ ਤੇ ਸਿੱਖ-ਸਭਿਆਚਾਰ ਵਿਚ ਆਪਣੀ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਧਾਰਮਕ-ਸਥਾਨ ਹਨ। ਸਿੱਖ-ਧਰਮ, ਸਿੱਖ-ਇਤਿਹਾਸ, ਸਿੱਖ-ਸਦਾਚਾਰ ਤੇ ਸਿੱਖ-ਸਭਿਆਚਾਰ ਵਿਚ ਪ੍ਰਧਾਨਤਾ 'ਧਰਮ' ਦੀ ਹੀ ਹੈ। 'ਸਿੱਖ' ਮੂਲ ਰੂਪ ਵਿਚ ਧਰਮੀ ਹੈ। 'ਗੁਰਦੁਆਰੇ ਤੇ ਤਖ਼ਤ' ਸਿੱਖ ਦੇ ਧਰਮ-ਸਥਾਨ ਵੀ ਹਨ, ਧਰਮ-ਕਿਰਿਆ ਨੂੰ ਨਿਬਾਹੁਣ ਦਾ ਪ੍ਰੇਰਕ ਸੇਧ-ਸੋਮਾ ਵੀ ਹਨ, ਨਿਜ ਤੇ ਪਰ-ਧਰਮ ਦੀ ਰਖਿਆ ਲਈ ਸਾਹਸ, ਦਲੇਰੀ ਤੇ ਕੁਰਬਾਨੀ ਕਰਨ ਦਾ ਉਤਸ਼ਾਹ ਪੈਦਾ ਕਰਨ ਦੇ ਸ਼ਕਤੀ-ਕੇਂਦਰ ਵੀ ਹਨ, ਗੁਰੂਆਂ, ਗੁਰਸਿੱਖਾਂ ਤੇ ਸ਼ਹੀਦਾਂ ਵਾਸਤੇ ਪੈਦਾ ਹੋਈ ਸ਼ਰਧਾ-ਅਧੀਨ ਸਿਰਜੀਆਂ ਇਤਿਹਾਸਕ-ਯਾਦਾਂ ਵੀ ਹਨ, ਸਿੱਖ-ਸਮੱਸਿਆਵਾਂ ਨੂੰ ਸੁਲਝਾਣ ਤੇ ਕੌਮੀ-ਮਿਆਰ ਨੂੰ ਉੱਚਾ ਲੈ ਜਾਣ ਦਾ ਆਦਰਸ਼ਕ ਤੇ ਸੰਗਤੀ-ਮੰਡਲ-ਸਥਾਨ ਵੀ ਹਨ। 'ਗੁਰਦੁਆਰੇ ਤੇ ਤਖ਼ਤ' ਸਿੱਖ ਕੌਮ ਦੀ ਜਿੰਦ-ਜਾਨ ਹਨ, ਧਰਮ ਤੇ ਪ੍ਰੇਮ-ਕਰਤੱਵਾਂ ਨੂੰ ਕਰਨ ਦਾ ਸ਼ੁੱਧ-ਮੰਡਲ ਹਨ, ਤੇ ਅਣਖ ਤੇ ਆਜ਼ਾਦੀ ਦੀ ਗੌਰਵਸ਼ੀਲ ਜ਼ਿੰਦਗੀ ਨੂੰ ਪ੍ਰਾਪਤ ਕਰਨ ਦਾ ਕੌਮੀ-ਘਰ ਵੀ ਹਨ। ਜੇ 'ਘਰ' ਵਿਚ ਧਰਮ ਤੇ ਪ੍ਰੇਮ-ਭ ਵਨਾ ਹੈ, ਅਣਖ ਤੇ ਆਜ਼ਾਦੀ ਵਾਲੀ ਭਾਵਨਾ ਹੈ, ਤਾਂ ਕੌਮੀ-ਪੱਧਰ ਉੱਤੇ ਧਰਮ ਤੇ ਪ੍ਰੇਮ-ਭਾਵਨਾ ਦਾ ਪਾਸਾਰ ਕੀਤਾ ਜਾ ਸਕਦਾ ਹੈ, ਅਣਖ ਤੇ ਆਜ਼ਾਦੀ ਦੇ ਗੌਰਵਸ਼ੀਲ-ਭਾਵ ਨੂੰ ਸਰਬ-ਹਿਰਦਿਆਂ ਵਿਚੋਂ ਉਜਾਗਰ ਕੀਤਾ ਜਾ ਸਕਦਾ ਹੈ। ਧਰਮ, ਪ੍ਰੇਮ, ਅਣਖ ਤੇ ਆਜ਼ਾਦੀ-ਪ੍ਰਧਾਨ ਜ਼ਿੰਦਗੀ ਸਿਰਜਣ ਵਾਸਤੇ ਹੀ 'ਗੁਰਦੁਆਰੇ ਤੇ ਤਖ਼ਤ' ਸਿਰਜੇ ਗਏ ਸਨ।

'ਗੁਰਦੁਆਰੇ ਤੇ ਤਖ਼ਤ' ਸਿਰਜਣਾ ਦਾ ਆਧਾਰ ਭਾਵੇਂ ਇਤਿਹਾਸਕ ਕਾਰਨ ਹੈ, ਜਾਂ ਸਮਾਜਕ ਤੇ ਰਾਜ਼ਨੀਤਕ ਕਾਰਨ ਹੈ, ਪਰ ਇਕ ਗਲ ਨਿਸਚੇ ਨਾਲ ਆਖੀ ਜਾ ਸਕਦੀ ਹੈ, ਕਿ ਗੁਰਦੁਆਰਿਆਂ ਦੀ ਸਿਰਜਣਾ-ਅਧੀਨ ਪ੍ਰਮੁਖ ਭਾਵ ਗੁਰੂ ਪ੍ਰਤੀ ਸ਼ਰਧਾ ਦਾ ਪ੍ਰਗਟਾ, ਗੁਰੂ-ਯਾਦਾਂ ਦੀ ਸੰਭਾਲ ਤੇ ਗੁਰੂ-ਉਪਦੇਸ਼ਾਂ ਦੇ ਪ੍ਰਚਾਰ ਤੇ ਪਾਸਾਰ ਦਾ ਹੀ ਉਦੇਸ਼ ਸੀ। ਦੱਸ ਗੁਰੂ-ਸ਼ਖਸੀਅਤਾਂ ਭਾਵੇਂ ਦੇਹ-ਰੂਪ ਵਿਚ ਵੀ 'ਗੁਰੂ' ਮੰਨੀਆਂ ਜਾਂਦੀਆਂ ਰਹੀਆਂ ਹਨ, ਪਰ ਉਹ ਵੀ ਆਪਣੇ ਆਪ ਨੂੰ 'ਨਿਰਗੁਣ-ਪ੍ਰਭੂ' ਦੇ ਗਿਆਨ-ਪ੍ਰਕਾਸ਼ ਦਾ ਪ੍ਰਸਾਦਿ ਵੰਡਣ ਵਾਲੀਆਂ ਹੀ ਸਮਝਦੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਤੇ ਵਿਦੇਸ਼-ਸਰਬ ਦਿਸ਼ਾ ਵਿਚ ਪਹੁੰਚ ਕੇ, ਵਹਿਮ, ਭਰਮ, ਪਾਖੰਡ ਤੇ ਦ੍ਵੈਤ-ਬਿਰਤੀਆਂ ਦਾ ਵਿਰੋਧ ਕੀਤਾ ਹੈ ਤੇ ਸਰਬ-ਮਨੁੱਖਤਾ ਨੂੰ ਨਿਰਗੁਣ-ਪ੍ਰਭੂ ਦੇ ਗਿਆਨ-ਪ੍ਰਕਾਸ਼ ਤੋਂ ਆਪਣੀਆਂ ਅੰਤਰ-ਆਤਮਾਵਾਂ ਨੂੰ ਰੁਸ਼ਨਾਉਣ ਵਾਸਤੇ ਟੁੰਬਿਆ ਹੈ। ਉਤਰਾਧਿਕਾਰੀ ਨੌਂ ਗੁਰੂ-ਸ਼ਖਸੀਅਤਾਂ ਨੇ ਵੀ ਆਪਣੀ ਸਾਰੀ ਉਮਰ ਨਿਰਗੁਣ-ਪ੍ਰਭੂ ਦੇ ਗਿਆਨ-ਪ੍ਰਕਾਸ਼ ਦਾ ਹੀ ਪ੍ਰਸਾਦਿ ਵੰਡਿਆ ਹੈ! ਨਿਰਗੁਣ-ਪ੍ਰਭੂ ਦਾ ਗਿਆਨ-ਪ੍ਰਕਾਸ਼ ਹੀ ਉਹਨਾਂ ਦਾ ਧਰਮ ਸੀ। ਗੁਰੂ-ਸ਼ਖਸੀਅਤਾਂ ਪ੍ਰਭੂ-ਧਰਮ ਦਾ ਪ੍ਰਚਾਰ ਤੇ

Digitized by Panjab Digital Library | www.panjabdigilib.org

ਪਾਸਾਰ ਕਰਨ ਵਾਲੀਆਂ ਸਨ । ਪ੍ਰਭੂ-ਧਰਮ ਦਾ ਪ੍ਰਚਾਰ ਤੇ ਪਾਸਾਰ ਕਰਨ ਨਮਿੱਤ ਹੀ ਗੁਰਦੁਆਰਿਆਂ ਦੀ ਸਿਰਜਣਾ ਹੋਈ ਸੀ ।

'ਪ੍ਰਭੂ-ਧਰਮ' ਦਾ ਪ੍ਰਚਾਰ ਤੇ ਪਾਸਾਰ ਕਰਨ ਦਾ ਸੰਕਲਪ ਸਰਬ ਆਸਤਿਕ-ਧਰਮਾਂ ਵਿਚ ਹੈ । ਆਸਤਿਕ-ਧਰਮਾਂ ਦੀ ਬਹੁ-ਗਿਣਤੀ ਪ੍ਰਭੂ-ਪੂਜਕ ਹੈ । ਹਰ 'ਪ੍ਰਭੂ' ਪ੍ਰਤੀ ਉਹਨਾਂ ਨੇ ਜਿਹੜਾ ਸੰਕਲਪ ਮੂਰਤੀਮਾਨ ਕੀਤਾ ਹੈ, ਉਸ ਵਿਚ ਤੇ ਉਸ ਦੀ ਪੂਜਾ-ਕਿਰਿਆ ਵਿਚ ਅੰਤਰ ਜ਼ਰੂਰ ਹੈ । ਭਾਵੇਂ ਸਰਬ ਆਸਤਿਕ-ਧਰਮਾਂ ਦਾ ਆਦਰਸ਼ ਤੇ ਉਦੇਸ਼ ਸਾਂਝਾ ਜਿਹਾ ਹੀ ਹੈ । ਪਰ 'ਪ੍ਰਭੂ'-ਸੰਕਲਪ ਤੇ ਧਰਮ-ਕਿਰਿਆ ਵਿਚ ਅੰਤਰ ਹੋਣ ਕਰ ਕੇ, ਇਹਨਾਂ ਵਲੋਂ ਜਿਹੜੀ ਧਰਮ-ਸਥਾਨਾਂ ਜਾਂ ਪੂਜਾ-ਸਥਾਨਾਂ ਦੀ ਸਿਰਜਣਾ ਹੋਈ ਹੈ, ਉਸ ਦੀ ਇਮਾਰਤ-ਬਣਤਰ ਤੇ ਸ਼ਕਲ-ਸਰੂਪ ਵਿਚ ਵੀ ਸੂਖਮ ਵਕ ਹੀ ਅੰਤਰ ਆ ਗਿਆ ਹੈ । ਇਸ ਅੰਤਰ ਦੇ ਆਧਾਰ ਤੇ ਹੀ ਹਿੰਦੂਆਂ ਦਾ ਧਰਮ-ਸਥਾਨ 'ਮੰਦਰ' ਅਖਵਾਉਂਦਾ ਹੈ, ਮੁਸਲਮਾਨਾਂ ਦਾ ਧਰਮ-ਸਥਾਨ 'ਮਸੀਤ', ਈਸਾਈਆਂ ਦ ਧਰਮ-ਸਥ ਨ 'ਗਿਰਜਾ' ਤੇ ਬੋਧੀ, ਜੋਗੀ ਤੇ ਸੰਨਿਆਸੀਆਂ ਦੇ ਧਰਮ-ਸਥਾਨ 'ਮੱਠ' ਅਖਵਾਉਂਦੇ ਹਨ । ਮੰਦਰ, ਮਸੀਤ, ਗਿਰਜਾ, ਮੱਠ ਤੇ ਗੁਰਦੁਅ ਰੇ ਪ੍ਰਭੂ-ਪੂਜਾ-ਉਦੇਸ਼ ਦੇ ਦ੍ਰਿਸ਼ਟੀ ਕੋਣ ਤੋਂ ਤਾਂ ਸਾਂਝੇ ਮੰਨੇ ਜਾ ਸਕਦੇ ਹਨ । ਕਿਉਂਕਿ ਆਸਤਿਕ-ਧਰਮਾਂ ਵਿਚ ਪ੍ਰਭੂ-ਪੂਜਾ ਉਦੇਸ਼ ਤਾਂ ਇਕ ਹੈ, ਪਰ ਇਮਾਰਤ-ਬਣਤਰ, ਚਿਤਰਕਾਰੀ-ਕਲਾ ਤੇ ਧਰਮ-ਕਿਰਿਆਵਾਂ ਵਿਚ ਅਨੇਕ-ਅੰਤਰ ਵੀ ਹਨ । ਮੰਦਰ, ਮਸੀਤ, ਗਿਰਜਾ, ਮੱਠ ਤੇ ਗੁਰਦੁਅ ਰੇ ਪ੍ਰਭੂ-ਘਰ ਹੁੰਦੇ ਹੋਏ ਵੀ ਮਜ਼ਹਬ-ਪੱਧਰ ਉੱਤੇ ਆਪਣੀ ਆਪਣੀ, ਵਿਸ਼ੇਸ਼ ਵਿਲੱਖਣਤਾ ਤੇ ਵਿਅਕਤੀਗਤ ਮਹੱਤਤਾ ਦੇ ਲਖਾਇਕ ਹਨ । ਇਸੇ ਕਰਕੇ ਜਿਵੇਂ ਮਜ਼ਹਬ ਵੰਡੇ ਗਏ ਹਨ, ਕੁਝ ਉਸੇ ਵੰਡ ਦੇ ਆਧਾਰ ਤੇ ਧਰਮ-ਸਥਾਨਾਂ ਵਿਚ ਵੀ ਵੰਡ-ਵਿਤਕਰਾ ਹੋ ਗਿਆ ਹੈ । ਵੰਡ-ਵਿਤਕਰੇ ਦੀ ਭ ਵਨਾ ਅਧੀਨ ਹੀ ਗੁਰੂ, ਆਗੂ, ਗ੍ਰੰਥ, ਮਜ਼ਹਬ, ਰੂਪ-ਰੰਗ, ਸਦਾਚਾਰ ਤੇ ਸਭਿਆਚਾਰ ਵਿਚ ਵਿਤਕਰਾ ਪ੍ਰਵੇਸ਼ ਕਰ ਗਿਆ ਹੈ । ਚੂੰਕਿ ਨਿਰਗੁਣ-ਪ੍ਰਭੂ ਦੇ ਗਿਆਨ-ਪ੍ਰਕਾਸ਼ ਦਾ ਪ੍ਰਚਾਰ ਤੇ ਪਾਸਾਰ-ਸੋਮਾ ਧਰਮ-ਸਥਾਨ ਸਨ, ਤੇ ਧਰਮ-ਸਥਾਨਾਂ ਵਿਚ ਵੰਡੀ-ਵਿਤਕਰੇ ਦੀ ਪ੍ਰਵੇਸ਼ਕਾ ਹੋ ਜਾਣ ਨਾਲ, ਮਨੁੱਖਤਾ ਵਿਚ ਵੀ ਵੰਡ-ਵਿਤਕਰੇ ਦਾ ਭਾਵ ਪੈਦਾ ਹੋ ਗਿਆ । ਜਿਸ ਦਾ ਫੱਲ-ਸਰੂਪ ਇਹ ਹੋਇਆ, ਕਿ 'ਪ੍ਰਭੂ' ਵੀ ਵੰਡਿਆ ਗਿਆ, ਮਜ਼ਹਬ ਗੁਰੂ ਆਗੂ, ਗ੍ਰੰਥ, ਸਦਾਚਾਰ, ਸਭਿਆਚਾਰ ਤੇ ਧਰਮ-ਸਥਾਨ ਵੀ ਵਖਰੇ ਵਖਰੇ ਹੋ ਗਏ । ਮੰਦਰ, ਮਸੀਤ, ਗਿਰਜਾ, ਮੱਠ ਤੇ ਗੁਰਦੁਅ ਰੇ ਕੁਝ ਇਸ ਰੂਪ ਵਿਚ ਵਖਰੇ-ਵਖਰੇ ਮਜ਼ਹਬਾਂ ਦੇ ਪ੍ਰਤੀਕ ਧਰਮ-ਸਥਾਨ ਹਨ । ਹਾਂ ਸਰਬ ਧਰਮ-ਸਥਾਨਾਂ ਦੀ ਸਿਰਜਣਾ 'ਪ੍ਰਭੂ-ਧਰਮ' ਦਾ ਪ੍ਰਚਾਰ ਤੇ ਪ ਸਾਰ ਕਰੁਨ ਨਮਿੱਤ ਹੀ ਹੋਈ ਹੈ ।

ਸਰਬ ਆਸਤਿਕ-ਧਰਮਾਂ ਦਾ 'ਪ੍ਰਭੂ-ਧਰਮ' ਪ੍ਰਤੀ ਇਕ ਸੰਕਲਪ ਪੂਜਾ-ਕਿਰਿਆ ਤਕ ਹੀ ਸੀਮਤ ਹੈ । ਹਰ ਧਰਮ-ਆਗੂ ਨੇ ਆਪਣੇ ਮਜ਼ਹਬ ਦੀ ਕਿਰਿਆ-ਪ੍ਰਣਾਲੀ ਆਪ ਸਥਾਪਤ ਕੀਤੀ ਹੈ । ਭਾਵੇਂ ਸਾਰੇ ਧਰਮ-ਆਗੂ ਅਨੁਭਵ-ਪੱਧਰ ਉੱਤੇ ਇਕ ਵੀ ਸਵੀਕਾਰ ਕਰ ਲਏ ਜਾਣ, ਪਰ ਹਰ ਆਗੂ ਦੀ ਜੀਵਨ-ਉਸਾਰੀ ਤੇ ਜੀਵਨ-ਵਿਕਾਸ ਵਖਰੇ ਵਖਰੇ ਵਾਤਾਵਰਣ-ਅਧੀਨ ਤੇ ਵਖਰੀਆਂ ਵਖਰੀਆਂ ਧਾਰਮਕ, ਸਮਾਜਕ ਤੇ ਰਾਜਨੀਤਕ-ਸਥਿਤੀਆਂ

Digitized by Panjab Digital Library | www.panjabdigilib.org

ਦੇ ਸੰਘਰਸ਼ ਵਜੋਂ ਹੀ ਹੋਇਆ ਹੈ। ਇਸੇ ਕਰ ਕੇ ਹਰ ਧਰਮ-ਆਗੂ ਜਿਵੇਂ ਨਵੇਂ ਮਜ਼ਹਬ ਦੀ ਨਿਰਮਾਣਤਾ ਕਰਦਾ ਹੈ, ਕੁਝ ਉਸੇ ਤਰ੍ਹਾਂ ਉਹ ਆਪਣੇ ਮਜ਼ਹਬ ਨੂੰ ਪ੍ਰਮਾਣਿਕ ਤੇ ਸਿਧਾਂਤਕ ਸਿੱਧ ਕਰਨ ਵਾਸਤੇ, ਕਿਰਿਆ-ਪ੍ਰਣਾਲੀ ਦਾ ਸਰੂਪ ਵੀ ਕਿਸੇ ਨਵੀਨ ਰੂਪ ਵਿਚ ਹੀ ਮੂਰਤੀਮਾਨ ਕਰਦਾ ਹੈ। ਇਹੀ ਕਾਰਨ ਹੈ, ਕਿ ਅਖਾਉਤੀ ਰੂਪ ਵਿਚ 'ਮਜ਼ਹਬ' ਅੰਤਰ-ਆਤਮੇ ਇਕ ਹੁੰਦੇ ਹੋਏ ਵੀ ਅਨੇਕ ਹਨ, ਤੇ ਕੁਝ ਇਸੇ ਤਰ੍ਹਾਂ ਆਸ਼ੇ ਤੇ ਉਦੇਸ਼ ਵਿਚ ਇਕ ਹੁੰਦੇ ਹੋਏ ਵੀ ਕਿਰਿਆ-ਪ੍ਰਣਾਲੀ ਵਿਚ ਵਖਰੇ ਵਖਰੇ ਹਨ। ਹਰ 'ਧਰਮ-ਆਗੂ' ਪ੍ਰਚਾਰ ਤੇ ਪਾਸਾਰ ਤਾਂ ਪ੍ਰਭੂ-ਧਰਮ ਦਾ ਹੀ ਕਰਦਾ ਹੈ, ਪਰ ਕਿਰਿਆ-ਢੰਗ ਵਿਚ ਬੜੀ ਵਿਖੇਪਤਾ ਹੈ। ਭਾਵੇਂ ਕਿਰਿਆ ਦੀ ਨੀਯਮ-ਪ੍ਰਣਾਲੀ ਵਿਚ ਕੋਹਾਂ ਦਾ ਫ਼ਰਕ ਹੋਵੇ, ਪਰ 'ਪ੍ਰਭੂ-ਪੂਜਾ' ਜਾਂ ਧਰਮ-ਕਿਰਿਆ ਕਰਨ ਵਿਚ ਸਰਬ ਆਸਤਿਕ-ਮੱਤ ਸਾਂਝੇ ਹਨ। ਮੰਦਰ, ਮਸੀਤ, ਗਿਰਜਾ ਤੇ ਮੱਠ ਵਿਚ ਧਰਮ-ਕਿਰਿਆਵਾਂ ਨੂੰ ਹੀ ਪ੍ਰਧਾਨਤਾ ਦਿਤੀ ਜਾਂਦੀ ਹੈ, ਪਰ ਗੁਰਦੁਆਰਿਆਂ ਵਿਚ ਧਰਮ-ਕਿਰਿਆਵਾਂ ਅਰਥਾਤ ਪਾਠ, ਕੀਰਤਨ, ਅਤੇ ਸਤਿ ਸੰਗ ਤੋਂ ਛੁਟ ਦੁਨਿਆਵੀ ਅਤੇ ਰਾਜਨੀਤੀ ਨਾਲ ਸਬੰਧਤ ਕਿਰਿਆਵਾਂ ਵੀ ਕੀਤੀਆਂ ਜਾਂਦੀਆਂ ਹਨ ਤੇ ਕੀਤੀਆਂ ਜਾ ਵੀ ਸਕਦੀਆਂ ਹਨ। ਸਿੱਖ ਗੁਰਦੁਆਰੇ ਧਰਮ-ਕਿਰਿਆਵਾਂ ਤੋਂ ਵੱਧ ਸਮਾਜਕ-ਕੇਂਦਰ ਦੀ ਵੀ ਮਹੱਤਤਾ ਰਖਦੇ ਹਨ। ਕਿਉਂਕਿ ਇਥੇ ਇਕ ਜਾਂਦੇ ਰਾਹੀ ਨੂੰ ਰਹਿਣ ਲਈ ਥਾਂ ਅਤੇ ਛੱਕਣ ਲਈ ਭੋਜਨ ਵੀ ਹਰ ਵਕਤ ਮਿਲ ਸਕਦੇ ਹਨ। ਮੰਦਰ, ਮਸੀਤ, ਗਿਰਜਾ ਤੇ ਮੱਠਾਂ ਵਿਚ ਇਸ ਤਰ੍ਹਾਂ ਦੀਆਂ ਸਮਾਜਕ-ਸਹੂਲਤਾਂ ਦਾ ਕੋਈ ਪ੍ਰਬੰਧ ਨਹੀਂ। ਨਾਲੇ ਹਿੰਦੂ, ਮੁਸਲਮਾਣ, ਈਸਾਈ, ਸਿਧ, ਜੋਗੀ ਤੇ ਸੰਨਿਆਸੀ ਦਾ 'ਪ੍ਰਭੂ-ਧਰਮ' ਪ੍ਰਤੀ ਸੰਕਲਪ ਵੀ ਅਪੂਰਨ ਤੇ ਤੇ ਉਲਾਰ ਜਿਹਾ ਹੀ ਹੈ। ਜੀਵਨ ਦੀ ਪੂਰਨਤਾ ਤੇ ਸੰਤੁਲਣਤਾ ਦਾ ਹੀ ਨਾਮ 'ਪ੍ਰਭੂ-ਧਰਮ' ਹੈ। 'ਪ੍ਰਭੂ' ਪੂਰਨ ਹੈ ਤੇ ਉਸ 'ਪੂਰਨ-ਪ੍ਰਭੂ' ਦਾ ਸ੍ਰਿਸ਼ਟੀ-ਆਕਾਰ ਵਾਸਤੇ ਬਣਾਇਆ ਵਿਧਾਨਕ-ਪ੍ਰਬੰਧ ਹੀ ਸਹੀ ਅਰਥਾਂ ਵਿਚ 'ਧਰਮ' ਹੈ। 'ਪ੍ਰਭੂ-ਵਿਧਾਨਕ-ਪ੍ਰਬੰਧ' ਅਧੀਨ ਜੀਵਨ ਨੂੰ ਢਾਲ ਲੈਣਾ, ਇਹ ਸੰਤੁਲਣ ਜੀਵਨ ਦੀ ਪਹਿਚਾਣ ਹੈ। 'ਧਰਮ' ਪੂਰਨ ਜੀਵਨ ਦਾ ਨਾਮ ਵੀ ਹੈ ਤੇ ਸੰਤੁਲਣ ਜੀਵਨ ਦਾ ਨਾਮ ਵੀ ਹੈ। ਧਰਮੀ ਤੇ ਸੰਤੁਲਣ-ਜ਼ਿੰਦਗੀ ਦਾ ਹੀ ਇਹ ਫੈਸਲਾ ਹੈ, ਕਿ 'ਧਰਮ' ਪ੍ਰਮੁਖ ਬਿਰਤੀ ਹੈ ਤੇ 'ਸਿਆਸਤ' ਅਧੀਨ ਬਿਰਤੀ ਹੈ। ਭਗਤੀ ਮੂਲ ਹੈ ਤੇ ਸ਼ਕਤੀ ਉਸ ਦੀ ਸੁਰਖਿਆ ਵਾਸਤੇ ਹੈ। ਨਿਰੀ 'ਭਗ਼ਤੀ' ਨਾ ਧਰਮ ਹੈ ਅਤੇ ਨਾ ਹੀ ਜੀਵਨ ਨੂੰ ਸੰਤੁਲਣ ਰਖ ਸਕਦੀ ਹੈ। ਤੇ ਇਸ ਤਰ੍ਹਾਂ ਨਿਰੀ ਸ਼ਕਤੀ ਵੀ ਨਾ ਧਰਮ ਹੈ ਅਤੇ ਨਾ ਹੀ ਜੀਵਨ ਨੂੰ ਪੂਰਨ ਬਣਾ ਸਕਦੀ ਹੈ। ਭਗਤੀ ਤੇ ਸ਼ਕਤੀ-ਨਿਪੁੰਨ ਜੀਵਨ ਹੀ ਧਰਮੀ ਤੇ ਸੰਤੁਲਨ ਜੀਵਨ ਹੈ। ਸੰਤੁਲਣ ਜੀਵਨ ਵਿਚ ਧਰਮ ਤੇ ਸਿਆਸਤ ਦਾ ਰੰਗ ਸੰਮਿਲਤ ਰੂਪ ਵਿਚ ਉਜਾਗਰ ਹੁੰਦਾ ਹੈ। ਇਹ ਸਿੱਖ ਗੁਰੂਆਂ ਦਾ ਦ੍ਰਿੜ੍ਹ ਵਿਸ਼ਵਾਸ ਹੈ। ਸਾਰਾ 'ਸਿੱਖ-ਇਤਿਹਾਸ' 'ਧਰਮ ਤੇ ਸਿਆਸਤ' ਦੇ ਸੰਮਿਲਤ-ਕਰਤੱਵਾਂ ਨਾਲ ਹੀ ਭਰਪੂਰ ਹੈ। ਇਸੇ ਕਰ ਕੇ ਸਿੱਖ ਕੌਮ ਆਪਣੇ ਗੁਰਦੁਆਰਿਆਂ ਵਿਚ ਧਰਮ-ਕਿਰਿਆਵਾਂ ਨੂੰ ਵੀ ਕਰਦੀ ਹੈ ਤੇ ਸਮਾਜਕ ਤੇ ਸਿਆਸੀ-ਕਿਰਿਆਵਾਂ ਨੂੰ ਵੀ। ਕਿਉਂਕਿ ਸਿੱਖ ਧਰਮ ਦਾ ਵਿਸ਼ਵਾਸ ਹੈ, ਕਿ ਧਾਰਮਿਕ ਲਹਿਰਾਂ ਦਾ ਅੰਤਮ ਰੂਪ ਸਿਆਸੀ ਹੀ ਹੁੰਦਾ ਹੈ। ਇਸੇ ਕਰ ਕੇ ਸਿੱਖ ਲਹਿਰ ਜੇ ਧਰਮ ਦੀ ਤਾਬਿਆ ਵਿਚ ਜਨਮ ਲੈਂਦੀ ਹੈ, ਤਾਂ ਉਹ ਧਰਮ ਦੀ ਤਾਬਿਆ ਵਿਚ ਰਹਿ ਕੇ ਵੀ ਸਿਆਸੀ-ਖੇਤਰ ਵਿਚ

Digitized by Panjab Digital Library | www.panjabdigilib.org

ਪ੍ਰਫੁੱਲਤਾ ਪ੍ਰਾਪਤ ਕਰਦੀ ਹੈ। 'ਗੁਰਦੁਆਰੇ' ਸਿੱਖ ਧਰਮ ਦੀਆਂ ਧਰਮ-ਸਾਲਾਵਾਂ ਹਨ ਤੇ 'ਤਖਤ' ਸਿੱਖ ਧਰਮ ਦੇ ਪ੍ਰਤੱਖ ਸਿਆਸੀ-ਸਥਾਨ ਹਨ। ਕਿਸੇ ਵੀ ਹੋਰ ਧਾਰਮਕ-ਸੰਸਥਾ ਜਾਂ ਮਜ਼ਹਬ ਕੋਲ ਇਸ ਤਰ੍ਹਾਂ ਦੇ ਸਿਆਸੀ, ਪਰ ਧਰਮ ਦੀ ਤਾਬਿਆ ਵਿਚ ਰਹਿਣ ਵਾਲੇ 'ਤਖ਼ਤ' ਨਹੀਂ। ਇਹ ਸਿੱਖ ਧਰਮ ਦੀ ਹੋਰ ਮਜ਼ਹਬਾਂ ਨਾਲੋਂ ਵਿਸ਼ੇਸ਼ ਵਿਲੱਖਣਤਾ ਤੇ ਮਹੱਤਤਾ ਹੈ।

'ਸਿੱਖ ਗੁਰਦੁਆਰੇ' ਹਿੰਦੂ ਮੰਦਰਾਂ ਦੀ ਤਰ੍ਹਾਂ ਨਾ ਤਾਂ ਕਿਸੇ ਦੇਵੀ ਦੇਵਤੇ ਦਾ ਸਥਾਨ ਮੰਨੇ ਜਾਂਦੇ ਹਨ, ਅਤੇ ਨਾ ਹੀ ਪ੍ਰਮੇਸ਼ਰ ਦੀ ਆਪਣੀ ਜਾਂ ਸੁੱਤੇ ਸਿਧ ਰਚਨਾ ਹੁੰਦੇ ਹਨ। 'ਸਿੱਖ ਗੁਰਦੁਆਰੇ' ਜਾਂ ਤਾਂ ਕਿਸੇ ਉੱਘੀ ਇਤਿਹਾਸਕ ਘਟਨਾ ਦੀ ਯਾਦ ਵਿਚ ਬਣਾਏ ਗਏ ਹਨ ਤੇ ਜਾਂ ਫਿਰ ਵਿਸ਼ੇਸ਼ ਰੂਪ ਵਿਚ ਸਿੱਖਾਂ ਦੀਆਂ ਸਮੂੱਚੀਆਂ ਧਾਰਮਕ-ਕਿਰਿਆਵਾਂ ਨੂੰ ਕਰਨ ਵਾਸਤੇ ਉਸਾਰੇ ਗਏ ਹਨ। ਮੰਦਰ, ਮਸੀਤ, ਗਿਰਜਾ ਤੇ ਮੱਠਾਂ ਦੀ ਉਸਾਰੀ ਵਿਚ ਵੀ ਇਹੀ 'ਕਾਰਨ' ਆਧਾਰ ਬਣਦੇ ਦ੍ਰਿਸ਼ਟੀ ਗੋਚਰ ਹੁੰਦੇ ਹਨ। ਉਦਾਹਰਣ ਵਜੋਂ ਸਿੱਖ ਧਰਮ ਦੇ ਆਦਿ ਗੁਰੂ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਸਭ ਤੋਂ ਪਹਿਲਾਂ 'ਕਰਤਾਰ ਪੁਰ' ਵਿਚ 'ਧਰਮਸਾਲ' ਬੱਧੀ, ਉਸ ਦਾ ਮੁਖ ਉਦੇਸ਼ ਪ੍ਰਭੂ-ਧਰਮ ਦੀਆਂ ਕਿਰਿਆਵਾਂ ਨੂੰ ਸੰਗਤ-ਰੂਪ ਵਿਚ ਨਿਬਾਹੁਣਾ ਹੀ ਸੀ। ਜਾਂ ਦੂਜਿਆਂ ਸ਼ਬਦਾਂ ਵਿਚ ਸਿੱਖ ਸਿਧਾਤਾਂ ਦੇ ਪ੍ਰਚਾਰ ਤੇ ਪਾਸਾਰ ਵਾਸਤੇ ਇਕ ਕੇਂਦਰ ਸਥਾਪਤ ਕਰਨਾ ਹੀ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਚੂੰਕਿ ਇਹ 'ਧਰਮਸਾਲ' ਉਸਾਰੀ ਗਈ ਸੀ, ਇਸ ਲਈ ਬਾਅਦ ਵਿਚ 'ਧਰਮ-ਸਾਲਾਵਾਂ' ਨੂੰ 'ਗੁਰਦੁਆਰੇ' ਕਹਿਣਾ ਸ਼ੁਰੂ ਕਰ ਦਿੱਤਾ ਗਿਆ ਹੋਵੇਗਾ। 'ਗੁਰਦੁਆਰੇ' ਦਾ ਇਕ ਅਰਥ-ਭਾਵ ਇਹ ਵੀ ਹੈ, ਕਿ 'ਗੁਰੂ-ਦੁਆਰਾ' ਅਰਥਾਤ 'ਬ੍ਰਹਮ ਦਾ ਘਰ'। ਬ੍ਰਹਮ-ਗਿਆਨ ਦੀ ਪ੍ਰਾਪਤੀ ਦੁਆਰਾ ਨਾ ਜੀਵਨ-ਕੀਮਤਾਂ ਵਿਚ ਅੰਧਕਾਰ ਰਹਿੰਦਾ ਹੈ ਅਤੇ ਨਾ ਹੀ ਕੋਈ ਹੋਰ ਡਰ-ਡਰਾਵਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜਿਹੜੀ ਪਹਿਲੀ 'ਧਰਮ ਸਾਲ' ਬੱਧੀ, ਉਸ ਦੀ ਧਾਰਮਕ-ਕਿਰਿਆ ਦਾ ਵਰਣਨ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਬੜੇ ਵਿਸਥਾਰ ਸਹਿਤ ਪ੍ਰਗਟ ਕੀਤਾ ਹੈ :—

ਬਾਬਾ ਆਯਾ ਕਰਤਾਰ ਪੁਰ ਭੇਖ ਉਦਾਸੀ ਸਕਲ ਉਤਾਰਾ ॥
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ ॥
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ ॥
ਪੁਤ੍ਰੀ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ ॥
ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ ॥
ਗਯਾਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ ॥
ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ॥
ਗੁਰਮੁਖ ਭਾਰ ਅਥਰਬਣ ਤਾਰਾ ॥੩੮॥ (ਭਾਈ ਗੁਰਦਾਸ, ਵਾਰ ਪਹਿਲੀ)

ਹੋ ਸਕਦਾ ਹੈ, ਕਿ ਕਰਤਾਰਪੁਰ ਵਿਚ ਸਥਾਪਨ ਕੀਤੀ ਮੰਜੀ ਜਾਂ ਬਣਾਈ ਧਰਮਸਾਲ ਤੋਂ ਪਹਿਲਾਂ ਵੀ ਕਈ ਗੁਰੂ-ਯਾਦਾਂ ਨੂੰ ਗੁਰਦੁਆਰਿਆਂ ਦੇ ਰੂਪ ਵਿਚ ਉਸਾਰ ਲਿਆ ਗਿਆ ਹੋਵੇ। ਕਿਉਂਕਿ

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਜੀ ਨੇ ਸਰਬ ਦੇਸ ਤੇ ਵਿਦੇਸ ਵਿਚ ਘੁੰਮਣ ਤੋਂ ਬਾਅਦ ਹੀ, ਲੱਗ ਭੱਗ ਜੋਤੀ ਜੋਤਿ ਸਮਾਉਣ ਤੋਂ ੨੦ ਸਾਲ ਪਹਿਲਾਂ ਸ੍ਰੀ 'ਕਰਤਾਰਪੁਰ' ਨਗਰ ਵਸਾਇਆ ਤੇ ਇਥੇ ਆਪਣੇ ਪਰਿਵਾਰ ਨੂੰ ਪੂਰੀ ਤਰ੍ਹਾਂ ਟਿਕਾਇਆ ਤੇ ਅੰਤ ਆਲੇ ਦੁਆਲੇ ਦੀਆਂ ਸ਼ਰਧਾਲੂ ਤੇ ਆਤਮਕ–ਸ਼ਖਸੀਅਤਾਂ ਨੂੰ ਇਕੱਠਾ ਕਰ ਕੇ, ਇਕ ਸੰਗਿਤ ਰੂਪ ਬੰਨਿਆਂ, ਤੇ ਫਿਰ ਸਮੂਹਕ ਸੰਗਿਤ ਨੂੰ ਸਮੁੱਚੇ ਜੀਵਨ ਨੂੰ ਨਿਤਾਪ੍ਰਤੀ ਬਿਤਾਣ ਵਾਸਤੇ ਆਦਰਸ਼ਕ ਢੰਗ ਦਸਿਆ, ਅਰਥਾਤ ਅਮਲੀ ਰੂਪ ਵਿਚ ਗੁਰੂ–ਬਾਣੀ ਪਾਠ, ਗੁਰੂ–ਬਾਣੀ ਕੀਰਤਨ, ਗੁਰੂ–ਬਾਣੀ ਵਾਦ–ਵਿਚਾਰ ਕਰਨਾ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਆਪ ਨਿਤਾ ਪ੍ਰਤੀ ਇਸ ਸੰਗਿਤ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਸਨ। ਇਤਿਹਾਸਕ ਸੱਚ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਲੱਗ ਭੱਗ ੧੮ ਸਾਲ ਲਗਾਤਾਰ ਇਸ ਸੰਗਤੀ ਜੀਵਨ ਨੂੰ ਬੜੀ ਦ੍ਰਿੜ੍ਹਤਾ ਨਾਲ ਨਿਬਾਹਿਆ। ਸ਼ਾਇਦ ਇਸੇ ਸੰਗਤੀ–ਮੰਡਲ ਤੋਂ ਪ੍ਰੇਰਤ ਹੋ ਕੇ ਹੀ ਗੁਰੂ–ਸ਼ਰਧਾਲੂਆਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਗੁਰੂ ਦੀਆਂ ਇਤਿਹਾਸਕ–ਯਾਦਾਂ ਨੂੰ ਗੁਰਦੁਆਰਿਆਂ ਦੇ ਰੂਪ ਵਿਚ ਉਸਾਰਨਾ ਸ਼ੁਰੂ ਕਰ ਦਿੱਤਾ ਹੋਵੇ। ਨਾਲੇ ਗੁਰੂ ਨਾਨਕ ਦੇਵ ਜੀ ਦੇਸ ਤੇ ਵਿਦੇਸ, ਜਿੱਥੇ ਵੀ ਗਏ, ਉੱਥੇ ਉਹਨਾਂ ਨੇ ਮਨੁੱਖਾਂ ਨੂੰ ਇਹੀ ਸਮਝਾਇਆ, ਕਿ ਮਿਲ–ਬੈਠਣ ਵਿਚ ਤਾਕਤ ਹੈ, ਸੰਗਤੀ ਜੀਵਨ ਵਿੱਚ ਸ਼ੁੱਧ ਤੇ ਆਦਰਸ਼ਕ–ਮੰਡਲ ਹੈ, ਜੇ ਸ਼ੁੱਧ ਤੇ ਆਦਰਸ਼ਕ–ਮੰਡਲ ਵਿਚ ਬੈਠਣਾ ਚਾਹੁੰਦੇ ਹੋ, ਤਾਂ ਸੰਗਤਿ ਵਿਚ ਜੁੜੋ, ਗੁਰੂ–ਬਾਣੀ ਪਾਠ ਕਰੋ, ਗੁਰੂ–ਬਾਣੀ ਕੀਰਤਨ ਕਰੋ ਤੇ ਸੁਣੋ, ਗੁਰੂ–ਬਾਣੀ ਦੀ ਵੀਚਾਰ ਕਰੋ। ਸਿਖ ਧਰਮ ਦੀਆਂ ਇਹੀ ਪ੍ਰਮੁੱਖ ਨਿਤਾ ਪ੍ਰਤੀ ਦੀਆਂ ਧਾਰਮਕ–ਕਿਰਿਆਵਾਂ ਹਨ। ਭਾਈ ਗੁਰਦਾਸ ਜੀ ਵੀ ਇਹਨਾਂ ਧਾਰਮਕ–ਕਿਰਿਆਵਾਂ ਦਾ ਹੀ ਜ਼ਿਕਰ ਕਰਦੇ ਹਨ। ਇਸ ਲਈ ਇਹ ਪੂਰਨ ਨਿਸਚੇ ਨਾਲ ਆਖਿਆ ਜਾ ਸਕਦਾ ਹੈ, ਕਿ ਗੁਰਦੁਆਰਿਆਂ ਦੀ ਉਸਾਰੀ ਵਿਚ ਪ੍ਰਮੁਖ ਕਾਰਨ ਤਾਂ ਧਾਰਮਕ–ਕਿਰਿਆਵਾਂ ਨੂੰ ਨਿਬਾਹੁਣ ਦਾ ਹੈ ਤੇ ਅਧੀਨ ਕਾਰਨ ਗੁਰੂ–ਯਾਦਾਂ ਨੂੰ ਸਾਂਭਣ ਵਾਸਤੇ, ਆਉਣ ਵਾਲੀ ਆਪਣੀ ਜਵਾਨ ਪਨੀਰੀ (ਸਿਖ ਕੌਮ ਦੇ ਜਵਾਨਾਂ ਵਾਸਤੇ) ਨੂੰ ਗੁਰੂ–ਯਾਦਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਵਾਸਤੇ ਗੁਰੂ–ਯਾਦਾਂ ਨੂੰ ਗੁਰਦੁਆਰਿਆਂ ਦੀ ਸ਼ਕਲ–ਸੂਰਤ ਵਿਚ ਉਸਾਰਨ ਦਾ ਵੀ ਸੀ। ਸਰਬ ਦੇਸ ਤੇ ਵਿਦੇਸ ਵਿਚ ਉਸਾਰੇ ਗਏ ਗੁਰਦੁਆਰਿਆਂ ਦੀ ਪਿਛੋਕੜ ਵਿਚ ਭਾਵੇਂ ਕਾਰਨ ਇਤਿਹਾਸਕ ਹੋਵੇ ਜਾਂ ਸਿੱਖੀ ਪ੍ਰਚਾਰ ਤੇ ਪਾਸਾਰ ਦਾ ਹੋਵੇ, ਇਹ ਗਲ ਨਿਸਚੇ ਨਾਲ ਆਖੀ ਜਾ ਸਕਦੀ ਹੈ, ਕਿ ਗੁਰਦੁ–ਆਰਿਆਂ ਦਾ ਪ੍ਰਮੁੱਖ ਕਰਤੱਵ ਗੁਰੂਆਂ ਦੀ ਉਪਦੇਸ਼ੀ ਸਿੱਖੀ–ਸਿਧਾਂਤ–ਪ੍ਰਣਾਲੀ ਅਨੁਸਾਰ ਪ੍ਰਭੂ–ਪੂਜਾ ਤੇ ਪ੍ਰਭੂ–ਧਰਮ ਦੀਆਂ ਕਿਰਿਆਵਾਂ ਨੂੰ ਕਰਨਾ ਹੀ ਹੈ।

'ਸਿੱਖ ਧਰਮ' ਪ੍ਰਭੂ–ਪੂਜਕ ਵੀ ਹੈ ਤੇ 'ਪ੍ਰਭੂ–ਧਰਮ' ਨੂੰ ਸ਼ੁੱਧ, ਤੇ ਸੁਤੰਤਰ ਰੂਪ ਵਿਚ ਮੰਨਣ ਵਾਲਾ ਵੀ ਹੈ। ਸਿੱਖ ਧਰਮ ਦੀ 'ਪ੍ਰਭੂ–ਪੂਜਾ' ਕਿਸੇ ਦੇਵੀ–ਦੇਵਤੇ ਜਾਂ ਕਿਸੀ ਮੂਰਤੀ ਦੀ ਪੂਜਾ ਨਹੀਂ ਅਤੇ ਨਾ ਹੀ ਸਿਖ ਧਰਮ ਦਾ ਪ੍ਰਭੂ–ਪੂਜਾ ਵਾਲਾ ਉਹ ਅਪੂਰਨ ਤੇ ਅਸੰਤੁਲਣ ਸੰਕਲਪ ਹੈ, ਜਿਹੜਾ ਹਿੰਦੂ ਮੱਤ, ਬੌਧੀ ਮੱਤ, ਜੈਨੀ, ਸਿੱਧ, ਜੋਗੀ ਤੇ ਸੰਨਿਆਸੀ ਮੱਤ ਵਾਲਿਆਂ ਨੇ ਸਵੀਕਾਰ ਕੀਤਾ ਹੈ। ਸਿੱਖ ਧਰਮ ਦੀ ਪ੍ਰਭੂ–ਪੂਜਾ ਭਗਤੀ ਤੇ ਸ਼ਕਤੀ–ਨਿਪੁੰਨ ਪੂਜਾ ਹੈ। ਸਿੱਖ ਧਰਮ ਦਾ 'ਪ੍ਰਭੂ' ਵੀ ਭਗਤੀ ਤੇ ਸ਼ਕਤੀ ਦੋਹਾਂ ਖੇਤਰਾਂ ਵਿਚ ਵਿਚਰਦਾ ਦ੍ਰਿਸ਼ਟੀ ਗੋਚਰ

Digitized by Panjab Digital Library | www.panjabdigilib.org

ਹੁੰਦਾ ਹੈ। ਇਸੇ ਲਈ ਸਿੱਖ ਧਰਮ ਭਗਤੀ-ਪੂਜਕ ਵੀ ਹੈ ਤੇ ਸ਼ਕਤੀ-ਪੂਜਕ ਵੀ ਹੈ। 'ਗੁਰ-ਦੁਆਰੇ' ਸਿਖ ਧਰਮ ਦੀ ਭਗਤੀ-ਪੂਜਾ ਦਾ ਸਥਾਨ ਹਨ। ਚੂੰਕਿ ਸਿੱਖਾਂ ਦੀ 'ਭਗਤੀ' ਪ੍ਰਭੂ, ਗੁਰੂ, ਨਾਮ, ਮਾਨਵ ਤੇ ਦੇਸ਼ ਦੀ ਭਗਤੀ ਤਕ ਸੀਮਤ ਹੈ, ਇਸ ਲਈ ਗੁਰਦੁਆਰਿਆਂ ਅੰਦਰ ਪ੍ਰਭੂ-ਭਗਤੀ, ਗੁਰੂ ਤੇ ਨਾਮ-ਭਗਤੀ ਵੀ ਕੀਤੀ ਜਾਂਦੀ ਹੈ ਤੇ ਮਾਨਵ ਤੇ ਦੇਸ਼ ਨਾਲ ਸੰਬੰਧਤ ਸਮਾਜਕ ਤੇ ਰਾਜਨੀਤਕ-ਕਿਰਿਆਵਾਂ ਨੂੰ ਵੀ ਕੀਤਾ ਜਾਂਦਾ ਹੈ। ਭਾਵੇਂ ਪਹਿਲੇ ਪੰਜ ਗੁਰੂ-ਆਗੂਆਂ ਨੇ ਗੁਰਦੁਆਰਿਆਂ ਨੂੰ ਪ੍ਰਭੂ-ਧਰਮ ਦੀਆਂ ਕਿਰਿਆਵਾਂ ਕਰਨ ਤਕ ਹੀ ਸੀਮਤ ਕੀਤੀ ਰਖਿਆ ਹੈ, ਤੇ ਜੇ ਸਮਾਜਕ ਤੇ ਰਾਜਸੀ ਕਰਤੱਵ ਕਰਨ ਦੀ ਲੋੜ ਪਈ ਹੈ, ਤਾਂ ਉਹ ਵੀ ਉਹਨਾਂ ਨੇ ਧਰਮ ਦੀ ਤਾਬਿਆ ਵਿਚ ਰਹਿ ਕੇ ਹੀ ਕਰ ਲਏ ਹਨ। ਉਦਾਹਰਣ ਵਜੋਂ ਸੰਗਤਿ, ਪੰਗਤਿ ਤੇ ਲੰਗਰ ਦੀਆਂ ਜਿਹੜੀਆਂ ਪੂਰਬਲੇ ਪੰਜਾਂ ਗੁਰੂਆਂ ਨੇ ਸੰਸਥਾਵਾਂ ਸਥਾਪਨ ਕੀਤੀਆਂ, ਉਹ ਧਾਰਮਕ ਸਨ, ਪਰ ਇਹਨਾਂ ਧਾਰਮਕ-ਸੰਸਥਾਵਾਂ ਦੇ ਅਧੀਨ ਰਾਜਸੀ-ਰਾਜ਼ ਵੀ ਸਨ। 'ਸੰਗਤਿ' ਦੀ ਪਿਛੋਕੜ ਵਿਚ ਜਿਹੜਾ ਰਾਜਸੀ-ਰਾਜ਼ ਕੰਮ ਕਰਦਾ ਦਿਖਾਈ ਦਿੰਦਾ ਹੈ, ਉਹ ਹੈ ਖਿੰਡੀ ਹੋਈ ਸ਼ਕਤੀ ਨੂੰ ਇਕ ਥਾਂ ਅਤੇ ਇਕ ਆਦਰਸ਼ ਅਧੀਨ ਕੇਂਦਰਿਤ ਕਰਨਾ ਹੈ।' ਇਕ ਥਾਂ ਤੇ ਇਕ ਆਦਰਸ਼-ਅਧੀਨ ਕੇਂਦਰਿਤ ਹੋਈ ਸੰਗਤਿ-ਸ਼ਕਤੀ ਦਾ ਹੀ ਅੰਤਮ ਚਮਤਕਾਰ ਨਿਡਰ ਤੇ ਦਲੇਰ ਖਾਲਸਾ-ਪੰਥ ਦੇ ਰੂਪ ਵਿਚ ਪ੍ਰਜਵੱਲਤ ਹੁੰਦਾ ਹੈ। 'ਸੰਗਤਿ-ਸੰਸਥਾ' ਕਾਇਮ ਕਰਨ ਦਾ ਇਕ ਭਾਵ ਇਹ ਵੀ ਸੀ, ਕਿ ਮਨੁਖ ਮਿਲ-ਬੈਠਕੇ ਨਿਜੀ ਤੇ ਪਰ-ਸਮਸਿਆਵਾਂ ਵਿਚ ਇਕ ਦੂਜੇ ਦਾ ਸਹਾਇਕ-ਸਿੱਧ ਹੋ ਸਕਦਾ ਹੈ। ਸੰਗਤਿ ਵਿਚ ਜੁੜ ਕੇ ਹੀ ਉਚ-ਨੀਚ, ਅਮੀਰ-ਗਰੀਬ, ਸ਼੍ਰੇਣੀ-ਮਿਆਰ ਦਾ ਭੇਦ-ਭਾਵ ਮਿਟਾਇਆ ਜਾ ਸਕਦਾ ਹੈ। ਗੁਰੂ-ਕੇਂਦਰਾਂ ਵਿਚ ਜੁੜ ਰਹੀਆਂ ਸੰਗਤਾਂ ਦੀ ਸ਼ਕਤੀ ਤੋਂ ਹੀ ਜਹਾਂਗੀਰ ਬਾਦਸ਼ਾਹ ਘਬਰਾਇਆ ਸੀ ਤੇ ਉਸੇ ਘਬਰਾਹਟ-ਅਧੀਨ ਉਸ ਨੇ ਗੁਰੂ-ਅ ਗੂ 'ਗੁਰੂ ਅਰਜਨ ਦੇਵ' ਜੀ ਨੂੰ ਸ਼ਹੀਦ ਕਰਨ ਵਾਸਤੇ ਕਈ ਝੂਠੇ ਦੂਸ਼ਨ ਲਾ ਕੇ ਸਿਖ ਲਹਿਰ ਨੂੰ ਮੁਕਾਣ ਦਾ ਪ੍ਰਬੰਧ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪ੍ਰਭੂ-ਧਰਮ ਦਾ ਪ੍ਰਚਾਰ ਤੇ ਪਾਸਾਰ ਕਰਨ ਨਮਿਤ ਹੋਈ ਸੀ। 'ਗੁਰਦੁਆਰਿਆਂ' ਵਿਚ ਜੁੜੀਆਂ ਸੰਗਤਾਂ 'ਪ੍ਰਭੂ-ਧਰਮ' ਦੀਆਂ ਹੀ ਹਾਮੀ ਸਨ। 'ਪ੍ਰਭੂ-ਧਰਮ' ਉਹਨਾਂ ਨੂੰ ਸਬਰ ਤੇ ਸਿਦਕ ਵੀ ਸਿਖਾਂਦਾ ਸੀ ਤੇ ਭਰਮ ਤੇ ਭਉ ਤੋਂ ਮੁਕਤ ਵੀ ਕਰਵਾਉਂਦਾ ਸੀ। ਗੁਰੂ ਤੇ ਗੁਰਦੁਆਰਿਆ ਨਿਕਟ ਜੁੜੀਆਂ ਸੰਗਤਾਂ ਭਾਵੇਂ' ਪ੍ਰਭੂ-ਭਗਤੀ ਵਿਚ ਹੀ ਮਸਤ ਰਹਿੰਦੀਆਂ ਸਨ, ਪਰ ਉਹਨਾਂ ਅੰਦਰ ਸ੍ਵੈ-ਮਾਣ ਤੇ ਸ੍ਵੈ-ਸੁਤੰਤਰਤਾ ਦੀ ਭਾਵਨਾ ਬੜੇ ਜਾਗ੍ਰਿਤ ਰੂਪ ਵਿਚ ਪ੍ਰਜਵੱਲਤ ਹੋ ਰਹੀ ਸੀ। ਇਸ ਜਾਗ੍ਰਿਤ-ਭਾਵਨਾ ਤੋਂ ਤਾਂ ਜਹਾਂਗੀਰ ਬਾਦਸ਼ਾਹ ਡਰਿਆ ਸੀ। ਜਹਾਂਗੀਰ ਬਾਦਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਡਰ-ਅਧੀਨ ਕਰਨਾ ਚਾਹੁੰਦਾ ਸੀ। ਪਰ ਗੁਰੂ ਅਰਜਨ ਦੇਵ ਜੀ ਪੂਰਨ ਰੂਪ ਵਿਚ ਨਿਡਰ ਸਨ। ਇਸੇ ਲਈ ਉਹ ਜਹਾਂਗੀਰ ਦੀ ਕਿਸੇ ਵੀ ਧਮਕੀ ਜਾਂ ਸਜ਼ਾ ਤੋਂ ਘਬਰਾਏ ਨਹੀਂ। ਸਰੀਰ ਤਿਆਗ ਦਿੱਤਾ, ਪਰ 'ਸਿਰਰੁ' ਨਾ ਤਿਆਗਿਆ। ਇਸ 'ਸਿਰੁਰ' ਨੂੰ ਨਾ ਤਿਆਗਣ ਦਾ ਭਾਵ ਇਹ ਸੀ, ਕਿ ਉਹਨਾਂ ਅੰਦਰ ਸਿਧਾਂਤਕ-ਦ੍ਰਿੜ੍ਹਤਾ ਸਿਖਰ ਤੇ ਸੀ, ਤੇ ਸਿਖ ਲਹਿਰ ਅੰਦਰ ਪ੍ਰਵੇਸ਼ ਕਰ ਚੁਕੀ ਸਿਧਾਂਤਕ-ਦ੍ਰਿੜ੍ਹਤਾ ਨੂੰ ਹੀ ਪ੍ਰਚੰਡ ਕਰਨ ਵਾਸਤੇ ਗੁਰੂ ਹਰਿ ਗੋਬਿੰਦ ਜੀ ਨੇ ਹਰਿਮੰਦਰ ਸਾਹਿਬ ਦੇ ਸਨਮੁਖ ਪਹਿਲਾ 'ਤਖ਼ਤ' ਰਚਿਆ, ਜਿਸਨੂੰ ਉਹਨਾਂ ਨੇ 'ਅਕਾਲ ਤਖਤ' ਦਾ ਨਾਮ ਦਿੱਤਾ। 'ਅਕਾਲ ਤਖ਼ਤ' ਦਾ ਭਾਵ-

Digitized by Panjab Digital Library | www.panjabdigilib.org

ਅਰਥ ਹੈ, 'ਪ੍ਰਭੂ ਦਾ ਤਖ਼ਤ'। 'ਤਖ਼ਤ' ਹਮੇਸ਼ਾਂ ਦੁਨਿਆਵੀ ਪਾਤਿਸ਼ਾਹਾਂ ਦੇ ਹੁੰਦੇ ਹਨ। ਤੇ ਰਾਜਸੀ ਸਮਸਿਆਵਾਂ ਨੂੰ ਸੁਲਝਾਣ ਤੇ ਆਪਣੇ ਪੈਰੋਕਾਰਾਂ ਨੂੰ ਸ਼ਾਹੀ ਮਤੇ ਤੇ ਹੁਕਮ ਨਾਮਹ ਭੇਜਣ ਤੇ ਮੰਨਣ ਦੇ ਕਰਤੱਵ ਨੂੰ ਨਿਬਾਹੁਣ ਵਾਸਤੇ ਰਚੇ ਜਾਂਦੇ ਹਨ। ਜਹਾਂਗੀਰ ਬਾਦਸ਼ਾਹ ਦਾ ਆਪਣਾ ਤਖ਼ਤ ਸੀ, ਜਿਹੜਾ ਦੁਨਿਆਵੀ ਸੀ, ਪਰ ਗੁਰੂ ਹਰਿਗੋਬਿੰਦ ਜੀ ਨੇ ਉਸ ਦੇ ਬਰਾਬਰ 'ਅਕਾਲ ਤਖ਼ਤ' ਰਚ ਕੇ, ਇਕ ਤਾਂ ਗੁਰੂ-ਸ਼ਰਧਾਲੂਆਂ ਨੂੰ ਸਿੱਖ ਧਰਮ ਦੀ ਬਣਨ ਵਾਲੀ ਹਕੂਮਤ ਦੇ ਤਖ਼ਤ-ਤਾਜ ਦਾ ਸੁਪਨਾ ਦਿਖਾਇਆ, ਦੂਜਾ ਸੈ-ਮਾਣ ਤੇ ਸੈ-ਸੁਤੰਤਰਤਾ ਨੂੰ ਸਥਿੱਰ ਰੱਖਣ ਵਾਸਤੇ ਦੁਨਿਆਵੀ ਤਖ਼ਤਾਂ ਦੇ ਫੈਸਲਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਤੀਜਾ ਸਿੱਖਾਂ ਨੂੰ ਰਾਜਸੀ-ਮਾਮਲਿਆਂ ਪ੍ਰਤੀ ਸੋਚਣ ਵਾਸਤੇ ਉਤੇਜਿਤ ਕਰ ਦਿੱਤਾ। ਇਸ ਤਰ੍ਹਾਂ 'ਅਕਾਲ-ਤਖ਼ਤ' ਰਚ ਕੇ ਗੁਰੂ ਹਰਿਗੋਬਿੰਦ ਜੀ ਨੇ 'ਗੁਰਦੁਆਰੇ ਤੇ ਤਖ਼ਤ' ਦੀ ਮੂਲ ਭਾਵਨਾ ਤਾਂ ਧਾਰਮਿਕ ਹੀ ਰਖੀ, ਪਰ ਸਿਖ ਲਹਿਰ ਧਰਮ-ਕਰਤੱਵਾਂ ਦੇ ਨ ਲ ਨਾਲ 'ਸਿੱਖ'-ਰਾਜਸੀ ਕਰਤੱਵਾਂ ਵਿਚ ਵੀ ਹਿੱਸਾ ਲੈਣ ਲਗ ਪਏ। ਭਾਵੇਂ ਕਈ ਇਤਿਹਾਸਕਾਰਾਂ ਨੂੰ ਗ਼ੁਰਦੁਆਰੇ ਤੇ ਤਖ਼ਤਾਂ ਦੇ ਕਰਤੱਵ ਵਖਰੇ ਵਖਰੇ ਜਾਪੇ, ਪਰ ਗੁਰੂ ਸਾਹਿਬਾਂ 'ਤਖ਼ਤ' ਰਚਕੇ ਗੁਰਦੁਆਰੇਆਂ ਦੇ ਕਰਤੱਵਾਂ ਨੂੰ ਹੀ ਹੋਰ ਪ੍ਰਗਤੀਸ਼ੀਲ ਤੇ ਸ਼ਕਤੀ ਸ਼ਾਲੀ ਬਣਾਇਆ ਹੈ। ਤਖ਼ਤ ਸ੍ਰੀ ਹਰਿਮੰਦਰ ਸਾਹਿਬ (ਪਟਨਾ ਸਾਹਿਬ), ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ ਵਿਚ) ਵੀ ਸਿਖ ਧਰਮ ਦੇ ਵਿਸ਼ੇਸ਼ ਤਖ਼ਤ ਹਨ। ਇਹਨਾਂ ਚੌਹਾਂ ਤਖ਼ਤਾਂ ਨੂੰ ਖਾਲਸਾ-ਪੰਥ ਆਪਣੇ ਆਤਮਕ ਜਾਂ ਪ੍ਰਭੂ-ਤਖ਼ਤ ਮੰਨਦਾ ਹੈ। 'ਸਿੱਖ' ਆਤਮਕ, ਸਮਾਜਕ ਤੇ ਰਾਜਸੀ-ਸਰਬ ਸ਼ਕਤੀਆਂ ਦਾ ਮਾਲਕ 'ਪ੍ਰਭੂ' ਨੂੰ ਹੀ ਸਵੀਕਾਰ ਕਰਦਾ ਹੈ। ਸ਼ਾਇਦ ਇਸੇ ਲਈ ਇਹਨਾਂ ਚੌਹਾਂ ਤਖ਼ਤਾਂ ਤੋਂ ਖਾਲਸਾ-ਪੰਥ ਆਤਮਕ-ਦਿਸ਼ਾ ਵੀ ਪ੍ਰਾਪਤ ਕਰਦਾ ਹੈ, ਸਮਾਜਕ-ਮੇਲ-ਮਿਲਾਪ ਤੇ ਪ੍ਰਉਪਕਾਰ ਦੀ ਭਾਵਨਾ ਦਾ ਪ੍ਰਭਾਵ ਵੀ ਗ੍ਰਹਿਣ ਕਰਦਾ ਹੈ, ਤੇ ਕੀਤੇ ਹੋਏ ਰਾਜਸੀ ਮੱਤਿਆਂ ਤੇ ਦਿੱਤੇ ਹੋਏ ਰਾਜਸੀ-ਹੁਕਮਾਂ ਦੀ ਵੀ ਪੂਰਨ ਪ ਲਣਾ ਕਰਦਾ ਹੈ। ਇਹਨਾਂ ਚੌਹਾਂ ਤਖ਼ਤਾਂ ਨੂੰ ਖਾਲਸਾ-ਪੰਥ ਆਪਣੇ ਸਾਰੇ ਭਾਰਤ ਵਿਚ ਪਸਰੀ ਹੋਈ ਆਤਮਕ ਤੇ ਰਾਜਸੀ-ਸ਼ਕਤੀ ਦਾ ਮਾਪ ਵੀ ਸਮਝਦਾ ਹੈ। ਖਾਲਸਾ-ਪੰਥ ਦਾ ਪਾਸਾਰ ਸਾਰੇ ਭਾਰਤ ਵਿਚ ਹੈ। ਭਾਵੇਂ 'ਸ੍ਰੀ ਅਕਾਲ ਤਖ਼ਤ' (ਅੰਮ੍ਰਿਤਸਰ) ਗੁਰੂ ਹਰਿ ਗੋਬਿੰਦ ਜੀ ਦਾ ਉਸਾਰਿਆ ਹੋਇਆ ਹੈ, 'ਸ੍ਰੀ ਕੇਸ ਗੜ੍ਹ' ਗੁਰੂ ਗੋਬਿੰਦ ਸਿੰਘ ਜੀ ਦਾ ਤੇ ਬਾਕੀ ਦੋਵੇਂ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਦੀ ਇਤਿਹਾਸਕ-ਯਾਦ ਵਿਚ ਖਾਲਸਾ-ਪੰਥ ਵਲੋਂ ਸਿਰਜੇ ਗਏ ਹਨ, ਪਰ 'ਤਖ਼ਤ' ਦਾ ਸਿਰਜ-ਨਾਤਮਕ ਜਿਹੜਾ ਸੰਕਲਪ ਹੈ, ਉਹ ਗੁਰੂਆਂ ਤੇ ਗੁਰ-ਸਿੱਖਾਂ ਦਾ ਇਕੋ ਜਿਹਾ ਹੀ ਹੈ। ਚੌਹਾਂ ਤਖ਼ਤਾਂ ਦੀ ਭਾਰਤ ਦੀਆਂ ਚੌਹਾਂ ਦਿਸ਼ਾਵਾਂ ਵਿਚ ਹੋਈ ਸਿਰਜਨਾ ਤੋਂ ਇਹ ਭਾਵ ਵੀ ਉਜਾਗਰ ਹੁੰਦਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਤਕ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਵਲੋਂ ਪ੍ਰਾਰੰਭ ਕੀਤੀ ਹੋਈ ਸਿਖ ਲਹਿਰ ਦਾ ਆਕਾਰ ਤੇ ਪਾਸਾਰ ਕਾਫੀ ਵਧ ਗਿਆ ਸੀ। ਸਾਰੇ ਭਾਰਤ ਵਿਚ ਗੁਰੂ-ਸ਼ਕਤੀ ਦਾ ਪ੍ਰਭਾਵ ਸਵੀਕਾਰ ਕਰ ਲਿਆ ਗਿਆ ਸੀ। ਇਹ ਚਾਰੇ ਤਖ਼ਤ 'ਪ੍ਰਭੂ-ਤਖ਼ਤ' ਹਨ, 'ਗੁਰੂ-ਤਖ਼ਤ' ਹਨ। ਜਿਵੇਂ ਦੁਨਿਆਵੀ ਬਾਦਸ਼ਾਹ ਆਪਣੇ ਤਖ਼ਤ ਉਸਾਰਦਾ ਹੈ, ਤੇ ਫਿਰ ਉਸ ਤਖ਼ਤ ਉੱਤੇ ਬੈਠ ਕੇ ਨਿਆਂ ਤੇ ਅਨਿਆਂ ਦੇ ਫੈਸਲੇ ਵੀ ਕਰਦਾ ਹੈ, ਕੁਝ ਇਸੇ ਤਰ੍ਹਾਂ ਗੁਰੂ ਸਾਹਿਬਾਂ ਨੇ ਆਪਣੇ ਤਖ਼ਤ ਉਸਾਰ ਕੇ, ਇਕ ਤਾਂ ਸਾਰੀ ਸਿਖ-ਸੰਗਤ ਨੂੰ 'ਪ੍ਰਭੂ-ਤਖਤਾਂ'

Digitized by Panjab Digital Library | www.panjabdigilib.org

ਦੀ ਹਕੂਮਤ ਮੰਨਣ ਵਾਸਤੇ ਪੈਰ ਲਿਆ, ਦੂਜਾ ਸਿੱਖ-ਸੰਗਤਿ ਨੂੰ ਇਹ ਵੀ ਵਿਸ਼ਵਾਸ ਦਿਵਾ ਦਿੱਤਾ ਕਿ ਇਹ ਤਖ਼ਤ ਸੁਹਿਰਦ ਤੇ ਨਿਆਂ-ਪਸੰਦ ਹਨ, ਇਹ ਆਤਮਾ ਦੇ ਤਖ਼ਤ ਹਨ, ਇਹਨਾਂ ਤਖ਼ਤਾਂ ਤੋਂ ਕਿਸੇ ਆਤਮਕ-ਜ਼ਿੰਦਗੀ ਵਾਲੇ ਨੂੰ ਹੀ ਪ੍ਰਵਾਨਗੀ ਮਿਲ ਸਕਦੀ ਹੈ, ਕਿਸੇ ਉੱਚ-ਆਤਮਕ ਪ੍ਰਾਪਤੀ ਵਾਲੇ ਨੂੰ ਹੀ ਸਿਰੋਪਾ ਦਿੱਤਾ ਜਾ ਸਕਦਾ ਹੈ, ਤੀਜਾ ਸਿੱਖ ਸੰਗਤਿ ਤੇ ਉਸ ਦੀ ਸ਼ਕਤੀ ਨੂੰ ਆਪਣੇ ਵਲ ਆਕਰਖਿਤ ਕਰ ਕੇ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਅੰਦਰ ਸੈ-ਵਿਸ਼ਵਾਸ ਤੇ ਗੌਰਵ-ਅਧੀਨ ਰਹਿਣ ਦੀ ਜਾਗ ਲਾ ਦਿੱਤੀ, ਚੌਥਾ 'ਤਖ਼ਤਾਂ' ਨੂੰ ਖਾਲਸੇ ਦੀ ਮਲਕੀਅਤ ਦੱਸ ਕੇ ਸਾਰੀ ਪੰਥ-ਪੂੰਜੀ ਦਾ ਮਾਲਕ ਜਾਂ ਪਾਤਿਸ਼ਾਹ ਉਹਨਾਂ ਨੇ ਆਪਣੇ ਪਿਆਰੇ ਖਾਲਸੇ ਨੂੰ ਬਣਾ ਦਿੱਤਾ, 'ਗੁਰਦੁਆਰੇ ਤੇ ਤਖ਼ਤ' ਖਾਲਸਾ-ਪੰਥ ਨੂੰ ਵਿਰਸੇ ਵਿਚ ਮਿਲੀ ਜਾਇਦਾਦ ਹਨ। ਪੰਜਵਾਂ ਖਾਲਸਾ-ਪੰਥ ਦੇ ਆਪਣੇ ਤਖ਼ਤ ਬਣ ਜਾਣ ਨਾਲ ਖਾਲਸੇ ਦੀ ਅੰਤਰ-ਆਤਮਾ ਵਿਚੋਂ ਸਮਕਾਲੀ ਹਕੂਮਤ ਦੀ ਬਰਾਬਰਤਾ ਦਾ ਭਾਵ ਵੀ ਉਜਾਗਰ ਹੋਣ ਲਗ ਪਿਆ। ਗਲ ਕੀ ਚਾਰੇ ਤਖ਼ਤ ਖਾਲਸਾ-ਪੰਥ ਦੀ ਅਦੁੱਤੀ ਸ਼ਾਨ ਵੀ ਹਨ ਤੇ ਅਦੁੱਤੀ ਇਤਿਹਾਸਕ-ਯਾਦ ਵੀ ਹਨ।

'ਚੌਹਾਂ ਤਖ਼ਤਾਂ' ਦੀ ਉਸਾਰੀ ਭਾਵੇਂ ਵਖਰੇ ਵਖਰੇ ਸਮੇਂ ਹੋਈ ਹੈ, ਪਰ ਚੌਹਾਂ ਤਖ਼ਤਾਂ ਦੀ ਉਸਾਰੀ ਦਾ ਉਦੇਸ਼ ਇਕ ਹੀ ਸੀ। ਅਰਥਾਤ ਸਿੱਖ ਕੌਮ ਨੂੰ ਆਤਮਕ ਤੇ ਰਾਜਸੀ ਸੇਧ ਦੇਣ ਵਾਸਤੇ ਸਾਰੇ ਭਾਰਤ ਵਿਚ ਕੇਂਦਰ ਸਥਾਪਿਤ ਕੀਤੇ ਜਾਣ। ਤਾਂ ਕਿ ਭਾਰਤ ਦੀ ਹਰ ਦਿਸ਼ਾ ਵਿਚ ਵਸਦਾ ਸਿੱਖ ਆਪਣੇ ਆਪਣੇ ਨਿਕਟ ਉਸਾਰੇ ਗਏ 'ਤਖ਼ਤ' ਤੋਂ ਜੀਵਨ ਵਾਸਤੇ ਸੇਧ ਪ੍ਰਾਪਤ ਕਰ ਸਕੇ। ਚੌਹਾਂ ਤਖ਼ਤਾਂ ਦਾ ਉਦੇਸ਼ ਤੇ ਉਪਦੇਸ਼ ਸਾਂਝਾ ਹੀ ਹੈ। ਚੌਹਾਂ ਤਖਤਾਂ ਦਾ ਸਿੱਖ-ਧਰਮ, ਸਿੱਖ-ਇਤਿਹਾਸ, ਸਿੱਖ-ਸਦਾਚਾਰ ਤੇ ਸਿੱਖ-ਸਭਿਆਚਾਰ ਵਿਚ ਇਕੋ ਜਿਹਾ ਸਥਾਨ ਹੈ। ਕਿਸੇ ਵੀ ਤਖ਼ਤ ਨੂੰ ਕਿਸੇ ਕਾਰਨ ਵਿਸ਼ੇਸ਼ ਜਾਂ ਨੀਵਾਂ ਨਹੀਂ ਆਖਿਆ ਜਾ ਸਕਦਾ। ਚੌਹਾਂ ਤਖ਼ਤਾਂ ਦੇ ਮੱਤੇ, ਹੁਕਮ ਨਾਮਹ ਤੇ ਅੰਮ੍ਰਿਤ ਛੱਕਣ ਛਕਾਣ ਦੀਆਂ ਵਿੱਧੀਆਂ ਇਕ ਸਮਾਨ ਹਨ ਤੇ ਹੋਣੀਆਂ ਵੀ ਚਾਹੀਦੀਆਂ ਹਨ। ਭਾਵੇਂ ਚੌਹਾਂ ਤਖ਼ਤਾਂ ਵਿਚੋਂ ਪਹਿਲਾ 'ਤਖ਼ਤ' ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਰਚਨਾ ਹੈ, ਦੂਜਾ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਤੀਜਾ (ਸ੍ਰੀ ਪਟਨਾ ਸਾਹਿਬ) ਚੌਥਾ (ਸ੍ਰੀ ਹਜ਼ੂਰ ਸਾਹਿਬ) ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਸਥਾਨ ਤੇ ਜੋਤੀ ਜੋਤਿ ਸਮਾਉਣ ਦੀ ਇਤਿਹਾਸਕ-ਯਾਦ ਵਿਚ, ਪਿਛੋਂ ਖਾਲਸਾ-ਪੰਥ ਵਲੋਂ ਉਸਾਰੇ ਗਏ ਤੇ ਨਿਸਚੇ ਕੀਤੇ ਗਏ ਤਖ਼ਤ ਹਨ। ਪਰ ਇਹ ਤਖ਼ਤ ਸਰਬ-ਗੁਰੂਆਂ ਦੇ ਤਖ਼ਤ ਹਨ, ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਦੇਵ ਜੀ ਨੇ 'ਤਖ਼ਤ'[1] ਦਾ ਜਿਹੜਾ ਸੰਕਲਪ ਮੂਰਤੀਮਾਨ ਕੀਤਾ ਹੈ, ਉਸ ਸੰਕਲਪ ਉੱਤੇ ਆਧਾਰਤ ਤਖ਼ਤ ਹਨ। 'ਸਰਬ-ਗੁਰੂ' ਪ੍ਰਭੂ-ਸੱਚ-ਪਾਤਿਸ਼ਾਹ ਦੀ

੧, (ੳ) ਏਕੋ ਤਖਤੁ ਏਕੋ ਪਾਤਿਸ਼ਾਹੁ ॥ ਸਰਬੀ ਥਾਈ ਵੇਪਰਵਾਹ ॥
ਤਿਸ ਕਾ ਕੀਆ ਤ੍ਰਿਭਵਣੁ ਸਾਰੁ ॥ ਉਹ ਅਗਮੁ ਅਗੋਚਰ ਏਕੰਕਾਰੁ ॥
(ਮ: ੧)

(ਅ) ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥ (ਰਾਮਕਲੀ ਮ: ੧)

(ੲ) ਤੂ ਏਕੰਕਾਰੁ ਨਿਰਾਲਮ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥

Digitized by Panjab Digital Library | www.panjabdigilib.org

ਹਕੂਮਤ ਮੰਨਣ ਦੇ ਵਿਸ਼ਵਾਸੀ ਸਨ, ਕਿਸੇ ਹੋਰ ਹਕੂਮਤ ਦੇ ਜ਼ਬਰ ਤੇ ਜ਼ੁਲਮ ਨੂੰ ਉਹਨਾਂ ਨੇ ਸਹਿਣ ਨਹੀਂ ਕੀਤਾ। ਇਸੇ ਲਈ 'ਬਾਬੇਕਿਆਂ ਤੇ ਬਾਬਰਕਿਆਂ' ਵਿਚ ਲੱਗ ਭੱਗ ਤਿੰਨ ਸਦੀਆਂ ਲਗਾਤਾਰ ਸੰਘਰਸ਼ ਹੁੰਦਾ ਰਿਹਾ ਹੈ। ਖਾਲਸਾ-ਪੰਥ ਦੇ 'ਤਖਤ' 'ਬਾਬੇਕਿਆਂ' ਦੇ ਤਖ਼ਤ ਹਨ। ਚੂੰਕਿ ਸਰਬ 'ਗੁਰੂ' ਜੋਤਿ ਤੇ ਜੁਗਤਿ ਵਿਚ ਅਦ੍ਵੈਤ ਸਨ, ਇਸ ਲਈ 'ਤਖ਼ਤਾਂ' ਦੇ ਰੱਚਣ ਹਾਰੇ ਜਿਹੜੇ ਮਰਜ਼ੀ ਹੋਣ, ਉਹ ਸਰਬ ਗੁਰੂ-ਪਾਤਿਸ਼ਾਹਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਸੇ ਕਰ ਕੇ ਸਿੱਖ-ਧਰਮ, ਸਿੱਖ-ਇਤਿਹਾਸ, ਸਿੱਖ-ਸਦਾਚਾਰ ਤੇ ਸਿੱਖ-ਸਭਿਆਚਾਰ ਵਿਚ ਇਹਨਾਂ ਦੀ ਵਿਸ਼ੇਸ਼ਤਾ ਬੜੀ ਮਹਾਨ ਹੈ। ਇਤਿਹਾਸਕ ਤੌਰ ਤੇ ਭਾਵੇਂ ਗੁਰੂ ਹਰਿ ਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਤੇ ਉਹਨਾਂ ਦੀ ਇਤਿਹਾਸਕ-ਯਾਦ ਵਿਚ 'ਤਖਤਾਂ' ਦੀ ਉਸਾਰੀ ਹੋਈ ਹੈ। ਪਰ ਇਹ ਗਲ ਯਾਦ ਰੱਖਣ ਵਾਲੀ ਹੈ, ਕਿ ਸਿੱਖ ਲਹਿਰ ਦਾ ਰਾਜਸੀ-ਚਮਤਕਾਰ ਉਘਾੜਨ ਵਾਲੇ ਪ੍ਰਤੱਖ ਪ੍ਰਮਾਣ ਇਹ ਦੋ ਗੁਰੂ ਸਾਹਿਬ'ਨ ਹੀ ਹਨ। ਬਾਕੀ ਗੁਰੂ-ਸ਼ਖਸੀਅਤਾਂ ਰਾਜਸੀ-ਕਰਤੱਵਾਂ ਤੋਂ ਕੰਨੀ ਨਹੀਂ ਕਤਰਾਂਦੀਆਂ ਅਤੇ ਨਾ ਹੀ ਹਕੂਮਤ ਦੇ ਰਾਜਸੀ ਡਰ-ਡਰਾਵੇ ਦਾ ਕੋਈ ਰੋਹਬ ਮੰਨਦੀਆਂ ਸਨ। ਪਰ ਜਾਂ ਤਾਂ ਉਹਨਾਂ ਨੂੰ ਰਾਜਸੀ-ਮੈਦਾਨ ਵਿਚ ਆਉਣ ਦੀ ਲੋੜ ਨਹੀਂ ਪਈ ਤੇ ਜਾਂ ਉਹ ਸਿੱਖ ਲਹਿਰ ਨੂੰ ਸੁਤੰਤਰ ਰਖ ਕੇ, ਇਸ ਦੀ ਸ਼ਕਤੀ ਨੂੰ ਪ੍ਰਫੁੱਲਤ ਤੇ ਪ੍ਰਗਤੀਸ਼ੀਲ ਬਣਾਨ ਵਲ ਜੁਟੇ ਰਹੇ ਹਨ। ਜੋ ਕੁਝ ਵੀ ਆਖਿਆ ਜਾਏ, ਇਹ ਇਤਿਹਾਸਕ ਸੱਚ ਹੈ, ਕਿ ਅਸ਼ਟ ਗੁਰੂ-ਸ਼ਖਸੀਅਤਾਂ ਰਾਜਸੀ-ਕਰਤੱਵ ਨਾ ਕਰਦੀਆਂ ਹੋਈਆਂ ਵੀ ਰਾਜਸੀ-ਜਾਗ੍ਰਿਤੀ ਤੋਂ ਪੂਰਨ ਰੂਪ ਵਿਚ ਸੁਚੇਤ ਸਨ। ਗੁਰੂ ਹਰਿ ਗੋਬਿੰਦ ਜੀ ਨੂੰ ਰਾਜਸੀ-ਮੈਦਾਨ ਵਿਚ ਆ ਕੇ ਵਿਰੋਧੀ ਹਕੂਮਤ ਦੇ ਜ਼ਬਰ ਤੇ ਜ਼ੁਲਮ ਨਾਲ ਸੰਘਰਸ਼ ਕਰਨ ਦਾ ਮੌਕਾ ਵੀ ਮਿਲਿਆ ਹੈ ਤੇ ਸਿੱਖ ਲਹਿਰ ਨੂੰ ਰਾਜਸੀ-ਪੱਧਰ ਤੇ ਸ਼ਕਤੀਸ਼ਾਲੀ ਬਣਾਉਣ ਦਾ ਸ਼ੌਂਕ ਵੀ ਸੀ। ਨਾਲੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸਬਰ ਤੇ ਸਿਦਕ-ਭਰਪੂਰ ਸ਼ਹਾਦਤ ਨੇ ਗੁਰੂ ਹਰਿ ਗੋਬਿੰਦ ਜੀ ਦੇ ਸ਼ਾਂਤ-ਹਿਰਦੇ ਵਿਚ ਕ੍ਰਾਂਤੀ ਦਾ ਭਾਂਬੜ ਵੀ ਬਾਲ ਦਿੱਤਾ ਸੀ। ਇਸ ਲਈ ਉਹ ਆਤਮਕ-ਆਗੂ ਹੋਣ ਦੇ ਨਾਲ ਨਾਲ ਰਾਜਸੀ ਆਗੂ ਵੀ ਬਣ ਗਏ। ਮੀਰੀ-ਪੀਰੀ ਤੇ ਹੋਰ ਸ਼ੱਸਤਰ-ਅੱਸਤਰ ਸਜਾ ਕੇ, ਜਹਾਂਗੀਰ ਬਾਦਸ਼ਾਹ ਵਾਂਗ 'ਪਾਤਿਸ਼ਾਹ' ਵੀ ਅਖਵਾਉਣ ਲਗ ਪਏ। ਕੁਝ ਇਸੇ ਤਰ੍ਹਾਂ ਦੀ ਦੂਜੀ ਸ਼ਖਸੀਅਤ ਗੁਰੂ ਗੋਬਿੰਦ ਸਿੰਘ ਜੀ ਦੀ ਸੀ। ਗੁਰੂ ਗੋਬਿੰਦ ਸਿੰਘ ਜੀ ਸ਼ੱਸਤਰਾਂ-ਅੱਸਤਰਾਂ ਦੇ ਸ਼ੌਕੀਨ ਵੀ ਸਨ, ਸੰਘਰਸ਼ ਤੇ ਯੁੱਧ ਕਰਨ ਦੇ ਵੀ ਦ੍ਰਿੜ੍ਹ ਤੇ ਦਲੇਰ ਵਿਸ਼ਵਾਸੀ ਸਨ ਤੇ 'ਖ੍ਰਭ ਕਾ ਪੰਥ' ਨੂੰ ਦ੍ਰਿੜ੍ਹ ਨਿਸਚੇ ਨਾਲ ਸਥਾਪਨ ਕਰਨ ਵਾਲੇ ਵੀ ਸਨ। ਨਾਲੇ ਜਿਹੜਾ ਸਭ ਤੋਂ ਵੱਡਾ 'ਸਾਕਾ' ਉਹਨਾਂ ਨੂੰ ਸੈਨਿਕ-ਮੈਦਾਨ ਵਿਚ ਪ੍ਰਵੇਸ਼ ਕਰਾਉਂਦਾ ਹੈ, ਉਹ ਹੈ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ। ਇਹ ਸ਼ਹਾਦਤ ਵੀ ਔਰੰਗਜ਼ੇਬ ਦੇ ਤੁਅੱਸਬ ਤੇ ਜ਼ਬਰ-ਜ਼ੁਲਮ ਅਧੀਨ ਹੀ ਹੋਈ ਸੀ। ਔਰੰਗਜ਼ੇਬੀ-ਹਕੂਮਤ ਸਰਬ-ਹਿੰਦੂਆਂ ਨੂੰ ਮੁਸਲਮਾਣ ਬਣਾਉਣਾ ਚਾਹੁੰਦੀ ਸੀ। ਗੁਰੂ ਤੇਗ ਬਹਾਦਰ ਜੀ ਜ਼ਬਰਦਸਤੀ 'ਧਰਮ' ਬਦਲਾਣ ਦੇ ਵਿਰੋਧੀ ਸਨ। ਸੋ ਸੰਘਰਸ਼ ਹੋਣਾ ਜ਼ਰੂਰੀ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਗੁਰੂ ਅਰਜਨ ਦੇਵ ਜੀ ਵਾਂਗ ਸਬਰ ਤੇ ਸਿਦਕ ਵਿਚ ਰਹਿ ਕੇ ਸੀਸ ਨੂੰ ਦੇ ਦਿੱਤਾ, ਭਾਵੇਂ 'ਸਿਰਰੁ' ਨੂੰ ਨਾ ਤਿਆਗਿਆ। ਇਸੇ ਸ਼ਹਾਦਤ ਦਾ ਹੀ ਇਕ ਪ੍ਰਤੀਕਰਮ ਇਹ ਹੋਇਆ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ

Digitized by Panjab Digital Library | www.panjabdigilib.org

ਸਾਲ ਦੀ ਉਮਰ ਤੋਂ ਹੀ ਸ਼ਸਤਰ-ਪਹਿਰਾਵਾ ਸ਼ੁਰੂ ਕਰ ਦਿੱਤਾ, ਸ਼ਸਤਰ-ਵਿਦਿਆ ਸਿਖਣੀ ਤੇ ਸ਼ਿਕਾਰ-ਖੇਡਣਾ ਸ਼ੁਰੂ ਕਰ ਦਿੱਤਾ, ਸੈਨਿਕ ਇਕੱਠੇ ਕਰਨੇ, ਕਿਲ੍ਹੇ ਬਣਾਨੇ, ਫੌਜਾਂ ਰਖਣੀਆਂ, ਨੀਸਾਣ ਝੁਲਾਣੇ, ਨਗਾਰੇ ਵਜਾਣੇ, ਉਹਨਾਂ ਦਾ ਵਿਸ਼ੇਸ਼ ਸ਼ੌਂਕ ਬਣ ਗਿਆ, ਸ਼ੱਸਤਰਾਂ ਨੂੰ 'ਪੀਰ' ਆਖਣਾ, ਮੁਗਲ ਫੌਜਾਂ ਨਾਲ ਯੁਧ ਲੜਨਾ, ਖਾਲਸੇ ਨੂੰ ਅੰਮ੍ਰਿਤ ਛਕਾ ਕੇ, ਸੱਚ, ਪ੍ਰੇਮ, ਅਣਖ ਤੇ ਆਜ਼ਾਦੀ-ਹਿੱਤ ਮਰ-ਮਿਟਣ ਵਾਸਤੇ ਤਿਆਰ ਕਰ ਦੇਣਾ, ਇਹ ਉਹਨਾਂ ਦੀ ਖਾਸ ਰੁਚੀ ਬਣ ਜਾਂਦੀ ਹੈ। ਗਲ ਕੀ ਗਰ ਗੋਬਿੰਦ ਸਿੰਘ ਜੀ ਸੰਤ-ਦਰਵੇਸ਼ ਹੁੰਦੇ ਹੋਏ ਸਿਪਾਹੀ-ਬਾਦਸ਼ਾਹ ਵੀ ਬਣ ਗਏ। ਚੂੰਕਿ 'ਤਖਤ' ਰਾਜਸੀ ਪੱਧਰ ਉੱਤੇ ਹਮੇਸ਼ਾਂ ਬਾਦਸ਼ਾਹਾਂ ਦੇ ਹੁੰਦੇ ਸਨ। ਸੋ ਖਾਲਸੇ ਨੇ ਵੀ ਇਤਿਹਾਸ ਤੇ ਭੂਗੋਲ ਦੀ ਦ੍ਰਿਸ਼ਟੀ ਤੋਂ ਸੰਤ-ਸਿਪਾਹੀ, ਦਰਵੇਸ਼-ਬਾਦਸ਼ਾਹ, ਨਿਡਰ ਤੇ ਦਲੇਰ-ਯੋਧੇ, ਸੱਚ-ਪ੍ਰਸੱਤ ਤੇ ਨਿਆਂ-ਪਸੰਦ ਤੇ ਮਰਦ ਅਗੰਮੜੇ ਦੀ ਯਾਦ ਵਿਚ ਹੀ ਤਖਤ ਉਸਾਰੇ। ਗੁਰੂ-ਜਨਮ-ਸਥਾਨ ਤੇ ਗੁਰੂ-ਜੋਤੀ ਜੋਤਿ ਸਮਾਉਣ ਦੇ ਸਥਾਨ ਤਾਂ ਅਨੇਕ ਸਨ, ਪਰ ਚੂੰਕਿ ਪਾਤਿਸ਼ਾਹੀ ਤੇ ਤਖ਼ਤੋ-ਤਾਜ਼ ਵਾਲੀ ਮੂਰਤਿ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਸੀ, ਇਸ ਲਈ ਹੋ ਸਕਦਾ ਹੈ, ਕਿ 'ਤਖ਼ਤ' ਬਣਾਉਣ ਲਈ ਜਦੋਂ ਸਥਾਨ-ਚੋਣ ਹੋਈ ਹੋਵੇ, ਉਸ ਵਕਤ ਉਪ੍ਰੋਕਤ ਵਿਚਾਰ ਨੂੰ ਦ੍ਰਿਸ਼ਟੀਗੋਚਰ ਰਖਿਆ ਗਿਆ ਹੋਵੇ। ਇਸ ਤਰ੍ਹਾਂ 'ਤਖ਼ਤ' ਸਿੱਖ ਇਤਿਹਾਸ ਦੀ ਕੀਮਤੀ ਜਾਇਦਾਦ ਵੀ ਹਨ, ਸਿੱਖ ਲਹਿਰ ਦੀ ਰਾਜਸੀ-ਸ਼ਕਤੀ ਦਾ ਵਿਕਾਸ-ਪ੍ਰਤੀਬਿੰਬ-ਪ੍ਰਤੀਕ ਵੀ ਹਨ, ਤੇ ਸਿੱਖ ਸਦਾਚਾਰ ਤੇ ਸਭਿਆਚਾਰ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੇ ਸੋਮਾ-ਦਰਬਾਰ ਵੀ ਹਨ। ਜਦੋਂ 'ਖਾਲਸਾ-ਪੰਥ' ਆਪਣੀ ਨਿਤ ਦੀ ਅਰਦਾਸ ਵਿਚ ਚੌਹਾਂ ਤਖ਼ਤਾਂ ਤੇ ਸਰਬੱਤ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਦੀ ਇੱਛਾ ਪ੍ਰਗਟਾਂਦਾ ਹੈ, ਇਕ ਤਾਂ ਉਹ ਸਮੁੱਚੀ ਸਿੱਖ ਲਹਿਰ ਦੇ ਹੋਏ ਵਿਕਾਸ ਨੂੰ ਦੁਹਰਾਂਦਾ ਹੈ, ਦੂਜਾ ਦਰਸ਼ਨ-ਦੀਦਾਰ ਕਰ ਕੇ ਗੁਰੂ-ਯਾਦਾਂ ਤੇ ਗੁਰੂ-ਕਰਤੱਵਾਂ ਨਮਿੱਤ ਸ਼ਰਧਾ ਦਾ ਅਹਿਸਾਸ ਪ੍ਰਗਟਾਂਦਾ ਹੈ, ਤੀਜਾ ਆਪਣੇ ਪਿਉ ਦਾਦੇ ਦੇ ਖਜ਼ਾਨੇ ਤੋਂ ਪ੍ਰੇਰਿਤ ਹੋ ਕੇ ਆਪਣੇ ਆਪ ਨੂੰ ਧਰਮ, ਪ੍ਰੇਮ, ਅਣਖ ਤੇ ਸੁਤੰਤਰ-ਧਾਰੀ ਬਣਾਉਂਦਾ ਹੈ, ਚੌਥਾ ਗੁਰਦੁਆਰਿਆਂ ਤੇ ਤਖਤਾਂ ਦੀ ਸੇਵਾ-ਸੰਭਾਲ ਦਾ ਦਾਨ ਵੀ ਮੰਗਦਾ ਹੈ।

'ਗੁਰਦੁਆਰੇ ਤੇ ਤਖ਼ਤਾਂ' ਦੀ ਸੇਵਾ-ਸੰਭਾਲ ਦਾ ਹੱਕ ਖਾਲਸਾ-ਪੰਥ ਦਾ ਹੀ ਹੈ ਤੇ ਇਹਨਾਂ ਤੇ ਖਾਲਸੇ-ਪੰਥ ਦਾ ਹੀ ਅਧਿਕਾਰ ਹੋਣਾ ਚਾਹੀਦਾ ਹੈ।

'ਗੁਰਦੁਆਰੇ ਤੇ ਤਖ਼ਤਾਂ' ਦੀ ਸਦਾਚਾਰਕ ਤੇ ਸਭਿਆਚਾਰਕ ਮਹੱਤਤਾ ਵੀ ਬੜੀ ਵਿਸ਼ੇਸ਼ ਹੈ। ਭਾਵੇਂ ਗੁਰਦੁਆਰੇ ਹੋਣ ਤੇ ਭਾਵੇਂ ਤਖ਼ਤ ਹੋਣ, ਦੋਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਪ੍ਰਕਾਸ਼ ਕੀਤਾ ਜਾਂਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਦਾਚਾਰ ਤੇ ਸਭਿਆਚਾਰ ਦਾ ਅਮੁੱਲ ਤੇ ਅਮੁੱਕ-ਭੰਡਾਰਾ ਹੈ। ਜਦੋਂ 'ਗੁਰਦੁਆਰਿਆਂ' ਵਿਚ ਤੇ 'ਤਖ਼ਤਾਂ' ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਤਾਂ ਇਸ ਦਾ ਇਕ ਭਾਵ ਇਹ ਹੈ, ਕਿ ਭਾਵੇਂ ਗੁਰਦੁਆਰੇ ਹੋਣ ਤੇ ਭਾਵੇਂ ਤਖ਼ਤ, ਪ੍ਰਧਾਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਹੈ। ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਵ-ਪ੍ਰਣਾਲੀ ਦੀ ਤਾਬਿਆ ਵਿਚ ਹੀ ਗੁਰਦੁਆਰੇ ਤੇ ਤਖ਼ਤਾਂ ਨੇ ਸਰਬ ਕਰਤੱਵਾਂ ਨੂੰ ਨਿਬਾਹੁਣਾ ਹੈ, ਤੀਜਾ ਧਰਮ ਤੇ ਸਿਆਸਤ ਨੇ ਸੰਮਿਲਵੇਂ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਧ-ਦਿਸ਼ਾ ਵਿਚ ਹੀ ਵਿਚਰਣਾ ਹੈ, ਚੌਥਾ ਗੁਰਦੁਆਰਿਆਂ

Digitized by Panjab Digital Library | www.panjabdigilib.org

ਤੇ ਤਖ਼ਤਾਂ ਵਿਚ ਸਿੱਖ ਸਦਾਚਾਰ ਤੇ ਸਿੱਖ ਸਭਿਆਚਾਰ ਨੂੰ ਵੀ ਵਿਸ਼ੇਸ਼ ਸਵੀਕਾਰ ਕੀਤਾ ਜਾਵੇ। ਗੁਰਦੁਆਰਿਆਂ ਵਿਚ ਤੇ ਤਖ਼ਤਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼-ਪ੍ਰਧਾਨਤਾ ਦਾ ਭਾਵ ਇਹ ਵੀ ਹੈ, ਕਿ ਗੁਰਦੁਆਰਿਆਂ ਤੇ ਤਖ਼ਤਾਂ ਵਿਚ ਭਿੰਨ-ਭੇਦ ਕੋਈ ਨਹੀਂ। 'ਗੁਰਦੁਆਰੇ' ਸਿਖ ਲਹਿਰ ਦੇ ਧਰਮ-ਸਿਧਾਂਤਾਂ ਦੇ ਪ੍ਰਚਾਰ ਤੇ ਪਾਸਾਰ ਦਾ ਕੇਂਦਰ ਹਨ ਤੇ 'ਤਖ਼ਤ' ਸਿਖ ਧਰਮ-ਸਿਧਾਂਤਾਂ ਦੇ ਸ਼ਕਤੀ-ਸਰੂਪ ਦਾ ਪ੍ਰਮਾਣ-ਕੇਂਦਰ ਹਨ। ਭਾਵੇਂ ਸਾਧਾਰਨ ਤੌਰ ਤੇ ਗੁਰਦੁਆਰੇ ਤੇ ਤਖ਼ਤਾਂ ਦੇ ਕਰਤੱਵਾਂ ਵਿਚ ਫਰਕ ਦਿਸਦਾ ਹੈ ਤੇ ਗੁਰਦੁਆਰੇ ਤਾਂ ਹਰ ਥਾਂ, ਤੇ ਹਰ ਸੰਗਤਿ ਵਲੋਂ ਬਣਾਏ ਜਾ ਸਕਦੇ ਹਨ, ਪਰ 'ਤਖਤਾਂ' ਵਿਚ ਨਾ ਤਾਂ ਵਾਧਾ ਕੀਤਾ ਜਾ ਸਕਦਾ ਹੈ, ਅਤੇ ਨਾ ਹੀ ਤਖ਼ਤਾਂ ਦੀ ਸਿਰਜਨਾ ਦਾ ਹਰ ਸੰਗਤਿ ਨੂੰ ਕੋਈ ਅਧਿਕਾਰ ਹੈ। ਇਸ ਲਈ ਗੁਰਦੁਆਰਿਆਂ ਤੇ ਤਖ਼ਤਾਂ ਦੀ ਸਦਾਚਾਰਕ ਤੇ ਸਭਿਆਚਾਰਕ ਮਹੱਤਤਾ ਵਿਚ ਵਿਲੱਖਣਤਾ ਹੋਣ ਦੇ ਬਾਵਜੂਦ ਵੀ ਅੰਤਰੀਵੀ ਪੱਧਰ ਤੇ ਗੁਰਦੁਆਰਿਆਂ ਨੂੰ ਸਿਖ ਲਹਿਰ ਦੇ ਆਰੰਭਕ ਤੇ ਸਰਬ ਸੰਗਤਿ ਵਾਸਤੇ ਸਥਾਪਤ ਕੀਤੇ ਗਏ ਮਿਲ-ਬੈਠਣ ਦੇ ਕੇਂਦਰ ਆਖਿਆ ਜਾ ਸਕਦਾ ਹੈ, ਪਰ 'ਤਖ਼ਤ' ਕੇਵਲ ਪ੍ਰਭੂ-ਉੱਚਗਤੀ ਨੂੰ ਪ੍ਰਾਪਤ ਕਰਨ ਵਾਲੇ ਸਿੰਘਾਂ ਦੇ ਮਿਲ-ਬੈਠਣ ਦੇ ਸਥਾਨ-ਕੇਂਦਰ ਹਨ। ਇਸੇ ਲਈ ਸਿਖ ਮਰਯਾਦਾ ਮੁਤਾਬਿਕ ਤਖ਼ਤਾਂ ਉਤੇ ਕੇਵਲ ਪ੍ਰਭੂ-ਉੱਚਗਤੀ ਨੂੰ ਪ੍ਰਾਪਤ ਕਰਨ ਵਾਲਾ ਸਿੰਘ-ਸ਼ਸਤਰ ਧਾਰੀ ਤੇ ਪੰਜ ਕਕਾਰੀ-ਹੀ ਚੜ੍ਹ ਜਾਂ ਬੈਠ ਸਕਦਾ ਹੈ। ਹਰ ਕੋਈ ਸਿਖ ਚੜ੍ਹ ਜਾਂ ਬੈਠ ਨਹੀਂ ਸਕਦਾ। ਭਾਵੇਂ ਦੋ 'ਤਖਤ' ਗੁਰੂ ਸਾਹਿਬਾਂ ਦੀ ਹੋਂਦ ਵਿਚ ਹੀ ਸਥਾਪਤ ਕੀਤੇ ਗਏ ਹਨ, ਤੇ ਦੋ ਪਿਛੋਂ ਗੁਰੂ-ਸੰਗਤਿ ਵਲੋਂ ਸਥਾਪਨ ਕੀਤੇ ਗਏ ਹਨ, ਪਰ ਚੌਹਾਂ ਤਖਤਾਂ ਦੀ ਸਦਾਚਾਰਕ ਤੇ ਸਭਿਆਚਾਰਕ ਮਹੱਤਤਾ ਇਕੋ ਜਿਹੀ ਹੀ ਹੈ, ਚੌਹਾਂ ਤਖਤਾਂ ਦੀ ਮਿਆਰ ਤੇ ਮਰਯਾਦਾ-ਪ੍ਰਣਾਲੀ ਇਕੋ ਜਿਹੀ ਹੈ, ਚੌਹਾਂ ਤਖ਼ਤਾਂ ਉਤੇ ਪਾਸ ਕੀਤੇ ਮਤੇ ਤੇ ਜਾਰੀ ਕੀਤੇ ਹੁਕਮਨਾਮਹ ਖਾਲਸਾ-ਪੰਥ ਵਾਸਤੇ ਸਰਬ ਪ੍ਰਵਾਣਿਤ ਹਨ ਤੇ ਹੋਣੇ ਵੀ ਚਾਹੀਦੇ ਹਨ।

'ਗੁਰਦੁਆਰੇ ਤੇ ਤਖ਼ਤ' ਖਾਲਸਾ-ਪੰਥ ਦੀ ਧਰਮ, ਪ੍ਰੇਮ, ਅਣਖ ਤੇ ਸੁਤੰਤਰ-ਭਾਵਨਾ ਦੀ ਅਦੁੱਤੀ ਯਾਦ ਹਨ, ਸਿਖ ਸਦਾਚਾਰ ਤੇ ਸਭਿਆਚਾਰ ਦੀ ਸੁਨਹਿਰੀ ਜਾਇਦਾਦ ਹਨ, ਸਿੱਖ ਲਹਿਰ ਦੀ ਪ੍ਰਗਤੀ ਤੇ ਪ੍ਰਭੁਤਾ ਦਾ ਚਰਾਗ ਹਨ, ਜੀਵਨ ਦੀ ਸੰਪੂਰਨ ਉਸਾਰੀ ਦਾ ਪ੍ਰਮਾਣ-ਮਾਪ ਹਨ। ਇਸੇ ਲਈ 'ਗੁਰਦੁਆਰੇ ਤੇ ਤਖਤ' ਖਾਲਸਾ-ਪੰਥ ਦੀ ਤਾਬਿਆ ਹਨ ਤੇ ਇਹਨਾਂ ਉੱਤੇ ਖਾਲਸਾ-ਪੰਥ ਦਾ ਹੀ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ।

Digitized by Panjab Digital Library | www.panjabdigilib.org

ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ

'ਸ਼ਹੀਦ' ਸ਼ਹਾਦਤ ਦੇਣ ਵਾਲੇ ਨੂੰ ਆਖਿਆ ਜਾਂਦਾ ਹੈ। 'ਸ਼ਹਾਦਤ' ਦਾ ਅਰਥ-ਭਾਵ ਹੈ, 'ਗਵਾਹੀ ਦੇਣੀ ਅਰਥਾਤ ਸਾਖੀ ਭਰਨੀ'। 'ਸ਼ਹਾਦਤ' ਤਾਂ ਕਈ ਪ੍ਰਕਾਰ ਦੀ ਦਿਤੀ ਜਾਂ ਭਰੀ ਜਾ ਸਕਦੀ ਹੈ, ਪਰ ਮਨੁਖ ਨੂੰ ਉਹੀ 'ਸ਼ਹਾਦਤ' ਸ਼ਹੀਦ ਬਣਾ ਸਕਦੀ ਹੈ, ਜਿਹੜੀ ਸੱਚ. ਸੁਤੰਤਰਤਾ ਤੇ ਸੁਹਿਰਦ-ਕਰਤੱਵਾਂ ਲਈ ਦਿਤੀ ਜਾਂਦੀ ਹੈ। ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵ ਲਈ ਆਪਣੀ ਸਰੀਰਕ-ਅਹੂਤੀ ਦੇ ਦੇਣੀ, ਇਹ ਸ਼ਹੀਦ ਦੀ ਪ੍ਰਮੁਖ ਪਹਿਚਾਣ ਹੋਇਆ ਕਰਦੀ ਹੈ, ਇਹ ਸ਼ਹੀਦ ਦਾ ਪ੍ਰਮੁਖ ਕਰਤੱਵ ਹੋਇਆ ਕਰਦਾ ਹੈ। ਜਿਹੜਾ ਮਨੁਖ ਸੱਚ, ਸੁਤੰਤਰਤਾ ਤੇ ਸੁਹਿਰਦ ਕਰਤੱਵਾਂ ਦੀਆਂ ਡੀਂਗਾਂ ਤਾਂ ਮਾਰਦਾ ਹੈ, ਜੇ ਇਹਨਾਂ ਦੀ ਸੁਰਖਿਆ ਹਿੱਤ ਲੋੜ ਪੈਣ ਤੇ ਉਹ 'ਸ਼ਹਾਦਤ' ਨਹੀਂ ਦਿੰਦਾ ਤਾਂ ਉਸ ਨੂੰ ਨਾ ਤਾਂ ਕਦੀ ਸ਼ਹੀਦ ਮੰਨਿਆ ਜਾ ਸਕਦਾ ਹੈ, ਅਤੇ ਨਾ ਹੀ ਉਸ ਦੀ ਸ਼ਹਾਦਤ ਨੂੰ ਮਹਾਨਤਾ ਦਿਤੀ ਜਾ ਸਕਦੀ ਹੈ। 'ਸ਼ਹੀਦ' ਦੀ ਸ਼ਹਾਦਤ ਹਮੇਸਾਂ ਕਿਸੇ ਮਹਾਨ ਕਾਰਜ ਜਾਂ ਉੱਚ-ਆਦਰਸ਼ ਦੀ ਸੁਰਖਿਆ ਨਮਿੱਤ ਹੀ ਹੋਇਆ ਕਰਦੀ ਹੈ। ਕਿਉਂਕਿ ਸ਼ਹੀਦ ਦੀ ਜੀਵਨ-ਰਹਿਣੀ ਦਾ ਮਿਆਰ ਮਹਾਨ ਆਦਰਸ਼ਵਾਦੀ ਹੀ ਹੰਦਾ ਹੈ। ਉਹ ਆਪਣੇ ਜੀਵਨ ਦੀ ਹਰ ਪਰਵਿਰਤੀ ਨੂੰ ਮਹਾਨ ਤੇ ਉੱਚ-ਆਦਰਸ਼ ਦੀ ਤਾਬਿਆ ਹੀ ਪਾਲਦਾ ਤੇ ਪ੍ਰਫੁੱਲਤ ਕਰਦਾ ਹੈ। ਇਸੇ ਕਰ ਕੇ ਸ਼ਹੀਦ ਦੇ ਖ਼ੂਨ ਵਿਚ ਮਹਾਨ ਤੇ ਉੱਚ-ਆਦਰਸ਼ ਹੀ ਸਮਾਇਆ ਹੁੰਦਾ ਹੈ। ਮਹਾਨ ਤੇ ਉਚ-ਆਦਰਸ਼ ਦੀ ਸੁਰਖਿਆ ਵਾਸਤੇ ਉਹ ਨਾ ਤਾਂ ਕਦੀ ਕਿਸੇ ਮੌਕੇ ਤੋਂ ਖੁੰਝਦਾ ਹੈ, ਅਤੇ ਨਾ ਹੀ ਆਪਣੀ ਅੰਤਰ-ਆਤਮਾਂ ਵਿਚ ਕਿਸੇ ਤਰ੍ਹਾਂ ਦੀ ਡਰ ਜਾਂ ਘਬਰਾਹਟ ਦੀ ਭਾਵਨਾ ਨੂੰ ਪੈਦਾ ਹੋਣ ਦਿੰਦਾ ਹੈ। 'ਸ਼ਹੀਦ' ਡਰ ਤੇ ਭਰਮ ਤੋਂ ਮੁਕਤ ਹੁੰਦਾ ਹੈ। ਨਾ ਉਸ ਨੂੰ ਸਰੀਰ-ਅਹੂਤੀ ਦਾ ਡਰ ਹੁੰਦਾ ਹੈ, ਨਾ ਮੋਹ-ਮਾਇਆ ਦਾ ਅਤੇ ਨਾ ਹੀ ਸ਼ੋਭਾ-ਸ਼ਕਤੀ ਦਾ। ਉਹ ਸਾਰੀ ਜ਼ਿੰਦਗੀ ਨਿਡਰ ਹੋ ਕੇ ਜੀਉਂਦਾ ਹੈ। ਡਰਦਾ ਤਾਂ ਹਮੇਸ਼ਾਂ ਉਹ ਹੈ, ਜਿਹੜਾ ਪਾਪ ਕਰਦਾ ਹੈ, ਜਿਹੜਾ ਲੋਭ ਤੇ ਲਾਲਚ-ਅਧੀਨ ਜੀਵਨ ਵਿਚ ਵਿਚਰਦਾ ਹੈ। 'ਸ਼ਹੀਦ' ਡਰ, ਪਾਪ, ਮੋਹ-ਮਾਇਆ ਤੇ ਲੋਭ-ਲਾਲਚ ਨੂੰ ਇਕ ਤਰ੍ਹਾਂ ਦਾ ਭਰਮ ਸਮਝਦਾ ਹੈ। ਉਸ ਦਾ ਵਿਸ਼ਵਾਸ ਬਣ ਗਿਆ ਹੁੰਦਾ ਹੈ, ਕਿ 'ਭਰਮ' ਕਾਰਨ ਹੀ ਮਨੁਖ ਨੂੰ ਹਰ ਤਰਾਂ ਦਾ ਡਰ ਭਾਸਦਾ ਹੈ। 'ਸ਼ਹੀਦ' ਭਰਮ-ਮਕਤ ਵੀ ਹੰਦਾ ਹੈ। ਜਦੋਂ ਭਾਈ ਗੁਰਦਾਸ ਜੀ 'ਸ਼ਹੀਦ' ਦੇ ਗੁਣ-ਧਨ ਦਾ ਬਿਆਨ ਕਰਦੇ ਹਨ, ਤਾਂ ਉਹਨਾਂ ਵੀ ਇਹ ਵਿਸ਼ਵਾਸ ਮੂਰਤੀਮਾਨ ਕੀਤਾ ਹੈ :—

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦ ਕਾਰੇ ਜੋਵਣਾ।
ਨਾ ਤਿਸ ਭੁਖ ਨ ਨੀਦ ਨ ਖਾਣਾ ਸੋਵਣਾ। (ਵਾਰ ਤੀਸਰੀ. ਪਉੜੀ ੧੮)

Digitized by Panjab Digital Library | www.panjabdigilib.org

'ਭਰਮ ਤੇ ਭਉ' ਤੋਂ ਸੁਤੰਤਰ ਹੋ ਕੇ ਹੀ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦੇ ਆਦਰਸ਼ ਨੂੰ ਸਥਿਰ ਰਖਿਆ ਤੇ ਪਾਲਿਆ ਜਾ ਸਕਦਾ ਹੈ । ਸੱਚ ਦੇ ਵੇਲੇ ਸੱਚ ਸੁਣਾਨ ਵਾਲਾ ਹੀ 'ਸ਼ਹੀਦ' ਪਦਵੀ ਨੂੰ ਪ੍ਰਾਪਤ ਕਰ ਸਕਦਾ ਹੈ । 'ਸ਼ਹੀਦ' ਪਦਵੀ ਨੂੰ ਪ੍ਰਾਪਤ ਕਰਨਾ ਜੀਵਨ-ਪਦਵੀ ਨੂੰ ਪ੍ਰਾਪਤ ਕਰਨ ਦਾ ਸੰਕੇਤ ਹੀ ਹੈ। ਇਹੀ ਉਸ ਦਾ ਮਹਾਨ ਤੇ ਉੱਚ-ਆਦਰਸ਼ ਹੁੰਦਾ ਹੈ, ਇਹੀ ਉਸ ਦੀ ਦ੍ਰਿਸ਼ਟ ਵਿਚ ਗੌਰਵ-ਸ਼ੀਲ ਜ਼ਿੰਦਗੀ ਦਾ ਰਾਜ਼ ਹੁੰਦਾ ਹੈ, ਇਹੀ 'ਸ਼ਹੀਦ'-ਪਦਵੀ ਅਖੀਰ ਮਨੁਖ ਨੂੰ ਦੇਸ਼, ਕੌਮ ਤੇ ਧਰਮ ਦੀ ਤੇਗ ਤੇ ਢਾਲ ਬਣਾਉਂਦੀ ਹੈ, ਇਹੀ 'ਸ਼ਹੀਦ'-ਮਨੁਖ ਦੇਸ਼, ਕੌਮ ਤੇ ਧਰਮ ਦੇ ਇਤਿਹਾਸ ਦੇ ਸ਼ਿੰਗਾਰ ਬਣਿਆਂ ਕਰਦੇ ਹਨ ।

'ਸ਼ਹੀਦ' ਦਾ ਗੁਣ-ਧਨ ਤਾਂ ਸਾਰੇ ਦਾ ਸਾਰਾ ਭਾਵੇਂ ਦੈਵੀ ਹੀ ਹੁੰਦਾ ਹੈ, ਪਰ 'ਸਬਰ ਤੇ ਸਿਦਕ' ਉਸ ਦਾ ਵਿਸ਼ੇਸ਼ ਗੁਣ-ਧਨ ਹੋਇਆ ਕਰਦਾ ਹੈ। 'ਸਬਰ' ਦਾ ਸਥਾਈ ਭਾਵ 'ਸੰਤੋਖ' ਹੈ। ਸੰਤੋਖ ਦਾ ਅਰਥ-ਭਾਵ ਸੰਸਾਰਕ-ਵਾਸ਼ਨਾਵਾਂ ਨੂੰ ਕਿਸੇ ਰੱਬੀ-ਵਿਧਾਨ ਵਿਚ ਬੰਨ੍ਹ ਕੇ ਪ੍ਰਗਟ ਉਣ ਜਾਂ ਭੁੰਚਣ ਤੋਂ ਹੈ । ਸੰਸਾਰਕ-ਵਾਸ਼ਨਾਵਾਂ ਤੋਂ ਪੂਰੀ ਤਰ੍ਹਾਂ ਨਾ ਤਾਂ ਅਲਿਪਤ ਹੋਣਾ ਹੈ ਅਤੇ ਨਾ ਹੀ ਉਨ੍ਹਾਂ ਵਿਚ ਪੂਰੀ ਤਰ੍ਹਾਂ ਗ੍ਰੱਸਨਾ ਹੈ । ਹਾਂ ਸੰਸਾਰਕ-ਵਾਸਨਾਵਾਂ ਪ੍ਰਤੀ 'ਨਵਿਰਤੀ ਤੇ ਪਰਵਿਰਤੀ' ਦੋਹਾਂ ਮਾਰਗਾਂ ਨੂੰ ਅਪਨਾ ਕੇ, ਆਪਣੇ ਆਪ ਨੂੰ ਸਬਰ ਤੇ ਸੰਤੋਖ ਵਿਚ ਰਖਣਾ ਹੈ । ਭਾਵੇਂ ਇਹ 'ਸਬਰ ਤੇ ਸੰਤੋਖ' 'ਪ੍ਰਭੂ-ਬਖਸ਼ਿਸ਼ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ, ਪਰ ਸ਼ਹੀਦ ਇਸ ਗੁਣ-ਧਨ ਨੂੰ ਪ੍ਰਾਪਤ ਕਰਨ ਵਾਸਤੇ ਪ੍ਰਭੂ-ਭਗਤੀ ਕਰਦਾ ਹੈ, ਪ੍ਰਭੂ-ਕਰਤੱਵਾਂ ਉਤੇ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਪ੍ਰਭੂ-ਸੁਭਾ ਮੁਤਾਬਿਕ ਸੇਵਾ ਤੇ ਪਰ-ਉਪਕਾਰੀ ਕਰਤੱਵਾਂ ਨੂੰ ਕਰਦਾ ਹੈ, ਸਰਬ ਪਾਸੇ ਰਮੀ ਹੋਈ ੧ਓ ਸ਼ਕਤੀ ਦਾ ਉਹ ਆਪਣੀ ਅੰਤਰ-ਆਤਮਾ ਵਿਚ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਦਾ ਹੈ । ਦੁਨਿਆਵੀ ਤ੍ਰਿਸ਼ਨਾਵਾਂ, ਆਲਸ ਤੇ ਭੁੱਖਾਂ ਦਾ ਤਿਆਗ ਵੀ ਕਰਦਾ ਹੈ, ਜ਼ਬਰ ਤੇ ਜ਼ੁਲਮ ਵਿਰੁਧ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਸਤੇ 'ਪ੍ਰਭੂ-ਸ਼ਕਤੀ' ਸਹਾਰੇ ਡੱਟ ਵੀ ਜਾਂਦਾ ਹੈ । ਜ਼ਬਰ ਤੇ ਜ਼ੁਲਮ ਵਿਰੁਧ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨਾ, ਉਹ ਰੱਬੀ-ਕਰਤੱਵ ਦੀ ਪਾਲਣਾ ਕਰਨਾ ਅਹਿਸਾਸ ਕਰਦਾ ਹੈ । ਨਾਲੇ 'ਸ਼ਹੀਦ' ਤਾਂ ਆਪਣੇ ਆਪ ਨੂੰ ਪ੍ਰਭੂ ਦਾ ਗੋਲਾ ਬਣਾ ਲੈਂਦਾ ਹੈ । ਉਹ ਜੀਵਨ ਵਿਚ ਹੋ ਰਹੇ ਹਰ ਕਾਰ-ਵਿਹਾਰ ਨੂੰ ਪ੍ਰਭੂ-ਵਿਧਾਨ ਦੇ ਅਧੀਨ ਸਮਝਦਾ ਹੈ । ਪ੍ਰਭੂ-ਭਾਣੇ ਵਿਚ ਰਹਿ ਕੇ ਜੋ ਬੋਲਣਾ, ਇਹ ਉਸ ਦੀ ਸੱਚ ਦੀ ਆਵਾਜ਼ ਹੁੰਦੀ ਹੈ, ਜੋ ਕਰਨਾ, ਇਹ ਉਸ ਦੀ ਸੁਤੰਤਰ-ਆਤਮਾ ਦਾ ਵਿਹਾਰ ਹੁੰਦਾ ਹੈ । ਕੁਝ ਇਸ ਤਰ੍ਹਾਂ ਦੀ ਅਵੱਸਥਾ ਵਿਚ ਜੀਉਣਾ ਹੀ ਸੁਹਿਰਦ-ਕਰਤੱਵਾਂ ਦੀ ਖਾਤਰ ਜੀਉਣਾ ਹੈ । 'ਸ਼ਹੀਦ' ਹਮੇਸ਼ਾਂ ਸੁਹਿਰਦ-ਕਰਤੱਵਾਂ ਵਾਸਤੇ ਹੀ ਜੀਉਂਦਾ ਹੈ ਤੇ ਸੁਹਿਰਦ-ਕਰਤੱਵਾਂ ਦੀ ਸੁਰਖਿਆ ਹਿੱਤ ਹੀ ਮਰਦਾ ਹੈ । ਸੁਹਿਰਦ ਤੇ ਉੱਚ-ਕਰਤੱਵਾਂ ਨਮਿੱਤ ਮਰਨ ਵਾਲੇ 'ਸ਼ਹੀਦ' ਦੀ ਅੰਤਰ-ਆਤਮਾ ਵਿਚ ਵਿਸ਼ਵਾਸ ਦੀ ਦ੍ਰਿੜ੍ਹਤਾ ਵੀ ਸਿਖਰ ਤੇ ਹੁੰਦੀ ਹੈ । 'ਸਿਦਕ' ਵਿਸ਼ਵਾਸ-ਦ੍ਰਿੜ੍ਹਤਾ ਦਾ ਹੀ ਪ੍ਰਤੀਕ ਗੁਣ ਹੈ । ਸਬਰ-ਧਾਰੀ ਮਨੁਖ ਵਿਸ਼ਵਾਸ ਦੀ ਦ੍ਰਿੜ੍ਹਤਾ ਵਿਚ ਵੀ ਜੀਉਂਦਾ ਹੈ । ਵਿਸ਼ਵਾਸ ਦੀ ਦ੍ਰਿੜ੍ਹਤਾ ਹੀ ਉਸ ਨੂੰ ਕਿਸੇ ਉੱਚ-ਸਿਧਾਂਤ ਜਾਂ ਮਹਾਨ ਕਾਰਜ ਦੀ 'ਸ਼ਹਾਦਤ' ਦੇਣ ਵਾਸਤੇ ਉਕਸਾਂਦੀ ਹੈ । ਇਸੇ ਲਈ ਭਾਈ ਗੁਰਦਾਸ ਜੀ 'ਸਬਰ ਤੇ ਸਿਦਕ' ਨੂੰ ਵੀ

Digitized by Panjab Digital Library | www.panjabdigilib.org

'ਸ਼ਹੀਦ' ਦਾ ਗੁਣ-ਸ਼ਿੰਗਾਰ ਨਿਸਚਿਤ ਕਰਦੇ ਹਨ। ਇਹੀ ਗੁਣ-ਧਨ 'ਪ੍ਰਭੂ-ਮੁਰੀਦ ਦਾ ਹੁੰਦਾ ਹੈ। ਜਦੋਂ 'ਅਰਦਾਸ' ਵਿਚ 'ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਸ੍ਰੀ ਵਾਹਿਗੁਰੂ' ਦਾ ਬੋਲ ਉਚਾਰਣ ਕੀਤਾ ਜਾਂਦਾ ਹੈ, ਤਾਂ ਇਸ ਦਾਂ ਅਰਥ-ਭਾਵ ਇਹ ਹੈ, ਕਿ ਸ਼ਹੀਦਾਂ ਤੇ ਮੁਰੀਦਾਂ ਨੇ ਜਿਹੜੇ ਗੁਣ-ਧਨ ਦੀ ਕਮਾਈ ਕੀਤੀ ਹੈ, ਜੇ ਉਸ ਨੂੰ ਧਿਆਨ-ਗੋਚਰ ਰਖਿਆ ਜਾਵੇ, ਇਕ ਤਾਂ ਅੰਤਰ-ਆਤਮਾਂ ਵਿਚੋਂ 'ਪ੍ਰਭੂ-ਗੁਣ-ਧਨ' ਨੂੰ ਪ੍ਰਾਪਤ ਕਰਨ ਵਾਸਤੇ ਟੁੰਬਣ-ਪਰੇਰਨਾ ਮਿਲਦੀ ਹੈ, ਦੂਜਾ ਸ਼ਹੀਦਾਂ ਤੇ ਮੁਰੀਦਾਂ ਦੀ ਸਿਫ਼ਤ-ਸਾਲਾਹ ਮਨੁਖ ਨੂੰ ਵਾਹਿਗੁਰੂ ਨਾਲ ਇਕ ਰਸ ਜੋੜ ਸਕਦੀ ਹੈ, ਤੀਜਾ ਚੂੰਕਿ ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਸਾਡੇ ਇਤਿਹਾਸ ਦਾ ਸੁਨਹਿਰੀ ਤੇ ਗੌਰਵਸ਼ੀਲ ਭਾਗ ਹੈ, ਇਸ ਲਈ ਸਾਨੂੰ ਆਪਣੇ ਆਪ ਉਤੇ ਤੇ ਆਪਣੇ ਇਤਿਹਾਸ ਉਤੇ ਮਾਣ ਤੇ ਗੌਰਵ ਕਰਨਾ ਚਾਹੀਦਾ ਹੈ। ਜਦੋਂ ਖਾਲਸਾ ਪੰਥ ਆਪਣੀ ਅਰਦਾਸ ਵਿਚ 'ਸ਼ਹੀਦਾਂ ਤੇ ਮੁਰੀਦਾਂ' ਦੀ ਕਮਾਈ ਨੂੰ ਨਿਤ ਯਾਦ ਕਰਦਾ ਹੈ ਤਾਂ ਉਹ ਇਕ ਤਰ੍ਹਾਂ ਨਾਲ 'ਸ਼ਹੀਦਾਂ ਤੇ ਮੁਰੀਦਾਂ' ਵਰਗੀ ਕਮਾਈ ਕਰਨ ਦੀ ਮਾਨਸਿਕ-ਅਭਿਲਾਖਾ ਦਾ ਪ੍ਰਗਟਾਵਾ ਵੀ ਕਰ ਰਿਹਾ ਹੁੰਦਾ ਹੈ।

'ਸਿੱਖ ਧਰਮ' ਸ਼ਹੀਦਾਂ ਤੇ ਮੁਰੀਦਾਂ ਦਾ ਧਰਮ ਹੈ। 'ਸ਼ਹੀਦਾਂ ਤੇ ਮੁਰੀਦਾਂ' ਦਾ ਜਿਹੜਾ ਪ੍ਰਮੁੱਖ ਕਰਤੱਵ ਹੋਇਆ ਕਰਦਾ ਹੈ, ਉਹੀ ਆਦਰਸ਼-ਕਰਤੱਵ ਸਿੱਖ ਧਰਮ ਦਾ ਕੇਂਦਰੀ ਤੱਤ੍ਹ ਹੈ। ਦੱਸ ਗੁਰੂ-ਸ਼ਖਸੀਅਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸ਼ਹੀਦਾਂ ਤੇ ਮੁਰੀਦਾਂ ਦੀ ਸਰਬ-ਕਮਾਈ ਦਾ ਧੁਰਾ ਵੀ ਇਹੀ ਆਦਰਸ਼-ਕਰਤੱਵ ਹੈ। ਇਸ ਆਦਰਸ਼ ਨੂੰ ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵ ਦੀ ਸੁਰਖਿਆ ਕਰਨ ਦੀ ਭਾਵਨਾ ਵਿਚੋਂ ਹੀ ਮੂਰਤੀਮਾਨ ਕੀਤਾ ਜਾ ਸਕਦਾ ਹੈ। 'ਸਿੱਖ ਧਰਮ' ਦੀਆਂ ਸਰਬ-ਅਧਿਆਤਮਕ ਤੇ ਇਨਸਾਨੀ-ਕੀਮਤਾਂ ਦੀ ਪ੍ਰੇਰਨਾ ਵੀ ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵਾਂ ਵਾਸਤੇ ਜੀਉਣਾ ਹੀ ਹੈ। ਸਾਰਾ 'ਸਿੱਖ-ਇਤਿਹਾਸ' ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵਾਂ ਨਾਲ ਹੀ ਭਰਪੂਰ ਤੇ ਗੌਰਵਸ਼ੀਲ ਇਤਿਹਾਸ ਹੈ। ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵ ਕਰਨ ਦੀ ਸਿਖਿਆ-ਰਹਿਣੀ ਹੀ ਸਮੁੱਚੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪ੍ਰਮੁਖ ਸੁਰ ਹੈ। ਸੱਚ, ਸੁਤੰਤਰ ਤੇ ਸੁਹਿਰਦ-ਕਰਤੱਵਾਂ ਵਾਲੀ ਜੀਵਨ-ਰਹਿਣੀ ਨੂੰ ਹੀ ਮਹਾਨ ਤੇ ਉੱਚ-ਆਦਰਸ਼ ਦਾ ਟੀਚਾ ਸਿਖਿਆ ਜਾ ਸਕਦਾ ਹੈ। ਸਰਬ ਗੁਰੂ-ਸ਼ਖਸੀਅਤਾਂ ਦਾ ਵੀ ਇਹੀ ਆਦਰਸ਼-ਟੀਚਾ ਸੀ। ਸਰਬ-ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਮੁਕਤਿਆਂ, ਤੇ ਸ਼ਹੀਦਾਂ ਨੇ ਇਸੇ ਆਦਰਸ਼-ਟੀਚੇ ਨੂੰ ਪ੍ਰਾਪਤ ਕਰਨ ਵਾਸਤੇ ਹੀ ਜੀਵਨ ਵਿਚ ਆਤਮਕ-ਸਾਧਨਾ ਵੀ ਕੀਤੀ ਤੇ ਵਿਰੋਧੀ-ਸ਼ਕਤੀਆਂ ਨਾਲ ਨਿਡਰ ਤੇ ਦਲੇਰ ਹੋ ਕੇ, ਇਕ ਸੰਤ-ਯੋਧੇ ਦੇ ਰੂਪ ਵਿਚ ਸੰਘਰਸ਼ ਵੀ ਕੀਤਾ। ਵਿਰੋਧੀ-ਸ਼ਕਤੀਆਂ ਨਾਲ ਸੰਘਰਸ਼ ਕਰਨਾ ਭਾਵੇਂ ਸਿੱਖ ਧਰਮ ਦਾ ਪਹਿਲਾ ਕਰਤੱਵ ਨਹੀਂ, ਪਹਿਲਾ ਕਰਤੱਵ ਤਾਂ ਪ੍ਰਭੂ-ਭਗਤੀ ਕਰਨੀ ਹੀ ਹੈ। ਪਰ ਸਿੱਖ ਦੀ 'ਪ੍ਰਭੂ-ਭਗਤੀ' ਦਾ ਇਕ ਭਾਗ, ਇਕ ਪੜਾ ਉੱਤੇ ਵਿਰੋਧੀ-ਸ਼ਕਤੀਆਂ ਨਾਲ ਸੰਘਰਸ਼ ਕਰਨਾ ਵੀ ਬਣ ਜਾਂਦਾ ਹੈ। ਇਸੇ ਕਰ ਕੇ 'ਸਿੱਖ ਧਰਮ' ਪ੍ਰਭੂ-ਭਗਤੀ ਪੁਜਾਰੀ ਵੀ ਹੈ ਤੇ ਪ੍ਰਭੂ-ਸ਼ਕਤੀ ਪੁਜਾਰੀ ਵੀ ਹੈ। ਸਿੱਖ ਧਰਮ ਨੇ ਪ੍ਰਭੂ ਦੇ 'ਭਗਤੀ ਤੇ ਸ਼ਕਤੀ' ਦੋਹਾਂ ਸਰੂਪਾਂ ਨੂੰ ਇਕਸਾਰ ਸਵੀਕਾਰ ਕਰ ਲਿਆ ਹੈ। ਹਾਂ 'ਭਗਤੀ' ਨੂੰ ਪ੍ਰਧਾਨ ਮੰਨ ਲਿਆ ਹੈ ਤੇ 'ਸ਼ਕਤੀ' ਨੂੰ ਅਧੀਨ ਸਵੀਕਾਰ ਕਰ ਲਿਆ ਹੈ।

Digitized by Panjab Digital Library | www.panjabdigilib.org

ਸਰਬ ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸ਼ਹੀਦਾਂ ਤੇ ਮੁਰੀਦਾਂ ਦਾ ਵੀ ਇਹੀ ਵਿਸ਼ਵਾਸ਼ ਸੀ।

'ਭਗਤੀ' ਭਾਵੇਂ ਨੌਂ[1] ਪ੍ਰਕਾਰ ਦੀ ਮੰਨ ਲਈ ਜਾਵੇ, ਪਰ 'ਸਿੱਖ ਧਰਮ' ਨੇ ਭਗਤੀ ਦਾ ਪ੍ਰਮੁਖ ਤੱਤ੍ਵ ਗਿਆਨ ਤੇ ਪ੍ਰੇਮ ਨੂੰ ਹੀ ਸਵੀਕਾਰ ਕੀਤਾ ਹੈ। 'ਗਿਆਨ' ਦਾ ਅਰਥ-ਭਾਵ ਹੈ, ਸਮੁੱਚੇ ਸ੍ਰਿਸ਼ਟੀ-ਆਕਾਰ ਦਾ ਵਿਧਾਨ-ਗਿਆਨ, ਜਿਸ ਨੂੰ 'ਬ੍ਰਹਮ-ਗਿਆਨ' ਵੀ ਆਖਿਆ ਗਿਆ ਹੈ। 'ਬ੍ਰਹਮ-ਗਿਆਨ' ਸਮੁੱਚੇ ਬ੍ਰਹਮੰਡ ਵਿਚ ਪਸਰੀ ਹੋਈ ਅਦ੍ਵੈਤ-ਸ਼ਕਤੀ ਦਾ ਗਿਆਨ ਹੈ। ਬ੍ਰਹਮੰਡ-ਪਾਸਾਰੇ ਦੀ ਸੰਜੋਗ ਤੇ ਵਿਜੋਗ ਦੀ ਕਾਰ ਨੂੰ ਸਮਝਣਾ ਜਾਂ ਬੁਝਾਰਤ ਨੂੰ ਬੁਝ ਲੈਣਾ ਹੀ 'ਬ੍ਰਹਮ-ਗਿਆਨ' ਦੀ ਪ੍ਰਾਪਤ-ਨੀਸ਼ਾਨੀ ਹੈ। ਪ੍ਰਭੂ-ਭਗਤੀ ਕਰਨ ਵਾਲਾ ਸੁੱਤੇ-ਸਿਧ ਇਸ ਬ੍ਰਹਮੰਡ-ਬੁਝਾਰਤ ਨੂੰ ਬੁਝ ਲੈਂਦਾ ਹੈ। ਕਿਉਂਕਿ ਉਹ ਭਗਤੀ ਕਰਦਾ ਕਰਦਾ ਆਪਣੀ ਅੰਤਰ-ਆਤਮਾ ਜਾਂ ਹਉਂ ਨੂੰ ਪ੍ਰਭੂ-ਵਿਸ਼ਾਲਤਾ ਵਿਚ ਵਿਲੀਨ ਕਰ ਲੈਂਦਾ ਹੈ। ਪ੍ਰਭੂ-ਵਿਸ਼ਾਲਤਾ ਵਿਚ ਆਪਣੇ ਆਪ ਨੂੰ ਵਿਲੀਨ ਕਰ ਦੇਣ ਦਾ ਭਾਵ ਇਹ ਹੈ, ਕਿ ਜੇ 'ਪ੍ਰਭੂ' ਸੱਚ ਰੂਪ ਵਿਚ ਸਰਬ ਪਾਸੇ ਪਸਰਿਆ ਹੋਇਆ ਹੈ, ਤਾਂ ਮਨੁੱਖ ਵੀ ਆਪਣੇ ਵਿਹਾਰ ਨੂੰ ਸੱਚ ਵਰਗਾ ਬਣਾਏ, ਜੇ 'ਪ੍ਰਭੂ' ਹਰ ਤਰ੍ਹਾਂ ਸੁਤੰਤਰ ਹੈ ਤਾਂ ਮਨੁੱਖ ਵੀ ਦੁਨਿਆਵੀ-ਵਾਸ਼ਨਾਵਾਂ ਤੇ ਦੁਨਿਆਵੀ-ਖਾਹਿਸ਼ਾਂ ਤੋਂ ਆਪਣੇ ਆਪ ਨੂੰ ਸੁਤੰਤਰ ਰੱਖਣ ਵਾਸਤੇ ਸੰਘਰਸ਼ ਕਰੇ, ਜੇ 'ਪ੍ਰਭੂ' ਹਮੇਸ਼ਾਂ ਸੁਹਿਰਦ ਤੇ ਕਰਤਾਰੀ-ਕਰਤੱਵ ਕਰਦਾ ਹੈ, ਤਾਂ ਮਨੁੱਖ ਨੂੰ ਆਪਣਾ ਜੀਵਨ-ਆਦਰਸ਼ ਕੁਝ ਇਸੇ ਤਰ੍ਹਾਂ ਦਾ ਢਾਲ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਅਵੱਸਥਾ ਵਿਚ ਭਾਵੇਂ ਮਨੁੱਖ ਸਰਗੁਣ-ਸਰੂਪ ਵਿਚ ਹੋਵੇ, ਤੇ ਭਾਵੇਂ ਨਿਰਗੁਣ-ਸਰੂਪ ਵਿਚ ਜੀਵੇ, ਉਸ ਦੀ ਜੀਵਨ-ਜਾਚ 'ਪ੍ਰਭੂ-ਜੀਵਨ-ਜਾਚ' ਦਾ ਹੀ ਪ੍ਰਮਾਣ ਹੁੰਦੀ ਹੈ। ਸਰਬ ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਮੁਕਤਿਆਂ, ਸ਼ਹੀਦਾਂ ਤੇ ਮੁਰੀਦਾਂ ਦੀ ਜੀਵਨ-ਜਾਚ 'ਪ੍ਰਭੂ-ਜੀਵਨ-ਜਾਚ' ਦਾ ਹੀ ਪ੍ਰਤੀਕ ਸੀ।

'ਪ੍ਰੇਮ' ਦਾ ਆਤਮਕ-ਫੱਲ ਵੀ ਅਖੀਰ ਪ੍ਰਭੂ-ਭਗਤੀ ਦਾ ਹੀ ਫੱਲ ਹੁੰਦਾ ਹੈ। 'ਪ੍ਰੇਮ ਤੇ ਭਗਤੀ' ਭਾਵ-ਬਿੰਬ ਤਾਂ ਦੋ ਹੋ ਸਕਦੇ ਹਨ, ਪਰ ਦੋਹਾਂ ਦਾ ਕਰਤੱਵ ਬ੍ਰਹਮੰਡ-ਬੁਝਾਰਤ ਨੂੰ ਬੁੱਝਣ ਵਿਚ ਹੀ ਸਹਾਇਕ-ਸਿਧ ਹੁੰਦਾ ਹੈ। ਭਾਵੇਂ ਪ੍ਰਭੂ-ਪ੍ਰੇਮ ਦੀ ਅਵੱਸਥਾ ਵਿਚ ਵੀ ਮਨੁਖ 'ਪ੍ਰਭੂ' ਦੀ ਅਦ੍ਵੈਤ-ਸ਼ਕਤੀ ਨਾਲ ਇਕ-ਸੁਰ ਹੋ ਜਾਂਦਾ ਹੈ, ਤੇ ਆਪਣਾ ਤਨ, ਮਨ ਤੇ ਧਨ, ਸਭ ਕੁਝ ਪ੍ਰਭੂ ਦਾ ਹੀ ਮੰਨਣ ਲਗ ਪੈਂਦਾ ਹੈ। ਪਰ ਪ੍ਰੇਮ ਦੀ ਅਵੱਸਥਾ ਵਿਚ ਸਮੁੱਚੀ ਮਨੁੱਖਤਾ ਵੀ ਉਸ ਨੂੰ ਪ੍ਰਭੂ-ਦਰਸ਼ਨ-ਦੀਦਾਰ ਦਾ ਪਾਸਾਰਾ ਦਿੱਸਣ ਲਗ ਪੈਂਦੀ ਹੈ। ਉਸ ਨੂੰ ਖਾਲਕ ਤੇ ਖਲਕ ਵਿਚ ਕਿਸੇ ਤਰ੍ਹਾਂ ਦੀ ਭਿੰਨ-ਭੇਦਤਾ ਮਹਿਸੂਸ ਨਹੀਂ ਹੁੰਦੀ। ਉਹ ਪ੍ਰਭੂ ਤੇ ਮਨੁੱਖਤਾ ਦੀ ਪੂਜਾ ਕਰਨ ਲਗ ਪੈਂਦਾ ਹੈ। ਚੂੰਕਿ ਉਸ ਦਾ ਕਰਤੱਵ ਸੁਹਿਰਦ ਤੇ ਕਰਤਾਰੀ ਬਣ ਗਿਆ ਹੁੰਦਾ ਹੈ, ਇਸ ਲਈ ਉਹ ਨਿਜ-ਪੱਧਰ ਉੱਤੇ ਹਮੇਸ਼ਾਂ ਸੁਹਿਰਦ ਤੇ ਕਰਤਾਰੀ-ਕਰਤੱਵਾਂ ਨੂੰ ਹੀ ਕਰਦਾ ਹੈ। ਪਰ-ਪੱਧਰ ਉੱਤੇ ਨਾ ਤਾਂ ਉਹ ਅਸੱਤ ਦਾ ਭਾਈਵਾਲ ਬਣਦਾ ਹੈ, ਨਾ ਹੀ ਜ਼ਬਰ ਤੇ ਜ਼ੁਲਮ ਦਾ ਗੁਲਾਮ ਬਣਦਾ ਹੈ, ਅਤੇ ਨਾ ਹੀ ਭਾਂਤ ਭਾਂਤ ਦੀਆਂ ਕਰੂਪ

---

१. ਭਗਤੀ ਨਵੈ ਪ੍ਰਕਾਰਾ ॥ (ਸਿਰੀ ਰਾਗੁ ਮ: ੫)

Digitized by Panjab Digital Library | www.panjabdigilib.org

ਸਜ਼ਾਵਾਂ ਤੋਂ ਡਰਦਾ ਤੇ ਘਬਰਾਂਦਾ ਹੈ। ਭਾਵੇਂ ਦੁਨਿਆਵੀ ਨਜ਼ਰਾਂ ਵਿਚ ਅਸੱਤ ਬੋਲਣਾ, ਜ਼ਬਰ ਤੇ ਜ਼ੁਲਮ ਨਾਲ ਗੁਲਾਮ ਬਣਾਨਾ, ਤੇ ਬਿਨਾ ਕਿਸੇ ਕਸੂਰ ਭਾਂਤ ਭਾਂਤ ਦੀਆਂ ਸਜ਼ਾਵਾਂ ਦੇਣੀਆਂ, ਇਹ ਸਭ ਕਰਤੱਵ ਕਰੂਪ ਸਮਝੇ ਜਾਂਦੇ ਹਨ, ਪਰ 'ਸਿੱਖ' ਚੂੰਕਿ ਪ੍ਰਭੂ-ਵਿਧਾਨ ਦਾ ਵਿਸ਼ਵਾਸੀ ਬਣ ਗਿਆ ਹੁੰਦਾ ਹੈ, ਪੂਰਨ ਸਬਰਧਾਰੀ ਤੇ ਸਿਦਕਵਾਨ ਬਣ ਗਿਆ ਹੁੰਦਾ ਹੈ, ਪੂਰਨ ਰੂਪ ਵਿਚ ਭਰਮ ਤੇ ਭਉ ਤੋਂ ਮੁਕਤ ਵੀ ਹੋ ਗਿਆ ਹੁੰਦਾ ਹੈ, ਇਸ ਲਈ ਪ੍ਰਭੂ-ਭਾਣੇ ਵਿਚ ਇਕ ਤਾਂ ਇਹਨਾਂ ਕਰੂਪ-ਕਰਤੱਵਾਂ ਨੂੰ ਉਹ ਰੂਪਵੰਤ ਸਮਝ ਲੈਂਦਾ ਹੈ, ਦੂਜਾ ਭਾਂਤ ਭਾਂਤ ਦੀਆਂ ਸਜ਼ਾਵਾਂ ਦੀ ਪਾਲਣਾ ਕਰਨਾ, ਸੁਹਿਰਦ ਤੇ ਕਰਤਾਰੀ-ਕਰਤੱਵ ਸਮਝ ਲੈਂਦਾ ਹੈ, ਤੀਜਾ ਉਸ ਦਾ ਵਿਸ਼ਵਾਸ ਬਣ ਗਿਆ ਹੁੰਦਾ ਹੈ, ਕਿ ਸਜ਼ਾਵਾਂ ਦੇਣੀਆਂ, ਇਹ ਜ਼ਾਲਮ ਤੇ ਜ਼ਬਰ ਕਰਨ ਵਾਲਿਆਂ ਦੀ ਮਨ-ਅਵੱਸਥਾ ਦੇ ਪਾਪ ਤੇ ਗੁੱਸੇ ਦਾ ਪ੍ਰਗਟਾਵਾ ਹੁੰਦਾ ਹੈ, ਜੇ ਮੈਂ ਇਹਨਾਂ ਨੂੰ ਸਹਿ ਜਾਵਾਂ ਤੇ ਸ਼ਾਇਦ ਇਹਨਾਂ ਦੇ ਮਨ-ਅੰਦਰ ਪੁੰਨ ਤੇ ਸ਼ਾਂਤੀ ਦੀਆਂ ਕੀਮਤਾਂ ਜਾਗ ਪੈਣ। ਚੌਥਾ ਉਹਨਾਂ ਦਾ ਵਿਸ਼ਵਾਸ ਬਣ ਗਿਆ ਹੁੰਦਾ ਹੈ, ਕਿ 'ਕੁਰਬਾਨੀ' ਬਿਨਾਂ 'ਕੁਬੁਧਿ-ਭਾਵਨਾਵਾਂ' ਨੂੰ ਸੋਧਿਆ ਨਹੀਂ ਜਾ ਸਕਦਾ।.....ਕੁਰਬਾਨੀ ਦੇਣਾ ਉਸ ਵਾਸਤੇ ਸਾਧਾਰਨ ਜਿਹੀ ਗਲ ਬਣ ਗਈ ਹੁੰਦੀ ਹੈ। 'ਮੋਹ-ਮਾਇਆ' ਜਿਸ ਨੂੰ ਮੌਤ ਦਾ ਸੰਕਲਪ ਵੀ ਦਿੱਤਾ ਜਾਂਦਾ ਹੈ, ਇਸ ਨੂੰ ਤਿਆਗਣ ਵਾਸਤੇ ਉਹ ਤਿਆਰ ਹੋ ਜਾਂਦਾ ਹੈ। ਨਾਲੇ ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵਾਂ ਦੀ ਸੁਰਖਿਆ ਵਾਸਤੇ 'ਸ਼ਹਾਦਤ' ਦੇਣੀ ਤਾਂ ਉਸ ਦਾ ਪ੍ਰਭੂ-ਦਰ ਤੇ ਪ੍ਰਵਾਨ ਹੋ ਜਾਣ ਦਾ ਦ੍ਰਿੜ ਵਿਸ਼ਵਾਸ ਬਣ ਗਿਆ ਹੁੰਦਾ ਹੈ। ਕੁਝ ਇਸ ਦ੍ਰਿੜ ਵਿਸ਼ਵਾਸ-ਅਧੀਨ ਹੀ ਉਹ ਸ਼ਹਾਦਤ ਦੇਣ ਤੋਂ ਘਬਰਾਂਦਾ ਨਹੀਂ। ਗੁਰੂਆਂ, ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸ਼ਹੀਦਾਂ ਤੇ ਮੁਰੀਦਾਂ ਦੀਆਂ 'ਸ਼ਹਾਦਤਾਂ' ਸਾਰੀਆਂ ਦੀਆਂ ਸਾਰੀਆਂ ਸੱਚ, ਸੁਤੰਤਰਤਾ ਤੇ ਸੁਹਿਰਦ-ਕਰਤੱਵਾਂ ਦੀ ਸੁਰਖਿਆ ਨਮਿੱਤ ਹੀ ਹੋਈਆਂ ਸਨ। ਜਾਂ ਦੂਜਿਆਂ ਸ਼ਬਦਾਂ ਵਿਚ ਕੁਬੁਧਿ ਮੌਤ ਨੂੰ ਸੋਧਣ ਵਾਸਤੇ ਹੀ ਹੋਈਆਂ ਸਨ, ਜ਼ਬਰ ਤੇ ਜ਼ੁਲਮ ਦੀਆਂ ਕੀਮਤਾਂ ਨੂੰ ਢਹਿ ਢੇਰੀ ਕਰਨ ਵਾਸਤੇ ਹੋਈਆਂ ਸਨ। ਇਸੇ ਲਈ—

"ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਦਾ ਆਦਰਸ਼-ਟੀਚਾ ਇਕ ਹੀ ਹੈ, ਪਰ ਸ਼ਹਾਦਤ ਦੇਣ ਦੇ ਕਿਰਿਆ-ਰੂਪ ਅਨੇਕ ਹਨ।"

"ਸ਼ਹੀਦਾਂ ਤੇ ਮੁਰੀਦਾਂ ਦੀ ਆਤਮਾ ਇਕ ਹੀ ਹੈ, ਪਰ ਸ਼ਹਾਦਤਾਂ ਦੇਣ ਵਾਲੀਆਂ ਸ਼ਖਸੀਅਤਾਂ ਅਨੇਕ ਹਨ।"

"ਸ਼ਹੀਦਾਂ ਤੇ ਮੁਰੀਦਾਂ ਦਾ ਕਰਤੱਵ ਵਾਹਿਗੁਰੂ ਦਾ ਕਰਤੱਵ ਹੀ ਹੈ, ਪਰ ਕੀਤਾ ਮੋਹ-ਮਾਇਆ ਦੇ ਸੰਸਾਰ ਵਿਚ ਵਸਦੇ ਗੁਰਸਿੱਖਾਂ ਨੇ ਹੀ ਹੈ।"

"ਸ਼ਹੀਦਾਂ ਤੇ ਮੁਰੀਦਾਂ ਨੇ ਸ਼ਹਾਦਤਾਂ ਦੇਣ ਦੀ ਜਿਹੜੀ ਪ੍ਰੱਥਾ ਪੰਜਾਬ ਦੇ ਇਤਿਹਾਸ ਵਿਚ ਪ੍ਰਚੱਲਤ ਕੀਤੀ, ਉਸ ਦਾ ਮਾਣ ਤੇ ਗੌਰਵ ਕੇਵਲ ਖਾਲਸਾ-ਕੌਮ ਨੂੰ ਹੀ ਹੈ, ਵਿਸ਼ੇਸ਼ ਤੌਰ ਤੇ ਸਿੱਖ ਇਤਿਹਾਸ ਨੂੰ ਵੀ ਹੈ।"

'ਸਰਬ ਸੰਸਾਰ ਦੀਆਂ ਅਰਦਾਸਾਂ ਵਿਚ ਖਾਲਸਾ-ਪੰਥ' ਦੀ ਅਰਦਾਸ ਇਸੇ ਕਰ ਕੇ ਵਿਸ਼ੇਸ਼ ਤੇ ਵਿਲੱਖਣ ਸਥਾਨ ਰਖਦੀ ਹੈ।"

Digitized by Panjab Digital Library | www.panjabdigilib.org

'ਸ਼ਹੀਦਾਂ' ਦੀਆਂ 'ਸ਼ਹਾਦਤਾਂ' ਦੇਣ ਦੇ ਕਿਰਿਆ-ਰੂਪ ਲਗਭਗ ਅਠਾਰਾਂ ਸਵੀਕਾਰ ਕੀਤੇ ਗਏ ਹਨ। ਵਿਸ਼ਵ ਦੀਆਂ ਕੌਮਾਂ ਵਿਚੋਂ ਕੇਵਲ ਸਿਖ ਕੌਮ ਅਜਿਹੀ ਹੈ, ਜਿਸ ਨੇ ਲਗਭਗ ਇਹਨਾਂ ਅਠਾਰਾਂ ਦੇ ਅਠਾਰਾਂ ਸ਼ਹਾਦਤਾਂ ਦੇਣ ਦੇ ਕਿਰਿਆ-ਰੂਪਾਂ ਨੂੰ ਆਪਣੇ ਸਰੀਰ[1] ਉਤੇ ਅਜ਼ਮਾਇਆ ਹੈ। ਜਦੋਂ 'ਅਰਦਾਸ' ਵਿਚ ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਦਾ ਵਰਣਨ ਕੀਤਾ ਜਾਂਦਾ ਹੈ, ਤਾਂ ਹੇਠ ਲਿਖੇ ਸ਼ਹਾਦਤ ਦੇਣ ਦੇ ਕਿਰਿਆ-ਰੂਪ ਸਾਖਿਆਤ ਹੁੰਦੇ ਹਨ :-

(੧) ਤੱਤੀ ਤਵੀ ਉਤੇ ਬੈਠਣਾ, (੨) ਦੇਗ ਵਿਚ ਉਬਾਲੇ ਖਾਣਾ, (੩) ਅੱਗ ਦੇ ਸੇਕ ਨਾਲ ਛਾਲੇ ਛਾਲੇ ਹੋਏ ਸਰੀਰ ਨੂੰ ਠੰਡੇ-ਸੀਤ ਪਾਣੀ ਵਿਚ ਇਸ਼ਨਾਨ ਕਰਾਉਣਾ, (੪) ਸਰੀਰ ਨੂੰ ਆਰੇ ਨਾਲ ਦੋਫਾੜ ਕਰਾਉਣਾ, 5 ਤੇਗ ਨਾਲ ਧੜ-ਸੀਸ ਨੂੰ ਕਤਲ ਕਰ ਕੇ ਅਡ ਅਡ ਕਰਨਾ, (੬) ਦੀਵਾਰਾਂ ਦੀਆਂ ਨੀਂਹਾਂ ਵਿਚ ਚਿਣੇ ਜਾਣਾ, (੭) ਮੈਦਾਨੇ-ਜੰਗ ਵਿਚ ਲੜ ਕੇ ਸ਼ਹੀਦ ਹੋਣਾ, (੮) ਬੰਦ ਬੰਦ ਕਟਵਾਣਾ, (੯) ਮਾਸ ਨੂੰ ਜੰਬੂਰਾਂ ਨਾਲ ਨਚੋੜ ਕੇ ਸ਼ਹੀਦ ਕਰਨਾ, (੧੦) ਖੋਪਰੀ ਲੁਹਾਉਣਾ, (੧੧) ਚਰਖੜੀ ਤੇ ਚੜ੍ਹਨਾ, (੧੨) ਗੱਡੀਆਂ ਇੰਝਣਾਂ ਥਲੇ ਆ ਕੇ ਸ਼ਹੀਦ ਹੋਣਾ, (੧੩) ਪੁਠੀਆਂ ਖੱਲਾਂ ਲੁਹਾਉਣਾ, (੧੪) ਕੀਮਾਂ ਕੀਮਾਂ ਕੀਤੇ ਜਾਣਾ, (੧੫) ਸੀਸ ਤਲੀ ਤੇ ਰਖ ਕੇ ਮੈਦਾਨੇ ਜੰਗ ਵਿਚ ਲੜਨਾ, (੧੬) ਵਿਰੋਧੀ ਦੱਲਾਂ ਨਾਲ ਆਹਮੋ ਸਾਹਮਣੇ ਲੜ ਕੇ ਸ਼ਹੀਦ ਹੋਣਾ, (੧੭) ਜੰਡਾਂ ਨਾਲ ਬੰਨ੍ਹ ਕੇ ਸ਼ਹੀਦ ਹੋਣਾ, (੧੮) ਗੋਲੀਆਂ ਦੇ ਨਿਸ਼ਾਨੇ ਬਣਨਾ।

'ਸ਼ਹੀਦ' ਦੀ ਸ਼ਹਾਦਤ ਵਾਸਤੇ ਉਪਰੋਕਤ ਅਠਾਰਾਂ ਕਿਰਿਆ—ਰੂਪਾਂ ਵਿਚੋਂ ਭਾਵੇਂ ਕੋਈ ਅਪਣਾਇਆ ਜਾਏ, ਪਰ ਇਕ ਗਲ ਤਾਂ ਪੂਰਨ ਰੂਪ ਵਿਚ ਸਪਸ਼ਟ ਹੋ ਜਾਂਦੀ ਹੈ, ਕਿ ਜਿੰਨੇ ਵਧ ਸ਼ਹੀਦ, ਜਿੰਨੇ ਵਧ ਕਿਰਿਆ—ਰੂਪਾਂ ਨਾਲ ਸਿਖ ਕੌਮ ਨੇ ਪੈਦਾ ਕੀਤੇ ਹਨ, ਇਸ ਤਰ੍ਹਾਂ ਦੀ ਕੌਮ, ਨਿਰੋਲ ਸ਼ਹੀਦਾਂ ਤੇ ਮੁਰੀਦਾਂ ਦੀ ਕੌਮ, ਸੰਸਾਰ ਦੀ ਹੋਰ ਕੋਈ ਕੌਮ ਨਹੀਂ। ਸਿਖ ਕੌਮ ਨੂੰ ਇਸ ਗਲ ਦਾ ਮਾਣ ਵੀ ਹੈ, ਤੇ ਗੌਰਵ ਵੀ ਹੈ, ਕਿ ਉਹ ਅਜਿਹੇ ਮਹਾਨ ਸ਼ਹੀਦਾਂ ਨੂੰ ਜਨਮ ਦੇ ਸਕੀ ਹੈ।

---

੧. (੧) ਗੁਰੂ ਅਰਜਨ ਦੇਵ ਜੀ, (੨) ਗੁਰੂ ਅਰਜਨ ਦੇਵ ਜੀ ਤੇ ਭਾਈ ਦਿਆਲਾ ਜੀ, (੩) ਗੁਰੂ ਅਰਜਨ ਦੇਵ ਜੀ, (੪) ਭਾਈ ਮਤੀ ਦਾਸ ਜੀ, (੫) ਗੁਰੂ ਤੇਗ ਬਹਾਦਰ ਜੀ, (੬) ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਜੀ, (੭) ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਜੀ ਤੇ ਹੋਰ ਅਨੇਕਾਂ ਗੁਰ ਸਿੱਖ, (੮) ਭਾਈ ਮਨੀ ਸਿੰਘ ਜੀ, (੯) ਬੰਦਾ ਬਹਾਦਰ ਜੀ, (ਸ: ਗੁਰਬਖਸ਼ ਸਿੰਘ) (੧੦) ਭਾਈ ਤਾਰੂ ਸਿੰਘ ਜੀ, (੧੧) ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ, (੧੨) ਸ: ਕਰਮ ਸਿੰਘ ਤੇ ਉਹਨਾਂ ਦੇ ਸਾਥੀ, (੧੩) ਸਿਰਾਂ ਦੇ ਮੁਲ ਪਵਾਉਣ ਵਾਲੇ ਗੁਰਸਿਖ, (੧੪) ਗੁਰਸਿੱਖਾਂ ਦੇ ਬਚਿਆਂ ਦਾ ਮਨੂੰ ਵੇਲੇ, (੧੫) ਬਾਬਾ ਦੀਪ ਸਿੰਘ ਜੀ, (੧੬) ਛੋਟੇ ਤੇ ਵੱਡੇ ਘਲੂ ਘਾਰੇ ਦੇ ਸ਼ਹੀਦ, (੧੭) ਦਲੀਪ ਸਿੰਘ ਤੇ ਭਾਈ ਲਛਮਣ ਸਿੰਘ ਜੀ, (੧੮) ਕੁਝ ਨਾਮਧਾਰੀ ਬਾਬਾ ਰਾਮ ਸਿੰਘ ਜੀ ਦੇ ਸਾਥੀ, ਵਰਤਮਾਨ ਸਮੇਂ ਵਿਚ ਪੰਜਾਬੀ ਸੂਬੇ ਦੇ ਸ਼ਹੀਦ ਇੰਦਰਜੀਤ ਸਿੰਘ, ਨਾਜ਼ਰ ਸਿੰਘ।

Digitized by Panjab Digital Library | www.panjabdigilib.org

'ਸ਼ਹੀਦ' ਹੀ ਕਿਸੇ ਕੌਮ ਦੀ ਸੂਰਮਗਤੀ ਦਾ ਸ਼ਿੰਗਾਰ ਹੋਇਆ ਕਰਦੇ ਹਨ। ਸ਼ਹੀਦਾਂ ਦਾ ਖ਼ੂਨ ਹੀ ਧਰਮ ਤੇ ਕੌਮ-ਉਸਾਰੀ ਦਾ ਬੀਜ ਹੁੰਦਾ ਹੈ। ਜਦੋਂ ਖਾਲਸਾ-ਪੰਥ ਆਪਣੀ 'ਅਰਦਾਸ' ਵਿਚ ਸ਼ਹੀਦਾਂ ਤੇ ਮੁਰੀਦਾਂ ਦੀ ਯਾਦ ਨੂੰ ਦੁਹਰਾਂਦਾ ਹੈ, ਤਾਂ ਉਹ ਇਕ ਤਾਂ ਆਪਣੇ ਸ਼ਹੀਦਾਂ ਨੂੰ ਨਿਤ ਪ੍ਰਣਾਮ ਕਰਦਾ ਹੈ, ਦੂਜਾ ਸਿੱਖ ਸ਼ਹੀਦਾਂ ਤੇ ਮੁਰੀਦਾਂ ਨੂੰ ਮਹਾਨ ਆਦਰਸ਼ ਮੰਨ ਕੇ, ਸ਼ਹੀਦੀ-ਮਾਰਗ ਤੇ ਟੁਰਨ ਦਾ ਵਰਦਾਨ ਮੰਗਦਾ ਹੈ, ਤੀਜਾ ਸਿੱਖ ਸ਼ਹੀਦਾਂ ਦੀ ਯਾਦ ਨੂੰ ਦੁਹਰਾ ਕੇ ਆਪਣੇ ਆਪ ਨੂੰ ਗੌਰਵ-ਭਰਪੂਰ ਮਹਿਸੂਸ ਕਰਦਾ ਹੈ, ਚੌਥਾ ਪਦਾਰਥਕ ਮੋਹ-ਪਿਆਰ ਤਿਆਗਣ ਦੀ ਉਤੇਜਨਾ ਲੈ ਕੇ, ਅਜੋਕੇ ਯੁਗ ਵਿਚ ਨਿਡਰ, ਦਲੇਰ ਤੇ ਲਗਨ ਵਾਲਾ ਜੀਵਨ ਜੀਉਣ ਦੀ ਪਰੇਰਨਾ ਲੈਂਦਾ ਹੈ।

'ਸ਼ਹੀਦਾਂ' ਤੇ ਮੁਰੀਦਾਂ ਦੀ ਕਮਾਈ ਦਾ ਗੁਣ-ਧਨ ਭਾਵੇਂ ਸਬਰ ਤੇ ਸਿਦਕ ਹੈ, ਭਰਮ ਤੇ ਭਉ ਤੋਂ ਪੂਰਨ ਰੂਪ ਵਿਚ ਮੁਕਤ ਹੋਣਾ ਵੀ ਹੈ, ਪਰ ਸੱਚ, ਸੁਤੰਤਰਤਾ ਤੇ ਸੁਹਿਰਦ-ਕੁਰਤੱਵਾਂ ਦੀ ਸੁਰਖਿਆ ਨਮਿਤ ਜੂਝ ਮਰਨਾ ਵੀ ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ ਦਾ ਹੀ ਗੁਣ-ਸ਼ਿੰਗਾਰ ਹੈ।

"ਸ਼ਹੀਦਾਂ ਤੇ ਮੁਰੀਦਾਂ ਦੀ ਕਮਾਈ' ਕਿਸੇ ਧਰਮ ਤੇ ਕੌਮ ਦੇ ਸਦਾ 'ਜੀਵਤ ਰਹਿਣ ਦੀ ਪ੍ਰਤੀਕ-ਪਹਿਚਾਣ ਵੀ ਹੈ।

'ਸਿੱਖ ਧਰਮ' ਸਦਾ ਜੀਵਤ ਧਰਮ ਹੈ, ਤੇ 'ਸਿੱਖ ਕੌਮ' ਸਦਾ ਸ਼ਹੀਦਾਂ ਤੇ ਮੁਰੀਦਾਂ ਦੀ ਕੌਮ ਰਹੇਗੀ।

Digitized by Panjab Digital Library | www.panjabdigilib.org

ਸ਼ਹੀਦਾਂ ਦਾ ਖ਼ੂਨ

ਧਰਮ-ਉਸਾਰੀ ਤੇ ਕੌਮ-ਆਜ਼ਾਦੀ ਦਾ ਬੀਜ ਹੈ

ਧਰਮ-ਉਸਾਰੀ ਤੇ ਕੌਮ-ਆਜ਼ਾਦੀ ਦਾ ਬੀਜ 'ਸ਼ਹੀਦਾਂ ਦਾ ਖ਼ੂਨ' ਹੀ ਹੁੰਦਾ ਹੈ। 'ਖ਼ੂਨ' ਹਮੇਸ਼ਾਂ ਮਨੁਖ ਦੀ ਆਤਮਕ-ਦ੍ਰਿੜ੍ਹਤਾ, ਦਲੇਰੀ ਤੇ ਨਿਡਰਤਾ ਦੀ ਪ੍ਰਤੀਨਿਧਤਾ ਕਰਦਾ ਹੈ। ਆੜਮਕ-ਪੱਧਰ ਤੇ ਪ੍ਰਾਪਤ ਕੀਤੀ ਦ੍ਰਿੜ੍ਹਤਾ ਸਹਾਰੇ ਹੀ ਧਰਮ ਦੀ ਉਸਾਰੀ ਹੁੰਦੀ ਹੈ। 'ਧਰਮ-ਉਸਾਰੀ' ਦਾ ਬੀਜ ਭਗਤੀ ਹੈ। 'ਭਗਤੀ' ਬਿਨਾਂ ਨਾ ਕੋਈ 'ਧਰਮ' ਧਰਮ ਰਹਿ ਸਕਦਾ ਹੈ ਅਤੇ ਨਾ ਹੀ ਉਸ ਦੀ ਕੋਈ ਵਿਕਾਸ-ਉਸਾਰੀ ਹੋ ਸਕਦੀ ਹੈ। 'ਭਗਤੀ' ਵਿਚੋਂ ਹੀ ਆਤਮਕ ਦ੍ਰਿੜ੍ਹਤਾ ਪੈਦਾ ਹੁੰਦੀ ਹੈ, ਦਲੇਰੀ ਤੇ ਨਿਡਰਤਾ ਦਾ ਜਜ਼ਬਾ ਮਿਲਦਾ ਹੈ, ਸ਼ਹਾਦਤ ਪ੍ਰਾਪਤ ਕਰਨ ਦਾ ਸਾਹਸ ਮਿਲਦਾ ਹੈ, ਸਬਰ ਵਿਚ ਰਹਿ ਕੇ ਸ਼ਹੀਦ ਹੋਣ ਦਾ ਉਤਸ਼ਾਹ ਮਿਲਦਾ ਹੈ। 'ਸ਼ਹੀਦਾਂ ਦਾ ਖ਼ੂਨ' ਆਤਮਕ-ਦ੍ਰਿੜ੍ਹਤਾ, ਦਲੇਰੀ, ਨਿਡਰਤਾ ਤੇ ਸਬਰ-ਆਧਾਰਤ ਹੀ ਹੁੰਦਾ ਹੈ। ਦ੍ਰਿੜ੍ਹਤਾ, ਦਲੇਰੀ, ਨਿਡਰਤਾ ਤੇ ਸਬਰ (ਦੈਵੀ ਗੁਣ), ਇਹ ਧਰਮੀ-ਮਨੁਖ ਦੀ ਵਿਸ਼ੇਸ਼ ਪਹਿਚਾਣ ਹਨ, ਇਹੀ ਦੈਵੀ-ਗੁਣ ਕੌਮ ਦੀ ਆਜ਼ਾਦੀ ਦਾ ਕ੍ਰਾਂਤ-ਦਰਸ਼ੀ ਪੈਗਾਮ ਹਨ। ਇਹਨਾਂ ਬਿਨਾਂ ਨਾ ਕੋਈ 'ਧਰਮ' ਬਚ ਸਕਦਾ ਹੈ, ਨਾ ਹੀ ਕੋਈ ਕੌਮ ਆਜ਼ਾਦ ਹੋ ਸਕਦੀ ਹੈ। 'ਸ਼ਹੀਦਾਂ ਦਾ ਖ਼ੂਨ' ਹਮੇਸ਼ਾਂ ਕ੍ਰਾਂਤ-ਦਰਸ਼ੀ-ਪੈਗਾਮ ਹੁੰਦਾ ਹੈ, ਕੌਮ ਨੂੰ ਆਜ਼ਾਦੀ ਦਿਵਾਣ ਦਾ ਜ਼ਿੰਮੇਵਾਰ ਹੁੰਦਾ ਹੈ। 'ਖ਼ੂਨ' ਹਮੇਸ਼ਾਂ ਲਾਲ ਹੁੰਦਾ ਹੈ। ਲਾਲ ਰੰਗ ਕ੍ਰਾਂਤੀ ਦਾ ਹੀ ਸੰਕੇਤ ਹੁੰਦਾ ਹੈ। ਸ਼ਹੀਦ ਆਮ ਤੌਰ ਤੇ ਭਗਤੀ-ਆਧਾਰਤ ਜ਼ਿੰਦਗੀ ਹੀ ਜੀਉਂਦਾ ਹੈ। ਉਸ ਦੀ ਸ਼ਹਾਦਤ ਮੇਸ਼ਾਂ ਭਗਤੀ-ਨਮਿੱਤ ਹੀ ਹੋਇਆ ਕਰਦੀ ਹੈ। 'ਭਗਤੀ' ਦਾ ਸੰਕਲਪ ਵਖਰਾ ਵਖਰਾ ਹੋ ਸਕਦਾ ਹੈ। ਕੋਈ ਭਗਤੀ-ਉਪਦੇਸ਼ਾਂ ਨਮਿੱਤ ਸ਼ਹੀਦ ਹੁੰਦਾ ਹੈ, ਕੋਈ ਸੈ੍ ਤੇ ਪਰ-ਰਖਿਆ ਹਿਤ ਸਹੀਦ ਹੁੰਦਾ ਹੈ ਤੇ ਕੋਈ ਦੇਸ਼ ਦੀ ਸੀਮਾ-ਖਾਤਰ ਸ਼ਹੀਦ ਹੁੰਦਾ ਹੈ।.....ਸ਼ਹੀਦ ਹਮੇਸ਼ਾਂ ਭਗਤੀ-ਨਮਿੱਤ ਹੀ ਸ਼ਹਾਦਤ ਦਿੰਦਾ ਹੈ, ਜਾਂ ਦੂਜੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਸ਼ਹੀਦ ਹਮੇਸ਼ਾਂ ਸ਼ਾਂਤੀ-ਨਮਿਤ ਹੀ ਸ਼ਹ ਦਤ ਦਿੰਦਾ ਹੈ। 'ਸ਼ਹੀਦ' ਸਾਂਤੀ ਦਾ ਸੰਕੇਤ ਹੈ ਤੇ 'ਖ਼ੂਨ' ਕ੍ਰਾਂਤੀ ਦਾ ਪ੍ਰਤੀਕ ਹੈ। 'ਸ਼ਹੀਦ ਦਾ ਖ਼ੂਨ' ਸ਼ਾਂਤੀ ਤੇ ਕ੍ਰਾਂਤੀ ਲਈ ਹੀ ਉਭਾਰਦਾ ਹੈ। ਚੂੰਕਿ 'ਸ਼ਹੀਦ ਦਾ ਖ਼ੂਨ' ਆਤਮਕ-ਵਾਤਾਵਰਣ ਦੀ ਸਥਾਪਨਾ ਨਮਿੱਤ ਦਿੱਤਾ ਜਾਂਦਾ ਹੈ, ਇਸ ਲਈ ਇਸ ਖ਼ੂਨ ਦਾ ਪ੍ਰਤੀਕਰਮ ਹੋਣਾ ਲਾਜ਼ਮੀ ਹੁੰਦਾ ਹੈ। ਆਤਮਕ-ਪੱਧਰ ਤੇ ਤਾਂ ਸਾਰੇ ਇਕੋ ਜਿਹੇ ਭਾਵਾਂ ਦੇ ਮਾਲਕ ਹੁੰਦੇ ਹਨ। ਇਕੋ ਜਿਹੇ ਧਰਮ-ਉਸਾਰੀ ਤੇ ਕੌਮ-ਆਜ਼ਾਦੀ ਦੇ ਉਪਾਸ਼ਕ ਹੁੰਦੇ ਹਨ। ਇਸ ਲਈ ਅਨੁਭਵੀ-ਪੱਧਰ ਤੇ ਨਾ ਕੋਈ ਮਜ਼ਹਬੀ-ਵਿਤਕਰਾ ਹੁੰਦਾ ਹੈ, ਨਾ ਕੋਈ ਜਾਤੀ ਤੇ ਜਮਾਤੀ ਝਗੜਾ ਹੁੰਦਾ ਹੈ ਅਤੇ ਨਾ ਹੀ ਕੋਈ ਰਾਜਸੀ ਡਰ ਹੁੰਦਾ ਹੈ। ਇਸ ਲਈ 'ਸ਼ਹੀਦਾਂ ਦਾ ਖ਼ੂਨ' ਆਤਮਕ ਤੇ ਮਾਨਸਿਕ-ਪੱਧਰ ਤੇ ਮਨੁਖੀ-ਦਿਲਾਂ ਨੂੰ ਹਲੂਣਾ ਦਿੰਦਾ ਹੈ, ਧਰਮ-ਉਸਾਰੀ ਤੇ ਕੌਮ-ਆਜ਼ਾਦੀ ਦੇ ਪੱਕੇ ਆਸ਼ਕ ਬਣਨ ਲਈ ਟੁੰਬਦਾ ਹੈ।.....ਫੱਲ ਇਹ

Digitized by Panjab Digital Library | www.panjabdigilib.org

ਹੁੰਦਾ ਹੈ ਕਿ 'ਸ਼ਾਂਤੀ ਤੇ ਕ੍ਰਾਂਤੀ' ਦੋਹਾਂ ਖੇਤਰਾਂ ਵਿਚ ਸੰਤ ਤੇ ਸੈਨਾਪਤਿ ਪੈਦਾ ਹੋ ਜਾਂਦੇ ਹਨ, ਕੁਝ ਸ਼ਾਂਤੀ ਦੀ ਸਥਾਪਨਾ ਵਾਸਤੇ ਮਰ ਮਿੱਟਨ ਲਈ ਤਿਆਰ ਹੋ ਜਾਂਦੇ ਹਨ ਤੇ ਕੁਝ ਕ੍ਰਾਂਤੀ ਲਿਆ ਕੇ, ਜ਼ਬਰ ਤੇ ਜ਼ੁਲਮ ਮੁਕਾਣ ਵਾਸਤੇ ਤੁਲ ਪੈਂਦੇ ਹਨ। 'ਸ਼ਹੀਦਾਂ ਦਾ ਖ਼ੂਨ' ਹਮੇਸ਼ਾਂ ਸ਼ਾਂਤੀ ਤੇ ਕ੍ਰਾਂਤੀ ਦੀ ਹੀ ਆਵਾਜ਼ ਹੁੰਦਾ ਹੈ।

ਸਿਖ ਧਰਮ ਦੀ ਪੂਰਨ ਉਸਾਰੀ ਦਾ ਆਧਾਰ 'ਸ਼ਹੀਦਾਂ ਦਾ ਖ਼ੂਨ' ਹੀ ਸਵੀਕਾਰ ਕਰਨਾ ਚਾਹੀਦਾ ਹੈ। ਸਿਖ ਧਰਮ ਦੀ ਪੂਰਨ ਉਸਾਰੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਨਾਲ ਹੀ ਹੋ ਜਾਂਦਾ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਵੀ ਆਪਣੀ ਆਤਮਕ-ਦ੍ਰਿੜ੍ਹਤਾ, ਦਲੇਰੀ, ਨਿਡਰਤਾ ਤੇ ਸਬਰ-ਆਧਾਰਤ ਜ਼ਿੰਦਗੀ ਦੁਆਰਾ, ਸਿਖ ਧਰਮ ਨੂੰ ਵਿਕਾਸਸ਼ੀਲ ਸਿਰਜਦੇ ਹਨ, ਪਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਖ਼ੂਨ ਨਾਲ, ਜੋ ਸਿਖ ਧਰਮ ਦੇ ਆਤਮਕ, ਸਮਾਜਕ ਤੇ ਰਾਜਨੀਤਕ-ਖੇਤਰ ਵਿਚ ਨਿਖਾਰ ਤੇ ਵਿਕਾਸ ਆਉਂਦਾ ਹੈ, ਉਸ ਤੋਂ ਇਹੀ ਕਹਿਣਾ ਬਣਦਾ ਹੈ ਕਿ ਸਿਖ ਧਰਮ ਦੀ ਉਸਾਰੀ ਤੇ ਕੌਮ ਦੀ ਆਜ਼ਾਦੀ ਵਾਸਤੇ ਸ਼ਹੀਦਾਂ ਦਾ ਖ਼ੂਨ ਹੀ ਨੀਂਹ-ਪੱਥਰ ਬਣਦਾ ਹੈ। ਜੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਖ਼ੂਨ ਨਾ ਡੁਲ੍ਹਦਾ, ਤਾਂ ਸਪਸ਼ਟ ਰੂਪ ਵਿਚ ਇਹ ਗਲ ਮੰਨਣੀ ਪਵੇਗੀ ਕਿ ਨਾ ਤਾਂ ਗੁਰੂ ਹਰਿਗੋਬਿੰਦ ਜੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਦੇ ਅਤੇ ਨਾ ਹੀ ਸਿਖ ਕੌਮ ਦਾ ਰਾਜਨੀਤਕ ਜਾਗ੍ਰਿਤੀ ਵਲ ਧਿਆਨ ਜਾਂਦਾ। ਸਿਖ ਧਰਮ ਦਾ ਸ਼ਸਤਰ-ਧਾਰੀ ਪੱਖ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ-ਖ਼ੂਨ ਦਾ ਹੀ ਫੱਲ ਕਹਿਣਾ ਚਾਹੀਦਾ ਹੈ। ਹਰ ਕਰਮ ਦਾ ਪ੍ਰਤੀਕਰਮ ਹੋਣਾ ਕੁਦਰਤੀ ਹੁੰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਅਤੇ ਉਹਨਾਂ ਦੇ ਦਰਬਾਰੀ ਸੈਨਿਕਾਂ ਤੇ ਜਵਾਨਾਂ ਨੇ ਆਪਣੇ ਸਮਕਾਲੀ, ਪਰ ਵਿਦਰੋਹੀ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸੁਚੇਤ ਰੂਪ ਵਿਚ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਸਮੇਂ ਦੀ ਮੁਗਲ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਅਤੇ ਇਹਨਾਂ ਜੰਗਾਂ ਵਿਚ ਸਿਖ ਧਰਮ ਦੇ ਸੈਨਿਕਾਂ ਨੇ ਧਰਮ ਤੇ ਕੌਮ-ਜਾਗ੍ਰਿਤੀ ਦੀ ਰੱਖਿਆ ਨੂੰ ਜਿਸ ਸੂਰਮਗਤੀ ਨਾਲ ਮਰ-ਮਿਟ ਕੇ ਬਚਾਇਆ, ਇਹ ਸਾਖੀ-ਘਟਨਾ ਇਸ ਗਲ ਦਾ ਪ੍ਰਮਾਣ ਹੈ ਕਿ ਇਤਨਾ ਸੂਰਮਗਤੀ ਦਾ ਜਜ਼ਬਾ ਸਿੱਖਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਖ਼ੂਨ ਤੋਂ ਹੀ ਮਿਲਿਆ ਸੀ। ਭਾਵੇਂ ਗੁਰੂ ਹਰਿਰਾਇ ਜੀ ਨੇ ਸਮਕਾਲੀ ਬਾਦਸ਼ਾਹ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਜੰਗ ਨਹੀਂ ਸੀ ਲੜੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿਛੋਂ, ਸਿਖ ਕੌਮ ਵਿਚ ਪੂਰਨ ਤੌਰ ਤੇ ਰਾਜਨੀਤਕ ਜਾਗ੍ਰਿਤੀ ਆ ਜਾਂਦੀ ਹੈ, ਸਿਖ ਕੌਮ ਰਾਜਸੀ ਜੀਵਨ ਜੀਉਣ ਲਗ ਪੈਂਦੀ ਹੈ। ਗੁਰੂ ਹਰਿਰਾਇ ਸਾਹਿਬ ਦਾ ਆਪਣੇ ਦਰਬਾਰ ਵਿਚ ੨੨੦੦ ਘੋੜ ਸਵਾਰਾਂ ਨੂੰ ਰਖਣਾ, ਇਹ ਸਾਬਤ ਕਰਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਵਾਲੀ ਸੈਨਿਕ-ਸ਼ਕਤੀ ਨੂੰ ਗੁਰੂ-ਦਰਬਾਰ ਵਿਚ ਸਦਾ ਲੜੀ ਰਖ ਲਿਆ ਗਿਆ, ਗੁਰੂ-ਸਿੱਖਾਂ ਨੂੰ ਵੀ ਸੈਨਿਕ-ਸ਼ਕਤੀ ਵਿਚ ਨਿਪੁੰਨ ਬਣਨ ਲਈ ਜਗਾ ਦਿੱਤਾ ਗਿਆ। ਗੁਰੂ ਹਰਿਰਾਇ ਜੀ ਰਾਜਸੀ ਤੌਰ ਤੇ ਪੂਰਨ ਸੁਚੇਤ ਸਨ। ਔਰੰਗਜ਼ੇਬ ਦਾ ਉਹਨਾਂ ਨੂੰ ਦਿੱਲੀ ਸਦ-ਬੁਲਾਣਾ, ਪਰ ਗੁਰੂ ਹਰਿਰਾਇ ਜੀ ਦਾ ਆਪ ਨਾ ਜਾਣਾ, ਬਲਕਿ ਆਪਣੇ ਨਿਕਟਵਰਤੀ ਤੇ ਰਿਸ਼ਤੇਦਾਰ 'ਰਾਮਰਾਇ' ਨੂੰ ਰਾਜਨੀਤਕ-

Digitized by Panjab Digital Library | www.panjabdigilib.org

ਵਿਦਿਆ ਪੜ੍ਹਾ-ਸਿਖਾ ਕੇ ਦਿੱਲੀ ਦਰਬਾਰ ਵਲ ਭਿਜਵਾ ਦੇਣਾ, ਇਹ ਸਾਖੀ-ਇਤਿਹਾਸ ਗੁਰੂ ਹਰਿਰਾਇ ਸਾਹਿਬ ਦੀ ਰਾਜਸੀ ਰਾਜ਼ ਦੀ ਹੀ ਹਾਮੀ ਭਰਦਾ ਹੈ। ਅਰਥਾਤ ਉਹ ਸਿੱਧੇ ਰੂਪ ਵਿਚ ਮੁਗ਼ਲ-ਬਾਦਸ਼ਾਹ ਨੂੰ ਇਹ ਦਸਣਾ ਚਾਹੁੰਦੇ ਸਨ ਕਿ ਮੈਂ-ਅਸੀਂ ਤੇਰੇ ਗੱਦੀ-ਹੁਕਮ ਨੂੰ ਮੰਨਣ ਲਈ ਤਿਆਰ ਨਹੀਂ ਅਤੇ ਨਾ ਹੀ ਮੈਂ ਤੇਰੀ ਪਰਵਾਹ ਕਰਦਾ ਹਾਂ। ਗੁਰੂ ਹਰਿ ਕ੍ਰਿਸ਼ਨ ਜੀ ਦੀ ਉਮਰ ਭਾਵੇਂ ਛੋਟੀ ਸੀ, ਪਰ ਉਹਨਾਂ ਦਾ ਦਿੱਲੀ-ਦਰਬਾਰ ਵਲ ਨਾ ਆਉਣਾ, ਇਹ ਰਾਜਸੀ ਸੰਕੇਤ ਦੀ ਪਰੋੜ੍ਹਤਾ ਕਰਦਾ ਹੈ ਕਿ ਉਹ ਦਿੱਲੀ-ਦਰਬਾਰ ਵਲ ਝੁੱਕਣ ਵਾਸਤੇ ਤਿਆਰ ਨਹੀਂ। ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਆਪਣਾ ਸਰੀਰਕ ਤਿਆਗ ਕਰਨ ਸਮੇਂ ਤੇ ਗੁਰੂ ਤੇਗ਼ ਬਹਾਦਰ ਜੀ ਦੀ ਗੱਦੀ-ਨਸ਼ੀਨੀ ਦੀ ਕੀਤੀ ਚੋਣ ਸਮੇਂ ਬਾਬੇ ਬਕਾਲੇ ਦੇ ਵਾਕ ਉਚਾਰਦੇ ਹਨ, ਤਾਂ ਇਹ ਵਾਕ ਵੀ ਰਾਜਨੀਤੀ-ਭਰਪੂਰ ਸਨ, ਅਰਥਾਤ 'ਬਾਬੇ-ਬਕਾਲੇ' ਦਾ ਸੰਕੇਤ ਕਰ ਕੇ, ਇਕ ਤਾਂ ਗੁਰੂ ਹਰਿ ਕ੍ਰਿਸ਼ਨ ਜੀ ਨੇ ਪੰਜਾਬ-ਭਾਰਤੀ ਸਿੱਖਾਂ ਵਿਚ ਆਪਣੇ ਗੁਰੂ ਪ੍ਰਤੀ ਬਣ ਚੁਕੀ ਸ਼ਰਧਾ ਦਾ ਅੰਦਾਜ਼ਾ ਲਾਇਆ, ਦੂਜਾ ਸਿੱਖਾਂ ਨੂੰ ਗੁਰੂ ਲੱਭਣ ਵਾਸਤੇ ਜਗਾਇਆ, ਤੀਜਾ ਚੂੰਕਿ ਉਹ ਮਹਿਸੂਸ ਕਰ ਰਹੇ ਸਨ ਕਿ ਔਰੰਗਜ਼ੇਬ ਇਸ ਗੱਦੀ-ਨਸ਼ੀਨੀ ਦੇ ਅਤਿ ਸਖਤ ਖਿਲਾਫ਼ ਹੈ, ਹੋ ਸਕਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੇ ਗੱਦੀ-ਨਸ਼ੀਨ ਹੋਣ ਤੋਂ ਪਹਿਲਾਂ ਹੀ ਗੁਰੂ-ਗੱਦੀ ਨੂੰ ਦਬਾਣ ਵਾਸਤੇ ਕੋਈ ਰਾਜਸੀ-ਖੇਡ ਨਾ ਖੇਡ ਜਾਏ। ਭਾਵੇਂ ਗੁਰੂ ਤੇਗ਼ ਬਹਾਦਰ ਜੀ ਨੂੰ ਧਰਮ ਤੇ ਕੌਮ ਦੀ ਰਖਿਆ ਵਾਸਤੇ ਅੰਤ ਸ਼ਹਾਦਤ ਵੀ ਦੇਣੀ ਪਈ, ਪਰ ਇਕ ਗਲ ਪ੍ਰਤੱਖ ਤੌਰ ਤੇ ਦੇਖੀ ਜਾ ਸਕਦੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸਮੇਂ ਦੀ ਰਾਜਸੀ-ਚਾਲ ਨੂੰ ਸਮਝਿਆ। ਗੁਰ-ਗੱਦੀ ਤੇ ਬੈਠਦਿਆਂ ਹੀ ਆਪਣੇ ਆਪ ਨੂੰ ਦ੍ਰਿੜ੍ਹ ਆਸ਼ਾਵਾਦੀ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਉਹ ਆਪਣੀ ਬਾਣੀ ਵਿਚ 'ਸੰਸਾਰ' ਨੂੰ ਸੁਪਨੇ ਦੀ ਨਿਆਈਂ ਕਹਿੰਦੇ ਹਨ, ਜੀਵਨ ਉਮਰ ਨੂੰ ਮੁਕ ਜਾਣ ਵਾਲੀ ਕਹਿੰਦੇ ਹਨ, 'ਮਹਿਲ-ਆਡੰਬਰ' ਨਾਲ ਨਾ ਜਾਣ ਵਾਲੀ ਵਸਤੂ ਮੰਨਦੇ ਹਨ, ਮੋਹ-ਮਾਇਆ ਦਾ ਤਿਆਗ ਕਰਨ ਲਈ ਪਰੇਰਦੇ ਹਨ, ਪਰੰਤੂ ਭਗਤੀ ਕਰਨ ਵਾਸਤੇ ਉਭਾਰਦੇ ਹਨ, ਤਾਂ ਉਹ ਇਕ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਅੰਦਰ ਜੋ ਸਰੀਰਕ-ਚੰਮ-ਖਾਹਿਸ਼ਾਂ ਦਾ ਮੋਹ ਪਿਆਰ ਪੱਕਾ ਹੋ ਰਿਹਾ ਸੀ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਉਸ ਨੂੰ ਤੋੜ ਰਹੇ ਹਨ, ਮਨੁੱਖਤਾ ਨੂੰ ਮੋਹ-ਮਾਇਆ ਦੇ ਜਿੰਦ-ਹੀਣ ਚਿੱਤਾਂ ਤੋਂ ਮੁਕਤ ਕਰਾ ਕੇ, ਉਸ ਨੂੰ ਬਲਵਾਨ ਬਣਾਂਦੇ ਹਨ, ਉਸ ਦੀ ਮੋਹ-ਮਾਇਆ ਦੇ ਚਿੱਤਾਂ ਪਿਛੇ ਗ੍ਰਹਿਣ ਕੀਤੀ ਨਿਰਾਸ਼ਾਵਾਦੀ ਝਲਕ ਨੂੰ ਘਟਾ ਰਹੇ ਹਨ। ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ-ਇਤਿਹਾਸ ਤੇ ਬਾਣੀ ਉਹਨਾਂ ਦੇ ਦ੍ਰਿੜ੍ਹ ਆਸ਼ਾਵਾਦੀ ਹੋਣ ਦਾ ਪ੍ਰਤੱਖ ਪ੍ਰਗਟਾਵਾ ਹੈ।...ਸਿੱਖ ਧਰਮ ਦਾ ਅੰਤਮ ਰੂਪ 'ਖਾਲਸਾ' ਹੈ। 'ਖਾਲਸਾ ਦਾ ਆਤਮਕ, ਸਮਾਜਕ ਤੇ ਰਾਜਨੀਤਕ ਆਦਰਸ਼ ਭਾਵੇਂ ਉਹੀ ਹੈ, ਜਿਸ ਦਾ ਮੁੱਢ ਆਦਿ ਗੁਰੂ-ਸ਼ਖਸੀਅਤ ਨੇ ਬੰਨ੍ਹਿਆ ਸੀ। ਪਰ ਖਾਲਸੇ ਦਾ ਪਹਿਰਾਵਾ, ਸੈਨਿਕ-ਪਹਿਰਾਵਾ ਆਦਿ ਗੁਰੂ-ਸ਼ਖਸੀਅਤਾਂ ਤੇ ਗੁਰਸਿੱਖਾਂ ਦੇ ਪਹਿਰਾਵੇ ਤੋਂ ਕਾਫ਼ੀ ਵਖਰਾ ਹੈ। ਖਾਲਸਈ ਪਹਿਰਾਵੇ ਨਾਲ ਆਦਿ ਗੁਰੂ ਨਾਨਕ ਦੇਵ ਜੀ ਦਾ 'ਧਰਮ' ਭਗਤੀ ਤੇ ਸ਼ਕਤੀ ਦਾ ਧਰਮ ਵੀ ਬਣ ਜਾਂਦਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ-ਖੂਨ ਵਿਚੋਂ ਸਿਖ ਧਰਮ ਸੈਨਿਕ ਤੇ ਕੌਮੀ ਪੱਧਰ ਤੇ ਆਪਣੇ ਆਪ ਨੂੰ ਨਿਖਾਰਣ ਲਗ ਪਿਆ ਸੀ, ਕੁਝ ਇਸੇਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਖੂਨ ਨਾਲ ਇਕ

Digitized by Panjab Digital Library | www.panjabdigilib.org

ਤਾਂ ਸਿਖ ਧਰਮ-ਉਸਾਰੀ ਪੂਰਨ ਹੋ ਗਈ, ਦੂਜਾ 'ਸਿੱਖ' ਕੌਮੀ ਪਧਰ ਉਤੇ ਜਥੇਬੰਦ ਹੋ ਗਏ । ਨਹੀਂ ਖਾਲਸਾ ਇਕ ਆਦਰਸ਼-ਮਾਰਗ ਵੀ ਹੈ ਤੇ ਇਕ ਸ਼ਕਤੀਸ਼ਾਲੀ ਰਾਜਨੀਤਕ-ਜਥੇਬੰਦੀ ਵੀ ਹੈ । ਖਾਲਸੇ ਦਾ ਵਖਰਾ ਪਹਿਰਾਵਾ, ਇਸ ਕਥਨ ਦਾ ਸੰਕੇਤ ਹੈ ਕਿ ਇਹ ਕੌਮੀ-ਪੱਧਰ ਤੇ ਆਪਣੀ ਵਖਰੀ ਹਸਤੀ ਰਖਦਾ ਹੈ । 'ਸ਼ਹੀਦਾਂ ਦੇ ਖ਼ੂਨ' ਨੇ ਹੀ ਸਿਖ ਧਰਮ ਨੂੰ ਇਹ ਅਡਰੀ ਹਸਤੀ ਤੇ ਕੌਮੀਅਤ ਬਖਸ਼ੀ ਹੈ । ਸਿਖ ਧਰਮ ਆਪਣੀ ਵਖਰੀ ਕੌਮੀਅਤ ਰਖਦਾ ਹੈ । ਇਸ ਕੌਮੀਅਤ ਦਾ ਆਪਣਾ ਆਦਰਸ਼ਕ ਤੇ ਸ਼ਕਤੀਸ਼ਾਲੀ ਵਿਰਸਾ ਹੈ । ਸ਼ਹੀਦਾਂ ਦਾ ਖ਼ੂਨੀ ਵਿਰਸਾ ਹੀ ਸਿਖ ਧਰਮ ਨੂੰ ਵਿਸ਼ਵ ਦੀਆਂ ਸਾਰੀਆਂ ਕੌਮੀਅਤਾਂ ਨਾਲੋਂ ਵਖਰਾ ਕਰਦਾ ਹੈ ।.....ਸਿਖ ਧਰਮ ਕੋਲ ਭਾਵੇਂ ਵਿਸ਼ਵ-ਭਾਵੀ ਗੁਣ ਵੀ ਹਨ, ਇਸ ਆਧਾਰ ਤੇ ਇਸ ਨੂੰ ਅੰਤਰ-ਰਾਸ਼ਟਰੀ ਧਰਮ ਵੀ ਮੰਨਿਆਂ ਜਾ ਸਕਦਾ ਹੈ, ਪਰ ਸ਼ਹੀਦਾਂ ਦੇ ਖ਼ੂਨ ਨੇ ਇਸ ਧਰਮ ਨੂੰ ਜਿਹੜਾ ਗੌਰਵ ਮਈ 'ਕੌਮੀ-ਰੰਗ' ਪ੍ਰਧਾਨ ਕੀਤਾ ਹੈ, ਉਹ 'ਗੌਰਵਮਈ-ਰੰਗ' ਨਾ ਕਿਸੇ ਭਾਰਤੀ ਕੌਮ ਕੋਲ ਹੈ ਅਤੇ ਨਾ ਹੀ ਵਿਸ਼ਵ ਦੀ ਕਿਸੇ ਹੋਰ ਕੌਮ ਕੋਲ ਹੈ। ਸਿਖ ਧਰਮ ਲਈ ਇਹ ਬੜੀ ਫਖਰ ਵਾਲੀ ਗਲ ਹੈ ।

'ਕੌਮੀ-ਰੰਗ-ਰੱਤੀ ਜ਼ਿੰਦਗੀ' ਬੜੀ ਮਹਾਨ, ਪ੍ਰਭਾਵਸ਼ਾਲੀ ਤੇ ਸਰੇਸ਼ਟ ਜ਼ਿੰਦਗੀ ਹੁੰਦੀ ਹੈ । ਮਹਾਨ ਇਸ ਲਈ, ਕਿਉਂਕਿ ਇਸ ਵਰਗੀ ਉੱਚੀ ਹੋਰ ਕੋਈ ਜ਼ਿੰਦਗੀ ਹੋ ਹੀ ਨਹੀਂ ਸਕਦੀ । ਭਗਤੀ-ਆਧਾਰਤ ਜ਼ਿੰਦਗੀ ਹਮੇਸ਼ਾਂ ਕੌਮੀ-ਰੰਗ-ਰੱਤੀ ਜ਼ਿੰਦਗੀ ਹੀ ਹੁੰਦੀ ਹੈ, ਇਹ ਜ਼ਿੰਦਗੀ ਦੇਸ਼, ਕੌਮ ਤੇ ਮਨੁਖਤਾ ਖ਼ਾਤਰ ਵੇਲੇ ਕੁਵੇਲੇ ਮਰ-ਮਿਟ ਵੀ ਸਕਦੀ ਹੈ । ਸ਼ਹਾਦਤਾਂ ਦੇਣ ਵਾਲੀਆਂ ਹਸਤੀਆਂ ਬਹੁਤੀਆਂ ਕੌਮੀ-ਰੰਗ-ਰਤੀਆਂ ਹੀ ਹੁੰਦੀਆਂ ਹਨ । ਪ੍ਰਭਾਵਸ਼ਾਲੀ ਇਸ ਕਰਕੇ, ਕਿਉਂਕਿ ਕੌਮੀ-ਰੰਗ-ਰਤੀ ਜ਼ਿੰਦਗੀ ਵਿਚੋਂ ਉਤਸ਼ਾਹ ਮਿਲਦਾ ਹੈ, ਧਰਮ ਤੇ ਕੌਮੀ-ਆਜ਼ਾਦੀ ਵਾਸਤੇ ਅੰਦਰੋਂ ਉਬਾਲ ਉਠਦਾ ਹੈ, ਪਰਉਪਕਾਰ ਤੇ 'ਪਰ-ਸੇਵਾ' ਕਰਨ ਦਾ ਬਲ ਮਿਲਦਾ ਹੈ । ਕੌਮੀ-ਰੰਗ-ਰਤੀ ਜ਼ਿੰਦਗੀ ਉਤਸ਼ਾਹੀ, ਆਜ਼ਾਦ, ਪਰਉਪਕਾਰੀ ਤੇ ਪਰ-ਸੇਵਕ ਹੁੰਦੀ ਹੈ । ਅਜਿਹੀਆਂ ਜ਼ਿੰਦਗੀਆਂ ਹੀ ਸਮਾਜਕ-ਖੇਤਰ ਵਿਚ ਪ੍ਰਵਾਨ ਤੇ ਪ੍ਰਭਾਵਸ਼ੀਲ ਹੁੰਦੀਆਂ ਹਨ । ਸਰੇਸ਼ਟ ਇਸ ਲਈ. ਕਿਉਂਕਿ ਕੌਮੀ-ਰੰਗ-ਰਤੀ ਜ਼ਿੰਦਗੀ ਸੱਚੀ ਤੇ ਸੁੱਚੀ ਹੁੰਦੀ ਹੈ । ਸੱਚ 'ਕੌਮੀਅਤ ਦਾ ਅਤਿ ਕੀਮਤੀ ਸ਼ਿੰਗਾਰ ਹੈ ਤੇ 'ਸੁੱਚ' ਇਸ ਦੀ ਰਹਿਣੀ ਦਾ ਅਮਲੀ-ਪ੍ਰਗਟਾ ਹੈ ।...ਸਿਖ ਦੀ ਜ਼ਿੰਦਗੀ, ਭਗਤੀ-ਆਧਾਰਤ ਜ਼ਿੰਦਗੀ ਹੈ, ਦੇਸ਼, ਕੌਮ ਤੇ ਮਨੁਖਤਾ ਖਾਤਰ ਮਰ-ਮਿਟਣ ਵਾਲੀ ਜ਼ਿੰਦਗੀ ਹੈ, ਉਤਸ਼ਾਹੀ, ਆਜ਼ਾਦ, ਪਰਉਪਕਾਰੀ ਤੇ ਪਰ-ਸੇਵਕ ਜ਼ਿੰਦਗੀ ਹੈ । ਇਸ ਕਰਕੇ ਹਰ 'ਸਿਖ' ਕੌਮੀ-ਜਾਗ੍ਰਿਤੀ ਦਾ ਜੀਵਨ ਜੀਉਂਦਾ ਹੈ । 'ਜਾਗ੍ਰਿਤੀ' ਤਾਂ ਸਿਖ ਧਰਮ ਦਾ ਵਿਸ਼ੇਸ਼ ਲੱਛਣ ਹੈ, ਸ਼ਹੀਦਾਂ ਦਾ ਖ਼ੂਨ ਜਾਗ੍ਰਿਤੀ ਦਾ ਹੀ ਬੀਜ ਹੁੰਦਾ ਹੈ ।

'ਜਾਗ੍ਰਿਤੀ' ਦਾ ਭਾਵ ਹੈ ਜਾਗਣਾ, ਸਦ-ਜਾਗਣਾ । 'ਸਿਖ' ਨੇ ਸਦਾ 'ਜਾਗਣਾ' ਹੈ, ਆਤਮਕ ਤੌਰ ਤੇ ਜਾਗਣਾ ਹੈ । ਆਤਮਕ ਤੌਰ ਤੇ ਜਾਗਣ ਦਾ ਭਾਵ ਹੈ, ਸ੍ਵੈ ਤੇ ਪਰ-ਰਖਿਆ ਵਾਸਤੇ ਸਦਾ ਸੁਚੇਤ ਰਹਿਣਾ ਹੈ । ਨਾ ਆਪਣੇ ਤੇ ਕੋਈ ਜ਼ੁਲਮ-ਜ਼ਿਆਦਤੀ ਹੋਣ

Digitized by Panjab Digital Library | www.panjabdigilib.org

ਦੇਣੀ ਹੈ ਅਤੇ ਨਾ ਹੀ ਕਿਸੇ ਹੋਰ ਤੇ ਜ਼ੁਲਮ-ਜ਼ਿਆਦਤੀ ਹੋਣ ਦੇਣੀ ਹੈ । 'ਸਿਖ' ਦਾ ਕਰਤੱਵ ਵਿਅਕਤੀਗਤ ਵੀ ਹੈ, ਤੇ ਸਮਾਜਕ ਵੀ ਹੈ । ੧੭ਵੀਂ ਅਤੇ ੧੮ਵੀਂ ਸਦੀ ਦੇ ਪੰਜਾਬ ਦਾ ਇਤਿਹਾਸ, ਖਾਸ ਕਰਕੇ ਸਿੱਖਾਂ ਦਾ ਖ਼ੂਨੀ ਇਤਿਹਾਸ ਵਿਅਕਤੀਗਤ ਪੱਧਰ ਤੇ ਵੀ ਮਹੱਤਤਾ ਰਖਦਾ ਹੈ, ਤੇ ਸਮਾਜਿਕ ਪੱਧਰ ਤੇ ਵੀ ਵਿਸ਼ੇਸ਼ਤਾ ਰਖਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ 'ਖਾਲਸਾ' ਸਿਖ ਰਾਜ ਦੀ ਉਸਾਰੀ ਵਾਸਤੇ ਸਿਧੇ ਤੌਰ ਤ ਮੁਗ਼ਲ—ਖਾਂਨਦਾਨ ਨਾਲ ਸੰਘਰਸ਼ ਕਰਨ ਲਗ ਪੈਂਦਾ ਹੈ । ਭਾਵੇਂ ਇਸ ਸੰਘਰਸ਼ ਵਿਚ ਵੀ 'ਖ਼ਾਲਸਾ' ਇਕ ਪਾਸੇ ਆਪਣੀ ਆਜ਼ਾਦ ਹਸਤੀ ਨੂੰ ਕਾਇਮ ਰਖ ਰਿਹਾ ਹੈ, ਤੇ ਦੂਸਰੇ ਪਾਸੇ ਪੰਜਾਬ-ਭਾਰਤ ਵਿਚ ਵਸਦੀਆਂ ਦੂਜੀਆਂ ਕੌਮਾਂ ਦੀ ਹਸਤੀ ਦੀ ਕਾਇਮੀ ਵਾਸਤੇ ਵੀ ਲੜ ਰਿਹਾ ਹੈ। ਪਰ ੧੮ਵੀਂ ਸਦੀ ਦੇ ਅੰਤ ਵਿਚ ਸਿਖ ਸ਼ਹੀਦਾਂ ਦੇ ਖ਼ੂਨ ਦਾ ਜਿਹੜਾ ਫਲ ਪੱਕਦਾ ਹੈ, ਉਹ 'ਸਿਖ ਰਾਜ' ਦੀ ਹੀ ਸ਼ਕਲ-ਸੂਰਤ ਧਾਰਨ ਕਰਦਾ ਹੈ। 'ਸਿਖ-ਰਾਜ' ਸਿੱਖ ਕੌਮ ਦੀ ਸਦ-ਜਾਗ੍ਰਿਤੀ-ਅਵੱਸਥਾ ਦਾ ਹੀ ਫੱਲ ਸੀ । ਸਿਖ ਰਾਜ ਭਾਵੇਂ ਵਿਅਕਤੀਗਤ ਪੱਧਰ ਤੇ ਸਿਖ ਕੌਮ ਦੀ ਬੜੀ ਵੱਡੀ ਪ੍ਰਾਪਤੀ ਸੀ, ਪਰ 'ਸਿਖ ਰਾਜ ਨੇ ਸਮਾਜਕ ਪੱਧਰ ਤੇ ਪੰਜਾਬ-ਭਾਰਤ ਵਿਚ ਵਸਦੀਆਂ ਦੂਸਰੀਆਂ ਕੌਮਾਂ ਵਾਸਤੇ, ਖਾਸ ਕਰਕੇ, ਉਹਨਾਂ ਦੀ ਅਣਖ ਤੇ ਆਜ਼ਾਦੀ ਨੂੰ ਕਾਇਮ ਰਖ਼ਣ ਵਾਸਤੇ ਜੋ ਸੇਵਾ ਕੀਤੀ ਸੀ, ਉਹ ਇਨ੍ਹੀ ਮਹਾਨ ਸੀ, ਕਿ ਜੇ ਪੰਜਾਬ-ਭਾਰਤੀ ਉਸਨੂੰ ਸਾਂਭ ਕੇ ਰਖਦੇ, ਤਾਂ ਅੱਜ ਉਹ ਸਾਰੇ ਵਿਸ਼ਵ ਵਿਚ ਇਕ ਸ਼ਕਤੀ ਸ਼ਾਲੀ ਕੌਮ ਦੇ ਰੂਪ ਵਿਚ ਸਵੀਕਾਰ ਕੀਤੇ ਜਾਂਦੇ ।

੧੮੪੯ ਈ: ਵਿਚ ਜਦੋਂ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ, ਤਾਂ ਇਕ ਵਾਰੀ ਫਿਰ ਪੰਜਾਬ—ਵਾਸੀ ਗੁਲਾਮੀ ਦੀ ਗੂਹੜੀ ਨੀਂਦ ਵਿਚ ਸੌਂ ਗਏ । ਜਾਗ੍ਰਿਤ ਰਹਿਣ ਦੀ ਥਾਂ ਉਹ ਕਾਫੀ ਉਦਾਸ ਤੇ ਮੁਰਦਿਹਾਣਤਾ ਵਾਲਾ ਜੀਵਨ ਜੀਊਣ ਲਗੇ, ਕੌਮੀ-ਪੱਧਰ ਉਤੇ ਜਿਹੜੀ ਸਾਂਝ ਸੀ, ਉਸ ਵਿਚ ਵੀ ਤ੍ਰੇੜਾਂ ਉਭਰ ਆਈਆਂ । ਸਿੱਟਾ ਇਹ ਹੋਇਆ, ਕਿ ਪੰਜਾਬੀ ਕੌਮੀਅਤ ਖਿੰਡ—ਪੁੰਡ ਗਈ । ਹਰ ਪਾਸੇ ਅੰਗਰੇਜ਼ੀ-ਰਾਜ ਦਾ ਜ਼ੋਰ ਵੱਧਣ ਲੱਗਾ । ਧਰਮ, ਸਮਾਜ ਤੇ ਰਾਜਨੀਤਕ ਖੇਤਰ ਵਿਚ ਅੰਗਰੇਜ਼ਾਂ ਹੱਥ ਪਸਾਰਨੇ ਸ਼ੁਰੂ ਕਰ ਦਿੱਤੇ । ਅੰਗਰੇਜ਼ੀ-ਰਾਜ ਦੇ ਵਧਦੇ ਅਸਰ ਦਾ ਇਕ ਪ੍ਰਤੀਕਰਮ ਇਹ ਵੀ ਹੋਇਆ, ਕਿ ਮਜ਼ੂਬੀ ਤੇ ਕੌਮੀ—ਪੱਧਰ ਤੇ, ਪੰਜਾਬ ਵਾਸੀ ਮੁੜ ਜਾਗ ਪਏ ।.....੧੯ਵੀਂ ਸਦੀ ਦੇ ਅੱਧ ਤੋਂ ਪਿਛੋਂ ਪੰਜਾਬ ਵਿਚ ਜਿਹੜੀਆਂ ਨਵ—ਜਾਗ੍ਰਿਤੀ ਦੀਆਂ ਲਹਿਰਾਂ ਪ੍ਰਾਰੰਭ ਹੋਈਆਂ, ਉਹ ਵਿਅਕਤੀਗਤ ਤੇ ਸਮਾਜਕ ਪੱਧਰ ਤੇ, ਭਾਵੇਂ ਸਾਂਝੇ ਆਸ਼ੇ, ਅਰਥਾਤ ਪੰਜਾਬੀ ਕੌਮੀਅਤ ਨੂੰ ਕਾਇਮ ਰੱਖਣ ਵਾਸਤੇ ਹੀ ਹੋਈਆਂ ਸਨ, ਪਰ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਇਕ ਫਲ ਇਹ ਵੀ ਹੋਇਆ, ਕਿ ਪੰਜਾਬ-ਵਾਸੀ ਹਿੰਦੂ, ਸਿਖ ਤੇ ਮੁਸਲਮਾਨ, ਅੰਗਰੇਜ਼ੀ-ਰਾਜ ਦੇ ਵਿਰੁਧ ਹੁੰਦੇ ਹੋਏ ਵੀ ਆਪੋ ਵਿਚ ਪਾਟ ਗਏ, ਆਪੋ ਆਪਣੇ ਮਜ਼ੂਬ—ਉਸਾਰੀ ਤੇ ਕੌਮ-ਉਸਾਰੀ ਵਿਚ ਜੁਟ ਗਏ । ਹਿੰਦੂ, ਸਿਖ ਤੇ ਮੁਸਲਮਾਨ ਸਾਰੇ ਹੀ ਆਪਣੇ ਆਪਣੇ ਮਜ਼ੂਬ ਦੇ ਪਸਾਰੇ ਵਾਸਤੇ ਜ਼ੋਰ ਲਾਉਣ ਲਗੇ । ਮਜ਼ੂਬੀ ਪੱਧਰ ਤੇ ਪੰਜਾਬ-ਵਾਸੀਆਂ ਦੀ ਹੋ ਗਈ ਵੰਡ, ਭਾਵੇਂ ਪੰਜਾਬ-ਭਾਰਤ ਦੇ ਸਾਂਝੇ ਤੇ ਅਦ੍ਵੈਤ ਮਈ ਮੰਡਲ ਵਾਸਤੇ ਬੜੀ ਹਾਨੀ-ਕਾਰਕ ਸਿਧ ਹੋਈ । ਪਰ ਇਹ ਵੰਡ ਕੌਮੀ-ਅਣਖ ਦੇ ਅਹਿਸਾਸ

Digitized by Panjab Digital Library | www.panjabdigilib.org

ਨੂੰ ਜਗਾਣ ਵਿਚ ਕਾਫੀ ਸਹਾਇਕ ਸਿਧ ਹੋਈ । ਹਰ ਮਜ਼ੂਬ ਵਲੋਂ ਨਵ-ਜਾਗ੍ਰਿਤੀ ਦੀਆਂ ਲਹਿਰਾਂ ਦਾ ਆਰੰਭ ਹੋਇਆ ਹਿੰਦੂਆਂ ਦੀਆਂ । ਆਰੀਆ ਸਮਾਜ, ਸਨਾਤਨ ਧਰਮ, ਬ੍ਰਹਮੂ ਸਮਾਜ ਤੇ ਰਾਧਾ ਸੁਆਮੀ ਲਹਿਰਾਂ ਨਵ-ਜਾਗ੍ਰਤੀ ਕਾਲ ਦੀ ਹੀ ਪ੍ਰਤਿਨਿਧਤਾ ਕਰਦੀਆਂ ਹਨ । ਮੁਸਲਮਾਨਾਂ ਦੀ 'ਅਹਿਮਦੀਆ ਲਹਿਰ' ਵੀ ਇਸੇ ਕਾਲ ਦੀ ਪ੍ਰਤਿਨਿਧਤਾ ਕਰਦੀ ਹੈ । ਨਿਰੰਕਾਰੀ, ਨਾਮਧਾਰੀ, ਸਿੰਘ ਸਭਾ ਤੇ ਅਕਾਲੀ-ਲਹਿਰਾਂ ਸਿੱਖਾਂ ਅੰਦਰ ਆਈ ਨਵ-ਜਾਗ੍ਰਿਤੀ ਦੀਆਂ ਲਖਾਇਕ ਲਹਿਰਾਂ ਹਨ । ਇਸ ਤਰ੍ਹਾਂ ੧੯ਵੀਂ ਸਦੀ ਦਾ ਚੌਥਾਈ ਹਿੱਸਾ ਪੰਜਾਬ ਵਿਚ ਮਜ਼ੂਬੀ ਤੇ ਕੌਮੀ-ਪੱਧਰ ਤੇ ਨਵ-ਜਾਗ੍ਰਿਤੀ ਦਾ ਕਾਲ ਹੀ ਕਹਿਣਾ ਚਾਹੀਦਾ ਹੈ ।

'ਨਵ-ਜਾਗ੍ਰਿਤੀ' ਦੇ ਕਾਲ ਨੂੰ ਭਾਰਤੀ-ਆਜ਼ਾਦੀ ਦਾ ਹੀ ਕਾਲ ਕਹਿਣਾ ਚਾਹੀਦਾ ਹੈ । ਭਾਰਤੀ ਆਜ਼ਾਦੀ ਦਾ ਮੁੱਢ ਪੰਜਾਬ ਦੀ ਧਰਤੀ ਤੋਂ ਹੀ ਬੱਝਦਾ ਹੈ । ਵਿਸ਼ੇਸ਼ ਤੌਰ ਤੇ ਸਿਖ ਧਰਮ ਵਲੋਂ ਜਿਹੜੀਆਂ ਨਵ-ਜਾਗ੍ਰਿਤੀ ਦੀਆਂ ਲਹਿਰਾਂ ਪ੍ਰਾਰੰਭ ਕੀਤੀਆਂ ਗਈਆਂ ਸਨ, ਉਹਨਾਂ ਵਿਚੋਂ ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਬੜੀਆਂ ਮਹੱਤਵ-ਪੂਰਨ ਲਹਿਰਾਂ ਸਨ । ਨਾਮ-ਧਾਰੀ ਲਹਿਰ ਭਾਵੇਂ ਮੂਲ ਰੂਪ ਵਿਚ ਧਾਰਮਿਕ ਹੀ ਸੀ, ਪਰ ਸਮਾਜਿਕ ਅਤੇ ਰਾਜਨੀਤਕ-ਖੇਤਰ ਵਿਚ, ਖਾਸ ਕਰਕੇ ਪੰਜਾਬ ਵਾਸੀਆਂ ਵਿਚ ਜਿੰਨੀ ਜਾਗ੍ਰਿਤੀ ਇਸ ਲਹਿਰ ਨੇ ਲਿਆਂਦੀ ਹੈ, ਉਹ ਇਤਿਹਾਸਕ ਤੌਰ ਤੇ ਬੜੀ ਵਿਸ਼ੇਸ਼ਤਾ ਵਾਲੀ ਘਟਨਾ ਹੈ । ਨਾਮਧਾਰੀ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਦੇ ਕੁਝ ਉਹ ਸ਼ਰਧਾਲੂ ਸਾਥੀ, ਜਿਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ, ਇਹਨਾਂ ਦੇ ਸ਼ਹੀਦੀ ਖ਼ੂਨ ਨੂੰ ਹੀ ਭਾਰਤੀ ਆਜ਼ਾਦੀ ਦਾ ਆਰੰਭ ਕਹਿਣਾ ਚਾਹੀਦਾ ਹੈ । ਨਾਮਧਾਰੀ ਸ਼ਹੀਦਾਂ ਦੇ ਖ਼ੂਨ ਦਾ ਇਕ ਸਿੱਟਾ ਇਹ ਹੋਇਆ ਕਿ ਸਿਖ ਕੌਮ ਪੂਰਨ ਤੌਰ ਤੇ ਜਾਗ ਪਈ, ਆਪਣੀ ਉਦਾਸੀ ਤੇ ਮੁਰਦਿਹਾਣਤਾ ਨੂੰ ਤਿਆਗ ਕੇ ਆਸ਼ਾਵਾਦੀ ਤੇ ਚੜ੍ਹਦੀ ਕਲਾ ਦਾ ਜੀਵਨ ਜੀਉਣ ਲਗ ਪਈ, ਆਪਣੀ ਖੁਸ ਚੁਕੀ ਸੁਤੰਤਰਤਾ ਨੂੰ ਮੁੜ ਸਥਾਪਨ ਕਰਨ ਵਾਸਤੇ ਤਾਂਘਣ ਲਗ ਪਈ, ਸਿਖ ਧਰਮ ਦੇ ਕੇਂਦਰਾਂ ਵਿਚ ਆ ਚੁਕੀ ਗਿਰਾਵਟ ਨੂੰ ਮੁਕਾਣ ਵਾਸਤੇ ਤੁਲ ਪਈ, ਸ਼ਹੀਦਾਂ ਦਾ ਇਤਿਹਾਸ ਵੀ ਦੁਹਰਾਣ ਲਈ ਤਿਆਰ ਬਰ ਤਿਆਰ ਹੋ ਗਈ ।...'ਸਿੰਘ ਸਭਾ-ਲਹਿਰ' ਭਾਵੇਂ ਪੰਜਾਬੀ ਵਿਦਿਆ ਤੇ ਸਿਖ ਧਰਮ ਦੇ ਪ੍ਰਚਾਰ ਦਾ ਮੁਖ ਆਸ਼ਾ ਲੈ ਕੇ ਆਰੰਭ ਹੋਈ, ਪਰ ਇਸ ਨੇ ਗੁਰਦਵਾਰਿਆਂ ਅੰਦਰ ਆ ਚੁਕੀ ਸਮਾਜਕ-ਅਧੋਗਤੀ ਦਾ ਵੀ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ ਸੀ । ਇਸੇ ਸੁਧਾਰ ਦਾ ਹੀ ਕ੍ਰਾਂਤੀ ਕਾਰੀ ਰੂਪ 'ਅਕਾਲੀ ਲਹਿਰ ਸੀ । 'ਅਕਾਲੀ ਲਹਿਰ' ਅਕਾਲ ਪੁਰਖ ਦੇ ਮੁਤਲਾਸ਼ੀਆਂ ਦੀ ਲਹਿਰ ਸੀ, ਅਕਾਲ ਪੁਰਖ ਦੇ ਅਭਿਆਸੀਆਂ ਦੀ ਲਹਿਰ ਸੀ । ਇਸੇ ਕਰਕੇ ਜਦੋਂ ਗੁਰਦਵਾਰਿਆਂ ਅੰਦਰ 'ਅਕਾਲ ਭਗਤੀ ਦੀ ਥਾਂ ਸ਼ਖਸੀ ਤੇ ਅਯਾਸ਼ੀ-ਭਗਤੀ ਹੋਣ ਲਗ ਪਈ, ਤਾਂ ਸਿਖ ਕੌਮ ਇਸ ਨੂੰ ਬਰਦਾਸ਼ਤ ਨਾ ਕਰ ਸਕੀ । ਗੁਰਦਵਾਰਿਆਂ ਅੰਦਰ ਹੋ ਰਹੀ ਮਸੰਦ ਟੋਲੇ ਵਲੋਂ ਬੇਅਦਬੀ ਨੂੰ ਬਰਦਾਸ਼ਤ ਕਰਨਾ, ਆਪਣੇ ਆਪ ਦੀ ਹੱਤਿਆ ਸਮਝਣ ਲਗ ਪਈ ।.....ਸਿਖ ਕੌਮ ਤਾਂ ਪੂਰਨ ਤੌਰ ਤੇ ਜਾਗ ਚੁਕੀ ਸੀ । ਗੁਰਦਵਾਰਿਆਂ ਅੰਦਰ ਹੋ ਰਹੀ ਬੇਅਦਬੀ ਨੂੰ ਉਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ? 'ਸਿੱਖਾਂ' ਬੇਅਦਬੀ ਤੋਂ ਗੁਰਦਵਾਰਿਆਂ ਨੂੰ ਬਚਾਣ ਵਾਸਤੇ ਪ੍ਰਤੱਗਿਆ ਕਰ ਲਈ । ਸਿਖ ਧਰਮ ਮੁੱਢਲੇ ਤੌਰ ਤੇ ਪ੍ਰਤੱਗਿਆ ਦਾ ਧਰਮ ਹੈ । ਪ੍ਰਤੱਗਿਆ

Digitized by Panjab Digital Library | www.panjabdigilib.org

ਖ਼ਾਤਰ ਤਾਂ ਸਿਖ ਕੌਮ ਮਰ-ਮਿੱਟਣ ਵਾਸਤੇ ਸਦਾ ਤਿਆਰ ਹੋ ਜਾਂਦੀ ਹੈ। ਅਕਾਲੀ ਫੂਲਾ ਸਿੰਘ ਦੀ ਪ੍ਰਤੱਗਿਆ ਇਤਿਹਾਸਕ ਤੌਰ ਤੇ ਬੜੀ ਪ੍ਰਸਿੱਧ ਹੈ। ਨਨਕਾਣੇ ਸਾਹਿਬ ਦੇ ਸਿਰਮੌਰ–ਸ਼ਹੀਦ ਸ: ਦਲੀਪ ਸਿੰਘ ਤੇ ਸ: ਲਛਮਣ ਸਿੰਘ ਦੀ ਕੀਤੀ ਹੋਈ ਪ੍ਰਤੱਗਿਆ, ਅਰਥਾਤ ਗੁਰਦਵਾਰਿਆਂ ਅੰਦਰ ਹੋ ਰਹੀ ਬੇਅਦਬੀ ਨੂੰ ਮੂਲੋਂ ਹੀ ਮੁਕਾ ਕੇ ਵਾਪਸ ਆਉਣਾ ਹੈ; ਜਾਂ ਮਰ ਕੇ ਜ਼ਿੰਦਾ ਸ਼ਹੀਦ ਹੋ ਜਾਣਾ ਹੈ, ਨਮਿੱਤ ਹੀ ਸ਼ਹੀਦ ਹੋਏ ਸਨ, 'ਜੀਉਂਦੇ' ਜੰਡਾਂ ਨਾਲ ਬੰਨ੍ਹ ਕੇ, ਮਿੱਟੀ ਦਾ ਤੇਲ ਪਾ ਕੇ ਸਾੜੇ ਗਏ ਸਨ, ਗੋਲੀਆਂ ਤੇ ਬਰਛੀਆਂ ਨਾਲ ਵਿੰਨੇ ਗਏ ਸਨ, ਕੀਮਾ ਕੀਮਾ ਕੀਤੇ ਗਏ ਸਨ। ਧਰਮ-ਉਸਾਰੀ ਤੇ ਕੌਮ–ਉਸਾਰੀ ਨਮਿਤ, ਭਾਵੇਂ ਉਹ ਯੱਗ–ਵੇਦੀ ਦੀ ਤੇਗ਼ ਉਤੇ ਚੜ੍ਹ ਗਏ, ਪ੍ਰਵਾਨ ਵੀ ਹੋ ਗਏ, ਸਦਾ ਵਾਸਤੇ ਸ਼ਹੀਦ ਵੀ ਬਣ ਗਏ, ਪਰ ਉਹ ਮੁਰਝਾਏ ਨਾ, ਉਦਾਸ ਵੀ ਨਾ ਹੋਏ, ਹੱਸਦੇ ਹੱਸਦੇ 'ਸ਼ਹੀਦਾਂ ਦੇ ਖ਼ੂਨ' ਨੇ 'ਗੁਰਦਵਾਰਾ' ਆਜ਼ਾਦੀ ਦੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ। 'ਗੁਰਦੁਆਰਾ' ਆਜ਼ਾਦੀ ਦੀ ਲਹਿਰ ਵਿਚੋਂ ਅੰਤ ਭਾਰਤੀ ਆਜ਼ਾਦੀ ਪ੍ਰਾਪਤ ਹੋਈ।.....'ਸ਼ਹੀਦਾਂ ਦੇ ਖ਼ੂਨ' ਦਾ ਹੀ ਫੱਲ ਗੁਰਦੁਆਰੇ ਆਜ਼ਾਦ ਹੋਏ, ਭਾਰਤ ਆਜ਼ਾਦ ਹੋਇਆ, ਧਰਮ–ਉਸਾਰੀ ਅਤੇ ਕੌਮੀ-ਆਜ਼ਾਦੀ ਦਾ ਬੀਜ ਪ੍ਰਫੁੱਲਤ ਹੋਇਆ।

Digitized by Panjab Digital Library | www.panjabdigilib.org

ਦੇਗ ਤੇਗ ਫਤਹ

'ਦੇਗ' ਤੇ 'ਤੇਗ' ਸਿਖ ਧਰਮ ਦੀ ਸੰਤੁਲਣ-ਰਹਿਣੀ ਦਾ ਪ੍ਰਗਟਾ-ਸੰਕੇਤ ਹਨ। 'ਸਿਖ ਧਰਮ' ਸੰਤੁਲਣ ਤੇ ਵਿਹਾਰਕ-ਪੱਧਰ ਤੇ ਅਮਲੀ ਜੀਵਨ ਜੀਉਣ ਦਾ ਹਾਮੀ ਹੈ। 'ਦੇਗ ਤੇ ਤੇਗ' ਸੰਤੁਲਣ-ਜ਼ਿੰਦਗੀ ਜੀਉਣ ਵਾਸਤੇ ਜ਼ਰੂਰੀ ਅੰਗ ਹਨ। ਵਿਹਾਰਕ-ਪੱਧਰ ਦੀ ਜ਼ਿੰਦਗੀ ਵਾਸਤੇ 'ਦੇਗ' ਦੀ ਅਤਿ ਲੋੜ ਹੈ। 'ਦੇਗ' ਬਿਨਾਂ ਵਿਹਾਰਕ-ਜ਼ਿੰਦਗੀ ਦਾ ਸਥਿਰ ਰਹਿਣਾ ਬੜਾ ਅਸੰਭਵ ਹੈ। ਸੰਤੁਲਣ-ਜ਼ਿੰਦਗੀ ਨੂੰ ਕਾਇਮ ਰਖਣ ਵਾਸਤੇ 'ਤੇਗ' ਦੀ ਵੀ ਅਤਿ ਲੋੜ ਹੈ। 'ਤੇਗ' ਬਿਨਾਂ ਜੀਵਨ ਦਾ, ਸਾਂਵਾਂ ਪੱਧਰਾ ਰਹਿਣਾ ਵੀ ਅਸੰਭਵ ਹੈ। 'ਦੇਗ ਤੇ ਤੇਗ' ਮਨੁਖ ਦੇ ਸਰੀਰਕ ਤੇ ਮਾਨਸਿਕ-ਵਿਕਾਸ ਵਿਚ ਸਹਾਇਕ-ਸਾਧਨ ਸਿਧ ਹੁੰਦੇ ਹਨ। 'ਸਿਖ ਧਰਮ' ਸਰੀਰਕ ਤੌਰ ਤੇ ਵੀ ਸਿਹਤਮੰਦ ਹੈ, ਤੇ ਮਾਨਸਿਕ ਤੌਰ ਤੇ ਵੀ ਤੰਦਰੁਸਤ ਹੈ। ਸਰੀਰਕ ਤੇ ਮਾਨਸਿਕ ਤੌਰ ਤੇ ਸਦਾ ਜਾਗ੍ਰਿਤ ਤੇ ਸਿਹਤਮੰਦ ਰਹਿਣਾ, ਇਹ ਸਿਖ ਧਰਮ ਦਾ ਵਿਸ਼ੇਸ਼ ਲਛਣ ਹੈ। 'ਦੇਗ ਤੇ ਤੇਗ' ਸਿਖ ਧਰਮ ਦੀ ਸਰੀਰਕ ਤੇ ਮਾਨਸਿਕ ਅਵੱਸਥਾ ਦੀ ਦ੍ਰਿੜ੍ਹਤਾ ਤੇ ਸਾਰਥਿਕਤਾ ਦੀ ਹੀ ਪ੍ਰਤੀ-ਨਿਧਤਾ ਕਰਦੀਆਂ ਹਨ। ਜਦੋਂ 'ਖਾਲਸਾ-ਪੰਥ' ਪ੍ਰਭੂ-ਸਨਮੁਖ ਖੜਾ ਹੋ ਕੇ, ਆਪਣੀ ਨਿਤ ਦੀ ਕੀਤੀ ਅਰਦਾਸ ਵਿਚ ਇਸ (ਦੇਗ ਤੇਗ ਫਤਹ) ਬੋਲ ਨੂੰ ਦੁਹਰਾਂਦਾ ਹੈ, ਤਾਂ ਉਹ ਇਕ ਪਾਸੇ ਆਪਣੇ ਮਨ ਦੀ ਦ੍ਰਿੜ੍ਹਤਾ ਤੇ ਸਾਰਥਿਕਤਾ ਦਾ ਪ੍ਰਗਟਾਵਾ ਕਰਦਾ ਹੈ, ਦੂਜਾ, ਉਹ ਆਪਣੇ ਗੁਰੂ ਦੇ 'ਬੋਲ' ਨੂੰ ਦੁਹਰਾ ਕੇ ਆਪਣੇ ਚਿਤ ਨੂੰ ਪ੍ਰਸੰਨ ਕਰਦਾ ਹੈ, ਤੀਜਾ, ਉਹ ਆਪਣੇ ਆਪ ਨੂੰ ਸਾਰੇ ਵਿਸ਼ਵ ਦੀ 'ਦੇਗ ਤੇ ਤੇਗ' ਦੀ ਫਤਹ ਦਾ ਇੱਛਾਵਾਨ ਸਾਬਤ ਕਰਦਾ ਹੈ। 'ਦੇਗ ਤੇ ਤੇਗ' 'ਖਾਲਸਾ-ਪੰਥ' ਦੀ ਨਿਤ ਰਹਿਣੀ ਦਾ ਹੀ ਪ੍ਰਗਟਾ ਹਨ। 'ਖਾਲਸੇ' ਨੇ ਹਮੇਸ਼ਾਂ ਦੇਗ ਤੇ ਤੇਗ ਦੀ ਫਤਹ ਮੰਗਣੀ ਹੈ। 'ਖਾਲਸੇ' ਨੇ ਹਮੇਸ਼ਾਂ 'ਦੇਗ ਤੇ ਤੇਗ' ਦੀ ਫਤਹ ਨੂੰ ਸਥਿਰ ਰਖਣਾ ਹੈ। 'ਸਿਖ ਧਰਮ' ਕੁਝ ਇਸੇ ਤਰ੍ਹਾਂ ਦੀ ਸੰਤੁਲਣ, ਵਿਹਾਰਕ ਤੇ ਜੋਤੂ-ਅਹਿਸਾਸ ਵਾਲੀ ਜ਼ਿੰਦਗੀ ਜੀਉਣ ਕਰਕੇ ਹੀ, ਉਹ ਵਿਸ਼ਵ ਦੇ ਸਾਰੇ ਧਰਮਾਂ ਨਾਲੋਂ ਸਰੇਸ਼ਟ ਵੀ ਹੈ, ਤੇ ਵਖਰਾ ਵੀ ਹੈ। 'ਦੇਗ ਤੇਗ ਫਤਹ' ਖਾਲਸੇ ਦੀ ਸਦੀਵੀ ਜੈ ਦਾ ਇਕ ਸਿੱਕਾ-ਨੀਸਾਣੁ ਵੀ ਹੈ।

'ਦੇਗ' ਦਾ ਭਾਵ-ਅਰਥ ਹੈ, ਦੇਗਚਾ, ਲੰਗਰ, ਕੜਾਹ-ਪ੍ਰਸਾਦਿ। 'ਦੇਗਚਾ' ਇਕ ਖਾਸ ਤਰ੍ਹਾਂ ਦਾ ਭਾਂਡਾ ਹੀ ਹੁੰਦਾ ਹੈ, ਜਿਸ ਵਿਚ ਲੰਗਰ ਤਿਆਰ ਕੀਤਾ ਜਾਂਦਾ ਹੈ। ਭੋਜਨ ਦੀ ਤਿਆਰੀ ਵਿਚ ਵਰਤੇ ਗਏ ਭਾਂਡਿਆਂ ਜਾਂ ਬਰਤਨਾਂ ਨੂੰ ਦੇਗ ਜਾਂ ਦੇਗਚਾ ਨਹੀਂ ਆਖਿਆ ਜਾਂਦਾ। 'ਦੇਗਚਾ' ਉਹ, ਜਿਸ ਵਿਚ ਸਰਬ ਮਨੁੱਖਤਾ ਵਾਸਤੇ, ਸਾਂਝੀ ਪੱਧਰ ਤੇ, ਦੇਗ-ਲੰਗਰ ਤਿਆ ਰ ਕੀਤਾ ਜਾਂਦਾ ਹੈ। 'ਲੰਗਰ' ਸਰਬ ਵਾਸਤੇ ਹੁੰਦਾ ਹੈ, ਕਿਸੇ ਇਕ ਤਕ ਹੀ ਸੀਮਤ ਨਹੀਂ ਹੁੰਦਾ। ਲੰਗਰ ਵਿਚ ਹਰ ਜਾਤਿ ਦਾ, ਹਰ ਵੱਡਾ-ਨਿੱਕਾ, ਹਰ ਲਿੰਗ ਦਾ, ਹਰ ਪਹਿਰਾਵੇ ਦਾ, ਹਰ ਮਜ਼ਹਬ ਦਾ, ਹਰ ਬੋਲੀ ਦਾ, ਹਰ ਦੇਸ਼ ਦਾ, ਹਰ ਸ਼ਕਲ ਦਾ, ਹਰ ਵਿਚਾਰ ਦਾ. ਬਿਨਾਂ ਕਿਸੇ ਵਿਤਕਰੇ, ਇਕੋ ਸਤਰ ਵਿਚ ਬੈਠ ਸਕਦਾ ਹੈ। 'ਸਿਖ ਧਰਮ' ਦੀ ਲੰਗਰ-ਸੰਸਥਾ ਤੇ ਪੂੰਪਰਾ

Digitized by Panjab Digital Library | www.panjabdigilib.org

ਕੁਝ ਇਸੇ ਤਰ੍ਹਾਂ ਦਾ ਸਾਂਝਾ ਤੇ ਸ਼ਾਂਤੀ ਦਾ ਵਾਤਾਵਰਣ ਉਸਾਰਦੀ ਹੈ । 'ਸਿਖ ਧਰਮ' ਮੁਢਲੇ ਤੌਰ ਤੇ ਸਾਂਝੀਵਾਲਤਾ ਤੇ ਸਰਬ-ਸ਼ਾਂਤੀ ਦਾ ਹੀ ਇੱਛਾਵਾਨ ਹੈ । 'ਬਲਵੰਡ ਸੱਤਾ' ਨੇ, ਆਪਣੀ 'ਰਾਮਕਲੀ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਬਣ ਚੁਕੀ "ਲੰਗਰ ਚਲੈ ਗੁਰ ਸ਼ਬਦਿ" ਦੀ ਜਿਸ ਪਰੰਪਰਾ ਦਾ ਸੰਕੇਤ ਕੀਤਾ ਹੈ, ਇਹ ਸ਼ਬਦ—ਲੰਗਰ ਵੀ ਸਾਂਝੀਵਾਲਤਾ ਤੇ ਸਰਬ-ਸ਼ਾਂਤੀ ਦੀ ਸਥਾਪਨਾ ਵਾਸਤੇ ਹੀ ਸੀ । ਇਹ ਸ਼ਬਦ-ਲੰਗਰ ਹਰ ਮਨੁਖੀ-ਆਤਮਾ ਨੂੰ ਬਿਨਾਂ ਕਿਸੇ ਵਿਤਕਰੇ ਪ੍ਰਾਪਤ ਹੋ ਸਕਦਾ ਸੀ । ਸ਼ਬਦ-ਲੰਗਰ ਦੀ ਨੀਂਹ ਤੇ ਲੀਹ ਤੇ ਹੀ ਗੁਰੂ ਅੰਗਦ ਦੇਵ ਜੀ ਨੇ ਗੁਰੂ-ਦਰਬਾਰ ਵਿਚ ਦੇਗ-ਲੰਗਰ ਦਾ ਮੁੱਢ ਬੰਨਿਆਂ ਸੀ । ਜਿਵੇਂ ਸ਼ਬਦ-ਲੰਗਰ ਸਭ ਨੂੰ ਪ੍ਰਾਪਤ ਹੋ ਸਕਦਾ ਸੀ, ਇਸੇ ਤਰ੍ਹਾਂ ਦੇਗ-ਲੰਗਰ ਵੀ ਸਭ ਨੂੰ ਮਿਲ ਸਕਦਾ ਸੀ । ਦੇਗ-ਲੰਗਰ ਤਾਂ ਸਮੇਂ ਦੇ ਵਿਕਾਸ ਨਾਲ ਸਿਖ ਰਹਿਤ-ਮਰਯਾਦਾ ਦਾ ਇਕ ਜ਼ਰੂਰੀ ਭਾਗ ਵੀ ਬਣ ਗਿਆ । ਨਿਮਾਣੇ, ਨਿਤਾਣੇ, ਨਿਓਟੇ ਤੇ ਨਿਆਸਰੇ ਨੂੰ ਦੇਗ-ਲੰਗਰ ਛਕਾਉਣਾ, ਇਹ ਸਿਖ ਧਰਮ ਦੇ ਪੁੰਨ-ਖੇਤਰ ਦਾ ਬੜਾ ਮਹੱਤਵ ਪੂਰਨ ਕਰਤਵ ਮੰਨਿਆਂ ਜਾਂਦਾ ਹੈ । 'ਸਿਖ ਧਰਮ' ਪੁੰਨ ਦਾ ਧਰਮ ਹੈ, ਪਾਪ ਦਾ ਨਹੀਂ । ਆਏ-ਗਏ ਦੀ ਦੇਗ-ਸੇਵਾ ਤੇ ਰਖਿਆ ਕਰਨੀ, ਇਹ ਖਾਲਸੇ ਦੀ ਪੁੰਨ-ਬਿਰਤੀ ਦਾ ਹੀ ਪ੍ਰਗਟਾਵਾ ਹੈ । ਖਾਲਸੇ ਨੇ ਇਸ ਕਰਤੱਵ ਨੂੰ ਸਦਾ ਨਿਬਾਹਿਆ ਹੈ, ਤੇ ਉਸ ਨੇ ਸਦਾ ਨਿਬਾਹੁਣਾ ਹੈ । ਜਦੋਂ ਖਾਲਸਾ 'ਦੇਗ ਫਤਹ' ਦਾ ਨਾਹਰਾ ਬੁਲੰਦ ਕਰਦਾ ਹੈ, ਜਾਂ ਖਾਲਸੇ ਦੀ ਦੇਗ ਸਦਾ ਕਾਇਮ ਰਹੇ ਦਾ ਭਾਵ ਪ੍ਰਗਟਾਂਦਾ ਹੈ, ਤਾਂ ਉਸ ਵਕਤ ਸਿਖ ਧਰਮ 'ਦੇਗ' ਦੇ ਕਰਤਵ ਦੀ ਪੂਹੜਤਾ ਕਰ ਰਿਹਾ ਹੁੰਦਾ ਹੈ, ਅਰਥਾਤ 'ਖਾਲਸਾ-ਪੰਥ' ਜਾਤੀ ਤੇ ਜਮਾਤੀ, ਹਰ ਪੱਧਰ ਤੇ 'ਦੇਗ' ਦੀ ਸੰਸਥਾ ਤੇ ਪਰੰਪਰਾ ਨੂੰ ਸਥਿਰ ਰਖੇਗਾ, 'ਦੇਗ' ਦੇ ਕਰਤਵ ਨੂੰ ਸਦਾ ਨਿਬਾਹੇਗਾ, ਮਨੁਖਤਾ ਅੰਦਰ ਸਾਂਝੀਵਾਲਤਾ ਤੇ ਸ਼ਾਂਤੀ ਦਾ ਅਦਵੈਤ-ਮਈ-ਭਾਵ ਸਦਾ ਜਗਾਏਗਾ । 'ਦੇਗ' ਦੀ ਫਤਹ ਮੰਗਣੀ, ਆਪਣੇ ਆਪ ਵਿਚ ਪ੍ਰਤਿਗਿਆ ਕਰਨੀ ਵੀ ਹੈ, ਕਿ 'ਦੇਗ' ਦੀ ਮਰਯਾਦਾ ਨੂੰ ਸਦਾ ਕਾਇਮ ਰਖਣ ਵਾਸਤੇ ਯਤਨ ਵੀ ਕਰਨਾ ਹੈ, 'ਦੇਗ' ਦੇ ਕਰਤਵ ਨੂੰ ਸਹੀ-ਸਲਾਮਤ ਰਖਣਾ ਵੀ ਹੈ । ਗੁਰੂਆਂ, ਗੁਰ-ਸਿੱਖਾਂ, ਗੁਰਮੁਖਾਂ ਤੇ ਸ਼ਹੀਦਾਂ ਨੇ 'ਦੇਗ' ਪ੍ਰਤੀ ਕੀਤੀ ਪ੍ਰਤਿਗਿਆ ਨੂੰ ਵੀ ਨਿਬਾਹਿਆ, ਦੇਗ ਦੀ ਮਰਯਾਦਾ ਨੂੰ ਵੀ ਕਾਇਮ ਰਖਿਆ, ਤੇ 'ਦੇਗ' ਦੇ ਕਰਤਵ ਨੂੰ ਸਹੀ-ਸਲਾਮਤ ਚਲਾਇਆ । ਅਜੋਕੇ ਸਮੇਂ ਵਿਚ ਵੀ ਗੁਰਦੁਆਰਿਆਂ ਅੰਦਰ 'ਦੇਗ' ਦੀ ਸੰਸਥਾ, ਪਰੰਪਰਾ ਤੇ ਕਰਤੱਵ ਨੂੰ ਨਿਬਾਹਿਆ ਜਾ ਰਿਹਾ ਹੈ ।

'ਦੇਗ' ਦਾ ਇਕ ਭਾਵ 'ਭੋਜਨ' ਤੋਂ ਵੀ ਹੈ । ਭੋਜਨ ਬਿਨਾ ਸਰੀਰਕ—ਭੁਖ ਦਾ ਸੰਤੁਸ਼ਟ ਹੋਣਾ ਮੁਸ਼ਕਲ ਹੈ । ਭੋਜਨ ਬਿਨਾ ਤਾਂ ਭਗਤੀ ਕਰਨੀ ਵੀ ਅਸੰਭਵ ਹੈ । ਜਦੋਂ ਭਗਤ ਕਬੀਰ ਜੀ ਕਹਿੰਦੇ ਹਨ, 'ਭੂਖੇ ਭਗਤਿ ਨ ਕੀਜੈ, ਯਹ ਮਾਲਾ ਅਪਨੀ ਲੀਜੈ,' ਤਾਂ ਇਥੇ ਉਹ ਭੋਜਨ ਦੀ ਜ਼ਰੂਰਤ ਦਾ ਹੀ ਭਾਵ ਪ੍ਰਗਟ ਕਰਦੇ ਹਨ । 'ਗੁਰਬਾਣੀ' ਵਿਚ ਭੋਜਨ ਦਾ ਸੰਕਲਪ ਦੋ ਮੁਹੀ ਹੈ, ਇਕ 'ਭੋਜਨ' ਉਹ ਹੈ, ਜਿਸ ਨਾਲ ਪੇਟ ਦੀ ਤਸੱਲੀ ਹੁੰਦੀ ਹੈ, ਜਿਸ ਦੇ ਵਧ ਤੇ ਭੈੜੇ 'ਖਾਣੇ' ਖਾਣ ਨਾਲ ਮਨ ਵਿਚ ਵਿਕਾਰਾਂ ਦਾ ਵਾਧਾ ਹੁੰਦਾ ਹੈ । ਜਦੋਂ ਗੁਰੂ ਨਾਨਕ ਦੇਵ ਜੀ 'ਬਾਬਾ ਹੋਰੁ ਖਾਣਾ ਖੁਸੀ ਖੁਆਰੁ । ਜਿਤੁ ਖਾਧੈ ਤਨੁ ਪੀੜੀਐ, ਮਨਿ ਮਹਿ ਚਲਹਿ ਵਿਕਾਰ'

Digitized by Panjab Digital Library | www.panjabdigilib.org

ਦਾ ਭਾਵ ਪ੍ਰਗਟਾਂਦੇ ਹਨ, ਤਾਂ ਉਹ ਇਥੇ, ਉਸੇ ਭੋਜਨ ਦਾ ਜ਼ਿਕਰ ਕਰ ਰਹੇ ਹਨ, ਜਿਸ ਵਿਚ ਛੱਤੀ ਤਰ੍ਹਾਂ ਦੇ ਪਦਾਰਥ ਹੁੰਦੇ ਹਨ, ਜਿਹੜਾ ਪੇਟ ਦੀ ਭੁਖ ਦੀ ਤਸੱਲੀ ਕਰਾਉਂਦਾ ਹੈ, ਮਨ ਵਿਚ ਥੋੜ-ਚਿਰੀ ਖੁਸ਼ੀ ਜਾਂ ਖੁਆਰੀ ਦਾ ਵਿਚਾਰ ਉਪਜਾਂਦਾ ਹੈ। 'ਭੋਜਨ' ਦਾ ਦੂਜਾ ਸੰਕਲਪ ਵਧੇਰੇ ਆਤਮਕ ਹੈ। ਗੁਰਬਾਣੀ ਵਿਚ ਆਤਮਕ-ਭੋਜਨ ਨੂੰ ਵੀ ਭੁੰਚਣ ਵਾਸਤੇ ਆਖਿਆ ਗਿਆ ਹੈ। ਇਹ 'ਆਤਮਕ-ਭੋਜਨ' ਸਿਖ ਦੀ ਜ਼ਿੰਦਗੀ ਦੀ ਅਤਿ ਜਰੂਰੀ ਖੁਰਾਕ ਹੈ। ਇਸ ਬਿਨਾ 'ਸਿਖ' ਸਹੀ ਅਰਥਾਂ ਵਿਚ 'ਸਿਖ' ਅਖਵਾ ਹੀ ਨਹੀਂ ਸਕਦਾ, ਜਦੋਂ ਗੁਰੂ ਅਰਜਨ ਦੇਵ ਜੀ 'ਥਾਲ' ਦਾ ਸੰਕੇਤ ਮਿਥ ਕੇ, ਥਾਲ (ਭਾਂਡਾ) ਵਿਚ ਪਏ ਭੋਜਨ ਦਾ ਵਰਣਨ ਕਰਦੇ ਹਨ, ਤਾਂ ਉਹ ਸਪਸ਼ਟ ਤੌਰ ਤੇ ਕਹਿ ਜਾਂਦੇ ਹਨ, ਕਿ 'ਥਾਲ' ਵਿਚ ਤਿੰਨ ਵਸਤਾਂ ਪਰੋਸੀਆਂ ਹੋਈਆਂ ਹਨ, ਅਰਥਾਤ ਸਤਿ, ਸੰਤੋਖ ਤੇ ਵੀਚਾਰ, ਸਿਖ ਨੇ ਸਤਿ ਦਾ ਭੋਜਨ ਛਕਣਾ ਹੈ, ਭਾਵ ਸਿਖ ਦੀ ਵਿਹਾਰਕ-ਰਹਿਣੀ 'ਸਤਿ' ਵਾਲੀ ਹੋਣੀ ਚਾਹੀਦੀ ਹੈ। 'ਸੰਤੋਖ' ਸਿਖ ਦੀ ਮਾਨਸਿਕ-ਤਸੱਲੀ ਦਾ ਸੰਕੇਤ ਹੈ। ਸਿਖ ਨੇ ਸੰਤੋਖੀ ਬਣ ਕੇ ਰਹਿਣਾ ਹੈ, ਅਰਥ ਤੇ ਕਾਮ ਵਿਚ ਸਿਖ ਨੇ ਸੰਤੋਖ-ਧਾਰੀ ਰਹਿਣਾ ਹੈ। 'ਵੀਚਾਰ' ਦਾ ਭਾਵ ਹੈ, ਗੁਰਬਾਣੀ ਵਿਚ 'ਸਤਿ ਤੇ ਸੰਤੋਖ' ਦੀ ਜਿਹੜੀ ਜੀਵਨ-ਜਾਚ ਉਲੀਕੀ ਗਈ ਹੈ, ਉਸ ਨੂੰ ਅਮਲੀ ਪੱਧਰ ਤੇ ਧਾਰਨ ਕਰਨਾ ਹੈ, ਇਸ ਤਰ੍ਹਾਂ ਦੀ ਸੰਤੁਸ਼ਟ ਤੇ ਅਭਿਆਸੀ-ਜ਼ਿੰਦਗੀ ਵਿਚ, ਉਸ 'ਅੰਮ੍ਰਿਤ-ਨਾਮ' ਦਾ ਵਾਸਾ ਹੁੰਦਾ ਹੈ, ਜਿਸ ਦਾ ਸਭਸ ਨੂੰ ਆਧਾਰ ਹੈ। ਜਿਹੜਾ ਇਸ 'ਥਾਲ' ਵਿਚ ਪਰੋਸੇ ਆਤਮਕ-ਭੋਜਨ ਨੂੰ ਖਾਂਦਾ ਹੈ, ਜਾਂ ਜਿਹੜਾ ਇਸ ਅੰਮ੍ਰਿਤਮਈ ਜ਼ਿੰਦਗੀ ਨੂੰ ਵਿਹਾਰਕ-ਪੱਧਰ ਤੇ ਭੁੰਚਦਾ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਉਸ ਦਾ ਉਧਾਰ ਹੁੰਦਾ ਹੈ, ਉਹ ਤਮ-ਸੰਸਾਰ ਤੋਂ ਤਰ ਜਾਂਦਾ ਹੈ। ਕਿਉਂਕਿ 'ਥਾਲ' ਵਿਚ ਪਰੋਸਿਆ ਹੋਇਆ ਭੋਜਨ, ਇਹ ਸਾਰਾ ਬ੍ਰਹਮ ਦਾ ਹੀ ਪਸਾਰਾ ਹੈ। ਬ੍ਰਹਮ ਨਾਲ ਇਕ ਰਸ ਸੰਜੋਗ ਪ੍ਰਾਪਤ ਕਰਨ ਪਿਛੋਂ ਹੀ ਮਨੁਖ-ਅੰਦਰ ਪ੍ਰਸਾਦੀ-ਗੁਣ ਪ੍ਰਵੇਸ਼ ਕਰਦੇ ਹਨ, ਮਨੁਖ ਅੰਦਰ ਮਿਠਾਸ, ਨਿਮ੍ਰਤਾ, ਤੇ ਕੋਮਲਤਾ ਦੇ ਭਾਵ ਉਜਾਗਰ ਹੁੰਦੇ ਹਨ। 'ਦੇਗ-ਲੰਗਰ' ਵਿਚ ਪ੍ਰਸਾਦੀ ਗੁਣਾਂ ਦਾ ਪ੍ਰਵੇਸ਼ ਵੀ ਹੁੰਦਾ ਹੈ। 'ਸਿਖ ਧਰਮ' ਵਿਚ ਜਿਸ 'ਲੰਗਰ' ਨੂੰ ਦੇਗ ਪੱਦ ਪ੍ਰਦਾਨ ਕੀਤਾ ਜਾਂਦਾ ਹੈ, ਉਸ ਵਿਚ ਮਿਠਾਸ, ਨਿੰਮ੍ਰਤਾ ਤੇ ਕੋਮਲਤਾ, ਇਹ ਤਿੰਨੇ ਹੀ ਪ੍ਰਸਾਦੀ-ਗੁਣ ਹੁੰਦੇ ਹਨ। ਜਦੋਂ 'ਖਾਲਸਾ' ਦੇਗ ਦੀ ਫਤਹਿ ਮੰਗਦਾ ਹੈ, ਤਾਂ ਇਕ ਦ੍ਰਿਸ਼ਟੀ ਕੋਣ ਤੋਂ, ਉਹ ਮਿਠਾਸ, ਨਿੰਮ੍ਰਤਾ ਤੇ ਕੋਮਲਤਾ ਦੇ ਵਾਤਾਵਰਣ ਦੀ ਉਸਾਰੀ ਦੀ ਵੀ ਮੰਗ ਕਰ ਰਿਹਾ ਹੁੰਦਾ ਹੈ। ਮਿਠਾਸ, ਨਿਮ੍ਰਤਾ ਤੇ ਕੋਮਲਤਾ ਹੀ ਦੈਵੀ ਤੇ ਪ੍ਰਸਾਦੀ ਗੁਣ ਹਨ, ਜਿਨ੍ਹਾਂ ਸਹਾਰੇ ਸਾਂਝੀ-ਵਾਲਤਾ ਤੇ ਸਰਬ-ਸ਼ਾਂਤੀ ਦਾ ਅਹਿਸਾਸ ਜਗਾਇਆ ਜਾ ਸਕਦਾ ਹੈ। 'ਦੇਗ' ਦਾ ਕਰਤਵ ਸਾਂਝੀਵਾਲਤਾ ਤੇ ਸਰਬ-ਸ਼ਾਂਤੀ ਦਾ ਅਹਿਸਾਸ ਜਗਾਉਣਾ ਵੀ ਹੈ।

'ਦੇਗ' ਦਾ ਭਾਵ 'ਕੜਾਹ-ਪ੍ਰਸਾਦਿ' ਵੀ ਹੈ। 'ਕੜਾਹ-ਪ੍ਰਸਾਦਿ' ਨੂੰ ਖਾਲਸਈ ਬੋਲੀ ਵਿਚ 'ਦੇਗ' ਆਖਿਆ ਜਾਂਦਾ ਹੈ। 'ਦੇਗ' ਨੂੰ 'ਤੇਗ' ਦਾ ਭੋਗ ਲਵਾ ਕੇ, ਕੜਾਹ ਨੂੰ 'ਪ੍ਰਸਾਦਿ' ਬਣਾ ਲਿਆ ਜਾਂਦਾ ਹੈ। ਸਿਖ-ਮਰਯਾਦਾ ਵਿਚ, ਕੜਾਹ ਨੂੰ 'ਤੇਗ' ਭੇਂਟ ਕਰਕੇ 'ਪ੍ਰਸਾਦਿ' ਬਣਾ ਲੈਣਾ, ਭੋਜਨ ਨੂੰ 'ਤੇਗ' ਛੁਹਾ ਕੇ ਦੇਗ ਮੰਨ ਲੈਣਾ, ਪਾਣੀ ਵਿਚ ਪਤਾਸੇ, ਬਾਣੀ ਤੇ

Digitized by Panjab Digital Library | www.panjabdigilib.org

ਤੇਗ-ਖੰਡੇ ਨੂੰ ਫਿਰਾ ਕੇ ਅੰਮ੍ਰਿਤ ਬਣਾ ਲੈਣਾ...ਇਹ ਰਹੱਸ ਪ੍ਰਵਾਨ ਕਰ ਲਏ ਗਏ ਹਨ। ਗੁਰੂ ਸਾਹਿਬਾਂ ਆਪ ਇਹਨਾਂ ਰਹੱਸਾਂ ਨੂੰ ਸਿਖ-ਮਰਯਾਦਾ ਦਾ ਅੰਗ ਬਣਾਇਆ ਹੈ। 'ਕੜਾਹ' ਵਿਚ 'ਤੇਗ' ਭੇਂਟ ਕਰਕੇ 'ਪ੍ਰਸਾਦਿ' ਬਣਾ ਲੈਣ ਦਾ ਭਾਵ ਇਹ ਹੈ, ਕਿ 'ਦੇਗ ਤੇ ਤੇਗ' ਦੇ ਸੰਜੋਗ ਤੋਂ ਹੀ ਪ੍ਰਸਾਦੀ ਜ਼ਿੰਦਗੀ ਦਾ ਜਨਮ ਹੁੰਦਾ ਹੈ। ਪ੍ਰਸਾਦੀ-ਜ਼ਿੰਦਗੀ ਦਾ ਭਾਵ ਹੈ, ਉਹ ਜ਼ਿੰਦਗੀ, ਜਿਸ ਵਿਚ ਮਿਠਾਸ ਵੀ ਹੋਵੇ, ਨਿੰਮ੍ਰਤਾ ਤੇ ਕੋਮਲਤਾ ਵੀ ਹੋਵੇ। ਗੁਰੂ ਨਾਨਕ ਦੇਵ ਜੀ ਮਿਠਾਸ ਤੇ ਨਿੰਮ੍ਰਤਾ ਨੂੰ ਤਾਂ ਸਰਬ-ਸਚਾਈਆਂ ਦਾ ਤੱਤ੍ਵ-ਗੁਣ ਮੰਨਦੇ ਹਨ। ਮਿਠਾਸ, ਨਿੰਮ੍ਰਤਾ ਤੇ ਕੋਮਲਤਾ ਦੀ ਪ੍ਰਸਾਦੀ ਜ਼ਿੰਦਗੀ ਸਿਰਜਨ ਵਾਸਤੇ ਹੀ ਤਾਂ ਗੁਰੂ ਸ਼ਖਸੀਅਤਾਂ ਯਤਨ ਕਰਦੀਆਂ ਰਹੀਆਂ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਜ਼ਿੰਦਗੀ ਦਾ ਜਿਹੜਾ ਸੰਕਲਪ ਮੂਰਤੀਮਾਨ ਕੀਤਾ ਗਿਆ ਹੈ, ਉਹ ਪ੍ਰਸਾਦੀ ਜ਼ਿੰਦਗੀ ਦਾ ਹੀ ਸੰਕਲਪ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ 'ਤੇਗ-ਧਾਰੀ' ਜਿਹੜੀ 'ਜੀਵਨ' ਤਸਵੀਰ ਉਲੀਕੀ ਹੈ, ਉਹ ਵੀ ਮੁਢਲੇ ਤੌਰ ਤੇ ਪ੍ਰਸਾਦੀ-ਜ਼ਿੰਦਗੀ ਹੀ ਹੈ। 'ਦੇਗ ਤੇ ਤੇਗ' ਦੇ ਸੁਮੇਲ ਤੋਂ ਹੀ 'ਫਤਹ' ਦੀ ਜ਼ਿੰਦਗੀ ਦਾ ਆਰੰਭ ਹੁੰਦਾ ਹੈ। 'ਦੇਗ ਤੇ ਤੇਗ' ਦੇ ਸੰਜੋਗ ਤੋਂ ਹੀ 'ਸਦਾ ਫਤਹ' ਪ੍ਰਾਪਤ ਕਰਨ ਦਾ ਅਹਿਸਾਸ, ਤੇ ਸਾਹਸ ਮਿਲਦਾ ਹੈ। 'ਦੇਗ' ਨੂੰ 'ਤੇਗ' ਛੁਹਾਣ ਨਾਲ 'ਕੜਾਹ' ਪ੍ਰਸਾਦਿ ਬਣ ਜਾਂਦਾ ਹੈ। 'ਕੜਾਹ ਪ੍ਰਸ਼ਾਦਿ' ਫਤਹ ਦੀ ਖੁਸ਼ੀ ਦਾ ਹੀ ਸੰਕੇਤ ਹੈ। ਜਦੋਂ 'ਸਿਖ' ਫਤਹ ਪ੍ਰਾਪਤ ਕਰਦਾ ਹੈ, ਉਸ ਵਕਤ ਉਹ ਆਪਣੀ ਖੁਸ਼ੀ ਦਾ ਪ੍ਰਗਟਾਵਾ 'ਕੜਾਹ ਪ੍ਰਸਾਦਿ' ਦੁਆਰਾ ਹੀ ਕਰਦਾ ਹੈ। 'ਹਾਰ' ਦਾ ਅਹਿਸਾਸ ਤਾਂ ਸਿਖ ਧਰਮ ਵਿਚ ਹੈ ਹੀ ਨਹੀਂ। 'ਸਿਖ' ਜੇ ਅਕਾਲ ਪੁਰਖ ਦੇ ਭਾਣੇ ਵਿਚ ਜਾਂ ਮੈਦਾਨੇ-ਜੰਗ ਵਿਚ ਲੜਦਾ ਲੜਦਾ ਸਵਰਗਵਾਸ ਵੀ ਹੋ ਜਾਂਦਾ ਹੈ, ਤਾਂ ਵੀ, ਉਹ ਕੜਾਹ ਪ੍ਰਸਾਦਿ ਵੰਡ ਕੇ ਹੀ ਪ੍ਰਭੂ ਦਾ ਧੰਨਵਾਦ ਕਰਦਾ ਹੈ, ਆਪਣੇ ਆਪ ਨੂੰ ਆਜ਼ਾਦ ਹੋਇਆ ਮਹਿਸੂਸ ਕਰਦਾ ਹੈ। 'ਕੜਾਹ-ਪ੍ਰਸਾਦਿ' ਜਨਮ ਤੇ ਮੌਤ ਦੋਹਾ ਵੇਲੇ ਵੰਡਿਆ ਜਾਂਦਾ ਹੈ, 'ਕੜਾਹ ਪ੍ਰਸਾਦਿ' ਫਤਹ ਦਾ ਖੁਸ਼ੀ-ਸੰਕੇਤ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵਾਸ਼ ਹੈ, ਕਿ ਜਿਹੜਾ 'ਸਿਖ' ਦੇਗ ਤੇ ਤੇਗ ਦੀ ਸੰਗਮ-ਜ਼ਿੰਦਗੀ ਜੀਉਂਦਾ ਹੈ, ਉਹ ਸਦਾ ਫਤਹ ਦੀ ਜ਼ਿੰਦਗੀ ਜੀਊਂਦਾ ਹੈ, ਉਹ ਜ਼ਿੰਦਗੀ ਦੇ ਕਿਸੇ ਖੇਤਰ ਵਿਚ ਵੀ 'ਹਾਰ' ਦਾ ਅਹਿਸਾਸ ਕਦੀ ਮਹਿਸੂਸ ਨਹੀਂ ਕਰਦਾ।.....ਭੋਜਨ ਵਿਚ 'ਤੇਰਾ' ਭੇਂਟ ਕਰਕੇ, ਇਸ ਨੂੰ ਦੇਗ-ਲੰਗਰ ਮੰਨ ਲੈਣ ਦਾ ਭਾਵ ਵੀ ਇਹ ਹੈ, ਕਿ ਸਿਖ ਦੀ 'ਦੇਗ' ਸਾਰਿਆਂ ਵਾਸਤੇ ਹੈ, 'ਸਿਖ' ਲੰਗਰ ਨੂੰ ਵੀ ਪ੍ਰਸਾਦਿ ਮੰਨ ਲੈਂਦਾ ਹੈ। ਲੰਗਰ ਦਾ ਭੋਰਾ-ਪ੍ਰਸਾਦਿ ਮੂੰਹ ਲਾਉਣਾ ਫਖਰ ਵਾਲੀ ਗਲ ਮੰਨਦਾ ਹੈ। 'ਦੇਗ ਤੇ ਤੇਗ' ਦਾ ਮਿਲਾਪ ਮਨੁਖਤਾ ਅੰਦਰ ਵੰਡ-ਛੱਕਣ ਦਾ ਭਾਵ ਉਜਾਗਰ ਕਰਦਾ ਹੈ, ਵੰਡ-ਖਾਣ ਖੰਡ-ਖਾਣ ਦਾ ਭਾਵ ਪੈਦਾ ਕਰਦਾ ਹੈ, ਮਿਲ-ਬੈਠਣ ਦਾ ਚਾਅ ਪੈਦਾ ਕਰਦਾ ਹੈ। ਵੰਡ ਛਕਣਾ ਤੇ ਮਿਲ ਬੈਠਣ ਦਾ ਅਹਿਸਾਸ ਮਨੁਖ ਨੂੰ ਸ਼ਕਤੀ ਪ੍ਰਧਾਨ ਕਰਦਾ ਹੈ। 'ਸਿਖ' ਇਸੇ ਕਰਕੇ ਸ਼ਕਤੀ-ਸ਼ਾਲੀ ਹੈ। 'ਸਿਖ' ਉਨ੍ਹਾਂ ਚਿਰ ਸ਼ਕਤੀ-ਸ਼ਾਲੀ ਰਹੇਗਾ ਵੀ, ਜਿੰਨਾਂ ਚਿਰ ਉਹ 'ਦੇਗ ਤੇ ਤੇਗ' ਦੀ ਸਾਂਝੀ ਜ਼ਿੰਦਗੀ ਜੀਉਂਦਾ ਹੈ। ਸ਼ਕਤੀ-ਸ਼ਾਲੀ-ਜ਼ਿੰਦਗੀ ਹਮੇਸ਼ਾਂ ਫਤਹ ਵਾਲੀ ਜ਼ਿੰਦਗੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਦੀ ਜ਼ਿੰਦਗੀ 'ਦੇਗ ਤੇ ਤੇਗ' ਦੀ ਮਿਲਵੀਂ ਤੇ ਫਤਹ ਵਾਲੀ ਜ਼ਿੰਦਗੀ ਹੀ ਸੀ, ਜਿਸ ਨੇ ਪੰਜਾਬ ਵਿਚ ਆਪਣਾ ਸ਼ਕਤੀ-ਸ਼ਾਲੀ 'ਸਿਖ ਰਾਜ' ਕਾਇਮ ਕਰ ਲਿਆ।.....ਪਾਣੀ ਵਿਚ ਤੇਗ-ਖੰਡਾ ਫਿਰਾ ਕੇ, ਨਾਲੋਂ ਨਾਲ

Digitized by Panjab Digital Library | www.panjabdigilib.org

ਬਾਣੀ-ਪਾਠ ਕਰਕੇ, ਵਿਚ ਪਤਾਸਿਆਂ ਦੀ ਮਿਠਾਸ ਘੋਲ ਕੇ, ਅੰਮ੍ਰਿਤ ਤਿਆਰ ਕਰ ਲਿਆ ਗਿਆ। ਅੰਮ੍ਰਿਤ ਦੀ ਜ਼ਿੰਦਗੀ ਵਿਚ ਵੀ 'ਦੇਗ ਤੇ ਤੇਗ' ਸੰਗਮ ਰੂਪ ਵਿਚ ਹੀ ਸਮਾਈ ਬੈਠੇ ਹਨ। 'ਅੰਮ੍ਰਿਤ' ਤਾਂ ਹੈ ਹੀ ਮ੍ਰਿਤੂ-ਰਹਿਤ ਜ਼ਿੰਦਗੀ ਦਾ ਨਾਮ। 'ਅੰਮ੍ਰਿਤ ਦੀ ਜ਼ਿੰਦਗੀ ਵਿਚ ਤਾਂ ਪ੍ਰਭੂ ਆਪ ਵਸਦਾ ਹੁੰਦਾ ਹੈ। ਜਿਥੇ ਪ੍ਰਭੂ ਆਪ ਹੋਵੇ, ਉਥੇ ਡਰ ਨਹੀਂ ਹੁੰਦਾ। ਜਿਥੇ ਡਰ ਨਹੀਂ, ਉਥੇ ਹਾਰ ਦਾ ਅਹਿਸਾਸ ਕਦੀ ਵੀ ਨਹੀਂ ਆ ਸਕਦਾ। 'ਅੰਮ੍ਰਿਤ' ਦੀ ਜ਼ਿੰਦਗੀ ਸਦਾ ਫਤਹ ਦੀ ਜ਼ਿੰਦਗੀ ਹੈ। ਜਿਹੜੀ ਜ਼ਿੰਦਗੀ ਮਰਨਾ ਜਾਣਦੀ ਹੈ, ਸਾਂਝੀਵਾਲਤਾ ਤੇ ਸਰਬ-ਸ਼ਾਂਤੀ ਵਾਸਤੇ ਆਪਾ ਮਿਟਾ ਸਕਦੀ ਹੈ, ਇਸ ਤਰ੍ਹਾਂ ਦੇ ਅਹਿਸਾਸ ਤੇ ਵਿਸ਼ਵਾਸ ਵਾਲੀ ਜ਼ਿੰਦਗੀ ਹੀ ਹਮੇਸ਼ਾਂ ਜੇਤੂ-ਜ਼ਿੰਦਗੀ ਹੁੰਦੀ ਹੈ, ਫਤਹ ਦੇ ਭਾਵਾਂ ਵਾਲੀ ਜ਼ਿੰਦਗੀ ਹੁੰਦੀ ਹੈ। 'ਗੁਰੂ ਸਾਹਿਬ' ਕੁਝ ਇਸੇ ਤਰ੍ਹਾਂ ਦੀ ਜੇਤੂ-ਜ਼ਿੰਦਗੀ ਹੀ ਸਿਰਜ ਰਹੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਜਿਹੜੀ ਜੀਵਨ-ਜਾਚ ਦਾ ਸੰਕਲਪ ਉਲੀਕਿਆ ਗਿਆ ਹੈ, ਉਹ ਫਤਹ ਦੇ ਭਾਵਾਂ ਭਰੀ ਜੀਵਨ-ਜਾਚ ਹੀ ਹੈ।

'ਫਤਹ' ਦਾ ਸਰਬ-ਪ੍ਰਸਿੱਧ ਤੇ ਸ਼ਰੋਮਣੀ-ਆਧਾਰ ਗੁਰੂ ਗੋਬਿੰਦ ਸਿੰਘ ਜੀ ਨੇ 'ਤੇਗ' ਨੂੰ ਹੀ ਸਵੀਕਾਰ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਲਈ 'ਤੇਗ' ਇਕ ਸੈਨਿਕ-ਸ਼ਸਤਰ ਹੀ ਨਹੀਂ, ਬਲਕਿ ਸੂਰਮਗਤੀ ਦਾ ਜਜ਼ਬਾ-ਸੋਮਾ ਵੀ ਸੀ। 'ਤੇਗ' ਗੁਰੂ ਗੋਬਿੰਦ ਸਿੰਘ ਜੀ ਲਈ ਪ੍ਰਭੂ-ਸ਼ਕਤੀ ਦਾ ਸੰਕੇਤ ਵੀ ਸੀ। 'ਸ਼ਸਤਰ ਨਾਮ ਮਾਲਾ' ਰਚਨਾ ਵਿਚ ਤਾਂ ਗੁਰੂ ਗੋਬਿੰਦ ਸਿੰਘ ਜੀ 'ਤੇਗ' ਨੂੰ ਆਪਣਾ ਪੀਰ ਮੰਨਦੇ ਹਨ, ਜਗ-ਪੀਰ ਦਾ ਪੱਦ ਪ੍ਰਦਾਨ ਕਰਦੇ ਹਨ, ਸੰਤਾਂ ਦੀ ਸੁਖੀ ਜ਼ਿੰਦਗੀ ਦਾ ਮਾਣ ਮੰਨਦੇ ਹਨ, ਦੁਰਮਤਿ ਨੂੰ ਹਟਾਣ ਵਾਲਾ ਸ਼ਸਤਰ ਕਹਿੰਦੇ ਹਨ, ਕਿਲ-ਵਿਖ ਨੂੰ ਹਰਣ ਵਾਲਾ ਸਾਧਨ ਸਵੀਕਾਰ ਕਰਦੇ ਹਨ, ਸ੍ਰਿਸ਼ਟੀ ਨੂੰ ਉਬਾਰਣ ਵਾਲੀ 'ਸ਼ਕਤੀ' ਮੰਨਦੇ ਹਨ, ਮਮ-ਪ੍ਰਿਤਪਾਰਨ ਵਾਲੀ ਵਿਸ਼ਾਲ-ਪਰਉਪਕਾਰੀ ਆਤਮਾ ਸਮਝਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ 'ਤੇਗ' ਹਿੰਸਾ ਦਾ ਸੰਕੇਤ ਨਹੀਂ ਸੀ, ਬਲਕਿ ਅਹਿੰਸਾ ਦਾ ਪ੍ਰਤੀਕ ਸੀ। ਗੁਰੂ ਗੋਬਿੰਦ ਸਿੰਘ ਜੀ ਦੀ 'ਤੇਗ' ਤਾਂ ਅਹਿੰਸਾ ਦੀ ਰਖਿਆ ਵਾਸਤੇ ਸੀ, ਹਿੰਸਾ, ਪਾਪ ਤੇ ਅਨਿਆਂ ਦੇ ਵਿਰੁਧ, ਅਹਿੰਸਾ, ਪੁੰਨ ਤੇ ਨਿਆਂ ਦੀ ਪ੍ਰਤੀਨਿਧ-ਪੁਕਾਰ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 'ਤੇਗ' ਦੀ ਸ਼ਰਨ ਹੀ ਉਸ ਵਕਤ ਲਈ ਸੀ, ਜਦੋਂ ਸਮਕਾਲੀ ਹਕੂਮਤ 'ਸ਼ੁਭ ਕਰਮ' ਤਿਆਗ ਕੇ ਅਸ਼ੁਭ ਕਰਮਾਂ ਨੂੰ ਅਪਣਾਨ ਲਗ ਪਈ ਸੀ, ਸੰਤਾਂ ਨੂੰ ਉਬਾਰਨ ਦੀ ਥਾਂ, ਦੁਸ਼ਟਾਂ ਨੂੰ ਸੰਘਾਰਨ ਦੀ ਥਾਂ, ਕਰੂਪ-ਕਰਤਵਾਂ ਨੂੰ ਧਾਰਨ ਕਰਨ ਲਗ ਪਈ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਤੇਗ 'ਸ਼ੁਭ-ਕਰਮਾਂ ਦੀ ।' ਕੇਤਕ-ਆਵਾਜ਼ ਸੀ। ਗੁਰੂ ਸਾਹਿਬਾਨ ਦੇ ਜੀਵਨ ਤੇ ਬਾਣੀ ਦੀ ਮੁਖ ਸੁਰ ਵੀ ਅਸ਼ੁਭ-ਕਰਮਾਂ ਵਿਰੁਧ ਸ਼ੁਭ-ਕਰਮਾਂ ਦੀ ਆਵਾਜ਼ ਹੀ ਸੀ। ਗੁਰੂ ਸਾਹਿਬ ਤਾਂ ਸ਼ੁਭ-ਕਰਮਾਂ ਦੀ ਰਖਿਆ ਵਾਸਤੇ ਸਦਾ ਤੱਤਪਰ ਰਹਿੰਦੇ ਸਨ। 'ਆਤਮਕ ਅਤੇ ਸਮਾਜਕ' ਦੋਹਾਂ ਖੇਤਰਾਂ ਦੇ ਵਿਕਾਰਾਂ ਨਾਲ ਉਹਨਾਂ ਦਾ ਸੰਘਰਸ਼ ਸੀ। ਉਹ ਤਾਂ ਵਿਕਾਰਾਂ ਵਿਰੁਧ ਸਿਰ ਤਲੀ ਤੇ ਰਖ ਕੇ ਲੜਨ ਵਾਸਤੇ ਤਿਆਰ ਸਨ, ਉਹ ਤਾਂ ਹਮੇਸ਼ਾਂ ਇਸ ਉਡੀਕ ਵਿਚ ਰਹਿੰਦੇ ਸਨ, ਕਿ ਕਿਹੜੇ ਵੇਲੇ ਗਗਨ-ਦਮਾਮਾ ਵਜਦਾ ਹੈ, ਕਿਹੜੇ ਵੇਲੇ ਰਣ ਵਿਚ ਜੂਝਣ ਦਾ ਮੌਕਾ-ਮਾਣ ਮਿਲਦਾ ਹੈ। ਦੀਨ-ਨਮਿਤ ਲੜਨਾ ਤਾਂ ਉਹ ਆਪਣਾ ਪਰਮ ਕਰਤਵ

Digitized by Panjab Digital Library | www.panjabdigilib.org

ਸਮਝਦੇ ਸਨ । ਗੁਰੂ ਗੋਬਿੰਦ ਸਿੰਘ ਜੀ ਦੀਨ-ਨਮਿਤ ਲੜਨ ਵਾਲਿਆਂ ਦੀ ਤਾਂ ਸੈਨਾ ਤਿਆਰ ਕਰਨਾ ਚਾਹੁੰਦੇ ਸਨ । ਗੁਰੂ ਗੋਬਿੰਦ ਸਿੰਘ ਜੀ ਦੀ ਤਿਆਰ ਕੀਤੀ 'ਖਾਲਸਾ-ਫੌਜ', ਤੇਗ ਧਾਰੀ ਫੌਜ ਨੇ 'ਨਿਜ' ਤੇ 'ਪਰ' ਦੇ ਸ਼ੁਭ-ਕਰਮਾਂ ਦੀ ਰਖਿਆ ਕਰਨੀ ਸੀ, ਸਾਰੇ ਵਿਸ਼ਵ ਦੇ ਸ਼ੁਭ-ਕਰਮਾਂ ਦੀ ਪਹਿਰੇਦਾਰੀ ਕਰਨੀ ਸੀ । 'ਦੇਗ' ਸ਼ੁਭ ਕਰਮਾਂ ਦੀ ਪ੍ਰਤੀਕ ਸੀ ਤੇ ਤੇਗ ਸ਼ੁਭ ਕਰਮਾਂ ਦੀ ਪਹਿਰੇਦਾਰੀ ਦੀ ਪ੍ਰਤੀਕ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 'ਦੇਗ ਤੇ ਤੇਗ' ਦਾ ਸੁਮੇਲ ਪੈਦਾ ਕਰਕੇ, ਜਿਹੜਾ ਸਦੀਵੀ ਫਤਹ ਦੇ ਅਹਿਸਾਸ ਵਾਲਾ ਖਾਲਸਾ-ਪੰਥ ਰਚਿਆ, ਇਸ ਖਾਲਸੇ-ਪੰਥ ਦਾ ਮਖ ਕਰਤਵ ਇਹੀ ਸੀ, ਕਿ ਇਸ ਨੇ ਸਦੀਵ-ਕਾਲ 'ਸ਼ੁਭ ਕਰਮਾਂ' ਦੀ ਰਖਿਆ ਕਰਨੀ ਹੈ । 'ਖਾਲਸਾ ਪੰਥ' ਪ੍ਰਭੂ ਦਾ ਮਾਰਗ ਵੀ ਹੈ । ਸਹਜਾਤਮਕ ਅਤੇ ਮਰਦਾਨਾ-ਜ਼ਿੰਦਗੀ ਦਾ ਸਰੂਪ ਵੀ ਹੈ, 'ਦੇਗ ਤੇ ਤੇਗ' ਦੀ ਜ਼ਿੰਦਗੀ ਸਹਜਾਤਮਕ ਤੇ ਮਰਦਾਨਾ ਜ਼ਿੰਦਗੀ ਹੀ ਹੈ । ਸਹਜਾਤਮਕ (ਸੁਧਾਤਮਕ-ਮੰਡਲ ਵਿਚੋਂ ਉਪਜੀ ਜ਼ਿੰਦਗੀ) ਤੇ ਮਰਦਾਨਾ (ਲਿੰਗ-ਰਹਿਤ ਵਰਿਆਮੀ-ਜ਼ਿੰਦਗੀ) ਜ਼ਿੰਦਗੀ ਹੀ ਹਮੇਸ਼ਾਂ ਫਤਹ ਵਾਲੀ ਜ਼ਿੰਦਗੀ ਹੁੰਦੀ ਹੈ । ਜਦੋਂ 'ਅਰਦਾਸ' ਵਿਚ 'ਦੇਗ ਤੇਗ ਫਤਹ' . ਦਾ ਬੋਲ ਦੁਹਰਾਇਆ ਜਾਂਦਾ ਹੈ, ਤਾਂ ਇਸ ਦਾ ਭਾਵ ਇਹੀ ਹੈ, ਕਿ 'ਸਿਖ ਤੇ ਸਿੰਘ' ਸਾਂਝੀਵਾਲਤਾ, ਸਰਬ-ਸ਼ਾਂਤੀ, ਸਹਜਾਤਮਕ ਤੇ ਮਰਦਾਨਗੀ ਦਾ ਵਾਤਾਵਰਨ ਮੰਗਦਾ ਹੈ, ਆਪਣੀ ਅੰਤਰ-ਆਤਮਾ ਵਿਚੋਂ ਵੀ ਇਸ ਤਰ੍ਹਾਂ ਦਾ ਸ਼ਕਤੀ-ਸ਼ਾਲੀ ਅਹਿਸਾਸ ਜਗਾਉਣਾ ਚਾਹੁੰਦਾ ਹੈ, ਸ਼ੁਭ ਕਰਮਾਂ ਵਾਸਤੇ ਮਰ-ਮਿਟਣ ਦੀ ਨਿਤ ਪ੍ਰਤਿਗਿਆ ਕਰਦਾ ਹੈ, ਇਕ ਪੂਰਨ ਤੇ ਸੰਤੁਲਣ-ਜ਼ਿੰਦਗੀ ਜੀਊਣ ਦੀ ਆਸ ਪ੍ਰਗਟਾਂਦਾ ਹੈ. ਫਤਹ ਦੇ ਸਦੀਵੀ ਵਿਸ਼ਵਾਸ ਅਧੀਨ 'ਦੇਗ ਤੇ ਤੇਗ' ਦਾ ਧਾਰਨੀ ਬਣਨਾ ਚਾਹੁੰਦਾ ਹੈ ।

'ਦੇਗ ਤੇਗ ਫਤਹ' ਸਿਖ ਧਰਮ ਦਾ ਮੁੱਢਲਾ ਵਿਸ਼ਵਾਸ ਹੈ । ਸਿਖ ਧਰਮ 'ਦੇਗ ਤੇ ਤੇਗ' ਦੀ ਹਮੇਸ਼ਾਂ ਜਿਤ ਅਹਿਸਾਸ ਕਰਦਾ ਹੈ । ਜੇ ਸਿਖ ਕੌਮ ਨੇ ਮੁਗਲ ਤੇ ਮੁਸਲਮਾਣੀ-ਮਤ ਵਿਰੁਧ ਸੰਘਰਸ਼ ਕਰ ਕੇ, ਆਪਣੀ ਸੁਤੰਤਰ ਰਾਜ-ਬਣਤਰ ਦਾ ਨਿਰਮਾਣ ਕੀਤਾ ਹੈ, ਤਾਂ ਉਸ ਤੰਤਰ ਰਾਜ-ਸੀਮਾਂ ਵਿਚ ਵੀ, ਜੇ ਉਹਨਾਂ ਨੇ ਕਿਸੇ ਆਦਰਸ਼ ਨੂੰ ਮੁਖ ਰਖਿਆ ਹੈ, ਤਾਂ ਉਹ ਉਹੀ ਆਦਰਸ਼ ਹੈ. ਜਿਸ ਦਾ ਪ੍ਰਗਟਾਵਾ ਗੁਰੂ ਸ਼ਖਸੀਅਤਾਂ ਨੇ 'ਦੇਗ ਤੇਗ ਫਤਹ' ਦੇ 'ਬੋਲ' ਵਿਚ ਭਰਿਆ ਹੈ । ਸਿਖ ਕੌਮ ਨੇ ਆਪਣੀ ਸੁਤੰਤਰ ਰਾਜ-ਬਣਤਰ ਦੀ ਸਥਾਪਨਾ ਨਾਲ, ਆਪਣਾ ਇਕ ਸਿੱਕਾ ਵੀ ਚਲਾਇਆ, ਜਿਸ ਨੂੰ 'ਨਾਨਕ ਸ਼ਾਹੀ' ਸਿੱਕਾ ਆਖਿਆ ਜਾਂਦਾ ਹੈ । ਇਸ ਸਿੱਕੇ ਤੇ ਜਿਹੜੀ ਇਬਾਰਤ ਲਿਖੀ ਹੋਈ ਹੈ, ਉਸ ਵਿਚ ਵੀ 'ਦੇਗ ਤੇਗ ਫਤਹ' ਦੇ ਭਾਵ-ਆਦਰਸ਼ ਨੂੰ ਹੀ ਪ੍ਰਮੁਖਤਾ ਦਿਤੀ ਗਈ ਹੈ । 'ਨਾਨਕ ਸ਼ਾਹੀ' ਸਿੱਕੇ ਤੇ ਲਿਖੀ ਹੋਈ ਇਬਾਰਤ ਇਹ ਹੈ :-

'ਦੇਗ ਤੇਗ ਫਤਹ' ਨੁਸਰਤ ਬੇਦਰੰਗ, ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ ।' ਅਰਥਾਤ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ, ਇਹ ਸਾਖੀ ਭਰਦੇ ਹਨ, ਕਿ ਜਿਹੜੀ ਜ਼ਿੰਦਗੀ 'ਦੇਗ ਤੇ ਤੇਗ' ਨੂੰ ਆਪਣਾ ਉਦੇਸ਼ ਧਾਰਨ ਕਰ ਲਵੇਗੀ, ਉਸ ਨੂੰ ਬੇਦਰੰਗ-ਬਿਨਾ ਕਿਸੇ ਮੁਸ਼ਕਲ, ਫਤਹ-ਨੁਸਰਤ-ਜਿਤ ਪ੍ਰਾਪਤ ਹੋਵੇਗੀ । ਗਲ ਕੀ ਗੁਰੂ ਸ਼ਖਸੀਅਤਾਂ, ਗੁਰਸਿੱਖਾਂ, ਗੁਰਮੁਖਾਂ ਤੇ ਸ਼ਹੀਦਾਂ, ਸਭ ਨੇ 'ਦੇਗ ਤੇ ਤੇਗ' ਦੀ ਸਾਂਝੀ ਸਥਾਪਨਾ ਨੂੰ ਜੀਵਨ ਦਾ ਪ੍ਰਧਾਨ ਆਦਰਸ਼ ਮੰਨਿਆਂ ਹੈ । ਜਗਤ ਵਿਚ 'ਦੇਗ ਤੇ ਤੇਗ' ਦੋਹਾਂ ਨੂੰ ਆਪਣੇ ਜਨਮ ਤੋਂ

Digitized by Panjab Digital Library | www.panjabdigilib.org

ਜਾਰੀ ਰਖਿਆ ਹੈ। ਸਿੱਖੀ ਦੀ ਪਰਮ-ਸਿਖਿਆ ਵੀ 'ਦੇਗ ਤੇ ਤੇਗ' ਦੀ ਸਿਖਿਆ ਹੀ ਹੈ। ਸਿਖ ਨੇ 'ਦੇਗ' ਨੂੰ ਵੀ ਸਦਾ ਸਥਿਰ ਰਖਣਾ ਹੈ, ਤੇ 'ਤੇਗ' ਨੂੰ ਵੀ ਦੇਗ ਦਾ ਸਾਥੀ-ਅੰਗ ਬਣਾਉਣਾ ਹੈ। 'ਦੇਗ' ਬਿਨਾਂ ਨਾ 'ਤੇਗ' ਦਾ ਕਰਤਵ ਪੂਰਨ ਹੈ, ਅਤੇ ਨਾ ਹੀ 'ਤੇਗ' ਬਿਨਾਂ 'ਦੇਗ' ਦਾ ਕਰਤਵ ਪੂਰਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਕ੍ਰਿਸ਼ਨਾ-ਅਵਤਾਰ ਰਚਨਾ ਵਿਚ ਕਹਿੰਦੇ ਹਨ :—

'ਦੇਗ ਤੇਗ ਜਗ ਮੈ ਦੋਊ ਚਲੈ' ਤਾਂ ਉਹ ਸਪਸ਼ਟ ਤੌਰ ਤੇ ਇਹ ਪਰੇਰਨਾ ਕਰਦੇ ਹਨ, ਕਿ ਖਾਲਸੇ ਦੀ ਜ਼ਿੰਦਗੀ ਰਾਜ ਤੇ ਜੋਗ ਦੀ ਜ਼ਿੰਦਗੀ ਹੈ, ਭਗਤੀ ਤੇ ਸ਼ਕਤੀ ਦੀ ਜ਼ਿੰਦਗੀ ਹੈ, ਪੰਗਤ ਤੇ ਸੰਗਤ ਦੀ ਜ਼ਿੰਦਗੀ ਹੈ। 'ਦੇਗ ਤੇ ਤੇਗ' ਦੀ ਜ਼ਿੰਦਗੀ ਹੀ ਪੂਰਨ ਜ਼ਿੰਦਗੀ ਹੈ। ਪੂਰਨ ਜ਼ਿੰਦਗੀ ਹੀ ਹਮੇਸ਼ਾਂ ਫਤਹ ਦਾ ਅਹਿਸਾਸ ਰਖ ਸਕਦੀ ਹੈ, ਫਤਹ ਦਾ ਵਿਸ਼ਵਾਸ ਰਖ ਸਕਦੀ ਹੈ, ਸਾਂਝੀਵਾਲਤਾ ਤੇ ਸਰਬ-ਸ਼ਾਂਤੀ ਦਾ ਵਾਤਾ-ਵਰਣ ਉਸਾਰ ਸਕਦੀ ਹੈ।

'ਦੇਗ ਤੇ ਤੇਗ' ਦੀ ਜ਼ਿੰਦਗੀ ਸੱਚ ਮੁੱਚ ਹੀ ਫਤਹ ਦੀ ਜ਼ਿੰਦਗੀ ਹੈ।

Digitized by Panjab Digital Library | www.panjabdigilib.org

ਬਿਰਦ ਦੀ ਪੈਜ

'ਬਿਰਦ' ਦਾ ਭਾਵ-ਅਰਥ ਹੈ, 'ਆਪਣੇ ਸੁਭਾ ਦੀ ਪਾਲਣਾ ਕਰਨੀ, ਆਪਣੇ ਧਰਮ ਨੂੰ ਨਿਬਾਹੁਣਾ, ਆਪਣੇ ਸਿਖ ਦੀ ਸੁਰਖਿਆ ਕਰਨੀ, ਆਪਣੇ ਪਿਆਰ ਦਾ ਸਬੂਤ ਦੇਣਾ।' 'ਪ੍ਰਮਾਤਮਾ' ਦਾ ਵੀ ਆਪਣਾ ਬਿਰਦ ਹੁੰਦਾ ਹੈ, ਤੇ ਆਤਮਾ ਦਾ ਵੀ ਆਪਣਾ ਬਿਰਦ ਹੁੰਦਾ ਹੈ। 'ਪ੍ਰਮਾਤਮਾ' ਸਮੁੱਚੇ ਸ੍ਰਿਸ਼ਟੀ-ਆਕਾਰ ਵਿਚ ਆਪਣੇ ਬਿਰਦ ਦੀ ਪਾਲਣਾ ਕਰਦਾ ਹੈ ਤੇ ਆਤਮਾ ਆਪਣੇ ਵਿਅਕਤੀਗਤ ਪੱਧਰ ਤੇ ਬਿਰਦ ਨੂੰ ਨਿਬਾਹੁੰਦੀ ਹੈ। ਪ੍ਰਮਾਤਮਾ ਦੇ ਬਿਰਦ ਦਾ ਇਹ ਸਮੂਹਕ ਤੱਤ ਹੈ, ਕਿ ਉਸ ਨੇ ਸ੍ਰਿਸ਼ਟੀ-ਆਕਾਰ ਵਿਚ ਵਸਦੀ ਮਨੁਖਤਾ ਨੂੰ ਬਿਨਾਂ ਕਿਸੇ ਵਿਤਕਰੇ ਦੇ ਪਾਲਣਾ ਹੈ। ਕਿਉਂਕਿ ਉਹ (ਪ੍ਰਮਾਤਮਾ) ਸਾਰਿਆਂ ਦਾ ਸਰਬ-ਸਾਂਝਾ ਰੱਬ ਹੈ, ਉਸ ਵਾਸਤੇ ਸਾਰੇ ਇਕੋ ਜਿਹੇ ਹਨ, ਉਸ ਨੂੰ ਸਾਰਿਆਂ ਵਿਚੋਂ, ਹਰ ਰੂਪ ਵਿਚ ਆਪਣਾ ਹੀ ਪ੍ਰਤੀਬਿੰਬ ਪਸਰਿਆ ਹੋਇਆ ਦਿਸਦਾ ਹੈ, ਸਾਰਾ ਸ੍ਰਿਸ਼ਟੀ-ਆਕਾਰ ਉਸ ਨੂੰ ਇਕ ਖਿਡਾਵਾ ਜਾਪਦਾ ਹੈ। ਵੈਰ ਅਤੇ ਵਿਰੋਧ ਦੀਆਂ ਭਾਵਨਾਵਾਂ ਤੋਂ ਉਹ ਬਿਲਕੁਲ ਮੁਕਤ ਹੁੰਦਾ ਹੈ। ਇਸੇ ਲਈ ਉਸ ਦਾ ਨਾ ਕਿਸੇ ਪ੍ਰਤੀ ਵੈਰ-ਵਿਰੋਧ ਹੈ, ਅਤੇ ਨਾ ਹੀ ਵਿਅਕਤੀਗਤ ਪੱਧਰ ਤੇ ਕੋਈ 'ਮਨਖ' ਪ੍ਰਮਾਤਮਾ ਨਾਲ ਵੈਰ ਅਤੇ ਵਿਰੋਧ ਦੀ ਭਾਵਨਾ ਰਖਦਾ ਹੈ। ਇਸ ਦ੍ਰਿਸ਼ਟੀਕੋਣ ਤੋਂ 'ਪ੍ਰਮਾਤਮਾ' ਦਾ ਇਹ ਸੁਭਾ ਹੀ ਢੱਲ ਚੁਕਿਆ ਹੈ, ਕਿ ਉਸ ਨੇ ਸਾਰਿਆਂ ਪ੍ਰਤੀ ਆਪਣੇ ਬਣ ਚੁਕੇ ਬਿਰਦ ਨੂੰ ਹੀ ਪਾਲਣਾ ਹੈ, ਉਸ ਦਾ ਬਿਰਦ ਸਾਰਿਆਂ ਵਾਸਤੇ ਹੈ। ਹਰ ਮਨੁਖ ਪ੍ਰਭੂ-ਬਿਰਦ ਦਾ ਸਹਾਰਾ ਲੈ ਸਕਦਾ ਹੈ। ਪ੍ਰਭੂ-ਬਿਰਦ ਨੂੰ ਨਿਬਾਹੁਣ ਵਾਸਤੇ ਅਰਦਾਸ ਜਾਂ ਬੇਨਤੀ ਕਰ ਸਕਦਾ ਹੈ। 'ਬਿਰਦ' ਨਿਬਾਹੁਣਾ ਪ੍ਰਭੂ ਦਾ ਧਰਮ ਬਣ ਚੁਕਿਆ ਹੈ। 'ਧਰਮ' ਇਕ ਤਰ੍ਹਾਂ ਦਾ ਸੁਭਾ ਹੀ ਹੁੰਦਾ ਹੈ। 'ਸੁਭਾ' ਹੀ ਧਰਮ ਦੀ ਸੀਮਾ ਵਿਚ ਆਉਂਦਾ ਹੈ। ਨਿਤ ਦੇ ਨਿਰਮਾਣੇ ਹੋਏ 'ਸੁਭਾ' ਤੋਂ ਹੀ ਮਨੁਖ ਦੇ ਧਰਮ ਦਾ ਪਤਾ ਲਗਦਾ ਹੈ, ਕਿ ਉਹ ਧਰਮੀ ਹੈ ਜਾਂ ਅਧਰਮੀ ਹੈ। 'ਪ੍ਰਭੂ' ਪ੍ਰਮੁਖ ਰੂਪ ਵਿਚ ਧਰਮੀ ਹੈ। ਉਸ ਦਾ 'ਧਰਮ' ਸਰਬ ਸਾਂਝਾ ਹੈ। ਉਸ ਦਾ 'ਧਰਮ' ਸੀਮਾ, ਸ਼ਕਤੀ ਤੇ ਸਰੇਣੀ-ਵੰਡ ਤੋਂ ਮੁਕਤ ਹੈ। 'ਧਰਮ' ਆਸਰੇ ਹੀ ਸਾਰਾ ਸ੍ਰਿਸ਼ਟੀ-ਆਕਾਰ ਸੰਜੋਗ ਅਤੇ ਵਿਜੋਗ ਦੀ ਕਾਰ ਕਰ ਰਿਹਾ ਹੈ। ਇਸ ਤਰ੍ਹਾਂ 'ਧਰਮ' ਦਾ ਸੰਕਲਪ ਇਕ ਤਰ੍ਹਾਂ ਦਾ 'ਪ੍ਰਭੂ-ਵਿਧਾਨ' ਸਵੀਕਾਰ ਕਰ ਲਿਆ ਜਾਂਦਾ ਹੈ, ਜਿਸ ਵਿਧਾਨ-ਅਧੀਨ ਹੀ ਸਾਰਾ ਸ੍ਰਿਸ਼ਟੀ-ਮੰਡਲ, ਸਤਿ ਤੇ ਅਸਤਿ, ਨੇਕੀ ਤੇ ਬਦੀ, ਪੁੰਨ ਤੇ ਪਾਪ, ਧਰਮ ਤੇ ਅਧਰਮ, ਸੁਖ ਤੇ ਦੁਖ, ਗਿਆਨ ਤੇ ਅਗਿਆਨ, ਬੇ-ਗਮ ਤੇ ਗਮ ਦੀ ਜ਼ਿੰਦਗੀ ਜੀਊ ਰਿਹਾ ਹੈ। ਪ੍ਰਭੂ ਦਾ ਬਿਰਦ ਦੋ ਮੁਹੀ ਜ਼ਿੰਦਗੀ ਵਲ ਹੈ। ਸਤਿ-ਜ਼ਿੰਦਗੀ ਵਾਸਤੇ ਵੀ ਉਸ ਦਾ ਬਿਰਦ ਹੈ ਤੇ ਅਸਤਿ-ਜ਼ਿੰਦਗੀ ਵਾਸਤੇ ਵੀ ਉਸ ਦਾ ਬਿਰਦ ਹੈ। ਹਾਂ 'ਬਿਰਦ' ਦੇ ਸਰੂਪ 'ਪ੍ਰਭੂ' ਬਦਲਦਾ ਨਹੀਂ, ਬਿਰਦ ਦੇ ਸੁਭਾ-ਸਰੂਪ ਵਿਚ ਤਾਂ ਉਹ ਇਕਸਾਰ ਰਹਿੰਦਾ ਹੈ, ਪਰ ਬਿਰਦ ਦੇ ਨਿਬਾਹੁਣ ਵਿਚ ਅੰਤਰ ਜ਼ਰੂਰ ਆਉਂਦਾ ਹੈ। ਇਹ ਮਨੋਵਿਗਿਆਨਕ ਸੱਚ ਹੈ, ਕਿ ਪਿਆਰ ਦੋਪਾਸੀਂ ਪਲਦਾ

Digitized by Panjab Digital Library | www.panjabdigilib.org

ਹੈ। 'ਪ੍ਰਭੂ' ਪਿਆਰ ਦਾ ਭੁੱਖਾ ਹੈ। ਜਿਹੜਾ ਉਸ ਨਾਲ ਪਿਆਰ ਕਰਦਾ ਹੈ, ਉਹ ਉਸ ਦੇ ਪਿਆਰ ਦੀ ਪੈਜ ਰਖਦਾ ਹੈ, ਉਸ ਦੇ ਪਿਆਰ ਦੀ ਹਰ ਮੁਲ ਤੇ ਲੱਜ ਵੀ ਰਖਦਾ ਹੈ। ਪਰ ਜਿਹੜੇ ਪ੍ਰਭੂ-ਪਿਆਰ ਤੋਂ ਖਾਲੀ ਹਨ, ਜਿਹਨਾਂ ਨੇ ਪ੍ਰਭੂ-ਪਿਆਰ ਨਾਲ ਕਦੀ ਸੁਹਿਰਦ ਸਾਂਝ ਪ੍ਰਗਟਾਈ ਹੀ ਨਹੀਂ, ਪ੍ਰਭੂ ਨੇ ਉਹਨਾਂ ਪ੍ਰਤੀ ਵੀ ਆਪਣੇ ਬਿਰਦ ਨੂੰ ਰਖਿਆ ਹੋਇਆ ਹੈ। ਪਰ ਪਿਆਰ ਤੇ ਅਪਿਆਰ ਦੋਹਾਂ ਖੇਤਰਾਂ ਵਿਚ ਪ੍ਰਭੂ-ਬਿਰਦ ਦੇ ਕਰਤਵ ਵਿਚ ਅੰਤਰ ਹੁੰਦਾ ਹੈ। ਇਹ 'ਅੰਤਰ' ਕਿਸੇ ਵੈਰ ਅਤੇ ਵਿਰੋਧ ਦਾ ਪ੍ਰਤੀਕਰਮ ਨਹੀਂ ਹੁੰਦਾ, ਬਲਕਿ ਮਨੁਖ-ਹਿਰਦਿਆਂ ਨੂੰ ਆਪਣੇ ਵਲ ਆਕਰਖ਼ਿਤ ਕਰਨ ਦਾ ਜਾਂ ਦੈਵੀ-ਜ਼ਿੰਦਗੀ ਨਿਰਮਾਣਨ ਦਾ ਪਰੇਰਨਾ-ਕਰਮ ਜ਼ਰੂਰ ਹੁੰਦਾ ਹੈ। ਇਸੇ ਕਰ ਕੇ ਸ੍ਰਿਸ਼ਟੀ-ਆਕਾਰ ਵਿਚ ਦੋ ਮੁਹੀ ਜੀਵਨ-ਸੰਕਲਪ ਹਨ, ਦੋਵੇਂ ਹੀ ਕਿਸੇ ਪ੍ਰਾਪਤੀ ਵਾਸਤੇ ਸੰਘਰਸ਼ ਕਰਦੇ ਜਾਪਦੇ ਹਨ, ਦੋਵੇਂ ਹੀ, ਕੋਈ ਪਿਆਰ ਦੁਆਰਾ ਤੇ ਕੋਈ ਵਿਰੋਧਤਾ ਦੁਆਰਾ ਆਪਣੇ ਮੰਤਵ ਵਿਚ ਸਫਲ ਹੋਣ ਦਾ ਯਤਨ ਕਰ ਰਿਹਾ ਹੈ। ਹਰ ਮਨੁਖ ਯਤਨਸ਼ੀਲ ਹੈ ਪਰ ਅਧਿਆਤਮਕ-ਮੰਡਲ ਦਾ ਇਹ ਵਿਸ਼ਵਾਸ ਹੈ, ਕਿ ਯਤਨ ਉਹੀ ਸਫਲ ਹਨ, ਜਿਹੜੇ ਪਿਆਰ-ਨਮਿੱਤ ਕੀਤੇ ਜਾਂਦੇ ਹਨ, ਜਿਹੜੇ ਸਰਬ-ਸਾਂਝੀਵਾਲਤਾ ਵਾਸਤੇ ਕੀਤੇ ਜਾਂਦੇ ਹਨ, ਜਿਹੜੇ ਸਰਬ-ਸਾਂਝੇ 'ਧਰਮ' ਦੀ ਉਸਾਰੀ ਵਾਸਤੇ ਕੀਤੇ ਜਾਂਦੇ ਹਨ, ਜਿਹੜੇ ਪ੍ਰਭੂ-ਵਿਧਾਨ ਵਿਚ ਰਾਜ਼ੀ ਤੇ ਵਿਗਾਸ ਰਹਿ ਕੇ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੀਆਂ ਯਤਨਸ਼ੀਲ-ਜ਼ਿੰਦਗੀਆਂ ਪ੍ਰਤੀ ਹੀ 'ਪ੍ਰਭੂ' ਦਾ ਬਿਰਦ ਬੜਾ ਸੁਹਿਰਦ ਹੁੰਦਾ ਹੈ। ਵਿਰੋਧਤਾ ਦੇ ਮੰਡਲ ਵਿਚ ਵੀ ਪ੍ਰਭੂ ਦਾ ਬਿਰਦ ਤਾਂ ਸੁਹਿਰਦ ਹੁੰਦਾ ਹੈ, ਪਰ ਇਹ ਯਤਨ ਇਕ ਤਾਂ ਹੰਕਾਰੀ ਹੁੰਦਾ ਹੈ, ਦੂਜਾ ਅਪਿਆਰ-ਨਮਿੱਤ ਹੁੰਦਾ ਹੈ, ਤੀਜਾ ਨਾ ਇਸ ਵਿਚ ਸਰਬ-ਸਾਂਝੀਵਾਲਤਾ ਦਾ ਭਾਵ ਹੁੰਦਾ ਹੈ, ਨਾ ਧਰਮ-ਉਸਾਰੀ ਦਾ ਡਰ ਹੁੰਦਾ ਹੈ, ਅਤੇ ਨਾ ਹੀ ਪ੍ਰਭੂ-ਵਿਧਾਨ ਨੂੰ ਮੰਨਣ ਦੀ ਸਹਿਣ-ਸ਼ੀਲਤਾ ਹੁੰਦੀ ਹੈ। ਹੰਕਾਰ, ਅਪਿਆਰ, ਦਵੈਤ, ਅਧਰਮ ਤੇ ਅਸਹਿਣ-ਸ਼ੀਲਤਾ ਦੀ ਅਵੱਸਥਾ ਵਿਚ 'ਮਨੁਖ' ਆਤਮਕ, ਸਮਾਜਕ ਤੇ ਰਾਜਨੀਤਕ-ਹਰ ਪੱਧਰ ਵਿਚ ਉਲਾਰ ਹੁੰਦਾ ਹੈ। ਉਲਾਰ-ਜ਼ਿੰਦਗੀ ਨੂੰ ਵੀ ਪ੍ਰਭੂ ਆਪਣੇ ਬਿਰਦ-ਸੁਭਾ ਅਨੁਸਾਰ ਸੰਤੁਲਣ-ਜੀਵਨ ਪ੍ਰਦਾਨ ਕਰਨਾ ਚਾਹੁੰਦਾ ਹੈ। ਚੂੰਕਿ ਅਜਿਹੀ ਜ਼ਿੰਦਗੀ ਅਗਿਆਨ-ਭਾਰ ਹੇਠਾਂ ਦੱਬੀ ਹੋਈ ਹੁੰਦੀ ਹੈ, ਇਹ ਆਪ ਦੈਵੀ-ਕਰਤਵ ਵਲ ਯਤਨਸ਼ੀਲ ਨਹੀਂ ਹੁੰਦੀ। ਇਸ ਲਈ ਪ੍ਰਭੂ ਵੀ ਇਸ ਨੂੰ ਅਗਿਆਨਤਾ ਤੇ ਉਲਾਰਤਾ ਦੇ ਮੰਡਲ ਵਿਚ ਹੀ ਰਹਿਣ ਦਿੰਦਾ ਹੈ, ਇਸ ਨੂੰ ਹੋਰ ਅਗਿਆਨਤਾ ਤੇ ਉਲਾਰਤਾ ਪ੍ਰਦਾਨ ਕਰ ਕੇ ਦੁਖੀ ਤੇ ਅੜ੍ਹਿਪਤ ਵੇਖਦਾ ਹੈ। ਇਹ ਕੁਦਰਤ ਦਾ ਵਿਧਾਨ ਹੈ, ਕਿ ਜਦੋਂ ਕਿਸੇ ਚੀਜ਼ ਦੀ ਅਤਿ ਹੋ ਜਾਵੇ, ਤਾਂ ਮਨੁਖ-ਹਿਰਦਾ ਆਪਣੇ ਮੂਲ ਵਲ ਮੁੜਦਾ ਹੈ। 'ਸੰਸਾਰ' ਇਕ ਚੱਕਰ ਦੀ ਨਿਆਂਈ ਹੈ! ਮਨੁਖ-ਹਿਰਦਾ ਵੀ ਸੰਸਾਰ-ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਜਦੋਂ ਉਸ ਨੂੰ ਆਪਣੇ ਮੂਲ ਦਾ ਪਤਾ ਲਗਦਾ ਹੈ, ਆਪਣੇ ਆਪ ਦੀ ਪਹਿਚਾਣ ਹੁੰਦੀ ਹੈ, ਆਪਣੇ ਪੂਰਵ ਕਰਤਵਾਂ ਨੂੰ ਵਾਚਦਾ ਹੈ, ਆਪਣੇ ਮੁਖ-ਉਦੇਸ਼ ਨੂੰ ਸਮਝਦਾ ਹੈ, ਤਾਂ ਉਹ ਸੰਸਾਰ-ਚੱਕਰ ਵਿਚੋਂ ਨਿਕਲ ਕੇ, ਸਾਰੇ ਸੰਸਾਰ-ਚੱਕਰ ਨੂੰ ਪ੍ਰਭੂ-ਏਕਤਾ ਦਾ ਪਾਸਾਰਾ ਮੰਨਣ ਲਗ ਪੈਂਦਾ ਹੈ। ਚੱਕਰ ਵਿਚ ਫੱਸਣ ਨਾਲੋਂ ਪ੍ਰਭੂ-ਏਕੇ ਵਿਚ ਸਮਾਉਣ ਲਈ ਯਤਨਸ਼ੀਲ ਹੋਣ ਲਗ ਪੈਂਦਾ ਹੈ, ਸੰਸਾਰ ਉਸ ਨੂੰ ਸੁਪਨਾ ਭਾਸਣ ਲਗ ਪੈਂਦਾ ਹੈ। ਅਜਿਹੀ ਅਵੱਸਥਾ ਵਿਚ ਮਨੁਖ-ਹਿਰਦਾ ਮੁੜ ਪ੍ਰਭੂ-ਪਿਆਰ ਵਲ ਮੁੜਦਾ ਹੈ, ਪ੍ਰਭੂ-

Digitized by Panjab Digital Library | www.panjabdigilib.org

ਪਾਸਾਰੇ ਤੋਂ ਅਸਚਰਜਤਾ ਤੇ ਵਿਸਮਾਦ ਦੇ ਭਾਵ ਪ੍ਰਾਪਤ ਕਰਦਾ ਹੈ। ਜਦੋਂ ਮਨੁਖ-ਹਿਰਦਾ ਪ੍ਰਭੂ-ਪਿਆਰ ਵਿਚ ਪਰੁਚ ਜਾਂਦਾ ਹੈ, ਤਾਂ 'ਪ੍ਰਭੂ' ਆਪਣੇ ਨਿਤ ਦੇ ਸੁਭਾ ਅਨੁਸਾਰ, ਆਪਣੇ ਬਿਰਦ ਦੀ ਪੈਜ ਰਖਦਾ ਹੈ, ਆਪਣੇ ਧਰਮ ਨੂੰ ਪੂਰੀ ਤਰ੍ਹਾਂ ਨਿਬਾਹੁੰਦਾ ਹੈ, ਆਪਣੇ ਸਿਖ ਤੇ ਮੁਰੀਦ ਦੀ ਹਰ ਕੀਮਤ ਤੇ ਰਖਿਆ ਕਰਦਾ ਹੈ, ਉਸ ਨੂੰ ਹਰ ਅਉਖੀ ਘੜੀ ਤੋਂ ਸੁਰਖਿਅਤ ਕਰਦਾ ਹੈ। ਜਦੋਂ ਬਾਬਾ ਫਰੀਦ ਜੀ ਕਹਿੰਦੇ ਹਨ :—

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ। ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ। ੬੨।

ਜਾਂ

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :—

(ੳ) ਤਤੀ ਵਾਉ ਨ ਤਾ ਕਉ ਲਗੈ। ਸਿਮਰਤ ਨਾਮੁ ਅਨਦਿਨੁ ਜਾਗੈ। ਅਨਦ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ ਤਾਲਕਾ। (ਮਾਰੂ ਮ: ੫)

(ਅ) ਜਿਸ ਕਉ ਤੂੰ ਪ੍ਰਭ ਭਇਆ ਸਹਾਈ। ਤਿਸੁ ਤਤੀ ਵਾਉ ਨ ਲਗੈ ਕਾਈ।

(ਮਾਝ ਮ: ੩)

(ੲ) ਜੋ ਸਿਮਰੰਦੇ ਸਾਂਈਐ। ਨਰਕਿ ਨ ਸੇਈ ਪਾਈਐ। ਤਤੀ ਵਾਉ ਨ ਲਗਦੀ ਜਿਨ ਮਨਿ ਵੁਠਾ ਆਏ ਜੀਉ।

(ਮਾਝ ਮ: ੫)

(ਸ) ਤਤੀ ਵਾਉ ਨ ਲਗਦੀ ਸਤਿਗੁਰ ਰਖੇ ਆਪਿ। ਗੁਰੁ ਨਾਰਾਇਣੁ ਦਯੁ ਗੁਰੁ ਗੁਰੂ ਸਚਾ ਸਿਰਜਣਹਾਰੁ। ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ।

(ਗਉੜੀ ਮ: ੫)

(ਹ) ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਈ ਨ ਦੇਇ। ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ। ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ। ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।੧।

(ਸਿਰੀ ਰਾਗੁ ਮ: ੫)

(ਕ) ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਸਰਿਆ। ਚਿਤਿ ਆਵੈ ਓਸੁ ਪਾਰ ਬ੍ਰਹਮੁ ਤਾ ਨਿਮਖ ਸਿਮਰਤ ਤਰਿਆ।

(ਸਿਰੀ ਰਾਗੁ ਮ: ੩)

ਤਾਂ ਉਹ ਇਸੇ ਭਾਵ-ਪੱਖ ਦੀ ਪੂੜ੍ਹਤਾ ਹੀ ਕਰ ਰਹੇ ਹਨ, ਕਿ ਪਾਰਬ੍ਰਹਮ ਦੀ ਨਿਮਖ ਜਿੰਨੀ ਯਾਦ ਨਾਲ ਪ੍ਰਭੂ ਇੰਨਾ ਪ੍ਰਸੰਨ ਹੁੰਦਾ ਹੈ, ਕਿ ਉਹ ਆਪਣੇ ਬਿਰਦ ਦੀ ਪਾਲਣਾ ਅਨੁਸਾਰ ਮਨੁਖ ਦੇ ਮਾਇਕ-ਦੁਖ-ਰੋਗ, ਮੁਸ਼ਕਲਾਂ, ਦੁਸ਼ਮਣ ਤੇ ਨਰਕ ਦੇ ਡਰ ਸਭ ਕਟ ਦਿੰਦਾ ਹੈ। ਸਾਰੀ ਜ਼ਿੰਦਗੀ ਪ੍ਰਭੂ-ਹੁਕਮਿ ਦੀ ਕੀਤੀ ਹੋਈ ਉਲੰਘਣਾ ਵੀ ਚਿਤਿ ਵਿਚ 'ਸਾਈਂ-ਸਿਮਰੰਦ' ਨਾਲ 'ਪ੍ਰਭੂ' ਭੁਲ ਜਾਂਦਾ ਹੈ। 'ਪ੍ਰਭੂ' ਦਾ ਸਦੀਵੀ ਪੱਧਰ ਤੇ ਕਿਸੇ ਨਾਲ ਵੈਰ-ਵਿਰੋਧ ਨਹੀਂ, ਨਾ ਹੀ ਉਸ ਦਾ ਸਰੂਪ ਕੋਈ ਜ਼ਿੱਦੀ ਹੈ। 'ਪ੍ਰਭੂ' ਨਰਮ-ਦਿਲ ਹੈ, ਕੋਮਲਤਾ, ਹਮਦਰਦੀ ਤੇ ਮੁਆਫੀ ਉਸ ਦੇ ਸੁਭਾ ਦਾ ਗੁਣ-ਸਰੂਪ ਹਨ। ਉਹ ਗਰੀਬ-ਨਿਵਾਜ ਹੈ, ਸਰਨ ਆਏ ਦੀ ਤਾਂ ਉਹ ਆਪ ਮੁਸ਼ਕਲਾਂ ਸਹੇੜ ਕੇ ਵੀ ਪੈਜ ਰਖਦਾ ਹੈ। ਜਦੋਂ 'ਖਾਲਸਾ-ਪੰਥ' ਪ੍ਰਭੂ-ਸਨਮੁਖ

Digitized by Panjab Digital Library | www.panjabdigilib.org

ਕੀਤੀ ਅਰਦਾਸ ਵਿਚ 'ਬਿਰਦ ਦੀ ਪੈਜ' ਦੀ ਭਾਵਨਾ ਨੂੰ ਪ੍ਰਗਟਾਂਦਾ ਹੈ, ਇਕ ਤਾਂ ਉਹ ਪ੍ਰਭੂ-ਬਿਰਦ ਦੇ ਕਰਤਵ ਨੂੰ ਦ੍ਰਿਸ਼ਟੀ ਗੋਚਰ ਰਖਦਾ ਹੈ, ਕਿ ਉਸ ਦਾ ਸੁਭਾ ਸਭ ਨੂੰ ਪਿਆਰ ਕਰਨ ਵਾਲਾ ਹੈ, ਦੂਜਾ ਉਹ ਸਰਬ-ਸੰਸਾਰ ਨੂੰ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ, ਤੀਜਾ ਜਿਹੜਾ ਉਸਦੀ ਸ਼ਰਨ ਵਿਚ ਆ ਜਾਵੇ, ਉਹ ਉਸ ਦੀ ਪੈਜ-ਇਜ਼ਤ ਰਖਦਾ ਹੈ, ਚੌਥਾ ਸੀਮਾ, ਸ਼ਕਤੀ ਤੇ ਸਹੇਣੀ-ਵੰਡ ਤੋਂ ਮੁਕਤ ਹੋ ਕੇ ਉਹ ਆਪਣੇ ਧਰਮ ਦੀ ਪਾਲਣਾ ਕਰਦਾ ਹੈ, ਪੰਜਵਾਂ ਉਹ ਵੈਰ-ਵਿਰੋਧ ਤੋਂ ਆਜ਼ਾਦ ਹੋ ਕੇ ਜ਼ਿੰਦਗੀ ਜੀਉਣ ਦੀ ਪਰੇਰਨਾ ਦੇ ਰਿਹਾ ਹੁੰਦਾ ਹੈ। 'ਬਿਰਦ ਕੀ ਪੈਜ' ਆਦਰਸ਼ ਨੂੰ ਨਿਬਾਹੁਣ ਵਾਸਤੇ ਪਹਿਲਾਂ ਪ੍ਰਭੂ-ਆਦਰਸ਼ ਉਤੇ ਆਪਣੇ ਆਪ ਨੂੰ ਢਾਲਣਾ ਪਵੇਗਾ। ਕਿਉਂਕਿ 'ਪ੍ਰਭੂ' ਉਹਨਾਂ ਦੀ ਹੀ ਪੈਜ ਰਖਦਾ ਹੈ, ਜਿਹੜੇ ਆਪਣੇ ਆਪ ਨੂੰ ਸਿਖ, ਮੁਰੀਦ, ਜਨ, ਦਾਸ ਤੇ ਸੇਵਕ-ਯੋਗ ਬਣਾ ਲੈਂਦੇ ਹਨ। 'ਬਿਰਦ ਕੀ ਪੈਜ' ਰਖਣ ਦਾ ਇਕ ਬੇਨਤੀ-ਭਾਵ ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਦੀ ਇੱਜ਼ਤ ਰਖਣ ਦਾ ਵੀ ਹੈ।

'ਸਿਖ, ਮੁਰੀਦ, ਜਨ, ਦਾਸ ਤੇ ਸੇਵਕ', ਇਹ ਸਾਰੇ ਹੀ ਭਗਤੀ-ਖੇਤਰ ਦੇ ਵਿਸ਼ੇਸ਼ ਅਤੇ ਸਤਿਕਾਰ-ਯੋਗ ਪੁਰਸ਼ ਹਨ। ਇਹ 'ਪੁਰਸ਼' ਆਤਮਕ ਤੌਰ ਤੇ ਸੱਚੀ ਤੇ ਸੁੱਚੀ ਜ਼ਿੰਦਗੀ ਜੀਉਂਦੇ ਹਨ। ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਆਤਮਕ-ਅਵੱਸਥਾ ਵਿਚ ਜੀਉਂਦੇ ਹਨ। ਆਤਮਕ-ਅਵੱਸਥਾ ਵਿਚ ਨਾ ਕੋਈ ਸੀਮਾ ਦਾ ਝਗੜਾ ਹੁੰਦਾ ਹੈ, ਅਤੇ ਨਾ ਹੀ ਸ਼ਕਤੀ ਤੇ ਸ਼ਰੇਣੀ-ਵੰਡ ਦਾ। ਆਤਮਕ-ਅਵੱਸਥਾ ਵਿਚ ਤਾਂ ਸਾਰੇ ਇਕ ਸਮਾਨਤਾ ਦੀ ਜ਼ਿੰਦਗੀ ਜੀਉਂਦੇ ਹਨ। 'ਪ੍ਰਭੂ' ਹੀ ਉਹਨਾਂ ਵਾਸਤੇ ਸਰਬ-ਸ਼ਕਤੀ ਹੁੰਦੀ ਹੈ, ਤੇ ਇਸ ਦੀ ਪ੍ਰਾਪਤੀ ਹੀ ਉਹਨਾਂ ਦਾ ਪਰਮ-ਉਦੇਸ਼ ਹੁੰਦਾ ਹੈ। ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਸਾਰੇ ਹੀ ਆਤਮਕ-ਮਾਰਗ ਦੇ ਪੰਥੀ ਹਨ। ਇਹਨਾਂ ਵਿਚ ਹਰ ਦ੍ਰਿਸ਼ਟੀਕੋਣ ਤੋਂ ਪੰਥਕ ਸਾਂਝ ਹੁੰਦੀ ਹੈ। 'ਪੰਥਕ' ਸਾਂਝ ਬਣਾਈ ਰਖਣਾ ਹੀ ਇਹਨਾਂ ਦੀ ਜ਼ਿੰਦਗੀ ਦਾ ਮੁਖ ਕਰਤਵ ਹੈ। ਪੰਥਕ-ਸਾਂਝ ਨੂੰ ਸਥਿਰ ਰਖਣ ਵਾਸਤੇ ਪਹਿਲਾਂ ਇਹ ਵਿਅਕਤੀਗਤ ਪੱਧਰ ਤੇ ਆਪਣੀ ਆਤਮਾ ਨੂੰ ਸਾਧਦੇ ਹਨ। ਆਤਮਾ ਨੂੰ ਸਾਧਨ ਦਾ ਭਾਵ ਹੈ ਕਿ ਮਨ, ਬਚਨ ਤੇ ਕਰਮ ਦੇ ਖੇਤਰ ਵਿਚ ਆਚਰਣ ਤੇ ਅਮਲ ਦੀ ਇਕਸਾਰਤਾ ਪੈਦਾ ਕਰਨੀ ਹੈ। ਆਚਰਣ ਅਤੇ ਅਮਲ ਵਿਚ 'ਆਤਮਕ-ਸਾਂਝ' ਪ੍ਰਭੂ-ਭਗਤੀ ਦੁਆਰਾ ਹੀ ਆਉਂਦੀ ਹੈ। ਪ੍ਰਭੂ-ਭਗਤੀ ਦਾ ਭਾਵ ਹੈ, ਆਪਣੇ ਆਪੇ ਨੂੰ ਪ੍ਰਭੂ-ਆਪੇ ਜਿੰਨਾ ਵਿਸ਼ਾਲ ਕਰ ਲਿਆ ਜਾਏ, ਆਪਣੇ ਆਪ ਨੂੰ 'ਪ੍ਰਭੂ' ਵਰਗਾ ਸ਼ੁਧ ਬਣਾ ਲਿਆ ਜਾਏ। ਪ੍ਰਭੂ ਦਾ ਸੁਭਾ, ਵਿਹਾਰ ਤੇ ਜੋ ਸਰੂਪ ਹੈ, ਆਪਣੇ ਆਪ ਨੂੰ ਉਸੇ ਤਰ੍ਹਾਂ ਦਾ ਆਚਰਣ ਅਤੇ ਅਮਲੀ ਪਧਰ ਤੇ ਨਿਰਮਾਣ ਲਿਆ ਜਾਏ। ਇਸ ਤਰ੍ਹਾਂ ਦਾ ਸ਼ੁਧ, ਆਚਰਣ-ਵਾਦੀ ਤੇ ਅਮਲੀ ਵਿਅਕਤੀ ਹੀ ਸਹੀ ਅਰਥਾਂ ਵਿਚ ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਅਖਵਾ ਸਕਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਦਾ ਜੀਵਨ-ਸੰਕਲਪ ਕੁਝ ਇਸੇ ਤਰ੍ਹਾਂ ਦਾ ਹੀ ਮੂਰਤੀਮਾਨ ਕੀਤਾ ਗਿਆ ਹੈ।

'ਸਿਖ' ਦਾ ਜੀਵਨ ਸੰਕਲਪ

(ੳ) ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ। ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ। (ਆਸਾ ਮ: ੪)

Digitized by Panjab Digital Library | www.panjabdigilib.org

(ਅ) ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ਹਿਰਦੈ ਬਿਗਸੈ ਦੇਖੈ ਮਾਇ । ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ।

(ਗਉੜੀ ਗੁਆਰੇਰੀ ਮ: ੪)

(ਏ) ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ । ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ।

(ਸਲੋਕ ਮ: ੪)

(ਸ) ਗੁਰਸਿਖ ਮੀਤ ਚਲਹੁ ਗੁਰ ਚਾਲੀ । ਜੋ ਗੁਰੁ ਕਰੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ।

(ਧਨਾਸਰੀ ਮ: ੪)

(ਹ) ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ । ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ । ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ । ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆਂ ਹਰਿ ਨਾਮੁ ਧਿਆਵੈ । ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ । ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖੁ ਗੁਰੂ ਉਪਦੇਸੁ ਸੁਣਾਵੈ । ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਾ ਨਾਮੁ ਜਪਾਵੈ ।

(ਮ: ੪)

'ਮੁਰੀਦ' ਦਾ ਜੀਵਨ-ਸੰਕਲਪ

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ । ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ । ਗੋਲਾ ਮੁਲ ਖਰੀਦ ਕਾਰੇ ਜੋਵਣਾ । ਨਾ ਤਿਸ ਭੁਖ ਨ ਨੀਦ ਨ ਖਾਣਾ ਸੋਵਣਾ ।

(ਭਾਈ ਗੁਰਦਾਸ, ਵਾਰ ਤੀਜੀ, ਪਉੜੀ ੧੮)

'ਜਨ' ਦਾ ਜੀਵਨ-ਸੰਕਲਪ

(ੳ) ਪ੍ਰਭ ਕੀ ਅਕਥ ਕਹਾਣੀ । 'ਜਨ' ਬੋਲਹਿ ਅੰਮ੍ਰਿਤ ਬਾਣੀ । ਨਾਨਕ ਦਾਸ ਵਖਾਣੀ । ਗੁਰ ਪੂਰੇ ਤੇ ਜਾਣੀ ।

(ਸੋਰਠਿ ਮ: ੫)

(ਅ) ਜੋ 'ਜਨ' ਧਿਆਵਹਿ ਹਰਿ ਹਰਿ ਨਾਮਾ । ਤਿਨ ਦਾਸਨਿ ਦਾਸ ਕਰਹੁ ਹਮ ਰਾਮਾ । 'ਜਨ' ਕੀ ਸੇਵਾ ਊਤਮ ਕਾਮਾ । ਜੋ ਹਰਿ ਕੀ ਹਰਿ ਕਥਾ ਸੁਣਾਵੈ । ਜੋ ਜਨੁ ਹਮਰੈ ਮਨਿ ਚਿਤਿ ਆਵੈ । ਜਨ ਪਗਰੇਣੁ ਵਡਭਾਗੀ ਪਾਵੈ ।

(ਗਉੜੀ ਗੁਆਰੇਰੀ ਮ: ੪)

'ਦਾਸ' ਦਾ ਜੀਵਨ-ਸੰਕਲਪ

(ੳ) ਜੀਵਨ ਪਦਵੀ ਹਰਿ ਕੇ ਦਾਸ । ਜਿਨ ਮਿਲਿਆ ਆਤਮ ਪਰਗਾਸੁ ।

(ਗਉੜੀ ਮ: ੫)

Digitized by Panjab Digital Library | www.panjabdigilib.org

(ਅ) ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ। ਨਾਨਕ ਦਾਸ ਤੇਰੀ ਸਰਣਾਈ।

(ਏ) ਐਸਾ ਰਾਮੁ ਦੀਨ ਦੁਨੀ ਸਹਾਈ। ਦਾਸ ਕੀ ਪੈਜ ਰਖੈ ਮੇਰੇ ਭਾਈ।

(ਗਉੜੀ ਮ: ੫)

(ਸ) ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ । ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ।

'ਸੇਵਕ' ਦਾ ਜੀਵਨ-ਸੰਕਲਪ

(ਓ) ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ। ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।

(ਧਨਾਸਰੀ ਮ: ੪)

(ਅ) ਸੇਵਕ ਸਚੇ ਸਾਹ ਕੇ ਸੇਈ ਪਰਵਾਣੁ। ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ।

(ਸਲੋਕ ਮ: ੫)

(ਏ) ਠਾਕੁਰ ਕਾ ਸੇਵਕੁ ਆਗਿਆਕਾਰੀ । ਠਾਕੁਰ ਦਾ ਸੇਵਕੁ ਸਦਾ ਪੁਜਾਰੀ। ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ । ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ। ਠਾਕੁਰ ਕਉ ਸੇਵਕ ਜਾਨੈ ਸੰਗਿ । ਪ੍ਰਭੁ ਕਾ ਸੇਵਕ ਨਾਮ ਕੈ ਰੰਗਿ । ਸੇਵਕ ਕਉ ਪ੍ਰਭੁ ਪਾਲਣ ਹਾਰਾ। ਸੇਵਕ ਕੀ ਰਾਖੈ ਨਿਰੰਕਾਰਾ । ਸੋ ਸੇਵਕ ਜਿਸੁ ਹਇਆ ਪ੍ਰਭੁ ਧਾਰੈ । ਨਾਨਕ ਸੋ ਸੇਵਕੁ ਸਾਧਿ ਸਾਧਿ ਸਮਾਰੈ।

(ਗਉੜੀ ਮ: ੫)

'ਸਿਖ, ਮੁਰੀਦ, ਜਨ, ਦਾਸ ਤੇ ਸੇਵਕ' ਦੀ ਅਮਲੀ ਰਹਿਣੀ ਤੇ ਵਿਹਾਰਕ ਪੱਧਰ ਦੇ ਕਰਤਵ ਇਕੋ ਜਿਹੇ ਹਨ। ਅਰਥਾਤ ਨਾਮ-ਸਿਮਰਨ, ਪ੍ਰਭੂ ਨਾਲ ਪਿਆਰ ਕਰਨਾ, ਪ੍ਰਭੂ-ਭਾਣਾ ਸਵੀਕਾਰ ਕਰਨਾ, ਗੁਰੂ-ਹੁਕਮ ਮੰਨਣਾ, ਗੁਰੂ-ਅਨੁਸਾਰ ਵਿਚਰਨਾ, ਅੰਮ੍ਰਿਤ ਵੇਲੇ ਉਠਣਾ, ਅੰਮ੍ਰਿਤਸਰ ਵਿਚ ਇਸਨਾਨ ਕਰਨਾ, ਉਦਮ ਕਰਨਾ, ਗਰਬਾਣੀ ਦਾ ਗਾਇਨ ਕਰਨਾ, ਸਵਾਸ-ਸਵਾਸ ਪ੍ਰਭੂ-ਚਿਤਾਰਨਾ, ਸਬਰ ਤੇ ਸਿਦਕ ਵਿਚ ਰਹਿਣਾ, ਭਰਮ ਤੇ ਡਰ ਤੋਂ ਮੁਕਤ ਹੋ ਜਾਣਾ, ਭੁਖ-ਨੀਂਦ ਦੀ ਵੀ ਪ੍ਰਵਾਹ ਨਾ ਕਰਨਾ, ਅੰਮ੍ਰਿਤਮਈ ਬਾਣੀ ਬੋਲਣਾ, ਸੇਵਾ ਕਰਨਾ, ਸੰਤਾਂ ਦੀ ਪੈਰਾਂ ਦੀ ਰੇਣ ਬਣ ਕੇ ਰਹਿਣਾ ਅਰਥਾਤ ਨਿੰਮ੍ਰਤਾ ਰਖਣਾ, ਪ੍ਰਭੂ-ਆਗਿਆ ਨੂੰ ਸਤਿ ਸਤਿ ਕਰ ਮੰਨਣਾ, ਦ੍ਰਿੜ੍ਹ ਵਿਸ਼ਵਾਸ ਧਾਰਨ ਕਰਨਾ, ਪ੍ਰਭੂ ਦੀ ਨਿਰਮਲ ਰੀਤੀ ਨੂੰ ਅਪਣਾਉਣਾ ਇਹ ਆਤਮਕ ਪੱਧਰ ਦੇ ਕਰਤਵ ਹੀ ਹਨ। ਜਿਨ੍ਹਾਂ ਨੂੰ ਆਚਰਣ ਅਤੇ ਅਮਲ ਦਾ ਹਿੱਸਾ ਬਣਾ ਕੇ, ਕੋਈ ਮਨੁਖ ਪ੍ਰਭੂ ਦੀ ਬਖਸ਼ਿਸ਼ ਪ੍ਰਾਪਤ ਕਰਨ ਯੋਗ ਹੋ ਜਾਂਦਾ ਹੈ। ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਇਹ ਪ੍ਰਭੂ-ਦਰਬਾਰ ਵਿਚ ਪ੍ਰਵਾਨ ਚੜ੍ਹ ਚੁਕੀਆਂ ਸ਼ਖਸੀਅਤਾਂ ਵੀ ਹਨ। ਇਸ ਤਰ੍ਹਾਂ ਦੀਆਂ ਸ਼ਖਸੀਅਤਾਂ ਦੀ ਤਾਂ ਪ੍ਰਭੂ ਸਦਾ ਤੋਂ ਪੈਜ ਰਖਦਾ ਆ ਰਿਹਾ ਹੈ। ਇਹਨਾਂ ਨੂੰ

Digitized by Panjab Digital Library | www.panjabdigilib.org

ਪ੍ਰਭੂ-ਭਗਤ ਸ਼ਖਸੀਅਤਾਂ ਵੀ ਕਹਿਣਾ ਚਾਹੀਦਾ ਹੈ, ਤੇ ਭਗਤ-ਸ਼ਖਸੀਅਤਾਂ ਦੀ ਤਾਂ ਪ੍ਰਮਾਤਮਾ ਆਪਣੇ ਬਿਰਦ ਅਨੁਸਾਰ ਜੁਗਾਂ ਜੁਗਾਂ ਤੋਂ ਪਤਿ-ਇੱਜ਼ਤ ਰਖੀ ਆ ਰਿਹਾ ਹੈ । ਜਦੋਂ ਗੁਰੂ ਰਾਮਦਾਸ ਜੀ ਕਹਿੰਦੇ ਹਨ :—

ਹਰ ਜੁਗੁ ਜੁਗੁ ਭਗਤ ਉਪਾਇਆ ॥ ਪੈਜ ਰਖਦਾ ਆਇਆ ਰਾਮ ਰਾਜੇ ॥

(ਆਸਾ ਮ: ੪)

ਤਾਂ ਉਹ ਇਸੇ ਮਤ ਦੀ ਹੀ ਸਾਖੀ ਭਰ ਰਹੇ ਹਨ, ਕਿ 'ਪ੍ਰਭੂ-ਹਰਿ' ਹਰ ਯੁਗ ਵਿਚ ਪੈਦਾ ਹੋਏ ਭਗਤ ਦੀ ਪੈਜ ਰਖਦਾ ਆਇਆ ਹੈ । ਅਸਲ ਵਿਚ ਸਿਖ, ਮੁਰੀਦ, ਜਨ, ਦਾਸ, ਸੇਵਕ ਤੇ ਭਗਤ-ਲੋਕਾਂ ਦੀ ਪੈਜ ਰਖਣੀ, ਪ੍ਰਭੂ ਦੇ ਬਿਰਦ ਦਾ ਕਰਤਵ ਬਣ ਚੁਕਾ ਹੈ । ਇਹ ਉਸ ਦਾ ਸੁਭਾ ਬਣ ਚੁਕਿਆ ਹੈ, ਕਿ ਉਸ ਨੇ ਸ਼ਰਣ ਆਏ ਦੀ ਪੈਜ ਰਖਣੀ ਹੈ । ਸ਼ਰਣ ਪਏ ਹੋਏ ਦੇ ਪੂਰਵਲੇ ਗੁਣ-ਔਗੁਣ ਨੂੰ ਪ੍ਰਭੂ-ਚਿਤਾਰਦਾ ਨਹੀਂ, ਬਲਕਿ ਗੁਣ-ਔਗੁਣ ਦੀ ਵੀਚਾਰ ਨੂੰ ਅਖੋਂ ਉਹਲੇ ਰਖਦਾ ਹੈ । ਸੁਹਿਰਦ ਪੱਧਰ ਤੇ ਸਰਣ ਪੈਣਾ ਹੀ ਪ੍ਰਭੂ-ਦਰਬਾਰ ਦੀ ਵੱਡੀ ਪ੍ਰਸੰਨਤਾ ਹੈ । ਅਜਿਹੀ ਅਵੱਸਥਾ ਵਿਚ ਤਾਂ ਪ੍ਰਭੂ ਆਪਣੇ ਬਿਰਦ ਨੂੰ ਪੂਰੀ ਤਰ੍ਹਾਂ ਸਮਾਰਦਾ ਹੈ, ਹਰ ਖੇਤਰ ਵਿਚ ਸਰਨ ਪਏ ਦੀ ਲਾਜ ਨੂੰ ਰਖਦਾ ਹੈ । ਗੁਰੂ ਅਰਜਨ ਦੇਵ ਜੀ ਇਸੇ ਵਿਸ਼ਵਾਸ ਦਾ ਇਸ ਤਰ੍ਹਾਂ ਪ੍ਰਗਟਾਵਾ ਕਰਦੇ ਹਨ :-

ਪ੍ਰਭਿ ਅਪਨਾ ਬਿਰਦੁ ਸਮਾਰਿਆ, ਹਮਰਾ ਗੁਣੁ ਅਵਗੁਨ ਨ ਬੀਚਾਰਿਆ ।
ਗੁਰ ਕਾ ਸਬਦੁ ਭਇਆ ਸਾਖੀ, ਤਿਨਿ ਸਗਲੀ ਲਾਜ ਰਾਖੀ ।

(ਸੋਰਠਿ ਮ: ੫)

'ਪੈਜ' ਦਾ ਭਾਵ-ਅਰਥ ਇੱਜ਼ਤ ਹੈ । 'ਇਜ਼ੱਤ' ਹਮੇਸ਼ਾਂ ਦੋ ਭਾਂਤੀ ਹੁੰਦੀ ਹੈ । ਕਿਉਂਕਿ ਆਤਮਕ ਪੱਧਰ ਤੇ 'ਲੋਕ' ਦੋ ਸਵੀਕਾਰ ਕਰ ਲਏ ਗਏ ਹਨ । ਇਕ ਲੋਕ ਤੇ ਦੂਜਾ ਪ੍ਰਲੋਕ । ਲੋਕ ਦਾ ਭਾਵ, ਇਹ ਡਿੱਠ ਸ੍ਰਿਸ਼ਟੀ-ਆਕਾਰ ਹੈ, ਜਿਥੇ ਮਨੁਖਤਾ ਵਸਦੀ ਹੈ । ਮਨੁਖ ਇਸ ਲੋਕ ਵਿਚ ਵੀ ਇੱਜ਼ਤਦਾਰ ਬਣ ਕੇ ਰਹਿਣਾ ਚਾਹੁੰਦਾ ਹੈ, ਆਪਣੀ ਇੱਜ਼ਤ ਦੀ ਚਿੱਟੀ ਚਾਦਰ ਨੂੰ ਦਾਗ ਲੱਗਣ ਤੋਂ ਬਚਾਂਦਾ ਰਹਿੰਦਾ ਹੈ । ਪਰ ਆਤਮਕ-ਪੰਥ ਦੇ ਪਾਂਧੀ ਇਸ ਲੋਕ ਤੋਂ ਤਾਂ ਬੇਪਰਵਾਹ ਹੁੰਦੇ ਹਨ, ਪਰ ਪਰਲੋਕ ਵਿਚ ਆਪਣੀ ਪਤਿ-ਇੱਜ਼ਤ ਨੂੰ ਜ਼ਰੂਰ ਕਾਇਮ ਰਖਣਾ ਚਾਹੁੰਦੇ ਹਨ । ਨਾਲੇ ਉਹਨਾਂ ਦਾ ਵਿਸ਼ਵਾਸ ਹੁੰਦਾ ਹੈ, ਕਿ ਜੇ 'ਪ੍ਰਭੂ' ਖੁਸ਼ ਹੈ, ਤਾਂ ਇਹ ਲੋਕ ਵੀ ਖੁਸ਼ ਹੈ । ਕਿਉਂਕਿ ਪ੍ਰਭੂ ਨੇ ਹੀ ਇਸ ਲੋਕ ਦਾ ਸੰਕਲਪ ਘੜਿਆ ਹੈ । ਪ੍ਰਭੂ-ਲੋਕ ਵਿਚ ਪ੍ਰਵਾਨ ਵਿਅਕਤੀ ਮਨੁਖ-ਲੋਕ ਵਿਚ ਵੀ ਪ੍ਰਵਾਨ ਚੜ੍ਹ ਜਾਂਦਾ ਹੈ । ਭਾਰਤੀ ਮਨੁਖ ਆਦਿ ਕਾਲ ਤੋਂ ਇਸ ਲਈ ਪ੍ਰਭੂ-ਲੋਕ ਦੇ ਡਰ ਅਧੀਨ ਹੀ ਜੀਉਂਦਾ ਆ ਰਿਹਾ ਹੈ, ਉਹ ਪ੍ਰਭੂ-ਸਨਮੁਖ ਸੱਚਾ ਹੋਣਾ ਚਾਹੁੰਦਾ ਹੈ, ਪ੍ਰਭੂ-ਦਰਬਾਰ ਵਿਚ ਇੱਜ਼ਤਦਾਰ ਬਣਨਾ ਚਾਹੁੰਦਾ ਹੈ । ਉਸ ਨੂੰ ਇਹ ਪਤਾ ਵੀ ਹੈ, ਕਿ ਪ੍ਰਭੂ-ਦਰਬਾਰ ਵਿਚ ਪ੍ਰਭੂ-ਨਦਰਿ ਬਿਨਾਂ ਇੱਜ਼ਤ-ਪਤਿ ਕਾਇਮ ਨਹੀਂ ਰਹਿ ਸਕਦੀ । ਇਸੇ ਲਈ ਪ੍ਰਭੂ-ਦਰਬਾਰ ਵਿਚ ਪੈਜ ਰੱਖਣ ਵਾਸਤੇ ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਬੇਨਤੀਆਂ ਕਰਦਾ ਹੈ, ਅਰਦਾਸਾਂ ਕਰਦਾ ਹੈ, ਨਦਰਿ ਦੀ ਪ੍ਰਪਤੀ ਮੰਗਦਾ ਹੈ । ਸੁਹਿਰਦ ਪੱਧਰ ਤੇ ਕੀਤੀ ਹੋਈ ਅਰਦਾਸ ਹੀ ਪ੍ਰਭੂ-ਦਰਬਾਰ ਵਿਚ ਪ੍ਰਵਾਨ ਚੜ੍ਹ ਸਕਦੀ ਹੈ, ਅਰਦਾਸ ਦੁਆਰਾ ਹੀ ਪ੍ਰਭੂ-ਨਾਮ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ, ਅਰਦਾਸ ਦੁਆਰਾ ਹੀ 'ਪ੍ਰਭੂ' ਅਉਖੀ ਘੜੀ ਤੋਂ ਬਚਾ ਸਕਦਾ ਹੈ । ਨਦਰਿ-ਪ੍ਰਾਪਤੀ ਨਾਲ

Digitized by Panjab Digital Library | www.panjabdigilib.org

ਹੀ ਸਾਸ ਸਾਸ 'ਪ੍ਰਭੂ' ਸਿਮਰਿਆ ਜਾ ਸਕਦਾ ਹੈ। ਬੇਨਤੀ ਅਤੇ ਨਦਰਿ ਦੀ ਅਜਿਹੀ ਸੁਹਿਰਦ ਅਵੱਸਥਾ ਵਿਚ ਹੀ ਪ੍ਰਭੂ ਆਪਣੇ ਬਿਰਦ ਦੀ ਪਾਲਣਾ ਕਰਦਾ ਹੈ। 'ਗੁਰਬਾਣੀ' ਦਾ ਇਹ ਵਿਸ਼ਵਾਸ ਹੈ, ਕਿ ਸਿਖ, ਮੁਰੀਦ, ਜਨ, ਦਾਸ ਤੇ ਸੇਵਕ ਬਣ ਕੇ ਕੀਤੀ ਹੋਈ ਅਰਦਾਸ-ਬੇਨਤੀ ਕਦੀ ਨਿਸਫਲ ਨਹੀਂ ਜਾਂਦੀ। 'ਅਰਦਾਸ' ਦੁਆਰਾ 'ਪ੍ਰਭੂ' ਪਾਸੋਂ ਮੰਗਿਆ ਵਰਦਾਨ ਨਿਸਚੇ ਹੀ ਪੂਰਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਹੇਠਲਾ ਸ਼ਬਦ 'ਅਰਦਾਸ' ਪ੍ਰਤੀ ਉਹਨਾਂ ਦੇ ਦ੍ਰਿੜ੍ਹ ਨਿਸਚੇ ਦਾ ਹੀ ਲਖਾਇਕ ਹੈ :- ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ। ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ। ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ। ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ। ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ। (ਧਨਾਸਰੀ ਮ: ੫)

'ਰਾਮਕਲੀ ਸੱਦ' ਵਿਚ ਵੀ 'ਅਰਦਾਸ' ਦੁਆਰਾ ਹੀ ਪੈਜ ਰੱਖਣ ਦਾ ਭਾਵ ਪ੍ਰਗਟਾਇਆ ਗਿਆ ਹੈ :-

ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ। ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮ ਨਿਰੰਜਨੋ। (ਸੁੰਦਰ ਜੀ)

ਗੁਰੂ ਅਰਜਨ ਦੇਵ ਜੀ ਤਾਂ ਬਿਰਦ-ਪਾਲਕ ਪ੍ਰਭੂ ਦਾ ਵਿਸ਼ਵਾਸ ਦਿਵਾਂਦੇ ਹਨ, ਕਿ ਉਹ ਆਪਣਾ ਬਿਰਦ-ਪਾਲਦਾ ਹੈ, ਉਹ ਆਪਣੇ ਬਿਰਦ ਤੋਂ ਕਦੀ ਵੀ ਹੁਟਿਆ ਨਹੀਂ :-

ਅਪਨਾ ਬਿਰਦੁ ਰਖਿਆ ਪਰਮੇਸਰਿ। ਨਾਨਕ ਨਾਮੁ ਧਿਆਇਆ। (ਸੂਹੀ ਮ: ੫)

'ਬਿਰਦ ਕੀ ਪੈਜ' ਸਿਖ ਧਰਮ ਦਾ ਬੇਨਤੀ-ਬੋਲ ਹੈ। 'ਸਿਖ ਧਰਮ' ਬੇਨਤੀ ਦੀ ਜ਼ਿੰਦਗੀ ਜੀਉਂਦਾ ਹੈ, ਉਹ ਸਦਾ ਪ੍ਰਭੂ-ਸਨਮੁਖ ਨਿਤ ਬੇਨਤੀ ਦੁਆਰਾ ਆਪਣੇ ਮਨ-ਹਿਰਦੇ ਨੂੰ ਖੋਲ੍ਹਦਾ ਹੈ। ਬੇਨਤੀ-ਅਰਦਾਸ ਵਿਚ ਆਪਣੇ ਹਿਰਦੇ ਨੂੰ ਨੰਗਾ ਕਰਨਾ ਹੁੰਦਾ ਹੈ। ਬਨਾਵਟ ਧੋਖਾ, ਫਰੇਬ ਤੇ ਠੱਗੀ-ਰੁਚੀਆਂ ਨੂੰ ਤਿਆਗ ਕੇ ਖਾਲਸਾ-ਪੰਥ ਆਪਣੇ ਆਪ ਨੂੰ ਸ਼ੁਧ-ਸਰੂਪ ਵਿਚ ਸਥਿਤ ਰਹਿਣ ਦੀ ਮੰਗ ਕਰਦਾ ਹੈ। 'ਸ਼ੁਧ-ਸਰੂਪ' ਵਿਚ ਵੱਸਣ ਵਾਲੀ ਸ਼ਖਸੀਅਤ ਦੀ ਬੇਨਤੀ-ਅਰਦਾਸ ਨਿੰਮ੍ਰਤਾ ਤੇ ਸੁਹਿਰਦਤਾ ਨਾਲ ਭਰਪੂਰ ਹੁੰਦੀ ਹੈ। ਜਦੋਂ 'ਖਾਲਸਾ ਪੰਥ' ਅਰਦਾਸ ਦੁਆਰਾ 'ਬਿਰਦ ਕੀ ਪੈਜ' ਦਾ ਬੋਲ ਦੁਹਰਾਂਦਾ ਹੈ, ਤਾਂ ਉਹ ਆਪਣੇ ਹਿਰਦੇ ਦੀ ਨਿੰਮ੍ਰਤਾ ਤੇ ਸੁਹਿਰਦਤਾ ਦਾ ਵਿਖਾਵਾ ਵੀ ਕਰ ਰਿਹਾ ਹੁੰਦਾ ਹੈ। ਨਿੰਮ੍ਰਤਾ ਤੇ ਸੁਹਿਰਦਤਾ ਦੀ ਰਹਿਣੀ ਵਿਚ ਹੀ 'ਪ੍ਰਭੂ' ਆਪਣੇ ਬਿਰਦ ਨੂੰ ਨਿਬਾਹੁੰਦਾ ਹੈ, ਮਨੁੱਖਤਾ ਦੀ ਪੈਜ ਰਖਦਾ ਹੈ। 'ਬਿਰਦ ਦੀ ਪੈਜ' ਬੋਲ ਵੀ ਮਨੋਵਿਗਿਆਨਕ ਪੱਧਰ ਤੇ ਮਨੁੱਖਤਾ ਨੂੰ ਬੇਨਤੀ, ਨਿੰਮ੍ਰਤਾ ਤੇ ਸੁਹਿਰਦਤਾ ਦੀ ਜੀਵਨ-ਜਾਚ ਹੀ ਸਿਖਾਂਦਾ ਹੈ। ਦਸ ਗੁਰੂ ਸ਼ਖਸੀਅਤਾਂ ਦੀ ਤਾਂ ਸਾਰੀ ਜ਼ਿੰਦਗੀ ਬੇਨਤੀ, ਨਿੰਮ੍ਰਤਾ ਤੇ ਸੁਹਿਰਦ-ਕਰਤਵਾਂ ਨਾਲ ਹੀ ਭਰੀ ਹੋਈ ਜ਼ਿੰਦਗੀ ਹੈ। 'ਸ੍ਰੀ ਗੁਰੂ ਗਰੰਥ ਸਾਹਿਬ' ਦੀ ਕਾਵਿ-ਬਾਣੀ ਵੀ ਬੇਨਤੀ, ਨਿੰਮ੍ਰਤਾ ਤੇ ਸੁਹਿਰਦਤਾ ਦੀ ਜ਼ਿੰਦਗੀ ਸਿਰਜਣ ਵਲ ਹੀ ਪਰੇਰਨਾ ਤੇ ਸਿਖਿਆ ਦਿੰਦੀ ਹੈ।

'ਬਿਰਦ ਕੀ ਪੈਜ' ਖਾਲਸਾ-ਪੰਥ ਦੀ ਬੇਨਤੀ ਵੀ ਹੈ, ਤੇ ਖਾਲਸਾ-ਪੰਥ ਦੀ ਨਿੰਮ੍ਰਤਾ ਤੇ ਸੁਹਿਰਦਤਾ ਦੀ ਜੀਵਨ-ਜਾਚ ਦਾ ਪ੍ਰਤੱਖ ਪ੍ਰਗਟਾਵਾ ਵੀ ਹੈ।

Digitized by Panjab Digital Library | www.panjabdigilib.org

ਪੰਥ ਕੀ ਜੀਤ

'ਪੰਥ' ਦਾ ਭਾਵ ਹੈ, 'ਪ੍ਰਭੂ-ਮਾਰਗ।' 'ਪ੍ਰਭੂ-ਮਾਰਗ' ਤੇ ਟੁਰਨ ਵਾਲਿਆਂ ਦੀ ਸਮੂਹਕ ਜਮਾਤ ਨੂੰ ਵੀ 'ਪੰਥ' ਹੀ ਆਖਿਆ ਜਾਂਦਾ ਹੈ। ਪੰਥ ਦਾ ਪਾਂਧੀ ਜ਼ਾਤੀ ਪੱਧਰ ਤੇ ਪੰਥ-ਅਨੁਸਾਰੀ ਅਖਵਾਉਂਦਾ ਹੈ ਤੇ ਪੰਥ ਦੇ ਪਾਂਧੀ ਜਮਾਤੀ ਪੱਧਰ ਤੇ 'ਪੰਥ' ਅਖਵਾਉਂਦੇ ਹਨ। ਜ਼ਾਤੀ ਤੇ ਜਮਾਤੀ ਪੱਧਰ ਤੇ 'ਪੰਥ' ਦੇ ਦੋ ਪੱਖ ਹਨ। 'ਪੰਥ' ਜ਼ਾਤੀ ਪੱਧਰ ਉਤੇ ਪ੍ਰਭੂ-ਮਿਲਾਪ ਦਾ ਪ੍ਰਤੀਕ ਹੈ—'ਮਨੁਖ' ਪ੍ਰਭੂ-ਪੰਥ ਦਾ ਪਾਂਧੀ ਬਣ ਕੇ ਪ੍ਰਭੂ ਨਾਲ ਆਤਮਕ-ਸੰਜੋਗ ਪ੍ਰਾਪਤ ਕਰ ਲੈਂਦਾ ਹੈ, ਤੇ 'ਪੰਥ' ਜਮਾਤੀ ਪੱਧਰ ਉਤੇ ਪ੍ਰਭੂ-ਸਮਰੱਥਾ ਨੂੰ ਪ੍ਰਾਪਤ ਕਰ ਲੈਂਦਾ ਹੈ—'ਪ੍ਰਭੂ' ਆਪਣੇ ਆਪ ਨੂੰ 'ਪੰਥ' ਵਿਚ ਹੀ ਵਿਲੀਨ ਕਰ ਲੈਂਦਾ ਹੈ। ਜ਼ਾਤੀ ਤੇ ਜਮਾਤੀ ਦੋਹਾਂ ਖੇਤਰਾਂ ਵਿਚ ਮਨੁਖ ਤੇ ਮਨੁੱਖਤਾ ਦੀ ਹਸਤੀ ਪ੍ਰਭੂ-ਨਮਿਤ ਹੋ ਜਾਂਦੀ ਹੈ, 'ਪ੍ਰਭੂ' ਆਪ ਮਨੁੱਖਤਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਚੂੰਕਿ ਜ਼ਾਤੀ ਤੇ ਜਮਾਤੀ ਦੋਵੇਂ ਹੀ ਪ੍ਰਭੂ ਨੂੰ ਆਪਣਾ ਆਦਰਸ਼ ਮੰਨ ਲੈਂਦੇ ਹਨ, ਇਸ ਲਈ ਜ਼ਾਤੀ ਤੇ ਜਮਾਤੀ ਦੋਹਾਂ ਖੇਤਰਾਂ ਵਿਚ ਪੰਥਕ-ਸਾਂਝ ਪੈਦਾ ਹੋ ਜਾਂਦੀ ਹੈ, ਦੋਵੇਂ ਪ੍ਰਭੂ-ਮਾਰਗ ਦੇ ਭਾਈਵਾਲ ਬਣ ਜਾਂਦੇ ਹਨ। 'ਪੰਥ' ਜ਼ਾਤੀ ਤੇ ਜਮਾਤੀ ਪੱਧਰ ਤੇ ਪਾਈ ਹੋਈ ਆਤਮਕ ਸਾਂਝ ਦਾ ਭਾਵ ਹੈ, 'ਪ੍ਰਭੂ ਦਾ ਜੋ ਦਿਵ-ਪ੍ਰਕਾਸ਼ ਹੈ, ਅਸੀਂ ਵੀ ਆਪਣੇ ਜੀਵਨ ਵਿਚ ਉਸ ਤਰ੍ਹਾਂ ਦਾ ਦਿਵ-ਪ੍ਰਕਾਸ਼ ਪੈਦਾ ਕਰੀਏ, ਪ੍ਰਭੂ ਦਾ ਜੋ ਗੁਣ-ਸਰੂਪ ਹੈ, ਅਸੀਂ ਵੀ ਉਸ ਗੁਣ-ਸਰੂਪ ਨੂੰ ਆਪਣਾ ਜੀਵਨ-ਸਰੂਪ ਬਣਾਈਏ। ਆਤਮਕ-ਸਾਂਝ ਵਿਚ ਮਨੁਖ ਦੀ ਜੋਤਿ 'ਪ੍ਰਭੂ-ਜੋਤਿ' ਵਿਚ ਸਮਾ ਜਾਂਦੀ ਹੈ, ਮਨੁਖ ਆਪਣਾ ਆਪ ਪ੍ਰਭੂ-ਭੇਂਟ ਹੀ ਚੜ੍ਹਾ ਦਿੰਦਾ ਹੈ। 'ਪ੍ਰਭੂ' ਤੇ 'ਮਨੁਖ' ਵਿਚ ਅਗਿਆਨਤਾ ਕਰ ਕੇ ਜਿਹੜਾ ਅੰਤਰ ਹੁੰਦਾ ਹੈ, ਉਸ ਅੰਤਰ ਤੋਂ ਮਨੁਖ ਮੁਕਤ ਹੋ ਜਾਂਦਾ ਹੈ, ਉਹ ਪ੍ਰਭੂ ਤੋਂ ਵੀ ਭੈ-ਸੁਤੰਤਰ ਹੋ ਜਾਂਦਾ ਹੈ। ਪ੍ਰਭੂ-ਭੈ ਤਾਂ ਅਗਿਆਨਤਾ ਕਰ ਕੇ ਲਗਦਾ ਹੈ, ਵਿਸ਼ੇ-ਵਿਕਾਰਾਂ ਦੇ ਡਰ ਕਰ ਕੇ ਲਗਦਾ ਹੈ। ਜਦੋਂ ਮਨੁਖੀ-ਜੋਤਿ ਪ੍ਰਭੂ-ਜੋਤਿ ਵਿਚ ਹੀ ਰਲ ਗਈ ਹੋਵੇ, ਤਾਂ ਮਨੁਖ ਦੀ ਜ਼ਾਤੀ ਹਸਤੀ ਤਾਂ ਅਲੋਪ ਹੋ ਗਈ ਜਾਣੋ। ਹੁਣ ਮਨੁਖ ਕਿਸੇ ਵੱਡੀ ਹਸਤੀ ਦਾ ਹਿੱਸਾ ਬਣ ਜਾਂਦਾ ਹੈ, ਵੱਡੀ ਹਸਤੀ ਦੇ ਵਿਹਾਰਕ-ਵਿਧਾਨ ਨੂੰ ਸਵੀਕਾਰ ਕਰ ਲੈਂਦਾ ਹੈ। 'ਪ੍ਰਭੂ' ਚੂੰਕਿ ਸਰਬ ਸਮਰਥ ਹਸਤੀ ਹੈ, ਇਸ ਲਈ ਉਹ ਆਪ ਨਿਡਰ ਹੈ, ਇਸੇ ਕਰ ਕੇ ਉਸ ਦਾ ਵੈਰ ਵੀ ਕਿਸੇ ਨਾਲ ਨਹੀਂ, ਸਰਬ-ਮਨੁੱਖਤਾ ਉਸ ਵਾਸਤੇ ਇਕੋ ਜਿਹੀ ਹੈ। ਜਿਹੜੇ ਉਸ ਨਾਲ ਪਿਆਰ ਕਰਦੇ ਹਨ, ਉਹ ਉਨ੍ਹਾਂ ਨਾਲ ਪਿਆਰ ਕਰਦਾ ਹੈ, ਜਿਹੜੇ ਉਸ ਨਾਲ ਧਰੋਹ ਕਰਦੇ ਹਨ, ਚੂੰਕਿ ਸਭ ਉਸ ਵਾਸਤੇ ਇਕੋ ਜਿਹੇ ਹਨ, ਇਸ ਲਈ ਉਹ ਉਨ੍ਹਾਂ ਨੂੰ ਮੁਆਫ ਕਰ ਦਿੰਦਾ ਹੈ। ਅਜਿਹੀ ਅਵੱਸਥਾ ਵਿਚ ਉਹ ਉਹਨਾਂ ਨੂੰ ਪਿਆਰ ਕਰਦਾ ਹੈ, ਦਾਤਾਂ ਦਿੰਦਾ ਹੈ। ਜ਼ਾਤੀ ਤੇ ਜਮਾਤੀ ਪੱਧਰ ਤੇ 'ਪੰਥ ਦੇ ਪਾਂਧੀ' ਤੇ 'ਪੰਥ' ਦਾ ਇਹੀ ਕਰਤੱਵ ਹੋਣਾ ਚਾਹੀਦਾ ਹੈ। 'ਪ੍ਰਭੂ-ਪੰਥ' ਦਾ ਸੁਹਿਰਦ ਧਾਰਨੀ ਬਣਨ ਕਰ ਕੇ ਹੀ ਉਸ ਦੀ ਜਿਤ ਹੋ ਸਕਦੀ ਹੈ। 'ਪੰਥ ਕੀ ਜੀਤ' ਦਾ ਭਾਵ ਹੈ, 'ਪ੍ਰਭੂ-ਪੰਥ' ਤੇ

Digitized by Panjab Digital Library | www.panjabdigilib.org

ਫਤਹ ਪ੍ਰਾਪਤ ਕਰਨੀ ਹੈ, ਪ੍ਰਭੂ-ਪੰਥ ਨੂੰ ਜੀਵਨ ਵਿਹਾਰ ਵਿਚ ਸਰਬ ਸ੍ਰੇਸ਼ਟ ਮੰਨਣਾ ਹੈ । ਜਦੋਂ 'ਪ੍ਰਭੂ-ਪੰਥ' ਹੀ ਜ਼ਾਤੀ ਤੇ ਜਮਾਤੀ ਪੱਧਰ ਤੇ ਮਨੁਖ ਦਾ ਆਦਰਸ਼ ਹੈ, ਫਿਰ ਮਨੁਖ ਤੇ ਮਨੁੱਖਤਾ ਵਿਚਕਾਰ ਝਗੜਾ ਕੋਈ ਨਹੀਂ, ਵਿਤਕਰਾ ਕੋਈ ਨਹੀਂ । 'ਹਾਰ-ਜਿਤ' ਦਾ ਪ੍ਰਸ਼ਨ ਤਾਂ ਝਗੜਿਆਂ ਤੇ ਵਿਤਕਰਿਆਂ ਦੇ ਮੰਡਲ ਵਿਚ ਹੁੰਦਾ ਹੈ । ਜਿਸ ਮੰਡਲ ਵਿਚ ਜ਼ਾਤੀ ਪੱਧਰ ਤੇ ਸਭ ਇਕ ਹਨ ਜਮਾਤੀ ਪੱਧਰ ਤੇ ਵੀ ਸਭ ਇਕ ਹਨ, ਜ਼ਾਤੀ ਪੱਧਰ ਤੇ ਮਨੁਖ ਜਮਾਤ-ਸਾਥੀ ਹੈ ਤੇ ਜਮਾਤੀ ਪੱਧਰ ਤੇ ਵਿਅਕਤੀਗਤ ਮਨੁਖ ਦਾ ਹਾਮੀ ਹੈ, ਤਾਂ ਅਜਿਹੀ ਅਵੱਸਥਾ ਵਿਚ 'ਹਾਰ' ਦਾ ਸੰਕਲਪ ਜਾਂ ਅਹਿਸਾਸ ਤਾਂ ਪੈਦਾ ਹੀ ਨਹੀਂ ਹੋ ਸਕਦਾ । 'ਪੰਥ' ਜ਼ਾਤੀ ਤੇ ਜਮਾਤੀ ਪੱਧਰ ਤੇ ਅਦ੍ਵੈਤ-ਅਵੱਸਥਾ ਦੀ ਹੀ ਪ੍ਰਤਿਨਿੱਧਤਾ ਕਰਦਾ ਹੈ । ਅਦ੍ਵੈਤ-ਮੰਡਲ ਵਿਚ ਹਮੇਸ਼ਾਂ 'ਜਿਤ' ਹੁੰਦੀ ਹੈ, ਮਨੁਖ ਦਾ ਇਹ ਸੁਭਾ ਹੀ ਬਣ ਜਾਂਦਾ ਹੈ, ਕਿ ਜੋ ਕੁਝ ਕੁਦਰਤ ਦੇ ਵਿਧਾਨ ਵਿਚ ਹੋ ਰਿਹਾ ਹੈ, ਮਨੁੱਖਤਾ ਦੇ ਭਲੇ ਵਾਸਤੇ ਹੈ । ਜਦੋਂ ਮਨੁੱਖ ਜਾਂ ਮਨੁੱਖਤਾ ਦੀ ਵਿਰੋਧਤਾ ਦਾ ਸੰਕਲਪ ਨਹੀਂ, ਮਨੁੱਖ ਜਾਂ ਮਨੁੱਖਤਾ ਦੀ ਸ਼ਖਸੀਅਤ ਨੂੰ ਘਾਤ ਕਤਨ ਦਾ ਕੋਈ ਕਰਤੱਵ ਨਹੀਂ, ਤਾਂ 'ਹਾਰ' ਦਾ ਸੰਕਲਪ ਕਿਵੇਂ ਜਾਗੇ ਗਾ ? ਜਦੋਂ ਸਾਰੇ ਹੀ ਇਕ ਦੂਜੇ ਨੂੰ ਵਧਦਾ ਫੁਲਦਾ ਤੇ ਅਗਾਂਹ ਵਧਦਾ ਪਸੰਦ ਕਰਦੇ ਹਨ ਤਾਂ ਅਜਿਹੀ ਅਵੱਸਥਾ ਵਿਚ ਹਮੇਸ਼ਾਂ 'ਜਿਤ' ਦਾ ਅਹਿਸਾਸ ਬਣਿਆਂ ਰਹੇਗਾ । ਜਦੋਂ 'ਖਾਲਸਾ-ਪੰਥ' ਆਪਣੀ ਨਿਤ ਦੀ ਅਰਦਾਸ ਵਿਚ 'ਪੰਥ ਕੀ ਜੀਤ' ਦਾ ਬੋਲ ਉਚਾਰਦਾ ਹੈ, ਇਕ ਤਾਂ ਉਹ ਪ੍ਰਭੂ-ਪੰਥ ਦੀ ਸਦੀਵੀ ਜਿਤ ਦਾ ਵਿਸ਼ਵਾਸ ਦਿਵਾਂਦਾ ਹੈ, ਅਰਥਾਤ ਪ੍ਰਭੂ-ਪੰਥ ਨਾਲ ਆਤਮਕ-ਸੰਜੋਗ ਪ੍ਰਾਪਤ ਕਰ ਲੈਣ ਨਾਲ ਹੀ ਸਦੀਵੀ-ਜਿਤ ਸਥਿੱਰ ਰਹਿ ਸਕਦੀ ਹੈ । ਦੂਜਾ ਜ਼ਾਤੀ ਤੇ ਜਮਾਤੀ ਪੱਧਰ ਤੇ ਪ੍ਰਭੂ-ਪਾਂਧੀਆਂ ਵਿਚ ਜਿਹੜੇ ਝਗੜੇ ਤੇ ਵਿਤਕਰੇ ਹਨ, ਉਹਨਾਂ ਤੋਂ ਮੁਖ ਮੋੜਨ ਵਾਸਤੇ ਪਰੇਰਦਾ ਹੈ, ਤੀਜਾ ਪੰਥ ਦੇ ਮੈਂਬਰਾਂ ਨੂੰ ਸੁਹਿਰਦ ਪ੍ਰਭੂ-ਪਾਂਧੀ ਬਣਨ ਵਾਸਤੇ ਉਕਸਾਂਦਾ ਹੈ, ਚੌਥਾ ਪ੍ਰਭੂ-ਪਾਂਧੀਆਂ ਨੂੰ ਮਿਲ-ਬੈਠਣ ਵਾਸਤੇ ਪਰੇਰਦਾ ਹੈ, ਪੰਜਵਾਂ ਪ੍ਰਭੂ-ਗੁਣ-ਆਚਰਣ ਨੂੰ ਆਪਣਾ ਜੀਵਨ-ਆਚਰਣ ਬਣਾਉਣ ਦਾ ਪ੍ਰਣ ਕਰ ਰਿਹਾ ਹੈ । 'ਪ੍ਰਭੂ-ਆਚਰਣ' ਨੂੰ ਆਪਣਾ ਜੀਵਨ-ਆਚਰਣ ਬਣਾਉਣ ਨਾਲ ਹੀ 'ਪੰਥ ਕੀ ਜੀਤ' ਦਾ ਸਦੀਵੀ ਵਿਸ਼ਵਾਸ ਆਪਣੀ ਅੰਤਰ-ਆਤਮਾਂ ਵਿਚੋਂ ਜਗਾਇਆ ਜਾ ਸਕਦਾ ਹੈ ।

'ਜੀਤ' ਦਾ ਭਾਵ ਹੈ 'ਜਿੱਤਣਾ' । ਜਿੱਤਣ ਦੇ ਸ਼ਬਦਾਰਥ ਵੀ ਦੋ ਪੱਖੀ ਹਨ । ਇਕ ਮਨ-ਇੰਦਰੀਆਂ ਤੇ ਜਿਤ ਪ੍ਰਾਪਤ ਕਰਨੀ ਹੁੰਦੀ ਹੈ ਤੇ ਦੂਜਾ ਮਾਨਵ-ਵਿਰੋਧੀ ਸਮਾਜਕ-ਸ਼ਕਤੀਆਂ ਤੇ ਜਿਤ ਪ੍ਰਾਪਤ ਕਰਨੀ ਹੁੰਦੀ ਹੈ । ਮਾਨਵ-ਵਿਰੋਧੀ ਸਮਾਜਕ-ਸ਼ਕਤੀਆਂ ਤੇ ਜਿਤ ਪ੍ਰਾਪਤ ਕਰਨ ਵਾਸਤੇ 'ਮਨੁੱਖ' ਸਰੀਰਕ, ਸਭਿਆਚਾਰਕ ਤੇ ਬੌਧਿਕ ਤੌਰ ਤੇ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ । ਇਸ ਤਰ੍ਹਾਂ ਦੀ ਸ਼ਕਤੀ ਚੂੰਕਿ ਹਰ ਮਨੁੱਖ ਪ੍ਰਾਪਤ ਕਰ ਸਕਦਾ ਹੈ, ਇਸ ਕਰਕੇ ਸਮਾਜਕ-ਸ਼ਕਤੀਆਂ ਵਿਚ ਕਦੀ ਧਰਮ ਦਾ ਰਾਜ ਹੋ ਜਾਂਦਾ ਹੈ ਤੇ ਕਦੀ ਅਧਰਮ ਦਾ ਰਾਜ ਹੋ ਜਾਂਦਾ ਹੈ । ਧਰਮ ਤੇ ਅਧਰਮ ਦਾ ਇਹ ਰਾਜ-ਪਰਿਵਰਤਨ ਹੁੰਦਾ ਪ੍ਰਭੂ-ਵਿਧਾਨ ਦੇ ਅਨੁਕੂਲ ਹੀ ਹੈ । ਸਤਿ ਤੇ ਅਸਤਿ ਦਾ 'ਨਿਆਂ' ਜਦੋਂ ਸਰੀਰਕ-ਤਾਕਤ ਉਤੇ ਆਧਾਰਤ ਹੋ ਜਾਂਦਾ ਹੈ, ਤਾਂ ਜਿਤ-ਹਾਰ ਦਾ ਸੰਕਲਪ ਵੀ ਉਪਜ ਪੈਂਦਾ ਹੈ । 'ਜੇਤੂ' ਉਹ ਹੁੰਦਾ ਹੈ, ਜਿਹੜਾ ਮਾਨਵ-ਵਿਰੋਧੀ ਸਮਾਜਕ ਸ਼ਕਤੀਆਂ ਤੇ ਕਬਜ਼ਾ ਕਰ ਲੈਂਦਾ ਹੈ, ਤੇ ਹਾਰਦਾ ਉਹ ਹੈ, ਜਿਹੜਾ ਆਪਣਾ ਸਭ

Digitized by Panjab Digital Library | www.panjabdigilib.org

ਕੁਝ ਖੁਹਾ ਲੈਂਦਾ ਹੈ, ਜਿਸ ਕੋਲ ਮਾਨਵ-ਵਿਰੋਧੀ ਸਮਾਜਕ-ਸ਼ਕਤੀਆਂ ਵਿਰੁਧ ਲੜਨ ਦੀ ਸਮਰੱਥਾ ਨਹੀਂ ਰਹਿੰਦੀ, ਜਿਹੜਾ ਆਪਣੇ ਆਪ ਨੂੰ ਮਾਨਵ-ਵਿਰੋਧੀ ਸ਼ਕਤੀਆਂ ਅਨੁਕੂਲ ਹੀ ਢਾਲ ਲੈਂਦਾ ਹੈ। ਪਰ 'ਸਿਖ-ਧਰਮ' ਨੇ ਜਿਤ-ਹਾਰ ਦੇ ਇਸ ਸੰਕਲਪ ਨੂੰ ਸਵੀਕਾਰ ਨਹੀਂ ਕੀਤਾ। ਕਿਉਂਕਿ ਇਹ ਹਾਰ-ਜਿਤ ਥੋੜ-ਚਿਰੀ ਹੈ, ਸਿਖ ਧਰਮ ਥੋੜ-ਚਿਰੀਆਂ ਕੀਮਤਾਂ ਦਾ ਧਰਮ ਨਹੀਂ। ਇਸ ਧਰਮ ਦੀਆਂ ਕੀਮਤਾਂ ਚਿਰ-ਸਥਾਈ ਹਨ। ਇਸ ਲਈ ਇਸ ਧਰਮ ਨੇ 'ਜੀਤ' ਦਾ ਸੰਕਲਪ ਵੀ ਚਿਰ-ਸਥਾਈ ਹੀ ਸਥਾਪਤ ਕੀਤਾ ਹੈ। ਸਿਖ ਮੱਤ ਵਿਚ 'ਜੇਤ' ਉਹ ਹੈ, ਜਿਸ ਨੇ ਮਨ-ਇੰਦਰੀ ਤੇ ਜਿਤ ਪ੍ਰਾਪਤ ਕੀਤੀ ਹੈ, 'ਮਨ' ਜਿਤਣਾ ਹੀ ਸਦੀਵੀ 'ਜੀਤ' ਦੀ ਨਿਸ਼ਾਨੀ ਹੈ। 'ਜੇਤੂ-ਮਨ' ਫਿਰ ਕਦੀ ਹਾਰਦਾ ਨਹੀਂ, ਕਿਉਂਕਿ ਇਹ ਜਿਤ ਕਿਸੇ ਤਾਕਤ ਨਾਲ ਪ੍ਰਾਪਤ ਨਹੀਂ ਕੀਤੀ ਹੁੰਦੀ, ਬਲਕਿ ਪ੍ਰਭੂ-ਪ੍ਰਸਾਦਿ ਨਾਲ ਇਹ ਜਿਤ ਪ੍ਰਾਪਤ ਹੋਈ ਹੁੰਦੀ ਹੈ। ਪ੍ਰਭੂ-ਪ੍ਰਸਾਦਿ ਦੀ ਪ੍ਰਾਪਤੀ ਇਕੋ ਵਾਰ ਹੀ ਹੁੰਦੀ ਹੈ, ਜੇ ਹੋ ਜਾਏ ਤਾਂ ਫਿਰ ਵਾਪਸ ਨਹੀਂ ਜਾਂਦੀ। 'ਮਨ ਦੀ ਜਿੱਤ' ਹੀ ਅਸਲ ਵਿਚ ਜਗਤ ਦੀ ਜਿਤ ਹੈ। 'ਸ਼ਕਤੀ' ਨਾਲ ਤਾਂ ਕਦੀ ਵੀ ਸਦੀਵੀ ਤੌਰ ਤੇ ਜਗਤ ਨੂੰ ਨਹੀਂ ਜਿਤਿਆ ਜਾ ਸਕਦਾ ਅਤੇ ਨਾ ਹੀ ਸ਼ਾਂਤੀ, ਆਜ਼ਾਦੀ ਤੇ ਖੁਸ਼ਹਾਲੀ ਨੂੰ ਕਦੀ ਸਥਾਪਤ ਕੀਤਾ ਜਾ ਸਕਦਾ ਹੈ। ਮਨ-ਜੇਤੂਆਂ ਦਾ ਇਤਿਹਾਸਕ ਤਜਰਬਾ ਵੀ ਇਸ ਕਥਨ ਦੀ ਸਾਖੀ ਭਰਦਾ ਹੈ, ਕਿ ਉਹ ਜਗਤ-ਜੇਤੂ ਸਨ, ਉਹਨਾਂ ਨੂੰ ਸਾਰਾ ਜਗਤ ਪਿਆਰ ਕਰਦਾ ਹੈ, ਜਯੰਤੀਆਂ, ਗੁਰਪੁਰਬਾਂ ਤੇ ਯਾਦਾਂ ਦੁਆਰਾ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁਲ ਚੜ੍ਹਾਂਦਾ ਹੈ। ਜਦੋਂ ਭਗਤ ਕਬੀਰ ਜੀ ਰਾਗ ਮਾਰੂ ਬਾਣੀ ਵਿਚ ਕਹਿੰਦੇ ਹਨ :—

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥

ਜਾਂ

ਗੁਰੂ ਨਾਨਕ ਦੇਵ ਜੀ ਜਪੁ ਨੀਸਾਣੁ ਵਿਚ ਕਹਿੰਦੇ ਹਨ :—

ਮਨੁ ਜੀਤੇ ਜਗੁ ਜੀਤਿ ॥

ਤਾਂ ਉਹ ਇਥੇ ਉਸੇ ਅਨੁਭਵ ਦੀ ਪੁੜ੍ਹਤਾ ਹੀ ਕਰ ਰਹੇ ਹਨ ਕਿ ਮਨ-ਜੇਤੂ ਹੀ ਜਗਤ-ਜੇਤੂ ਬਣ ਸਕਦਾ ਹੈ, ਮਨ-ਜੇਤੂ ਹੀ ਸਦਾ 'ਜੀਤ' ਦੀ ਆਸ਼ਾਵਾਦੀ-ਜ਼ਿੰਦਗੀ ਬਿਤਾ ਸਕਦਾ ਹੈ। ਜਦੋਂ ਖਾਲਸਾ-ਪੰਥ 'ਪੰਥ ਕੀ ਜੀਤ' ਦਾ ਬੋਲ ਉਚਾਰਦਾ ਹੈ, ਤਾਂ ਉਹ ਮਨ ਜਿੱਤਣ ਦੇ ਵਿਸ਼ਵਾਸ ਨੂੰ ਹੀ ਪਕਾ ਰਿਹਾ ਹੁੰਦਾ ਹੈ ਕਿ ਮਨ-ਜਿੱਤਣ ਨਾਲ ਹੀ ਸਦੀਵੀ 'ਜੀਤ' ਪ੍ਰਾਪਤ ਕੀਤੀ ਜਾ ਸਕਦੀ ਹੈ। 'ਪੰਥ ਕੀ ਜੀਤ' ਅਸਲ ਵਿਚ ਪ੍ਰਭੂ-ਪੰਥ ਦੀ ਜੀਤ ਹੀ ਹੈ, ਮਨ-ਇੰਦਰੀ ਤੇ ਪ੍ਰਾਪਤ ਕੀਤੀ ਹੋਈ 'ਜੀਤ' ਹੀ ਹੈ।

'ਪ੍ਰਭੂ-ਪੰਥ' ਇਕ ਪੂਰਨ-ਆਚਰਣ ਦੀ ਸਭਿਅਤਾ ਦਾ ਨਾਮ ਵੀ ਹੈ। ਪ੍ਰਭੂ-ਮਾਰਗ ਅਸਲ ਵਿਚ ਆਚਰਣ ਦੀ ਸਰੇਸ਼ਟ ਸਭਿਅਤਾ ਹੀ ਹੈ। ਆਚਰਣ ਦੀ ਸਰੇਸ਼ਟ ਸਭਿਅਤਾ ਅਨੁਸਾਰ ਆਪਣੇ ਜੀਵਨ ਨੂੰ ਢਾਲ ਲੈਣਾ, ਇਸ ਤਰ੍ਹਾਂ ਦਾ 'ਜੀਵਨ' ਹੀ ਪ੍ਰਭੂ-ਪੰਥ ਦਾ ਸੁਹਿਰਦ ਪਾਂਧੀ ਬਣ ਸਕਦਾ ਹੈ। ਪ੍ਰਭੂ-ਪੰਥ ਦੇ ਪਾਂਧੀ ਤਾਂ ਸਾਰੇ ਹੀ ਆਚਰਣ ਦੀ ਸ੍ਰੇਸ਼ਟ

Digitized by Panjab Digital Library | www.panjabdigilib.org

ਸਭਿਅਤਾ ਦੇ ਧਾਰਨੀ ਹੁੰਦੇ ਹਨ। ਹਿੰਦੂ, ਮੁਸਲਮਾਨ, ਸਿਖ ਤੇ ਈਸਾਈ ਸਭ ਵਾਸਤੇ ਆਚਰਣ ਦੀ ਸਭਿਅਤਾ ਇਕੋ ਜਿਹੀ ਹੀ ਹੈ। ਹਰ ਮਜ਼ਹਬ ਦਾ ਸ਼ਰਧਾਲੂ ਇਸ ਆਚਰਣ ਦੀ ਸਭਿਅਤਾ ਨੂੰ ਅਪਨਾ ਕੇ ਆਪਣੇ ਪ੍ਰਭੂ-ਪੰਥ ਕੀ ਜੀਤ ਕਰ ਸਕਦਾ ਹੈ, ਪ੍ਰਭੂ-ਪੰਥ ਕੀ ਜੀਤ ਹਰੇਕ ਪੱਧਰ ਉਤੇ ਇਹੋ ਜਿਹੀ ਹੀ ਹੈ। ਇਸ ਕਰਕੇ ਅਧਿਆਤਮਕ-ਪੱਧਰ ਉਤੇ ਆਚਰਣ ਦੀ ਸ੍ਰੇਸ਼ਟ ਸਭਿਅਤਾ ਸਾਰੇ ਵਿਸ਼ਵ ਵਿਚ ਇਕੋ ਜਿਹੀ ਹੈ। ਹਰ ਦੇਸ਼ ਦੇ 'ਪ੍ਰਭੂ-ਪਾਂਧੀ' ਸੇਵਾ, ਸਿਮਰਣ, ਸੰਗਤ ਤੇ ਸੰਗੀਤ ਨੂੰ ਆਪਣੀ ਪ੍ਰਮੁਖ ਸਭਿਅਤਾ ਮੰਨਦੇ ਹਨ। ਇਹੀ ਆਚਰਣ ਦੀ ਸਭਿਅਤਾ ਹੀ ਮਨੁੱਖ ਨੂੰ ਸਦੀਵ-ਕਾਲ ਜੇਤੂ ਬਣਾ ਸਕਦੀ ਹੈ। ਇਸੇ ਸਭਿਅਤਾ-ਆਧਾਰਤ ਹੀ 'ਪੰਥ ਕੀ ਜੀਤ' ਨੂੰ ਪ੍ਰਤੱਖ ਰੂਪ ਵਿਚ ਮਾਣਿਆਂ ਜਾ ਸਕਦਾ ਹੈ।

'ਪੰਥ ਕੀ ਜੀਤ' ਦਾ ਇਕ ਭਾਵ ਇਹ ਵੀ ਹੈ, ਕਿ ਪ੍ਰਭੂ-ਪੰਥੀਆਂ ਦੀ ਹੀ ਹਮੇਸ਼ਾਂ ਜਿੱਤ ਹੋਣੀ ਹੈ। ਅਧਿਆਤਮਕ-ਜਿੱਤ ਹੀ ਸ਼ਰੋਮਣੀ ਤੇ ਸਦੀਵੀ ਜਿਤ ਹੈ। ਇਹ ਪ੍ਰਭੂ-ਪੰਥ ਤੇ ਟੁਰਨ ਵਾਲੇ 'ਪੰਥ' ਨੂੰ ਹੀ ਪ੍ਰਾਪਤ ਹੋ ਸਕਦੀ ਹੈ। ਸਿਖ ਧਰਮ ਦੀਆਂ ਗੁਰੂ-ਸ਼ਖਸੀਅਤਾਂ ਸਹੀ ਅਰਥਾਂ ਵਿਚ ਪ੍ਰਭੂ-ਪੰਥ ਦੀਆਂ ਸ਼ਖਸੀਅਤਾਂ ਸਨ। ਉਹ ਤਾਂ ਪ੍ਰਭੂ-ਪੰਥ ਤੇ ਟੁਰ ਕੇ ਕਾਮਯਾਬ ਹੋਈਆਂ ਪੰਥਕ-ਸ਼ਖਸੀਅਤਾਂ ਸਨ। ਭਾਈ ਗੁਰਦਾਸ ਜੀ ਜਦੋਂ ਕਹਿੰਦੇ ਹਨ :—

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ॥

ਤਾਂ ਉਹ ਸਪਸ਼ਟ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਜਗਤ-ਜਿੱਤ ਦਾ ਆਧਾਰ 'ਨਿਰਮਲ-ਪੰਥ' ਨੂੰ ਹੀ ਮਿਥ ਰਹੇ ਹਨ। 'ਨਿਰਮਲ-ਪੰਥ' ਤੇ ਟੁਰਨ ਕਰ ਕੇ ਹੀ ਗੁਰੂ ਨਾਨਕ ਦੇਵ ਜੀ ਦਾ ਜੀਵਨ, ਪ੍ਰਚਾਰ-ਕਰਤੱਵ ਤੇ ਬਾਣੀ-ਸਿਰਜਨਾ, ਸਭ ਕੁਝ ਨਿਰਮਲ-ਪੰਥ ਦੀ ਨਿਰਮਾਣਤਾ-ਨਮਿੱਤ ਹੀ ਸੀ, ਗੁਰੂ-ਗੱਦੀ ਵੀ ਨਿਰਮਲ-ਪੰਥ ਦਾ ਹੀ ਪ੍ਰਮਾਣ ਸੀ। ਗੁਰੂ-ਗੱਦੀ ਉਤੇ ਪਰੰਪਰਾ ਅਨੁਸਾਰ ਬਿਰਾਜਮਾਨ ਵੀ ਉਹੀ ਸ਼ਖਸੀਅਤਾਂ ਹੋਈਆਂ, ਜਿਹੜੀਆਂ ਨਿਰਮਲ ਪੰਥ ਦੀਆਂ ਹੀ ਧਾਰਨੀ ਸਨ। ਸਾਰੇ ਗੁਰੂ ਸਾਹਿਬਾਨ ਨਿਰਮਲ-ਪੰਥ ਦੇ ਧਾਰਨੀ ਸਨ, ਨਿਰਮਲ-ਪੰਥ ਵਿਚ ਪ੍ਰਵਾਨ ਚੜ੍ਹ ਚੁਕੇ ਗੁਰੂ ਸਨ। ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਨਿਰਮਲ-ਪੰਥ ਦਾ ਹੀ ਕਾਵਿਕ-ਪ੍ਰਕਾਸ਼ ਹੈ। ਇਸੇ ਕਰ ਕੇ ਇਹ ਬਾਣੀ ਪ੍ਰਭੂ-ਪਾਂਧੀਆਂ ਲਈ 'ਗੁਰੂ' ਹੈ, ਪ੍ਰਭੂ-ਪਾਂਧੀਆਂ ਨੂੰ ਪ੍ਰਭੂ ਨਾਲ ਇਕ-ਰਸ ਸੰਜੋਗ ਪ੍ਰਾਪਤ ਕਰਵਾਉਣ ਦਾ ਸਹਾਇਕ-ਸਿੱਧ ਸਾਧਨ ਹੈ, ਇਹੀ ਨਿਰਮਲ-ਪੰਥ ਪਿਛੋਂ ਜਥੇਬੰਧਕ ਰੂਪ ਵਿਚ 'ਖਾਲਸਾ-ਪੰਥ' ਅਖਵਾਉਂਦਾ ਹੈ। 'ਖਾਲਸਾ' ਭਾਵੇਂ ਪ੍ਰਭੂ-ਜਾਇਦਾਦ ਦਾ ਸੰਕੇਤ ਵੀ ਹੈ, ਪਰ ਨਿਰਮਲਤਾ ਵੀ ਪ੍ਰਭੂ-ਜਾਇਦਾਦ ਹੀ ਹੈ। ਨਿਰਮਲ-ਜ਼ਿੰਦਗੀ ਹਮੇਸ਼ਾਂ ਪ੍ਰਭੂ ਦੀ ਜ਼ਿੰਦਗੀ ਹੀ ਹੁੰਦੀ ਹੈ। 'ਖਾਲਸਾ' ਇਸੇ ਕਰ ਕੇ ਖਾਲਸ, ਸ਼ੁੱਧ ਜਾਂ ਨਿਰਮਲਤਾ ਦਾ ਹੀ ਭਾਵ-ਅਰਥ ਰਖਦਾ ਹੈ। 'ਖਾਲਸਾ-ਪੰਥ' ਉਹਨਾਂ ਪ੍ਰਭੂ-ਪੰਥੀਆਂ ਦੀ ਹੀ ਜਮਾਤ ਹੈ, ਜਿਨ੍ਹਾਂ ਨੇ ਅੰਮ੍ਰਿਤ ਛਕ ਕੇ ਆਪਣੇ ਆਪ ਨੂੰ ਕਾਲ-ਰਹਿਤ ਤੇ ਸ਼ੁਧ-ਸਰੂਪ ਵਿਚ ਸਥਿੱਤ ਕਰ ਲਿਆ ਹੈ। 'ਸ਼ੁਧ-ਸਰੂਪ' ਕਦੀ ਕਾਲ ਦੀ ਸੀਮਾ ਵਿਚ ਨਹੀਂ ਆਉਂਦਾ। ਇਸੇ ਕਰ ਕੇ 'ਖਾਲਸਾ-ਪੰਥ' ਕਾਲ ਤੋਂ ਮੁਕਤ ਹੈ, ਉਹ ਸਤਿ ਸ੍ਰੀ ਅਕਾਲ ਦਾ ਉਪਾਸ਼ਕ ਹੈ। 'ਸਤਿ ਸ੍ਰੀ ਅਕਾਲ' ਹੀ ਉਸ ਦੀ ਸਦੀਵੀ ਜਿਤ ਦਾ ਵਿਸ਼ਵਾਸ ਹੈ। ਖਾਲਸਾ-ਪੰਥ ਇਸੇ ਕਰ ਕੇ

Digitized by Panjab Digital Library | www.panjabdigilib.org

ਹੀ 'ਸੱਤਿ ਸ੍ਰੀ ਅਕਾਲ' ਦੀ ਜ਼ਿੰਦਗੀ ਜੀਉਂਦਾ ਹੈ ! ਉਸ ਦਾ ਸੁਭਾ, ਵਿਚਾਰ ਤੇ ਸਰੂਪ ਸਾਰਾ ਪ੍ਰਭੂ ਵਾਲਾ ਹੀ ਹੁੰਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਖਾਲਸਾ-ਪੰਥ ਨੂੰ ਅਕਾਲ ਪੁਰਖ ਦੀ ਫੌਜ ਕਹਿੰਦੇ ਹਨ, (ਖਾਲਸਾ ਅਕਾਲ ਪੁਰਖ ਦੀ ਫੌਜ) ਤਾਂ ਉਹ ਇਸ ਕਥਨ ਦੀ ਪੁਸ਼ਟੀ ਕਰ ਰਹੇ ਹਨ, ਕਿ 'ਖਾਲਸਾ-ਪੰਥ' ਪ੍ਰਭੂ ਦਾ ਪੰਥ ਹੀ ਹੈ। 'ਖਾਲਸਾ-ਪੰਥ' ਦਾ ਸੁਭਾ, ਵਿਚਾਰ ਤੇ ਸਰੂਪ ਪ੍ਰਭੂ ਵਾਲਾ ਹੀ ਹੋਣਾ ਚਾਹੀਦਾ ਹੈ। ਪ੍ਰਭੂ ਦੇ ਸ਼ੁਧ-ਸਰੂਪ ਵਿਚ ਰਹਿਣ ਨਾਲ ਹੀ 'ਪੰਥ ਕੀ ਜੀਤ' ਦਾ ਅਹਿਸਾਸ ਸਦਾ ਕਾਇਮ ਰਖਿਆ ਜਾ ਸਕਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਪ ਕੀਤੀ ਜ਼ਿੰਦਗੀ ਹੀ ਸ਼ੁੱਧ-ਸਰੂਪ ਦੀ ਜ਼ਿੰਦਗੀ ਹੈ। ਦੱਸਾਂ ਗੁਰੂ ਸ਼ਖਸੀਅਤਾਂ ਦੀ ਜ਼ਿੰਦਗੀ ਵੀ ਸ਼ੁਧ-ਸਰੂਪ ਵਾਲੀ ਜ਼ਿੰਦਗੀ ਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਉਹਨਾਂ ਦੀ ਸ਼ੁਧ-ਸਰੂਪ ਵਾਲੀ ਜ਼ਿੰਦਗੀ ਦਾ ਸਾਖਿਆਤ-ਦਰਸ਼ਨ ਹੈ। ਇਸੇ ਕਰ ਕੇ ਸਿਖ ਧਰਮ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜ਼ਿੰਦਗੀ ਹੀ ਮਨੁਖ ਨੂੰ ਸੱਚਾ ਸਿਖ ਤੇ ਸੱਚਾ ਧਰਮੀ ਬਣਾ ਸਕਦੀ ਹੈ। 'ਸਿਖ ਧਰਮ' ਤਾਂ ਜੀਉਂਦਾ ਹੀ ਗੁਰੂ ਗ੍ਰੰਥ ਸਾਹਿਬ ਦੇ ਆਸਰੇ ਹੈ। ਸਿਖ ਧਰਮ ਦਾ ਵਿਕਾਸ ਵੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਹੀ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਹੀ ਜ਼ਾਤੀ ਤੇ ਜਮਾਤੀ ਜੱਥੇਬੰਧਕ ਸਰੂਪ 'ਖਾਲਸਾ-ਪੰਥ' ਹੈ। 'ਗੁਰੂ-ਗ੍ਰੰਥ ਤੇ ਪੰਥ' ਵਿਚ ਆਤਮਕ ਸਾਂਝ ਹੈ। 'ਪੰਥ' ਹਮੇਸ਼ਾਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿਣਾ ਚਾਹੀਦਾ ਹੈ। ਤਾਬਿਆ ਵਿਚ ਰਹਿਣ ਕਰ ਕੇ ਹੀ 'ਖਾਲਸਾ' ਹਮੇਸ਼ਾਂ 'ਪੰਥ' ਅਖਵਾ ਸਕਦਾ ਹੈ। 'ਪੰਥ' ਕੋਈ ਮਨੁੱਖਾਂ ਦਾ ਸੰਗ੍ਰਹਿ ਨਹੀਂ, ਇਹ ਤਾਂ ਵਿਚਾਰ, ਮਾਰਗ ਤੇ ਆਦਰਸ਼ ਦੇ ਸਾਂਝੇ-ਅਭਿਲਾਖੀਆਂ ਦਾ ਸੰਗ੍ਰਹਿ ਹੈ। 'ਪੰਥ' ਦਾ ਹਰ ਮੈਂਬਰ, ਦੂਜੇ ਮੈਂਬਰ ਨਾਲ ਵਿਚਾਰ, ਮਾਰਗ ਤੇ ਆਦਰਸ਼ ਦੀ ਸਾਂਝ ਪ੍ਰਗਟਾਂਦਾ ਹੈ। ਸਾਂਝ 'ਪੰਥ' ਦਾ ਜ਼ਰੂਰੀ ਅੰਗ ਹੈ। ਜੇ 'ਪੰਥ' ਵਿਚ ਵਿਤਕਰਾ ਹੈ, ਵਿਚਾਰ, ਮਾਰਗ ਤੇ ਆਦਰਸ਼ ਦਾ ਵਿਤਕਰਾ ਹੈ, ਤਾਂ 'ਪੰਥ' ਨਾ ਤਾਂ 'ਪੰਥ' ਅਖਵਾ ਸਕਦਾ ਹੈ ਤੇ ਨਾ ਹੀ 'ਪੰਥ ਕੀ ਜੀਤ' ਸਦੀਵੀ ਰਹਿ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅੰਮ੍ਰਿਤ-ਸਮਾਗਮ ਰਚ ਕੇ ਪ੍ਰਭੂ-ਪਾਂਧੀਆਂ ਨੂੰ ਵਿਚਾਰ, ਮਾਰਗ ਤੇ ਆਦਰਸ਼ ਵਿਚ ਸਾਂਝਾ ਕਰ ਦਿੱਤਾ ਸੀ। 'ਪੰਥ' ਉਨਾਂ ਚਿਰ ਹੀ 'ਪੰਥ' ਹੈ, ਜਿੰਨਾ ਚਿਰ ਉਸ ਦਾ ਰੂਪ, ਰਸ, ਰੰਗ ਤੇ ਰਾਗ ਇਕ ਹੈ। 'ਦ੍ਵੈਤ' ਤਾਂ 'ਪੰਥ' ਦਾ ਘਾਤਕ ਸਾਧਨ ਹੈ। 'ਦ੍ਵੈਤ' ਵਿਚ ਰਹਿ ਕੇ, ਆਪਣੇ ਆਪ ਨੂੰ ਪੰਥਕ ਅਖਵਾਉਣਾ, ਉੱਚੀ ਉੱਚੀ ਪੰਥ ਕੀ ਜੀਤ ਦੇ ਨਾਅਰੇ ਮਾਰਨਾ, ਆਪਣੇ ਆਪਣੇ ਪੰਥ ਨੂੰ ਵਖਰਾ ਕਰ ਲੈਣਾ, ਫਿਰ ਸ਼ਖਸੀ-ਪੱਧਰ ਤੇ 'ਪੰਥ' ਦੇ ਟੋਟੇ ਟੋਟੇ ਕਰ ਲੈਣਾ, ਕੀ ਇਹ 'ਪ੍ਰਭੂ-ਪੰਥੀਆਂ' ਦਾ ਕਰਤਵ ਹੈ ? ਕੀ ਖਾਲਸਾ-ਪੰਥ ਦਾ ਦਰਸ਼ਨ ਹੈ ? ਕੀ ਗੁਰੂ ਸਾਹਿਬਾਂ ਵਾਲੀ ਏਕਤਾ ਤੇ ਸਾਂਝੀਵ ਲੰਤਾ ਦਾ ਪ੍ਰਦਰਸ਼ਨ ਹੈ ?...ਗੁਰੂ ਗੋਬਿੰਦ ਸਿੰਘ ਜੀ ਤਾਂ ਸਪਸ਼ਟ ਰੂਪ ਵਿਚ ਕਹਿੰਦੇ ਹਨ :—

'ਪੰਡ ਪਾਤ ਆਪਨ ਤੇ ਜਲੇ, ਪ੍ਰਭ ਕੇ ਪੰਥ ਨਾ ਕੋਊ ਚਲੈ।'

ਅਰਥਾਤ 'ਪ੍ਰਭ ਕੇ 'ਪੰਥ' ਤੇ ਨਾ ਚਲਣ ਵਾਲੇ ਲੋਕਾਂ ਦੀ ਦਸ਼ਾ ਉਸ 'ਪੇਡ' ਵਾਲੀ ਹੀ ਹੈ, ਜਿਸ ਦੇ ਪੱਤੇ ਹੀ ਉਸ ਨੂੰ ਸਾੜਨ ਦਾ ਕੰਮ ਕਰਦੇ ਹਨ।

ਕਾਸ਼ ! ਅਸੀਂ 'ਪੰਥ ਕੀ ਜੀਤ' ਨੂੰ ਸਦਾ ਕਾਇਮ ਰਖ ਸੱਕੀਏ।

Digitized by Panjab Digital Library | www.panjabdigilib.org

ਸ੍ਰੀ ਸਾਹਿਬ ਜੀ ਸਹਾਇ

'ਸ੍ਰੀ ਸਾਹਿਬ' ਸਾਧਾਰਨ ਰੂਪ ਵਿਚ ਤੇਗ, ਕ੍ਰਿਪਾਨ, ਸ਼ਮਸ਼ੀਰ ਤੇ ਭਗਉਤੀ ਦਾ ਦੂਜਾ ਨਾਮ ਹੈ। ਤਲਵਾਰ ਜਾਂ ਕ੍ਰਿਪਾਨ ਨੂੰ 'ਸ੍ਰੀ ਸਾਹਿਬ' ਦਾ ਪਦ ਸਭ ਤੋਂ ਪਹਿਲਾਂ ਗੁਰੂ-ਪੰਪਰਾ-ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿੱਤਾ ਸੀ। ਸ੍ਰੀ ਸਾਹਿਬ, ਤੇਗ, ਸ਼ਮਸ਼ੀਰ ਤੇ ਭਗਉਤੀ-ਇਹ ਸਾਰੇ ਨਾਮ ਗੁਰੂ ਗੋਬਿੰਦ ਸਿੰਘ ਜੀ ਦੀ ਮਾਨਸਿਕ ਦ੍ਰਿੜ੍ਹਤਾ, ਦੂਰ-ਦਰਸ਼ੀ, ਬਹਾਦਰੀ, ਦਲੇਰੀ, ਦੇਸ਼-ਭਗਤੀ, ਤੇ ਪ੍ਰਭੂ-ਭਗਤੀ ਦੇ ਪ੍ਰਤੀਕ ਹਨ। ਤਲਵਾਰ ਜਾਂ ਕ੍ਰਿਪਾਨ ਤਾਂ 'ਸ੍ਰੀ ਸਾਹਿਬ' ਦਾ ਨਾਮ ਗੁਰੂ-ਪੰਪਰਾ ਤੋਂ ਪਹਿਲਾਂ ਵੀ ਪ੍ਰਚੱਲਤ ਸੀ। ਤਲਵਾਰ ਜਾਂ ਕ੍ਰਿਪਾਨ ਨਾਲ ਲੜਨਾ ਵੀ ਗੁਰੂ-ਪੰਪਰਾ ਤੋਂ ਪਹਿਲਾਂ ਪ੍ਰਸਿੱਧ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਸਾਹਿਬ' ਦੇ ਸਾਧਾਰਨ ਤੇ ਪ੍ਰਚੱਲਤ ਅਰਥਾਂ ਨੂੰ ਅਰਥਾਤ 'ਸ੍ਰੀ ਸਾਹਿਬ' ਸ੍ਵੈ-ਰਖਿਆ ਤੇ ਪਰ-ਰਖਿਆ ਵਾਸਤੇ ਹੈ, ਪੂਰਨ ਤੌਰ ਤੇ ਸਵੀਕਾਰ ਨਹੀਂ ਕੀਤਾ। 'ਸ੍ਰੀ ਸਾਹਿਬ' ਜੀ ਦਾ ਇਕ ਕਰਤਵ ਸ੍ਵੈ-ਰਖਿਆ ਤੇ ਪਰ-ਰਖਿਆ ਵੀ ਹੈ, ਪਰ ਸਮੂਹਕ ਪੱਧਰ ਤੇ 'ਸ੍ਰੀ ਸਾਹਿਬ' ਪ੍ਰਭੂ-ਸ਼ਕਤੀ ਦਾ ਹੀ ਸੰਕਲਪ ਹੈ, ਮਾਨਸਿਕ ਤੌਰ ਤੇ ਦ੍ਰਿੜ੍ਹ ਰਹਿਣ ਦਾ ਹੀ ਸੰਕਲਪ ਹੈ, ਆਤਮਕ ਤੌਰ ਤੇ ਅਜਿੱਤ ਹੋਣ ਦਾ ਹੀ ਸੰਕਲਪ ਹੈ, ਸਮਾਜਕ ਤੇ ਰਾਜਨੀਤਕ ਤੌਰ ਤੇ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਜੀਵਨ ਜੀਉਣ ਦਾ ਹੀ ਸੰਕਲਪ ਹੈ। ਗੁਰੂ ਸਾਹਿਬਾਂ ਦੀ ਦ੍ਰਿਸ਼ਟ ਵਿਚ ਤਾਂ 'ਸ੍ਰੀ ਸਾਹਿਬ' ਇਕ ਪ੍ਰਭੂ-ਤੋਹਫ਼ਾ ਹੈ, ਇਕ ਪ੍ਰਭੂ-ਅਸੀਸ ਹੈ, ਪ੍ਰਭੂ-ਪਿਆਰ ਦਾ ਚਿੰਨ੍ਹ-ਨੀਸਾਣੁ ਹੈ, ਪ੍ਰਭੂ-ਪਿਆਰ ਦੀ ਪ੍ਰਪੱਕ-ਅਵੱਸਥਾ ਦਾ ਨਾਮ ਹੈ, ਪ੍ਰਭੂ ਦੀ ਚੜ੍ਹਦੀ ਕਲਾ-ਅਵੱਸਥਾ ਦੀ ਪਹਿਚਾਣ ਹੈ। 'ਸ੍ਰੀ ਸਾਹਿਬ' ਦੀ ਅਵੱਸਥਾ ਵਿਚ ਜਾਂ ਸ੍ਰੀ ਸਾਹਿਬ ਦਾ ਧਾਰਨੀ ਬਨਣ ਵਿਚ ਨਾ ਕਦੀ ਹਾਰ ਦਾ ਅਹਿਸਾਸ ਉਪਜਦਾ ਹੈ, ਅਤੇ ਨਾ ਕਦੀ ਉਦਾਸ ਹੋਣ ਦਾ ਮੌਕਾ ਬਣਦਾ ਹੈ। ਜਾਂ 'ਸ੍ਰੀ ਸਾਹਿਬ' ਦਾ ਧਾਰਨੀ ਜਾਂ 'ਸ੍ਰੀ ਸਾਹਿਬ' ਦੀ ਜ਼ਿੰਦਗੀ ਜੀਉਣ ਵਾਲਾ ਸਦਾ ਜੋਤੂ-ਜ਼ਿੰਦਗੀ ਬਿਤਾਂਦਾ ਹੈ। ਉਹ ਤਾਂ ਅਜਿੱਤ ਸ਼ਖਸੀਅਤ ਦਾ ਸੁਆਮੀ ਹੁੰਦਾ ਹੈ, ਉਹ ਤਾਂ ਰੱਬੀ-ਦਰਗਾਹ ਦਾ ਗੁਲਾਮ ਹੰਦਾ ਹੈ, ਪਿਆਰ ਦਾ ਭੁੱਖਾ ਹੁੰਦਾ ਹੈ। 'ਸ੍ਰੀ ਸਾਹਿਬ' ਵਾਲਾ ਹਮੇਸ਼ਾਂ ਦਿਮਾਗੀ ਤੇ ਸਦਾਚਾਰਕ-ਜਿੱਤਾਂ ਪ੍ਰਾਪਤ ਕਰਦਾ ਹੈ। 'ਸਦਾਚਾਰ ਤੇ ਬੁੱਧੀ' ਮਨੁੱਖ ਨੂੰ 'ਸ੍ਰੀ ਸਾਹਿਬ' ਵਰਗਾ ਦ੍ਰਿੜ੍ਹ, ਦਲੇਰ ਤੇ ਦਾਨੀ ਬਣਾਂਦੀ ਹੈ। 'ਖਾਲਸਾ-ਪੰਥ' ਦ੍ਰਿੜ੍ਹ, ਦਲੇਰ ਤੇ ਦਾਨੀ ਬਣਨ ਵਾਸਤੇ ਹੀ 'ਸ੍ਰੀ ਸਾਹਿਬ' ਜੀ ਦੀ ਸਹਾਇਤਾ ਦਾ ਵਰਦਾਨ ਮੰਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਮੁੱਚੇ ਆਪਣੇ ਖਾਲਸੇ ਨੂੰ 'ਸ੍ਰੀ ਸਾਹਿਬ' ਪਹਿਨਾ ਕੇ ਸਦਾ ਵਾਸਤੇ ਦ੍ਰਿੜ੍ਹ, ਦਲੇਰ ਤੇ ਦਾਨੀ ਬਣ ਕੇ ਰਹਿਣ ਦਾ ਉਤਸ਼ਾਹ ਦੇ ਦਿੱਤਾ ਹੈ। 'ਖਾਲਸਾ-ਪੰਥ' ਦੀ ਦ੍ਰਿੜ੍ਹਤਾ, ਦਲੇਰੀ ਤੇ ਦਾਨੀਅਤ ਦਾ ਵੀ ਇਹੀ ਰਾਜ਼ ਹੈ।

Digitized by Panjab Digital Library | www.panjabdigilib.org

'ਦ੍ਰਿੜ੍ਹਤਾ, ਦਲੇਰੀ ਤੇ ਦਾਨੀਅਤ' ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ੇਸ਼ ਉਪਦੇਸ਼ ਹੈ, ਸਿਖ ਧਰਮ ਦਾ ਮਹਾਨ ਸੰਦੇਸ਼ ਹੈ, ਗੁਰੂ-ਸ਼ਖਸੀਅਤਾਂ ਦਾ ਅਸਲੀ-ਆਦੇਸ਼ ਹੈ, ਖਾਲਸਾ-ਪੰਥ ਦਾ ਸਾਖਿਆਤ ਦਰਸ਼ਨ ਹੈ, 'ਸ੍ਰੀ ਸਾਹਿਬ' ਦਾ ਪ੍ਰਭੂ-ਸਰੂਪ ਹੈ । ਦ੍ਰਿੜ੍ਹਤਾ, ਦਲੇਰੀ ਤੇ ਦਾਨੀਅਤ ਪ੍ਰਭੂ-ਸਰੂਪ ਦੇ ਹੀ ਵਿਸ਼ੇਸ਼ ਲੱਛਣ ਹਨ ।

'ਦ੍ਰਿੜ੍ਹਤਾ' ਦਾ ਆਧਾਰ ਮਾਨਸਿਕ-ਵਿਸ਼ਵਾਸ ਹੈ । 'ਸ੍ਵੈ-ਮਾਣ' ਦਾ ਵਿਸ਼ਵਾਸ ਹੀ ਮਨੁਖ ਨੂੰ ਦ੍ਰਿੜ੍ਹ ਰੁਚੀਆਂ ਵਾਲਾ ਬਣਾ ਸਕਦਾ ਹੈ । ਦ੍ਰਿੜ੍ਹ-ਰੁਚੀਆਂ ਦੀ ਅਵੱਸਥਾ ਵਿਚ ਮਨੁਖ ਡੋਲਦਾ ਨਹੀਂ, ਉਦਾਸ ਨਹੀਂ ਹੁੰਦਾ, ਤੇ ਨਾ ਹੀ ਉਹ ਘਬਰਾਂਦਾ ਹੈ। 'ਸ੍ਰੀ ਸਾਹਿਬ' ਦੀ ਉਪਾਸ਼ਨਾ ਇਕ ਤਾਂ ਉਸ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦੀ ਹੈ, ਉਸ ਦੇ ਸ੍ਵੈ-ਵਿਸ਼ਵਾਸ ਨੂੰ ਪੱਕਾ ਕਰਦੀ ਹੈ, ਦੂਜਾ ਉਸਨੂੰ ਹਰ ਸੰਘਰਸ਼ ਵਿਚ ਅਡੋਲ ਬਣਾ ਦਿੰਦੀ ਹੈ, ਤੀਜਾ ਉਸਨੂੰ ਉਦਾਸ ਹੋਣ ਤੋਂ ਵੀ ਬਚਾ ਲੈਂਦੀ ਹੈ, ਤੇ ਚੌਥਾ ਘਬਰਾਹਟ ਤੋਂ ਵੀ ਮੁਕਤ ਕਰਵਾ ਲੈਂਦੀ ਹੈ। 'ਸਿੱਖ-ਧਰਮ' ਇਸੇ ਕਰਕੇ ਦ੍ਰਿੜ੍ਹਤਾ ਦਾ ਧਰਮ ਹੈ । ਗੁਰੂ ਸ਼ਖਸੀਅਤਾਂ ਤਾਂ ਸਾਰੀਆਂ ਹੀ ਦ੍ਰਿੜ੍ਹ ਰਹਿਨ ਵਾਲੀਆਂ ਸ਼ਖਸੀਅਤਾਂ ਸਨ । ਜੇ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿ ਰਾਇ ਜੀ, ਤੇ ਗੁਰੂ ਹਰਿ ਕ੍ਰਿਸ਼ਨ ਜੀ ਕੋਲ 'ਸ੍ਰੀ ਸਾਹਿਬ' ਨਹੀਂ ਸੀ, ਤਾਂ ਇਸ ਦਾ ਭਾਵ ਇਹ ਨਹੀਂ' ਕਿ ਉਹ 'ਸ੍ਰੀ ਸਾਹਿਬ' ਦਾ ਕਰਤੱਵ ਨਹੀਂ ਸਨ ਕਰ ਰਹੇ, 'ਗੁਰੂ ਸਾਹਿਬਾਂ' ਆਤਮਕ, ਸਮਾਜਕ ਤੇ ਰਾਜਨੀਤਕ-ਸਾਰਿਆਂ ਖੇਤਰਾਂ ਵਿਚ 'ਸ੍ਰੀ ਸਾਹਿਬ' ਦੇ ਕਰਤੱਵ ਨੂੰ ਨਿਬਾਹਿਆ ਹੈ, 'ਸ੍ਰੀ ਸਾਹਿਬ' ਵਾਲੀ ਦ੍ਰਿੜ੍ਹਤਾ ਨੂੰ ਸਿਖਾਇਆ ਹੈ । ਗੁਰੂ ਹਰਿ ਗੋਬਿੰਦ ਜੀ 'ਸ੍ਰੀ ਸਾਹਿਬ' ਦੇ ਧਾਰਨੀ ਸਨ । ਉਹਨਾਂ ਦੀ ਮੀਰੀ ਤੇ ਪੀਰੀ ਦੀ 'ਸ੍ਰੀ ਸਾਹਿਬ' ਉਹਨਾਂ ਦੇ ਦ੍ਰਿੜ੍ਹ-ਜੀਵਨ-ਕਰਤੱਵਾਂ ਦਾ ਪ੍ਰਤੱਖ ਇਤਿਹਾਸ ਹੈ । ਉਹਨਾਂ ਦੀ ਦ੍ਰਿੜ੍ਹ-ਸ਼ਖਸੀਅਤ ਦਾ ਪੂਰਨ ਦਰਸ਼ਨ ਹੈ ।

ਗੁਰੂ ਹਰਿ ਗੋਬਿੰਦ ਜੀ ਦਾ ਮੁਗਲ ਗੱਦੀ ਵਿਰੁਧ ਗੁਰੂ-ਗੱਦੀ ਨੂੰ ਸ਼ਕਤੀ ਨਿਪੁੰਨ ਬਣਾਉਣਾ, ਵਿਰੋਧੀ ਦਲ ਤੋਂ ਬੇ ਪਰਵਾਹ ਹੋ ਕੇ ਆਪਣੀ ਸ੍ਵੈ-ਦ੍ਰਿੜ੍ਹਤਾ ਨੂੰ ਪਾਲਣਾ, ਘਟ ਸੈਨਿਕਾਂ ਦੁਆਰਾ ਮੁਗਲ ਫੌਜਾਂ ਦੇ ਬਹੁ ਹਿੱਸੇ ਨਾਲ ਸੰਘਰਸ਼ ਕਰਨਾ, ਗ੍ਰਿਫਤਾਰ ਵੀ ਹੋਣਾ, ਪਰ ਦਿਲ ਨੂੰ ਉਦਾਸ ਨਾ ਹੋਣ ਦੇਣਾ, ਪਿਤਾ ਦਾ ਸ਼ਹੀਦ ਹੋਣਾ, ਪਰ ਆਪਣੇ ਆਪ ਨੂੰ ਕਿਸੇ ਘਬਰਾਹਟ ਵਿਚ ਗ੍ਰੱਸਣ ਨਾ ਦੇਣਾ,...ਇਹ ਸਾਰੇ ਕਰਤੱਵ ਦ੍ਰਿੜ੍ਹ-ਆਤਮਕ-ਹਸਤੀ ਦੇ ਹੀ ਪ੍ਰਤੀਕ ਹਨ, 'ਸ੍ਰੀ ਸਾਹਿਬ' ਦੇ ਧਾਰਨੀ ਗੁਰੂ-ਹਸਤੀਆਂ ਦਾ ਹੀ ਪ੍ਰਮਾਣ ਹਨ । ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ-ਪੰਥ ਦੇ ਸਾਰੇ ਕਰਤੱਵ ਵੀ ਦ੍ਰਿੜ੍ਹਤਾ ਦੀ ਉੱਤਮ ਮਿਸਾਲ ਹਨ, ਦ੍ਰਿੜ੍ਹਤਾ-ਦਿਖਾਣ ਦੀ ਇਤਿਹਾਸਕ ਯਾਦ ਹਨ, 'ਸ੍ਰੀ ਸਾਹਿਬ' ਦੇ ਅਨੁਸਾਰੀ ਹੋਣ ਦਾ ਮਾਣ ਹਨ, 'ਸ੍ਰੀ ਸਾਹਿਬ' ਦੇ ਧਾਰਨੀ ਹੋਣ ਦਾ ਪੈਗਾਮ ਹਨ । 'ਪੰਥ-ਖਾਲਸਾ' ਆਪਣੀ 'ਅਰਦਾਸ' ਵਿਚ 'ਸ੍ਰੀ ਸਾਹਿਬ' ਜੀ ਸਹਾਇ' ਦੇ ਵਾਕ ਨੂੰ ਨਿਤ ਇਸ ਲਈ ਦੁਹਰਾਂਦਾ ਹੈ, ਕਿਉਂਕਿ ਇਸ ਤਰ੍ਹਾਂ ਉਸ ਨੂੰ ਮਾਨਸਿਕ ਤੌਰ ਤੇ ਦ੍ਰਿੜ੍ਹ ਰਹਿਣ ਦਾ ਉਤਸ਼ਾਹ ਮਿਲਦਾ ਹੈ, ਮਾਨਸਿਕ ਤੌਰ ਤੇ ਦਲੇਰ ਬਣ ਜਾਣ ਦਾ ਅਹਿਸਾਸ ਹੁੰਦਾ ਹੈ ।

Digitized by Panjab Digital Library | www.panjabdigilib.org

'ਦਲੇਰੀ' ਦਾ ਆਧਾਰ ਦ੍ਰਿੜ੍ਹਤਾ ਹੈ। ਦ੍ਰਿੜ੍ਹ-ਆਤਮਾ ਹੀ ਦਲੇਰ ਹੋ ਸਕਦੀ ਹੈ। 'ਦ੍ਰਿੜ੍ਹਤਾ' ਮਨੁਖ ਨੂੰ ਸੈ-ਮਾਣ ਦੀ ਜ਼ਿੰਦਗੀ ਬਤੀਤ ਕਰਨਾ ਸਿਖਾਂਦੀ ਹੈ। ਮਨੁਖ ਨੂੰ ਸਾਹਸ ਅਤੇ ਸਹਜ ਦੀ ਜ਼ਿੰਦਗੀ ਪ੍ਰਦਾਨ ਕਰਦੀ ਹੈ। ਸਾਹਸ ਅਤੇ ਸਹਜ ਦੀ ਅਵੱਸਥਾ ਵਿਚ ਜੀਉਣ ਵਾਲਾ ਹੀ ਦਲੇਰ ਹੋ ਸਕਦਾ ਹੈ। 'ਦਲੇਰੀ' ਕਿਸੇ ਹੰਕਾਰ ਵਿਚ ਕੀਤਾ ਕੋਈ ਕਰਤੱਵ ਨਹੀਂ 'ਦਲੇਰੀ' ਤਾਂ ਅੰਤਰ ਆਤਮਾ ਦੇ ਸ਼ੁੱਧ ਤੇ ਸੁਹਿਰਦ ਹੋਣ ਤੋਂ ਹੀ ਉਪਜਦੀ ਹੈ। ਕਿਉਂਕਿ 'ਸ਼ੁੱਧ-ਆਤਮਾ' ਡਰ ਮੁਕਤ ਹੁੰਦੀ ਹੈ। 'ਡਰ' ਤਾਂ ਉਥੇ ਹੁੰਦਾ ਹੈ ਜਿੱਥੇ ਕੋਈ ਮੈਲ ਹੋਵੇ, ਲੋਭ ਜਾਂ ਮੋਹ ਹੋਵੇ। ਜਦੋਂ ਅੰਤਰ-ਆਤਮਾ ਲੋਭ ਤੇ ਮੋਹ ਤੋਂ ਮੁਕਤ ਹੈ, ਤਾਂ ਫਿਰ ਉਸ ਨੂੰ ਡਰ ਕਾਹਦਾ ਹੈ? 'ਸ਼ੁੱਧ-ਆਤਮਾ' ਹੀ ਅਤਿ ਸੁਹਿਰਦ ਹੁੰਦੀ ਹੈ। ਕਿਉਂਕਿ ਉਹ ਧੋਖਾ, ਫਰੇਬ, ਤੇ ਠੱਗੀ ਕਰਨ ਤੋਂ ਮੁਨਕਰ ਹੁੰਦੀ ਹੈ। ਉਹ ਹਮੇਸ਼ਾਂ ਪ ਵੱਤ੍ਰ ਅਤੇ ਸੁਹਿਰਦ-ਭਾਵਾਂ ਦੀ ਮਾਲਕ ਹੁੰਦੀ ਹੈ। ਪਵਿੱਤ੍ਰ ਅਤੇ ਸੁਹਿਰਦ ਭਾਵਾਂ ਵਿਚੋਂ ਹੀ 'ਦਲੇਰੀ' ਭਾਵ ਦਾ ਜਨਮ ਹੁੰਦਾ ਹੈ। 'ਦਲੇਰੀ' ਉਸ ਭਾਵ-ਪ੍ਰਗਟਾ ਦਾ ਹੀ ਨਾਮ ਮਿਥਿਆ ਜਾ ਸਕਦਾ ਹੈ, ਜੋ ਤੁਹਾਡੇ ਅੰਦਰ ਹੈ ਜਾਂ ਜਿਸ ਤਰ੍ਹਾਂ ਦਾ ਵਿਚਾਰ ਤੁਹਾਡੇ ਅੰਦਰ ਹੈ, ਉਹੀ ਬਾਹਰ ਹੈ। ਆਪਣੇ ਅੰਤਰ-ਮੁਖੀ ਭਾਵਾਂ ਨੂੰ ਬਿਨਾਂ ਕਿਸੇ ਡਰ ਦੇ ਮੂਰਤੀਮਾਨ ਕਰ ਦੇਣਾ, ਇਹ ਦਲੇਰੀ ਦਾ ਵਿਹਾਰ ਹੈ। ਸਿਖ ਧਰਮ ਦਾ ਵਿਹਾਰ ਵੀ ਕੁਝ ਇਸੇ ਤਰ੍ਹਾਂ ਦੀ ਦਲੇਰੀ ਵਾਲਾ ਹੈ। ਗੁਰੂ-ਜ਼ਿੰਦਗੀਆਂ ਸਭ ਨਿਡਰ ਅਤੇ ਦਲੇਰ ਸਨ, ਸਾਹਸ ਅਤੇ ਸਹਜ ਵਾਲਾ ਜੀਵਨ ਬਿਤੀਤ ਕਰ ਰਹੀਆਂ ਸਨ। ਅੰਤਰ-ਆਤਮੇ ਤਾਂ ਗੁਰੂ ਸ਼ਖਸੀਅਤਾਂ ਸ਼ੁੱਧ ਅਤੇ ਸੁਹਿਰਦ ਸਨ, ਧੋਖਾ, ਫਰੇਬ ਤੇ ਠੱਗੀ ਤਾਂ ਉਹਨਾਂ ਦੇ ਵੈਰੀ-ਭਾਵ ਸਨ। ਉਹਨਾਂ ਦੀ ਤਾਂ ਸਾਰੀ ਜ਼ਿੰਦਗੀ ਨਿਰਵੈਰ ਦੀ ਜ਼ਿੰਦਗੀ ਸੀ। ਸੈ-ਮਾਣ ਤੇ ਪਰ-ਮਾਣ ਨੂੰ ਸਥਿੱਰ ਰਖਣਾ, ਉਹ ਆਪਣਾ ਪਰਮ ਧਰਮ ਸਮਝਦੇ ਸਨ। ਸੈ-ਮਾਣ ਤੇ ਪਰ-ਮਾਣ ਨੂੰ ਸਥਿਰ ਰਖਣ ਵਾਸਤੇ ਹੀ ਉਹ ਸਾਰੀ ਜ਼ਿੰਦਗੀ ਮੁੱਗਲਾਂ ਵਿਰੁਧ ਸੰਘਰਸ਼ ਕਰਦੇ ਰਹੇ। ਪਿਛੋਂ ਖਾਲਸਾ-ਪੰਥ ਵੀ ਇਸੇ ਦਲੇਰ ਜ਼ਿੰਦਗੀ ਦੀ ਕਾਇਮੀ ਲਈ ਅੰਦਰ ਤੇ ਬਾਹਰ-ਮੁਖੀ, ਵਿਰੋਧੀ ਤੇ ਹਮਲਾਵਰ-ਸ਼ਕਤੀਆਂ ਨਾਲ ਲੜਦਾ ਵੀ ਰਿਹਾ ਹੈ। ਨਿਡਰ ਤੇ ਦਲੇਰ-ਜ਼ਿੰਦਗੀ ਹੀ 'ਸ੍ਰੀ ਸਾਹਿਬ' ਦੀ ਜ਼ਿੰਦਗੀ ਹੈ। 'ਸ੍ਰੀ ਸਾਹਿਬ' ਮਨੁਖ-ਆਤਮਾ ਨੂੰ ਨਿਡਰਤਾ ਤੇ ਦਲੇਰੀ ਦਾ ਹੀ ਜਜ਼ਬਾ ਪ੍ਰਦਾਨ ਕਰਦੀ ਹੈ। ਨਿਡਰ ਅਤੇ ਦਲੇਰ-ਜ਼ਿੰਦਗੀ ਹੀ ਦਾਨੀ ਤੇ ਮਹਾਨ ਹੋ ਸਕਦੀ ਹੈ।

'ਦਾਨੀ-ਜ਼ਿੰਦਗੀ' ਦਾ ਭਾਵ-ਅਰਥ ਹੈ, ਵੱਡੀ ਜ਼ਿੰਦਗੀ, ਮਹਾਨ ਤੇ ਉੱਤਮ ਜ਼ਿੰਦਗੀ, ਆਪਣੇ ਸੈ-ਮਾਣ ਨੂੰ ਦਾਨ ਕਰ ਦੇਣ ਵਾਲੀ ਜ਼ਿੰਦਗੀ। 'ਦਾਨੀ' ਆਤਮਾ ਤਾਂ ਦਾਨ-ਨਮਿੱਤ ਆਪਣਾ ਸਭ ਕੁਝ ਭੇਂਟ ਚੜ੍ਹਾ ਦਿੰਦੀ ਹੈ। 'ਦਾਨੀ' ਆਤਮਾ ਨਾ ਤਾਂ ਤੰਗ-ਦਿਲ ਦੀ ਮਾਲਕ ਹੁੰਦੀ ਹੈ, ਨਾ ਹੀ ਮਜ਼ਹਬ, ਗੁਰੂ, ਗ੍ਰੰਥ, ਬੋਲੀ ਤੇ ਜਾਤਿ ਦੀਆਂ ਸੰਕੀਰਣ ਤੇ ਸੁਗੜੀਆਂ ਹੋਈਆਂ ਹੱਦਾਂ ਵਿਚ ਬੰਦ ਹੁੰਦੀ ਹੈ। 'ਦਾਨੀ-ਆਤਮਾ' ਰੱਬੀ-ਹੁਕਮ ਵਿਚ ਜੀਊਂਦੀ ਹੈ, ਰੱਬੀ ਭਾਣੇ ਨੂੰ ਮੰਨਦੀ ਹੈ, ਕੁਦਰਤੀ ਵਿਧਾਨ ਨੂੰ ਹੀ ਸਰਵੋਤਮ ਤੇ ਸ਼੍ਰੋਮਣੀ-ਸ਼ਕਤੀ ਸਵੀਕਾਰ ਕਰਦੀ ਹੈ। ਦੈਵੀ ਕੀਮਤਾਂ ਨੂੰ ਗ੍ਰਹਿਣ ਕਰਨ ਨਾਲ ਹੀ ਕੋਈ ਦਾਨੀ-ਸ਼ਖਸੀਅਤ ਨਿਰਮਾਣੀ ਜਾ ਸਕਦੀ ਹੈ। 'ਪ੍ਰਭੂ' ਦਾ ਜੋ ਸੁਭਾ-ਸਰੂਪ ਤੇ ਕਰਤੱਵ ਧਰਮ ਗ੍ਰੰਥਾਂ ਵਿਚ ਮਿਥਿਆ ਗਿਆ ਹੈ, ਉਹੀ ਸੁਭਾ, ਸਰੂਪ ਤੇ ਕਰਤੱਵ 'ਦਾਨੀ-ਆਤਮਾ' ਦਾ ਹੁੰਦਾ ਹੈ। ਜੇ 'ਪ੍ਰਭੂ' ਦਾ ਸੁਭਾ ਬੜਾ ਸ਼ਾਂਤ, ਸਬਰ ਤੇ

Digitized by Panjab Digital Library | www.panjabdigilib.org

ਪਿਆਰ ਵਾਲਾ ਹੈ, ਤਾਂ ਦਾਨੀ-ਆਤਮਾ ਸਾਂਤ-ਦਿਲ, ਸਬਰ-ਧਾਰੀ ਤੇ ਪਿਆਰ ਵਿਚ ਭਿੱਜੀ ਮੂਰਤ ਹੋਣੀ ਚਾਹੀਦੀ ਹੈ। ਜੇ ਪ੍ਰਭੂ ਦਾ ਸਰੂਪ ਬੜਾ ਸ਼ੁੱਧ, ਸੁਹਿਰਦ ਤੇ ਸੁਭਾਵਕ ਹੁੰਦਾ ਹੈ, ਤਾਂ ਦਾਨੀ ਆਤਮਾ ਵੀ ਸ਼ੁਧ, ਸੁਹਿਰਦ ਤੇ ਸੁਭਾਵਕ ਸਰੂਪ ਦੀ ਹੀ ਸੁਆਮੀ ਹੋਣੀ ਚਾਹੀਦੀ ਹੈ। ਜੇ 'ਪ੍ਰਭੂ' ਦਾ ਕਰਤੱਵ ਹਮੇਸ਼ਾਂ ਕਰਤਾਰੀ ਤੇ ਮਰਦਾਨਗੀ (ਪੁਰਖ) ਵਾਲਾ ਹੁੰਦਾ ਹੈ ਤਾਂ ਦਾਨੀ-ਆਤਮਾ ਦਾ ਕਰਤਵ ਵੀ ਕਰਤਾਰੀ ਤੇ ਮਰਦਾਨਗੀ ਵਾਲਾ ਹੀ ਹੋਣਾ ਚਾਹੀਦਾ ਹੈ।'ਦਾਨੀ-ਆਤਮਾ' ਨਾ ਤਾਂ ਕਦੀ ਢਾਊ-ਕਰਤਵ ਕਰਦੀ ਹੈ ਅਤੇ ਨਾ ਹੀ ਕਦੀ ਦੈਵੀ ਕਰਤਵ ਕਰਨ ਤੋਂ ਝਿਜਕਦੀ ਜਾਂ ਪਿਛੇ ਹਟਦੀ ਹੈ। ਦਾਨੀ-ਆਤਮਾ ਦਾ ਆਸ਼ਾ ਤੇ ਉਦੇਸ਼ ਚੂੰਕਿ ਹਮੇਸ਼ਾਂ ਕਰਤਾਰੀ ਹੁੰਦਾ ਹੈ, ਇਸ ਲਈ ਉਹ ਹਰ ਕਰਤੱਵ ਮਰਦਾਨਗੀ ਤੇ ਵਰਿਆਮਗੀ ਨਾਲ ਕਰਦੀ ਹੈ। 'ਸਿਖ ਧਰਮ' ਮਰਦਾਨਗੀ ਦਾ ਧਰਮ ਹੀ ਹੈ। ਗੁਰੂ-ਸ਼ਖਸੀਅਤਾਂ ਵੀ ਵਰਿਆਮੀ ਸਨ। ਗੁਰੂ-ਸ਼ਖਸੀਅਤਾਂ ਸੁਭਾ ਵਲੋਂ ਬੜੀਆਂ ਸ਼ਾਂਤ-ਦਿਲ, ਸਬਰ-ਧਾਰੀ, ਤੇ ਪਿਆਰ ਵਾਲੀਆਂ ਸਨ। ਸਰੂਪ ਵਜੋਂ ਸ਼ੁਧ, ਸੁਹਿਰਦ ਤੇ ਸੁਭਾਵਕ ਜ਼ਿਦਗੀ ਜੀਉਂਦੀਆਂ ਸਨ। ਕਰਤਵ ਵਜੋਂ ਤਾਂ ਉਹ ਪੂਰਨ ਕਰਤਾਰੀ ਤੇ ਵਰਿਆਮੀ ਸਨ। ਉਹਨਾਂ ਦੇ ਸਰਬ-ਕਰਤੱਵ ਕਰਤਾਰੀ ਤੇ ਮਰਦਾਨਗੀ ਦੀ ਉੱਤਮ ਮਿਸਾਲ ਹਨ, ਪੰਜਾਬ ਭਾਰਤ ਦੇ ਇਤਿਹਾਸ ਦਾ ਸੁਨਹਿਰੀ ਚਮਤਕਾਰ ਹਨ, ਖਾਲਸਾ-ਪੰਥ ਦੀ ਸ਼ਿੰਗਾਰਕ ਜਾਇਦਾਦ ਹਨ, 'ਸ੍ਰੀ ਸਾਹਿਬ' ਵਾਲੀ ਜ਼ਿੰਦਗੀ ਦੀ ਪ੍ਰਮਾਣੀਕ ਤੇ ਪ੍ਰਤੀਕਰਮ-ਆਵਾਜ਼ ਹਨ। ਜਦੋਂ ਖਾਲਸਾ-ਪੰਥ 'ਸ੍ਰੀ ਸਾਹਿਬ ਜੀ ਸਹਾਇ' ਦਾ ਵਰਦਾਨ ਮੰਗਦਾ ਹੈ, ਤਾਂ ਉਹ ਦ੍ਰਿੜ੍ਹ, ਦਲੇਰ ਤੇ ਦਾਨੀ-ਜ਼ਿੰਦਗੀ ਦਾ ਹੀ ਦਾਨ ਮੰਗ ਰਿਹਾ ਹੁੰਦਾ ਹੈ।

'ਸ੍ਰੀ ਸਾਹਿਬ ਜੀ ਸਹਾਇ' ਦਾ ਇਕ ਭਾਵ ਇਹ ਵੀ ਹੈ, ਕਿ 'ਸ੍ਰੀ ਸਾਹਿਬ' ਦੀ ਜ਼ਿੰਦਗੀ ਹੀ ਹਮੇਸ਼ਾਂ ਸਹਾਇਕ-ਸਿਧ ਹੋ ਸਕਦੀ ਹੈ। 'ਸ੍ਰੀ ਸਾਹਿਬ' ਦੀ ਜ਼ਿੰਦਗੀ ਆਤਮਕ ਤੇ ਰਾਜਨੀਤਕ ਤੌਰ ਤੇ ਬੜੀ ਆਦਰਸ਼ਕ ਤੇ ਪ੍ਰਭਾਵਸ਼ਾਲੀ ਹੈ। ਕਿਉਂਕਿ ਉਹ 'ਸ੍ਰੀ ਸਾਹਿਬ' ਦੀ ਜ਼ਿੰਦਗੀ ਵਿਚ ਸੰਪੰਨ ਤੇ ਪੂਰਨ ਸਨ। 'ਸ੍ਰੀ ਸਾਹਿਬ' ਭਾਵੇਂ ਇਕ ਸ਼ੱਸਤਰ ਵੀ ਹੈ, ਪਰ 'ਸ਼ਸਤਰ' ਸਦੀਵੀ ਤੌਰ ਤੇ ਸਹਾਇਕ-ਸਿੱਧ ਨਹੀਂ ਹੋ ਸਕਦੇ। ਇਕ ਦ੍ਰਿਸ਼ਟੀਕੋਣ ਤੋਂ ਸ਼ਸਤਰਾਂ ਵਿਚੋਂ ਕੁਝ ਸ਼ਸਤਰ 'ਸ੍ਰੀ ਸਾਹਿਬ' ਨਾਲੋਂ ਵਧ ਸ਼ਕਤੀ ਨਿਪੁੰਨ ਹਨ। ਫਿਰ ਹਰ ਭਾਂਤ ਦੀ ਸਹਾਇਤਾ 'ਸ੍ਰੀ ਸਾਹਿਬ' ਕਿਵੇਂ ਕਰ ਸਕਦੀ ਹੈ ? ਇਤਿਹਾਸਕ ਤੌਰ ਤੇ ਕਿਹਾ ਜਾ ਸਕਦਾ ਹੈ, ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਸਾਹਿਬ' ਨੂੰ ਸ੍ਰਵੋਤਮ ਤੇ ਸਰਬ-ਸ਼ਕਤੀ ਦਾ ਸੰਕਲਪ ਪ੍ਰਵਾਨ ਕੀਤਾ, ਤਾਂ ਉਸ ਵਕਤ 'ਸ੍ਰੀ ਸਾਹਿਬ' ਹੀ ਪ੍ਰਮੁਖ ਸ਼ਕਤੀ-ਨਿਪੁੰਨ ਸ਼ੱਸਤਰ ਹੋਵੇਗਾ ਤੇ ਇਹੀ ਸਹਾਇਕ-ਸਿਧ ਹੋ ਸਕਦਾ ਹੋਵੇਗਾ। ਪਰ ਅੱਜ ਜਦੋਂ ਕਿ 'ਸ੍ਰੀ ਸਾਹਿਬ' ਦੇ ਸ਼ਸਤਰ ਨਾਲੋਂ ਵਧ ਕਈ ਸ਼ਕਤੀ-ਨਿਪੁੰਨ ਸ਼ਸਤਰ ਬਣ ਗਏ ਹਨ ਤੇ 'ਸ੍ਰੀ ਸਾਹਿਬ' ਨਾਲੋਂ ਵਧ ਕੇ ਉਹ ਸਹਾਇਕ-ਸਿਧ ਵੀ ਹੋ ਰਹੇ ਹਨ। ਫਿਰ ਸ੍ਰੀ ਸਾਹਿਬ' ਕੋਲੋਂ ਸਹਾਇ ਹੋਣ ਦਾ ਵਰਦਾਨ ਕਿਉਂ ਮੰਗਿਆ ਜਾਂਦਾ ਹੈ ? ਕਿਉਂ ਅਰਦਾਸ ਦੇ ਬੋਲਿਆਂ ਵਿਚ ਉਹਨਾਂ ਸ਼ਸਤਰਾਂ ਦਾ ਨਾਮ ਲੈ ਕੇ ਸਹਾਇ ਹੋਣ ਦਾ ਵਰਦਾਨ ਮੰਗਿਆ ਜਾਂਦਾ ਹੈ। ਖਾਲਸਾ-ਪੰਥ ਨੇ ਇਸ ਤਰ੍ਹਾਂ ਕਦੀ ਸੋਚਿਆ ਵੀ ਨਹੀਂ। ਕਿਉਂ ? ਇਸ ਦਾ ਪ੍ਰਮੁਖ ਕਾਰਨ ਇਹੀ ਜਾਪਦਾ ਹੈ, ਕਿ 'ਸ੍ਰੀ ਸਾਹਿਬ ਜੀ ਸਹਾਇ' ਦਾ

Digitized by Panjab Digital Library | www.panjabdigilib.org

ਵਰਦਾਨ ਕੇਵਲ ਲੋਹੇ ਦੀ ਤੇਗ ਸਹਾਇ ਮੰਗਣ ਦਾ ਵਰਦਾਨ ਨਹੀਂ ਅਤੇ ਨਾ ਹੀ 'ਸ੍ਰੀ ਸਾਹਿਬ ਜੀ ਸਹਾਇ' ਦੇ ਵਾਕ ਨੂੰ ਦੁਹਰਾਣ ਨਾਲ 'ਸ੍ਰੀ ਸਾਹਿਬ' ਸਹਾਇਕ ਸਿੱਧ ਹੁੰਦੀ ਹੈ।

'ਸ੍ਰੀ ਸਾਹਿਬ' ਦਾ ਸਾਕਾਰ ਅਰਥ 'ਤੇਗ-ਭਗਉਤੀ-ਸ਼ਮਸ਼ੀਰ' ਹੀ ਹੈ। ਗੁਰੂ ਹਰਿ ਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ 'ਸ੍ਰੀ ਸਾਹਿਬ' ਜਾਂ ਤੇਗ਼ ਮੁਗਲ ਸਾਮਰਾਜ ਨਾਲ ਲੜੀਆਂ ਲੜਾਈਆਂ ਵਿਚ ਸਹਾਇਕ ਸਿੱਧ ਹੁੰਦੀ ਹੈ। ਯੋਧੇ ਗੁਰੂ ਤੇ ਗੁਰ ਸਿੱਖ, 'ਸ੍ਰੀ ਸਾਹਿਬ' ਨਾਲ ਹੀ ਮੈਦਾਨੇ ਜੰਗ ਵਿਚ ਲੜਿਆ ਕਰਦੇ ਸਨ। ਭਾਵੇਂ ਉਹਨਾਂ ਕੋਲ ਬਰਛਾ, ਚੱਕਰ, ਬਰਛੀ, ਤੀਰ-ਕਮਾਣ, ਖੰਡਾ ਤੇ ਬੰਦੂਕ, ਕੁਝ ਹੋਰ ਸ਼ਸਤਰ ਵੀ ਹੁੰਦੇ ਸਨ, ਪਰ 'ਸ੍ਰੀ ਸਾਹਿਬ' ਉਹਨਾਂ ਦਾ ਬੜਾ ਪਿਆਰਾ ਸ਼ੱਸਤਰ ਸੀ। 'ਸ੍ਰੀ ਸਾਹਿਬ' ਦੁਆਰਾ ਹੀ ਉਹ ਬੜੀ ਦ੍ਰਿੜ੍ਹਤਾ, ਦਲੇਰੀ ਤੇ ਮਰਦਾਨਗੀ ਨਾਲ ਲੜਦੇ ਸਨ। ਭਾਵੇਂ ਉਹ ਲੜਦੇ 'ਸ੍ਰੀ ਸਾਹਿਬ' ਨਾਲ ਸਨ, ਪਰ 'ਸ੍ਰੀ ਸਾਹਿਬ' ਤੋਂ ਉਹਨਾਂ ਨੂੰ ਨੇਕੀ, ਨਿਆਂ ਤੇ ਨੇਹੁੰ ਦੀ ਜਿਹੜੀ ਸਾਰਥਿਕ ਤੇ ਉਤਸ਼ਾਹ ਜਗਾਊ ਪ੍ਰੇਰਨਾ ਮਿਲਦੀ ਸੀ, ਉਹ ਪ੍ਰੇਰਨਾ ਤਲਵਾਰ ਜਾਂ ਕਿਰਪਾਣ ਦੀ ਨਹੀਂ ਸੀ, ਬਲਕਿ ਪ੍ਰਭੂ-ਦਰਬਾਰ ਵਲੋਂ 'ਸਹਾਈ' ਹੋਣ ਦਾ ਵਿਸ਼ਵਾਸ ਮਿਲਦਾ ਸੀ। 'ਸ੍ਰੀ ਸਾਹਿਬ'ਗੁਰੂ-ਖਾਲਸੇ ਲਈ ਜਿਤ-ਪ੍ਰਾਪਤ ਕਰਨ ਦਾ ਦ੍ਰਿੜ੍ਹ ਵਿਸ਼ਵਾਸ ਹੈ, ਸ੍ਵੈ-ਮਾਣ ਨੂੰ ਮਰ ਮਿੱਟ ਕੇ ਵੀ ਸਥਿੱਰ ਰਖਣ ਦਾ ਅਹਿਸਾਸ ਹੈ। ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ-ਪੰਥ ਜਦੋਂ ਵੀ ਲੜਦਾ ਸੀ ਤਾਂ ਉਹ ਜਿਤ ਪ੍ਰਾਪਤ ਕਰਣ ਦੇ ਵਿਸ਼ਵਾਸ ਨਾਲ ਲੜਦਾ ਸੀ, ਮਰ ਮਿਟਣ ਦੇ ਅਹਿਸਾਸ ਨਾਲ ਹੀ ਲੜਦਾ ਸੀ। ਨਾਲੇ ਗੁਰੂ ਖਾਲਸੇ ਦਾ ਇਹ ਵਿਸ਼ਵਾਸ ਹੁੰਦਾ ਸੀ, ਕਿ ਅਸੀਂ ਨੇਕੀ, ਨਿਆਂ ਅਤੇ ਨੇਹੁੰ ਦੀ ਪਾਲਣਾ ਵਾਸਤੇ ਲੜ ਰਹੇ ਹਾਂ। ਚੂੰਕਿ ਮੁਗਲ ਫੌਜਾਂ ਬਦੀ ਦਾ ਪੱਖ ਪੂਰ ਕੇ ਬਦੀ ਰਾਜ ਨੂੰ ਸਥ ਪਤ ਕਰਨ ਵਿਚ ਜ਼ੋਰ ਅਜ਼ਮਾਈ ਕਰ ਰਹੀਆਂ ਸਨ, ਪਰ ਗੁਰੂ-ਖਾਲਸਾ ਬਦੀ ਵਿਰੁਧ ਨੇਕੀ ਦਾ ਰਾਜ ਸਥਾਪਤ ਕਰਨ ਵਾਸਤੇ ਮੁਗਲ ਫੌਜਾਂ ਨਾਲ ਲੜ ਰਿਹਾ ਸੀ। ਮੁਗਲ ਫੌਜਾਂ ਅਨਿਆਂ ਪਸੰਦ ਸਨ, ਪਰ ਗੁਰੂ-ਖਾਲਸਾ ਨਿਆਂ ਪਸੰਦ ਸੀ। ਮੁਗਲ ਫੌਜਾਂ ਮਨੁੱਖਤਾ ਦਾ ਘਾਤ ਕਰ ਰਹੀਆਂ ਸਨ, ਤੇ ਗੁਰੂ ਖਾਲਸਾ ਮਾਨਵ ਪੱਧਰ ਤੇ ਨੇਹੁੰ ਪਾਲ ਰਿਹਾ ਸੀ। ਝਗੜਾ ਹੋਣਾ ਕੁਦਰਤੀ ਸੀ। ਇਕ ਹਾਕਮ ਹੋਵੇ ਤੇ ਦੂਸਰੀ ਪਰਜਾ ਹੋਵੇ, ਹਾਕਮ ਬਦੀ ਦਾ ਹਾਮੀ ਹੋਵੇ ਤੇ ਪਰਜਾ ਨੇਕੀ ਦੀ ਹਾਮੀ ਹੋਵੇ, ਨਾਲੇ ਇਕ ਸਮੇਂ ਤੇ ਸਥਾਨ ਤੇ, ਦੋਵੇਂ ਗੱਦੀਆਂ ਕਿਵੇਂ ਸ਼ਾਂਤ ਹੋ ਕੇ ਰਹਿ ਸਕਦੀਆਂ ਸਨ। ਅਜਿਹੀ ਅਵੱਸਥਾ ਵਿਚ ਅਜਾਂਤੀ ਤੇ ਕ੍ਰਾਂਤੀ ਹੋ ਜਾਣੀ ਸੁਭਾਵਕ ਹੁੰਦੀ ਹੈ, ਗੁਰੂ-ਖਾਲਸਾ ਅਸ਼ਾਂਤ ਰਹਿਣ ਦਾ ਤਾਂ ਹਾਮੀ ਹੀ ਨਹੀਂ ਸੀ, ਪਰ ਕ੍ਰਾਂਤੀ ਲਿਆਉਣ ਦਾ ਚਾਹਵਾਨ ਜ਼ਰੂਰ ਸੀ। ਜਦੋਂ ਗੁਰੂ ਸਾਹਿਬਾਂ ਉਪਦੇਸ਼ਾਤਮਿਕ ਪੱਧਰ ਤੇ ਸਾਰੇ ਵਿਸ਼ਵ ਵਿਚ ਘੁੰਮ ਫਿਰ ਕੇ, ਸ਼ਾਂਤੀ ਸਥਾਪਨ ਕਰਨ ਦਾ ਸਨੇਹਾ ਦੇ ਕੇ, ਮਨੁੱਖਤਾ ਨੂੰ ਆਪਣੀ ਜੀਵਨ-ਛੋਹ ਬਖਸ਼ ਕੇ, ਰਾਜਿਆਂ ਨੂੰ ਸੀਂਹ ਤੇ ਮੁਕੱਦਮਾਂ ਨੂੰ ਕੁੱਤੇ ਕਹਿ ਕੇ, ਵਹਿਮਾਂ ਭਰਮਾ ਦੇ ਮੰਦਰਾਂ ਵਿਚੋਂ ਕਢ ਕੇ, ਸਿੱਧਾਂ-ਜੋਗੀਆਂ ਨੂੰ ਪਰਬਤਾਂ ਦੀਆਂ ਕੁੰਦਰਾਂ ਵਿਚੋਂ ਉਠਾ ਕੇ, ਜੇਲ੍ਹਾਂ ਵਿਚ ਜਾਣਾ ਮੰਨ ਕੇ, ਤੱਤੀ ਤਵੀ ਤੇ ਬੈਠਨਾ ਪ੍ਰਵਾਨ ਕਰ ਕੇ, ਸੀਸ ਨੂੰ ਧੜ ਨਾਲੋਂ ਅਲੱਗ ਕਰਵਾਉਣਾ ਸਵੀਕਾਰ ਕਰ ਕੇ, ਸਰਬੰਸ ਕੁਰਬਾਨ ਕਰਵਾ ਕੇ ਵੇਖਿਆ ਕਿ ਮੁਗਲ-ਬਾਦਸ਼ਾਹਾਂ, ਮੁਕੱਦਮਾਂ ਤੇ ਕਾਜ਼ੀਆਂ ਦਾ ਕੋਈ ਸੁਧਾਰ ਨਹੀਂ

Digitized by Panjab Digital Library | www.panjabdigilib.org

ਹੋਂਇਆ, ਤੇ ਉਹ ਆਪਣੀ ਆਦਤ ਮੁਤਾਬਿਕ ਬਦੀ ਦਾ ਪੱਖ ਹੀ ਪੂਰਦੇ ਜਾ ਰਹੇ ਹਨ, ਤਾਂ ਗੁਰੂ-ਖਾਲਸੇ ਨੇ ਕ੍ਰਾਂਤੀ ਨੂੰ ਲਿਆਉਣਾ ਪਸੰਦ ਕੀਤਾ । ਮਾਨਸਿਕ–ਕ੍ਰਾਂਤੀ ਲਿਆਉਣ ਦੀ ਤਾਂ ਗੁਰੂ-ਪ੍ਰੰਪਰਾ ਪਹਿਲਾਂ ਹੀ ਹਾਮੀ ਸੀ । ਕਿਉਂਕਿ ਮਾਨਸਿਕ ਕ੍ਰਾਂਤੀ ਬਿਨਾਂ ਨੇਕੀ, ਨਿਆਂ, ਤੇ ਨੇਹੁੰ ਦਾ ਰਾਜ ਸਥਾਪਤ ਹੋ ਹੀ ਨਹੀਂ ਸੀ ਸਕਦਾ। ਪਰ ਜਦੋਂ ਬਦੀ, ਅਨਿਆਂ, ਤੇ ਵਿਰੋਧਤਾ ਦੀ ਅਤਿ ਹੋ ਗਈ, ਤਾਂ ਗੁਰੂ ਖਾਲਸੇ ਨੇ ਨਿਸਚਾ ਧਾਰ ਲਿਆ, ਕਿ ਹੁਣ ਸਮਾਜਕ ਤੇ ਰਾਜਨੀਤਕ ਕ੍ਰਾਂਤੀ ਬਿਨਾਂ ਨੇਕੀ, ਨਿਆਂ ਤੇ ਨੇਹੁੰ ਦਾ ਰਾਜ ਸਥਾਪਨ ਹੋਣਾ ਅਸੰਭਵ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਸਮਾਜਕ ਤੇ ਰਾਜਨੀਤਕ ਕ੍ਰਾਂਤੀ ਦਾ ਆਗੂ ਮੰਨ ਲੈਣਾ ਚਾਹੀਦਾ ਹੈ। ਬੰਦਾ ਬਹਾਦਰ ਦੀਆਂ ਬਦੀ, ਅਨਿਆਂ ਤੇ ਮੁਗਲ ਵਿਰੋਧਤਾ ਵਿਰੁਧ ਕੀਤੀਆਂ ਲੜਾਈਆਂ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਾਂਤ-ਦਰਸ਼ੀ ਪੈਗਾਮ ਦਾ ਹੀ ਪ੍ਰਤੀਕਰਮ ਕਹਿਣੀਆਂ ਚਾਹੀਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀ ਅੰਤਰ-ਆਤਮਾ ਵਿਚ ਵੀ ਸਮਾਜਕ ਤੇ ਰਾਜਨੀਤਕ–ਕ੍ਰਾਂਤੀ ਦਾ ਜਿਹੜਾ ਭਾਂਬੜ ਬਲਦਾ ਸੀ, ਜਿਸ ਦੇ ਫਲ ਸਰੂਪ ਪੰਜਾਬ ਤੇ ਗੁਰੂ-ਖਾਲਸੇ ਦਾ ਕਬਜ਼ਾ ਵੀ ਹੋਇਆ ਸੀ, ਉਹ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਲੀ ਹੋਈ ਕ੍ਰਾਂਤ–ਚੰਗਿਆੜੀ ਦਾ ਹੀ ਸਿੱਟਾ ਸੀ । ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ, ਇਹਨਾਂ ਤਿੰਨਾਂ ਮਹਾਨ ਤੇ ਹਮਾਂਬਲੀ ਸ਼ਖਸੀਅਤਾਂ ਨੂੰ ਹੀ ਪੰਜਾਬ ਦੀ ਸਮਾਜਕ ਤੇ ਰਾਜਨੀਤਕ–ਕ੍ਰਾਂਤੀ ਦਾ ਜ਼ਿੰਮੇਵਾਰ ਕਹਿਣਾ ਚਾਹੀਦਾ, ਹੈ। ਇਹਨਾਂ ਤਿੰਨਾਂ ਦਾ ਹੀ ਪਿਆਰਾ ਸ਼ੱਸਤਰ 'ਸ੍ਰੀ ਸਾਹਿਬ' ਸੀ। 'ਸ੍ਰੀ ਸਾਹਿਬ ਨਾਲ ਹੀ ਤਿੰਨੇ 'ਮਹਾਂਬਲੀ' ਵਿਰੋਧੀ–ਦਲ ਨਾਲ ਮੈਦਾਨੇ–ਜੰਗ ਵਿਚ ਲੜਦੇ ਰਹੇ ਹਨ। ਤਿੰਨੇ ਮਹਾਂਬਲੀ–ਯੋਧੇ 'ਸ੍ਰੀ ਸਾਹਿਬ' ਨੂੰ ਪੂਜਦੇ ਸਨ, 'ਸ੍ਰੀ ਸਾਹਿਬ' ਨੂੰ ਮੱਥਾ ਟੇਕਦੇ ਸਨ, 'ਸ੍ਰੀ ਸਾਹਿਬ' ਦੀ ਜੈ ਮੰਗਦੇ ਸਨ, 'ਸ੍ਰੀ ਸਾਹਿਬ' ਨੂੰ ਪ੍ਰਭੂ–ਸ਼ਕਤੀ ਸਵੀਕਾਰ ਕਰਦੇ ਸਨ । 'ਸ੍ਰੀ ਸਾਹਿਬ' ਨੂੰ ਪ੍ਰਭੂ–ਸ਼ਕਤੀ ਸਮਝ ਕੇ ਹੀ ਪੰਥ–ਖਾਲਸਾ ਇਸ ਦਾ ਸਤਿਕਾਰ ਕਰਦਾ ਹੈ, ਇਸ ਪਿੱਛੇ ਮਰ–ਮਿਟਦਾ ਹੈ, ਇਸਨੂੰ ਆਪਣਾ ਅੰਗ ਸਮਝਦਾ ਹੈ, ਇਸ ਉਤੇ ਮਾਣ ਕਰਦਾ ਹੈ, ਇਸ ਨੂੰ ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਤੇ ਨਿਆਸਰਿਆਂ ਦਾ ਆਸਰਾ ਮੰਨਦਾ ਹੈ। 'ਖਾਲਸਾ–ਪੰਥ' ਇਸੇ ਕਰ ਕੇ ਆਪਣੀ ਨਿਤ ਦੀ ਅਰਦਾਸ ਵਿਚ 'ਸ੍ਰੀ ਸਾਹਿਬ' ਨੂੰ 'ਸਹਾਇ' ਹੋਣ ਦਾ ਵਰਦਾਨ ਮੰਗਦਾ ਹੈ, 'ਸ੍ਰੀ ਸਾਹਿਬ' ਨੂੰ ਸਹਾਇਕ–ਸਿੱਧ ਹੋਣ ਦਾ ਮਾਣ ਬਖ਼ਸ਼ਦਾ ਹੈ ।

'ਸ੍ਰੀ ਸਾਹਿਬ' ਸੱਚ ਮੁੱਚ ਹੀ ਖਾਲਸਾ–ਪੰਥ ਦੀ 'ਸਹਾਇ' ਹੈ ।

Digitized by Panjab Digital Library | www.panjabdigilib.org

ਸਿੱਖੀ ਦਾਨ ਤੇ ਬਿਬੇਕ ਦਾਨ

'ਸਿੱਖੀ' ਦਾ ਭਾਵ-ਅਰਥ ਹੈ, 'ਗੁਰੂ-ਸਿਖਿਆ ਦਾ ਅਮਲੀ-ਵਿਹਾਰ'। 'ਸਿੱਖੀ' ਆਪਣੇ ਆਪ ਵਿਚ ਅਮਲੀ-ਵਿਹਾਰ ਹੈ। ਸਿੱਖੀ ਕੋਈ ਗੱਲਾਂ ਦਾ ਨਾਮ ਨਹੀਂ, ਨਾ ਹੀ ਅਖਾਉਤੀ ਰਸਮ-ਰਿਵਾਜਾਂ ਅਨੁਸਾਰ ਵਿਚਰਣ ਦਾ ਨਾਮ ਹੈ। ਗੁਰੂ-ਸਿਖਿਆ ਨੂੰ ਧਾਰਨ ਕਰਨ ਵਾਲਾ 'ਸਿੱਖ' ਹੈ, 'ਗੁਰਸਿੱਖ' ਹੈ, ਪਰ ਸਿੱਖ ਦੀ ਗੁਰੂ-ਸਿਖਿਆ ਅਨੁਸਾਰ ਜਿਹੜੀ ਰਹਿਣੀ-ਬਹਿਣੀ ਹੈ, ਉਸ ਦਾ ਨਾਮ ਸਿੱਖੀ ਹੈ। ਸਿੱਖੀ ਦਾ ਸਬੰਧ ਜੀਵਨ ਦੇ ਅੰਤਰੀਵੀ-ਅਮਲ ਨਾਲ ਹੈ, ਜੀਵਨ ਦੇ ਅਸਲ ਤੇ ਕਰਨੀ-ਵਿਹਾਰ ਨਾਲ ਹੈ। ਸਾਧਾਰਨ ਰੂਪ ਵਿਚ ਜੀਵਨ ਦੋ-ਮੁਖੀ ਹੈ। ਜੀਵਨ ਦਾ ਇਕ ਮੁਖ ਕਥਨੀ ਹੈ ਤੇ ਦੂਜਾ ਕਰਨੀ ਵਲ ਹੈ। ਸਿੱਖੀ ਦਾ ਸਬੰਧ ਜੀਵਨ ਦੇ ਕਥਨੀ ਮੁਖ ਨਾਲ ਨਹੀਂ, ਬਲਕਿ ਜੀਵਨ ਦੇ ਕਰਨੀ ਮੁਖ ਨਾਲ ਹੈ। ਇਸੇ ਕਰਕੇ ਸਿੱਖੀ ਆਪਣੇ ਆਪ ਵਿਚ 'ਭਗਤੀ' ਹੈ। ਜਿਵੇਂ ਭਗਤ-ਹਿਰਦਾ ਅਮਲ ਤੇ ਅਭਿਆਸ ਦੀ ਜ਼ਿੰਦਗੀ ਜੀਉਂਦਾ ਹੈ, ਕੁਝ ਇਸੇ ਤਰ੍ਹਾਂ ਸਿੱਖ ਦੀ ਸਿੱਖੀ ਵੀ ਅਮਲ ਤੇ ਅਭਿਆਸ ਉੱਤੇ ਹੀ ਆਧਾਰਤ ਹੈ, ਅਸਲ ਤੇ ਸ਼ੁੱਧ ਵਿਹਾਰ ਵਿਚ ਹੀ ਵਿਸ਼ਵਾਸ ਰਖਦੀ ਹੈ। 'ਸਿੱਖੀ' ਨੂੰ ਭਗਤੀ ਦਾ ਹੀ ਦੂਜਾ ਰੂਪ ਮੰਨ ਲੈਣਾ ਚਾਹੀਦਾ ਹੈ। ਇਸੇ ਕਰਕੇ ਗੁਰੂ-ਸਿਖਿਆ ਦੇ ਮੁਖ ਤੱਤ੍ਵ ਭਾਰਤੀ ਭਗਤੀ ਪ੍ਰੰਪਰਾ ਦੇ ਹੀ ਅਨੁਸਾਰੀ ਹਨ। ਭਾਵੇਂ ਸਿੱਖੀ ਦਾ ਆਦਿ ਕਾਲ ਗੁਰੂ ਨਾਨਕ ਦੇਵ ਜੀ ਨਾਲ ਹੀ ਆਰੰਭ ਹੁੰਦਾ ਹੈ, ਪਰ ਇਹ ਨਿਸਚੇ ਨਾਲ ਆਖਿਆ ਜਾ ਸਕਦਾ ਹੈ, ਕਿ 'ਸਿੱਖੀ' ਦੀਆਂ ਜੜ੍ਹਾਂ ਨਿਰੋਲ ਭਾਰਤੀ ਹਨ। ਗੁਰੂ-ਸ਼ਖਸੀਅਤਾਂ ਮੁਖ ਰੂਪ ਵਿਚ ਸ਼ੁੱਧ ਭਾਰਤੀ ਹੀ ਸਨ। 'ਭਾਰਤ' ਦੀਆਂ ਧਰਤੀ-ਸੀਮਾਵਾਂ ਹੀ ਉਹਨਾਂ ਦੀਆਂ ਜਨਮ-ਭੂਮੀਆਂ ਸਨ, ਇਨ੍ਹਾਂ ਜਨਮ-ਭੂਮੀਆਂ ਤੇ ਹੀ ਉਹਨਾਂ ਨੇ ਆਪਣੇ ਜੀਵਨ ਨੂੰ ਹਸਦਿਆਂ-ਖੇਡਦਿਆਂ ਬਿਤਾਇਆ, ਇਸੇ ਧਰਤੀ ਤੋਂ ਹੀ ਉਹਨਾਂ ਨੇ ਸਿੱਖੀ ਦਾ ਮੁਢ ਬੰਨ੍ਹਿਆਂ ਤੇ ਇਸ ਨੂੰ ਪੂਰਨਤਾ ਵੀ ਪ੍ਰਦਾਨ ਕੀਤੀ। ਇਸੇ ਧਰਤੀ-ਸੀਮਾਂ ਤੋਂ ਹੀ ਗੁਰੂ ਸ਼ਖਸੀਅਤਾਂ ਨੇ 'ਸਿੱਖੀ ਦਾਨ' ਦਾ 'ਪ੍ਰਸਾਦਿ' ਵੰਡਣਾ ਸ਼ੁਰੂ ਕੀਤਾ। ਜੇ ਗੁਰੂ-ਸ਼ਖਸੀਅਤਾਂ ਦਾ ਸਭ ਕੁਝ ਭਾਰਤ ਵਿਚ ਸੀ, ਫਿਰ ਭਾਰਤੀ ਸਦਾਚਾਰ, ਸਭਿਆਚਾਰ ਤੇ ਭਗਤੀ ਤੋਂ ਗੁਰੂ-ਸ਼ਖਸੀਅਤਾਂ ਕਿਵੇਂ ਵਖਰਾ ਹੋ ਸਕਦੀਆਂ ਸਨ ? ਇਸੇ ਕਰਕੇ ਗੁਰੂ-ਸਿਖਿਆ (ਜਿਸ ਨੂੰ ਸਿੱਖੀ ਹੀ ਕਹਿਣਾ ਚਾਹੀਦਾ ਹੈ) ਨਿਰੋਲ ਭਾਰਤੀ ਹੈ, ਭਾਰਤੀ ਭਗਤੀ-ਲਹਿਰ ਦੀ ਪ੍ਰਤੀਨਿਧਤਾ ਵੀ ਕਰਦੀ ਹੈ ਤੇ ਭਾਰਤੀ ਸਦਾਚਾਰ ਤੇ ਸਭਿਆਚਾਰ ਦੀ ਅਨੁਸਾਰੀ ਵੀ ਹੈ।

'ਭਾਰਤੀ ਭਗਤੀ-ਲਹਿਰ' ਦਾ ਮੁਖ ਤੱਤ੍ਵ ਸ਼ਰਧਾ ਤੇ ਪਿਆਰ ਹੈ। ਸ਼ਰਧਾ ਤੇ ਪਿਆਰ ਬਿਨਾਂ ਨਾ ਤਾਂ ਕਿਸੇ ਸਾਧਨਾਂ ਨੂੰ 'ਭਗਤੀ' ਦਾ ਸੰਕਲਪ ਦਿੱਤਾ ਜਾ ਸਕਦਾ ਹੈ, ਅਤੇ ਨਾ ਹੀ ਕੋਈ 'ਭਗਤ-ਹਿਰਦਾ' ਸ਼ਰਧਾ ਤੇ ਪਿਆਰ ਬਿਨਾਂ ਸਦਾ ਵਿਗਾਸ ਦੀ ਅਵੱਸਥਾ ਵਿਚ ਜੀਉ ਸਕਦਾ ਹੈ। 'ਸ਼ਰਧਾ' ਭਗਤੀ ਦਾ ਪਹਿਲਾ ਵਿਸ਼ਵਾਸ ਹੈ, ਤੇ 'ਪਿਆਰ' ਭਗਤੀ ਦਾ ਅੰਤਮ ਤੇ ਪੂਰਨ ਰੂਪ ਵਿਚ 'ਭਗਤ' ਬਣ ਜਾਣ ਦਾ ਅਹਿਸਾਸ ਹੈ। 'ਭਗਤੀ' ਵਿਚ ਹਮੇਸ਼ਾਂ ਸ੍ਵੈ-ਪਣ ਦਾ

Digitized by Panjab Digital Library | www.panjabdigilib.org

ਤਿਆਗ ਕਰਨਾ ਪੈਂਦਾ ਹੈ, ਆਪਣੀ ਹਉਮੈਂ ਦਾ ਨਾਸ਼ ਕਰਨਾ ਪੈਂਦਾ ਹੈ । 'ਸ਼ਰਧਾ' ਵਿਚ ਤਾਂ ਮਨੁੱਖ ਆਪਣੇ ਸ੍ਵੈ-ਆਪੇ ਤੋਂ ਬਿਲਕੁਲ ਹੀ ਅਚੇਤ ਹੁੰਦਾ ਹੈ । ਭਾਵੇਂ ਉਹ ਹੁੰਦਾ ਸੁਚੇਤ ਵੀ ਹੈ, ਪਰ ਉਸ ਦੀ ਚੇਤੰਨਤਾ ਆਪਣੇ ਆਦਰਸ਼-ਨਮਿੱਤ ਇਕਸੁਰ ਹੋਈ ਹੁੰਦੀ ਹੈ, ਉਹ ਆਪਣੇ ਸ੍ਵੈ-ਆਪੇ ਦੀ ਹਉਮੈਂ ਨੂੰ ਭੁਲ ਕੇ ਆਪਣੇ ਆਪ ਨੂੰ ਕਿਸੇ ਆਦਰਸ-ਨਮਿੱਤ ਭੇਂਟ ਚੜ੍ਹਾ ਚੁਕਿਆ ਹੁੰਦਾ ਹੈ । 'ਸਿੱਖੀ' ਅਸਲ ਵਿਚ ਆਪਣੇ ਆਪ ਨੂੰ ਉੱਚ ਆਦਰਸ਼-ਨਮਿੱਤ ਭੇਂਟ ਚੜ੍ਹਾਣ ਦਾ ਹੀ ਨਾਮ ਹੈ । ਸਿੱਖੀ ਵਿਚ ਮਨੁੱਖ ਹਮੇਸ਼ਾਂ ਸੁਚੇਤ ਹੁੰਦਾ ਹੈ, ਉਹ ਸਦਾ ਜਾਗਦਾ ਹੁੰਦਾ ਹੈ, ਪਰ ਮੋਹ-ਮਾਇਆ ਦੇ ਜਾਲ ਪਖੋਂ ਉਹ ਬਹੁਤਾ ਅਚੇਤ ਹੀ ਹੁੰਦਾ ਹੈ । ਕਿਉਂਕਿ ਮੋਹ-ਮਾਇਆ ਨਾਲ ਉਸ ਦਾ ਕੋਈ ਪਿਆਰ ਨਹੀਂ ਹੁੰਦਾ । 'ਪਿਆਰ' ਬਿਨਾਂ ਭਾਵੇਂ ਸਿੱਖੀ ਅਧੂਰੀ ਹੈ, ਕੋਈ ਪਿਆਰ-ਹੀਣ ਹਿਰਦਾ 'ਸਿੱਖ' ਨਹੀਂ ਅਖਵਾ ਸਕਦਾ, ਪਰ ਸਿੱਖੀ ਦਾ ਪਿਆਰ ਮੋਹ-ਮਾਇਆ ਦੇ ਪਿਆਰ ਤੋਂ ਮੁਕਤ ਹੈ । 'ਸਿੱਖੀ' ਦਾ ਪਿਆਰ ਆਤਮਾਂ ਦਾ ਪਿਆਰ ਹੈ । 'ਆਤਮਾਂ' ਸਰਬ-ਆਤਮਾਵਾਂ ਨੂੰ ਪਿਆਰ ਕਰਦੀ ਹੈ । ਆਤਮਾਂ ਨੂੰ 'ਪ੍ਰਮਾਤਮਾਂ' ਆਪਣਾ ਹੀ ਦਿਸਦਾ ਹੈ, ਸਾਰੇ ਬ੍ਰਹਿਮੰਡ ਵਿਚ ਉਸ ਨੂੰ ਆਪਣਾ ਹੀ ਪਸਾਰਾ ਦਿਸਦਾ ਹੈ । ਇਸੇ ਕਰ ਕੇ 'ਸਿੱਖੀ' ਵਿਸ਼ਵ-ਮਨੁੱਖਤਾ ਨੂੰ ਆਪਸ ਵਿਚ ਪਿਆਰ ਕਰਨ ਦੀ ਸਿਖਿਆ ਦਿੰਦੀ ਹੈ । ਪਿਆਰ ਦੀ ਸਿਖਿਆ ਹੀ ਅਸਲ ਵਿਚ ਸਿੱਖੀ ਹੈ । ਗੁਰੂ-ਸਿਖਿਆ ਤਾਂ ਸਾਰੀ ਦੀ ਸਾਰੀ ਪਿਆਰ ਦੀ ਚੂਲ ਦੇ ਅੱਗੇ ਪਿਛੇ ਹੀ ਘੁੰਮਦੀ ਹੈ । ਗੁਰੂ-ਸ਼ਖਸੀਅਤਾਂ ਵੀ ਤਾਂ ਪਿਆਰ-ਭਰਪੂਰ ਸ਼ਖਸੀਅਤਾਂ ਸਨ । ਉਹਨਾਂ ਦਾ ਜੀਵਨ-ਕਰਤੱਵ, ਬਾਣੀ-ਭੰਡਾਰ ਤੇ ਸੁਧਾਰ-ਇਤਿਹਾਸ ਸਾਰੇ ਦਾ ਸਾਰਾ ਪਿਆਰ ਨਾਲ ਭਰਿਆ ਹੋਇਆ ਹੈ । 'ਪਿਆਰ' ਬਿਨਾਂ ਤਾਂ 'ਸਿੱਖੀ' ਸਿੱਖੀ ਹੀ ਨਹੀਂ । ਜੇ ਭਗਤੀ ਵਿਚ ਵੀ 'ਪਿਆਰ' ਪ੍ਰਧਾਨ ਹੈ ਤਾਂ 'ਸਿੱਖੀ' ਤੇ 'ਭਗਤੀ' ਦਾ ਸਬੰਧ ਬੜਾ ਅਨਿੱਖੜਵਾਂ ਹੈ । 'ਭਗਤੀ' ਤਾਂ ਭਾਰਤੀ ਜੀਵਨ ਦਾ ਪਰਮ-ਉਦੇਸ਼ ਹੈ । ਇਸ ਦਾ ਭਾਵ ਇਹ ਹੋਇਆ ਕਿ ਸਿੱਖੀ ਹੀ ਭਾਰਤੀ ਜੀਵਨ ਦਾ ਉਦੇਸ਼ ਤੇ ਆਦਰਸ਼ ਹੋਣਾ ਚਾਹੀਦਾ ਹੈ । ਭਾਰਤੀ ਅਧਿਆਤਮਿਕ-ਜ਼ਿੰਦਗੀ ਨੂੰ ਤਾਂ 'ਸਿੱਖੀ' ਪੂਰਨ ਰੂਪ ਵਿਚ ਪ੍ਰਤੀਬਿੰਬਤ ਕਰਦੀ ਹੈ । ਇਸੇ ਕਰਕੇ 'ਸਿੱਖੀ' ਕਿਸੇ ਖਾਸ ਮਜ਼ਹਬ ਦਾ ਨਾਮ ਨਹੀਂ, ਬਲਕਿ ਸਮੁੱਚੇ ਵਿਸ਼ਵ ਦਾ ਕੀਮਤੀ ਤੇ ਸੁਨਹਿਰੀ ਅਧਿਆਤਮਿਕ ਵਿਰਸਾ ਹੈ ।

'ਸਿੱਖੀ' ਜੀਵਨ ਦੇ ਸਦਾਚਾਰਕ-ਵਿਹਾਰ ਦਾ ਵੀ ਨਾਮ ਹੈ । ਜੀਵਨ ਵਿਚ ਸਦਾਚਾਰਕ ਤੇ ਦੁਰਾਚਾਰਕ ਤੱਤ੍ਵ ਇਕ ਦੂਜੇ ਤੇ ਭਾਰੀ ਹੋਣ ਵਾਸਤੇ ਲੜਦੇ ਝਗੜਦੇ ਵੀ ਰਹਿੰਦੇ ਹਨ । ਜਦ ਜੀਵਨ ਵਿਚ ਦੁਰਾਚਾਰ ਪ੍ਰਧਾਨ ਹੋਵੇ, ਤਾਂ ਮਨੁਖ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੀ ਜ਼ਿੰਦਗੀ ਵਿਚ ਵਿਚਰ ਰਿਹਾ ਹੁੰਦਾ ਹੈ । ਵਿਕਾਰ-ਪ੍ਰਧਾਨ ਜ਼ਿੰਦਗੀ ਹਮੇਸ਼ਾਂ ਸਿੱਖੀ-ਆਚਾਰ ਦੀ ਵਿਰੋਧੀ ਜ਼ਿੰਦਗੀ ਹੁੰਦੀ ਹੈ । 'ਸਿੱਖੀ' ਸੱਚ-ਆਚਾਰ ਦੀ ਜ਼ਿੰਦਗੀ ਜੀਉਣ ਦਾ ਨਾਮ ਹੈ । ਸੱਚਾ 'ਆਚਾਰ' ਉਹ ਆਚਰਣ ਜਾਂ ਵਿਹਾਰ ਹੁੰਦਾ ਹੈ, ਜਿਸ ਦਾ ਆਧਾਰ ਉਹ ਕੀਮਤਾਂ ਹੋਣ, ਜਿਹੜੀਆਂ ਸਦਾ ਸਥਿਰ ਰਹਿੰਦੀਆਂ ਹਨ, ਜਿਹੜੀਆਂ ਕਿਸੇ ਕਾਲ ਕਾਰਨ ਨਾਸ਼ ਨਹੀਂ ਹੁੰਦੀਆਂ । ਇਸ ਦਾ ਭਾਵ ਇਹ ਹੋਇਆ, ਕਿ ਸਦ-ਆਚਾਰ ਤਾਂ ਸਦਾ ਤ੍ਰੈਕਾਲ ਵਿਚ ਵੀ ਜੀਉਂਦਾ ਰਹਿੰਦਾ ਹੈ । ਉਦਾਹਰਣ ਵਜੋਂ ਕਾਲ ਭਾਵੇਂ ਭੂਤ, ਵਰਤਮਾਨ ਜਾਂ ਭਵਿੱਖ ਹੋਵੇ,

Digitized by Panjab Digital Library | www.panjabdigilib.org

ਸੱਚ, ਧਰਮ, ਪੁੰਨ, ਮਿਠਾਸ, ਸੇਵਾ, ਨਿੰਮ੍ਰਤਾ, ਪ੍ਰੇਮ ਤੇ ਪਰਉਪਕਾਰ, ਇਹਨਾਂ ਆਚਾਰ ਦੇ ਸਦੀਵੀ ਤੱਤਾਂ ਦੀ ਸਦਾ ਜੈਕਾਰ ਹੁੰਦੀ ਹੀ ਰਹਿਣੀ ਹੈ। ਇਹਨਾਂ ਦੀ ਮਹੱਤਤਾ ਕਦੀ ਵੀ ਘਟ ਨਹੀਂ ਸਕਦੀ। ਕਿਉਂਕਿ ਇਹਨਾਂ ਆਚਾਰ ਦੇ ਤੱਤ੍ਵ ਨੂੰ ਕੁਦਰਤ ਵਲੋਂ ਵਡਿੱਤਣ ਮਿਲੀ ਹੈ। 'ਸਿੱਖੀ' ਕੁਦਰਤੀ ਵਿਧਾਨ ਅਨੁਸਾਰ ਜ਼ਿੰਦਗੀ ਬਿਤਾਣ ਦਾ ਹੀ ਨਾਮ ਹੈ। ਕੁਦਰਤੀ ਵਿਧਾਨ ਨੂੰ ਹੀ ਪ੍ਰਭੂ-ਹੁਕਮ ਦਾ ਸੰਕਲਪ ਦਿੱਤਾ ਗਿਆ ਹੈ। ਪ੍ਰਭੂ-ਹੁਕਮ ਅਨੁਸਾਰ ਜ਼ਿੰਦਗੀ ਵਿਚ ਵਿਚਰਣਾ, ਇਹੀ ਸਿੱਖੀ ਦਾ ਪ੍ਰਮੁਖ ਉਦੇਸ਼ ਹੈ। 'ਸੱਚ-ਆਚਾਰ' ਮਨੁੱਖ ਨੂੰ ਪ੍ਰਭੂ-ਹੁਕਮ ਦੀ ਜ਼ਿੰਦਗੀ ਸਿਖਾਂਦਾ ਹੈ, ਪ੍ਰਭੂ-ਭਾਣੇ ਵਿਚ ਰਹਿ ਕੇ ਵਿਚਰਣ ਵਾਸਤੇ ਪ੍ਰੇਰਦਾ ਹੈ। ਪ੍ਰਭੂ-ਭਾਣੇ ਵਿਚ ਵਿਚਰਣਾ, ਇਹ ਸਦਾਚਾਰ ਦਾ ਸ੍ਰੇਸ਼ਟ ਤੇ ਸਰਬ-ਉੱਤਮ ਲੱਛਣ ਹੈ ਤੇ ਇਹੀ ਸਿੱਖੀ ਦੀ ਸਰਬ-ਉੱਤਮ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਸਿੱਖੀ ਆਤਮਕ-ਵਾਤਾਵਰਣ ਵਿਚ ਜੀਉਂਦੀ ਜੀਵਨ ਦੇ ਸਦਾਚਾਰਕ-ਖੇਤਰ ਨਾਲ ਵੀ ਬੜਾ ਡੂੰਘਾ ਸਬੰਧ ਰਖਦੀ ਹੈ। ਸਿੱਖੀ ਕੋਈ ਦੁਨੀਆਂ ਤੋਂ ਵਖਰੇ ਰਹਿਣ ਦਾ ਨਾਮ ਨਹੀਂ, ਨਾ ਹੀ 'ਸਿੱਖੀ' ਸੰਨਿਆਸੀ ਜਾਂ ਤਿਆਗੀ ਬਣ ਕੇ ਰਹਿਣ ਦਾ ਨਾਮ ਹੈ। ਸਿੱਖੀ ਤਾਂ ਆਸ਼ਾ ਵਿਚ ਨਿਰਾਸ ਰਹਿਣ ਦਾ ਨਾਮ ਹੈ, ਗ੍ਰਿਹਸਤ ਵਿਚ ਉਦਾਸ ਰਹਿਣ ਦਾ ਨਾਮ ਹੈ। ਹਾਂ ਸਿੱਖੀ ਨੇ ਤਿਆਗ ਕਰਨਾ ਹੈ-ਵਿਕਾਰਾਂ ਦਾ, ਵਹਿਮ, ਭਰਮ ਤੇ ਪਾਖੰਡ ਦਾ ! ਪਰ ਉਸ ਨੇ ਸਭਿਆਚਾਰ ਦਾ ਤਿਆਗ ਨਹੀਂ ਕਰਨਾ। ਸਿੱਖੀ ਸਭਿਅਕ ਤੇ ਸਭਿਆਚਾਰਕ ਜ਼ਿੰਦਗੀ ਦਾ ਨਾਮ ਵੀ ਹੈ।

ਸਭਿਅਕ ਤੇ ਸਭਿਆਚਾਰਕ ਜ਼ਿੰਦਗੀ ਦਾ ਮੂਲ ੧ ਓ ਹੀ ਮਿਥ ਲੈਣਾ ਚਾਹੀਦਾ ਹੈ। '੧ਓ' ਸਮੁੱਚੀ ਬ੍ਰਹਮੰਡਾਤਮਿਕ-ਏਕਤਾ ਦਾ ਭਾਵ ਵੀ ਦਰਸਾਂਦਾ ਹੈ।

੧ ਓ ਦਾ ਭਾਵ ਹੈ-'ਇਕਾਈ'। ਸਾਰਾ ਬ੍ਰਹਮੰਡ ਇਕਾਈ-ਏਕਤਾ ਵਿਚ ਹੀ ਸੁੰਗੜਿਆ ਹੋਇਆ ਹੈ। ਸਰਬ ਪਾਸੇ ਇਕ-ਏਕਤਾ ਹੀ ਹੈ। ਦੂਜਾ ਜਾਂ ਦ੍ਵੈਤ ਤਾਂ ਹੈ ਹੀ ਨਹੀਂ। ਫਿਰ ਵਿਤਕਰਾ ਕਿਵੇਂ ? ਵਿਤਕਰੇ-ਰਹਿਤ ਜ਼ਿੰਦਗੀ ਹੀ ਸਭਿਅਕ ਤੇ ਸਭਿਆਚਾਰਕ ਜ਼ਿੰਦਗੀ ਹੈ। ਸਭਿਆਚਾਰਕ-ਜ਼ਿੰਦਗੀ ਵਿਚ ਤਾਂ ਨਾ ਗੁਰੂ ਦਾ ਝਗੜਾ ਹੁੰਦਾ ਹੈ, ਨਾ ਗ੍ਰੰਥ, ਬੋਲੀ, ਰਾਗ, ਜਾਤਿ-ਪਾਤਿ ਦਾ ਤੇ ਨਾ ਹੀ ਰੂਪ-ਕਰੂਪ ਦਾ। ਜਿਥੇ ਹਨ ਹੀ ਸਾਰੇ ਇਕ, ਉਥੇ ਝਗੜਾ ਜਾਂ ਵਿਤਕਰਾ ਕਿਥੋਂ ਉਪਜਣਾ ਹੈ। ਇਸੇ ਕਰਕੇ 'ਸਿਖ-ਸਭਿਆਚਾਰ' ਵਿਚ ਵਿਸ਼ਵ ਪੱਧਰ ਉਤੇ ਸਰਬ ਮਨੁੱਖਤਾ ਨੂੰ ਪਿਆਰ ਕੀਤਾ ਜਾਂਦਾ ਹੈ, ਸਰਬ ਮਨੁੱਖਤਾ ਨੂੰ ਇਨਸਾਨੀਅਤ ਦਾ ਸਰੇਸ਼ਟ ਕਰਿਸ਼ਮਾ ਮੰਨਿਆਂ ਜਾਂਦਾ ਹੈ। ਇਸ ਦਾ ਫਲ-ਸਰੂਪ ਇਹ ਹੋਇਆ, ਕਿ ਇਸ ਤਰ੍ਹਾਂ ਦੇ ਸਭਿਆਚਾਰ ਦੇ ਅਨੁਸਾਰੀ ਬਣ ਕੇ 'ਸਿਖ' ਮਾਨਸਿਕ ਤੌਰ ਤੇ ਦ੍ਵੈਤ-ਰਹਿਤ ਹੋ ਗਏ ਹਨ, ਕਿਉਂਕਿ ਉਹ ਇਕ ਦੇ ਪੁਜਾਰੀ ਹਨ, ਏਕਤਾ ਦੇ ਇੱਛਾਵਾਨ ਹਨ। ਇਸੇ ਲਈ ਜਦੋਂ ਉਹ ਕਿਸੇ ਨਾਲ ਮਿੱਤਰਤਾ ਦੇ ਸਬੰਧ ਨਿਸਚਿਤ ਕਰਦੇ ਹਨ, ਤਾਂ ਪੂਰਨ ਵਫਾਦਾਰ ਬਣ ਕੇ, ਪੂਰਨ ਭਰੋਸਾ ਰਖ ਕੇ, ਸੁਹਿਰਦ ਮਿੱਤਰ ਬਣਦੇ ਹਨ। ਤੇ ਜੇ ਵੈਰੀ ਬਣਦੇ ਹਨ, ਤਾਂ ਉਸ ਵਿਚ ਵੀ

Digitized by Panjab Digital Library | www.panjabdigilib.org

ਉਹ ਪੂਰਨ ਤੌਰ ਤੇ ਸੁਹਿਰਦ ਹੁੰਦੇ ਹਨ। ਇਹ ਗਲ ਨਿਰਣਾ–ਮਈ ਹੈ, ਕਿ ਸਿੱਖ ਨੇ ਹਮੇਸ਼ਾਂ ਇਕ ਦਾ ਉਪਾਸ਼ਕ ਹੀ ਰਹਿਣਾ ਹੈ। ਇਕ ਵੇਲੇ ਦ੍ਵੈਤ–ਜ਼ਿੰਦਗੀ ਨੂੰ ਅਪਣਾਈ ਰੱਖਣ ਵਾਲਾ ਕਦੀ ਵੀ ਸਿੱਖ ਨਹੀਂ ਅਖਵਾ ਸਕਦਾ। 'ਸਿੱਖ' ਦੋ ਦਾ ਪੁਜਾਰੀ ਤਾਂ ਹੋ ਹੀ ਨਹੀਂ ਸਕਦਾ। ਉਹ ਤਾਂ ਹਮੇਸ਼ਾਂ ਅਦ੍ਵੈਤ–ਜ਼ਿੰਦਗੀ ਦਾ ਚਾਹਵਾਨ ਹੁੰਦਾ ਹੈ। ਉਸ ਦੇ ਮਨ ਵਿਚ ਹਮੇਸ਼ਾਂ ਇਕਾਗਰਤਾ ਹੁੰਦੀ ਹੈ। ਇਸੇ ਲਈ ਜਦੋਂ ਉਹ ਕੰਮ ਕਰਦਾ ਹੈ, ਤਾਂ ਉਹ ਪੂਰਨ ਮਨ, ਤਨ ਤੇ ਧਨ ਦੀ ਸ਼ਕਤੀ ਨਾਲ ਕਰਦਾ ਹੈ। ਕਿਉਂਕਿ ਉਸ ਦਾ ਭਰੋਸਾ ਬੜਾ ਦ੍ਰਿੜ੍ਹ ਤੇ ਪੱਕਾ ਹੁੰਦਾ ਹੈ। ਨਾਲੇ ਉਹ ਹਮੇਸ਼ਾਂ ਕਰਤਾਰੀ–ਕਰਤੱਵ ਕਰਦਾ ਹੈ। ਢਾਊ–ਕਰਤੱਵਾਂ ਤੋਂ ਤਾਂ ਉਹ ਹਮੇਸ਼ਾਂ ਮੁਕਤ ਰਹਿੰਦਾ ਹੈ। ਉਸ ਦਾ ਇਹ ਵਿਸ਼ਵਾਸ ਹੁੰਦਾ ਹੈ, ਕਿ 'ਪ੍ਰਮਾਤਮਾਂ' ਦਾ ਸਰੂਪ ਕਰਤਾ ਪੁਰਖੁ ਵਾਲਾ ਹੈ, ਪ੍ਰਮਾਤਮਾ ਹੀ ਸਰਬ ਸਭਿਆਚਾਰਾਂ ਦਾ ਮੂਲ ਪਰੇਰਕ ਸੋਮਾ ਹੈ। ਜੇ ਪ੍ਰਮਾਤਮਾਂ ਸਭਿਆਚਾਰਾਂ ਨੂੰ ਪੈਦਾ ਕਰਦਾ ਹੈ, ਫਿਰ ਉਹ ਆਪ ਕਰਤਾਰੀ ਹੈ, ਤਾਂ ਸਭਿਅਕ ਆਤਮਾਂ ਦਾ ਵੀ ਇਹ ਸੁਭਾਵਕ ਕਰਤੱਵ ਬਣ ਜਾਂਦਾ ਹੈ, ਕਿ ਉਹ ਕਰਤਾਰੀ–ਕਰਤਵ ਕਰੇ। ਕਿਉਂਕਿ ਕਰਤਾਰੀ–ਕਰਤੱਵਾਂ ਨਾਲ ਹੀ ਮਨੁੱਖ ਸਰੇਸ਼ਟ ਤੇ ਉੱਤਮ ਅਖਵਾ ਸਕਦਾ ਹੈ। 'ਸਿੱਖ' ਦਾ ਕਰਤੱਵ ਕਰਤਾਰੀ ਹੈ। ਉਸ ਦਾ ਤਾਂ ਸੁਭਾ ਹੀ ਸੁਭਾਵਕ ਤੌਰ ਤੇ ਕਰਤਾਰੀ ਘੜਿਆ ਗਿਆ ਹੈ। ਜਿਹੜਾ ਸਿੱਖ ਢਾਊ–ਕਰਤੱਵਾਂ ਦੀ ਸੋਚਣੀ ਸੋਚਦਾ ਹੈ, ਉਹ 'ਸਿੱਖ'ਨਹੀਂ ਹੋ ਸਕਦਾ। 'ਸਿੱਖ' ਦਾ ਤਾਂ ਮਨ, ਤਨ ਤੇ ਧਨ, ਸਾਰੇ ਦਾ ਸਾਰਾ ਉਸਾਰੂ ਪਾਸੇ ਵਲ ਲਗਣਾ ਚਾਹੀਦਾ ਹੈ। ਇਸੇ ਕਰਕੇ ਇਹ ਨਿਰਭਉ ਹੈ। ਸਭਿਆਚਾਰਕ-ਮਨੁੱਖ ਨਿਰਭੈ ਹੁੰਦਾ ਹੈ, ਉਹ ਕਿਸੇ ਢਾਲਤੂ ਦਬਾਓ ਨੂੰ ਸਵੀਕਾਰ ਨਹੀਂ ਕਰਦਾ। ਉਹ ਕਿਸੇ ਦੀ ਅਮੀਰੀ ਤੇ ਤਾਕਤ ਦੀ ਵੀ ਪ੍ਰਵਾਹ ਨਹੀਂ ਕਰਦਾ। ਉਸ ਨੂੰ ਆਪਣੇ ਆਪ ਤੇ ਗੌਰਵ ਹੁੰਦਾ ਹੈ। ਉਹ ਗੌਰਵਸ਼ੀਲ–ਜ਼ਿੰਦਗੀ ਹੀ ਜੀਊਣਾ ਚਾਹੁੰਦਾ ਹੈ। ਨਾਲੇ ਉਸ ਨੂੰ ਪਤਾ ਹੁੰਦਾ ਹੈ, ਕਿ ਜਦੋਂ ਗੌਰਵਸ਼ੀਲ 'ਰੱਬ' ਮੇਰਾ ਸਾਥੀ ਹੈ, ਗੌਰਵਸ਼ੀਲ ਤਾਕਤਾਂ ਦਾ ਮਾਲਕ ਮੇਰੇ ਅੰਗ–ਸੰਗ ਹੈ, ਫਿਰ ਮੈਂ ਇਹਨਾਂ ਮਨੁੱਖਾਂ ਕੋਲੋਂ ਕਿਉਂ ਡਰਾਂ ? ਜਿਹੜੇ ਆਪ ਪ੍ਰਮਾਤਮਾਂ ਕੋਲੋਂ ਡਰਦੇ ਹਨ। ਇਸ ਵਿਸ਼ਵਾਸ-ਅਧੀਨ ਹੀ ਉਹ ਪ੍ਰਭੂ-ਡਰ ਨੂੰ ਇਕ ਆਤਮਕ–ਮਾਰਗ ਮੰਨ ਕੇ ਸਵੀਕਾਰ ਕਰ ਲੈਂਦਾ ਹੈ ਤੇ ਮਾਨਵ–ਡਰ ਨੂੰ ਪੂਰਨ ਰੂਪ ਵਿਚ ਅਸਵੀਕਾਰ ਕਰ ਲੈਂਦਾ ਹੈ। 'ਸਿੱਖ' ਇਸੇ ਕਰਕੇ ਨਿਡਰ ਹੈ। ਜਦੋਂ ਬਾਬਾ ਫਰੀਦ ਜੀ ਤੇ ਭਾਈ ਗੁਰਦਾਸ ਜੀ ਸਿੱਖੀ ਦੀ ਪ੍ਰੀਭਾਸ਼ਾ ਉਲੀਕਦੇ ਹਨ, ਤਾਂ ਉਹ ਸਪਸ਼ਟ ਰੂਪ ਵਿਚ ਕਹਿ ਜਾਂਦੇ ਹਨ, ਕਿ ਸਿੱਖੀ ਖੰਡੇ ਨਾਲੋਂ ਤਿੱਖੀ ਹੈ, ਸਿੱਖੀ ਵਾਲ ਨਾਲੋਂ ਨਿੱਕੀ ਹੈ, ਸਿੱਖੀ ਤਾਂ ਸਿਲ ਚੱਟਣ ਦੇ ਬਰਾਬਰ ਹੈ। ਅਜਿਹੀ ਸਿੱਖੀ ਨੂੰ ਕੋਈ ਨਿਰਭੈ–ਯੋਧਾ ਹੀ ਨਿਭਾ ਸਕਦਾ ਹੈ। ਕੋਈ ਪ੍ਰਭੂ–ਪ੍ਰਸਾਦਿ ਪ੍ਰਾਪਤ ਕਰਕੇ ਹੀ ਪੂਰਨ ਸਿੱਖ ਬਣ ਸਕਦਾ ਹੈ। 'ਪ੍ਰਸਾਦਿ' ਵੀ ਸਭਿਆਚਾਰ ਦਾ ਸਰੇਸ਼ਟ ਗੁਣ ਹੈ। ਜਿਸ ਸਭਿਆਚਾਰ ਵਿਚ ਪ੍ਰਸਾਦਿ ਨਹੀਂ, ਉਦਾਰਤਾ ਨਹੀਂ, ਖਿਮਾਂ ਨਹੀਂ, ਤੰਗ–ਦਿਲੀ ਹੈ, ਸਾੜਾ ਹੈ, ਈਰਖਾ ਹੈ, ਉਹ ਸਭਿਆਚਾਰ ਤਾਂ ਕਦੀ ਵੀ ਉੱਤਮ ਨਹੀਂ ਅਖਵਾ ਸਕਦਾ। 'ਸਿਖ–ਸਭਿਆਚਾਰ' ਦਾ ਕੀਮਤੀ ਗੁਣ ਪ੍ਰਸਾਦਿ ਹੈ। ਇਸੇ ਕਰਕੇ ਉਹ ਉਦਾਰਚਿਤ ਹੈ, ਉਸ ਦੀ ਬਖਸ਼ਿਸ਼–ਖਿਮਾਂ ਜਗਤ–ਪ੍ਰਸਿੱਧ

Digitized by Panjab Digital Library | www.panjabdigilib.org

ਹੈ । ਉਸ ਵਿਚ ਨਾ ਤੰਗ-ਦਿਲੀ ਹੈ, ਨਾ ਸਾੜਾ ਹੈ ਅਤੇ ਨਾ ਹੀ ਈਰਖਾ ਹੈ । ਉਹ ਦੂਸਰਿਆਂ ਨੂੰ ਵੱਧਦਾ ਫੁਲਦਾ ਵੇਖ ਵੇਖ ਕੇ ਖੁਸ਼ ਹੁੰਦਾ ਹੈ । ਉਹ ਦਾਨੀ ਬਣ ਬਣ ਕੇ ਬੈਠਦਾ ਹੈ, ਉਹ ਨਿਥਾਵਿਆਂ, ਨਿਮਾਣਿਆਂ ਤੇ ਨਿਆਸਰਿਆਂ ਦਾ ਆਸਰਾ ਬਣਦਾ ਹੈ, ਉਹਨਾਂ ਨੂੰ ਦਾਨ ਦਿੰਦਾ ਹੈ–ਮਾਇਆ ਦਾਨ, ਆਤਮਾ–ਦਾਨ । ਕਿਉਂਕਿ ਉਸ ਨੂੰ ਪਤਾ ਹੈ ਕਿ ਪ੍ਰਮਾਤਮਾ ਦਾਨੀ ਹੈ, ਉਹ ਸਭ ਨੂੰ ਦਾਨ ਦਿੰਦਾ ਹੈ । ਫਿਰ ਹਰ ਚੀਜ਼ ਦਾਨ ਵਿਚ ਦਿੰਦਾ ਹੈ । 'ਦਾਨ' ਦੇਣਾ ਇਹ ਵੀ ਸਭਿਆਚਾਰਕ ਕਰਤੱਵ ਹੈ । ਇਸੇ ਕਰਕੇ ਜਦੋਂ ਖਾਲਸਾ-ਪੰਥ ਆਪਣੀ ਨਿਤ ਦੀ ਅਰਦਾਸ ਵਿਚ ਕੁਝ ਮੰਗਦਾ ਹੈ. ਤਾਂ ਉਹ 'ਦਾਨੀ' ਬਣਨ ਦੀਆਂ ਇੱਛਾਵਾਂ ਹੀ ਮੰਗਦਾ ਹੈ । 'ਦਾਨੀ' ਕੋਈ ਪੈਸੇ ਵਾਲਾ ਨਹੀਂ ਹੁੰਦਾ । 'ਦਾਨੀ' ਤਾਂ ਦਿਲੋਂ ਅਮੀਰ ਹੁੰਦਾ ਹੈ, ਉਹ ਤਾਂ ਪੂਰਨ ਤੌਰ ਤੇ ਗਰੀਬ-ਨਿਵਾਜ਼ ਹੁੰਦਾ ਹੈ, ਆਪਣਾ ਮਨ, ਤਨ ਤੇ ਧਨ ਵੀ ਕੁਰਬਾਨ ਕਰਨ ਲਈ ਤੁਲ ਪੈਂਦਾ ਹੈ । ਕਿਉਂਕਿ ਉਹ ਆਪਣਾ ਕੁਝ ਸਮਝਦਾ ਹੀ ਨਹੀਂ । ਉਹ ਸਭ ਕੁਝ ਪ੍ਰਮਾਤਮਾ ਦਾ ਮੰਨਦਾ ਹੈ । ਜਦੋਂ ਕੁਝ ਘਾਟ ਮਹਿਸੂਸ ਕਰਦਾ ਹੈ, ਤਾਂ ਉਹ ਹੱਥ-ਜੋੜ ਪ੍ਰਮਾਤਮਾਂ ਪਾਸੋਂ ਮੰਗਣ ਲਗ ਪੈਂਦਾ ਹੈ :—

> 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹਦਾਨ,
> ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ।

ਕਿਉਂਕਿ ਉਹ ਸਿੱਖੀ, ਕੇਸ, ਰਹਿਤ, ਬਿਬੇਕ, ਵਿਸਾਹ, ਭਰੋਸਾ, ਨਾਮ-ਦਾਨ ਤੇ ਇਸ਼ਨਾਨ ਨੂੰ ਹੀ ਸਭ ਤੋਂ ਵੱਡਾ ਦਾਨ ਸਮਝਦਾ ਹੈ । ਇਹ 'ਗੁਣ-ਧਨ' ਕਿਸੇ ਪੁਰਸ਼ ਨੂੰ ਦਾਨੀ ਬਣਾਂਦੇ ਹਨ । ਜਦੋਂ ਖਾਲਸਾ-ਪੰਥ ਅਰਦਾਸ ਦੁਆਰਾ ਕੁਝ ਮੰਗਦਾ ਹੈ, ਤਾਂ ਉਹ ਕੇਵਲ ਦਾਨੀ ਬਣਨ ਵਾਸਤੇ ਮੰਗਦਾ ਹੈ । 'ਦਾਨੀ' ਬਣਨਾ ਹੀ ਉਸ ਦੀ ਸਭ ਤੋਂ ਵੱਡੀ ਮੰਗ ਹੈ । ਕਿਉਂਕਿ ਪ੍ਰਮਾਤਮਾ ਦਾ ਸੰਕਲਪ ਦਾਨੀ ਵਾਲਾ ਵੀ ਹੈ । 'ਦਾਨੀ' ਪੁਰਸ਼ ਹੁੰਦਾ ਤਾਂ ਪ੍ਰਮਾਤਮਾ ਹੀ ਹੈ, ਪਰ ਉਹ ਭਗਤੀ, ਸਦ ਚਾਰ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵੀ ਬੜਾ ਮਹਾਨ ਹੁੰਦਾ ਹੈ । ਭਗਤ ਹੋਣਾ, ਸਦਾਚਾਰੀ ਹੋਣਾ, ਤੇ ਸਭਿਅਕ ਹੋਣਾ, ਇਹੀ ਅਸਲ ਵਿਚ ਸਿੱਖੀ ਦਾ ਉਦੇਸ਼ ਹੈ, ਇਹੀ ਸਿੱਖੀ ਦਾ ਉਪਦੇਸ਼ ਹੈ । ਜਦੋਂ ਖਾਲਸਾ-ਪੰਥ 'ਸਿੱਖੀ ਦਾਨ' ਦੀ ਮੰਗ ਮੰਗਦਾ ਹੈ, ਤਾਂ ਉਹ ਇਕ ਤਾਂ ਪ੍ਰਭੂ-ਭਗਤੀ ਦਾ ਉਪਾਸ਼ਕ ਹੋਣ ਦਾ ਪ੍ਰਸਾਦਿ ਮੰਗਦਾ ਹੈ, ਦੂਜਾ ਪ੍ਰਭੂ-ਭਗਤ ਬਣ ਕੇ ਵਿਗਾਸ ਦੀ ਜ਼ਿੰਦਗੀ ਜੀਊਣਾ ਚਾਹੁੰਦਾ ਹੈ, ਤੀਜਾ ਉਹ ਦੁਰਾਚਾਰ ਦਾ ਤਿਆਗ ਕਰ ਕੇ ਸਦਾਚਾਰੀ ਬਣ ਕੇ ਰਹਿਣ ਦਾ ਪ੍ਰਣ ਕਰਦਾ ਹੈ, ਸਦਾਚਾਰੀ ਰਹਿਣ ਦਾ ਵਿਸ਼ਵਾਸ ਵੀ ਪ੍ਰਾਪਤ ਕਰਦਾ ਹੈ, ਚੌਥਾ ਸਭਿਆਚਾਰਕ-ਜ਼ਿੰਦਗੀ ਦਾ ਵਰਦਾਨ ਮੰਗਦਾ ਹੈ, ਪੰਜਵਾਂ ਆਪਣੇ ਆਪ ਨੂੰ ਦਾਨੀ ਬਨਾਣ ਵਿਚ ਪ੍ਰਭੂ ਦੀ ਸਹਾਇਤਾ ਮੰਗਦਾ ਹੈ । 'ਦਾਨੀ' ਬਣਨਾ ਹੀ ਸਭ ਤੋਂ ਵੱਡਾ ਸਿੱਖੀ ਦਾ ਕਰਿਸ਼ਮਾ ਹੈ ਤੇ ਇਹੀ ਮਹਾਨ-ਪੁਰਸ਼ ਦੀ ਪਹਿਚਾਣ ਹੈ ।

'ਮਹਾਨ-ਪੁਰਸ਼' ਹਮੇਸ਼ਾਂ ਬਿਬੇਕ ਬੁੱਧੀ ਦਾ ਸੁਆਮੀ ਹੁੰਦਾ ਹੈ । 'ਬਿਬੇਕ' ਦਾ ਅਰਥ-ਭਾਵ ਹੈ, 'ਨਿਆਏਸ਼ੀਲਤਾ', ਨਿਆਏਸ਼ੀਲ–ਬੁੱਧੀ ਨੂੰ ਹੀ ਬਿਬੇਕ–ਬੁੱਧੀ ਆਖਿਆ ਜਾਂਦਾ ਹੈ ।

Digitized by Panjab Digital Library | www.panjabdigilib.org

'ਬਿਬੇਕੁ ਬੁਧੀ' ਧਰਮ ਤੇ ਅਧਰਮ ਦਾ, ਪੁੰਨ ਤੇ ਪਾਪ ਦਾ, ਚੰਗੇ ਤੇ ਭੈੜੇ ਦਾ, ਰੂਪ ਤੇ ਕਰੂਪ ਦਾ, ਗਿਆਨ ਤੇ ਅਗਿਆਨ ਦਾ ਨਿਆਏਸ਼ੀਲਤਾ ਨਾਲ ਨਿਖੇੜ ਕਰਦੀ ਹੈ। 'ਬਿਬੇਕੁ-ਬੁਧੀ' ਨੂੰ ਪਰਖ-ਕਸਵੱਟੀ ਵੀ ਆਖਿਆ ਜਾ ਸਕਦਾ ਹੈ। ਪਰ ਇਹ ਪਰਖ-ਕਸਵੱਟੀ ਬੁੱਧੀ ਅਤੇ ਅਨੁਭਵ ਉਤੇ ਆਧਾਰਤ ਹੈ, ਇਹ ਪਰਖ-ਕਸਵੱਟੀ ਤਾਂ ਬ੍ਰਹਮ-ਗਿਆਨੀ ਦੀ ਕਸਵੱਟੀ ਹੈ। ਬਿਬੇਕੁ ਬੁੱਧੀ ਹਮੇਸ਼ਾਂ ਬ੍ਰਹਮ-ਗਿਆਨੀ ਦੀ ਬੁੱਧੀ ਹੁੰਦੀ ਹੈ। ਬਿਬੇਕੁ ਬੁਧੀ ਵਿਚ ਆਤਮ-ਗਿਆਨ ਦਾ ਸੰਜੋਗ ਹੁੰਦਾ ਹੈ। ਆਤਮ-ਗਿਆਨੀ ਹੀ ਬਿਬੇਕੁ-ਬੁਧੀ ਵਾਲਾ ਹੋ ਸਕਦਾ ਹੈ। 'ਗਰਮਤਿ' ਵਿਚ ਗੁਰੂ ਦਾ ਇਕ ਸੰਕਲਪ ਬਿਬੇਕੁ-ਬੁੱਧੀ ਆਧਾਰਤ ਹੀ ਨਿਰੂਪਣ ਕੀਤਾ ਗਿਆ ਹੈ। ਜਦੋਂ ਗੁਰੂ ਰਾਮਦਾਸ ਜੀ 'ਗੁਰੂ' ਪ੍ਰਤੀ ਆਪਣਾ ਸੰਕਲਪ ਮੂਰਤੀਮਾਨ ਕਰਦੇ ਹਨ :—

ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥
(ਨਟ ਮ: ੪)

ਤਾਂ ਉਹਨਾਂ ਦੇ ਸੰਕਲਪ ਵਿਚ 'ਗੁਰੂ' ਹਮੇਸ਼ਾਂ ਬਿਬੇਕੀ ਹੁੰਦਾ ਹੈ। ਬਿਬੇਕੁ ਬੁਧੀ ਵਾਲੇ ਗੁਰੂ ਨਾਲ ਮਿਲ ਕੇ ਹੀ ਮਨ ਦੇ ਸਾਰੇ ਸ਼ੱਕ ਉਤਰ ਜਾਂਦੇ ਹਨ, ਪ੍ਰਭੂ-ਪਰਮ-ਪੱਦ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਬਿਬੇਕੁ-ਬੁਧੀ ਦਾ ਪ੍ਰਾਪਤੀ-ਸੋਮਾ ਕੋਈ ਦੁਨਿਆਵੀ ਜਾਂ ਅਗਿਆਨਤਾ ਦਾ ਗਿਆਨ ਨਹੀਂ, ਸਤਿਗੁਰ-ਗਿਆਨ ਤੋਂ ਬਿਬੇਕੁ ਬੁੱਧੀ ਮਿਲਦੀ ਹੈ। ਬਿਬੇਕ ਬੁੱਧੀ ਦੀ ਪ੍ਰਾਪਤੀ ਚੰਗਾ ਮਸਤਕ ਹੋਣ ਦੀ ਪਹਿਚਾਣ ਵੀ ਹੁੰਦੀ ਹੈ। ਗੁਰੂ ਰਾਮਦਾਸ ਜੀ ਆਪ ਸਾਖੀ ਭਰਦੇ ਹਨ :—

ਬਿਬੇਕੁ ਬੁਧਿ ਸਤਿਗੁਰ ਤੇ ਪਾਈ, ਗੁਰੂ ਗਿਆਨੁ ਗੁਰੂ ਪ੍ਰਭੂ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ, ਧੁਰਿ ਮਸਤਕਿ ਭਾਗੁ ਲਿਖੇਰਾ ॥
(ਟੋਡੀ ਮ: ੪)

ਗੁਰੂ ਰਾਮਦਾਸ ਜੀ ਤਾਂ ਕਹਿੰਦੇ ਹਨ, ਕਿ ਬਿਬੇਕੁ-ਬੁੱਧੀ ਹੀ ਸਰਬ ਜਗਤ ਵਿਚੋਂ ਨਿਰਮਲ ਤੇ ਸਰੇਸ਼ਟ ਬੁੱਧੀ ਹੈ। ਕੋਈ ਹੋਰ ਬੁੱਧੀ ਇਸ ਦੇ ਸਮਤੋਲ ਨਹੀਂ ਹੋ ਸਕਦੀ :—

ਬਿਬੇਕੁ ਬੁਧਿ ਸਭ ਜਗ ਮਹਿ ਨਿਰਮਲ, ਬਿਚਰਿ ਬਿਚਰਿ ਰਸਿ ਪੀਜੈ ॥
ਗੁਰ ਪ੍ਰਸਾਦਿ ਪਦਾਰਥ ਪਾਇਆ, ਸਤਿਗੁਰ ਕਉ ਇਹੁ ਮਨੁ ਦੀਜੈ ॥
(ਕਲਿਆਨੁ ਮ: ੪)

'ਬਿਬੇਕੁ ਬੁਧੀ' ਹੀ 'ਗੁਰਮੁਖ-ਜੀਵਨ' ਦੀ ਸਿਰਜਣਾ ਵਿਚ ਸਹਾਇਕ-ਸਿੱਧ ਹੁੰਦੀ ਹੈ। ਹੋਰ ਦੁਨਿਆਵੀ ਵਿਚਾਰ-ਧਾਰਾਵਾਂ 'ਗੁਰਮੁਖ-ਜੀਵਨ' ਦੀ ਉਸਾਰੀ ਨਹੀਂ ਕਰ ਸਕਦੀਆਂ। ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਹੈ ਕਿ 'ਬਿਬੇਕੁ ਬੁਧੀ' ਹੀ 'ਗੁਰਮੁਖ-ਜੀਵਨ' ਦਾ ਨਿਰਮਾਣ ਕਰ ਸਕਦੀ ਹੈ। ਬਿਬੇਕੁ ਬੁਧੀ ਵਾਲੇ ਨੂੰ ਤਾਂ ਅੰਦਰ ਬਾਹਰ, ਨਿਜ ਤੇ ਪਰ, ਸਭ ਪਾਸੇ ਗੁਰੂ

Digitized by Panjab Digital Library | www.panjabdigilib.org

ਮੁਖ ਹੀ ਦਿਸਦਾ ਹੈ। ਗੁਰੂ-ਸਿਖਿਆ ਹੀ ਉਸ ਦਾ ਮੁਖ ਆਧਾਰ ਹੁੰਦੀ ਹੈ। 'ਬਿਬੇਕੁ ਬੁਧੀ' ਵਾਲਾ ਤਾਂ ਖਿਨੁ ਖਿਨੁ ਪ੍ਰਭੂ-ਸ਼ਬਦ ਦਾ ਸਿਮਰਨ ਕਰਦਾ ਹੈ, ਹਰਿਨਾਮ ਦਾ ਜਾਪ ਕਰਦਾ ਹੈ :-

ਬਿਬੇਕੁ ਬੁਧਿ ਬੀਚਾਰਿ ਗੁਰਮੁਖਿ,
ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੈ ॥
ਜਾ ਬਹਹਿ ਗੁਰਮੁਖਿ ਹਰਿਨਾਮੁ ਬੋਲਹਿ,
ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥
(ਤੁਖਾਰੀ ਮ: ੪)

ਰਵਿਦਾਸ ਭਗਤ ਜੀ ਤਾਂ ਬਿਬੇਕੁ-ਬੁੱਧੀ ਨੂੰ 'ਦੀਪ' ਨਾਲ ਸਮਾਨਤਾ ਦਿੰਦੇ ਹਨ। ਜਦੋਂ ਉਹ 'ਆਸਾ' ਬਾਣੀ ਵਿਚ ਕਹਿੰਦੇ ਹਨ :—

ਮਾਧੌ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥
(ਆਸਾ ਬਾਣੀ ਸ੍ਰੀ ਰਵਿਦਾਸ ਜੀਉ)

ਤਾਂ ਅਵਿਦਿਆ-ਅਗਿਆਨਤਾ ਨਾਲ ਪਾਏ ਹੋਏ ਪਿਆਰ ਕਾਰਨ ਹੀ ਵਿਚਾਰ ਰੂਪੀ ਦੀਵੇ ਦਾ ਮਲੀਨ-ਮੈਲਾ ਹੋ ਜਾਣਾ ਦਸਦੇ ਹਨ। 'ਬਿਬੇਕੁ-ਬੁੱਧੀ' ਆਪਣੇ ਆਪ ਵਿਚ ਗਿਆਨ ਦਾ ਦੀਵਾ ਵੀ ਹੈ। ਗਿਆਨ ਵਿਚ ਚਾਨਣ ਹੁੰਦਾ ਹੈ, ਵਿਚਾਰ ਵਿਚ ਵੀ ਚਾਨਣ ਹੁੰਦਾ ਹੈ। ਚਾਨਣ ਭਾਵੇਂ ਬਿਜਲੀ ਦਾ ਵੀ ਹੁੰਦਾ ਹੈ, ਪਰ ਬਿਬੇਕੁ ਬੁੱਧੀ ਵਿਚ ਜਿਹੜਾ ਚਾਨਣ ਹੈ, ਉਹ ਸਦਾ ਚਾਨਣ ਹੀ ਰਹਿੰਦਾ ਹੈ, ਬੁੱਝਦਾ ਨਹੀਂ, ਹਾਂ ਅਗਿਆਨਤਾ-ਹਿੱਤ ਕਾਰਨ ਉਹ ਮਲੀਨ ਜ਼ਰੂਰ ਹੋ ਜਾਂਦਾ ਹੈ। ਗੁਰੂ ਅਮਰਦਾਸ ਜੀ ਤਾਂ ਬਿਬੇਕੁ-ਬੁਧੀ ਨੂੰ ਪ੍ਰਗਾਸਮਈ ਜੀਵਨ ਪ੍ਰਦਾਨ ਕਰਨ ਵਾਲੀ ਬੁੱਧੀ ਮੰਨਦੇ ਹਨ, ਸੁਖ ਦੇਣ ਵਾਲੀ ਬੁੱਧੀ ਕਹਿੰਦੇ ਹਨ, ਮਿਠਾਸ ਤੇ ਮਿਲ-ਵਰਤਣ ਵਾਲੀ ਬੁੱਧੀ ਕਹਿੰਦੇ ਹਨ। ਬਿਬੇਕੁ ਬੁਧੀ ਨਾਲ ਹੀ 'ਦਿਨ-ਰੈਣ' ਅਨੰਦਮਈ ਜੀਵਨ ਜੀਵਿਆ ਜਾ ਸਕਦਾ ਹੈ ;—

ਬਿਬੇਕੁ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥
ਹਰਿ ਹਰਿ ਅਨਦ ਭਇਆ ਦਿਨ ਰਾਤੀ ਨਾਨਕ ਹਰਿ ਮੀਠ ਲਗਾਏ ॥
(ਸੂਹੀ ਮ: ੩)

'ਸਿੱਖੀ' ਦੀ ਸਿਖਿਆ ਮੂਲ ਰੂਪ ਵਿਚ 'ਬਿਬੇਕੁ' ਦੀ ਸਿਖਿਆ ਹੀ ਹੈ, ਗੁਰੂ-ਵਿਚਾਰ ਦੀ ਸਿਖਿਆ ਹੀ ਹੈ। ,ਸਿੱਖੀ' ਤਾਂ ਮੂਲ ਰੂਪ ਵਿਚ ਹੈ ਹੀ ਬਿਬੇਕੀ। ਜਿਵੇਂ 'ਬਿਬੇਕੁ ਬੁਧੀ' ਬ੍ਰਹਮ ਅਤੇ ਪ੍ਰਾਕ੍ਰਿਤ ਦਾ ਯਥਾਰਥਕ ਗਿਆਨ ਉਲੀਕਦੀ ਹੈ, ਸਤਿ ਤੇ ਅਸਤਿ ਦਾ ਵਿਚਾਰ-ਨਿਖੇੜ ਪ੍ਰਗਟਾਂਦੀ ਹੈ, ਵਸਤੂ ਦੇ ਠੀਕ ਠੀਕ ਸਰੂਪ ਦਾ ਨਿਯਮ-ਨਿਸਚਿਤ ਕਰਦੀ ਹੈ, ਇਸੇ ਤਰ੍ਹਾਂ ਦੀ ਮੁਖ ਸਿਖਿਆ ਵੀ ਬ੍ਰਹਮ ਅਤੇ ਪ੍ਰਾਕ੍ਰਿਤ ਵਿਚ ਜਿਹੜਾ ਆਤਮਕ-ਰਿਸ਼ਤਾ ਹੈ, ਉਸ ਦਾ

Digitized by Panjab Digital Library | www.panjabdigilib.org

ਯਥਾਰਥਕ-ਗਿਆਨ ਪ੍ਰਾਪਤ ਕਰਨ ਦੀ ਹੈ, ਸਤਿ ਅਤੇ ਅਸਤਿ ਦੀ ਅਸਲੀਅਤ-ਅੰਤਰ ਨੂੰ ਸਮਝਣ ਦੀ ਸਿਖਿਆ ਹੈ, ਵਸਤੂ ਦੇ ਸਰੂਪ ਨੂੰ ਸਹੀ ਨਿਸਚਿਤ ਕਰਨ ਦੀ ਸਿਖਿਆ ਹੈ। ਗੁਰੂ-ਸਿਖਿਆ ਦਾ ਉਦੇਸ਼ ਵੀ ਇਹੀ ਹੈ। ਸਿੱਖੀ ਭਾਵੇਂ ਸੁਸ਼ਟ ਵਿਹਾਰ ਵਾਲੇ ਸਮੂਹਕ ਜੀਵਨ ਦਾ ਨਾਮ ਵੀ ਹੈ, ਪਰ ਸੁਸ਼ਟ ਵਿਹਾਰਕ-ਜੀਵਨ ਦਾ ਪ੍ਰਮੁਖ ਆਧਾਰ ਬਿਬੇਕੁ ਬੁਧੀ ਹੀ ਹੈ। 'ਬਿਬੇਕੁ ਬੁਧੀ ਬਿਨਾ ਤਾਂ ਨਾ ਮਨ ਦੇ ਸ਼ੰਕੇ ਉਤਰ ਸਕਦੇ ਹਨ, ਨਾ ਮਨ ਵਿਚ ਨਿਰਮਲਤਾ ਆ ਸਕਦੀ ਹੈ, ਨਾ ਕੋਈ ਆਪਣੇ ਆਪ ਨੂੰ ਗੁਰਮੁਖ ਬਣਾ ਸਕਦਾ ਹੈ, ਨਾ ਮਨ ਅੰਦਰ ਪ੍ਰਭੂ-ਦੀਪ ਜਗਾ ਸਕਦਾ ਹੈ, ਅਤੇ ਨਾ ਹੀ ਅਨੰਦ-ਪ੍ਰਗਾਸ ਦੀ ਪ੍ਰਾਪਤੀ ਕਰ ਸਕਦਾ ਹੈ। 'ਸਿੱਖੀ' ਤਾਂ ਅੰਨਦਮਈ-ਜੀਵਨ ਦਾ ਨਾਮ ਹੈ, ਸਦਾ ਪ੍ਰਗਾਸਮਈ-ਜੀਵਨ ਬਿਤਾਣ ਦਾ ਨਾਮ ਹੈ। ਬਿਬੇਕੁ ਬੁਧੀ ਨਾਲ ਜੀਵਨ ਨਿਰਮਲ ਵੀ ਬਣਦਾ ਹੈ, ਗੁਰੂ-ਮੁਖ ਵਲ ਵੀ ਮੁੜਦਾ ਹੈ, ਪ੍ਰਗਾਸਮਈ ਤੇ ਮਿਠਾਸ-ਭਰਪੂਰ ਮਾਰਗ ਤੇ ਵੀ ਟੁਰਦਾ ਹੈ। ਇਸੇ ਕਰ ਕੇ ਖਾਲਸਾ-ਪੰਥ ਜਦੋਂ ਆਪਣੇ ਪ੍ਰਭੂ-ਸਨਮੁਖ ਖੜਾ ਹੋ ਕੇ ਨਿਤ ਅਰਦਾਸ ਕਰਦਾ ਹੈ, ਤਾਂ ਉਹ ਆਪਣੇ ਪ੍ਰਭੂ ਕੋਲੋਂ ਸਮੂਹਕ ਪੱਧਰ ਤੇ 'ਸਿੱਖੀ ਦਾਨ' ਮੰਗਦਾ ਹੈ, (ਸਿੱਖੀ-ਪੂਰਨ ਜੀਵਨ ਦਾ ਨਾਮ ਹੈ) ਪਰ ਵਿਸ਼ੇਸ਼ ਤੌਰ ਤੇ ਬਿਬੇਕੁ ਬੁਧੀ ਦਾ ਦਾਨ ਵੀ ਮੰਗਦਾ ਹੈ। ਕਿਉਂਕਿ ਇਕ ਤਾਂ ਬਿਬੇਕ ਬੁਧੀ ਜਗਤ ਦੀ ਸਰੇਸ਼ਟ ਤੇ ਨਿਰਮਲ ਬੁੱਧੀ ਹੈ, ਦੂਜਾ ਬਿਬੇਕੁ-ਬੁਧੀ ਨਾਲ ਹੀ ਬ੍ਰਹਮ ਤੇ ਪ੍ਰਾਕ੍ਰਿਤ ਦੇ ਆਤਮਕ-ਰਿਸ਼ਤੇ ਦੀ ਸਮਝ ਆਉਂਦੀ ਹੈ, ਤੀਜਾ ਬਿਬੇਕੁ ਬੁਧੀ ਨਾਲ ਵੀ ਸਿੱਖੀ-ਨਿਯਮ ਦ੍ਰਿੜ੍ਹ ਹੁੰਦੇ ਹਨ, ਚੌਥਾ ਬਿਬੇਕੁ ਬੁਧੀ ਨਾਲ ਹੀ ਅਨੰਦਮਈ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਖਾਲਸਾ-ਪੰਥ 'ਸਿੱਖੀ ਦਾ ਦਾਨ ਤੇ ਬਿਬੇਕੁ ਦਾਨ' ਦੀ ਪ੍ਰਭੂ-ਸਨਮੁਖ ਪ੍ਰਾਰਥਨਾ ਕਰਦਾ ਹੈ, ਤਾਂ ਉਹ ਅਨੰਦਮਈ ਜੀਵਨ ਦੀ ਪ੍ਰਾਪਤੀ ਦਾ ਹੀ ਦਾਨ ਮੰਗ ਰਿਹਾ ਹੁੰਦਾ ਹੈ। 'ਅਨੰਦਮਈ-ਜੀਵਨ' ਸਿੱਖੀ ਦਾ ਪ੍ਰਮੁਖ ਉਦੇਸ਼ ਵੀ ਹੈ, ਦਾਨੀ ਹੋਣ ਦਾ ਯਥਾਰਥਕ ਪ੍ਰਮਾਣ ਵੀ ਹੈ ਤੇ ਬਿਬੇਕੁ ਬੁਧੀ ਦਾ ਜੀਵਨ ਜੀਉਣ ਦੀ ਪਹਿਚਾਣ ਵੀ ਹੈ। ਇਸੇ ਲਈ 'ਖਾਲਸਾ-ਪੰਥ' ਨਿਤ ਸਿੱਖੀ ਦਾਨ, ਕੇਸ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੇ ਬੋਲਾਂ ਨੂੰ ਦੁਹਰਾਂਦਾ ਹੈ।

Digitized by Panjab Digital Library | www.panjabdigilib.org

ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ

'ਅੰ-ਮ੍ਰਿਤ' ਦਾ ਭਾਵ-ਅਰਥ ਹੈ, 'ਮ੍ਰਿਤੂ-ਰਹਿਤ ਵਾਤਾਵਰਣ, ਸ਼ੁਧ ਅਤੇ ਪਵਿਤ੍ਰ ਵਾਤਾਵਰਣ, ਰਸਮਈ ਵਾਤਾਵਰਣ'। ਸ਼ੁਧ ਅਤੇ ਪਵਿੱਤਰ ਵਾਤਾਵਰਣ ਕਾਲ ਤੋਂ ਹਮੇਸ਼ਾਂ ਮੁਕਤ ਹੁੰਦਾ ਹੈ। 'ਅੰ-ਮ੍ਰਿਤ' ਭਾਵੇਂ ਵਾਤਾਵਰਣ ਹੋਵੇ, ਭਾਵੇਂ ਧਰਤੀ-ਸਰੋਵਰ ਹੋਵੇ, ਤੇ ਭਾਵੇਂ ਪੰਜਾਬ-ਭਾਰਤੀਆਂ ਨੂੰ ਖਾਲਸਾ-ਪੰਥ ਵਿਚ ਬਦਲਣ ਦਾ ਇਤਿਹਾਸਕ-ਸਮਾਗਮ ਹੋਵੇ, ਹਾਂ ਸੰਪੂਰਨ ਪੱਧਰ ਉਤੇ 'ਅੰ-ਮ੍ਰਿਤ' ਮੌਤ-ਮੁਕਤ, ਸ਼ੁਧ ਅਤੇ ਪਵਿਤਰ ਵਾਤਾਵਰਣ ਹੀ ਹੈ। ਸਰਬ-ਭਾਰਤੀ ਧਰਮ-ਗਰੰਥਾਂ ਵਿਚ 'ਅੰ-ਮ੍ਰਿਤ' ਦਾ ਇਹੀ ਸੰਕਲਪ ਨਿਰੂਪਣ ਕੀਤਾ ਗਿਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੇ ਕਵੀ-ਕਰਤਾ ਵੀ 'ਅੰਮ੍ਰਿਤ' ਦਾ ਇਹੀ ਸੰਕਲਪ ਮੂਰਤੀਮਾਨ ਕਰਦੇ ਹਨ, ਅਰਥਾਤ 'ਅੰ-ਮ੍ਰਿਤ' ਆਪਣੇ ਆਪ ਵਿਚ ਸਰਬ-ਸ੍ਰੇਸ਼ਟ ਪ੍ਰਭੂ ਦਾ ਨਾਮ ਹੈ, 'ਅੰਮ੍ਰਿਤ' ਉਹ ਰਸ ਹੈ, ਜਿਸ ਨੂੰ ਅੰਤਰ-ਆਤਮੇ ਵਿਚ ਛੱਕਣ ਨਾਲ ਆਤਮਾ ਅਮਰ ਹੋ ਜਾਂਦੀ ਹੈ, 'ਅੰ-ਮ੍ਰਿਤ' ਇਕ ਰਤਨ ਹੈ, ਜਿਸ ਨੂੰ ਸਾਂਭ ਸਾਂਭ ਕੇ ਰੱਖਣ ਨਾਲ ਮਨੁਖ ਅਮੀਰ ਹੁੰਦਾ ਹੈ, ਮਨੁਖ ਦਾ ਹਿਰਦਾ ਵਿਸ਼ਾਲਤਾ ਦਾ ਧਾਰਨੀ ਬਣਦਾ ਹੈ। 'ਅੰਮ੍ਰਿਤ' ਆਤਮਕ-ਖੁਰਾਕ ਹੈ, ਜਿਸ ਨੂੰ ਭੁੰਚਣ ਨਾਲ ਮਨੁਖ ਸਦਾ ਵਿਗਾਸ ਦੀ ਜ਼ਿੰਦਗੀ ਜੀਊਂਦਾ ਹੈ, ਸਦਾ ਅਨੰਦ-ਮਈ ਰਹਿੰਦਾ ਹੈ। 'ਅੰਮ੍ਰਿਤ' ਤਾਂ ਸ਼ੁਧ ਅਤੇ ਪਵਿਤਰ ਆਚਰਣ ਵੀ ਹੈ, ਜਿਸ ਦੇ ਮਾਪ-ਸਹਾਰੇ ਮਨੁਖ ਨੇ ਆਪਣੇ ਆਨੰਦ-ਵਾਦ ਦੀਆਂ ਕੀਮਤਾਂ ਨੂੰ ਮਾਪਣਾ ਹੈ। 'ਅੰਮ੍ਰਿਤ' ਤਾਂ ਗੁਰੂ-ਸ਼ਖਸੀਅਤਾਂ ਦੀ ਆਤਮਾ ਹੈ। ਅੰਮ੍ਰਿਤਮਈ-ਜੀਵਨ ਜੀਊਣਾ ਗੁਰੂਆਂ ਦੀ ਆਤਮਕ ਜ਼ਿੰਦਗੀ ਜੀਊਣਾ ਹੈ। 'ਅੰਮ੍ਰਿਤ' ਵਿਅਕਤੀਤਵ ਦੀ ਉੱਚਗਤੀ ਦਾ ਸਰਵੋਤਮ ਆਧਾਰ ਵੀ ਹੈ। 'ਅੰਮ੍ਰਿਤ' ਦੁਆਰਾ ਹੀ ਮਨੁਖ ਪ੍ਰਭੂ ਦੀ ਉੱਚ-ਪਦਵੀ ਨੂੰ ਪ੍ਰਾਪਤ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਅੰਮ੍ਰਿਤ-ਸਮਾਗਮ' ਰਚ ਕੇ ਸਮੂਹਕ ਪੰਜਾਬ-ਭਾਰਤੀਆਂ ਨੂੰ ਇਕ ਤਾਂ ਸਿੰਘ-ਸ਼ੇਰ ਬਣਾਇਆ ਸੀ, ਦੂਜਾ ਉਹਨਾਂ ਨੂੰ ਪ੍ਰਭੂ ਦੀ ਉਚਗਤੀ ਦਾ ਦਰਸ਼ਨ ਕਰਾਇਆ ਸੀ। 'ਸਿਖ ਧਰਮ' ਸਿੰਘ ਦਾ ਧਰਮ ਹੈ।'ਸਿੰਘ' ਨੇ ਸਮਾਜਕ ਤੇ ਰਾਜਨੀਤਕ ਖੇਤਰ ਵਿਚ ਵੀ ਸਿੰਘ-ਸ਼ੇਰ ਬਣ ਕੇ ਰਹਿਣਾ ਹੈ ਤੇ ਆਤਮਕ ਪੱਧਰ ਤੇ ਵੀ ਉਸ ਨੇ ਪ੍ਰਭੂ ਦੀ ਉਚਗਤੀ ਨੂੰ ਪ੍ਰਾਪਤ ਕਰਕੇ ਆਪਣੇ ਆਪ ਨੂੰ 'ਸਿੰਘ' ਕਾਇਮ ਰਖਣਾ ਹੈ। 'ਅੰਮ੍ਰਿਤ' ਦਾ ਸੰਕਲਪ ਆਤਮਕ, ਸਮਾਜਕ, ਤੇ ਰਾਜਨੀਤਕ-ਤਿੰਨਾਂ ਖੇਤਰਾਂ ਵਿਚ ਮੌਤ-ਮੁਕਤ, ਸ਼ੁਧ ਅਤੇ ਪਵਿਤਰ ਵਾਤਾਵਰਣ ਸਿਰਜਣ ਵਿਚ ਵਿਸ਼ੇਸ਼ ਸਹਾਇਕ ਸਿਧ ਹੁੰਦਾ ਹੈ ।

'ਸਰ' ਦਾ ਸ਼ਬਦਾਰਥ 'ਸਰੋਵਰ' ਹੀ ਸਵੀਕਾਰ ਕੀਤਾ ਜਾ ਸਕਦਾ ਹੈ। 'ਸਰ' ਸੋਮਾ ਵੀ ਹੁੰਦਾ ਹੈ। 'ਸੋਮਾ' ਭਾਵੇਂ ਕਿਸੇ ਹੋਰ ਵਿਰਸੇ ਦਾ ਹੋਵੇ, 'ਸੋਮਾ' ਹਮੇਸ਼ਾਂ ਸ਼ੁਧ ਅਤੇ ਪਵਿਤਰਤਾ ਦਾ ਹੀ ਸੰਕੇਤ ਹੁੰਦਾ ਹੈ। 'ਸੋਮਾ' ਉਹੀ ਸਵੀਕਾਰ ਕੀਤਾ ਜਾਂਦਾ ਹੈ, ਜਿਥੋਂ ਮੌਤ-ਮੁਕਤ, ਸ਼ੁਧ ਅਤੇ ਪਵਿਤਰਤਾ ਦਾ ਸਾਹਸ ਮਿਲੇ। 'ਸਰੋਵਰ' ਬਣਾਏ ਜਾਂਦੇ ਹਨ, ਪਰ ਸੋਮੇ ਆਪ ਮੁਹਾਰੇ ਉਪਜਦੇ

Digitized by Panjab Digital Library | www.panjabdigilib.org

ਹਨ । 'ਸਰੋਵਰ' ਉਦੋਂ ਸੋਮਾ ਬਣ ਜਾਂਦਾ ਹੈ, ਜਦੋਂ 'ਸਰੋਵਰ' ਵਿਚੋਂ ਮੌਤ-ਮੁਕਤ, ਸ਼ੁਧ ਅਤੇ ਪਵਿਤਰ ਹੋਣ ਲਈ ਵਿਰਸਾ ਮਿਲਣ ਲਗ ਪਵੇ । ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਸਰੋਵਰ' ਦਾ ਭਾਵ ਦੋਮੁਹੀ ਹੈ । 'ਸਰੋਵਰ' ਦਾ ਇਕ ਭਾਵ ਉਸ ਤਾਲਾਬ ਜਾਂ ਤੀਰਥ ਤੋਂ ਹੈ, ਜਿਸ ਨੂੰ ਆਦਿ ਕਾਲ ਤੋਂ ਭਾਰਤੀ ਆਪਣੇ ਧਰਮ ਦਾ ਅੰਗ ਮੰਨ ਕੇ, ਮੁਕਤੀ ਪ੍ਰਾਪਤ ਕਰਨ ਦਾ ਇਸ ਨੂੰ ਆਧਾਰ ਮੰਨਦੇ ਆਏ ਹਨ । 'ਤੀਰਥ-ਸਰੋਵਰ' ਦਾ ਇਸ਼ਨਾਨ ਕਰਨਾ, ਜਨਮ-ਜਨਮਾਂਤਰਾਂ ਦੀ ਮੈਲ ਉਤਾਰਣ ਦਾ ਵਿਸ਼ਵਾਸ ਸਵੀਕਾਰ ਕੀਤਾ ਜਾਂਦਾ ਸੀ, ਮੁਕਤ ਹੋ ਜਾਣ ਦਾ ਵਿਸ਼ਵਾਸੀ ਐਲਾਨ ਸਮਝਿਆ ਜਾਂਦਾ ਸੀ, ਤੀਰਥ-ਸਰੋਵਰਾਂ ਨੂੰ ਹੀ ਰੱਬੀ-ਸਥਾਨ ਮੰਨ ਲਿਆ ਜਾਂਦਾ ਸੀ । ਇਹਨਾਂ ਵਿਸ਼ਵਾਸਾਂ ਅਧੀਨ ਹੀ ਭਾਰਤ ਵਿਚ ਇਕ ਤਾਂ ਪੂਜਾ-ਮੰਦਰਾਂ ਨਾਲ ਸਰੋਵਰ ਆਮ ਬਣਾਏ ਜਾਂਦੇ ਹਨ, ਦੂਜਾ ਸਰੋਵਰ ਦਾ ਇਸ਼ਨਾਨ ਕਰਨਾ 'ਮੁਕਤ' ਹੋ ਜਾਣ ਦਾ ਧਰਵਾਸ ਬੱਝਦਾ ਹੈ, ਤੀਜਾ ਦੁਖ, ਕਲੇਸ਼ਾਂ ਤੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਚੌਥਾ ਮਾਨਸਿਕ ਤੌਰ ਤੇ ਮਨੁਖ ਇਥੋਂ ਦਾ ਇਸ਼ਨਾਨ ਕਰਕੇ ਆਪਣੇ ਆਪ ਨੂੰ ਸ਼ੁਧ ਅਤੇ ਪਵਿਤਰ ਸਮਝਦਾ ਹੈ । ਇਸੇ ਪ੍ਰੰਪਰਾ ਵਿਚ ਹੀ 'ਸਰੋਵਰ' ਤੀਰਥ ਬਣ ਗਏ, ਇਸੇ ਪ੍ਰੰਪਰਾ ਵਿਚ ਹੀ 'ਸਰੋਵਰ' 'ਗਤੀ' ਦਾ ਆਧਾਰ ਸਵੀਕਾਰ ਕਰ ਲਏ ਗਏ, ਇਸੇ ਪਰੰਪਰਾ ਵਿਚ ਹੀ ਸਰੋਵਰਾਂ ਨੂੰ ਪਾਪਾਂ ਦਾ ਨਾਸ਼-ਸਾਧਨ ਮੰਨ ਲਿਆ ਗਿਆ, ਇਸੇ ਪਰੰਪਰਾ ਵਿਚ ਹੀ ਸਰੋਵਰਾਂ ਨੂੰ ਧਰਮ ਦਾ ਇਕ ਜ਼ਰੂਰੀ ਹਿੱਸਾ ਪ੍ਰਵਾਨ ਕਰ ਲਿਆ ਗਿਆ । ਭਾਵੇਂ ਪੂਜਾ-ਮੰਦਰਾਂ ਦੇ ਆਲੇ ਦੁਆਲੇ ਬਣੇ ਹੋਏ ਸਰੋਵਰ, ਇਕ ਤਾਂ ਮੰਦਰਾਂ ਦੀ ਇਮਾਰਤੀ ਸ਼ੋਭਾ ਜਾਂ ਸੁਹੱਪਣ ਵਿਚ ਵਾਧਾ ਕਰਦੇ ਹਨ, ਦੂਜਾ ਸ਼ੁਧ ਅਤੇ ਪਵਿਤ੍ਰ ਵਾਤਾਵਰਣ ਦੀ ਸਿਰਜਣਾ ਵਿਚ ਵੀ ਸਹਾਇਕ ਸਿਧ ਹੁੰਦੇ ਹਨ, ਤੀਜਾ ਪਾਣੀ ਦੀ ਕਿੱਲਤ ਤੋਂ ਵੀ ਬਚਾਂਦੇ ਹਨ, ਚੌਥਾ ਧਰਮ-ਕਰਮ ਦੇ ਕੰਮਾਂ ਵਿਚ ਵੀ ਸਰੋਵਰ-ਇਸ਼ਨਾਨ ਲਾਭਦੰਦ ਸਿਧ ਹੁੰਦੇ ਹਨ, ਪੰਜਵਾਂ ਆਪਣੀ ਪੁਰਾਣੀ ਭਾਰਤੀ ਧਾਰਮਿਕ-ਪਰੰਪਰਾ ਦੀ ਪਹਿਚਾਣ ਵੀ ਕਰਾਂਦੇ ਹਨ । ਪਰ 'ਸਰੋਵਰ-ਤੀਰਥਾਂ' ਦਾ ਇਸ਼ਨਾਨ ਕਦੀ ਮੌਤ-ਮੁਕਤ ਦਾ ਸਾਧਨ ਨਹੀਂ ਬਣ ਸਕਦਾ ਅਤੇ ਨਾ ਹੀ ਪਾਪਾਂ ਦਾ ਨਾਸ਼-ਸਾਧਨ ਬਣ ਸਕਦਾ ਹੈ । ਹਾਂ ਤੀਰਥ-ਇਸ਼ਨਾਨ ਭਾਰਤੀ ਜ਼ਿੰਦਗੀ ਦਾ ਅੰਗ ਤਾਂ ਹੈ, ਪਰ ਪ੍ਰਭੂ ਦੀ ਉਚਗਤੀ ਪ੍ਰਾਪਤੀ ਦਾ ਸਾਧਨ ਕਿਧਰੇ ਵੀ ਸਵੀਕਾਰ ਨਹੀਂ ਕੀਤਾ ਗਿਆ । ਸ੍ਰੀ ਗੁਰੂ ਗਰੰਥ ਸਾਹਿਬ ਦੇ ਕਵੀ-ਕਰਤਾ ਵੀ ਜਦੋਂ 'ਸਰ-ਸਰੋਵਰ' ਦੀ ਗਲ ਕਰਦੇ ਹਨ, ਤਾਂ ਉਹ 'ਸਤਿ-ਸੰਗਤਿ-ਸਰ' ਦੀ ਹੀ ਗਲ ਕਰਦੇ ਹਨ, ਪਾਣੀ ਨਾਲ ਭਰੇ ਹੋਏ ਨਿਰੇ ਸਰੋਵਰਾਂ ਦੀ ਨਹੀਂ । 'ਸਿਖ ਧਰਮ' ਸਰੋਵਰਾਂ ਦੀ ਗੁਣਾਤਮਕ-ਸ਼ੋਭਾ ਨੂੰ ਸਵੀਕਾਰ ਕਰਦਾ ਹੈ ਪਰ ਸਰੋਵਰ-ਇਸ਼ਨਾਨ ਨੂੰ ਕਦੀ ਵੀ ਮੌਤ-ਮੁਕਤ, ਸ਼ੁਧ ਅਤੇ ਪਵਿਤਰਤਾ ਦਾ ਸਾਧਨ ਸਵੀਕਾਰ ਨਹੀਂ ਕਰਦਾ । ਮੌਤ-ਮੁਕਤ, ਸ਼ੁਧ ਤੇ ਪਵਿਤ੍ਰਤਾ ਦਾ ਸਾਧਨ ਸਿਖ ਧਰਮ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਤੇ ਇਸ ਬਾਣੀ ਵਿਚ ਨਿਰੂਪਣ ਕੀਤੀ ਭਗਤੀ-ਆਧਾਰਤ ਜ਼ਿੰਦਗੀ ਨੂੰ ਧਾਰਨ ਕਰਨ ਵਿਚ ਹੀ ਮੰਨਿਆਂ ਹੈ । ਸਿਖ ਧਰਮ ਨਾ ਤਾਂ ਸਰੋਵਰਾਂ ਨੂੰ ਪ੍ਰਭੂ ਦੀ ਉਚਗਤੀ ਪ੍ਰਾਪਤ ਕਰਨ ਦਾ ਸਾਧਨ ਮੰਨਦਾ ਹੈ, ਨਾ ਹੀ ਸਰੋਵਰਾਂ ਨੂੰ 'ਤੀਰਥ' ਸਵੀਕਾਰ ਕਰਦਾ ਹੈ, ਅਤੇ ਨਾ ਹੀ ਸਰੋਵਰਾਂ ਦੇ ਇਸ਼ਨਾਨ ਨੂੰ ਮੁਕਤੀ ਦਾ ਮਹੱਤਵ ਪੂਰਨ ਸਾਧਨ ਸਵੀਕਾਰ ਕਰਦਾ ਹੈ । 'ਪ੍ਰਭੂ' ਦੀ ਉਚਗਤੀ ਤੇ ਤੀਰਥ-ਇਸ਼ਨਾਨ 'ਸਿਖ' ਗੁਰਬਾਣੀ ਤੇ ਸਤਿ ਸੰਗਤਿ ਵਿਚੋਂ ਕਰਦਾ ਹੈ । ਗੁਰਬਾਣੀ ਵਰਗੀ ਜ਼ਿੰਦਗੀ ਦੀ ਪ੍ਰਾਪਤੀ ਨਿਰਮਾਣ ਲੈਣਾ ਹੀ ਪ੍ਰਭੂ ਦੀ ਉਚਗਤੀ ਪ੍ਰਾਪਤ ਕਰਨ

Digitized by Panjab Digital Library | www.panjabdigilib.org

ਦੀ ਪਹਿਚਾਣ ਹੈ। ਗੁਰਬਾਣੀ ਹੀ ਸਿਖ ਧਰਮ ਦਾ ਸੱਚਾ ਤੀਰਥ ਹੈ, ਗੁਰਬਾਣੀ ਹੀ ਸਿਖ ਧਰਮ ਦਾ ਸਹੀ ਸਰ–ਸਰੋਵਰ ਹੈ। ਗੁਰਬਾਣੀ ਦਾ ਹੀ ਇਸ਼ਨਾਨ ਸਿਖ ਧਰਮ ਨੇ ਸਵੀਕਾਰ ਕੀਤਾ ਹੈ। ਜਦੋਂ ਗੁਰੂ ਰਾਮਦਾਸ ਜੀ ਕਹਿੰਦੇ ਹਨ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ ਇਸ਼ਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆਂ ਉਠਦਿਆਂ ਹਰਿਨਾਮੁ ਧਿਆਵੈ।

ਤਾਂ ਇਥੇ 'ਅੰਮ੍ਰਿਤਸਰ' ਦੇ ਇਸ਼ਨਾਨ ਪ੍ਰਮੁਖ ਰੂਪ ਵਿਚ ਗੁਰਬਾਣੀ–ਉਪਦੇਸ਼ ਦੇ ਹੀ ਇਸ਼ਨਾਨ ਹਨ। ਗੁਰਬਾਣੀ–ਇਸ਼ਨਾਨ ਨਾਲ ਹੀ ਕਿਲਵਿਖ, ਪਾਪ ਤੇ ਦੋਖ ਲਹਿ ਸਕਦੇ ਹਨ, ਗੁਰਬਾਣੀ ਨੂੰ ਬਹਦਿਆਂ–ਉਠਦਿਆਂ ਤੇ ਸਵਾਸ ਸਵਾਸ ਗਾਇਨ ਕਰਨ ਨਾਲ ਹੀ 'ਅੰਮ੍ਰਿਤਸਰ' ਜੀ ਦੇ ਇਸ਼ਨਾਨ ਹੋ ਸਕਦੇ ਹਨ। ਕਿਸੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਨਾ ਤਾਂ ਮਾਨਵ–ਗਤੀ ਹੋ ਸਕਦੀ ਹੈ, ਨਾ ਪ੍ਰਭੂ ਦੀ ਉਚਗਤੀ ਪ੍ਰਾਪਤ ਹੋ ਸਕਦੀ ਹੈ ਅਤੇ ਨਾ ਹੀ ਕਿਲ ਵਿਖ, ਪਾਪ, ਤੇ ਦੋਖ ਲਹਿ ਸਕਦੇ ਹਨ। ਜਦੋਂ ਗੁਰੂ ਰਾਮਦਾਸ ਜੀ ਉਚਾਰਦੇ ਹਨ :–

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ।
ਨਾਨਕ ਧਨੁ ਧਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ।
(ਗੁਜਰੀ ਮ: ੪)

ਤਾ ਇਥੇ ਵੀ ਅੰਮ੍ਰਿਤਸਰ' ਦਾ ਸੰਕਲਪ, ਉਹਨਾਂ 'ਸਤਿਗੁਰ ਦੀ ਸਤਿਵਾਦੀ' ਅਵੱਸਥਾ ਨੂੰ ਹੀ ਸਵੀਕਾਰ ਕੀਤਾ ਹੈ। ਇਸੇ ਸਤਿਵਾਦੀ–ਮੰਡਲ ਵਿਚ ਇਸ਼ਨਾਨ ਕਰਕੇ ਹੀ ਕੋਈ ਵਿਕਾਰ–ਗ੍ਰਸਿਆ ਕਊਆ, ਵਿਕਾਰ–ਮੁਕਤ, ਸ਼ੁਧ ਤੇ ਪਵਿਤ੍ਰ ਹੰਸ ਬਣ ਸਕਦਾ ਹੈ। ਵਿਕਾਰ–ਮੁਕਤ, ਸ਼ੁਧ ਤੇ ਪਵਿਤਰ ਹੰਸ ਤਾਂ ਹਮੇਸ਼ਾਂ ਸਤਿ–ਸੰਗਤਿ–ਸਰ ਵਿਚ ਵਸਦੇ ਹਨ। ਜਿਥੇ ਵੀ ਸਤਿ–ਸੰਗਤਿ ਜੁੜਦੀ ਹੈ, ਗੁਰੂ ਸਾਹਿਬ ਉਸੇ ਸਥਿਤੀ ਨੂੰ 'ਸਰ–ਸਰੋਵਰ' ਦਾ ਸੰਕਲਪ ਪ੍ਰਦਾਨ ਕਰ ਦਿੰਦੇ ਹਨ। ਉਦਾਹਰਣ ਵਜੋਂ, ਗੁਰੂ ਨਾਨਕ ਦੇਵ ਜੀ ਪ੍ਰਭਾਤੀ ਰਾਗ ਵਿਚ ਜਦੋਂ ਕਹਿੰਦੇ ਹਨ :—

ਗਿਆਨੁ ਧਿਆਨੁ ਨਰਹਰਿ ਨਿਰਬਾਣੀ।
ਬਿਨੁ ਸਤਿਗੁਰ ਭੇਟੇ ਕੋਇ ਨਾ ਜਾਣੀ।
ਸਗਲ ਸਰੋਵਰ ਜੋਤਿ ਸਮਾਣੀ।
ਆਨਦ ਰੂਪ ਵਿਟਹੁ ਕੁਰਬਾਣੀ। (ਪ੍ਰਭਾਤੀ ਮ: ੧)

ਅਰਥਾਤ 'ਹਰਿ–ਗਿਆਨੁ–ਧਿਆਨੁ' ਜਿਥੇ ਵੀ ਹੈ, ਜਾਂ ਜਿਥੋਂ ਵੀ ਜੋਤਿ ਸਮਾਣੀ ਦਾ ਭਾਵ ਉਜਾਗਰ ਹੁੰਦਾ ਹੈ ਉਹ ਸਾਰਾ ਕੁਝ ਸਰੋਵਰ ਸਮਾਨ ਹੈ। ਗੁਰੂ ਅਰਜਨ ਦੇਵ ਜੀ ਵੀ 'ਸਰੋਵਰ'

Digitized by Panjab Digital Library | www.panjabdigilib.org

ਦਾ ਸੰਕਲਪ ਕੁਝ ਰਤਨੀ ਭਰਪੂਰ, ਮਿਲ-ਬੈਠਣ ਵਾਲਾ, ਹੁਕਮ ਕਮਾਣ ਵਾਲਾ, ਗਤੀ-ਭਰਪੂਰ ਤੇ ਸਤਿ-ਸੰਗਤੀ ਵਾਤਾਵਰਣ ਵਾਲਾ ਹੀ ਨੀਯਤ ਕਰਦੇ ਹਨ :—

ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ ।
ਸਿਖ ਹੰਸ ਸਰਵਰਿ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ ।
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚਿ ਰਹੇ
ਤੋਟਿ ਨਾ ਆਵੈ । ਸਰਵਰ ਹੰਸੁ ਦੂਰਿ ਨਾ ਹੋਈ ਕਰਤੇ
ਏਵੈ ਭਾਵੈ । ਜਨ ਨਾਨਕ ਜਿਸਦੈ ਮਸਤਕਿ ਭਾਗੁ
ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ ।
ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟ ਛਡਾਵੈ ।
(ਸਲੋਕ ਮ: ੫)

ਇਹ ਸਤਿ-ਸੰਗਤਿ ਵਾਲਾ ਵਾਤਾਵਰਣ ਜਿਥੇ ਵੀ ਹੈ, ਗੁਰੂ-ਪ੍ਰੰਪਰਾ ਦੇ ਅਨੁਸਾਰੀ ਕਵੀ-ਕਰਤਿਆਂ ਨੇ ਉਸ ਸਥਾਨ ਨੂੰ 'ਸਰੋਵਰ' ਪਦ ਪ੍ਰਦਾਨ ਕੀਤਾ ਹੈ। ਜੇ ਸਰੀਰ ਵਿਚ ਇਹ ਵਾਤਾਵਰਣ ਹੈ, ਤਾਂ ਗੁਰੂ ਰਾਮਦਾਸ ਜੀ ਕਹਿੰਦੇ ਹਨ :—

ਸਰੋਰਿ ਸਰੋਵਰਿ ਗੁਣ ਪਰਗਟਿ ਕੀਏ । ਨਾਨਕ ਗੁਰਮੁਖਿ ਮਥਿ ਤਤੁ ਕਢੀਏ ।
(ਆਸਾ ਮ: ੪)

ਅਰਥਾਤ ਉਹ ਸਰੀਰ ਵੀ ਸਰੋਵਰ ਸਮਾਨ ਹੈ, ਜਿਥੋਂ' ਹਰਿ ਨਾਮ ਪ੍ਰਗਟ ਹੁੰਦਾ ਹੈ ਤੇ ਹਿਰਦਾ ਮੰਦਰਿ ਵਰਗਾ ਬਣ ਜਾਂਦਾ ਹੈ :—

ਕਾਇਆ ਨਗਰਿ ਨਗਰਿ ਹਰਿ ਬਸਿਉ ਮਤਿ ਗੁਰਮਤਿ ਹਰਿ ਹਰਿ ਸਹੈ ।
ਸਰੀਰ ਸਰੋਵਰਿ ਨਾਮੁ ਹਰਿ ਪ੍ਰਗਟਿਉ ਘਰਿ ਮੰਦਰਿ ਹਰਿ ਪ੍ਰਭੁ ਲਹੇ ।
(ਪ੍ਰਭਾਤੀ ਮ: ੪)

ਭਗਤ ਕਬੀਰ ਜੀ ਵੀ 'ਸਰੋਵਰ' ਦਾ ਸੰਕਲਪ ਗੁਰੂ-ਸ਼ਖਸੀਅਤਾਂ ਅਨੁਸਾਰ ਹੀ ਨਿਰੂਪਣ ਕਰਦੇ ਹਨ :—

ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ।
ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ।

ਜਦੋਂ ਖਾਲਸਾ-ਪੰਥ 'ਅੰਮ੍ਰਿਤਸਰ ਜੀ ਕੇ ਇਸ਼ਨਾਨ' ਦਾ ਬੇਨਤੀ-ਭਾਵ ਪ੍ਰਗਟਾਂਦਾ ਹੈ, ਇਕ ਤਾਂ ਉਹ ਅੰਮ੍ਰਿਤ-ਮਈ ਵਾਤਾਵਰਣ ਵਿਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਂਦਾ ਹੈ, ਦੂਜਾ ਅੰਮ੍ਰਿਤ-ਸੋਮੇ ਗੁਰੂ-ਸ਼ਖਸੀਅਤਾਂ ਦੀ ਸੰਗਤਿ ਮਾਣਨ ਦੀ ਰੁਚੀ ਦਾ ਪ੍ਰਗਟਾਵਾ ਕਰਦਾ ਹੈ, ਤੀਜਾ ਅੰਮ੍ਰਿਤਸਰ (ਸਿੱਖੀ ਦਾ ਕੇਂਦਰ ਤੇ ਪੰਜਾਬ ਦਾ ਬੜਾ ਪ੍ਰਸਿਧ ਸ਼ਹਿਰ) ਵਿਚ ਸਥਿਤ

Digitized by Panjab Digital Library | www.panjabdigilib.org

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਮੰਗਦਾ ਹੈ, ਚੌਥਾ ਅੰਮ੍ਰਿਤ-ਸਰੋਵਰ (ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦਾ ਸਰੋਵਰ) ਦੇ ਆਤਮਕ-ਇਸ਼ਨਾਨ ਕਰਨਾ ਚਾਹੁੰਦਾ ਹੈ । 'ਖਾਲਸਾ-ਪੰਥ' 'ਅੰਮ੍ਰਿਤਸਰ ਜੀ ਕੇ ਇਸ਼ਨਾਨ' ਇਸ ਲਈ ਮੰਗਦਾ ਹੈ, ਕਿਉਂਕਿ 'ਅੰਮ੍ਰਿਤਸਰ' ਦੇ ਇਸ਼ਨਾਨ ਵਿੱਚੋਂ ਸਿੱਖੀ ਜੀਵਨ ਮਿਲਦਾ ਹੈ, ਸਿੱਖੀ ਸਾਹਸ ਤੇ ਬਹਾਦਰੀ ਮਿਲਦੀ ਹੈ, ਗੈਰਤ ਤੇ ਇੱਜ਼ਤ ਦੀ ਜ਼ਿੰਦਗੀ ਜੀਊਣ ਦਾ ਉਤਸ਼ਾਹ ਮਿਲਦਾ ਹੈ । ਸਿਖ ਇਤਿਹਾਸ ਇਸ ਪੱਖ ਦੀ ਪੂਰਨ ਸਾਖੀ ਭਰਦਾ ਹੈ, ਕਿ 'ਅੰਮ੍ਰਿਤਸਰ ਜੀ ਕੇ ਇਸ਼ਨਾਨ' ਸਿੱਖਾਂ ਨੂੰ ਕੌਮੀਅਤ-ਜੀਵਨ ਪ੍ਰਦਾਨ ਕਰਦਾ ਹੈ, 'ਅੰਮ੍ਰਿਤਸਰ' ਵਿਚ ਇਸ਼ਨਾਨ ਕਰਕੇ 'ਸਿਖ' ਆਪਣੇ ਆਪ ਨੂੰ ਧਰਮ, ਕੌਮ ਤੇ ਦੇਸ਼ ਦੀ ਖਾਤਰ ਮਰ-ਮਿਟਣ ਵਾਸਤੇ ਤਿਆਰ ਕਰ ਲੈਂਦਾ ਹੈ । ਜਦੋਂ ਖਾਲਸਾ-ਪੰਥ ਆਪਣੀ ਨਿਤ ਦੀ ਅਰਦਾਸ ਵਿਚ 'ਅੰਮ੍ਰਿਤਸਰ ਜੀ ਕੇ ਇਸ਼ਨਾਨ' ਦਾ ਵਰਦਾਨ ਮੰਗਦਾ ਹੈ, ਤਾਂ ਉਹ ਕੇਵਲ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਇਸ਼ਨਾਨ ਹੀ ਨਹੀਂ ਮੰਗਦਾ, ਬਲਕਿ 'ਅੰਮ੍ਰਿਤਸਰ' ਦੀ ਸਿਰਜਣਾ ਪਿਛੇ, ਜੇਹੜਾ ਗੁਰੂਆਂ ਤੇ ਗੁਰਸਿੱਖਾਂ ਦਾ ਇਤਿਹਾਸਕ ਵਿਰਸਾ ਹੈ, ਸਿਖ ਉਸ ਸੁਨਹਿਰੀ ਵਿਰਸੇ ਦੀ ਯਾਦ ਨੂੰ ਵੀ ਤਾਜ਼ਾ ਕਰਨਾ ਚਾਹੁੰਦਾ ਹੈ । 'ਅੰਮ੍ਰਿਤਸਰ' ਨੂੰ ਇਕ ਦ੍ਰਿਸ਼ਟੀਕੋਣ ਤੋਂ ਸੱਚਾ ਤੀਰਥ ਵੀ ਆਖਿਆ ਜਾ ਸਕਦਾ ਹੈ । ਜਿਵੇਂ ਧਰਮ-ਕੇਂਦਰ-ਤੀਰਥਾਂ ਦੇ ਇਸ਼ਨਾਨ ਕਰਨ ਨਾਲ ਮਨੁਖ ਨੂੰ ਮੌਤ-ਮੁਕਤ, ਸ਼ੁਧ ਤੇ ਪਵਿਤਰਤਾ ਦਾ ਅਹਿਸਾਸ ਪ੍ਰਾਪਤ ਹੋਣਾ ਚਾਹੀਦਾ ਹੈ । 'ਅੰਮ੍ਰਿਤਸਰ' ਨੂੰ ਇਕ ਪ੍ਰੰਪਰਾ ਦੇ ਰੂਪ ਵਿਚ ਜੇ ਤੀਰਥ ਵੀ ਮੰਨ ਲਿਆ ਜਾਵੇ, ਤਾਂ ਇਹ ਤੀਰਥ ਦੇ ਕਰਤਵ ਨੂੰ ਪੂਰੀ ਤਰ੍ਹਾਂ ਪਾਲਦਾ ਹੈ । ਹਾਂ 'ਅੰਮ੍ਰਿਤਸਰ' ਉਹਨਾਂ ਤੀਰਥਾਂ ਤੋਂ ਬਿਲਕੁਲ ਵਖਰਾ ਹੈ, ਜਿਹਨਾਂ ਤੀਰਥਾਂ ਤੇ ਭਰਮ, ਵਹਿਮ, ਪਾਖੰਡ, ਠੱਗੀ ਤੇ ਕਰਮ-ਰਹਿਤ ਅੰਗਾਂ ਦੀ, ਜਜ਼ਬਾਤੀ ਪੱਧਰ ਉਤੇ ਪੂਜਾ ਕੀਤੀ ਜਾਂਦੀ ਹੈ.....ਇਸ ਨੂੰ ਆਮ ਪੰਡਤਈ ਤੀਰਥਾਂ ਵਾਂਗ ਇਕ ਤੀਰਥ ਵੀ ਮੰਨ ਲਿਆ ਜਾਣ ਲਗ ਪਿਆ ਹੈ । ਪਰ ਇਹ ਗਲ ਨਿਸਚੇ ਨਾਲ ਕਹੀ ਜਾ ਸਕਦੀ ਹੈ, ਕਿ 'ਤੀਰਥ' ਪ੍ਰਤੀ ਜਿਹੜਾ ਸੰਕਲਪ ਆਦਿ ਗੁਰੂ ਗਰੰਥ ਸਾਹਿਬ ਦੇ ਗੁਰੂ, ਭਗਤ ਤੇ ਭੱਟ ਕਵੀਆਂ ਨੇ ਵਰਨਣ ਕੀਤਾ ਹੈ, 'ਅੰਮ੍ਰਿਤਸਰ' ਕੁਝ ਉਸੇ ਤਰ੍ਹਾਂ ਦਾ ਹੀ ਤੀਰਥ ਹੈ । ਇਸ ਤੀਰਥ ਵਿਚਲਾ ਵਾਤਾ-ਵਰਣ ਵਹਿਮਾਂ, ਭਰਮਾਂ ਤੇ ਪਾਖੰਡਾਂ ਤੋਂ ਬਿਲਕੁਲ ਮੁਕਤ ਹੈ । ਇਹ ਅੰਮ੍ਰਿਤਸਰ ਤੀਰਥ ਤਾਂ ਮਨੁਖ ਨੂੰ ਮੌਤ-ਮੁਕਤ, ਸ਼ੁਧ ਅਤੇ ਪਵਿਤਰਤਾ ਦਾ ਸਾਹਸ ਪ੍ਰਦਾਨ ਕਰਦਾ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਤੀਰਥ' ਦਾ ਸੰਕਲਪ ਵੀ ਪ੍ਰਮੁਖ ਰੂਪ ਵਿਚ ਆਤਮਕ ਹੀ ਉਲੀਕਿਆ ਗਿਆ ਹੈ । ਗੁਰੂ ਸਾਹਿਬਾਂ ਨੇ ਕਿਸੇ ਵਿਸ਼ੇਸ਼ ਧਰਤੀ ਨੂੰ ਤੀਰਥ ਦਾ ਸੰਕਲਪ ਨਹੀਂ ਦਿੱਤਾ ਅਤੇ ਨਾ ਹੀ ਪੰਡਤਈ-ਧਰਮ-ਕੇਂਦਰਾਂ ਨੂੰ ਤੀਰਥ ਸਵੀਕਾਰ ਕੀਤਾ ਹੈ । ਪੰਡਤਾਂ ਦੇ ਸੰਕਲਪ ਵਿਚ 'ਤੀਰਥ' ਹੀ ਮੁਕਤੀ ਦਾਤਾ ਹਨ, ਤੀਰਥ ਹੀ ਦੁਖ-ਕਲੇਸ਼ ਤੋਂ ਬਚਾਣ ਦਾ ਵਿਸ਼ਵਾਸੀ ਸਾਧਨ ਹਨ, 'ਤੀਰਥ' ਧਰਮ ਦਾ ਅਤਿ ਜ਼ਰੂਰੀ ਹਿੱਸਾ ਹਨ, ਭਾਰਤੀ ਧਰਮ-ਪ੍ਰੰਪਰਾ ਦਾ ਵੀ ਅਤਿ ਕੀਮਤੀ ਅੰਗ ਹਨ । ਪੰਡਤਾਂ ਅਨੁਸਾਰ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨਾ, ਜਨਮ-ਜਨਮਾਂਤਰਾਂ ਦੀ ਮੈਲ ਉਤਰ ਜਾਣ ਦਾ ਵਿਸ਼ਵਾਸ ਪ੍ਰਾਪਤ ਕਰਨਾ ਹੈ । ਪਰ ਗੁਰਮਤਿ ਅਨੁਸਾਰੀ ਕਵੀਆਂ ਵਿਚੋਂ ਕਿਸੇ ਨੇ ਵੀ ਤੀਰਥ ਦੇ ਇਸ ਸੰਕਲਪ ਨੂੰ ਸਵੀਕਾਰ ਨਹੀਂ ਕੀਤਾ ।

Digitized by Panjab Digital Library | www.panjabdigilib.org

ਉਦਾਹਰਣ ਵਜੋਂ ਹੇਠਲੇ ਬਾਣੀ ਵਾਕ ਇਸ ਕਥਨ ਦੀ ਪੁਸ਼ਟੀ ਕਰਦੇ ਹਨ :—

(ਉ) ਤੀਰਥ ਨਾਇ ਨਾ ਉਤਰਸਿ ਮੈਲੁ ਕਰਮ ਧਰਮ ਸਭਿ ਹਉਮੈ ਫੈਲ ।
ਲੋਕ ਪਚਾਰੈ ਮਤਿ ਨਹੀ ਹੋਇ ਨਾਮ ਬਿਹੂਣੇ ਚਲਸਹਿ ਰੋਇ ।
(ਅ) ਸਭਿ ਤੀਰਥ ਵਰਤਿ ਜਗ ਪੁੰਨ ਤੋਲਾਹਾ । ਹਰਿ ਹਰਿ
ਨਾਮ ਨ ਪੁਜਹਿ ਪੁਜਾਹਾ । ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ।
ਗੁਰਮਤਿ ਜਪਿ ਉਮਾਹਾ ਰਾਮੁ । ਸਭਿ ਕਰਮ ਧਰਮ ਹਰਿ ਨਾਮੁ
ਜਪਾਹਾ ਕਿਲ ਵਿਖ ਮੈਲੁ ਪਾਪ ਧੋਵਾਹਾ । ਦੀਨ ਦਇਆਲ ਹੋਹੁ
ਜਨ ਉਪਰਿ ਦੇਹੁ ਨਾਨਕ ਨਾਮੁ ਉਮਾਹਾ ਰਾਮੁ । (ਜੈਤਸਰੀ ਮ: ੪)
(ਏ) ਸਭਿ ਤੀਰਥ ਬਰਤ ਜਗ ਪੁੰਨ ਕੀਏ ਹਿਵੈ ਗਾਲਿ ਤਨੁ ਛੀਜੈ ।
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੂਜੈ ਨਾ ਤੋਲ ਤੁਲੀਜੈ ।
(ਕਾਂਲਿਆਨੁ ਮ: ੪)

ਸਮੂਹਕ ਰੂਪ ਵਿਚ ਗੁਰੂ ਸਾਹਿਬਾਂ ਨੇ 'ਹਰੀ–ਨਾਮ' ਨੂੰ ਹੀ ਤੀਰਥ ਮੰਨਿਆਂ ਹੈ । ਧਰਤੀ ਕੋਈ ਹੋਵੇ, ਜਿਥੇ ਹਰੀ ਨਾਮ ਦਾ ਵਾਸਾ ਹੈ, ਗੁਰੂ ਸਾਹਿਬ ਉਸ ਨੂੰ 'ਸੱਚਾ ਤੀਰਥ' ਮੰਨਦੇ ਹਨ । 'ਸੱਚਾ ਤੀਰਥ' ਪ੍ਰਭੂ–ਨਾਮ ਪ੍ਰਧਾਨ ਤੀਰਥ ਹੈ, ਦੈਵੀ–ਗੁਣ ਪ੍ਰਧਾਨ ਤੀਰਥ ਹੈ । ਸੱਚੇ ਤੀਰਥ ਵਿਚ ਨਿਰੰਕਾਰ ਆਪ ਵਸਦਾ ਹੁੰਦਾ ਹੈ । ਹੇਠਲੀਆਂ ਗੁਰਬਾਣੀ ਦੀਆਂ ਸਤਰਾਂ ਇਸ ਭਾਵ ਦਾ ਬੜਾ ਨਿਗਰ ਪ੍ਰਮਾਣ ਹਨ :—

(ਉ) ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ
ਭਾਖੰਡੁ ਸੋਹੈ । ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ
ਬੋਹੈ । ਜਿਸ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ।
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ।
(ਸਵਈਏ ਮਹਲੇ ਦੂਜੇ ਕੇ)

(ਅ) ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ । ਤਤ ਬੀਚਾਰਹ
ਹਰਿ ਲਿਵ ਲਾਵਹੁ । ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ
ਰਾਮੁ ਪਿਆਰਾ ਹੇ । (ਮਾਰੂ ਮ: ੧)

(ਏ) ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ।
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ।
(ਆਸਾ ਮ: ੧)

(ਸ) ਸਚੈ ਥਾਨਿ ਵਸੈ ਨਿਰੰਕਾਰਾ । ਆਪਿ ਪਛਾਣੈ ਸਬਦੁ ਵੀਚਾਰਾ ।
ਸਚੈ ਮਹਿਲ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ।

Digitized by Panjab Digital Library | www.panjabdigilib.org

(ਹ) ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ।
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ।

(ਮਾਰੂ ਮ: ੫)

'ਇਸ਼ਨਾਨ' ਦਾ ਸ਼ਬਦ–ਅਰਥ ਦੋ ਪਖੀ ਹੈ । ਇਸ਼ਨਾਨ ਦਾ ਇਕ ਅਰਥ ਸਰੀਰਕ–ਇਸ਼ਨਾਨ ਤੋਂ ਹੈ । ਸਰੀਰਕ–ਅੰਗਾਂ ਉਤੇ ਵਿਚਾਰਾਂ ਦੀ, ਮਿਟੀ–ਘੱਟੇ ਦੀ ਮੈਲ ਚੜ੍ਹਦੀ ਰਹਿੰਦੀ ਹੈ । ਮਨੁਖ ਆਪਣੇ ਸਰੀਰ ਨੂੰ ਸ਼ੁਧ ਅਤੇ ਪਵਿਤਰ ਬਣਾਉਣ ਵਾਸਤੇ ਪਾਣੀ–ਇਸ਼ਨਾਨ ਕਰਦਾ ਹੈ । 'ਇਸ਼ਨਾਨ' ਦਾ ਦੂਜਾ ਅਰਥ ਆਤਮਾ ਦਾ ਇਸ਼ਨਾਨ ਹੈ । 'ਆਤਮਾ' ਉਤੇ ਵੀ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੀ ਮੈਲ ਚੜ੍ਹਦੀ ਰਹਿੰਦੀ ਹੈ । ਇਸ ਲਈ ਆਤਮਾ ਨੂੰ ਸ਼ੁਧ ਅਤੇ ਪਵਿਤ੍ਰ ਰਖਣ ਵਾਸਤੇ ਵੀ ਇਸ਼ਨਾਨ 'ਪ੍ਰਭੂ–ਨਾਮ' ਦੀ ਸਿਮਰਤੀ ਦੁਆਰਾ ਹੀ ਕਰਵਾਇਆ ਜਾ ਸਕਦਾ ਹੈ । 'ਪ੍ਰਭੂ–ਭਗਤੀ' ਬਿਨਾਂ ਆਤਮਾ ਕਦੀ ਵੀ ਸ਼ੁਧ ਅਤੇ ਪਵਿਤਰ ਨਹੀਂ ਰਹਿ ਸਕਦੀ । ਜਦੋਂ ਗੁਰੂ ਨਾਨਕ ਦੇਵ ਜੀ 'ਜਪੁ ਨੀਸਾਣੁ' ਵਿਚ ਕਹਿੰਦੇ ਹਨ :—

ਭਰੀਐ ਹਥੁ ਪੈਰੁ ਤਨੁ ਦੇਹ । ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜ ਹੋਇ । ਦੇ ਸਾਬੂਣੁ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ । ਓਹ ਧੋਪੈ ਨਾਵੈ ਕੈ ਰੰਗਿ ।

ਤਾਂ ਉਹ ਦੋਹਾਂ ਇਸ਼ਨਾਨਾ ਦਾ ਵਰਣਨ ਕਰ ਜਾਂਦੇ ਹਨ, ਅਰਥਾਤ ਪਾਣੀ–ਇਸ਼ਨਾਨ ਤੇ ਨਾਮ–ਇਸ਼ਨਾਨ । ਗੁਰੂ ਅਰਜਨ ਦੇਵ ਜੀ ਵੀ ਜਦੋਂ ਕਹਿੰਦੇ ਹਨ :—

ਕਰਿ ਇਸਨਾਨੁ ਸਿਮਰਿ ਪ੍ਰਭੂ ਅਪਨਾ ਮਨ ਤਨ ਭਏ ਅਰੋਗਾ ।
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ।

(ਸੋਰਠਿ ਮ: ੫)

ਤਾਂ ਉਹ ਵੀ ਦੋਹਾਂ ਇਸ਼ਨਾਨਾ ਦਾ ਹੀ ਵਰਣਨ ਕਰ ਰਹੇ ਹਨ । ਜਦੋਂ ਖਾਲਸਾ–'ਪੰਥ' ਅੰਮ੍ਰਿਤਸਰ ਜੀ ਕੇ ਇਸ਼ਨਾਨ ਦਾ ਬੋਲ ਉਚਾਰਦਾ ਹੈ, ਤਾਂ ਉਸ ਦੀ ਦ੍ਰਿਸ਼ਟ ਵਿਚ ਵੀ ਦੋਵੇਂ ਹੀ ਇਸ਼ਨਾਨ ਹਨ । 'ਖਾਲਸਾ–ਪੰਥ' ਅੰਮ੍ਰਿਤ–ਸਰ–ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਵੀ ਕਰਨਾ ਚਾਹੁੰਦਾ ਹੈ, ਤੇ ਗੁਰਬਾਣੀ, ਜਿਹੜੀ ਅੰਮ੍ਰਿਤ ਦਾ ਸੋਮਾ ਹੈ, ਵਿਚ ਨਿਰੂਪਣ ਕੀਤੀ ਆਤਮਕ–ਰਹਿਣੀ ਨੂੰ ਵੀ ਆਪਣੇ ਜੀਵਨ ਦਾ ਅੰਗ ਬਣਾਉਣਾ ਚਾਹੁੰਦਾ ਹੈ । ਅੰਮ੍ਰਿਤਸਰ ਜੀ ਕੇ ਇਸ਼ਨਾਨ ਦਾ ਇਕ ਭਾਵ ਜੇ ਤੀਰਥ–ਇਸ਼ਨਾਨ ਵੀ ਮੰਨ ਲਿਆ ਜਾਏ, ਤਾਂ ਤੀਰਥਾਂ ਨੂੰ ਭਾਰਤੀ ਸਭਿਅਤਾ ਵਿਚ ਧਰਮ ਅਤੇ ਮੌਖ ਦਾ ਸੋਮਾ ਸਵੀਕਾਰ ਕੀਤਾ ਜਾਂਦਾ ਹੈ । ਇਸ ਦ੍ਰਿਸ਼ਟੀਕੋਣ ਤੋਂ 'ਅੰਮ੍ਰਿਤਸਰ ਜੀ ਕੇ ਇਸ਼ਨਾਨ' ਧਰਮ ਅਤੇ ਮੌਖ–ਪ੍ਰਾਪਤੀ ਦਾ ਇਸ਼ਨਾਨ ਹੈ । ਸਿਖ ਧਰਮ ਤਾਂ ਧਰਮ ਅਤੇ ਮੌਖ ਦਾ ਹੀ ਇਸ਼ਨਾਨ ਲੋੜਦਾ ਹੈ । ਪੰਡਤਈ–ਤੀਰਥਾਂ ਦੇ

Digitized by Panjab Digital Library | www.panjabdigilib.org

ਇਸ਼ਨਾਨ ਨੂੰ ਬਹੁਤਾ ਮਹੱਤਵ ਪੂਰਨ ਨਹੀਂ ਮੰਨਦਾ, ਇਸੇ ਕਰਕੇ ਗੁਰਬਾਣੀ ਵਿਚ ਸਿਖ ਧਰਮ ਦੇ ਹੋਰ ਤੀਰਥਾਂ ਤਰਨ ਤਾਰਨ, ਗੋਇੰਦਵਾਲ, ਖਡੂਰ ਸਾਹਿਬ, ਅਸਥਾਨਾਂ ਦਾ ਕੋਈ ਵਰਣਨ ਨਹੀਂ ਮਿਲਦਾ । ਇਸ ਦਾ ਕਾਰਨ ਸਪਸ਼ਟ ਹੈ, ਕਿ ਗੁਰੂ ਸਾਹਿਬਾਂ ਨੇ ਨਾ ਤਾਂ ਕਿਸੇ ਤੀਰਥ ਨੂੰ ਵਿਸ਼ੇਸ਼ ਮੰਨਿਆਂ ਹੈ, ਅਤੇ ਨਾ ਹੀ ਤੀਰਥ-ਇਸ਼ਨਾਨ ਨੂੰ ਧਰਮ ਅਤੇ ਮੋਖ ਦਾ ਕੋਈ ਜਰੂਰੀ ਹਿੱਸਾ ਸਵੀਕਾਰ ਕੀਤਾ ਹੈ ।

'ਅੰਮ੍ਰਿਤਸਰ ਜੀ ਕੇ ਇਸ਼ਨਾਨ' ਅਸਲ ਵਿਚ ਉਸ ਸਤਿ-ਸੰਗਤਿ-ਸਰ ਦੇ ਇਸ਼ਨਾਨ ਹੀ ਨ, ਜਿਥੋਂ ਮਨੁਖ ਨੂੰ ਅੰਮ੍ਰਿਤਮਈ ਜ਼ਿੰਦਗੀ ਮਿਲਦੀ ਹੈ, ਵਿਕਾਰ-ਤਿਆਗ ਦੀ ਪ੍ਰੇਰਨਾ ਮਿਲਦੀ ਹੈ, ਸ਼ੁਧ ਅਤੇ ਪਵਿਤਰ ਰਹਿਣੀ ਦਾ ਉਤਸ਼ਾਹ ਮਿਲਦਾ ਹੈ ।

Digitized by Panjab Digital Library | www.panjabdigilib.org

ਚੌਂਕੀਆਂ, ਝੰਡੇ ਤੇ ਬੁੰਗੇ

'ਚੌਂਕੀਆਂ, ਝੰਡੇ ਤੇ ਬੁੰਗੇ' ਸਿਖ ਧਰਮ ਦੀ ਪ੍ਰਤੱਗਿਆਵਾਦੀ, ਕੌਮੀ-ਜਾਗ੍ਰਿਤ ਤੇ ਪਰਉਪਕਾਰ ਲਈ ਵਿਸਰਾਮ-ਆਸ਼ਰਮਾਂ ਦੀ ਉਸਾਰੀ-ਰੁਚੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਪ੍ਰਤੀਕ-ਬੋਲ ਹਨ । 'ਚੌਂਕੀਆਂ' ਦਾ ਭਾਵ-ਅਰਥ ਹੈ, 'ਸ਼ਬਦ-ਮੰਡਲੀ' ਪ੍ਰਕਰਮਾਂ ਦੁਆਰਾ 'ਗੁਰੂ-ਬਾਣੀ' ਜਸ ਗਾਇਨ ਕਰੇ । 'ਪ੍ਰਕਰਮਾਂ ਦੁਆਰਾ' ਗੁਰੂ-ਬਾਣੀ ਜਸ ਗਾਇਨ ਕਰਨ ਦਾ ਭਾਵ ਹੈ, 'ਆਪਣੇ ਆਪ ਵਿਚ ਪ੍ਰਤੱਗਿਆ ਕਰਨੀ' ਕਿ ਮੈਂ ਜੀਵਨ ਭਰ ਗੁਰੂ-ਬਾਣੀ ਜਸ ਨੂੰ ਸਰੇਸ਼ਟ ਤੇ ਪਰਧਾਨ ਮੰਨਾਂਗਾ । 'ਗੁਰੂ-ਬਾਣੀ' ਨੂੰ ਸਰੇਸ਼ਟ ਤੇ ਪ੍ਰਧਾਨ ਮੰਨਣ ਦਾ ਭਾਵ ਹੈ, ਕਿ ਮੈਂ ਸਾਰੀ ਜ਼ਿੰਦਗੀ ਗੁਰੂ-ਬਾਣੀ ਅਨੁਸਾਰ ਬਿਤਾਵਾਂਗਾ । ਆਪਣੇ ਜੀਵਨ ਵਿਚ ਇਹ ਪ੍ਰਤੱਗਿਆ ਕਰ ਲੈਣੀ, ਪ੍ਰਕਰਮਾਂ ਦੁਆਰਾ ਇਹ ਵਿਸ਼ਵਾਸ ਧਾਰਨ ਕਰ ਲੈਣਾ, ਕਿ ਗੁਰੂ-ਬਾਣੀ ਹੀ ਸਗਲ ਜਗਤ ਵਿਚ ਵਿਸ਼ੇਸ਼ 'ਧਰਮ' ਹੈ, ਸਿਖ ਧਰਮ ਦੀ ਇਹ ਬੜੀ ਮਹਾਨ ਵਿਸ਼ੇਸ਼ਤਾ ਹੈ । 'ਝੰਡੇ' ਦਾ ਭਾਵ-ਅਰਥ ਵੀ 'ਧਰਮ-ਧੁਜਾ' ਤੋਂ ਹੀ ਹੈ । ਹਰੇਕ 'ਧਰਮ' ਦਾ ਆਪਣਾ 'ਧੁਜਾ' ਹੁੰਦਾ ਹੈ । 'ਧੁਜਾ' ਦਾ ਭਾਵ-ਅਰਥ 'ਨਿਸ਼ਾਨ' ਹੈ । 'ਨਿਸ਼ਾਨ' ਹਮੇਸ਼ਾਂ ਕੌਮੀ-ਜਾਗ੍ਰਿਤੀ ਦੇ ਪ੍ਰਤੀਕ ਹੁੰਦੇ ਹਨ । 'ਨਿਸ਼ਾਨ' ਬਿਨਾਂ ਤਾਂ ਕੌਮੀ-ਅਹਿਸਾਸ ਕੁਝ ਸੁੱਤਾ ਸੁੱਤਾ, ਕੁਝ ਮੁਰਦਾ ਮੁਰਦਾ ਜਾਪਦਾ ਹੈ । 'ਨਿਸ਼ਾਨ' ਹੀ ਕੌਮਾਂ ਦੀ ਜਿੰਦ-ਜਾਨ ਹੋਇਆ ਕਰਦੇ ਹਨ । 'ਨਿਸ਼ਾਨ' ਤਾਂ ਕੌਮੀ-ਸੰਸਕ੍ਰਿਤੀ ਦੀ ਪਹਿਚਾਣ ਹੁੰਦੇ ਹਨ, ਕੌਮਾਂ ਦੀ ਅਣਖ ਤੇ ਆਜ਼ਾਦੀ ਦਾ ਪੈਗ਼ਾਮ ਹੁੰਦੇ ਹਨ । 'ਝੰਡਾ' ਕੌਮੀ ਤੇ ਧਰਮ-ਜਾਗ੍ਰਿਤੀ ਦਾ 'ਨਿਸ਼ਾਨ' ਹੀ ਹੁੰਦਾ ਹੈ । 'ਬੁੰਗਾ' ਦਾ ਭਾਵ-ਅਰਥ ਹੈ, ਉਹ ਥਾਂ, ਜਿਥੇ ਵਿਸਰਾਮ ਕੀਤਾ ਜਾਂਦਾ ਹੈ, ਜਿਥੇ ਪਰਉਪਕਾਰੀ ਭਾਵਨਾ ਨੂੰ ਦ੍ਰਿਸ਼ਟੀ-ਗੋਚਰ ਰਖ ਕੇ, ਆਏ-ਗਏ ਨੂੰ ਵਿਸਰਾਮ-ਆਸ਼ਰਮ ਦੇ ਕੇ, ਮਾਨਸਿਕ ਤੌਰ ਤੇ ਨਿਹਾਲ ਕੀਤਾ ਜਾਂਦਾ ਹੈ । 'ਬੁੰਗੇ' ਰਹਿਣ ਦੇ ਉਹ ਸਥਾਨ ਹਨ, ਜਿਥੋਂ ਕੌਮ ਨੂੰ ਵਿਦਵਾਨ ਗਰੰਥੀ, ਸਰੇਸ਼ਟ ਗਿਆਨੀ, ਸੁਲਝੇ ਹੋਏ ਗੁਰੂ-ਬਾਣੀ ਦੇ ਵਿਆਖਿਆਕਾਰ, ਸੁਰੀਲੇ ਤੇ ਅਤਿ-ਪ੍ਰਭਾਵਸ਼ਾਲੀ ਕੀਰਤਨੀਏ ਅਤੇ ਸੁਚੱਜੇ ਸਾਹਿਤਕਾਰ ਪ੍ਰਾਪਤ ਹੁੰਦੇ ਸਨ । ਚੂੰਕਿ 'ਬੁੰਗੇ' ਸਿਖ-ਆਚਰਣ ਦਾ ਕੇਂਦਰ ਸਨ । ਇਸੇ ਲਈ 'ਖਾਲਸਾ-ਪੰਥ' ਆਪਣੀ ਨਿਤ ਦੀ ਅਰਦਾਸ ਵਿਚ ਇਕ ਤਾਂ ਚੌਂਕੀਆਂ, ਝੰਡੇ ਤੇ ਬੁੰਗਿਆਂ ਦੀ ਜੁਗੋ ਜੁਗ ਅਟੱਲਤਾ ਦੀ ਮੰਗ ਕਰਦਾ ਹੈ, ਦੂਜਾ ਚੌਂਕੀਆਂ, ਝੰਡੇ ਤੇ ਬੁੰਗਿਆਂ, ਦੀ ਉਸਾਰੀ ਦੀ ਸ਼ੁਭ-ਇੱਛਕ ਆਸ ਨੂੰ ਪ੍ਰਗਟਾਂਦਾ ਹੈ, ਤੀਜਾ ਚੌਂਕੀਆਂ, ਝੰਡੇ ਤੇ ਬੁੰਗਿਆਂ ਦੀ ਚੜ੍ਹਦੀ ਕਲਾ ਲਈ ਪ੍ਰਭੂ ਪਾਸੋਂ ਮੰਗ ਕਰਦਾ ਹੈ, ਚੌਥਾ ਚੌਂਕੀਆਂ, ਝੰਡੇ ਤੇ ਬੁੰਗਿਆਂ ਦੀ ਮਰਿਆਦਾ ਨੂੰ ਸਦਾ ਕਾਇਮ ਰਖਣਾ ਪਸੰਦ ਕਰਦਾ ਹੈ, ਪੰਜਵਾਂ ਪ੍ਰਤੱਗਿਆ, ਕੌਮੀ-ਜਾਗ੍ਰਿਤ ਤੇ ਪਰਉਪਕਾਰੀ ਵਿਸਰਾਮ-ਆਸ਼ਰਮਾਂ ਦੇ ਆਦਰਸ਼-ਭਾਵੀ ਕਰਤੱਵਾਂ ਨੂੰ ਨਿਬਾਹੁਣ ਦਾ ਪ੍ਰਭੂ-ਸਨਮੁਖ ਨਿਤ ਪ੍ਰਣ ਕਰਦਾ ਹੈ । ਜਦੋਂ 'ਖਾਲਸਾ-ਪੰਥ' ਚੌਂਕੀਆਂ, ਝੰਡੇ ਤੇ ਬੁੰਗਿਆਂ ਦੀ ਸਦੀਵ-ਕਾਲ ਅਟੱਲਤਾ ਦੀ ਹਾਮੀ ਭਰਦਾ ਹੈ, ਤਾਂ ਉਹ ਆਪਣੀ ਇਤਿਹਾਸਕ ਯਾਦ ਨੂੰ ਦੁਹਰਾ ਕੇ,

Digitized by Panjab Digital Library | www.panjabdigilib.org

ਗੁਰੂ ਬਾਣੀ ਤੇ ਗੁਰੂ ਇਤਿਹਾਸ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਵੀ ਕਰ ਰਿਹਾ ਹੁੰਦਾ ਹੈ। 'ਚੌਂਕੀਆਂ, ਝੰਡੇ ਤੇ ਬੁੰਗੇ' ਸਿਖ ਧਰਮ ਵਿਚ ਇਤਿਹਾਸਕ ਪੱਧਰ ਤੇ ਵੀ ਅਤਿ ਵਿਸ਼ੇਸ਼ਤਾ ਰਖਦੇ ਹਨ।

'ਸਿਖ ਧਰਮ' ਵਿਚ 'ਚਾਰ ਚੌਂਕੀਆਂ' ਇਤਿਹਾਸਕ ਤੌਰ ਤੇ ਬੜੀ ਮਹੱਤਤਾ ਰਖਦੀਆਂ ਹਨ। (ਅਜ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੁਆਰਾ ਚਾਰ ਚੌਂਕੀਆਂ ਦੀ ਪਰੰਪਰਾ ਨੂੰ ਨਿਬਾਹਿਆ ਜਾਂਦਾ ਹੈ) ਚਾਰ ਚੌਂਕੀਆਂ ਦੀ ਸਥਾਪਨਾ ਸ਼ਾਇਦ ਦਿਨ ਦੇ ਚਾਰ ਪਹਿਰਾਂ ਉਤੇ ਆਧਾਰਤ ਜਾਪਦੀ ਹੈ। ਸੰਗੀਤਕ ਦ੍ਰਿਸ਼ਟੀ ਕੋਣ ਤੋਂ ਵੀ ਇਹਨਾਂ ਚੌਂਕੀਆਂ ਦੀ ਵੰਡ ਹੋਈ ਜਾਪਦੀ ਹੈ। ਜਿਵੇਂ 'ਰਾਗ' ਦਾ ਸਮੇਂ ਨਾਲ ਬੜਾ ਡੂੰਘਾ ਸਬੰਧ ਹੈ, ਕੁਝ ਇਸੇ ਤਰ੍ਹਾਂ ਸਮੇਂ ਦੀ ਵੰਡ-ਆਧਾਰਤ ਚਾਰ ਚੌਂਕੀਆਂ ਨੂੰ ਵੀ ਰਾਗਾਂ ਅਨੁਸਾਰ ਵੰਡ ਦਿੱਤਾ ਗਿਆ ਹੈ। 'ਚਾਰ ਚੌਂਕੀਆਂ ਭਰਨ ਤੇ ਗਾਇਨ ਦਾ ਸਮਾਂ ਤੇ ਰਾਗ ਵਖਰਾ ਵਖਰਾ ਹੈ। ਪਰ ਇਹਨਾਂ ਚੌਹਾਂ ਚੌਂਕੀਆਂ ਵਿਚ ਜਿਹੜੀ ਸਰਬ-ਪ੍ਰਧਾਨ ਤੇ ਸਾਂਝੀ ਰੁਚੀ ਹੈ, ਉਹ ਗੁਰੂ-ਬਾਣੀ ਜਸ ਗਾਇਨ ਦੀ ਹੀ ਹੈ। ਚੌਹਾਂ ਚੌਂਕੀਆਂ ਵਿਚ ਗੁਰੂ-ਬਾਣੀ ਜਸ ਹੀ ਗਾਇਨ ਕੀਤਾ ਜਾਂਦਾ ਹੈ। ਭਾਈ ਕਾਹਨ ਸਿੰਘ ਜੀ ਨਾਭਾ ਨੇ 'ਗੁਰ-ਸ਼ਬਦ ਰਤਨਾਕਰ' ਪੰਨਾ ੩੪੭ ਤੇ ਇਹਨਾਂ ਚਾਰ ਚੌਂਕੀਆਂ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ :—

(੧) ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਂਕੀ।

(੨) ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ ਦੀ ਚੌਂਕੀ।

(੩) ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਂਕੀ।

(੪) ਚਾਰ ਘੜੀ ਰਾਤ ਬੀਤਣ ਪੁਰ ਕਲਿਆਣ ਦੀ ਚੌਂਕੀ, ਜਿਸ ਵਿਚ ਕਲਿਆਣ ਰਾਗ ਦੇ ਸ਼ਬਦ ਗਾਏ ਜਾਂਦੇ ਹਨ।

ਇਹਨਾਂ ਚਾਰ ਚੌਂਕੀਆਂ ਦੀ ਪਰੰਪਰਾ ਤੇ ਮਰਿਆਦਾ ਨੂੰ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਚ ਅਜ ਤਕ ਵੀ ਨਿਬਾਹਿਆ ਜਾ ਰਿਹਾ ਹੈ। ਭਾਈ ਕਾਹਨ ਸਿੰਘ ਜੀ ਕਹਿੰਦੇ ਹਨ, ਕਿ ਇਹਨਾਂ ਚੌਂਕੀਆਂ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ ਸੀ। ਗੁਰੂ ਅਰਜਨ ਦੇਵ ਜੀ ਕੀਰਤਨ ਤੇ ਰਾਗ ਦੇ ਅਤਿ ਸ਼ੌਕੀਨ ਸਨ। ਉਹ ਆਪ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਕੀਰਤਨ ਕਰਦੇ ਰਹੇ ਹਨ। ਬਲਵੰਡ-ਸੱਤੇ ਕੋਲੋਂ ਵੀ ਕੀਰਤਨ ਸੁਣਦੇ ਰਹੇ ਹਨ। ਹੋ ਸਕਦਾ ਹੈ, ਕਿ ਉਹਨਾਂ ਨੇ ਆਪਣੀ ਕੀਰਤਨ ਭੁੱਖ ਨੂੰ ਤ੍ਰਿਪਤ ਕਰਨ ਵਾਸਤੇ ਹੀ ਇਨ੍ਹਾਂ ਚਾਰ ਚੌਂਕੀਆਂ ਦੀ ਸਥਾਪਨਾ ਕੀਤੀ ਹੋਵੇ। ਪਰ ਇਤਿਹਾਸ ਇਕ ਹੋਰ ਪੁਸ਼ਟੀ ਵੀ ਕਰਦਾ ਹੈ, ਅਰਥਾਤ ਜਦੋਂ ਗੁਰੂ ਹਰਿਗੋਬਿੰਦ ਜੀ ਨੂੰ ਸਮਕਾਲੀ ਮੁਗਲ-ਹਕੂਮਤ-ਜਹਾਂਗੀਰ ਨੇ ਗ੍ਰਿਫਤਾਰ ਕਰ ਲਿਆ ਤੇ ਗੁਆਲੀਅਰ ਦੇ ਕਿਲ੍ਹੇ ਅੰਦਰ ਬੰਦ ਕਰ ਦਿੱਤਾ, ਤਾਂ ਗੁਰੂ-ਦਰਸ਼ਨ ਅਭਿਲਾਖੀ ਸੰਗਤਾਂ ਉਦਾਸ ਹੋ ਗਈਆਂ। ਉਹ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੀ ਸਰਦਾਰੀ ਹੇਠ ਗੁਆਲੀਅਰ ਵਲ ਵੀ ਗਈਆਂ। ਗੁਰੂ ਹਰਿਗੋਬਿੰਦ ਜੀ ਨੂੰ ਉਹਨਾਂ ਨੇ ਆਪਣੀ ਦਰਸ਼ਨ-ਬਿਹਬਲਤਾ ਵੀ ਪ੍ਰਗਟਾਈ। ਗੁਰੂ ਹਰਿਗੋਬਿੰਦ ਜੀ ਨੇ

Digitized by Panjab Digital Library | www.panjabdigilib.org

ਆਪਣੇ ਸਿੱਖਾਂ ਨੂੰ ਗੁਰੂ ਬਾਣੀ ਜਸ ਗਾਇਨ ਕਰਨ ਲਈ ਵੀ ਪਰੇਰਿਆ ਅਤੇ ਇਹ ਵੀ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਜੁੜ ਬੈਠਿਆ ਕਰੋ, ਦਿਨ ਦੇ ਚਾਰ ਪਹਿਰਾਂ ਅਨੁਸਾਰ ਚਾਰ ਚੌਂਕੀਆਂ ਦੁਆਰਾ ਕੀਰਤਨ ਦਾ ਗਾਇਨ ਵੀ ਕਰਿਆ ਕਰੋ। 'ਕੀਰਤਨ' ਵਿਚ ਹੀ ਮੇਰੇ ਦਰਸ਼ਨ ਹੋਣਗੇ।.....

ਗੁਰੂ-ਹੁਕਮ ਅਨੁਸਾਰ ਸਿੱਖਾਂ ਨੇ ਮਿਲ-ਬੈਠ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀਆਂ ਚਾਰ ਚੌਂਕੀਆਂ ਲਾਉਣੀਆਂ ਆਰੰਭ ਦਿਤੀਆਂ। ਇਹਨਾਂ ਚਾਰ ਚੌਂਕੀਆਂ ਵਿਚ ਸਿੱਖ 'ਗੁਰੂ ਬਾਣੀਂ ਜਸ ਗਾਇਨ ਕਰਦੇ ਸਨ। 'ਗੁਰੂ ਬਾਣੀ ਜਸ ਗਾਇਨ' ਨਾਲ, ਇਕ ਤਾਂ ਉਹਨਾਂ ਦੀ ਮਾਨਸਿਕ-ਉਦਾਸੀ ਦੂਰ ਹੁੰਦੀ ਸੀ, ਦੂਜਾ ਮਾਨਸਿਕ ਤੌਰ ਤੇ ਪ੍ਰਭੂ-ਭਾਣਾ ਮੰਨਣ ਦਾ ਬੱਲ ਮਿਲਦਾ ਸੀ, ਤੀਜਾ ਗੁਰੂ-ਜਿਤ ਹੋਣ ਦਾ ਵਿਸ਼ਵਾਸ ਬੱਝਦਾ ਸੀ, ਚੌਥਾ ਗੁਰੂ ਆਤਮਾਂ ਦਾ ਦਰਸ਼ਨ ਹੁੰਦਾ ਸੀ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਦੇ ਗੁਰ-ਗੱਦੀ ਸਮੇਂ ਵਿਚ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਚਾਰ ਚੌਂਕੀਆਂ ਦੁਆਰਾ ਕੀਰਤਨ ਕਰਨ ਦੀ ਪਰੰਪਰਾ ਜਾਂ ਮਰਯਾਦਾ ਬੱਝ ਗਈ ਸੀ, ਜਿਹੜੀ ਅਜ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਕਾਇਮ ਹੈ। ਜਦੋਂ 'ਖਾਲਸਾ-ਪੰਥ' ਚੌਂਕੀਆਂ ਜੁਗੋ ਜੁਗ ਅਟੱਲ ਰਹਿਣ ਦਾ ਭਾਵ ਪ੍ਰਗਟਾਂਦਾ ਹੈ, ਤਾਂ ਉਹ ਦਿਨ ਦੇ ਚਾਰ ਪਹਿਰਾਂ ਵਿਚ ਕੀਰਤਨ ਦੀ ਜਿਹੜੀ ਮਰਯਾਦਾ ਜਾਂ ਪਰੰਪਰਾ ਬੰਨ੍ਹੀ ਗਈ ਹੈ, ਉਸ ਨੂੰ ਸਦਾ ਕਾਇਮ ਰੱਖਣ ਦੀ ਪ੍ਰਤਿੱਗਿਆ ਪ੍ਰਗਟਾਂਦਾ ਹੈ। ਇਹ ਵਿਸ਼ਵਾਸ ਵੀ ਦੁਆਂਦਾ ਹੈ, ਕਿ ਗੁਰੂ ਬਾਣੀ ਦੇ ਜਸ ਤੇ ਕੀਰਤਨ ਵਿਚੋਂ ਹੀ ਸਵੈ-ਵਿਸ਼ਵਾਸ, ਭਾਣਾ ਮੰਨਣ ਦਾ ਬੱਲ, ਸਦੀਵੀ ਜੇਤੂ ਹੋਣ ਦਾ ਵਿਸ਼ਵਾਸ ਤੇ ਗੁਰੂ-ਆਤਮਾਂ ਦਾ ਦਰਸ਼ਨ ਪ੍ਰਾਪਤ ਹੋ ਸਕਦਾ ਹੈ।

'ਝੰਡੇ' ਹਮੇਸ਼ਾਂ ਕੌਮੀ-ਜਾਗ੍ਰਿਤੀ ਦਾ ਨਿਸ਼ਾਨ ਹੋਇਆ ਕਰਦੇ ਹਨ, ਕੌਮੀ-ਜਥੇਬੰਦੀ ਦੀ ਪਹਿਚਾਣ ਹੋਇਆ ਕਰਦੇ ਹਨ। 'ਖਾਲਸਾ-ਪੰਥ' ਦਾ ਵੀ ਆਪਣਾ ਕੌਮੀ-ਜਥੇਬੰਦਕ ਨਿਸ਼ਾਨ ਹੈ। 'ਝੰਡਾ' ਜਥੇਬੰਦੀ ਦੇ ਆਦਰਸ਼ਾਂ ਦਾ ਪੂਰਨ ਰੂਪ ਵਿਚ ਪ੍ਰਗਟਾਵਾ ਹੁੰਦਾ ਹੈ। 'ਖਾਲਸਾ ਪੰਥ' ਆਪਣੇ ਕੌਮੀ ਨਿਸ਼ਾਨ ਨੂੰ ਨਿਤ ਮੱਥਾ ਟੇਕਦਾ ਹੈ। 'ਨਿਸ਼ਾਨ ਸਾਹਿਬ' ਨੂੰ ਪੂਜਨਾ ਤੇ ਮੱਥਾ ਟੇਕਣ ਦਾ ਭਾਵ ਹੈ ਕਿ ਮੈਂ 'ਨਿਸ਼ਾਨ ਸਾਹਿਬ' ਦੀ ਸਿਖਿਆ ਨੂੰ ਪੂਰਨ ਰੂਪ ਵਿਚ ਸਵੀਕਾਰ ਕਰਦਾ ਹਾਂ। ਗੁਰਦੁਆਰਿਆਂ ਅੰਦਰ ਲਗੇ ਨਿਸ਼ਾਨ ਸਾਹਿਬਾਂ ਦੀ ਖਾਲਸਾ-ਪੰਥ ਪ੍ਰਕਰਮਾਂ ਕਰਦਾ ਹੈ। ਪ੍ਰਕਰਮਾਂ ਦਾ ਭਾਵ ਹੈ ਕਿ ਖਾਲਸਾ-ਪੰਥ ਨਿਸ਼ਾਨ ਸਾਹਿਬ ਦੇ ਆਦਰਸ਼-ਭਾਵੀ ਕਰਤੱਵਾਂ ਵਿਚ ਪੂਰਨ ਤੌਰ ਤੇ ਵਿਸ਼ਵਾਸ ਰਖਦਾ ਹੈ। ਖਾਸ ਕਰਕੇ ਕੌਮੀ ਤੇ ਜਥੇਬੰਦਕ ਜਾਗ੍ਰਿਤੀ ਨੂੰ ਆਪਣੇ ਅਹਿਸਾਸ ਦਾ ਹਿੱਸਾ ਮੰਨਦਾ ਹੈ।

'ਨਿਸ਼ਾਨ ਖਾਲਸਾ-ਪੰਥ ਦੀ ਆਤਮਕ ਰਹਿਣੀ ਦਾ ਲਖਾਇਕ ਵੀ ਹੈ। ਆਤਮਕ ਪਧਰ ਤੇ 'ਜਪੁ' ਰਚਨਾ ਨੂੰ ਹੀ ਨੀਸਾਣੁ ਸਵੀਕਾਰਿਆ ਜਾ ਸਕਦਾ ਹੈ। 'ਜਪੁ' ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਸ਼ਾਨ ਹੈ, ਸਿਖ ਧਰਮ ਦੀ ਸੰਖੇਪ ਪਹਿਚਾਣ ਹੈ। ਜਪੁ ਜੀ ਨੂੰ ਸਿਖ ਧਰਮ ਦੀ ਆਤਮਕ ਧੁਜਾ ਹੀ ਮੰਨ ਲੈਣਾ ਚਾਹੀਦਾ ਹੈ। ਜਪੁ ਰਚਨਾ ਇਕ 'ਧੁਜਾ' ਹੈ, ਇਕ

Digitized by Panjab Digital Library | www.panjabdigilib.org

ਬੁਝਾਰਤ ਹੈ, ਇਸ ਨੂੰ ਬੁੱਝਣ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੁਝਿਆ ਜਾ ਸਕਦਾ ਹੈ, ਆਤਮਕ ਮੰਡਲ ਦੇ ਰਸ-ਰਾਜ ਨੂੰ ਮਾਣਿਆ ਜਾ ਸਕਦਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਜਪੁ ਨੀਸਾਣੁ ਰਚਨਾ ਨੂੰ ਸਭ ਤੋਂ ਪਹਿਲਾ ਸਥਾਨ ਦਿੰਦੇ ਹਨ, ਤਾਂ ਇਕ ਦ੍ਰਿਸ਼ਟੀ ਕੋਣ ਤੋਂ ਉਹ 'ਜਪੁ' ਬਾਣੀ ਨੂੰ ਹੀ ਨੀਸਾਣੁ ਜਾਂ ਸਿਰਤਾਜ ਬਾਣੀ ਮੰਨ ਰਹੇ ਹਨ। ਜਪੁਜੀ ਸਿਖ ਧਰਮ ਦੀ ਸਿਰਤਾਜ ਬਾਣੀ ਹੈ। ਇਸੇ ਤਰ੍ਹਾਂ ਨਿਸਾਣੁ ਸਾਹਿਬ ਵੀ ਸਾਡੀ ਸਰਦਾਰੀ ਦਾ ਸੰਕੇਤ ਹੈ, ਸਾਡੀ ਜਥੇਬੰਦਕ ਏਕਤਾ'ਦੀ ਆਵਾਜ਼ ਹੈ, ਸਾਡੀ ਅਦ੍ਵੈਤ ਭਾਵਨਾ ਨੂੰ ਮੰਨਣ ਦੀ ਪਹਿਚਾਣ ਹੈ। 'ਖਾਲਸਾ–ਪੰਥ' ਅਦ੍ਵੈਤ ਭਾਵਨਾਵਾਂ ਦਾ ਹੀ ਉਪਾਸ਼ਕ ਹੈ। ਆਤਮਕ, ਸਮਾਜਿਕ ਤੇ ਰਾਜਨੀਤਕ ਹਰ ਖੇਤਰ ਵਿਚ ਖਾਲਸਾ ਪੰਥ ਪ੍ਰਮਾਤਮਾਂ ਦੀ ਏਕਤਾ ਨੂੰ ਹੀ ਸਵੀਕਾਰ ਕਰਦਾ ਹੈ। ਦ੍ਵੈਤ ਦਾ ਤਾਂ ਖਾਲਸਾ ਪੰਥ ਮੂਲੋਂ ਹੀ ਵਿਰੋਧ ਕਰਦਾ ਹੈ। 'ਸੱਚ' ਨੂੰ ਸਰਬ ਪਾਸੇ ਰਮੀ ਹੋਈ ਕੇਂਦਰੀ ਸ਼ਕਤੀ ਮੰਨਦਾ ਹੈ। ਇਸੇ ਸੱਚ ਦੀ ਸਥਿੱਰਤਾ ਵਾਸਤੇ ਸਿਖ ਧਰਮ ਆਪਣਾ ਕੌਮੀ ਤੇ ਜੱਥੇਬੰਦਕ ਰੂਪ ਧਾਰਨ ਕਰਦਾ ਹੈ। ਖਾਲਸਾ–ਕੌਮ ਤੇ ਜੱਥੇਬੰਦੀ ਸੱਚ ਦੀ ਪੁਜਾਰੀ ਹੈ, ਸੱਚ ਨੂੰ ਨਿਡਰ ਤੇ ਨਿਰਵੈਰ ਹੋ ਕੇ ਮੂਰਤੀਮਾਨ ਕਰਦੀ ਹੈ, ਸੱਚ ਨੂੰ ਹੀ ਉਹ ਕਰਤਾਰੀ ਭਾਵਨਾ ਮੰਨਦੀ ਹੈ। ਸੱਚ ਕਰਕੇ ਹੀ ਉਹ ਮੌਤ ਦੇ ਡਰ ਤੋਂ ਮੁਕਤ ਹੋ ਜਾਂਦੀ ਹੈ, ਜ਼ੁਲਮਾਂ ਦੇ ਡਰ ਤੋਂ ਵੀ ਬਾਗੀ ਹੋ ਜਾਂਦੀ ਹੈ, ਮਿੱਠਤ, ਨਿੰਮ੍ਰਤਾ ਤੇ ਕੋਮਲਤਾ ਨੂੰ ਧਾਰਨ ਕਰ ਲੈਂਦੀ ਹੈ। ਨਿਸ਼ਾਨ ਸਾਹਿਬ ਕੁਝ ਇਸੇ ਤਰ੍ਹਾਂ ਦੇ ਉਸਾਰੂ ਕਰਤੱਵਾਂ ਦਾ ਹੀ ਲਖਾਇਕ ਹੈ। ਜਦੋਂ ਖਾਲਸਾ ਪੰਥ ਨਿਸ਼ਾਨ ਸਾਹਿਬ ਨੂੰ ਮੱਥਾ ਟੇਕਦਾ ਹੈ, ਤਾਂ ਉਹ ਇਸ਼ ਨੂੰ ਆਪਣਾ ਆਦਰਸ਼ ਮੰਨਦਾ ਹੈ। ਇਹ 'ਕਰਤਾਰੀ–ਆਦਰਸ਼' ਹੀ ਸਿੱਖ ਧਰਮ ਦਾ ਰੱਬ ਹੈ, ਇਹੋ ਹੀ ਸਿਖ ਧਰਮ ਦੇ ਦੈਵੀ–ਗੁਣਾਂ ਦਾ ਸੋਮਾ ਹੈ। ਇਸੇ ਕਰਕੇ 'ਸਿਖ' ਮਰਨਾ ਪਰਵਾਨ ਕਰ ਲੈਂਦਾ ਹੈ, ਪਰ 'ਪੰਥਕ–ਨਿਸ਼ਾਨ' ਸਾਹਿਬ ਨੂੰ ਜੁਗੋ ਜੁਗ ਅਟੱਲ ਰੱਖਣ ਲਈ ਅਰਦਾਸ ਕਰਦਾ ਹੈ। ਨਿਸ਼ਾਨ ਸਾਹਿਬ ਦੇ ਜੁਗੋ ਜੁਗ ਅਟੱਲ ਰਹਿਣ ਦਾ ਭਾਵ ਹੈ, ਕਿ ਨਿਸ਼ਾਨ ਸਾਹਿਬ ਦੇ ਕਰਤਾਰੀ–ਆਦਰਸ਼ਾਂ ਦੀ ਸਦੀਵੀ ਸਥਾਪਨਾ ਵਾਸਤੇ ਖਾਲਸਾ–ਪੰਥ ਨਿਤ ਅਰਦਾਸ ਕਰਦਾ ਹੈ।

'ਨਿਸ਼ਾਨ ਸਾਹਿਬ' ਦੀ ਸਿਰਜਣਾ 'ਸਿੱਖ–ਜੱਥੇਬੰਦੀ' ਦੀ ਸਮਾਜਿਕ ਤੇ ਰਾਜਨੀਤਕ ਜਾਗ੍ਰਿਤੀ ਦਾ ਹੀ ਫਲ–ਸੰਕੇਤ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਕ ਪ੍ਰਤੀਕਰਮ ਇਹ ਹੋਇਆ ਕਿ 'ਸਿਖ' ਆਤਮਕ–ਜੀਵਨ ਜੀਉਣ ਦੇ ਨਾਲ ਨਾਲ ਸਮਾਜਿਕ ਤੇ ਰਾਜਨੀਤਕ ਤੌਰ ਤੇ ਵੀ ਜਾਗ ਪਏ। ਉਹਨਾਂ ਨੇ ਆਪਣੇ ਆਤਮਕ–ਸ੍ਵੈ–ਮਾਣ ਨੂੰ ਸੁਰੱਖਿਅਤ ਕਰਨ ਹਿਤ ਸਮਾਜਿਕ ਤੇ ਰਾਜਨੀਤਕ ਪੱਧਰ ਤੇ ਗੁਰੂ–ਦਰਬਾਰ ਵਿਚ ਮਿਲ–ਬੈਠਣਾ ਸ਼ੁਰੂ ਕਰ ਦਿੱਤਾ, ਗੁਰੂ ਹਰਿ ਗੋਬਿੰਦ ਜੀ ਨੇ ਵੀ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨ ਕੇ ਆਪਣੇ ਆਪ ਨੂੰ ਸਮਾਜਿਕ ਤੇ ਰਾਜਨੀਤਕ–ਯੁੱਧ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ, ਆਪਣੇ ਦਰਬਾਰ ਵਿਚ ਸੈਨਿਕ–ਕਰਤੱਵਾਂ ਨੂੰ ਸਤਿਕਾਰ ਦੇਣਾ ਮਨਜ਼ੂਰ ਕਰ ਦਿੱਤਾ, ਪੰਜਾਬ ਦੀਆਂ ਸਿਹਤਮੰਦ ਵਿਚ ਸੈਨਿਕ–ਕਰਤੱਵਾਂ ਨੂੰ ਸਤਿਕਾਰ ਦੇਣਾ ਮਨਜ਼ੂਰ ਕਰ ਦਿੱਤਾ, ਪੰਜਾਬ ਦੀਆਂ ਸਿਹਤਮੰਦ ਤੇ 'ਸ਼ੱਸਤਰਾਂ–ਅਸਤਰਾਂ' ਵਿਚ ਨਿਪੁੰਨ ਸ਼ਖਸੀਅਤਾਂ ਨੂੰ ਆਪਣੇ ਦਰਬਾਰ ਵਿਚ ਮੰਗਵਾਣਾ ਆਰੰਭ ਦਿੱਤਾ, ਢਾਡੀਆਂ ਤੇ ਭੱਟਾਂ ਕੋਲੋਂ ਜੋਸ਼–ਉਭਾਰੂ ਕਾਵਿ–ਰਚਨਾਵਾਂ ਸੁਣ ਸੁਣ ਕੇ ਆਪਣੇ

Digitized by Panjab Digital Library | www.panjabdigilib.org

ਤੇ ਲੌਕਿਕ ਜੋਸ਼ ਨੂੰ ਭੜਕਾਣਾ ਵੀ ਸ਼ੁਰੂ ਕਰ ਦਿੱਤਾ ।.....ਫੱਲ ਇਹ ਹੋਇਆ, ਕਿ ਸਮਾਜਿਕ ਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ 'ਜਥੇਬੰਦਕ' ਸਥਾਪਨਾ ਦੇ ਸੰਕਲਪ ਵਿਚੋਂ ਹੀ 'ਨਿਸ਼ਾਨ ਸਾਹਿਬ' ਦੀ ਸਿਰਜਣਾ ਦਾ ਸੰਕਲਪ ਜਾਗਿਆ । 'ਅਕਾਲ ਤਖਤ' ਦੀ ਸਿਰਜਣਾ ਦਾ ਸੰਕਲਪ ਵੀ ਇਸੇ 'ਜਥੇਬੰਦਕ' ਸਥਾਪਨਾ ਦੇ ਸੰਕਲਪ ਵਿਚੋਂ ਹੀ ਉਪਜਿਆ ਸੀ । ਗੁਰੂ ਹਰਿ ਗੋਬਿੰਦ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਆਕਾਲ ਤਖਤ (ਸਿੱਖਾਂ ਦਾ ਪਹਿਲਾ ਰਾਜਨੀਤਕ ਤਖਤ) ਰਚਿਆ ਤੇ ਇਸ ਦੇ ਬਾਹਰ-ਪਾਸ਼ੇ ਵਲ ਨਿਸ਼ਾਨ ਸਾਹਿਬ ਦੀ ਸਥਾਪਨਾ ਕੀਤੀ । ਸ੍ਰੀ ਅਕਾਲ ਤਖ਼ਤ ਤੇ ਨਿਸ਼ਾਨ ਸਾਹਿਬ ਦੀ ਸਥਾਪਨਾ ਉਹਨਾਂ ਦੀ 'ਅੰਤਰ-ਆਤਮਾਂ' ਵਿਚ ਸਮਾਜਿਕ ਤੇ ਰਾਜਨੀਤਕ ਰੂਪ ਵਿਚ ਆਈ ਜਾਗ੍ਰਿਤੀ ਦਾ ਹੀ ਸਿੱਟਾ ਕਹਿਣੀ ਚਾਹੀਦੀ ਹੈ ।

'ਨਿਸ਼ਾਨ ਸਾਹਿਬ' ਦਾ ਸਰੂਪ ਕੇਸਰੀ-ਰੰਗ-ਰੱਤਾ ਹੈ । ਪਰ ਵਿਚ ਵਿਚ ਨੀਲੇ ਰੰਗ ਦੇ ਵੀ ਚਿੰਨ੍ਹ ਹਨ । 'ਕੇਸਰੀ ਤੇ ਨੀਲਾ' ਦੋਵੇਂ ਰੰਗ ਹੀ ਭਾਰਤੀ ਫਲਸਫੇ ਤੇ ਸਭਿਆਚਾਰ ਵਿਚ ਬੜੀ ਮਹੱਤਤਾ ਰਖਦੇ ਹਨ । 'ਕੇਸਰ' ਨੂੰ ਤਾਂ ਭਾਰਤ ਵਿਚ ਸ਼ੁਭ-ਸ਼ਗਨ ਦੀ ਨਿਸ਼ਾਨੀ ਮੰਨਿਆਂ ਜਾਂਦਾ ਹੈ । ਸ਼ੁਭ-ਸ਼ਗਨਾਂ ਵੇਲੇ ਕੇਸਰੀ ਰੰਗ ਦੀ ਵਰਤੋਂ ਭਾਰਤੀ ਜੀਵਨ ਦਾ ਅਤਿ ਜ਼ਰੂਰੀ ਹਿੱਸਾ ਬਣ ਗਈ ਹੈ । 'ਕੇਸਰੀ' ਰੰਗ ਜੇਤੂ ਹੋਣ ਦਾ ਰੰਗ ਵੀ ਹੈ । 'ਨਿਸ਼ਾਨ ਸਾਹਿਬ ਜੇਤੂ ਹੋਣ ਦਾ ਵਿਸ਼ਵਾਸ-ਪ੍ਰਗਟਾਵਾ ਵੀ ਹੈ । 'ਕੇਸਰੀ' ਰੰਗ ਪ੍ਰੋਹੜ ਅਤੇ ਪ੍ਰਭੁਤਾ ਦਾ ਸੰਕੇਤ ਵੀ ਹੈ, ਕੇਸਰੀ ਰੰਗ ਤਾਂ ਪ੍ਰਭੂ-ਬਾਦਸ਼ਾਹਤ ਮਿਲਣ ਦੀ ਨਿਸ਼ਾਨੀ ਵੀ ਹੈ । ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਜਾਨਸ਼ੀਨ ਚੁਣ ਲਿਆ, ਆਪਣਾ ਜੇਤੂ ਮੰਨ ਲਿਆ, ਤਾਂ ਉਹਨਾਂ ਨੇ 'ਕੇਸਰ' ਦਾ ਰੰਗ ਛਿੜਕ ਕੇ, ਆਪਣੀ ਪ੍ਰੋੜ੍ਹਤਾ, ਪ੍ਰਭੁਤਾ ਤੇ ਬਾਦਸ਼ਾਹਤ, ਸਭ ਕੁਝ ਗੁਰੂ ਅੰਗਦ ਦੇਵ ਜੀ ਨੂੰ ਸਮਰਪਣ ਕਰ ਦਿੱਤਾ । ਜਦੋਂ ਖਾਲਸਾ-ਪੰਥ ਆਪਣੀ ਦਸਤਾਰ ਤੇ ਸਿਰਪਾਉ ਵਿਚ ਵੀ ਕੇਸਰੀ ਰੰਗ ਦੀ ਵਰਤੋਂ ਕਰਦਾ ਹੈ ਤਾਂ ਇਕ ਤਾਂ ਉਹ ਭਾਰਤੀ ਰੰਗ ਸਭਿਆਚਾਰ ਦੀ ਪ੍ਰਤੀਨਿਧਤਾ ਕਰ ਰਿਹਾ ਹੁੰਦਾ ਹੈ, ਦੂਜਾ, ਸ਼ੁਭ-ਸ਼ਗਨਾਂ ਵਾਲੀ ਖੁਸ਼ੀ ਨੂੰ ਮਾਣ ਰਿਹਾ ਹੁੰਦਾ ਹੈ, ਤੀਜਾ ਆਪਣੇ ਆਪ ਨੂੰ ਜੇਤੂ ਸਮਝ ਰਿਹਾ ਹੁੰਦਾ ਹੈ, ਚੌਥਾ ਆਪਣੇ ਆਪ ਨੂੰ ਪ੍ਰੋੜ੍ਹ, ਤੇ ਪ੍ਰਭੁਤਾ ਵਾਲਾ ਮੰਨ ਰਿਹਾ ਹੁੰਦਾ ਹੈ । 'ਨਿਸ਼ਾਨ ਸਾਹਿਬ' ਦਾ 'ਕੇਸਰੀ-ਸਰੂਪ' ਭਾਰਤੀ ਸਭਿਆਚਾਰ, ਸ਼ੁਭ-ਸ਼ਗਨਾਂ, ਜੇਤੂ ਭਾਵਾਂ, ਪ੍ਰੋੜ੍ਹ ਤੇ ਪ੍ਰਭੁਤਾ ਵਾਲੀ ਕੌਮੀ-ਜੱਥੇਬੰਦੀ ਦੀ ਪ੍ਰਤੀਨਿਧਤਾ ਕਰਦਾ ਹੈ ।

'ਨੀਲਾ' ਰੰਗ ਆਕਾਸ਼ ਅਤੇ ਸਾਗਰ ਦਾ ਰੰਗ ਹੈ । ਆਕਾਸ਼ ਅਤੇ ਸਾਗਰ 'ਪ੍ਰਭੂ-ਬ੍ਰਹਮ' ਦੀ ਵਿਸ਼ਾਲਤਾ ਤੇ ਡੂੰਘਾਈ ਦਾ ਸੰਕੇਤ ਹਨ । 'ਆਕਾਸ਼' ਭਾਵੇਂ ਕਈ ਹਨ, ਪਰ ਉਨ੍ਹਾਂ ਦਾ ਸਮੂਹਕ-ਸਰੂਪ ਨੀਲਾ ਹੈ । 'ਨੀਲਾ' ਰੰਗ ਤਾਂ ਬ੍ਰਹਮ ਦਾ ਰੰਗ ਵੀ ਹੈ, (ਨੀਲ ਰੂਪ ਬਨਵਾਰੀ) ਪਰਉਪਕਾਰੀ ਤੇ ਪਰ-ਸੇਵਕ ਦਾ ਰੰਗ ਵੀ ਹੈ । ਜਦੋਂ 'ਬ੍ਰਹਮ' ਨੂੰ 'ਨੀਲ ਕੰਠ' (ਨੀਲ ਕੰਠ ਨਰ ਹਰਿ ਨਰਾਇਣ ਨੀਲ ਬਸਨ ਬਨਵਾਰੀ) ਦਾ ਸੰਕਲਪ ਦਿੱਤਾ ਜਾਂਦਾ ਹੈ, ਤਾਂ ਇਸ ਦਾ ਭਾਵ ਇਹ ਹੋਇਆ ਕਿ ਉਹ ਮਨੁੱਖਤਾ ਦੀ ਜ਼ਹਿਰੀ ਜ਼ਿੰਦਗੀ ਨੂੰ ਆਪ ਚੂਸਦਾ ਹੈ, ਤੇ ਉਸ

Digitized by Panjab Digital Library | www.panjabdigilib.org

ਨੂੰ ਸ਼ੁੱਧ ਤੇ ਪਵਿੱਤਰ ਬਣਾ ਦੇਂਦਾ ਹੈ। 'ਜ਼ਹਿਰ' ਦਾ ਭਾਵ ਹੈ ਗਿਰਾਵਟ-ਭਰੀਆਂ ਕੀਮਤਾਂ। 'ਬ੍ਰਹਮ' ਹੀ ਮਨੁੱਖਤਾ ਨੂੰ ਗਿਰਾਵਟ ਤੋਂ ਬਚਾ ਕੇ, ਉਸ ਨੂੰ ਸ਼ੁੱਧੀ ਤੇ ਪਵਿੱਤ੍ਰਤਾ ਪ੍ਰਦਾਨ ਕਰਦਾ ਹੈ। 'ਨਿਸ਼ਾਨ ਸਾਹਿਬ' ਵਿਚ 'ਨੀਲਾ' ਰੰਗ ਮਨੁੱਖਤਾ ਦੀ ਸੁਰੱਖਿਆ ਦਾ ਰੰਗ ਹੈ, ਸ਼ੁੱਧਾਤਮਕ ਤੇ ਪਵਿੱਤ੍ਰ ਰਹਿਣੀ ਦਾ ਰੰਗ ਹੈ, ਪਰਉਪਕਾਰੀ ਤੇ ਪਰ-ਸੇਵਕ ਹੋਣ ਦਾ ਰੰਗ ਹੈ, ਆਕਾਸ਼ ਜਿੰਨੇ ਵਿਸ਼ਾਲ ਤੇ ਸਾਗਰ ਜਿੰਨੇ ਚੌੜੇ ਤੇ ਡੂੰਘੇ ਹਿਰਦੇ ਦਾ ਰੰਗ ਹੈ। 'ਖਾਲਸਾ-ਪੰਥ' ਨੇ ਆਪਣੇ ਨਿਸ਼ਾਨ ਸਾਹਿਬ ਵਿਚ ਨੀਲਾ ਰੰਗ ਇਸ ਲਈ ਸਵੀਕਾਰ ਕਰ ਲਿਆ, ਕਿਉਂਕਿ ਉਸ ਦੇ ਆਦਰਸ਼ ਮਾਨਵ-ਹੇਤੂ ਸਨ, ਸ਼ੁੱਧ ਤੇ ਪਵਿੱਤ੍ਰ ਸਨ, ਪਰਉਪਕਾਰੀ ਤੇ ਪਰ-ਸੇਵਾ ਆਧਾਰਤ ਸਨ, ਹਿਰਦੇ ਦੀ ਵਿਸ਼ਾਲਤਾ ਦੇ ਆਦਰਸ਼ ਸਨ। ਗੁਰੂ ਗੋਬਿੰਦ ਸਿੰਘ ਜੀ ਦਾ 'ਨੀਲਾ' ਰੰਗ ਬੜਾ ਮਨ-ਪਸੰਦ ਦਾ ਰੰਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪ੍ਰਚਾਰ ਸਮੇਂ ਜਿਹੜਾ ਬੱਸਤਰ-ਸਰੂਪ ਆਪਣੇ ਖਾਲਸੇ ਨੂੰ ਦਿੱਤਾ, ਉਹ ਵੀ ਨੀਲਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬੱਸਤਰ ਵੀ ਨੀਲੇ ਸਨ। 'ਨੀਲਾ' ਰੰਗ ਤਾਂ ਪ੍ਰਭੂ-ਆਦਰਸ਼ਾਂ ਦਾ ਰੰਗ ਹੈ। ਜਦੋਂ 'ਖਾਲਸਾ-ਪੰਥ' ਨੇ ਨੀਲਾ ਰੰਗ ਸਵੀਕਾਰ ਕਰ ਲਿਆ, ਤਾਂ ਇਸ ਦਾ ਭਾਵ ਇਹ ਸੀ, ਕਿ 'ਖਾਲਸਾ-ਪੰਥ' ਬ੍ਰਹਮ ਦੇ ਆਦਰਸ਼ਾਂ ਨੂੰ ਜੀਵਨ ਦੇ ਹਰ ਖੇਤਰ ਵਿਚ ਸਵੀਕਾਰ ਕਰਦਾ ਹੈ, 'ਬ੍ਰਹਮ' ਦੀ ਵਿਸ਼ਾਲਤਾ ਨੂੰ ਉਹ ਆਪਣੇ ਹਿਰਦੇ ਦੀ ਵਿਸ਼ਾਲਤਾ ਮੰਨਦਾ ਹੈ, ਜਥੇਬੰਦਕ ਖੇਤਰ ਵਿਚ ਵੀ ਉਹ ਸੰਕੀਰਣ ਸੀਮਾਵਾਂ ਦਾ ਵਿਰੋਧ ਕਰਦਾ ਹੈ, ਆਪਣੇ ਆਦਰਸ਼ਾਂ ਨੂੰ ਤਾਂ ਆਕਾਸ਼ ਜਿੰਨੇ ਉੱਚੇ ਮੰਨਦਾ ਹੈ, ਆਪਣੇ ਆਪ ਨੂੰ ਵੀ ਸ਼ੁੱਧ ਤੇ ਪਵਿੱਤ੍ਰ ਰਖਦਾ ਹੈ। 'ਨੀਲ ਬਸਤਰ ਧਾਰੀ' ਖਾਲਸਾ-ਪੰਥ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਸਾਜਿਆ ਸੀ, ਉਸ ਦੇ ਪ੍ਰਮੁੱਖ ਆਦਰਸ਼ ਵੀ ਇਹੀ ਸਨ। 'ਨਿਸ਼ਾਨ-ਸਾਹਿਬ' ਖਾਲਸਾ-ਪੰਥ ਦੇ ਆਦਰਸ਼ਾਂ ਦੀ ਪਹਿਚਾਣ ਹੈ, 'ਖਾਲਸਾ-ਪੰਥ' ਦੇ ਭਗਤੀ ਤੇ ਸ਼ਕਤੀ ਸਰੂਪ ਦੀ ਪਹਿਚਾਣ ਹੈ। ਜਦੋਂ ਖਾਲਸਾ-ਪੰਥ ਆਪਣੇ 'ਨਿਸ਼ਾਨ ਸਾਹਿਬ' ਦੀ ਪ੍ਰਕਰਮਾ ਕਰਦਾ ਹੈ, ਤਾਂ ਉਹ ਇਕ ਦ੍ਰਿਸ਼ਟੀ ਕੋਣ ਤੋਂ ਭਗਤੀ ਤੇ ਸ਼ਕਤੀ ਦੋਹਾਂ ਸਰੂਪਾਂ ਨੂੰ ਸਾਂਝੇ ਰੂਪ ਵਿਚ ਸਵੀਕਾਰ ਕਰਦਾ ਹੈ।

'ਨਿਸ਼ਾਨ ਸਾਹਿਬ' ਦੇ ਸਰੂਪ ਵਿਚ ਤਿੰਨ ਹੋਰ ਸੰਕੇਤ ਹਨ, ਅਰਥਾਤ 'ਚੱਕਰ, ਦੋ ਤੇਗਾਂ ਤੇ ਖੰਡਾਂ', ਇਹੀ ਸਿੱਖ ਧਰਮ ਦੀ ਫਿਲਾਸਫੀ ਦਾ ਤੱਤ-ਸਾਰ ਹਨ, ਸਿੱਖ ਧਰਮ ਦੀ ਫਿਲਾਸਫੀ ਦਾ ਵਿਕਾਸਕ-ਪੜਾ ਹਨ। ਸਿੱਖ ਧਰਮ ਮੂਲ ਰੂਪ ਵਿਚ ਚੱਕਰ ਦਾ ਧਰਮ ਹੈ। 'ਚੱਕਰ' ਦਾ ਭਾਵ ਹੈ, ਸਾਰੇ ਸ੍ਰਿਸ਼ਟੀ ਆਕਾਰ ਵਿਚ ਅਖੰਡ ਪ੍ਰਵਾਹ ਹੈ, ਸਾਰੇ ਸ੍ਰਿਸ਼ਟੀ ਆਕਾਰ ਵਿਚ ਅਦ੍ਵੈਤ ਹੈ, ਸਾਰਾ ਸ੍ਰਿਸ਼ਟੀ ਆਕਾਰ ਇਕ 'ਬ੍ਰਹਮ' ਦਾ ਹੀ ਪਸਾਰਾ ਹੈ, ਸਾਰਾ ਸ੍ਰਿਸ਼ਟੀ ਆਕਾਰ 'ਇਕ' ਦਾ ਹੀ ਉਪਾਸ਼ਕ ਹੈ, ਸਭ ਪਾਸੇ '੧ਓ' ਹੀ ਪ੍ਰਧਾਨ ਹੈ। ਸਿੱਖ ਧਰਮ ਦੀ ਫਿਲਾਸਫੀ ੧ਓ ਪ੍ਰਧਾਨ ਫਿਲਾਸਫੀ ਹੀ ਹੈ। '੧ਓ' ਹੀ ਸਿੱਖ ਧਰਮ ਦਾ ਮੂਲ ਤੇ ਅੰਤਮ ਤੱਤ੍ਵ ਹੈ। '੧ ਓ' ਬਿਨਾਂ ਤਾਂ 'ਸਿੱਖ' ਸਿੱਖ ਹੀ ਨਹੀਂ ਅਖਵਾ ਸਕਦਾ। ਸਿੱਖ ਤੇ ਸਿੰਘ '੧ਓ' ਦਾ ਹੀ ਸਰੂਪ ਹੁੰਦੇ ਹਨ। '੧ਓ' ਦੇ ਖੇਤਰ ਵਿਚ ਨਾ ਜਾਤਿ ਪਾਤਿ ਦਾ ਖੰਡ ਹੈ, ਨਾ ਅਮੀਰ-ਗਰੀਬ ਦਾ ਵਿਤਕਰਾ ਹੈ, ਨਾ

Digitized by Panjab Digital Library | www.panjabdigilib.org

ਸੀਮਾਂ ਤੇ ਬੋਲੀ ਦਾ ਝਗੜਾ ਹੈ, ਨਾ ਧਰਮਾਂ ਤੇ ਵਰਣ-ਆਸ਼ਰਮ ਦੀਆਂ ਵੰਡੀਆਂ ਹਨ। ਸਿੱਖ ਧਰਮ ਇਸੇ ਕਰਕੇ ਜਾਤਿ-ਪਾਤਿ, ਅਮੀਰ-ਗਰੀਬ, ਸੀਮਾ ਤੇ ਬੋਲੀ, ਧਰਮਾਂ ਤੇ ਵਰਣ-ਆਸ਼ਰਮਾਂ ਦੀਆਂ ਸੰਕੀਰਣ ਵਾਦੀ ਰੁਚੀਆਂ ਤੋਂ ਮੁਕਤ ਹੈ। ਸਿੱਖ ਧਰਮ ਸੰਕੀਰਣਤਾ ਦਾ ਵਿਰੋਧ ਕਰਦਾ ਹੈ। ਉਹ ਤਾਂ ਸਾਰੇ ਬ੍ਰਹਮ ਚੱਕਰ ਨੂੰ ਆਪਣਾ ਮੰਨਦਾ ਹੈ, ਸਾਰੇ ਬ੍ਰਹਮੰਡ ਦੀ ਏਕਤਾ ਨੂੰ ਆਪਣਾ ਪ੍ਰਮੁਖ ਆਦਰਸ਼ ਸਵੀਕਾਰ ਕਰਦਾ ਹੈ, ਆਪਣੇ ਆਪ ਨੂੰ ਸਾਰੇ ਬ੍ਰਹਿਮੰਡ ਲਈ ਸਮਝਦਾ ਹੈ, ਆਪਣਾ ਆਪਾ ਵੀ ਵਿਸ਼ਵ ਵਾਸਤੇ ਕੁਰਬਾਨ ਕਰ ਸੱਕਣ ਯੋਗ ਹੁੰਦਾ ਹੈ। ਕਿਉਂਕਿ ਉਸ ਲਈ ਵਿਸ਼ਵ

ਦੇ ਅਨੇਕ ਭਾਂਤੀ ਰੂਪ ੧ਓ ਦੇ ਹੀ ਰੂਪ ਹਨ। ਉਸ ਨੂੰ ਸਾਰਿਆਂ ਵਿਚੋਂ ਇਕ ਅਤੇ ਏਕਤਾ ਦਾ ਹੀ ਪ੍ਰਭਾਵ ਮਿਲਦਾ ਹੈ, ਉਸ ਲਈ ਤਾਂ ਸਾਰੇ ਸ੍ਰਿਸ਼ਟੀ ਆਕਾਰ ਵਿਚ ਇਕ ਸਦੀਵੀ ਤੇ ਆਜ਼ਾਦ ਪ੍ਰਵਾਹ ਚਲ ਰਿਹਾ ਹੈ। ਨਿਰਗੁਣ ਤੇ ਸਰਗੁਣ ਇਸੇ ਪ੍ਰਵਾਹ ਦਾ ਹੀ ਚੱਕਰ ਸਰੂਪ ਹਨ। ਸਿੱਖ ਧਰਮ ਇਸੇ ਕਰਕੇ ਚੱਕਰ ਵਿਚ ਵਿਸ਼ਵਾਸ ਰਖਦਾ ਹੈ। ਨਿਸ਼ਾਨ ਸਾਹਿਬ ਵਿਚਲਾ 'ਚੱਕਰ' ਕੁਝ ਇਸੇ ਤਰ੍ਹਾਂ ਦੇ ਭਾਵ-ਆਦਰਸ਼ ਹੀ ਰਖਦਾ ਹੈ। ਖਾਲਸਾ-ਪੰਥ ਦਾ ਭਗਤੀ ਆਦਰਸ਼ ਵੀ

ਇਹੀ '੧ ਓ' ਦਾ ਚੱਕਰ ਹੀ ਹੈ। ਨਿਸ਼ਾਨ ਸਾਹਿਬ ਚੂੰਕਿ ਚੱਕਰ ਦਾ ਭਗਤੀ ਪ੍ਰਭਾਵ ਵੀ ਦਿੰਦਾ ਹੈ, ਇਸ ਲਈ ਖਾਲਸਾ-ਪੰਥ ਆਪਣੇ ਮੂਲ ਤੱਤ੍ਵ ਅਨੁਸਾਰ ਨਿਸ਼ਾਨ ਸਾਹਿਬ ਦਾ ਸਤਿਕਾਰ ਵੀ ਕਰਦਾ ਹੈ, ਨਿਸ਼ਾਨ ਸਾਹਿਬ ਨੂੰ ਆਪਣਾ ਸਿਰਤਾਜ ਨਿਸ਼ਾਨ ਵੀ ਸਵੀਕਾਰ ਕਰਦਾ ਹੈ।

'ਨਿਸ਼ਾਨ ਸਾਹਿਬ' ਵਿਚ ਦੋ ਤੇਗਾਂ ਦਾ ਸੰਕੇਤ ਵੀ ਹੈ। ਤੇਗ ਦਾ ਸਥਾਈ ਭਾਵ ਸਿੱਖ ਧਰਮ ਨੇ ਸ਼ਕਤੀ ਕਬੂਲ ਕੀਤਾ ਹੈ।

ਸ਼ਕਤੀ ਦਾ ਆਧਾਰ ਸੋਮਾ ਭਗਤੀ ਮੰਨਿਆ ਜਾਂਦਾ ਹੈ। ਸਿੱਖ ਧਰਮ ਦਾ ਵਿਸ਼ਵਾਸ ਹੈ ਕਿ ਭਗਤੀ ਵਿਚੋਂ ਹੀ ਸ਼ਕਤੀ ਪੈਦਾ ਹੁੰਦੀ ਹੈ। ਇਸ ਲਈ ਸਿੱਖ ਧਰਮ ਨੇ ਦੋ ਤੇਗਾਂ ਨੂੰ ਸਵੀਕਾਰ ਕੀਤਾ ਹੈ। ਪਹਿਲੀ ਤੇਗ ਪੀਰੀ ਦੀ ਹੈ, ਤੇ ਦੂਜੀ ਤੇਗ ਮੀਰੀ ਦੀ ਹੈ। ਮੀਰ-ਬਾਦਸ਼ਾਹ ਦਾ ਸ਼ਕਤੀ-ਸੰਕੇਤ ਹਮੇਸ਼ਾਂ ਤੇਗ ਹੁੰਦਾ ਹੈ, ਪਰ ਪੀਰ-ਫ਼ਕੀਰ ਦਾ ਸ਼ਕਤੀ-ਸੰਕੇਤ ਵੀ ਤੇਗ ਨੂੰ ਸਵੀਕਾਰ ਕੀਤਾ ਜਾਂਦਾ ਹੈ। ਸਿੱਖ ਧਰਮ ਵਿਚ ਫ਼ਕੀਰੀ ਤੇ ਬਾਦਸ਼ਾਹੀ ਦੋਵੇਂ ਹੀ ਇਕੋ ਕਰਤੱਵ-ਆਧਾਰਤ ਹਨ। ਪੀਰ-ਫ਼ਕੀਰ ਨੇ ਭਗਤੀ-ਖੇਤਰ ਵਿਚ ਵੀ ਬਾਦਸ਼ਾਹੀ ਨੂੰ ਕਾਇਮ ਰਖਣਾ ਹੈ ਤੇ ਮੀਰ-ਬਾਦਸ਼ਾਹ ਨੇ ਬਾਦਸ਼ਾਹੀ-ਖੇਤਰ ਵਿਚ ਵੀ ਭਗਤੀ ਨੂੰ ਸਥਿਰ ਰੱਖਣਾ ਹੈ। ਪੀਰੀ ਦਾ ਹੀ ਵਿਕਾਸ ਰੂਪ ਮੀਰੀ ਹੈ। ਪੀਰੀ ਬਿਨਾਂ ਮੀਰੀ ਅਤਿ ਹੰਕਾਰੀ ਅਤੇ ਜ਼ੁਲਮ ਹੈ ਤੇ 'ਮੀਰੀ' ਬਿਨਾਂ ਪੀਰੀ ਕਮਜ਼ੋਰ ਹੈ, ਦਾਸਤਾ ਅਤੇ ਜ਼ੁਲਮ ਸਹਿ ਜਾਣ ਦੀ ਨਿੰਮਰ-ਭਾਵਨਾ ਹੈ। ਪੀਰੀ ਤੇ ਮੀਰੀ ਘੁੱਲ ਕੇ ਹੀ ਇਕ ਪੂਰਨ ਜੀਵਨ ਸਿਰਜ ਸਕਦੇ ਹਨ। ਪੂਰਨਤਾ ਵਿਚ ਪੀਰੀ ਤੇ ਮੀਰੀ ਦੋਵੇਂ ਹੀ ਗੁਣ ਹੁੰਦੇ ਹਨ। 'ਸਿੱਖ ਧਰਮ' ਪੂਰਨਤਾ ਦਾ ਧਰਮ ਹੈ। ਖਾਲਸਾ-ਪੰਥ ਦਾ ਸਰੂਪ ਪੂਰਨਤਾ ਦਾ ਸਿੱਖਰ ਹੈ। ਖਾਲਸਾ-ਪੰਥ ਹੀ ਸਿੱਖ ਧਰਮ ਦਾ ਅੰਤਮ ਸਰੂਪ ਹੈ। ਪੀਰੀ ਤੇ ਮੀਰੀ ਇਸ ਸਰੂਪ ਦੀ ਪਹਿਚਾਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤਾਂ ਸਪਸ਼ਟ ਰੂਪ ਵਿਚ 'ਭਗਤੀ' ਨੂੰ ਤੇਗ ਦਾ ਸੰਕਲਪ ਦਿੱਤਾ ਗਿਆ ਹੈ। ਜਦੋਂ ਭਗਤ ਤੇ ਗੁਰੂ ਸਾਹਿਬ ਇਹ

Digitized by Panjab Digital Library | www.panjabdigilib.org

ਕਹਿੰਦੇ ਹਨ ਕਿ 'ਭਗਤੀ' ਤੇਗ਼ ਦਾ ਮਾਰਗ ਹੈ, ਇਹ ਮਾਰਗ ਖੰਡੇ ਧਾਰ ਹੈ, ਇਸ ਤੇ ਟੁਰਨਾ ਖੰਡੇ ਦੀ ਧਾਰ ਤੇ ਟੁਰਨਾ ਹੈ, ਤਾਂ ਉਹ ਭਗਤੀ ਨੂੰ ਹੀ ਸਿੱਧੇ ਰੂਪ ਵਿਚ ਤੇਗ਼ ਤੇ ਖੰਡਾ ਮੰਨ ਰਹੇ ਹਨ। ਤੇਗ਼ ਤੇ ਖੰਡਾ ਜਿਤ ਦਾ ਸੰਕੇਤ ਹਨ। ਜਿਹੜੇ ਮਨੁੱਖ ਭਗਤੀ ਦੁਆਰਾ ਆਪਣੇ ਮਨ ਨੂੰ ਜਿੱਤ ਲੈਂਦੇ ਹਨ, ਉਹ ਆਤਮਕ-ਪੱਧਰ ਤੇ ਤੇਗ਼ ਧਾਰੀ ਹਨ, ਉਹ ਖੰਡਾ-ਧਾਰੀ ਹਨ, ਉਹੀ ਅਸਲ ਵਿਚ ਯੋਧੇ ਤੇ ਸੂਰਮੇ ਹਨ। ਇਹ ਯੋਧੇ ਤੇ ਸੂਰਮੇ ਮੂਲ ਰੂਪ ਵਿਚ ਵਿਕਾਰਾਂ ਨਾਲ ਯੁਧ ਕਰਦੇ ਹਨ। ਲੋੜ ਪੈਣ ਤੇ ਸਮਾਜ ਤੇ ਰਾਜਾ-ਸ਼ਰੇਣੀ ਨਾਲ ਵੀ ਉਹ ਬੜੀ ਦਲੇਰੀ ਤੇ ਨਿਡਰਤਾ ਨਾਲ ਲੜਦੇ ਹਨ। ਇਸੇ ਕਰਕੇ ਭਗਤੀ ਦਾ ਪੰਥ ਤੇਗ਼ ਵਰਗਾ ਤੇਜ਼ ਹੈ, ਪਰੇਮ ਦਾ ਮਾਰਗ ਖੰਡੇ ਧਾਰ ਹੈ। ਜਦੋਂ ਬਾਬਾ ਫਰੀਦ ਜੀ ਆਪਣੇ ਭਗਤੀ ਤੇ ਪਰੇਮ ਮਾਰਗ ਦਾ ਵਰਨਣ ਕਰਦੇ ਹਨ, ਤਾਂ ਉਹ ਆਪਣੇ ਅਨੁਭਵ ਦਾ ਪ੍ਰਗਟਾਵਾ ਇਸ ਤਰ੍ਹਾਂ ਮੂਰਤੀਮਾਨ ਕਰਦੇ ਹਨ :—

ਵਾਟ ਹਮਾਰੀ ਖਰੀ ਉਡੀਣੀ, ਖੰਨਿਅਹੁ ਤਿਖੀ ਬਹੁਤੁ ਪਿਈਣੀ।
ਉਸ ਉਪਰਿ ਹੈ ਮਾਰਗੁ ਮੇਰਾ, ਸ਼ੇਖ ਫਰੀਦਾ ਪੰਥ ਸਮਾਰਿ ਸਵੇਰਾ।
(ਰਾਗੁ ਸੂਹੀ ਫ਼ਰੀਦ ਜੀ)

ਗੁਰੂ ਨਾਨਕ ਦੇਵ ਜੀ ਤਾਂ ਪਰੇਮ-ਪੰਥ ਨੂੰ ਸਿਰ ਤਲੀ ਤੇ ਰੱਖਣ ਦਾ ਪੰਥ ਕਹਿੰਦੇ ਹਨ, ਸਿਰ ਦੇਣ ਦਾ ਪੰਥ ਕਹਿੰਦੇ ਹਨ :—

ਜਉ ਤਉ ਪਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨਾ ਕੀਜੈ।
(ਸਲੋਕੁ ਮਹਲਾ ੧)

ਗੁਰੂ ਅਮਰ ਦਾਸ ਜੀ ਤਾਂ 'ਭਗਤੀ-ਪੰਥ' ਨੂੰ ਬਿਖਮ-ਮਾਰਗ ਕਹਿੰਦੇ ਹਨ, ਖੰਨਿਅਹੁ ਤਿੱਖਾ ਤੇ ਵਾਲਹੁ ਨਿੱਕਾ ਮਾਰਗ ਮੰਨਦੇ ਹਨ। ਇਸੇ ਤੇਜ਼-ਧਾਰ ਮਾਰਗ ਉਤੇ ਟੁਰਨ ਪਿਛੋਂ ਹੀ 'ਅਨੰਦ' ਦੀ ਪ੍ਰਾਪਤੀ ਹੁੰਦੀ ਹੈ। 'ਭਗਤੀ' ਵਾਲਾ ਹਿਰਦਾ ਹੀ ਸਦਾ ਅਨੰਦ ਮਈ ਰਹਿ ਸਕਦਾ ਹੈ, ਜਦ-ਵਿਗਾਸ ਦਾ ਜੀਵਨ ਢਾਲ ਸਕਦਾ ਹੈ :—

ਭਗਤਾ ਕੀ ਚਾਲ ਨਿਰਾਲੀ ॥
ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।
ਗੁਰ ਪ੍ਰਸਾਦਿ ਜਿਨੀ ਆਪ ਤਜਿਆ ਹਰਿ ਵਾਸਨਾ ਸਮਾਣੀ।
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ।
(ਰਾਮਕਲੀ ਮ: ੩ ਅਨੰਦੁ)

ਗੁਰੂ ਅਰਜਨ ਦੇਵ ਜੀ ਦਾ ਤਾਂ ਜੈਕਾਰਾ ਹੀ ਇਹੀ ਸੀ, ਕਿ ਹੇ ਮਨੁੱਖ, ਜੇ ਤੂੰ ਭਗਤੀ ਕਰਨਾ ਚਾਹੁੰਦਾ ਹੈਂ, ਤਾਂ ਪਹਿਲਾਂ ਤੇਗ਼ ਦੀ ਧਾਰ ਦਾ ਵਾਰ ਸਹਾਰ, ਪਹਿਲਾਂ ਮੌਤ ਕਬੂਲ ਕਰ,

Digitized by Panjab Digital Library | www.panjabdigilib.org

ਪਹਿਲਾਂ ਮਰ-ਮਿਟ ਕੇ ਦਸ, ਤਾਂ ਹੀ ਸਦੀਵੀ ਜੇਤੂ ਜ਼ਿੰਦਗੀ ਮਿਲੇਗੀ :—

ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸਿ ।
(ਮਾਰੂ ਵਾਰ ਮ: ੫)

ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ।
ਜਿੰਨਾ ਮੁਹਬਤਿ ਇਕ ਸਿਉ ਤੇ ਮਾਣਸੁ ਪਰਧਾਨ ।
(ਮ: ੫)

ਸਦੀਵੀ ਜੇਤੂ-ਜ਼ਿੰਦਗੀ ਦਾ ਸ਼ੱਸਤਰ-ਧਾਰੀ ਸਰੂਪ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਕਲਾਂਪਆ ਹੈ :—

ਗਰੀਬੀ ਗਦਾ ਹਮਾਰੀ । ਖੰਨਾ ਸਗਲ ਰੇਨੁ ਛਾਰੀ ।
ਇਸ ਆਗੈ ਕੋ ਟਿਕੈ ਵੇਕਾਰੀ । ਗੁਰ ਪੂਰੈ ਇਹ ਗਲ ਸਾਰੀ ।
ਹਰਿ ਹਰਿ ਨਾਮੁ ਸੰਤਨ ਕੀ ਓਟਾ । ਜੋ ਸਿਮਰੈ ਤਿਸ ਪਰਮ ਗਤਿ ਹੋਵੈ ।
ਉਧਰਹਿ ਸਗਲੇ ਕੋਟਾ । ਸੰਤ ਸੰਗਿ ਜਸੁ ਗਾਇਆ ।
ਇਹ ਪਰਨ ਹਰਿ ਧਨ ਪਾਇਆ । ਕਹੁ ਨਾਨਕੁ ਆਪੁ ਮਿਟਾਇਆ ।
ਸਭੁ ਪਾਰਬ੍ਰਹਮੁ ਨਦਰੀ ਆਇਆ । (ਸੋਰਠਿ ਮ: ੫)

ਭਾਈ ਗੁਰਦਾਸ ਜੀ ਵੀ 'ਪਰੇਮ-ਪੰਥ' ਨੂੰ ਜਾਂ ਗੁਰੂ-ਸਿੱਖੀ ਦੇ ਪੰਥ ਨੂੰ ਤੇਗ ਦਾ ਪੰਥ ਹੀ ਮੰਨਦੇ ਹਨ :—

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ ।
ਆਖਣਿ ਆਖ ਨਾ ਸਕੀਐ ਲੇਖ ਅਲੇਖ ਨਾ ਜਾਈ ਲਿਖੀ ।
ਗੁਰਮੁਖ ਪੰਥ ਵਖਾਣੀਐ ਅਪੜ ਨਾ ਸਕੈ ਇਕਤੁ ਵਿਖੀ ।
ਸਿਲ ਅਲੂਣੀ ਚਟਣੀ ਤੁਲਿ ਨਾ ਲਖ ਅਮਿਉ ਰਸ ਇਖੀ ।
ਗੁਰਮੁਖਿ ਸੁਖ ਫਲ ਪਾਇਆ ਭਾਇ ਭਗਤ ਵਿਰਲੀ ਜੁਬਿਰਖੀ ।
ਸਤਿਗੁਰੁ ਤੁਠੈ ਪਾਈਐ ਸਾਧ ਸੰਗਤਿ ਗੁਰਮਤਿ ਗੁਰ ਸਿਖੀ ।
ਚਾਰਿ ਪਦਾਰਥ ਭਿੱਖਕ ਭਿਖੀ ॥ ੧ ॥
(ਭਾਈ ਗੁਰਦਾਸ ਜੀ ਦੀ ਵਾਰ ੨੮)

ਗੁਰੂ ਤੇਗ ਬਹਾਦਰ ਜੀ ਤਾਂ 'ਸਚੀ ਸੂਰਬੀਰਤਾ' ਨੂੰ ਪਰੇਮ-ਪੰਥੀ ਤੇ ਬ੍ਰਹਮ-ਗਿਆਨੀ ਹੋਣ ਦਾ ਪ੍ਰਮਾਣ ਮਿਥਦੇ ਹਨ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ।
ਕਹੁ ਨਾਨਕ ਸੁਣ ਰੇ ਮਨਾ, ਗਿਆਨੀ ਤਾਹਿ ਬਖਾਨਿ ।
(ਸਲੋਕ ਮਹਲਾ ੯)

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਦਾ ਭਗਤੀ ਸੰਕਲਪ ਵੀ ਨਿਰੋਲ 'ਖੜਗਧਾਰੀ' ਸੰਕਲਪ ਹੀ ਹੈ। ਉਹਨਾਂ ਨੇ ਤਾਂ ਸਿਮਰਨ ਵੀ ਪ੍ਰਭੂ-ਭਗਉਤੀ ਦਾ ਹੀ ਕੀਤਾ ਹੈ। ਇਸੇ ਤੇਗ ਨੂੰ ਹੀ ਸ੍ਰਿਸ਼ਟੀ ਦਾ ਉਬਾਰਣ ਤੇ ਜੈਕਾਰ ਦਾ ਕਾਰਣ ਮੰਨਿਆਂ ਹੈ। ਇਸੇ ਨੂੰ ਹੀ ਮਮ-ਪ੍ਰਿਤਪਾਰਣ ਦਾ ਪਦ ਪ੍ਰਦਾਨ ਕੀਤਾ ਹੈ। ਇਸੇ ਕਰਕੇ ਉਹ 'ਤੇਗੰ' ਦੀ ਜੈ ਮੰਗਦੇ ਹਨ :—

ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ।

(ਬਚਿਤ੍ਰ ਨਾਟਕ)

'ਸ੍ਰੀ ਖੜਗ' ਨੂੰ ਨਮਸਕਾਰ ਵੀ ਕਰਦੇ ਹਨ :—

ਨਮਸਕਾਰ ਸ੍ਰੀ ਖੜਗ ਕੋ ਕਰੋ ਸੁਹਿਤ ਚਿਤੁ ਲਾਇ।
ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ।

'ਪੰਜ ਪਿਆਰਿਆਂ' ਦੀ ਪਰੰਪਰਾ ਸਥਾਪਨਾ ਵੀ 'ਤੇਗ' ਵਿਚੋਂ ਹੀ ਹੁੰਦੀ ਹੈ। 'ਤੇਗ' ਵਿਚੋਂ ਹੀ ਉਹਨਾਂ ਦੀ ਮਹਾਨਤਾ ਦਾ ਪਰਖ-ਪ੍ਰਗਟਾਵਾ ਹੁੰਦਾ ਹੈ। ਜਿਨ੍ਹਾਂ ਪੰਜਾਂ (ਪਿਆਰਿਆਂ) ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਸੀਸ ਤਲੀ ਤੇ ਧਰ ਕੇ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਆਪਣੇ 'ਪਿਆਰੇ' ਆਖਿਆ। ਕਿਉਂਕਿ ਉਹਨਾਂ ਨੇ 'ਪਰੇਮ' ਦੀ ਤਲਵਾਰ ਨੂੰ ਪ੍ਰਵਾਨ ਕਰ ਲਿਆ ਸੀ। 'ਤੇਗ' ਹੀ ਪਰੇਮ ਪਰਵਾਨਗੀ ਦਾ ਨਿਸ਼ਾਨ ਹੈ। ਪਰੇਮ ਵਿਚ ਪਰਵਾਨ ਚੜ੍ਹ ਜਾਣ ਵਾਲਾ ਹਮੇਸ਼ਾਂ ਗਿਆਨੀ ਹੁੰਦਾ ਹੈ, ਪੂਰਨ ਬ੍ਰਹਮ-ਗਿਆਨੀ ਹੁੰਦਾ ਹੈ। 'ਬ੍ਰਹਮ-ਗਿਆਨੀ' ਹੀ ਰਣ ਵਿਚ ਜੂਝ ਸਕਦਾ ਹੈ। 'ਰਣ' ਅੰਤਰ ਮੁਖੀ ਵੀ ਹੁੰਦਾ ਹੈ ਤੇ ਬਾਹਰ ਮੁਖੀ ਵੀ। ਅੰਤਰਮੁਖੀ ਰਣ ਵਿਕਾਰਾਂ ਨਾਲ ਕੀਤਾ ਜਾਂਦਾ ਹੈ ਤੇ ਬਾਹਰਮੁਖੀ ਰਣ ਸਮਾਜਕ ਅਨਿਆਏ ਸ਼ੀਲ ਸ਼ਕਤੀਆਂ ਨਾਲ ਹੁੰਦਾ ਹੈ। ਜਦੋਂ ਗੁਰੂ ਹਰਿਗੋਬਿੰਦ ਜੀ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਣ ਲੈਂਦੇ ਹਨ ਤਾਂ ਉਹ ਆਪਣੇ ਆਪ ਨੂੰ ਦੋਹਾਂ ਯੁੱਧਾਂ ਵਿਚ ਲੜਨ ਲਈ ਤਿਆਰ ਕਰ ਲੈਂਦੇ ਹਨ। 'ਪੀਰੀ' ਦਾ ਯੁੱਧ ਤਾਂ ਸਾਰੇ ਗੁਰੂ ਸਾਹਿਬਾਨ ਕਰਦੇ ਰਹੇ ਹਨ। ਪਰ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ ਦੇ ਯੁੱਧ ਵੀ ਕੀਤੇ ਹਨ। 'ਨਿਸ਼ਾਨ ਸਾਹਿਬ' ਮੀਰ-ਜਾਗ੍ਰਿਤੀ ਦਾ ਹੀ ਫੱਲ ਸੀ, ਚੂੰਕਿ ਪੀਰ-ਭਗਤੀ ਦਾ ਫੱਲ ਮੀਰ-ਸ਼ਕਤੀ ਸੀ। ਨਾਲੇ ਸਿਖ ਕੌਮ ਭਗਤੀ ਤੇ ਸ਼ਕਤੀ ਦੋਹਾਂ ਨੂੰ ਇਕ ਸਮਾਨ ਪਰਵਾਨ ਕਰਦੀ ਹੈ, ਇਸੇ ਲਈ ਗੁਰੂ ਹਰਿਗੋਬਿੰਦ ਜੀ ਨੇ ਪੀਰੀ ਦੀਆਂ ਦੋਵੇਂ ਤੇਗਾਂ ਨੂੰ ਵੀ 'ਨਿਸ਼ਾਨ ਸਾਹਿਬ' ਦੀ ਸਿਰਜਨਾ ਵਿਚ ਸੰਕਲਤ ਕਰ ਦਿੱਤਾ।

'ਨਿਸ਼ਾਨ ਸਾਹਿਬ' ਦਾ ਤੀਜਾ ਤੱਤ 'ਖੰਡਾ' ਹੈ, 'ਖੰਡਾ' ਹਮੇਸ਼ਾਂ ਦੋ ਧਾਰੀ ਹੁੰਦਾ ਹੈ। ਨਿਸ਼ਾਨ ਸਾਹਿਬ ਦਾ ਖੰਡਾ ਦੋ ਧਾਰੀ ਹੀ ਹੁੰਦਾ ਹੈ। ਦੋ ਧਾਰੀ ਦਾ ਭਾਵ ਹੈ, ਜਿਸ ਵਿਚ ਪੀਰੀ ਤੇ ਮੀਰੀ ਦੋਹਾਂ ਦਾ ਸੁਮੇਲ ਹੋਇਆ ਹੁੰਦਾ ਹੈ। ਖੰਡੇ ਵਿਚ ਪੀਰੀ ਵੀ ਹੈ ਤੇ ਮੀਰੀ ਵੀ ਹੈ। ਪੀਰੀ ਤੇ ਮੀਰੀ ਦੀ ਅਦ੍ਵੈਤ ਸਾਂਝ ਤੋਂ ਹੀ ਪੂਰਨਤਾ ਦਾ ਜਨਮ ਹੁੰਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ 'ਅੰਮ੍ਰਿਤ' ਨੂੰ ਤਿਆਰ ਕਰਦੇ ਹਨ, ਤਾਂ ਉਸ ਵਿਚ ਖੰਡੇ ਦੀ ਹੀ ਸਰਬ-ਪਰਮ-ਸ਼ਕਤੀ ਨੂੰ ਘੋਲਿਆ ਜਾਂਦਾ ਹੈ। ਖੰਡੇ ਵਿਚ ਫ਼ਕੀਰੀ (ਬਾਣੀ) ਵੀ ਹੈ ਤੇ ਬਾਦਸ਼ਾਹੀ (ਸ਼ਕਤੀ) ਵੀ ਹੈ। 'ਅੰਮ੍ਰਿਤਧਾਰੀ-ਖਾਲਸਾ' ਇਸੇ ਕਰ ਕੇ ਫ਼ਕੀਰ ਵੀ ਹੈ। ਗੁਰੂ

Digitized by Panjab Digital Library | www.panjabdigilib.org

ਗੋਬਿੰਦ ਸਿੰਘ ਜੀ ਆਪ ਵੀ ਅੰਮ੍ਰਿਤਧਾਰੀ ਸਿੰਘ ਸਨ, ਪੂਰਨ 'ਸਿੰਘ' ਸਨ। ਜਦੋਂ ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਆਪਣਾ ਅਨੁਭਵ ਪੇਸ਼ ਕਰਦੇ ਹਨ :—

'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ'

ਤਾਂ ਉਹ ਖੰਡੇ ਧਾਰੀ ਸ਼ਖਸੀਅਤ ਦਾ ਹੀ ਪ੍ਰਗਟਾਵਾ ਕਰ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸੇ ਦੀ ਸ਼ਖਸੀਅਤ ਦਾ ਜਨਮ ਖੰਡੇ ਵਿਚੋਂ ਹੀ ਹੁੰਦਾ ਹੈ। 'ਨਿਸ਼ਾਨ ਸਾਹਿਬ' ਖਾਲਸੇ ਦੀ ਉੱਚੀ ਸ਼ਖਸੀਅਤ ਦਾ ਵੀ ਲਖਾਇਕ ਹੈ। 'ਖੰਡਾ' ਤਾਂ ਖਾਲਸੇ ਦੀ ਜਿੰਦ-ਜਨ ਹੈ। 'ਖੰਡਾ' ਖਾਲਸੇ ਲਈ ਆਤਮਕ-ਤ੍ਰਿਪਤੀ ਦਾ ਆਧਾਰ ਹੈ। ਖੰਡੇ ਦੀ ਜ਼ਿੰਦਗੀ ਵਿਚੋਂ ਹੀ ਖਾਲਸੇ ਨੂੰ ਸ਼ੁਭ ਕਰਮਨ ਦੀ ਜ਼ਿੰਦਗੀ ਮਿਲਦੀ ਹੈ, ਦੁਰਮਤਿ ਨੂੰ ਦਰਣੰ ਦੀ ਸਮਰੱਥਾ ਮਿਲਦੀ ਹੈ, ਸ੍ਰਿਸ਼ਟ-ਉਬਾਰਣ ਦਾ ਪ੍ਰਸਾਦਿ-ਪੱਦ ਪ੍ਰਾਪਤ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਖੰਡੇ ਨੂੰ ਪ੍ਰਿਥਮ ਸ਼ਕਤੀ—ਪਰਮਾਤਮਾ ਮੰਨਦੇ ਹਨ, ਜਿਸ ਨੇ ਸ੍ਰਿਸ਼ਟੀ-ਆਕਾਰ ਨੂੰ ਜਨਮ ਦਿੱਤਾ ਹੈ। ਪਰਮਾਤਮਾ ਪੱਦ ਦੀ ਪ੍ਰਾਪਤੀ ਹੀ ਖੰਡੇ ਦਾ ਆਦਰਸ਼ ਹੈ। ਸਿਖ ਧਰਮ ਵਿਚ 'ਖੰਡਾ' ਪਰਮਾਤਮਾ ਦਾ ਹੀ ਸੰਕੇਤ ਹੈ। 'ਖੰਡਾ' ਪਰਮਾਤਮਾ ਜਿੰਨੀ ਵਿਆਪਕ, ਉੱਚੀ ਤੇ ਪਵਿੱਤਰ ਹਸਤੀ ਵੀ ਰਖਦਾ ਹੈ। 'ਖੰਡੇ ਦਾ ਅੰਮ੍ਰਿਤ' ਖਾਲਸੇ ਨੂੰ ਸਰਬ ਵਿਆਪੀ, ਉੱਚ-ਆਦਰਸ਼ਾਂ ਵਾਲੀ ਤੇ ਪਵਿਤਰ ਜ਼ਿੰਦਗੀ ਵੀ ਪ੍ਰਦਾਨ ਕਰਦਾ ਹੈ। ਖਾਲਸੇ ਦੇ ਨਿਸ਼ਾਨ ਵਿਚ ਖੰਡੇ ਦਾ ਸੰਕੇਤ ਵੀ ਇਸੇ ਭਾਵਨਾ ਦਾ ਹੀ ਪ੍ਰਗਟਾਵਾ ਹੈ ਕਿ 'ਨਿਸ਼ਾਨ ਸਾਹਿਬ' ਖਾਲਸੇ ਦੀ ਪੂਰਨਤਾ ਦਾ ਦਰਸ਼ਨ ਹੈ, ਖਾਲਸੇ ਦੇ ਉੱਚ ਆਦਰਸ਼ਾਂ ਦਾ ਪ੍ਰਤੀਨਿਧ ਹੈ, ਖਾਲਸੇ ਦੀ ਪਵਿਤਰ ਰਹਿਣੀ ਦਾ ਮਿਆਰ ਹੈ। ਜਦੋਂ 'ਖਾਲਸਾ-ਪੰਥ' ਨਿਸ਼ਾਨ ਸਾਹਿਬ ਦੀ ਜੁਗੋ ਜੁਗ ਅਟੱਲਤਾ ਦਾ 'ਪ੍ਰਭੂ' ਪਾਸੋਂ ਵਰ-ਦਾਨ ਮੰਗਦਾ ਹੈ, ਇਕ ਤਾਂ ਉਹ ਪੂਰਨ, ਉੱਚ ਆਦਰਸ਼ ਭਾਵੀ ਤੇ ਪਵਿਤ੍ਰ ਜ਼ਿੰਦਗੀ ਦੀ ਪ੍ਰਾਪਤੀ ਦਾ ਵਰਦਾਨ ਮੰਗਦਾ ਹੈ, ਦੂਜਾ ਇਹਨਾਂ ਉੱਚ ਆਦਰਸ਼ਾਂ ਦੇ ਮਿਆਰ ਦੀ ਨਿਤ ਸਥਾਪਨਾ ਚਾਹੁੰਦਾ ਹੈ, ਤੀਜਾ ਉਹ ਸਰਬ ਖਾਲਸੇ ਨੂੰ ਪਰੇਰਦਾ ਹੈ ਕਿ ਉਹ ਆਪਣੇ ਪੰਥਕ ਨਿਸ਼ਾਨ ਦੀ ਸਰਦਾਰੀ ਨੂੰ ਸਵੀਕਾਰ ਕਰਨ। 'ਨਿਸ਼ਾਨ ਸਾਹਿਬ' ਖਾਲਸੇ ਦੀ ਪੰਥਕ-ਏਕਤਾ ਦਾ ਨਿਸ਼ਾਨ ਵੀ ਹੈ ਤੇ ਪੰਥ ਦੀ ਫ਼ਤਹਿ ਦਾ ਸਦੀਵੀ ਵਿਸ਼ਵਾਸ ਵੀ ਹੈ।

'ਬੁੰਗੇ' ਅਸਲ ਵਿਚ ਉਹ ਵਿਸ਼ਰਾਮ-ਆਸ਼ਰਮ ਸਨ, ਜਿਥੋਂ ਪੰਜਾਬੀ ਸਮਾਜ ਤੇ ਪੰਜਾਬੀ ਸਾਹਿਤ ਦੀ ਅਤਿ ਨਿੱਗਰ ਸੇਵਾ ਹੁੰਦੀ ਰਹੀ ਹੈ। 'ਬੁੰਗੇ' ਆਮ ਤੌਰ ਤੇ ਸਿੱਖ ਸੰਸਥਾਵਾਂ ਦੇ ਹੀ ਵਿਸ਼ਰਾਮ-ਆਸ਼ਰਮ ਹੁੰਦੇ ਸਨ, ਉਦਾਹਰਣ ਵਜੋਂ ਪੰਜਾਬ ਵਿਚ ਨਿਰਮਲਿਆਂ, ਉਦਾਸੀਆਂ, ਗ੍ਰੰਥੀਆਂ, ਗਿਆਨੀਆਂ ਤੇ ਰਾਗੀਆਂ ਦੇ ਵੀ ਬੁੰਗੇ ਮਿਲਦੇ ਹਨ। ਕੁਝ ਵਿਅਕਤੀਗਤ ਪੱਧਰ ਤੇ ਬਣੇ ਹੋਏ ਬੁੰਗਿਆਂ ਦੇ ਨਾਮ ਮਿਲਦੇ ਹਨ। ਪਰ ਸਮੂਹਕ ਪੱਧਰ ਤੇ ਇਹਨਾਂ ਬੁੰਗਿਆਂ ਦੁਆਰਾ ਪੰਜਾਬੀ ਵਿਦਿਆ ਪ੍ਰਣਾਲੀ, ਰਾਗ ਪ੍ਰਣਾਲੀ, ਕਲਾ ਤੇ ਕਾਤਬ ਪ੍ਰਣਾਲੀ, ਗੁਰਬਾਣੀ ਦਾ ਟੀਕਾ ਤੇ ਵਿਆਖਿਆ ਪ੍ਰਣਾਲੀ, ਵਿਆਕਰਣ ਤੇ ਵੇਦਾਂਤ ਪ੍ਰਣਾਲੀ ਦਾ ਹੀ ਪ੍ਰਚਾਰ ਕੀਤਾ ਜਾਂਦਾ ਸੀ। ਇਹਨਾਂ ਬੁੰਗਿਆਂ ਦੇ ਮਾਲਕ ਤੇ ਅਧਿਆਪਕ ਪ੍ਰਉਪਕਾਰੀ ਭਾਵਨਾਂ ਦੇ ਮਾਲਕ ਹੁੰਦੇ ਸਨ। ਉਨ੍ਹਾਂ ਵਿਚ ਸਿਖ ਧਰਮ ਦਾ ਪ੍ਰਚਾਰ ਕਰਨ ਦਾ ਅਤਿ ਸ਼ੌਂਕ ਸੀ। ਇਹਨਾਂ ਬੁੰਗਿਆਂ ਦੇ ਮਾਲਕ ਪੰਜਾਬ ਵਿਚ ਫਿਰ ਟੁਰ ਕੇ ਵੀ ਸਿੱਖ ਧਰਮ ਦਾ ਪ੍ਰਚਾਰ ਕਰਦੇ ਸਨ ਤੇ ਖਾਸ ਕਰਕੇ ਉਹਨਾਂ

Digitized by Panjab Digital Library | www.panjabdigilib.org

ਦੇ ਆਪਣੇ ਬੁੰਗੇ ਤਾਂ ਇਕ ਤਰ੍ਹਾਂ ਦੀਆਂ ਪਾਠਸ਼ਾਲਾਵਾਂ ਬਣੀਆਂ ਹੋਈਆਂ ਸਨ। ਉਹਨਾਂ ਪਾਠਸ਼ਾਲਾਵਾਂ ਵਿਚ ਬੜੇ ਦੂਰ ਦੂਰ ਤੋਂ ਵਿਦਿਆਰਥੀ ਆ ਕੇ ਰਹਿੰਦੇ ਸਨ ਤੇ ਸਿਖ ਧਰਮ ਪ੍ਰਤੀ ਕੁਝ ਪੜ੍ਹ-ਸਿੱਖ ਕੇ, ਕੁਝ ਨਿਪੁੰਨਤਾ ਵੀ ਪ੍ਰਾਪਤ ਕਰ ਕੇ, ਜਾਂ ਤਾਂ ਉਹ ਆਪਣੇ ਆਪਣੇ ਗ੍ਰਾਮ-ਖੇਤਰਾਂ ਵਿਚ ਪਾਠਸ਼ਾਲਾਵਾਂ ਕਾਇਮ ਕਰ ਲੈਂਦੇ ਸਨ ਤੇ ਜਾਂ ਫਿਰ ਪੰਜਾਬ-ਭਾਰਤ ਵਿਚ ਫਿਰ ਟੁਰ ਕੇ, ਸਿਖ ਧਰਮ ਦਾ ਪ੍ਰਚਾਰ ਕਰਦੇ ਰਹਿੰਦੇ ਸਨ। 'ਬੁੰਗਿਆਂ' ਦਾ ਪ੍ਰਮੁੱਖ ਲਾਭ ਇਹ ਸੀ, ਕਿ ਇਹ ਸਿੱਖ ਧਰਮ ਦੇ ਕੇਂਦਰ ਬਣ ਗਏ ਸਨ, ਜਿਥੋਂ ਸਿੱਖ ਧਰਮ ਤੇ ਸਿੱਖ ਸਾਹਿਤ ਵਾਸਤੇ ਕੁਝ ਸਿਆਣੇ ਪ੍ਰਚਾਰਕ ਸਿਰਜੇ ਜਾਇਆ ਕਰਦੇ ਸਨ। ਹੌਲੀ ਹੌਲੀ ਇਹ ਪ੍ਰਚਾਰਕ ਸਾਰੇ ਭਾਰਤ ਵਿਚ ਫੈਲਦੇ ਸਨ। ਇਹ ਪ੍ਰਚਾਰਕ ਸਿਖ ਧਰਮ ਦਾ ਦੂਜਿਆਂ ਧਰਮਾਂ ਨਾਲ ਤੁਲਨਾਤਮਿਕ ਅਧਿਅਨ ਵੀ ਕਰਦੇ ਸਨ। ਇਸ ਤਰ੍ਹਾਂ ਇਹ ਬੁੰਗੇ ਸਿਖ ਧਰਮ ਲਈ ਅਤਿ ਲਾਭਦਾਇਕ ਸਿਧ ਹੋਏ। ਇਹਨਾਂ ਬੁੰਗਿਆਂ ਨੇ ਸਿੱਖ-ਪੰਥ ਤੇ ਸਿੱਖ ਸਾਹਿਤ ਦੀ ਬੜੀ ਸੇਵਾ ਵੀ ਕੀਤੀ ਹੈ। ਜਦੋਂ 'ਖਾਲਸਾ-ਪੰਥ' ਬੁੰਗਿਆਂ ਨੂੰ ਜੁਗੋ ਜੁਗ ਅਟੱਲ ਰੱਖਣ ਦੀ ਬੇਨਤੀ ਕਰਦਾ ਹੈ, ਤਾਂ ਉਹ ਸਿਖ ਧਰਮ ਦੇ ਪ੍ਰਚਾਰ ਕੇਂਦਰਾਂ ਦੀ ਸਥਾਪਨਾ ਦੀ ਇੱਛਾ ਪ੍ਰਗਟਾਂਦਾ ਹੈ, ਸਿਖ ਧਰਮ ਦਾ ਪ੍ਰਚਾਰ ਕਰਨ ਵਾਸਤੇ ਇਹਨਾਂ ਸੋਮਿਆਂ ਦੀ ਸਿਰਜਨਾ ਦੀ ਹਾਮੀ ਭਰਦਾ ਹੈ। ਇਹਨਾਂ ਬੁੰ-ਗਿਆਂ ਦੀ ਪ੍ਰਣਾਲੀ ਦੀ ਲੁੱਪਤਾ ਦਾ ਹੀ ਫੱਲ ਜਾਪਦਾ ਹੈ ਕਿ ਸਿੱਖ ਧਰਮ ਕੋਲ ਨਾ ਗੁਰਮਤਿ-ਸੰਗੀਤ ਪ੍ਰਣਾਲੀ ਲਈ ਕੋਈ ਸਕੂਲ ਹੈ, ਨਾ ਹੀ ਗੁਰਬਾਣੀ ਦੀ ਟੀਕਾਕਾਰੀ ਤੇ ਵਿਆਖਿਆ ਦਾ ਸਕੂਲ ਹੈ ਅਤੇ ਨਾ ਹੀ ਵੇਦਾਂਤ ਅਤੇ ਵਿਆਕਰਣ ਦਾ ਕੋਈ ਸਕੂਲ। ਸਿਖ ਧਰਮ ਦੇ ਸ਼ਰਧਾਲੂ ਆਪਣੇ ਪ੍ਰਚਾਰ ਦੀ ਘਾਟ ਕਾਰਨ ਤੇ ਗੁਰਮਤਿ ਦੇ ਕੇਂਦਰ-ਸਕੂਲ ਨਾ ਹੋਣ ਕਰਕੇ ਕੁਝ ਉਦਾਸ ਹੋ ਗਏ ਜਾਪਦੇ ਹਨ। 'ਬੁੰਗੇ' ਸਿਖ ਧਰਮ ਦੇ ਪ੍ਰਚਾਰ ਲਈ ਬੜੇ ਢੁੱਕਵੇਂ ਕੇਂਦਰ ਸਨ। ਇਸ ਤਰ੍ਹਾਂ ਦੇ ਕੇਂਦਰ ਹੁਣ ਵੀ ਹੋਣੇ ਚਾਹੀਦੇ ਹਨ।

'ਚੌਂਕੀਆਂ, ਝੰਡੇ ਤੇ ਬੁੰਗੇ' ਖਾਲਸਾ-ਪੰਥ ਦਾ ਇਤਿਹਾਸਕ ਵਿਰਸਾ ਹਨ। ਇਹ ਖਾਲਸਾ ਪੰਥ ਦੀ ਸ਼ਾਨ ਦੇ ਸ਼ਿੰਗਾਰ ਹਨ। ਇਹਨਾਂ ਬੋਲਾਂ ਪਿਛੇ ਖਾਲਸਾ-ਪੰਥ ਦੀ ਭਜਨ-ਬੰਦਗੀ, ਪੰਥਕ-ਏਕਤਾ ਤੇ ਪਰਉਪਕਾਰੀ ਭਾਵਨਾ ਦੀ ਜਾਗ੍ਰਤੀ ਦਾ ਇਤਿਹਾਸ ਹੈ। 'ਚੌਂਕੀਆਂ, ਝੰਡੇ ਤੇ ਬੁੰਗੇ' ਖਾਲਸੇ ਦੀ ਜਾਇਦਾਦ ਹਨ। ਇਹ ਖਾਲਸੇ ਦੀ ਜਾਗ੍ਰਤੀ ਦੀ ਇਤਿਹਾਸਕ ਬੋਲ-ਆਵਾਜ਼ ਹਨ। ਇਸੇ ਕਰ ਕੇ 'ਖਾਲਸਾ-ਪੰਥ' ਇਹਨਾਂ ਇਤਿਹਾਸਕ ਬੋਲਾਂ ਦੀ ਚੜ੍ਹਦੀ ਕਲਾ ਦੀ ਨਿਤ ਮੰਗ ਕਰਦਾ ਹੈ।

Digitized by Panjab Digital Library | www.panjabdigilib.org

ਧਰਮ ਦਾ ਜੈਕਾਰ

'ਧਰਮ' ਜੈਕਾਰ-ਜੀਵਨ-ਜਾਚ ਦਾ ਹੀ ਨਾਮ ਹੈ। 'ਜੈਕਾਰ-ਜੀਵਨ-ਜਾਚ' ਦਾ ਭਾਵ ਹੈ, ਉਹ ਜੀਵਨ-ਜਾਚ, ਜਿਸ ਸਹਾਰੇ ਮਨੁੱਖ ਆਤਮਕ, ਸਮਾਜਕ ਤੇ ਰਾਜਨੀਤਕ-ਖੇਤਰ ਵਿਚ ਜੇਤੂ ਬਣਦਾ ਹੈ, ਸਦੀਵ-ਕਾਲ 'ਜੇਤੂ' ਰਹਿੰਦਾ ਵੀ ਹੈ। 'ਜੈਕਾਰ' ਦਾ ਭਾਵ-ਅਰਥ ਵੀ ਇਹੀ ਹੈ ਕਿ ਸ੍ਰਿਸ਼ਟੀ-ਆਕਾਰ ਵਿਚ ਜਿਸ ਦੀ ਸਦਾ ਜੈ ਹੈ। 'ਧਰਮ ਦਾ ਜੈਕਾਰ' ਦਾ ਭਾਵ ਹੈ ਕਿ ਸ੍ਰਿਸ਼ਟੀ-ਆਕਾਰ ਵਿਚ ਧਰਮ ਦੀ ਹੀ ਸਦੀਵ-ਕਾਲ ਜਿੱਤ ਹੁੰਦੀ ਹੈ, ਧਰਮ-ਆਧਾਰਤ 'ਜੀਵਨ' ਹੀ ਜੈਕਾਰ ਹੋ ਸਕਦਾ ਹੈ। 'ਧਰਮ' ਦਾ ਆਧਾਰ ਭਗਤੀ ਹੈ। ਭਗਤੀ-ਜੀਵਨ ਹੀ ਸ੍ਰਿਸ਼ਟੀ ਆਕਾਰ ਵਿਚ ਜੇਤੂ ਬਣ ਸਕਦਾ ਹੈ। ਕਿਉਂਕਿ 'ਭਗਤੀ' ਵਿਚ ਹਮੇਸ਼ਾਂ ਸ਼ਕਤੀ ਹੁੰਦੀ ਹੈ। 'ਸ਼ਕਤੀ' ਹੀ ਜੀਵਨ-ਜੈਕਾਰ ਦਾ ਸੰਕੇਤ ਹੈ। ਜੇ 'ਭਗਤੀ ਤੇ ਸ਼ਕਤੀ' ਮਿਲ-ਬੈਠਣ, ਜੇ 'ਭਗਤੀ ਸ਼ਕਤੀ ਨੂੰ ਪ੍ਰਚੰਡ ਕਰੇ ਤੇ 'ਸ਼ਕਤੀ' ਭਗਤੀ ਦੀ ਸੁਰਖਿਆ ਕਰੇ, ਤਾਂ ਭਗਤੀ ਤੇ ਸ਼ਕਤੀ-ਨਿਪੁੰਨ 'ਜੀਵਨ' ਦੀ ਵਿਸ਼ਵ-ਆਕਾਰ ਵਿਚ ਸਦੀਵੀ ਜਿੱਤ ਹੈ। ਜਿੰਨਾ ਚਿਰ 'ਧਰਤੀ ਅਤੇ ਅ ਕ ਸ਼' ਸਥਿਰ ਹਨ, ਉਤਨਾਂ ਚਿਰ ਇਸ ਜੀਵਨ ਦੀ ਜੈਕਾਰ ਹੈ, ਇਸ ਜੀਵਨ ਦੀ ਸਦਾ ਜੈਕਾਰ ਹੁੰਦੀ ਵੀ ਰਹੇਗੀ। ਜਦੋਂ 'ਖਾਲਸਾ-ਪੰਥ' ਆਪਣੀ ਨਿਤ ਦੀ ਕੀਤੀ 'ਅਰਦਾਸ' ਵਿਚ 'ਧਰਮ ਦਾ ਜੈਕਾਰ' ਬੋਲ ਦਾ ਭਾਵ ਪ੍ਰਗਟਾਂਦਾ ਹੈ, ਇਕ ਤਾਂ ਉਹ ਆਪਣੇ ਆਪ ਵਿਚ ਇਹ ਭਾਵ-ਬੋਲ ਪ੍ਰਪੱਕ ਕਰ ਰਿਹਾ ਹੁੰਦਾ ਹੈ ਕਿ 'ਧਰਮ' ਦੀ ਹਮੇਸ਼ਾਂ ਜੈਕਾਰ ਹੁੰਦੀ ਹੈ, ਦੂਜਾ ਉਹ ਆਪਣੇ ਆਪ ਨੂੰ ਜੈਕਾਰ-ਧਰਮ ਦਾ ਧਾਰਨੀ ਬਣਨ ਲਈ ਤਿਆਰ ਕਰ ਰਿਹਾ ਹੁੰਦਾ ਹੈ, ਤੀਜਾ ਵਿਸ਼ਵ-ਮਨੁੱਖਤਾ ਨੂੰ ਇਹ ਵਿਸ਼ਵਾਸ ਦੁਆ ਰਿਹਾ ਹੁੰਦਾ ਹੈ ਕਿ 'ਧਰਮ' ਹੀ ਸਦੀਵ-ਕਾਲ ਜੇਤੂ ਹੋਣ ਦਾ ਵਿਸ਼ਵਾਸ ਹੈ, ਚੌਥਾ ਉਹ ਧਰਮ-ਨਮਿੱਤ ਸਿੰਘਾਂ ਤੇ ਸਿੰਘਣੀਆਂ ਦੇ ਸ਼ਹੀਦ ਹੋਣ ਦੀ ਇਤਿਹਾਸਕ-ਯਾਦ ਨੂੰ ਤਾਜ਼ਾ ਕਰ ਰਿਹਾ ਹੁੰਦਾ ਹੈ, ਪੰਜਵਾਂ ਉਸ ਨੂੰ ਇਸ ਬੋਲ ਵਿਚੋਂ ਗੌਰਵਮਈ-ਅਹਿਸਾਸ ਪ੍ਰਾਪਤ ਹੁੰਦਾ ਹੈ ਕਿ ਮੇਰੀ ਕੌਮ ਨੇ ਵਿਸ਼ਵ-ਆਕਾਰ ਵਿਚ ਸਭ ਤੋਂ ਵਧ ਧਰਮ-ਨਮਿੱਤ ਸ਼ਹੀਦ ਹੋਣ ਵਾਲੀਆਂ ਸ਼ਖਸੀਅਤਾਂ ਪੈਦਾ ਕੀਤੀਆਂ ਹਨ, ਸਭ ਤੋਂ ਵਧ ਜੈਕਾਰ-ਜੀਵਨ-ਸ਼ਖਸੀਅਤਾਂ ਨੂੰ ਸਿਰਜਿਆ ਹੈ, ਛੇਵਾਂ ਉਹ ਆਪਣੇ ਆਪ ਨੂੰ ਇਸ 'ਬੋਲ' ਦਆਰਾ ਨਿਰੁਪਣ ਵੀ ਕਰ ਰਿਹਾ ਹੰਦਾ ਹੈ ਕਿ ਮੈਂ 'ਧਰਮ' ਦੀ ਵਿਸ਼ਵ-ਵਿਆਪੱਕਤਾ ਦਾ ਹਾਮੀ ਹਾਂ, ਸੱਤਵਾਂ ਉਹ ਆਪਣੇ 'ਪ੍ਰਭੂ' ਨਾਲ ਪ੍ਰਣ ਕਰ ਰਿਹਾ ਹੁੰਦਾ ਹੈ ਕਿ ਮੈਂ ਸਦੀਵ-ਕਾਲ 'ਧਰਮ' ਦੇ ਸੱਚ ਨੂੰ ਦ੍ਰਿੜ੍ਹ ਕਰਾਂਗਾ ਤੇ ਅਵਰਾਂ ਨੂੰ ਦ੍ਰਿੜ੍ਹ ਕਰਾਵਾਂਗਾ ਵੀ। 'ਧਰਮ ਦਾ ਜੈਕਾਰ, ਬੋਲ ਅਸਲ ਵਿਚ 'ਪ੍ਰਗਟਾ' ਵੀ ਉਹਨਾਂ ਆਤਮਾਵਾਂ ਦਾ ਹੀ ਹੈ, ਜਿਨ੍ਹਾਂ ਨੇ 'ਧਰਮ' ਦੇ ਸੱਚ ਨੂੰ ਆਪਣੇ ਆਪ ਵਿਚ ਦ੍ਰਿੜ੍ਹ ਕਰਨਾ ਹੀ 'ਧਰਮ' ਦਾ ਪ੍ਰਮੁਖ ਭਾਵ ਮੰਨਿਆਂ ਹੈ। 'ਧਰਮ ਦਾ ਜੈਕਾਰ' ਸੱਚ ਦੀ ਸਦੀਵੀ-ਜਿੱਤ ਦਾ ਅਹਿਸਾਸ ਵੀ ਹੈ ਤੇ ਸੱਚ ਦੀ ਸਦੀਵੀ-ਜਿੱਤ ਦਾ ਵਿਸ਼ਵਾਸ ਵੀ ਹੈ।

'ਧਰਮ' ਸੱਚ ਨੂੰ ਦ੍ਰਿੜ੍ਹ ਕਰਨ ਦਾ ਹੀ ਨਾਮ ਹੈ। ਜਿਵੇਂ 'ਸੱਚ' ਸਰਬ-ਵਿਆਪੀ

Digitized by Panjab Digital Library | www.panjabdigilib.org

ਸਚਾਈ ਹੁੰਦੀ ਹੈ, ਕੁਝ ਇਸੇ ਤਰ੍ਹਾਂ 'ਧਰਮ' ਦੀ ਹੋਂਦ ਵੀ ਸਰਬ-ਵਿਆਪੀ ਹੈ। 'ਧਰਮ' ਸਚ ਵਾਂਗ ਜਾਤਿ, ਸਭਿਆਚਾਰ, ਸੀਮਾ ਤੇ ਸਰੂਪ ਵਿਚ ਕਦੀ ਸੰਕੀਰਣ ਨਹੀਂ ਹੋ ਸਕਦਾ। ਜਿਹੜੇ 'ਧਰਮ' ਜਾਤਿ, ਸਭਿਆਚਾਰ, ਸੀਮਾ ਤੇ ਸਰੂਪਾਂ ਦੀਆਂ ਅਗਿਆਨ-ਕੋਠੜੀਆਂ ਵਿਚ ਬੰਦ ਹਨ, ਉਹਨਾਂ ਨੂੰ ਸਹੀ ਅਰਥਾਂ ਵਿਚ 'ਧਰਮ' ਨਹੀਂ ਆਖਿਆ ਜਾ ਸਕਦਾ। 'ਧਰਮ' ਤਾਂ ਜਾਤਿ-ਰਹਿਤ ਨਿਸ਼ਕਾਮ-ਜੀਵਨ ਦਾ ਆਦਰਸ਼ ਪ੍ਰਗਟਾਂਦਾ ਹੈ, ਹੰਕਾਰ-ਰਹਿਤ ਜੀਵਨ ਦਾ ਦਰਸ਼ਨ ਕਰਾਉਂਦਾ ਹੈ, ਵਿਲੱਖਣ ਸਭਿਆਚਾਰਾਂ ਵਿਚ ਸਾਂਝ ਪੁਆਂਦਾ ਹੈ, ਸੀਮਾਂ ਦੀਆਂ ਵੰਡੀਆਂ-ਵਿਤਕਰਿਆਂ ਦਾ ਤਿਆਗ ਸਿਖਾਂਦਾ ਹੈ, ਸਰੂਪਾਂ ਵਿਚ ਪੂਰਨ ਆਜ਼ਾਦੀ ਦਿਵਾਂਦਾ ਹੈ। 'ਧਰਮ' ਸੱਚ ਵਾਂਗ ਪੂਰਨ ਆਜ਼ਾਦ ਹੁੰਦਾ ਹੈ। ਜਿਵੇਂ 'ਸੱਚ' ਪੜਦੇ ਪਾੜ ਕੇ ਆਪਣੇ ਆਪ ਨੂੰ ਨੰਗਾ ਕਰ ਲੈਂਦਾ ਹੈ, ਇਸੇ ਤਰ੍ਹਾਂ 'ਧਰਮ' ਵੀ ਸ਼ੁੱਧਾਤਮਕ-ਮੰਡਲ ਵਿਚ ਜੀਂਦਾ ਥੀਂਦਾ ਹੈ, ਬਨਾਵਟ, ਭਰਮ, ਪਾਖੰਡ, ਕਪਟ, ਧੋਖਾ-ਫਰੇਬ ਤੇ ਹਉਮੈਂ ਦੇ ਅਸ਼ੁੱਧਾਤਮਕ-ਮੰਡਲ ਵਿਚ 'ਧਰਮ' ਨਹੀਂ ਹੁੰਦਾ। 'ਧਰਮ' ਤਾਂ ਜੀਵਨ ਦੀ 'ਸ਼ੁੱਧ-ਜੁਗਤਿ' ਦਾ ਹੀ ਨਾਮ ਹੈ। 'ਸ਼ੁੱਧ-ਜੀਵਨ ਜੁਗਤਿ' ਹੀ ਵਿਸ਼ਵ ਦੀ ਸਰਬ-ਸ੍ਰੇਸ਼ਟ ਜੀਵਨ-ਜੁਗਤਿ ਮੰਨੀ ਗਈ ਹੈ, ਇਸੇ ਜੀਵਨ-ਜੁਗਤੀ ਦੇ ਜਿਹੜੇ 'ਨਿਰਮਲ ਕਰਮ' ਹਨ, ਉਹਨਾਂ ਨੂੰ ਹੀ 'ਧਰਮ' ਸਵੀਕਾਰ ਕੀਤਾ ਜਾਂਦਾ ਹੈ। 'ਧਰਮ' ਨਿਰਮਲ-ਕਰਮਾਂ' ਦਾ ਹੀ ਨਾਮ ਹੈ। 'ਨਿਰਮਲ-ਪੰਥ' ਤੇ ਟੁਰਨ ਵਾਲੇ ਹੀ 'ਸੁਹਿਰਦ ਧਰਮੀ' ਹੋ ਸਕਦੇ ਹਨ। 'ਸੁਹਿਰਦ-ਧਰਮੀਆਂ' ਦਾ ਮਨ, ਬਚਨ ਤੇ ਕਰਮ ਦਾ ਖੇਤਰ ਇਕ ਰਸ ਹੁੰਦਾ ਹੈ, ਉਹਨਾਂ ਦੀ ਜ਼ਿੰਦਗੀ ਅੰਦਰੋਂ-ਬਾਹਰੋਂ ਇਕਸਾਰ ਹੁੰਦੀ ਹੈ, ਉਹਨਾਂ ਦੀ ਜ਼ਿੰਦਗੀ ਆਪਣੇ ਆਪ ਵਿਚ ਇਕ ਸੁਰ ਹੋਈ ਹੁੰਦੀ ਹੈ। 'ਧਰਮ' ਇਕ ਰਸ, ਇਕ ਸਾਰ ਤੇ ਇਕ ਸੁਰ-ਜੀਉਣ ਦਾ ਹੀ ਨਾਮ ਹੈ। 'ਇਕ ਸੁਰ-ਜੀਵਨ' ਦਾ ਭਾਵ ਹੈ, 'ਅਦ੍ਵੈਤ ਜੀਵਨ', ਜਿਸ ਜੀਵਨ ਵਿਚ 'ਦ੍ਵੈਤ' ਨ ਹੋਵੇ, ਜਿਹੜਾ ਜੀਵਨ ਦ੍ਵੈਤ ਨੂੰ ਸਵੀਕਾਰ ਨਾ ਕਰੇ। ਧਰਮ 'ਅਦੈਤ-ਜੀਵਨ' ਜੀਉਣ ਦਾ ਨਾਮ ਵੀ ਹੈ। 'ਅਦ੍ਵੈਤ-ਜੀਵਨ' ਸ੍ਰਿਸ਼ਟੀ ਆਕਾਰ ਵਿਚ ਕੇਵਲ 'ਇਕ' ਹੈ। ਗੁਰੂ ਨਾਨਕ ਦੇਵ ਜੀ ਦੇ 'ਮੂਲ ਮੰਤਰ' ਵਿਚ ਸੰਕਲਪ ਕੀਤਾ ਜੀਵਨ ਹੀ ਅਸਲ 'ਅਦ੍ਵੈਤ-ਜੀਵਨ' ਹੈ। ਇਹੀ ਜੀਵਨ-ਸੰਕਲਪ ਸਰਬ-ਸ੍ਰੇਸ਼ਟ ਤੇ 'ਪਰਮਾਤਮਾਂ ਦਾ ਹੈ। ਜਿਹੜੇ ਇਸ ਸਰਬ-ਸ੍ਰੇਸ਼ਟ ਤੇ ਪਰਮਾਤਮਕ-ਜੀਵਨ ਨੂੰ ਆਪਣਾ ਜੀਵਨ ਸੰਕਲਪ ਬਣਾ ਲੈਂਦੇ ਹਨ, ਜਾਂ ਜਿਹੜੇ ਅਦ੍ਵੈਤ-ਜੀਵਨ ਤੇ ਆਪਣੇ ਆਪ ਨੂੰ ਪੂਰਨ ਰੂਪ ਵਿਚ ਢਾਲ ਲੈਂਦੇ ਹਨ, ਉਹ ਅਸਲ ਵਿਚ 'ਇਕ' ਹੰਦੇ ਹਨ, ਉਹ ਇਕ ਰਸ, ਇਕ ਸੁਰ ਜ਼ਿੰਦਗੀ ਜੀਉਂਦੇ ਹਨ। ਉਹਨਾਂ ਵਾਸਤੇ ਦ੍ਵੈਤ-ਤਰੇੜਾਂ ਜਾਂ ਦ੍ਰਿਸ਼ਟੀ-ਵਿਤਕਰੇ ਕੁਝ ਅਰਥ ਨਹੀਂ ਰਖਦੇ। ਉਹਨਾਂ ਨੂੰ 'ਸ੍ਰਿਸ਼ਟੀ-ਆਕਾਰ' ਕਿਸੇ ਇਕ ਕਰਤੇ ਦਾ ਹੀ ਪਾਸਾਰਾ ਮਹਿਸੂਸ ਹੁੰਦਾ ਹੈ, ਉਹਨਾਂ ਨੂੰ ਸਰਬ-ਪਾਸੇ 'ਇਕ-ਪਰਮਾਤਮਾ' ਹੀ ਰਮਿਆ ਹੋਇਆ ਨਜ਼ਰ ਆਉਂਦਾ ਹੈ, ਉਹਨਾਂ ਨੂੰ ਪਰਮਾਤਮਾ ਤੇ ਸ੍ਰਿਸ਼ਟੀ ਵਿਚ ਇਕ ਆਤਮਕ-ਸਾਂਝ ਪਈ ਹੋਈ ਦਿਸਦੀ ਹੈ। 'ਧਰਮ' ਉਸੇ ਆਤਮਕ-ਸਾਂਝ ਦਾ ਹੀ ਨਾਮ ਹੈ, ਜਿਹੜੀ ਪਰਮਾਤਮਾ ਤੇ ਸ੍ਰਿਸ਼ਟੀ ਵਿਚ ਪਈ ਹੋਈ ਹੈ, ਜਿਸ ਆਤਮਕ-ਸਾਂਝ ਦਾ ਹੀ ਪਸਾਰਾ ਸਾਰਾ ਸ੍ਰਿਸ਼ਟੀ-ਆਕਾਰ ਮੰਨਿਆਂ ਜਾਂਦਾ ਹੈ। 'ਸ੍ਰਿਸ਼ਟੀ-ਆਕਾਰ' ਵਿਚ ਸਤਿ ਤੇ ਅਸਤਿ ਪੁੰਨ ਤੇ ਪਾਪ, ਸੁਖ ਤੇ ਦੁਖ, ਸੁਰ ਤੇ ਅਸੁਰ, ਨੇਕੀ ਤੇ ਬਦੀ, ਧਰਮ ਤੇ ਅਧਰਮ, ਰੂਪ ਤੇ ਕਰੂਪ, ਸੰਜੋਗ ਤੇ ਵਿਜੋਗ.....ਗਲ ਕੀ, ਸ੍ਰਿਸ਼ਟੀ ਦੀ ਕਾਰ, ਮੂਲ ਰੂਪ ਵਿਚ ਦੋ ਤੱਤ੍ਵ ਉੱਤੇ ਆਧਾਰਤ

Digitized by Panjab Digital Library | www.panjabdigilib.org

ਹੈ। ਜਿਨ੍ਹਾਂ (ਦੋ ਤੱਤ੍ਵ) ਨੂੰ ਭਾਰਤੀ ਦਰਸ਼ਨ ਵਿਚ 'ਬ੍ਰਹਮ' ਤੇ 'ਸੰਸਾਰ' ਵੀ ਆਖਿਆ ਜਾਂਦਾ ਹੈ। 'ਬ੍ਰਹਮ' ਹੀ ਸੰਸਾਰ ਦਾ ਜਨਮ ਕਾਰਨ ਹੈ, ਬ੍ਰਹਮ ਹੀ ਸੰਸਾਰ ਦੀ ਸੰਜੋਗ ਤੇ ਵਿਜੋਗ ਦੀ ਕਾਰ ਦਾ ਵਿਧਾਨ ਬਣਾਂਦਾ ਹੈ। ਸ੍ਰਿਸ਼ਟੀ-ਵਿਧਾਨ ਵਿਚ ਕੁਝ ਕਰਤੱਵ ਰੂਪਵੰਤ ਹਨ, ਤੇ ਕੁਝ ਕਰੂਪ ਹਨ। 'ਰੂਪ ਤੇ ਕਰੂਪ' ਦੋਹਾਂ ਕਰਤੱਵਾਂ ਨੂੰ ਇਕਸਾਰ ਮੰਨਣਾ, ਇਕਸੁਰ ਹੋ ਕੇ ਜੀਉਣਾ, ਇਹ ਬ੍ਰਹਮ ਦੀ ਖੇਡ ਮੰਨੀ ਜਾਂਦੀ ਹੈ। 'ਬ੍ਰਹਮ' ਦੀ ਖੇਡ ਵਿਚ ਖੇਡਦੇ ਜਾਣਾ, ਹਾਰ-ਜਿੱਤ ਨੂੰ ਬ੍ਰਹਮ-ਹੁਕਮ ਮੰਨ ਕੇ ਹੀ ਸ੍ਰਿਸ਼ਟੀ-ਆਕਾਰ ਵਿਚ ਵਿਚਰਦੇ ਜਾਣਾ, ਦੁਖ ਤੇ ਸੁਖ ਨੂੰ ਹੱਸ ਕੇ ਟਾਲ ਜਾਣਾ, ਗ਼ਮ ਤੇ ਖੁਸ਼ੀ ਨੂੰ ਇਕ ਸਮਾਨ ਮੰਨ ਲੈਣਾ, ਸਦਾ 'ਪ੍ਰਭੂ-ਹੁਕਮ' ਵਿਚ ਰਹਿਣਾ, 'ਸੱਚ' ਨੂੰ ਦ੍ਰਿੜ੍ਹ ਕਰਦੇ ਜਾਣਾ, ਪਾਪ ਨੂੰ ਤਿਆਗਦੇ ਜਾਣਾ, ਸਦਾ ਜਿੱਤ ਦਾ ਵਿਸ਼ਵਾਸ ਰਖਣਾ.....'ਧਰਮ' ਮੂਲ ਰੂਪ ਵਿਚ ਇਸੇ ਜੀਵਨ-ਜੁਗਤਿ ਦਾ, ਪ੍ਰਭੂ-ਵਿਧਾਨ ਨਾਲ ਇਕ ਸੁਰ ਹੋਈ ਜੀਵਨ-ਜੁਗਤਿ ਦਾ ਹੀ ਨਾਮ ਹੈ। 'ਧਰਮ' ਤਾਂ ਇਸ ਸ੍ਰਿਸ਼ਟਿ-ਵਿਧਾਨ ਦੀ ਸਮਝ ਦਿਵਾਂਦਾ ਹੈ, ਇਸ ਸ੍ਰਿਸ਼ਟੀ-ਆਕਾਰ ਪਿਛੇ ਕੰਮ ਕਰ ਰਹੀ ਜਿਹੜੀ ਸਤਿ-ਸ਼ਕਤੀ ਹੈ, ਉਸ ਦਾ ਗਿਆਨ ਪ੍ਰਦਾਨ ਕਰਦਾ ਹੈ, ਸਤਿ-ਸ਼ਕਤੀ ਉਤੇ ਆਪਣੇ ਆਪ ਨੂੰ ਚੜ੍ਹਾਣ ਵਾਸਤੇ ਯੋਗ ਬਣਾਉਂਦਾ ਹੈ, ਪ੍ਰਭੂ-ਦਰ ਪਾਸੋਂ ਬਖਸ਼ਿਸ਼ ਵੀ ਦਿਵਾ ਕੇ, 'ਸੱਚ-ਖੰਡ' ਵਿਚ ਪਹੁੰਚਾਂਦਾ ਹੈ। 'ਸੱਚ-ਖੰਡ' ਜੈਕਾਰ ਦਾ ਹੀ ਮੰਡਲ ਹੈ। 'ਸੱਚ-ਖੰਡ' ਵਿਚ ਵੱਸਣ ਵਾਲਿਆਂ ਦੀ ਸਦਾ ਜੈ ਹੁੰਦੀ ਹੈ। ਜਦੋਂ 'ਖਾਲਸਾ-ਪੰਥ' ਧਰਮ ਦਾ 'ਜੈਕਾਰ' ਦਾ ਭਾਵ ਪ੍ਰਗਟਾਂਦਾ ਹੈ, ਤਾਂ ਉਹ ਆਪਣੇ ਆਪ ਵਿਚ 'ਸੱਚ-ਖੰਡ' ਦੀ ਜੀਵਨ-ਜਾਚ ਨੂੰ ਵੀ ਪ੍ਰਾਪਤ ਕਰਨ ਦੀ ਮੰਗ ਮੰਗਦਾ ਹੈ।

'ਸੱਚ-ਖੰਡ' ਦਾ ਭਾਵ ਕੋਈ ਪਾਤਾਲ ਜਾਂ ਆਗਾਸ ਦਾ ਭਾਗ ਨਹੀਂ। 'ਸੱਚ-ਖੰਡ' ਤਾਂ ਜੀਵਨ ਦੀ ਇਕ ਅਵੱਸਥਾ ਦਾ ਨਾਮ ਹੈ। ਇਸ ਅਵੱਸਥਾ ਵਿਚ 'ਜੀਵਨ' ਨਿਰੋਲ ਸਾਂਤਧਾਰੀ ਹੁੰਦਾ ਹੈ, ਆਤਮਕ, ਸਮਾਜਕ, ਰਾਜਨੀਤਕ ਤੇ ਬੌਧਿਕ-ਪੱਧਰ ਤੇ ਉਹ ਸੱਚ ਨੂੰ ਪ੍ਰਧਾਨ ਮੰਨਦਾ ਹੈ। ਸੱਚ ਨੂੰ ਹੀ ਸਰਬ-ਸ੍ਰੇਸ਼ਟ ਕਹਿੰਦਾ ਹੈ। ਇਸ ਅਵੱਸਥਾ ਵਿਚ ਅਸ਼ਾਂਤਿ-ਭਰਪੂਰ ਵਿਕਾਰ 'ਜੀਵਨ' ਦਾ ਹਿੱਸਾ ਨਹੀਂ ਹੁੰਦੇ। 'ਸੱਚ-ਖੰਡ' ਦਾ ਜੀਵਨ ਤਾਂ ਸੁਹਿਰਦ, ਸਤਿਧਾਰੀ ਤੇ ਪਰਉਪਕਾਰੀ ਹੁੰਦਾ ਹੈ। ਉਹ ਮਨੁੱਖਤਾ ਨੂੰ ਵੀ ਸੁਹਿਰਦ, ਸਤਿਧਾਰੀ ਤੇ ਪਰਉਪਕਾਰੀ ਬਣਾਉਣ ਦਾ ਇੱਛਾਵਾਨ ਹੁੰਦਾ ਹੈ, ਉਹ ਆਪਾ ਗੁਆ ਕੇ ਵੀ, ਦੂਸਰੇ ਦੀ ਸੁਰੱਖਿਆ ਕਰਨਾ ਚਾਹੁੰਦਾ ਹੈ। 'ਸੱਚ-ਖੰਡ' ਦੀ ਅਵੱਸਥਾ ਵਿਚ ਵਸਦੇ ਮਨੁਖ ਦਾ ਤਾਂ ਸਭ ਕੁਝ ਦੂਸਰਿਆਂ ਵਾਸਤੇ ਹੁੰਦਾ ਹੈ। ਉਹ ਕਾਮ, ਕ੍ਰੋਧ, ਲੋਭ,ਮੋਹ ਤੇ ਹੰਕਾਰ ਦੀਆਂ ਖਾਹਿਸ਼ਾਂ ਤੋਂ ਬਿਲਕੁਲ ਮੁਕਤ ਹੁੰਦਾ ਹੈ। ਉਹ ਦੁਨਿਆਵੀ-ਪੱਧਰ ਦੀਆਂ ਸਾਰੀਆਂ ਖਾਹਿਸ਼ਾਂ ਤੋਂ ਸੁਤੰਤਰ ਹੁੰਦਾ ਹੈ। 'ਸੱਚ-ਖੰਡ' ਦੀ ਜ਼ਿੰਦਗੀ ਤਾਂ ਹੁੰਦੀ ਹੀ ਸੁਤੰਤਰ ਜ਼ਿੰਦਗੀ ਹੈ। ਚੂੰਕਿ 'ਸੱਚ' ਕਿਸੇ ਦਾ ਗੁਲਾਮ ਨਹੀਂ, ਅਤੇ ਨਾ ਹੀ ਕਿਸੇ ਨੂੰ ਗੁਲਾਮ ਬਣਾ ਕੇ ਰੱਖਣ ਦਾ ਆਦੀ ਹੈ। ਇਸ ਲਈ ਸਤਿਧਾਰੀ ਜੀਵਨ ਵੀ ਨਾ ਤਾਂ ਗੁਲਾਮ ਰਹਿ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਨੂੰ ਗੁਲਾਮ ਬਣਾ ਸਕਦਾ ਹੈ। 'ਸੱਚ-ਖੰਡ' ਦੀ ਜੀਵਨ-ਜਾਚ ਵਿਚ ਗੁਲਾਮੀ ਦਾ ਤਾਂ ਬਿਲਕੁਲ ਹੀ ਅਭਾਵ ਹੁੰਦਾ ਹੈ। ਇਸੇ ਲਈ ਸੱਚੀ ਤੇ ਸੁੱਚੀ ਧਾਰਮਿਕ-ਜ਼ਿੰਦਗੀ ਹਰ ਸੀਮਾ ਵਿਚ ਰਹਿੰਦੀ ਹੋਈ ਵੀ ਸੁਤੰਤਰ ਜ਼ਿੰਦਗੀ ਜੀਉਣ ਦੀ ਹਾਮੀ ਹੈ। ਉਹ ਨਾ ਗੁਲਾਮ ਬਣ ਸਕਦੀ ਹੈ ਅਤੇ ਨਾ ਹੀ ਕਿਸੇ ਨੂੰ ਗੁਲਾਮ ਬਣਾਉਣ ਦੀ ਇੱਛਾਵਾਨ

Digitized by Panjab Digital Library | www.panjabdigilib.org

ਹੁੰਦੀ ਹੈ। 'ਧਰਮ' ਪੂਰਨ ਤੌਰ ਤੇ ਆਜ਼ਾਦ ਜੀਵਨ ਜੀਊਣ ਦਾ ਹੀ ਨਾਮ ਹੈ। 'ਧਰਮ' ਪੂਰਨ ਤੇ ਸੰਤੁਲਣ ਜ਼ਿੰਦਗੀ ਦਾ ਨਾਮ ਵੀ ਹੈ। 'ਧਰਮ' ਬਿਨਾਂ ਜੀਵਨ ਅਧੂਰਾ ਹੈ। 'ਜੀਵਨ' ਨੂੰ ਸੰਤੁਲਣ ਰੱਖਣ ਲਈ 'ਧਰਮ' ਦੀ ਅਤਿ ਲੋੜ ਹੈ। 'ਧਰਮ' ਤਾਂ ਮਨੁਖ ਦੀਆਂ ਉਲਾਰ-ਬਿਰਤੀਆਂ ਨੂੰ ਸਮਤੋਲ ਪ੍ਰਦਾਨ ਕਰਦਾ ਹੈ, ਉਦਾਸ ਤੇ ਗੱਮ-ਭਰੀਆਂ ਬਿਰਤੀਆਂ ਨੂੰ ਸਬਰ ਤੇ ਸੰਤੋਖ ਬਖਸ਼ਦਾ ਹੈ। 'ਧਰਮ' ਦੇ ਪ੍ਰਮੁਖ ਗੁਣਾਂ ਵਿਚੋਂ ਸਬਰ ਤੇ ਸੰਤੋਖ ਵੀ ਦੋ ਮਹੱਤਵ ਪੂਰਨ ਗੁਣ ਹਨ। 'ਧਰਮ' ਮਨੁਖ ਨੂੰ ਸੰਜਮ ਸਿਖਾਂਦਾ ਹੈ, ਮਨੁੱਖ ਨੂੰ ਦੈਵੀ-ਆਚਰਣ ਲਈ ਉਕਸਾਂਦਾ ਹੈ। 'ਦੈਵੀ-ਆਚਰਣ' ਦੀ ਪ੍ਰਾਪਤੀ ਪਿਛੋਂ ਹੀ ਕੋਈ ਮਨੁੱਖ ਪੂਰਨ ਤੌਰ ਤੇ 'ਧਰਮੀ' ਬਣ ਸਕਦਾ ਹੈ। 'ਦੈਵੀ-ਆਚਰਣ' ਵਾਲਾ ਮਨੁੱਖ ਸੰਤੋਖੀ ਹੁੰਦਾ ਹੈ, ਉਸ ਨੂੰ ਕਿਸੇ ਭਾਂਤ ਦੀ ਭੁੱਖ ਜਾਂ ਤ੍ਰਿਸ਼ਨਾ ਨਹੀਂ ਹੁੰਦੀ। ਉਹ ਤਾਂ ਰੱਜਿਆ ਹੋਇਆ ਮਨੁੱਖ ਹੁੰਦ· ਹੈ। ਮਨੁੱਖੀ ਜਾਂ ਸਰਕਾਰੀ-ਡਰ ਕਿਸੇ ਭੁੱਖ, ਲਾਲਚ, ਜਾਂ ਤ੍ਰਿਸ਼ਨਾ ਕਰ ਕੇ ਹੀ ਹੁੰਦਾ ਹੈ। ਜਿਹੜਾ 'ਮਨੁਖ' ਭਖ, ਲਾਲਚ ਤੇ ਤ੍ਰਿਸ਼ਨਾ ਤੋਂ ਰਹਿਤ ਹੈ, ਉਹ ਨਿਡਰ ਹੈ, ਨਿਰਵੈਰ ਵੀ ਹੈ। ਵੈਰ-ਹੀਣ ਜ਼ਿੰਦਗੀ ਹੀ ਅਸਲ ਵਿਚ 'ਧਰਮੀ-ਜ਼ਿੰਦਗੀ' ਹੁੰਦੀ ਹੈ, ਧਰਮੀ ਜ਼ਿੰਦਗੀ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ ਅਤੇ ਨਾ ਹੀ ਜਾਤੀ ਪੱਧਰ ਤੇ ਉਸ ਦੀ ਕਿਸੇ ਨਾਲ ਵਿਸ਼ੇਸ਼ ਮਿੱਤ੍ਰਤਾ ਹੁੰਦੀ ਹੈ। ਜਦੋਂ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :—

ਨਾ ਕੋ ਮੇਰਾ ਦੁਸਮਨੁ ਰਹਿਆ, ਨ ਹਮ ਕਿਸ ਕੇ ਬੈਰਾਈ।
ਬ੍ਰਹਮੁ ਪਸਾਰੁ ਪਸਾਰਿਉ ਭੀਤਰਿ, ਸਤਿਗੁਰ ਤੇ ਸੋਝੀ ਪਾਈ।
ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ।
ਦੂਰ ਪਰਾਇਉ ਮਨ ਕਾ ਬਿਰਹਾ, ਤਾਂ ਮੇਲ ਕੀਓ ਮੇਰੈ ਰਾਜਨ।
(ਧਨਾਸਰੀ ਮ: ੫)

ਤਾਂ ਉਹ ਆਪਣੀ ਸੁਹਿਰਦ ਧਾਰਮਿਕ-ਬਿਰਤੀ ਦਾ ਪ੍ਰਗਟਾਵਾ ਕਰ ਰਹੇ ਹਨ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਦੇ ਹਾਜੀ-ਮੁਸਲਮਾਣਾਂ ਵਲੋਂ ਇਹ ਪ੍ਰਸ਼ਨ ਕੀਤਾ ਜਾਂਦਾ ਹੈ, ਕਿ ਤੁਹਾਨੂੰ ਹਿੰਦੂ ਚੰਗਾ ਲਗਦਾ ਹੈ, ਜਾਂ ਮੁਸਲਮਾਣ, ਤਾਂ ਉਹਨਾਂ ਦਾ ਦਿੱਤਾ ਹੋਇਆ ਉੱਤਰ, 'ਸ਼ੁੱਭ ਅਮਲਾ ਬਾਝੋਂ ਦੋਵੇਂ ਰੋਈ' ਉਹਨਾਂ ਦੀ ਧਾਰਮਿਕ ਤੇ 'ਸੱਚ-ਖੰਡ' ਵਿਚ ਵਸਦੀ ਆਤਮਾਂ ਦਾ ਹੀ ਪ੍ਰਗਟਾ-ਸੰਕੇਤ ਹੈ। 'ਧਰਮੀ-ਜੀਵਨ' ਸਰਬ ਸਾਂਝਾ ਜੀਵਨ ਹੁੰਦਾ ਹੈ, 'ਜਾਤੀ' ਪੱਧਰ ਤੇ ਵੀ ਉਹ 'ਜਮਾਤੀ' ਜੀਵਨ ਹੀ ਜੀਊ ਰਿਹਾ ਹੁੰਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੀ ਗੁਰੂ-ਜਾਤਿ-ਸ਼ਖਸੀਅਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਵਿਲੀਨ ਕਰ ਦਿੰਦੇ ਹਨ, ਤੇ ਜਮਾਤੀ-ਜ਼ਿੰਦਗੀ ਨੂੰ 'ਖਾਲਸਾ-ਪੰਥ' ਵਿਚ ਮੂਰਤੀਮਾਨ ਕਰ ਦਿੰਦੇ ਹਨ, ਤਾਂ ਇਹ ਉਹਨਾਂ ਦੀ ਧਰਮੀ-ਜ਼ਿੰਦਗੀ ਦਾ ਹੀ ਪ੍ਰਗਟਾ-ਚਮਤਕਾਰ ਹੈ। 'ਧਾਰਮਿਕ-ਜ਼ਿੰਦਗੀ ਤਾਂ ਪਰ-ਹਿੱਤਾਂ ਦੀ ਖਾਤਰ ਨਿਜ-ਹਿੱਤਾਂ ਨੂੰ ਤਿਆਗ ਦਿੰਦੀ ਹੈ। ਸਹੀ ਅਰਥਾਂ ਵਿਚ 'ਧਰਮ' ਹੈ ਹੀ ਉਹ, ਜਿਹੜਾ ਪਰ-ਹਿੱਤਾਂ ਵਿਚ ਵਿਸ਼ਵਾਸ ਨਾ ਰਖਦਾ ਹੋਇਆ ਵੀ, ਉਹਨਾਂ ਦੀ ਸੁਰਖਿਆ ਵਾਸਤੇ ਆਪਣੇ ਆਪ ਦਾ ਬਲੀਦਾਨ ਤਕ ਕਰ ਦੇਵੇ। ਗੁਰੂ ਤੇਗ ਬਹਾਦਰ ਜੀ ਦੀ 'ਸ਼ਹਾਦਤ' ਭਾਵੇਂ ਤਿਲਕ ਅਤੇ ਜੰਞੂ ਵਾਸਤੇ ਹੋਈ ਸੀ, ਪਰ ਇਹ 'ਸ਼ਹਾਦਤ' ਧਰਮ ਦੀ 'ਸ਼ਹਾਦਤ' ਹੀ ਸੀ, ਧਰਮ ਦੀ ਸੁਰਖਿਆ ਵਾਸਤੇ ਹੋਈ ਸ਼ਹਾਦਤ ਹੀ ਸੀ। 'ਤਿਲਕ ਅਤੇ ਜੰਞੂ' ਹਿੰਦੂ ਧਰਮ ਦੀ

Digitized by Panjab Digital Library | www.panjabdigilib.org

ਰਹਿਣੀ ਦੇ ਬਾਹਰਮੁਖੀ ਸੰਕੇਤ ਸਨ। ਇਹਨਾਂ ਬਿਨਾਂ ਹਿੰਦੂ 'ਧਰਮੀ-ਹਿੰਦੂ' ਨਹੀਂ ਸੀ ਬਣ ਸਕਦਾ। ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਤੇ ਜੰਞੂ ਵਾਲੇ ਧਰਮ ਵਿਚ ਭਾਵੇਂ ਬਿਲਕੁਲ ਹੀ ਵਿਸ਼ਵਾਸ ਨਹੀਂ ਸੀ, ਪਰ ਉਹਨਾਂ ਨੇ ਪਰ-ਹਿੱਤਾਂ ਦੀ ਸੁਰਖਿਆ ਵਾਸਤੇ ਆਪਣੀ ਸ਼ਹਾਦਤ ਦਿੱਤੀ। ਇਸੇ ਕਰ ਕੇ, ਉਹਨਾਂ ਨੂੰ 'ਧਰਮ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ 'ਧਰਮ ਦੀ ਚਾਦਰ' ਹਨ। ਉਹਨਾਂ ਨੇ ਪਰ-ਹਿੱਤਾਂ ਦੀ ਸੁਰਖਿਆ ਵਾਸਤੇ ਆਪਣੀ ਸਰੀਰ-ਚਾਦਰ ਨੂੰ ਨਿਛਾਵਰ ਤੇ ਕੁਰਬਾਨ ਕਰ ਕੇ, ਆਪਣੇ ਸੁਹਿਰਦ-ਧਾਰੀ ਪੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਦੀ 'ਸ਼ਹਾਦਤ', ਉਹਨਾਂ ਦੇ 'ਧਰਮੀ' ਹੋਣ ਦਾ ਵੱਡ-ਪ੍ਰਮਾਣ ਹੈ। ਗੁਰੂ ਗੋਬਿੰਦ ਸਿੰਘ ਜੀ ਇਸੇ ਵਾਸਤੇ ਕਹਿੰਦੇ ਹਨ, ਕਿ ਭਾਵੇਂ ਕਲਿਜੁਗ ਵਿਚ ਹੋਏ ਇਸ ਮਹਾਨ ਸਾਕੇ ਨਾਲ, ਜਗਤ ਵਿਚ ਸੋਗ ਦੀ ਫੂੜੀ ਪੈ ਗਈ, ਸਾਰਾ ਜਗ ਹੈ ਹੈ ਕਰ ਉਠਿਆ, ਪਰ ਚੂੰਕਿ ਇਹ ਸ਼ਹਾਦਤ 'ਧਰਮ ਦੀ ਸ਼ਹਾਦਤ' ਸੀ, ਇਸ ਲਈ ਸੁਰਲੋਕ ਵਿਚ ਧਰਮ-ਨਮਿੱਤ ਹੋਈ ਇਸ ਸ਼ਹਾਦਤ ਦੀ 'ਜੈਕਾਰ' ਵੀ ਹੋਈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਹੇਠ ਲਿਖੀਆਂ ਵਾਕ-ਸਤਰਾਂ :—

ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸੋਗ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰਲੋਕ।
(ਬਚਿੱਤ੍ਰ ਨਾਟਕ)

ਇਸ ਮਤ ਦੀ ਪੁੱਹੜਤਾ ਕਰਦੀਆਂ ਹਨ, ਕਿ 'ਧਰਮ' ਦੀ ਹਮੇਸ਼ਾਂ ਜੈਕਾਰ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੂਰਨ ਨਿਸਚਾ ਹੈ, ਕਿ ਧਰਮ-ਨਮਿੱਤ ਕੀਤੇ ਕਰਤੱਵਾਂ ਕਰਕੇ ਹੀ ਕੋਈ ਮਨੁਖ ਲੋਕ ਤੇ ਪ੍ਰਲੋਕ ਵਿਚ ਜੈਕਾਰ ਪ੍ਰਾਪਤ ਕਰ ਸਕਦਾ ਹੈ। ਸਿਖ ਧਰਮ ਦੇ 'ਸ਼ਹੀਦ' ਹੀ ਕੋਈ ਮਨੁਖ ਲੋਕ ਤੇ ਪ੍ਰਲੋਕ ਵਿਚ ਜੈਕਾਰ ਪ੍ਰਾਪਤ ਕਰ ਸਕਦਾ ਹੈ। ਸਿਖ ਧਰਮ ਦੇ 'ਸ਼ਹੀਦ' ਸਦੀਵੀ-ਜੈਕਾਰ ਦੀ ਸਾਖੀ ਹਨ, ਉਹ ਸਦੀਵੀ ਤੌਰ ਤੇ ਜੇਤੂ ਯੋਧੇ ਹਨ। ਕਿਉਂਕਿ ਉਹਨਾਂ ਨੇ ਧਰਮ ਨਮਿੱਤ ਸ਼ਹਾਦਤਾਂ ਦਿਤੀਆਂ ਹਨ, ਉਹ 'ਧਰਮ' ਦੀ ਸਥਿੱਰਤਾ ਵਾਸਤੇ ਸ਼ਹੀਦ ਹੋਏ ਹਨ। ਸਿੱਖ ਸ਼ਹੀਦਾਂ ਦਾ ਇਤਿਹਾਸ ਸਿਖ ਧਰਮ ਦੇ ਸਦਾ ਜੇਤੂ ਹੋਣ ਦਾ ਪ੍ਰਮਾਣ ਹੈ। ਜਿੰਨਾ ਚਿਰ ਸਿੱਖ ਧਰਮ ਵਿਚ ਧਰਮ-ਨਮਿੱਤ ਸ਼ਹੀਦ ਹੋਣ ਵਾਲੀਆਂ ਸੁਹਿਰਦ ਸ਼ਖਸੀਅਤਾਂ ਹਨ, ਨਿਰਮਲ-ਰਹਿਣੀ ਨੂੰ ਰੱਖਣ ਵਾਲੀਆਂ ਸ਼ਖਸੀਅਤਾਂ ਹਨ, ਇਹ ਵਿਸ਼ਵਾਸ ਧਾਰਨ ਕਰ ਲੈਣਾ ਚਾਹੀਦਾ ਹੈ, ਕਿ ਉੱਨਾਂ ਚਿਰ ਸਿੱਖ ਧਰਮ ਦੀ ਸਦਾ 'ਜੈਕਾਰ' ਹੋਵੇਗੀ, ਸਿੱਖ ਧਰਮ ਦੀ 'ਜੈਕਾਰ' ਵਿਸ਼ਵ-ਆਕਾਰ ਵਿਚ ਫੈਲੇਗੀ।

'ਸਿੱਖ ਧਰਮ' ਵਿਸ਼ਵ-ਆਕਾਰ ਵਿਚ ਇਕੋ ਇਕ ਅਜਿਹਾ ਧਰਮ ਹੈ, ਜਿਸ ਨੂੰ ਸਹੀ ਅਰਥਾਂ ਵਿਚ 'ਧਰਮ' ਵੀ ਆਖਿਆ ਜਾ ਸਕਦਾ ਹੈ, ਜਿਸ ਨੂੰ ਸਾਰੇ ਵਿਸ਼ਵ ਦਾ 'ਸਾਂਝਾ-ਧਰਮ' ਵੀ ਸਵੀਕਾਰ ਕੀਤਾ ਜਾ ਸਕਦਾ ਹੈ। ਸਿੱਖ ਧਰਮ ਕਿਸੇ ਇਕ ਜਾਤੀ ਦਾ ਧਰਮ ਨਹੀਂ, ਕਿਸੇ ਸ਼ਿੱਸ਼-ਸੰਪਰਦਾ ਦਾ ਧਰਮ ਨਹੀਂ ਜਾਂ ਕਿਸੇ ਸੰਸਥਾ ਦਾ ਧਰਮ ਨਹੀਂ! 'ਸਿੱਖ ਧਰਮ' ਤਾਂ ਉਹਨਾਂ ਦਾ ਧਰਮ ਹੈ, ਜਿਹੜੇ ਪ੍ਰਭੂ-ਪੰਥ ਤੇ ਟੁਰ ਕੇ ਧਰਮ ਦੀ ਜੈਕਾਰ-ਜ਼ਿੰਦਗੀ ਨੂੰ ਪ੍ਰਾਪਤ ਕਰਨ ਲਈ ਤੱਤਪਰ ਹਨ। 'ਧਰਮ' ਤਾਂ ਜੈਕਾਰ-ਜੀਵਨ ਦੀ ਨਿਰਜਨਾ ਕਰਦਾ ਹੈ। ਸਿਖ ਧਰਮ ਤਾਂ ਜੈਕਾਰ-ਜੀਵਨ ਜੀਊਣ ਵਾਲਿਆਂ ਦਾ ਹੀ ਧਰਮ ਹੈ। 'ਜੈਕਾਰ-ਜੀਵਨ' ਦਾ ਆਧਾਰ 'ਸਤਿ' ਹੈ, ਸਿਖ ਧਰਮ ਪੂਰਨ ਤੌਰ ਤੇ ਸਤਿਵਾਦੀਆਂ ਦਾ ਧਰਮ ਹੈ। 'ਸਿਖ ਧਰਮ' ਦੇ 'ਧਰਮ-ਗ੍ਰੰਥ' ਸਤਿ ਪਾਸਾਰ ਦਾ ਹੀ ਪੂਰਨ ਤੇ ਕਾਵਿ ਪ੍ਰਗਟਾਵਾ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਾਂ ਮੂਲ ਪ੍ਰਸ਼ਨ

Digitized by Panjab Digital Library | www.panjabdigilib.org

ਹੀ ਸਤਿ ਜੀਵਨ ਦੀ ਸਿਰਜਨਾ ਕਿਵੇਂ ਕਰਨੀ ਹੈ, ਨੀਯਤ ਕੀਤਾ ਗਿਆ ਹੈ । ਇਸੇ ਪ੍ਰਸ਼ਨ ਦਾ ਹੀ ਕਾਵਿਕ ਪ੍ਰਗਟਾਵਾ ਸਮੁੱਚਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ । 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚੋਂ ਹੀ ਸਿਖ ਧਰਮ ਦਾ ਆਤਮਕ ਤੇ ਰਾਜਨੀਤਕ ਚੱਤਰ ਉਘੜਦਾ ਹੈ । 'ਸਿੱਖ ਧਰਮ' ਆਤਮਕ, ਸਮਾਜਕ ਤੇ ਰਾਜਨੀਤਕ ਪੱਧਰ ਤੇ ਨਾ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ ਹੈ । ਹਿੰਦੂ ਅਤੇ ਮੁਸਲਮਾਣ ਵਿਚ ਜਾਤਿ, ਸਭਿਆਚਾਰ, ਸੀਮਾ ਅਤੇ ਸਰੂਪ ਦਾ, ਸਦੀਆਂ ਤੋਂ ਜਿਹੜਾ ਵੰਡ-ਵਿਤਕਰਾ ਸੀ, ਸਿਖ ਧਰਮ ਉਸ ਨੂੰ ਕਿਧਰੇ ਵੀ ਕਬੂਲ ਨਹੀਂ ਕਰਦਾ । ਸਿੱਖ ਧਰਮ ਲਈ 'ਜਾਤਿ' ਉਹ ਚੰਗੀ ਹੈ, ਜਿਹੜੀ ਮਨੁੱਖੀ ਸ਼ਖਸੀਅਤ ਦਾ ਘਾਤ ਕਰਨ ਦੀ ਥਾਂ ਉਸ ਨੂੰ ਪ੍ਰਭਾਵਸ਼ਾਲੀ ਬਣਾਏ । 'ਸਿਖ ਧਰਮ' ਲਈ 'ਸਭਿਆਚਾਰ' ਉਹੀ ਚੰਗਾ ਹੈ, ਜਿਹੜਾ ਮਨੁਖ ਨੂੰ ਸਭਿਅਕ ਬਣਾਏ, ਮਨੁਖ ਦੀ ਮੇਲ ਮਿਲਾਪ ਵਾਲੀ ਭਾਵਨਾ ਨੂੰ ਹੋਰ ਪਕੇਰਾ ਕਰੇ, ਸਿਖ ਧਰਮ ਉਸ ਸਭਿਆਚਾਰ ਦਾ ਤ੍ਰਿਸਕਾਰ ਕਰਦਾ ਹੈ, ਜਿਹੜਾ ਮਨੁਖਤਾ ਵਿਚ ਵੰਡੀਆਂ ਅਤੇ ਵਿਤਕਰਿਆਂ ਦੇ ਭਾਵ ਪੈਦਾ ਕਰਦਾ ਹੈ, ਮਨੁਖਤਾ ਨੂੰ ਅਪਸਾਰੂ ਤੇ ਹਾਰੂ-ਰੁਚੀਆਂ ਵਾਲਾ ਬਣਾਂਦਾ ਹੈ । 'ਸਿੱਖ ਧਰਮ' ਸੀਮਾ ਦਾ ਧਰਮ ਨਹੀਂ, ਅਤੇ ਨਾ ਹੀ ਸੀਮਾ ਦੀ ਖਾਤਰ ਇਹ ਧਰਮ ਲੜਦਾ ਹੈ । ਸਿੱਖ ਧਰਮ ਤਾਂ ਅਸੀਮਾਂ ਦਾ ਧਰਮ ਹੈ । ਇਸ ਧਰਮ ਵਿਚ ਸੀਮਾਂ ਜਾਂ ਅਸੀਮਾਂ ਨੂੰ ਬਹੁਤੀ ਮਹੱਤਤਾ ਨਹੀਂ ਦਿਤੀ ਜਾਂਦੀ । ਕਿਉਂਕਿ ਇਹ 'ਧਰਮ' ਸੀਮਾ-ਧਰਤੀ ਦਾ ਧਰਮ ਹੈ ਹੀ ਨਹੀਂ । ਇਹ ਧਰਮ ਤਾਂ ਪ੍ਰਭੂ-ਦਿਲਾਂ ਦਾ ਧਰਮ ਹੈ, 'ਪ੍ਰਭੂ' ਨੂੰ ਯਾਦ ਕਰਨ ਵਾਲਿਆਂ ਦਾ ਧਰਮ ਹੈ, ਪ੍ਰਭੂ-ਨਾਮ ਨੂੰ ਦਿਲ ਵਿਚ ਵਸਾ ਕੇ ਰੱਖਣ ਵਾਲਿਆਂ ਦਾ ਧਰਮ ਹੈ । ਜਿੱਥੇ ਪ੍ਰਭੂ-ਨਾਮ ਦਾ ਵਾਸਾ ਹੈ, ਗੁਰੂ-ਆਤਮਾ ਕਹਿੰਦੀ ਹੈ, 'ਉਥੇ ਹੀ ਸੱਚ-ਖੰਡ ਹੈ । 'ਸੱਚ-ਖੰਡ' ਤਾਂ ਆਕਾਰ-ਰਹਿਤ 'ਨਿਰੰਕਾਰ' ਦਾ ਮੰਡਲ ਹੈ । ਨਿਰੰਕਾਰ ਦਾ ਦੇਸ ਕੋਈ ਇਕ ਨਹੀਂ, ਸਾਰਾ ਜਗਤ ਹੀ ਨਿਰੰਕਾਰ ਦਾ ਦੇਸ ਹੈ । ਇਸ ਕਰਕੇ 'ਨਿਰੰਕਾਰ' ਸਾਰੇ ਜਗਤ ਵਿਚ ਵਿਆਪਕ ਹੈ । ਸਾਰੇ ਧਰਮਾਂ ਵਿਚ ਸਰਬ-ਸਾਂਝੀ ਵਿਆਪਕ-ਸ਼ਕਤੀ ਨਿਰੰਕਾਰ ਹੀ ਹੈ । 'ਸਿਖ ਧਰਮ' ਨਿਰੰਕਾਰ ਦਾ ਧਰਮ ਹੈ, ਸਰਬ-ਸਾਂਝੀਵਾਲਤਾ ਦਾ ਧਰਮ ਹੈ । 'ਸਰਬ-ਸਾਂਝੀਵਾਲਤਾ' ਹੀ ਧਰਮ ਦੀ ਪਹਿਚਾਣ ਹੁੰਦੀ ਹੈ । ਵੈਰ ਕਰਨਾ 'ਧਰਮ' ਦਾ ਕਰਤੱਵ ਨਹੀਂ । 'ਧਰਮ' ਤਾਂ ਪਿਆਰ ਦਾ ਕਰਤੱਵ ਸਿਖਾਂਦਾ ਹੈ, ਅਣਖ ਤੇ ਆਜ਼ਾਦੀ ਦੀ ਜੀਵਨ-ਕਲਾ ਪੜ੍ਹਾਂਦਾ ਹੈ । 'ਸਿੱਖ ਧਰਮ' ਪਿਆਰ ਦਾ ਧਰਮ ਹੈ, ਅਣਖ ਤੇ ਆਜ਼ਾਦੀ ਦਾ ਧਰਮ ਹੈ । ਇਸ ਨੂੰ ਤਾਂ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦੀ ਹੀ ਪੂਰਨ-ਜੀਵਨ-ਜਾਚ ਦਾ 'ਪ੍ਰਗਟ-ਧਰਮ' ਕਹਿਣਾ ਚਾਹੀਦਾ ਹੈ । ਸਿਖ ਧਰਮ ਦਾ 'ਖਾਲਸਈ-ਸਰੂਪ' ਨਾ ਹਿੰਦੂ ਦਾ ਸਰੂਪ ਹੈ, ਅਤੇ ਨਾ ਹੀ ਮੁਸਲਮਾਣ ਦਾ ਸਰੂਪ ਹੈ । ਇਸ 'ਖਾਲਸਈ-ਸਰੂਪ' ਨੂੰ ਤਾਂ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਹੀ ਸਰੂਪ ਕਹਿਣਾ ਚਾਹੀਦਾ ਹੈ । 'ਸੱਚ ਤੇ ਪ੍ਰੇਮ' ਤਾਂ ਖਾਲਸਈ-ਸਰੂਪ ਦੇ ਆਤਮਕ ਜੀਵਨ-ਜੁਗਤਿ ਦੀ ਵਿਸ਼ੇਸ਼ ਪਹਿਚਾਣ-ਗੁਣ ਹਨ ! ਆਤਮਕ-ਪੱਧਰ ਤੇ 'ਸਿੱਖ ਧਰਮ' ਸੱਚ ਅਤੇ ਪ੍ਰੇਮ ਦਾ ਹੀ ਧਾਰਨੀ ਹੈ, ਸਮਾਜਕ ਤੇ ਰਾਜਨੀਤਕ-ਪੱਧਰ ਤੇ 'ਸਿੱਖ ਧਰਮ' ਅਣਖ ਤੇ ਆਜ਼ਾਦੀ ਵਾਲਾ ਹੈ । 'ਅਣਖ ਤੇ ਆਜ਼ਾਦੀ' ਤਾਂ ਖਾਲਸਈ-ਸਰੂਪ ਦੀ ਰਹਿਣੀ ਦੀ ਪ੍ਰਧਾਨ ਜਿੰਦ-ਜਾਨ ਹਨ । ਗੁਰੂ ਗੋਬਿੰਦ ਸਿੰਘ ਜੀ ਨੇ 'ਸਿਖ ਧਰਮ' ਨੂੰ ਖਾਲਸਈ-ਸਰੂਪ ਦਿੱਤਾ ਹੀ ਇਸ ਕਰ ਕੇ ਸੀ, ਕਿ ਉਹ ਹਿੰਦੂ ਅਤੇ ਮੁਸਲਮਾਣ ਦੀ ਗੁਲਾਮ-ਜ਼ਿੰਦਗੀ ਨੂੰ ਤਿਆਗ ਕੇ ਅਣਖ ਤੇ ਆਜ਼ਾਦੀ ਵਾਲਾ ਜੀਵਨ ਜੀਉ ਸਕੇ । 'ਖਾਲਸਈ-ਸਰੂਪ' ਦੀ ਸਿਰਜਨਾ ਜਾਂ ਕਾਢ ਦਾ ਆਧਾਰ ਹੀ ਅਣਖ ਤੇ ਆਜ਼ਾਦੀ

Digitized by Panjab Digital Library | www.panjabdigilib.org

ਦਾ ਭਾਵ ਸੀ। ਗੁਰੂ ਤੇਗ ਬਹਾਦਰ ਜੀ ਦੀ 'ਸ਼ਹਾਦਤ-ਘਟਨਾ' ਭਾਰਤੀ ਜੀਵਨ ਵਿਚੋਂ ਅਲੋਪ ਹੋ ਚੁਕੀ ਅਣਖ ਤੇ ਆਜ਼ਾਦੀ ਦੀ ਹੀ ਸਾਖੀ ਭਰਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਸਮੁੱਚੀ ਅਧੋਗਤੀ ਨੂੰ ਰੋਕਣ ਲਈ, ਸ਼ਹਾਦਤ ਦੇ ਕੇ, ਸਾਰੇ ਭਾਰਤ ਦਾ ਧਿਆਨ, ਉਸ ਵਿਚ ਆ ਚੁਕੀ ਗਿਰਾਵਟ ਤੇ ਕੇਂਦਰਿਤ ਕੀਤਾ, ਭਾਰਤ-ਵਾਸੀਆਂ ਦੀਆਂ ਸ਼ਾਂਤ ਹੋ ਚੁਕੀਆਂ ਭਾਵ-ਸ਼ਕਤੀਆਂ ਨੂੰ ਮੁੜ ਗਰਮ ਕੀਤਾ, ਉਹਨਾਂ ਨੂੰ ਮਰ-ਮਿੱਟਣ ਵਾਸਤੇ ਉਬਾਲਾ ਵੀ ਦਿੱਤਾ। ਭਾਰਤੀ ਭਾਵ-ਸ਼ਕਤੀਆਂ ਵਿਚ ਆਈ ਹੋਈ ਗਰਮੀ ਤੇ ਉਬਾਲ ਦਾ ਹੀ ਪ੍ਰਤੀਕਰਮ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਲਸਈ-ਸਰੂਪ' ਸੀ। 'ਖਾਲਸਈ-ਸਰੂਪ' ਦਾ ਆਧਾਰ 'ਅੰਮ੍ਰਿਤ' ਸੀ। 'ਅੰਮ੍ਰਿਤ' ਨੇ ਤਾਂ 'ਸਿੱਖ ਧਰਮ' ਨੂੰ ਮੌਤ ਤੋਂ ਬੇਪਰਵਾਹ 'ਧਰਮ' ਵੀ ਬਣਾ ਦਿੱਤਾ। 'ਸਿੱਖ ਧਰਮ' ਨੂੰ ਅੰਮ੍ਰਿਤ ਛਕਾ ਕੇ, ਇਕ ਤਾਂ ਮੌਤ-ਡਰ ਤੋਂ ਸਦਾ ਵਾਸਤੇ ਮੁਕਤ ਕਰ ਦਿੱਤਾ, ਧਰਮ-ਨਮਿੱਤ ਸ਼ਹੀਦ ਹੋਣ ਦਾ ਉਤਸ਼ਾਹ-ਭਰਪੂਰ ਜਜ਼ਬਾ ਭਰ ਦਿੱਤਾ, ਦੂਜਾ ਸਿਖ ਧਰਮ ਦੀ ਵਿਆਪਕ-ਸ਼ਕਤੀ ਨੂੰ ਇਕ ਥਾਂ ਤੇ ਕੇਂਦਰਿਤ ਕਰ ਕੇ, ਵਿਰੋਧੀ ਦਲ ਨਾਲ ਅਣਖ ਤੇ ਆਜ਼ਾਦੀ ਦਾ 'ਧਰਮ-ਯੁੱਧ' ਲੜਨ ਦਾ ਅਹਿਸਾਸ ਜਗਾ ਦਿੱਤਾ, ਤੀਜਾ ਜੇਤੂ ਹੋਣ ਦਾ ਵਿਸ਼ਵਾਸ ਪਕਾ ਦਿੱਤਾ। 'ਖਾਲਸਈ-ਸਰੂਪ' ਸਦੀਵ-ਕਾਲ ਜੇਤੂ ਹੋਣ ਦਾ ਹੀ ਵਿਸ਼ਵਾਸ-ਸਰੂਪ ਹੈ। 'ਖਾਲਸਈ-ਸਰੂਪ' ਸਿੱਖ ਤੇ ਸਿੰਘ ਦੀ ਧਰਮ-ਰਹਿਣੀ ਦਾ ਸਰੂਪ ਹੈ। ਜਿੰਨਾ ਚਿਰ ਸਿੱਖ ਧਰਮ ਦਾ 'ਖਾਲਸਈ-ਸਰੂਪ' ਕਾਇਮ ਹੈ, ਉਤਨਾ ਚਿਰ ਉਸ ਦੀ ਜਿੱਤ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ 'ਪ੍ਰਭੂ' ਪਾਸੋਂ ਵਰਦਾਨ ਮੰਗਦੇ ਹਨ :—

ਦੇਹਿ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨ ਡਰੋਂ ਅਰਿ ਸਿਉਂ ਜਬ ਜਾਏ ਲਰੋਂ, ਨਿਸਚੇ ਕਰ ਅਪਨੀ ਜੀਤ ਕਰੋਂ।
ਅਰਿ ਸਿਖ ਹੋਂ ਅਪਨੇ ਹੀ ਮਨ ਕਉ, ਇਹ ਲਾਲਚ ਹਉ ਗੁਣ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ।
(ਸ੍ਰੀ ਦਸਮ ਗ੍ਰੰਥ)

ਤਾਂ ਇਸ ਵਰਦਾਨ ਵਿਚ ਵੀ, ਉਹ ਆਪਣਾ ਇਹੀ ਨਿਸਚਾ ਪ੍ਰਗਟਾਂਦੇ ਹਨ, ਕਿ 'ਸ਼ੁਭ ਕਰਮਨ' ਨਮਿੱਤ ਕੀਤੇ ਹੋਏ ਯੁਧ ਵਿਚ ਹਮੇਸ਼ਾਂ 'ਧਰਮ' ਦੀ ਜਿੱਤ ਹੁੰਦੀ ਹੈ, ਅਰਥਾਤ 'ਧਰਮ' ਦਾ ਹੀ ਹਮੇਸ਼ਾਂ 'ਜੈਕਾਰ' ਹੁੰਦਾ ਹੈ। ਜਦੋਂ 'ਖਾਲਸਾ-ਪੰਥ' ਅਰਦਾਸ ਵਿਚ 'ਧਰਮ ਦਾ ਜੈਕਾਰ' ਬੋਲ ਦਾ ਭਾਵ-ਪ੍ਰਗਟਾਵਾ ਕਰਦਾ ਹੈ, ਤਾਂ ਉਹ ਆਪਣੇ ਜੇਤੂ-ਵਿਸ਼ਵਾਸ ਦਾ ਹੀ ਪ੍ਰਗਟਾਵਾ ਕਰਦਾ ਹੈ।

Digitized by Panjab Digital Library | www.panjabdigilib.org

ਮਨ ਨੀਵਾਂ ਤੇ ਮੱਤ ਉੱਚੀ

'ਮਨ ਨੀਵਾਂ' ਦਾ ਭਾਵ ਹੈ, 'ਮਾਨਸਿਕ ਤੌਰ ਤੇ ਸਦੀਵ-ਕਾਲ ਨਿੰਮ੍ਰਤਾ ਵਿਚ ਰਹਿਣਾ, ਹਉਮੈਂ-ਮੁਕਤ ਜ਼ਿੰਦਗੀ ਬਿਤਾਣਾ, ਮਾਣ ਹੁੰਦੇ ਹੋਏ ਨਿਮਾਣਾ ਰਹਿਣਾ, ਤਾਣ ਹੁੰਦੇ ਹੋਏ ਨਿਤਾਣਾ ਰਹਿਣਾ, ਪ੍ਰਭੂ-ਹੁਕਮ ਵਿਚ ਰਹਿਣਾ, ਪ੍ਰਭੂ-ਦਰਬਾਰ ਵਿਚ ਪ੍ਰਵਾਨ ਹੋਣਾ'। ਮਾਨਸਿਕ ਤੌਰ ਤੇ 'ਨਿੰਮ੍ਰਤਾ ਦੀ ਜ਼ਿੰਦਗੀ, ਕਿਸੇ ਆਰਥਿਕ-ਗਰੀਬੀ ਦਾ ਸੰਕੇਤ ਨਹੀਂ , 'ਗਰੀਬੀ' ਵਿਚ ਰਹਿਣਾ ਤਾਂ ਇਕ ਆਤਮਕ-ਗੁਣ ਸਵੀਕਾਰ ਕਰਨਾ ਹੈ। 'ਨਿੰਮ੍ਰਤਾ' ਵਿਸ਼ਵ ਦੀਆਂ ਸਰਬ-ਚੰਗਿਆਈਆਂ ਦਾ ਇਕ ਤੱਤ-ਲੱਛਣ ਵੀ ਹੈ, ਆਤਮਕ-ਜ਼ਿੰਦਗੀ ਦਾ ਤਾਂ ਵਿਸ਼ੇਸ਼ ਲੱਛਣ ਵੀ ਹੈ। ਕਿਉਂਕਿ 'ਆਤਮਕ-ਜ਼ਿੰਦਗੀ' ਪ੍ਰਭੂ-ਵਿਧਾਨ ਅਧਾਰਤ ਜ਼ਿੰਦਗੀ ਹੀ ਹੁੰਦੀ ਹੈ। ਸ੍ਰਿਸ਼ਟੀ ਦੀ ਸੰਜੋਗ-ਵਿਜੋਗ ਦੀ ਕਾਰ ਪ੍ਰਭੂ-ਵਿਧਾਨ ਅਧੀਨ ਹੀ ਚਲ ਰਹੀ ਹੈ। ਪ੍ਰਭੂ-ਵਿਧਾਨ ਅਨੁਸਾਰ ਜ਼ਿੰਦਗੀ ਵਿਚ ਢਲ ਜਾਣਾ, 'ਹਾਰ-ਜਿੱਤ' ਜੋ ਕੁਝ ਵੀ ਜ਼ਿੰਦਗੀ ਵਿਚ ਪ੍ਰਾਪਤ ਜਾਂ ਅਪ੍ਰਾਪਤ ਹੈ, ਉਸ ਨੂੰ ਪ੍ਰਭੂ-ਹੁਕਮ ਵਿਚ ਸਵੀਕਾਰ ਕਰ ਕੇ, ਸਦਾ ਚੜ੍ਹਦੀ ਕਲਾ ਵਿਚ ਰਹਿਣਾ, ਇਹ ਆਤਮਕ-ਜ਼ਿੰਦਗੀ ਦੀ ਵਿਸ਼ੇਸ਼ ਪਹਿਚਾਣ ਹੈ। 'ਆਤਮਕ-ਜ਼ਿੰਦਗੀ' ਦਾ ਸੁਭਾ ਤੇ ਵਿਹਾਰ ਹਮੇਸ਼ਾਂ ਨਿੰਮ੍ਰਤਾ ਮਈ ਹੀ ਹੁੰਦਾ ਹੈ। ਕਿਉਂਕਿ 'ਪ੍ਰਭੂ' ਦੇ ਸੁਭਾ ਤੇ ਵਿਹਾਰ ਵਿਚ ਨਿੰਮ੍ਰਤਾ ਦਾ ਗੁਣ ਵੀ ਹੁੰਦਾ ਹੈ। ਕੁਦਰਤ ਦੇ ਵਿਧਾਨ ਵਿਚ ਵੀ ਸ੍ਰੇਸ਼ਟ ਅਤੇ ਮਹਾਨ ਉਹੀ ਤੱਤ-ਵਸਤੂ ਹੈ, ਜਿਹੜੀ ਨਿੰਮ੍ਰਤਾ ਵਿਚ ਵਿਚਰ ਰਹੀ ਹੈ। ਵਿਸ਼ਵ ਦੀ ਹਰ ਚੰਗੀ ਵਸਤੂ, ਪਰਉਪਕਾਰੀ ਤੇ ਨਿਸ਼ਕਾਮ-ਵਸਤੂ, ਨਿੰਮ੍ਰਤਾ ਦੇ ਸੰਕਲਪ ਵਿਚ ਢਲੀ ਹੋਈ ਹੈ। 'ਨਿੰਮ੍ਰਤਾ' ਦਾ ਸੰਕਲਪ ਤਾਂ ਪਰਉਪਕਾਰੀ ਅਤੇ ਨਿਸ਼ਕਾਮ-ਜ਼ਿੰਦਗੀ ਸਿਖਾਂਦਾ ਹੈ। ਪਰਉਪਕਾਰੀ ਤੇ ਨਿਸ਼ਕਾਮ-ਜ਼ਿੰਦਗੀ ਹੀ ਸਰਬ-ਉੱਤਮ ਤੇ ਸਰਬ-ਸ਼ਾਲੀ ਜ਼ਿੰਦਗੀ ਹੈ, ਸਰਬ ਉੱਤਮ ਤੇ ਸਰਬ-ਸ਼ਾਲੀ ਜ਼ਿੰਦਗੀ ਹੀ ਮਾਣ ਹੁੰਦੇ ਹੋਏ ਨਿਮਾਣਾ ਦੀ ਜ਼ਿੰਦਗੀ ਜੀਊ ਸਕਦੀ ਹੈ, ਤਾਣ ਵਿਚ ਨਿਤਾਣਾ ਵੀ ਰਹਿ ਸਕਦੀ ਹੈ। ਪਰਉਪਕਾਰ ਤੇ ਨਿਸ਼ਕਾਮ-ਰਹਿਤ ਜ਼ਿੰਦਗੀ ਤਾਂ ਹੰਕਾਰੀ ਅਤੇ ਸੁਆਰਥੀ ਹੁੰਦੀ ਹੈ। ਹੰਕਾਰੀ ਅਤੇ ਸੁਆਰਥੀ-ਜ਼ਿੰਦਗੀ ਤਾਂ ਹਮੇਸ਼ਾਂ ਸ੍ਵੈ-ਗਮ ਅਧੀਨ ਵਿਚਰਦੀ ਹੈ। ਇਹੀ ਜ਼ਿੰਦਗੀ ਹਮੇਸ਼ਾਂ ਵੰਡੀਆਂ-ਵਿਤਕਰਿਆਂ ਦਾ ਆਰੰਭ ਕਰਾਂਦੀ ਹੈ। ਵੰਡੀ-ਵਿਤਕਰੇ ਦੀ ਜ਼ਿੰਦਗੀ ਪ੍ਰਭੂ-ਹੁਕਮ ਨੂੰ ਨਾ ਮੰਨਣ ਵਾਲੀ ਜ਼ਿੰਦਗੀ ਹੰਦੀ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਤਾਂ ਪ੍ਰਭੂ-ਦਰਬਾਰ ਵਿਚ ਬਿਲਕੁਲ ਹੀ ਪ੍ਰਵਾਨ ਨਹੀਂ। ਅਤੇ ਨਾ ਕਦੀ ਇਸ ਨੂੰ ਪ੍ਰਭੂ-ਦਰਬਾਰ ਵਲੋਂ ਪ੍ਰਵਾਨਗੀ ਦਾ ਨਿਸ਼ਾਨ ਮਿਲ ਸਕਦਾ ਹੈ। ਪ੍ਰਭੂ-ਦਰਬਾਰ ਵਿਚ ਤਾਂ 'ਮਨ ਨੀਵਾਂ' ਵਾਲੀ ਜ਼ਿੰਦਗੀ ਹੀ ਪ੍ਰਵਾਨ ਚੜ੍ਹ ਸਕਦੀ ਹੈ। ਜਦੋਂ 'ਖਾਲਸਾ-ਪੰਥ' ਆਪਣੀ ਨਿਤ ਦੀ ਅਰਦਾਸ ਵਿਚ 'ਮਨ ਨੀਵਾਂ' ਦਾ ਭਾਵ ਪ੍ਰਗਟਾਂਦਾ ਹੈ, ਇਕ ਤਾਂ ਉਹ ਮਾਨਸਿਕ ਤੌਰ ਤੇ ਸਦੀਵ-ਕਾਲ ਨਿੰਮ੍ਰਤਾ ਵਿਚ ਢਲ ਜਾਣ ਲਈ ਪ੍ਰਭੂ-ਬਖਸ਼ਿਸ਼ ਦੀ ਮੰਗ ਕਰ ਰਿਹਾ ਹੁੰਦਾ ਹੈ, ਦੂਜਾ ਉਹ ਪ੍ਰਭੂ-ਵਿਧਾਨ ਅਧੀਨ ਜਿਹੜੀ ਸੰਜੋਗ ਵਿਜੋਗ ਦੀ ਕਾਰ ਚਲ ਰਹੀ ਹੈ, ਉਸ ਦੇ ਸ਼ੁਭ ਹੋਣ ਦੀ ਪੂੜ੍ਹਤਾ ਕਰ ਰਿਹਾ ਹੁੰਦਾ ਹੈ, ਤੀਜਾ 'ਮਨ-ਨੀਵਾਂ' ਕਹਿ ਕੇ, ਉਹ ਪ੍ਰਭੂ-ਦਰਬਾਰ ਵਿਚ ਪ੍ਰਵਾਨ ਚੜ੍ਹਨ ਦਾ ਪੈਗਾਮ ਵੀ ਦੇ

Digitized by Panjab Digital Library | www.panjabdigilib.org

ਰਿਹਾ ਹੁੰਦਾ ਹੈ, ਚੌਥਾ ਉਹ ਆਤਮਕ-ਚੰਗਿਆਈਆਂ ਦਾ ਵਰਣਨ ਵੀ ਕਰ ਰਿਹਾ ਹੁੰਦਾ ਹੈ, ਪੰਜਵਾਂ ਉਹ ਮਨੋਵਿਗਿਆਨਕ ਢੰਗ ਨਾਲ ਵਿਸ਼ਵ-ਮਨੁੱਖਤਾ ਨੂੰ ਵੀ ਮਾਨਸਿਕ ਤੌਰ ਤੇ ਸਦੀਵ-ਕਾਲ ਨਿੰਮ੍ਰਤਾ ਵਿਚ ਰਹਿਣ ਦੀ ਪ੍ਰੇਰਨਾ ਕਰ ਰਿਹਾ ਹੁੰਦਾ ਹੈ, ਛੇਵਾਂ ਉਹ ਪਰਉਪਕਾਰੀ ਤੇ ਨਿਸ਼ਕਾਮ-ਜ਼ਿੰਦਗੀ ਨੂੰ ਮਹੱਤਵ ਪੂਰਨ ਦਸ ਕੇ, ਇਸ ਦਾ ਪ੍ਰਚਾਰ ਕਰ ਰਿਹਾ ਹੁੰਦਾ ਹੈ। 'ਮਨ ਨੀਵਾਂ' ਸਿੱਖ ਧਰਮ ਦੀ ਰਹਿਣੀ ਦਾ ਆਦਰਸ਼ਕ ਗੁਣ ਵੀ ਹੈ, ਤੇ 'ਮੱਤ ਉੱਚੀ ਰੱਖਣ ਦਾ ਮਨੋਵਿਗਿਆਨਕ ਤੱਤ-ਆਧਾਰ ਵੀ ਹੈ।

'ਮੱਤ ਉੱਚੀ' ਦਾ ਭਾਵ ਹੈ, ਬੌਧਿਕ ਤੌਰ ਤੇ ਮਨੁੱਖ ਨੇ ਸਦਾ ਉੱਚਾ ਰਹਿਣਾ ਹੈ। 'ਉੱਚਾ' ਰਹਿਣ ਦਾ ਭਾਵ ਹੈ, ਆਮ ਸਾਧਾਰਨ ਜ਼ਿੰਦਗੀ ਨਾਲੋਂ ਕੁਝ ਸ੍ਰੇਸ਼ਟ ਤੇ ਵਿਸ਼ੇਸ਼ ਰਹਿਣਾ ਹੈ। ਸ੍ਰੇਸ਼ਟ ਰਹਿਣ ਦਾ ਭਾਵ ਹੈ, ਮਨੁਖ ਨੇ ਮਨ, ਬੁਧਿ ਤੇ ਚਿੱਤ-ਤਿੰਨਾਂ ਖੇਤਰਾਂ ਵਿਚ ਪਵਿੱਤਰ ਰਹਿਣਾ ਹੈ, ਬ੍ਰਹਮ-ਵਿਦਿਆ ਦਾ ਅਨੁਸਾਰੀ ਰਹਿਣਾ ਹੈ। 'ਮੱਤ ਉੱਚੀ' ਦਾ ਇਕ ਭਾਵ ਇਹ ਵੀ ਹੈ, ਕਿ ਸਿਖ ਨੇ ਸ੍ਰੇਸ਼ਟ-ਸਿਖਿਆ ਨੂੰ ਧਾਰਨ ਕਰਨਾ ਹੈ। ਵਿਸ਼ਵ-ਆਕਾਰ ਵਿਚ ਸ੍ਰੇਸ਼ਟ-ਸਿਖਿਆ ਕੇਵਲ 'ਬ੍ਰਹਮ' ਦੀ ਹੀ ਮੰਨੀ ਗਈ ਹੈ। 'ਬ੍ਰਹਮ-ਸਿਖਿਆ' ਆਧਾਰਤ ਸਾਹਿਤ ਹੀ ਵਿਸ਼ਵ ਵਿਚ ਸ਼੍ਰੋਮਣੀ ਤੇ ਸਰਬ-ਸ੍ਰੇਸ਼ਟ ਸਾਹਿਤ ਸਵੀਕਾਰ ਕੀਤਾ ਗਿਆ ਹੈ। ਵੀਂਹਵੀ ਸਦੀ ਦਾ ਪ੍ਰਸਿੱਧ ਤੇ ਸਰਬ-ਸ੍ਰੇਸ਼ਟ ਕਵੀ-ਸਾਹਿਤਕਾਰ ਪੂੰ: ਪੂਰਨ ਸਿੰਘ 'ਬ੍ਰਹਮ-ਸਿਖਿਆ' ਆਧਾਰਤ ਸਾਹਿਤ ਨੂੰ ਹੀ ਸਰਬ-ਸ੍ਰੇਸ਼ਟ ਸਾਹਿਤ ਮੰਨਦਾ ਹੈ, ਇਸੇ ਸਾਹਿਤ ਨੂੰ ਉਹ 'ਉੱਚੀ ਮੱਤ' ਵਾਲਾ ਸਾਹਿਤ ਕਹਿੰਦਾ ਹੈ। ਉਸ ਦੇ ਵਿਸ਼ਵਾਸ ਅਨੁਸਾਰ ਇਸ ਤਰ੍ਹਾਂ ਦਾ 'ਬ੍ਰਹਮ-ਸਾਹਿਤ' ਹੀ ਮਨੁੱਖਤਾ ਨੂੰ ਸ੍ਰੇਸ਼ਟ 'ਮੱਤ' ਪ੍ਰਧਾਨ ਕਰ ਸਕਦਾ ਹੈ। ਬ੍ਰਹਮ ਦੇ ਭਾਵ ਤੋਂ ਮੁਕਤ 'ਸਾਹਿਤ ਤੇ ਵਿਦਿਆ' ਨੂੰ ਉਹ ਨਾ ਤਾਂ ਸ੍ਰੇਸ਼ਟ ਮੰਨਦਾ ਹੈ, ਨਾ ਹੀ ਮਹਾਨ ਸਵੀਕਾਰ ਕਰਦਾ ਹੈ ਅਤੇ ਇਹ ਵੀ ਵਿਸ਼ਵਾਸ ਪ੍ਰਗਟਾਂਦਾ ਹੈ, ਕਿ ਇਸ ਤਰ੍ਹਾਂ ਦੀ ਸਾਹਿਤ-ਵਿਦਿਆ ਮਨੁਖ ਨੂੰ ਕਦੀ ਵੀ ਸ੍ਰੇਸ਼ਟ ਤੇ ਵਿਸ਼ੇਸ਼ ਨਹੀਂ ਬਣਾ ਸਕਦੀ। ਕਿਉਂਕਿ ਇਸ ਵਿਚ ਰੱਬੀ-ਆਵੇਸ਼ ਨਹੀਂ ਹੁੰਦਾ। ਇਸ ਤਰ੍ਹਾਂ ਦੀ ਸਾਹਿਤ-ਵਿਦਿਆ ਬਹੁਤਾ ਮਨ ਦਾ ਉਬਾਲ ਹੀ ਹੁੰਦੀ ਹੈ, ਲਬ, ਲੋਭ, ਤੇ ਹੰਕਾਰ ਦਾ ਪ੍ਰਗਟਾ ਹੀ ਹੁੰਦੀ ਹੈ। ਇਸ ਤਰ੍ਹਾਂ ਦੀ ਸਾਹਿਤ-ਵਿਦਿਆ ਮਨੁੱਖ ਨੂੰ 'ਮੂਰਖ' ਤਾਂ ਬਣਾ ਸਕਦੀ ਹੈ, ਵੰਡੀ-ਵਿਤਕਰਿਆਂ ਦੀ ਦ੍ਵੈਤ-ਜ਼ਿੰਦਗੀ ਤਾਂ ਸਿਖਾ ਸਕਦੀ ਹੈ, ਪਰ ਪਰਉਪਕਾਰੀ ਤੇ ਨਿਸ਼ਕਾਮ-ਜ਼ਿੰਦਗੀ ਨਹੀਂ ਨਿਰਮਾਣ ਕਰਾ ਸਕਦੀ। ਜਦੋਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :—

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰੁ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰ ॥
(ਮਾਝ ਦੀ ਵਾਰ ਮ: ੧)

ਤਾਂ ਉਹ ਸਪਸ਼ਟ ਰੂਪ ਵਿਚ ਲਬ, ਲੋਭ ਤੇ ਹੰਕਾਰ ਦੀ ਪ੍ਰਾਪਤ ਕੀਤੀ ਵਿਦਿਆ ਵਾਲੇ ਨੂੰ 'ਮੂਰਖ' ਦਾ ਸੰਕਲਪ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਦੀ ਵਿਦਿਆ ਨਾਲ ਮਨੁੱਖ ਦੀ ਮੱਤ ਉੱਚੀ ਨਹੀਂ ਹੋ ਸਕਦੀ, ਭਾਵੇਂ ਗੱਡੀਆਂ ਦੇ ਭਾਰ ਵਾਂਗ ਵਿਦਿਆ ਲੱਦ ਲਈ ਜਾਵੇ। ਗੁਰੂ ਨਾਨਕ ਦੇਵ ਜੀ ਇਸ ਨੂੰ ਹਉਮੈ ਦਾ ਝੱਖੜ ਹੀ ਮੰਨਦੇ ਹਨ :—

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ ॥

Digitized by Panjab Digital Library | www.panjabdigilib.org

ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥
(ਸਲੋਕੁ ਮ: ੧)

'ਮੱਤ ਉੱਚੀ' ਵਾਲੀ ਵਿਦਿਆ ਕੇਵਲ 'ਬ੍ਰਹਮ-ਵਿਦਿਆ' ਹੀ ਹੈ। ਪੰਡਤਈ-ਵਿਦਿਆ ਜਾਂ ਵਿਦਵਤਾ ਪ੍ਰਾਪਤ ਕਰ ਲੈਣੀ, ਇਹ ਸ੍ਰੇਸ਼ਟ ਤੇ ਮਹਾਨ ਹੋ ਜਾਣ ਦੀ ਨਿਸ਼ਾਨੀ ਨਹੀਂ, ਸਗੋਂ ਉਸ ਦੇ ਰਾਹੀਂ ਪ੍ਰਾਪਤ ਕੀਤੀ ਸੂਝ-ਸਿਆਣਪ, ਦੂਰ-ਦ੍ਰਿਸ਼ਟੀ ਤੇ ਹਿਰਦੇ ਦੀ ਵਿਸ਼ਾਲਤਾ ਹੀ ਮਹਾਨ ਚੀਜ਼ ਹੈ। 'ਗਿਆਨ' ਵੱਡੀ ਚੀਜ਼ ਨਹੀਂ, ਗਿਆਨਵਾਨ ਵਿਹਾਰ ਤੇ ਵਤੀਰਾ ਵੱਡੀ ਚੀਜ਼ ਹੈ। 'ਵਿਦਿਆ' ਨੇ ਅਮਲੀ ਜੀਵਨ ਜੀਉਣ ਦੀ ਸ਼ਕਤੀ, ਸਮਰੱਥਾ ਤੇ ਸੂਝ ਦੇਣੀ ਹੈ। ਇਸ ਵਿਦਿਆ ਨੇ ਮਨੁੱਖ ਨੂੰ ਉਹ ਪਰਖ-ਗਜ਼ ਵੀ ਦੇਣਾ ਹੈ, ਜਿਸ ਦੇ ਆਧਾਰ ਤੇ ਉਸ ਨੇ ਸਰੀਰ, ਪਦਾਰਥ ਤੇ ਸੰਸਾਰ ਦੇ ਥੋੜ-ਚਿਰੇ ਮੁੱਲ ਨੂੰ ਸਮਝਣਾ ਹੈ, ਆਚਰਣ, ਅਮਲ ਤੇ ਪ੍ਰਮਾਤਮਾਂ ਦਾ ਯੋਗ ਤੇ ਪੂਰਨ ਮੁੱਲ ਵੀ ਸਮਝਣਾ ਹੈ। 'ਵਿਦਿਆ' ਤਾਂ ਆਤਮਾ ਤੇ ਪ੍ਰਮਾਤਮਾ ਦੇ ਅੰਤਰ-ਭੇਦਾਂ ਦੀ ਸੂਝ ਦਿਵਾਉਂਦੀ ਹੈ। ਜਦੋਂ ਰਾਮਕਲੀ ਮ: ੧ ਦਖਣੀ ਉਅੰਕਾਰੁ ਵਿਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :-

ਪਾਧਾ ਪੜਿਆ ਆਖੀਐ ਬਿਦਿਆ ਬਿਚਰੇ ਸਹਿਜ ਸੁਭਾਇ ॥
ਬਿਦਿਆ ਸੋਧੇ ਤਤੁ ਲਹੈ ਰਾਮ ਨਾਮ ਲਿਵ ਲਾਇ ॥
ਸਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥ ਪੜ ॥
ਪ ਧਾ ਗੁਰਮੁਖਿ ਆਖੀਐ ਚਾਟੜਿਆ ਮੜਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫॥

ਤਾਂ ਉਹ ਬ੍ਰਹਮ-ਵਿਦਿਆ ਨੂੰ ਹੀ ਸਹੀ ਅਰਥਾਂ ਵਿਚ 'ਮੱਤ-ਉੱਚੀ' ਕਰਨ ਵਾਲੀ ਵਿਦਿਆ ਮੰਨਦੇ ਹਨ। 'ਗੁਰਮੁਖ ਪਾਧਾ' ਬ੍ਰਹਮ-ਵਿਦਿਆ ਦਾ ਨਿਪੁੰਨ ਉਸਤਾਦ ਹੈ। ਉਸ ਨੇ ਬ੍ਰਹਮ-ਵਿਦਿਆ ਦੇ ਅਮਲੀ-ਆਚਰਣ ਨੂੰ ਪ੍ਰਾਪਤ ਕਰ ਲਿਆ ਹੁੰਦਾ ਹੈ। ਪ੍ਰਭੂ-ਨਾਮ ਨੂੰ ਸਿਮਰਨਾ ਤੇ ਆਪਣੀ ਅੰਤਰ-ਆਤਮਾ ਵਿਚ ਇਸ ਨੂੰ ਸੰਭਾਲ ਕੇ ਰੱਖਣਾ, ਇਹੀ ਜਗਤ ਵਿਚ ਅਸਲੀ ਲਾਹ ਤੇ ਮਹਾਨਤਾ ਖੱਟਣ ਵਾਲੀ ਵਿਦਿਆ ਹੈ। ਇਹ ਵਿਦਿਆ ਮਨਿ-ਪੱਟੀ ਦੇ ਸੱਚ ਉਤੇ ਆਧਾਰਤ ਹੁੰਦੀ ਹੈ। ਗੁਰੂ-ਸ਼ਬਦ ਤੇ ਰਾਮੁ-ਨਾਮੁ ਅਨੁਸਾਰ ਆਪਣੇ ਆਪ ਨੂੰ ਢਾਲ ਲੈਣਾ ਹੀ, ਇਸ ਵਿਦਿਆ ਵਿਚ ਪੜ੍ਹੇ ਹੋਏ ਦੀ ਨਿਸ਼ਾਨੀ ਹੈ। ਗੁਰੂ-ਸ਼ਬਦ ਤੇ ਰਾਮੁ-ਨਾਮੁ ਦੀ ਵਿਦਿਆ ਆਚਰਣ ਤੇ ਅਮਲ ਦੀ ਵਿਦਿਆ ਹੈ, ਪ੍ਰਭੂ-ਪ੍ਰਮਾਤਮਾ ਦੀ ਵਿਦਿਆ ਹੈ, ਇਹ ਵਿਦਿਆ ਹੀ ਸਰਬ-ਸ੍ਰੇਸ਼ਟ ਤੇ ਮਹਾਨ ਹੈ। ਇਹ

Digitized by Panjab Digital Library | www.panjabdigilib.org

ਵਿਦਿਆ ਮਨੁੱਖ ਨੂੰ ਸ੍ਰਿਸ਼ਟੀ-ਆਕਾਰ ਦੇ ਗਿਆਨ ਦੀ ਜਿਹੜੀ ਬੁਝਾਰਤ ਹੈ, ਉਸ ਦਾ ਰਹੱਸ ਸਮਝਾਂਦੀ ਹੈ। ਸ੍ਰਿਸ਼ਟੀ-ਆਕਾਰ ਦੇ ਰਹਸ ਨੂੰ ਸਮਝਣ ਵਾਲਾ ਹੀ ਗੁਰੂ-ਦ੍ਰਿਸ਼ਟੀ ਵਿਚ ਪੜ੍ਹਿਆ ਹੋਇਆ ਪੰਡਿਤ-ਬੀਨਾ ਹੈ। ਰਾਗ ਆਸਾ ਮ: ੧ 'ਪੱਟੀ' ਬਾਣੀ ਵਿਚ ਗੁਰੂ ਨਾਨਕ ਦੇਵ ਜੀ ਆਪ ਇਸ ਭਾਵ ਦੀ ਪੁੱਹੜਤਾ ਕਰਦੇ ਹਨ :—

ਛੰਡੈ ਛਿਆਨੁ ਬੂਝੈ ਜੇ ਕੋਈ ਪੜਿਆ ਪੰਡਿਤ ਸੋਈ ॥

'ਆਸਾ ਮਹਲਾ ੧' ਵਿਚ ਗੁਰੂ ਨਾਨਕ ਦੇਵ ਜੀ 'ਵਿਦਿਆ' ਦੇ ਇਸ 'ਮੱਤ' ਨੂੰ ਹੋਰ ਸਪਸ਼ਟ ਕਰਦੇ ਹਨ :—

ਪਾਂਡੇ ਐਸਾ ਬ੍ਰਹਮ ਬੀਚਾਰ ॥
ਨਾਮੇ ਸੁਚਿ ਨਾਮੋ ਪੜਉ ਨਾਮੋ ਚਜੁ ਆਚਾਰੁ ॥

ਸੋਰਠਿ ਰਾਗ ਵਿਚ ਭਗਤ ਕਬੀਰ ਜੀ ਵੀ ਵਿਦਿਆ ਦਾ ਕਰਤੱਵ 'ਸਹਜ ਪ੍ਰਾਪਤੀ' ਹੀ ਸਵੀਕਾਰ ਕਰਦੇ ਹਨ :—

ਕਿਆ ਪੜੀਐ ਕਿਆ ਗੁਨੀਐ ਕਿਆ ਬੇਦ ਪੁਰਾਨਾ ਸੁਨੀਐ ॥
ਪੜੇ ਸੁਨੇ ਕਿਆ ਹੋਈ ਜਉ ਸਹਜ ਨ ਮਿਲਿਓ ਸੋਈ ।

ਜਿਹੜੀ 'ਵਿਦਿਆ' ਮਨੁੱਖ ਨੂੰ ਨਾਸਤਕ ਬਣਾਉਂਦੀ ਹੈ, ਮਨੁੱਖ ਅੰਦਰ ਤਰਕ-ਵਿਤਰਕ ਦੇ ਲੜਾਈ-ਝਗੜੇ ਪੈਦਾ ਕਰਦੀ ਹੈ, ਮਨੁੱਖ ਨੂੰ ਹੰਕਾਰੀ ਤੇ ਹੋਛਾ ਬਣਨ ਲਈ ਉਕਸਾਂਦੀ ਹੈ, ਮਨੁੱਖ ਨੂੰ ਅਵਿਸ਼ਵਾਸ ਦਾ ਸਬਕ ਸਿਖਾਂਦੀ ਹੈ, ਸਬਰ, ਸੰਤੋਖ ਤੇ ਸੰਜਮ ਤੋਂ ਮੁਕਤ ਕਰਵਾਉਂਦੀ ਹੈ, ਪਰਮ-ਵਿਦਿਆ ਵਾਲੀਆਂ ਗੁਰਮੁਖ ਪਾਂਧਾ ਹਸਤੀਆਂ ਦਾ ਇਹ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਦੀ ਵਿਦਿਆ ਮਨੁੱਖ ਦੀ ਮੱਤ ਨੂੰ ਕਦੀ ਵੀ ਉੱਚਾ ਨਹੀਂ ਕਰ ਸਕਦੀ। 'ਮੱਤ ਉੱਚੀ' ਤਾਂ ਮਨੁੱਖ ਨੂੰ ਪਰ-ਸੇਵਾ ਤੇ ਪਰਉਪਕਾਰ ਦਾ ਭਾਵ ਸਿਖਾਂਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਆਸਾ ਮਹਲਾ ੧ ਵਿਚ ਕਹਿੰਦੇ ਹਨ :-

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

ਤਾਂ ਉਹ ਵਿਦਿਆ ਦਾ ਕਰਤੱਵ ਪਰਉਪਕਾਰੀ ਸ਼ਖਸੀਅਤਾਂ ਦੀ ਘਾੜਤ ਘੜਨੀ ਹੀ ਸਵੀਕਾਰ ਕਰਦੇ ਹਨ। ਅਰਥਾਤ ਵਿਦਿਆ ਦਾ ਵੀਚਾਰ ਤਾਂ ਮਨੁੱਖੀ-ਭਾਵਨਾਵਾਂ ਵਿਚ ਪਰਉਪਕਾਰ ਦਾ ਜਜ਼ਬਾ ਪੈਦਾ ਕਰਦਾ ਹੈ। ਪਰਉਪਕਾਰ ਦਾ ਕਰਤੱਵ 'ਉੱਚੀ ਮੱਤ' ਦਾ ਹੀ ਫਲ ਹੁੰਦਾ ਹੈ। 'ਮੱਤ ਉੱਚੀ ਵਾਲਾ ਹਮੇਸ਼ਾਂ ਪਰਉਪਕਾਰੀ ਹੁੰਦਾ ਹੈ। 'ਪਰ-ਉਪਕਾਰੀ' ਹਮੇਸ਼ਾਂ ਨਿਸ਼ਕਾਮ ਹੁੰਦਾ ਹੈ। 'ਮੱਤ ਉੱਚੀ' ਵਾਲਾ ਨਿਸ਼ਕਾਮ ਵੀ ਹੁੰਦਾਂ ਹੈ। ਨਿਸ਼ਕਾਮ ਦਾ ਆਧਾਰ ਸੇਵਾ ਹੈ (ਸੇਵਾ ਕਰਤ ਹੋਇ ਨਿਹਕਾਮੀ)। 'ਸੇਵਾ' ਕਰਦਿਆਂ ਕਰਦਿਆਂ ਹੀ ਕੋਈ ਜੀਵਨ 'ਨਿਹਕਾਮੀ-ਕਾਮਨਾ ਰਹਿਤ' ਬਣ ਸਕਦਾ ਹੈ। 'ਮੱਤ ਉੱਚੀ ਵਾਲਾ 'ਸੇਵਕ' ਸੇਵਾਦਾਰ ਵੀ ਹੁੰਦਾ ਹੈ। ਸੇਵਕ ਜਾਂ ਸੇਵਾਦਾਰ ਹਮੇਸ਼ਾਂ ਹਉਮੈ-ਰਹਿਤ ਹੁੰਦਾ ਹੈ। ਮਾਣ ਤੇ ਤਾਣ ਹੁੰਦਿਆਂ ਹੋਇਆਂ ਵੀ ਉਹ ਨਿਮਾਣਾ ਤੇ ਨਿਤਾਣਾ ਹੋ ਕੇ ਰਹਿੰਦਾ ਹੈ। ਇਹੋ ਸੇਵਕ ਹੀ ਪਰਮ-ਪੱਦ ਦੀ ਪ੍ਰਾਪਤੀ ਕਰਦਾ

Digitized by Panjab Digital Library | www.panjabdigilib.org

ਹੈ। ਗੁਰੂ ਅਰਜਨ ਦੇਵ ਜੀ 'ਸੇਵਕ' ਦਾ ਕਰਤੱਵ ਕੁਝ ਇਸ ਤਰ੍ਹਾਂ ਦਾ ਹੀ ਨਿਰੂਪਣ ਕਰਦੇ ਹਨ :–

ਸੇਵਕ ਕਉ ਸੇਵਾ ਬਨਿ ਆਈ, ਹੁਕਮਿ ਬੂਝਿ ਪਰਮਪਦੁ ਪਾਈ ॥
ਇਸ ਤੇ ਉਪਰਿ ਨਹੀਂ ਬੀਚਾਰੁ, ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ, ਅਨਦਿਨ ਪੂਜਹਿ ਗੁਰ ਕੈ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ, ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥
(ਗਉੜੀ ਸੁਖਮਨੀ ਮ: ੫)

'ਮੱਤ ਉੱਚੀ' ਵਾਲਾ ਆਤਮਕ-ਰੂਪ ਵਿਚ ਨਿਮਾਣਾ ਤੇ ਨਿਤਾਣਾ ਹੁੰਦਾ ਹੈ। 'ਮਨ ਨੀਵਾਂ' ਹੀ 'ਮੱਤ ਉੱਚੀ' ਦੀ ਪਹਿਚਾਣ ਹੈ। ਜਦੋਂ ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਮ: ੫ ਵਿਚ ਕਹਿੰਦੇ ਹਨ :–

ਸਗਲ ਪੁਰਖ ਮਹਿ ਪੁਰਖ ਪ੍ਰਧਾਨੁ, ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ, ਸੋਉ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ,ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
ਮਨ ਅਪੁਨੇ ਤੇ ਬੁਰਾ ਮਿਟਾਨਾ, ਪੇਖੈ ਸਗਲ ਸ੍ਰਿਸਟਿ ਸਾਜਨਾ ॥
ਸੂਖ ਦੂਖ ਜਨ ਸਮ ਦ੍ਰਿਸਟੇਤਾ, ਨਾਨਕ ਪਾਪ ਪੁੰਨ ਨਹੀਂ ਲੇਪਾ ॥

ਤਾਂ ਉਹ ਇਸੇ ਵਿਚਾਰ–ਸਿਧਾਂਤ ਦੀ ਹੀ ਪੁੱਹੜਤਾ ਕਰ ਰਹੇ ਹਨ ਕਿ ਮਾਨਸਿਕ ਤੌਰ ਤੇ ਸਦੀਵ–ਕਾਲ ਨਿੰਮਰਤਾ ਵਿਚ ਰਹਿਣ ਵਾਲੇ ਦੀ ਹੀ ਬੌਧਿਕ ਦਸ਼ਾ ਸਰੇਸ਼ਟ ਤੇ ਮਹਾਨ ਹੋ ਸਕਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਵੱਡਿਆਂ ਦੀ ਵਿਰੋਧਤਾ ਕਰ ਕੇ 'ਨੀਚਾਂ' ਨਾਲ ਆਪਣਾ ਸਾਥ ਜਤਲਾਂਦੇ ਹਨ :–

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
(ਸਿਰੀ ਰਾਗੁ ਮ: ੧)

ਤਾਂ ਇਸ ਦ੍ਰਿਸ਼ਟੀਕੋਣ ਤੋਂ ਇਹ 'ਨੀਚਾਂ' ਦਾ ਭਾਵ ਨਿੰਮ੍ਰਤਾ ਵਿਚ ਰਹਿਣ–ਵਾਲਿਆਂ ਤੋਂ ਹੀ ਹੈ। ਗੁਰੂ-ਦ੍ਰਿਸ਼ਟੀ ਵਿਚ 'ਮੰਨੂੰ' ਵਾਲੀ ਵਰਨ-ਆਸ਼ਰਮ ਵੰਡ ਤਾਂ ਬਿਲਕੁਲ ਹੀ ਸਵੀਕਾਰ ਨਹੀਂ ਕੀਤੀ ਗਈ ਅਤੇ ਨਾ ਹੀ ਵਰਨ-ਆਸ਼ਰਮ ਦੇ ਆਧਾਰ ਤੇ ਉਹਨਾਂ ਨੇ ਵੱਡੇ-ਨੀਚ ਦਾ ਕੋਈ ਭਿੰਨ-ਭੇਦ ਨੀਯਤ ਕੀਤਾ ਹੈ। 'ਨੀਚਾਂ' ਤੋਂ ਗੁਰੂ ਨਾਨਕ ਦੇਵ ਜੀ ਦਾ ਉਹਨਾਂ ਲੋਕਾਂ ਵਲ ਵੀ ਸੰਕੇਤ ਹੋ ਸਕਦਾ ਹੈ, ਜਿੰਨ੍ਹਾਂ ਨੂੰ ਬ੍ਰਾਹਮਣ ਸ਼੍ਰੇਣੀ ਨੇ ਤ੍ਰਿਸਕਾਰ ਦਿੱਤਾ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੀਚਾਂ ਨਾਲ ਵੀ ਆਪਣਾ ਸਾਥ ਦਸਿਆ ਹੈ। ਪਰ ਇਹ

Digitized by Panjab Digital Library | www.panjabdigilib.org

ਭਾਵ ਗੁਰਮਤਿ ਅਨੁਕੂਲ ਘਟ ਜਾਪਦਾ ਹੈ। ਕਿਉਂਕਿ 'ਗੁਰੂਆਂ' ਨੇ ਮਾਨਵ ਪੱਧਰ ਤੇ ਕਿਸੇ ਵੀ ਸ਼੍ਰੇਣੀ-ਵੰਡ ਨੂੰ ਸਵੀਕਾਰ ਨਹੀਂ ਕੀਤਾ। ਨੀਚ-ਵੱਡੇ ਦਾ ਅੰਤਰ-ਆਧਾਰ ਜੇ ਉਹਨਾਂ ਨੇ ਕੋਈ ਸਵੀਕਾਰ ਕੀਤਾ ਹੈ ਤਾਂ ਉਹ ਵਿਹਾਰਕ ਤੇ ਸਮਾਜਕ ਖੇਤਰ ਵਿਚ ਅਪਨਾਈ ਹੋਈ ਨੇਕੀ ਤੇ ਬਦੀ ਉਤੇ ਆਧਾਰਤ ਹੀ ਜਾਪਦਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਅਖਾਉਤੀ ਤੌਰ ਤੇ ਬਣੇ ਵੱਡੇ ਦਾ ਸੰਕਲਪ ਮੂਰਤੀਮਾਨ ਕਰਦੇ ਹਨ ਤਾਂ ਉਸ ਦਾ ਇਕ ਲੱਛਣ 'ਹੰਕਾਰ-ਗਰਬ' ਦਸਦੇ ਹਨ। ਗਰਬ ਜਾਂ ਹੰਕਾਰ ਵਾਲਾ ਆਪਣੇ ਆਪ ਨੂੰ ਵੱਡਾ ਕਹਿੰਦਾ ਹੈ ਤੇ ਨਿੰਮ੍ਰਤਾ ਵਿਚ ਰਹਿਣ ਵਾਲਿਆਂ ਨੂੰ ਨੀਚ ਕਹਿੰਦਾ ਹੈ। ਗੁਰੂ ਸਾਹਿਬ ਤਾਂ ਇਹਨਾਂ ਅਖਾਉਤੀ ਵੱਡਿਆਂ ਨੂੰ ਚਿੰਤਾ ਅਤੇ ਰੋਗ ਨਾਲ ਭਰੇ ਹੋਏ ਦਸਦੇ ਹਨ। ਕੀ ਚਿੰਤਾ ਅਤੇ ਰੋਗ ਵਿਚ ਗ੍ਰਸਿਆ ਮਨੁੱਖ ਕਦੀ ਸਰੇਸ਼ਟ ਤੇ ਮਹਾਨ ਹੋ ਸਕਦਾ ਹੈ ? ਕਦੀ 'ਮਤ-ਉੱਚੀ' ਵਾਲਾ ਬਣ ਸਕਦਾ ਹੈ ? ਨਹੀਂ ! ਗੁਰੂ ਅਰਜਨ ਦੇਵ ਜੀ ਤਾਂ ਸਾਫ ਕਹਿੰਦੇ ਹਨ :—

ਵਡੇ ਵਡੇ ਜੋ ਦੀਸਹਿ ਲੋਗ, ਤਿਨ ਕਉ ਬਿਆਪੈ ਚਿੰਤਾ ਰੋਗ ॥
ਕੋਉ ਨ ਵਡਾ ਮਾਇਆ ਵਡਿਆਈ, ਸੋ ਵਡਾ ਜਿਨਿ ਰਾਮ ਲਿਵ ਲਾਈ ॥

(ਗਉੜੀ ਸੁਖਮਨੀ ਮ: ੫)

ਵੱਡਾ ਉਹ ਹੈ, ਜਿਸ ਨੇ ਮਾਇਆ-ਚਿੰਤਾ ਰੋਗਾਂ ਦਾ ਤਿਆਗ ਕਰ ਕੇ ਆਪਣੀ ਸੁਰਤਿ ਨੂੰ ਪ੍ਰਭੂ-ਨਾਮ ਨਾਲ ਇਕ ਸੁਰ ਕਰ ਲਿਆ ਹੈ, ਜਿਹਨਾਂ ਨੇ ਪ੍ਰਭੂ-ਨਾਮ ਦੀਆਂ ਵਡਿਆਈਆਂ ਦਾ ਵੀਚਾਰ ਕੀਤਾ ਹੈ, ਜਿਹਨਾਂ ਨੇ ਪ੍ਰਭੂ-ਨਾਮ ਦੀ ਗੁਣ-ਭਰਪੂਰ ਤੇ ਦੈਵੀ-ਜ਼ਿੰਦਗੀ ਉਤੇ ਆਪਣੇ ਆਪ ਨੂੰ ਢਾਲਿਆ ਹੈ। ਹੇਠ ਲਿਖੇ ਬਾਣੀ-ਪ੍ਰਮਾਣ ਇਸ ਕਥਨ ਦੀ ਸਪਸ਼ਟ ਸਾਖੀ ਭਰਦੇ ਹਨ :—

(ੳ) ਸਤਿਗੁਰ ਵਿਚਿ ਵਡੀ ਵਡਿਆਈ

ਜੋ ਅਨਦਿਨੁ ਹਰਿ ਹਰਿ ਨਾਮ ਧਿਆਵੈ ॥
ਹਰਿ ਹਰਿ ਨਾਮ ਰਮਤ ਸੁਚ ਸੰਜਮ ਹਰਿਨਾਮੇ ਹੀ ਤ੍ਰਿਪਤਾਵੈ ।
ਹਰਿ ਨਾਮੁ ਤਾਣੁ ਹਰਿਨਾਮੁ ਦੀਬਾਣੁ ਹਰਿਨਾਮੇ ਰਖ ਕਰਾਵੈ ॥

(ਸਲੋਕ ਮ: ੪)

(ਅ) ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ ॥
ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ ।

(ਰਾਸਕਲੀ ਕੀ ਵਾਰ ਮ: ੫)

'ਨਿੰਮ੍ਰਤਾ' ਪ੍ਰਭੂ-ਵਡਿਆਈ ਦਾ ਹੀ ਸਰੇਸ਼ਟ ਤੇ ਮਹਾਨ ਗੁਣ ਹੈ। ਇਸ ਗੁਣ ਨੂੰ ਜੀਵਨ ਦਾ ਸਦੀਵ-ਕਾਲ ਤੇ ਸਰਬ-ਸਰੇਸ਼ਟ ਅੰਗ ਬਣਾ ਲੈਣ ਨਾਲ ਹੀ 'ਮੱਤ ਉੱਚੀ' ਹੋ ਸਕਦੀ ਹੈ, ਮਨੁਖ

Digitized by Panjab Digital Library | www.panjabdigilib.org

ਦਾ ਮਾਨਸਿਕ ਤੇ ਬੌਧਿਕ ਵਿਕਾਸ ਹੋ ਸਕਦਾ ਹੈ, ਮਨ, ਬੁਧਿ ਤੇ ਚਿਤ ਦਾ ਖੇਤਰ ਸਹਜਾਤਮਿਕ (ਸ਼ੁੱਧਾਤਮਕ) ਬਣ ਸਕਦਾ ਹੈ । 'ਮਨ ਨੀਵਾਂ' ਤੇ 'ਮੱਤ-ਉੱਚੀ' 'ਸਹਜਾਤਮਿਕ-ਜ਼ਿੰਦਗੀ' ਦਾ ਹੀ ਵਿਸ਼ੇਸ਼ ਤੇ ਮਹਾਨ ਤੱਤ-ਸਰੂਪ ਹੈ ।

'ਸਿੱਖ-ਧਰਮ' ਸਹਜਾਤਮਿਕ-ਜ਼ਿੰਦਗੀਆਂ ਦਾ ਹੀ ਧਰਮ ਹੈ। ਸਹਜਾਤਮਿਕ-ਜ਼ਿੰਦਗੀ ਦਾ ਭਾਵ ਹੈ, ਸ਼ੁੱਧ-ਮੰਡਲ ਵਿਚ ਵੱਸਣ ਵਾਲੀ ਆਤਮਕ-ਜ਼ਿੰਦਗੀ, ਪਵਿੱਤਰ ਤੇ ਨਿਰਮਲ ਜ਼ਿੰਦਗੀ। ਗੁਰੂ-ਸ਼ਖਸੀਅਤਾਂ ਦੀ ਜ਼ਿੰਦਗੀ ਸਹਜਾਤਮਿਕ ਜ਼ਿੰਦਗੀ ਸੀ, ਪਵਿੱਤਰ ਤੇ ਨਿਰਮਲ ਜ਼ਿੰਦਗੀ ਹੀ ਸੀ। ਚੂੰਕਿ ਉਹਨਾਂ ਦੀ ਜ਼ਿੰਦਗੀ ਅਮਲ ਤੇ ਆਚਰਣ ਦੀ ਜ਼ਿੰਦਗੀ ਸੀ, ਮਨ, ਬਚਨ ਤੇ ਕਰਮ-ਖੇਤਰ ਵਿਚ ਇਕਸਾਰ ਰਹਿਣ ਵਾਲੀ ਜ਼ਿੰਦਗੀ ਸੀ, ਇਸ ਲਈ ਉਹਨਾਂ ਦੇ ਕਾਵਿ-ਬੱਚਨਾਂ ਤੇ ਕਰਮ-ਕਰੜੱਵਾਂ ਵਿਚ ਵੀ ਉਹਨਾਂ ਦਾ ਅਮਲ ਤੇ ਆਚਰਣ ਹੀ ਮੂਰਤੀਮਾਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਵਿ-ਬਚਨ ਤਾਂ ਗੁਰੂ-ਆਤਮਾ ਦਾ ਸਾਖਿਆਤ-ਦਰਸ਼ਨ ਕਹਿਣੇ ਚਾਹੀਦੇ ਹਨ ਤੇ ਉਹਨਾਂ ਦੇ ਕਰਤੱਵ ਵੀ ਬੜੇ ਪਵਿੱਤਰ ਅਤੇ ਨਿਰਮਲ ਸਨ। ਪਵਿੱਤਰ ਅਤੇ ਨਿਰਮਲ-ਜ਼ਿੰਦਗੀਆਂ, ਹਮੇਸ਼ਾਂ ਆਤਮਕ-ਜ਼ਿੰਦਗੀ ਹੀ ਜੀਊਂਦੀਆਂ ਹਨ। 'ਸਰੀਰ, ਪਦਾਰਥ ਤੇ ਸੰਸਾਰ' ਉਹਨਾਂ ਵਾਸਤੇ ਬਹੁਤਾ ਮਹੱਤਵ ਪੂਰਨ ਨਹੀਂ ਹੁੰਦਾ। ਹਾਂ ਪ੍ਰਮਾਤਮਕ-ਮੰਡਲ ਨੂੰ ਹਰ ਮੁੱਲ ਤੇ ਕਾਇਮ ਰਖਣਾ, ਉਨ੍ਹਾਂ ਵਾਸਤੇ ਜ਼ਰੂਰੀ ਹੁੰਦਾ ਹੈ। 'ਸਿਖ ਧਰਮ' ਪ੍ਰਮਾਤਮਕ-ਮੰਡਲ ਦਾ ਹੀ ਧਰਮ ਹੈ। ਇਸੇ 'ਧਰਮ' ਦੀ ਸਥਿੱਰਤਾ ਤੇ ਸੁਰਖਿਆ ਵਾਸਤੇ ਸਮੇਂ ਸਮੇਂ ਅਨੁਸਾਰ ਗੁਰੂਆਂ, ਗੁਰਸਿੱਖਾਂ ਤੇ ਗੁਰਮੁੱਖਾਂ ਨੇ ਸ਼ਹਾਦਤਾਂ ਵੀ ਪ੍ਰਾਪਤ ਕੀਤੀਆਂ ਸਨ । 'ਸ਼ਹਾਦਤ' ਹਮੇਸ਼ਾਂ ਪ੍ਰਮਾਤਮਕ-ਮੰਡਲ ਵਿਚ ਵੱਸਣ ਵਾਲੀਆਂ ਹਸਤੀਆਂ ਹੀ ਦੇ ਸਕਦੀਆਂ ਹਨ, ਲਬ, ਲੋਭ ਤੇ ਹੰਕਾਰ ਤੋਂ ਮੁਕਤ-ਸ਼ਖਸੀਅਤਾਂ ਹੀ ਦੇ ਸਕਦੀਆਂ ਹਨ। 'ਸ਼ਹਾਦਤ' ਦੇਣਾ ਇਹ ਮਹਾਨ ਅਤੇ ਸ੍ਰੇਸ਼ਟ ਕਰਤੱਵ ਹੈ। 'ਮਹਾਨ' ਇਸ ਲਈ, ਇਸ ਤਰ੍ਹਾਂ ਦਾ ਕਰਤੱਵ 'ਕੋਟਨ ਮਹਿ ਕੋਊ' ਹੀ ਕਰ ਸਕਦਾ ਹੈ। ਤੇ 'ਸ੍ਰੇਸ਼ਟ' ਇਸ ਕਰ ਕੇ ਕਿਉਂਕਿ ਇਸ ਵਰਗਾ ਕਰਤੱਵ ਹੋਰ ਕੋਈ ਹੋ ਹੀ ਨਹੀਂ ਸਕਦਾ। 'ਸ਼ਹਾਦਤ' ਤਾਂ ਸਹਜਾਤਮਿਕ-ਖੇਤਰ ਦੀ ਮਹਾਨ ਪ੍ਰਾਪਤੀ ਹੈ। ਭਗਤੀ-ਖੇਤਰ ਦੀ ਮਹਾਨ ਪ੍ਰਾਪਤੀ 'ਅਨੰਦ' ਪ੍ਰਾਪਤੀ ਹੀ ਮੰਨੀ ਗਈ ਹੈ। 'ਸ਼ਹਾਦਤ' ਵਿਚੋਂ ਹੀ ਪੂਰਨ-ਪ੍ਰਮ-ਅਨੰਦ ਮਿਲਦਾ ਹੈ। ਜਦੋਂ ਭਗਤ ਕਬੀਰ ਜੀ ਕਹਿੰਦੇ ਹਨ :—

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ ॥

(ਸਲੋਕ ਭਗਤ ਕਬੀਰ ਜੀ)

ਤਾਂ ਉਹ ਸਹਜਾਤਮਿਕ-ਜ਼ਿੰਦਗੀ ਹੀ ਜੀਊ ਰਹੇ ਹਨ। ਸਹਜਾਤਮਿਕ-ਜ਼ਿੰਦਗੀ ਵਿਚ ਸ੍ਵੈ-ਹਿੱਤਾਂ ਦਾ ਤਾਂ ਬਿਲਕੁਲ ਤਿਆਗ ਹੁੰਦਾ ਹੈ। 'ਪਰ-ਸੇਵਾ ਤੇ ਪਰ-ਉਪਕਾਰ' ਕਰਨ ਦੀ ਭਾਵਨਾ ਹੀ ਪ੍ਰਮੁੱਖ ਹੁੰਦੀ ਹੈ । 'ਮਨ ਨੀਵਾਂ ਤੇ ਮੱਤ ਉੱਚੀ' ਵੀ ਕੁਝ ਇਸੇ ਤਰ੍ਹਾਂ ਦੀਆਂ ਭਾਵ-ਨਾਵਾਂ ਰੱਖਣ ਵਾਲੀ ਜ਼ਿੰਦਗੀ ਹੀ ਹੁੰਦੀ ਹੈ।

Digitized by Panjab Digital Library | www.panjabdigilib.org

'ਸਿੱਖ ਧਰਮ' 'ਮਨ ਨੀਵਾਂ ਤੇ ਮੱਤ ਉੱਚੀ' ਦਾ ਧਰਮ ਹੈ । ਗੁਰੂ-ਸ਼ਖਸੀਅਤਾਂ ਤਾਂ ਸਾਰੀਆਂ ਹੀ 'ਮਨ ਨੀਵਾਂ ਤੇ ਮੱਤ ਉੱਚੀ' ਰੱਖਣ ਵਾਲੀਆਂ ਸ਼ਖਸੀਅਤਾਂ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਦੇਸ਼-ਪ੍ਰਣਾਲੀ ਪ੍ਰਮੁਖ ਰੂਪ ਵਿਚ 'ਮਨ ਨੀਵਾਂ ਤੇ ਮੱਤ-ਉੱਚੀ' ਦੀ ਹੀ ਪ੍ਰਣਾਲੀ ਹੈ । ਭਗਤਾਂ ਤੇ ਭੱਟਾਂ ਦੀ ਕਾਵਿ-ਬਾਣੀ ਵੀ 'ਮਨ ਨੀਵਾਂ ਤੇ ਮੱਤ ਉੱਚੀ' ਦੀ ਹੀ 'ਉਪਦੇਸ਼-ਪ੍ਰਣਾਲੀ' ਮੂਰਤੀਮਾਨ ਕਰਦੀ ਹੈ । ਮੱਧ-ਕਾਲੀਨ ਦੀ ਭਾਰਤੀ ਭਗਤੀ-ਲਹਿਰ ਦੇ ਪ੍ਰਤੀਨਿਧ ਭਗਤ ਵੀ 'ਮਨ ਨੀਵਾਂ ਤੇ ਮੱਤ ਉੱਚੀ' ਸਿਧਾਂਤ ਦੇ ਹੀ ਵਿਸ਼ਵਾਸੀ ਸਨ । 'ਮਨ ਨੀਵਾਂ ਤੇ ਮੱਤ ਉੱਚੀ' ਸਾਰੇ ਵਿਸ਼ਵ ਦੇ ਆਤਮਕ-ਰਹੱਸਵਾਦੀਆਂ ਦਾ ਆਦਰਸ਼ ਹੈ । ਸ੍ਰਿਸ਼ਟ ਤੇ ਮਹਾਨ ਹਸਤੀਆਂ ਦਾ ਪਰਮ ਲਖਸ਼ ਵੀ ਇਹੀ ਹੈ । ਸਿਖ ਧਰਮ 'ਮਨ ਨੀਵਾਂ ਤੇ ਮੱਤ ਉੱਚੀ' ਲਖਸ਼ ਦਾ ਹੀ ਧਾਰਨੀ ਹੈ । ਇਸੇ ਲਖਸ਼ ਵਿਚੋਂ ਹੀ ਪ੍ਰਭੂ-ਦਰਬਾਰ ਵਿਚ ਪਰਵਾਨ ਹੋਣ ਦਾ ਨੀਸਾਣੁ ਪ੍ਰਾਪਤ ਹੁੰਦਾ ਹੈ । ਜਦੋਂ 'ਖਾਲਸਾ-ਪੰਥ' ਪ੍ਰਭੂ-ਸਨਮੁਖ ਕੀਤੀ ਅਰਦਾਸ-ਪ੍ਰਤਿੱਗਿਆ ਵਿਚ 'ਮਨ ਨੀਵਾਂ ਤੇ ਮੱਤ ਉੱਚੀ' ਬੋਲ ਦਾ ਪ੍ਰਗਟਾਵਾ ਕਰਦਾ ਹੈ, ਤਾਂ ਉਹ ਇਹ ਪ੍ਰਣ ਵੀ ਕਰ ਰਿਹਾ ਹੁੰਦਾ ਹੈ, ਕਿ ਮੈਂ ਮਨ ਨੂੰ ਸਦੀਵ-ਕਾਲ ਨੀਵਾਂ ਰੱਖਾਂਗਾ ਤੇ ਮੱਤ ਨੂੰ ਉੱਚੀ ਰੱਖਾਂਗਾ । 'ਮਨ ਨੀਵਾਂ ਤੇ ਮੱਤ ਉੱਚੀ' ਦੀ ਜ਼ਿੰਦਗੀ ਜੀਉਣਾ ਤਾਂ ਪ੍ਰਮਾਤਮਕ-ਜ਼ਿੰਦਗੀ ਜੀਉਣ ਦੀ ਪਹਿਚਾਣ ਹੈ ।

Digitized by Panjab Digital Library | www.panjabdigilib.org

ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ

'ਚੜ੍ਹਦੀ-ਕਲਾ' ਉੱਚ-ਆਤਮਕ ਅਵੱਸਥਾ ਦੀ ਪ੍ਰਤੀਕ ਬਿਰਤੀ ਹੈ ਤੇ 'ਸਰਬੱਤ ਦਾ ਭਲਾ' ਇਸ ਉੱਚ-ਆਤਮਕ ਬਿਰਤੀ ਦਾ ਵਿਹਾਰਕ ਤੇ ਅਮਲੀ ਰੂਪ ਵਿਚ ਕੀਤਾ ਪੂਰਨ ਤੇ ਪ੍ਰਭਾਵਸ਼ਾਲੀ ਪ੍ਰਗਟਾਵਾ ਹੈ। 'ਚੜ੍ਹਦੀ' ਦਾ ਭਾਵ ਹੈ, 'ਸਰਵੋਤਮ' ਤੇ 'ਕਲਾ' ਦਾ ਭਾਵ-ਅਰਥ ਹੈ, 'ਸ਼ਕਤੀ'। 'ਸਰਵੋਤਮ-ਸ਼ਕਤੀ' ਨਾਲ ਇਕ ਸੁਰ ਤੇ ਇਕ ਸਮਾਨ ਹੋ ਕੇ ਹੀ ਚੜ੍ਹਦੀ-ਕਲਾ ਦੀ ਜ਼ਿੰਦਗੀ ਜੀਵੀ ਜਾ ਸਕਦੀ ਹੈ। 'ਸ਼ਕਤੀ' ਦਾ ਸੰਕਲਪ ਦੋ ਪਖੋਂ ਮੂਰਤੀਮਾਨ ਕੀਤਾ ਜਾਂਦਾ ਹੈ। ਇਕ ਦੁਨਿਆਵੀ ਸ਼ਕਤੀ ਹੈ, ਜਿਸ ਨੂੰ ਸੰਸਾਰ-ਸ਼ਕਤੀ ਵੀ ਆਖਿਆ ਜਾਂਦਾ ਹੈ। ਸੰਸਾਰ-ਸ਼ਕਤੀਆਂ ਵਿਚੋਂ ਸਰਵੋਤਮ-ਸ਼ਕਤੀ 'ਅਰਥ' ਦੀ ਸ਼ਕਤੀ ਨੂੰ ਹੀ ਸਵੀਕਾਰ ਕੀਤਾ ਜਾਦਾ ਹੈ। ਅਰਥ (ਮਾਇਆ-ਪੈਸਾ) ਨਾਲ ਹੀ ਸ਼ਕਤੀ ਤੇ ਸੁਹੱਪਣ ਨੂੰ ਖਰੀਦਿਆ ਜਾ ਸਕਦਾ ਹੈ, ਅਰਥ-ਸਹਾਰੇ ਹੀ ਦੁੱਖਾਂ, ਵਿਰੋਧਤਾਈਆਂ ਤੇ ਨਿੱਜੀ ਜ਼ਿਮੇਵਾਰੀਆਂ ਦਾ ਨਾਸ਼ ਕੀਤਾ ਜਾ ਸਕਦਾ ਹੈ। ਅਰਥ-ਸਹਾਰੇ ਹੀ ਅੱਜ ਧਰਮ ਤੇ ਕਰਮ ਦੇ ਕਰਤੱਵਾਂ ਵਿਚ ਆਪਣੀ ਹਉਮੈ ਤੇ ਹੰਕਾਰ ਦੀ ਚੌਧਰ-ਭੁਖ ਨੂੰ ਤ੍ਰਿਪਤ ਕੀਤਾ ਜਾ ਸਕਦਾ ਹੈ ਤੇ ਅਰਥ-ਸਹਾਰੇ ਹੀ ਮਨੁਖ ਆਪਣੇ ਆਪ ਨੂੰ ਬਲਵਾਨ ਮਿੱਥਨ ਲਗ ਪੈਂਦਾ ਹੈ। ਹਾਂ 'ਅਰਥ ਦੀ ਸ਼ਕਤੀ' ਸੰਸਾਰ-ਸ਼ਕਤੀਆਂ ਵਿਚੋਂ ਤਾਂ ਪਰਬੱਲ ਤੇ ਸਰਵੋਤਮ-ਸ਼ਕਤੀ ਜ਼ਰੂਰ ਮੰਨ ਲਈ ਜਾਂਦੀ ਹੈ। ਪਰ ਆਤਮਕ-ਦ੍ਰਿਸ਼ਟੀ ਤੋਂ ਇਸ ਅਰਥ-ਸ਼ਕਤੀ ਦਾ ਮੁੱਲ ਉਨਾਂ ਹੀ ਹੈ, ਜਿੰਨਾ ਇਸ ਦੁਨੀਆਂ ਤੇ ਸੰਸਾਰ ਦਾ ਹੈ ਅਰਥਾਤ ਥੋੜ-ਚਿਰਾ। ਥੋੜ-ਚਿਰੀਆਂ ਤੇ ਅਸਥਿਰ-ਬਿਰਤੀਆਂ ਵਿਚ ਚੜ੍ਹਦੀ-ਕਲਾ ਦਾ ਭਾਵ ਨਹੀਂ ਹੁੰਦਾ। ਕਿਉਂਕਿ 'ਚੜ੍ਹਦੀ-ਕਲਾ ਇਕ ਰਸ ਤੇ ਇਕ ਸਮਾਨ ਰਹਿਣ ਵਾਲੀ ਉੱਚ-ਆਤਮਕ ਬਿਰਤੀ ਹੈ।

ਅਧਿਆਤਮਿਕ-ਦੁਨੀਆਂ ਵਿਚ 'ਉਚ-ਆਤਮਕ ਬਿਰਤੀ' ਨੂੰ ਹੀ ਸਰਵੋਤਮ-ਸ਼ਕਤੀ ਮੰਨਿਆਂ ਜਾਂਦਾ ਹੈ। ਧਰਮ-ਸ਼ਕਤੀ ਨੂੰ ਇਸ ਸਰਵੋਤਮ-ਸ਼ਕਤੀ ਦਾ ਆਧਾਰ ਮਿਥਿਆ ਜਾਂਦਾ ਹੈ। 'ਚੜ੍ਹਦੀ-ਕਲਾ' ਇਕ ਦ੍ਰਿਸ਼ਟੀਕੋਣ ਤੋਂ ਧਰਮ, ਮੋਖ ਤੇ ਅਨੰਦ-ਅਵੱਸਥਾ ਤੋਂ ਹੀ ਉਪਜੀ 'ਕਲਾ' ਦਾ ਨਾਮ ਹੈ। 'ਚੜ੍ਹਦੀ-ਕਲਾ' ਮਨੁਖ-ਜੀਵਨ ਨੂੰ ਹਮੇਸ਼ਾਂ ਆਸ਼ਾਵਾਦੀ ਤੇ ਉਸਾਰੂ-ਵਾਤਾਵਰਣ ਵਿਚ ਸਥਿਤ ਰਖਦੀ ਹੈ, ਮਨੁਖ-ਜੀਵਨ ਨੂੰ ਦੁੱਖਾਂ ਤੇ ਵਿਰੋਧਤਾਈਆਂ ਵਿਚ ਵੀ ਅਡੋਲ ਤੇ ਸ਼ਾਂਤ ਰਖਦੀ ਹੈ, ਮਨੁਖ-ਜੀਵਨ ਨੂੰ ਵਿਸ਼ਾਲ-ਜਿੱਗਰਾ, ਉੱਚੀ-ਸ਼ਖਸੀਅਤ ਨੂੰ ਸਥਿੱਰ ਰੱਖਣ ਦਾ ਸਦੀਵੀ ਬੱਲ ਤੇ ਸਾਹਸ ਪ੍ਰਦਾਨ ਕਰਦੀ ਹੈ, ਮਨੁਖ-ਜੀਵਨ ਨੂੰ ਬੇਫਿਕਰੀ ਤੇ ਹਰ ਤਰ੍ਹਾਂ ਦੇ ਖਤਰੇ ਨਾਲ ਜੂਝਣ ਦਾ ਸੰਘਰਸ਼ ਬਖਸ਼ਦੀ ਹੈ। 'ਚੜ੍ਹਦੀ-ਕਲਾ' ਵਾਲਾ ਮਨੁਖ 'ਉਚ-ਆਤਮਕ ਜ਼ਿੰਦਗੀ' ਦਾ ਮਾਲਕ ਹੁੰਦਾ ਹੈ। ਉਸ ਵਿਚ ਨਾ ਤਾਂ ਲੋਭ-ਲਾਲਚ ਹੁੰਦਾ ਹੈ, ਨਾ ਡਰ-ਡਰਾਵਾ ਅਤੇ ਨਾ ਹੀ ਹੰਕਾਰ ਤੇ ਹੋਛਾਪਣ ਹੁੰਦਾ ਹੈ। ਚੜ੍ਹਦੀ-ਕਲਾ ਵਾਲਾ ਮਨੁਖ ਤਾਂ

Digitized by Panjab Digital Library | www.panjabdigilib.org

ਸੰਜਮ ਤੇ ਸੰਤੋਖ ਦੀ ਜ਼ਿੰਦਗੀ ਜੀਉਂਦਾ ਹੈ, ਮਿੱਠਾਸ ਤੇ ਨਿੰਮ੍ਰਤਾ ਦਿਆਂ ਚੰਗਿਆਈ-ਗੁਣਾਂ ਵਿਚ ਜੀਉਂਦਾ ਹੈ । ਅਸਲ ਵਿਚ ਚੰਗਿਆਈ-ਗੁਣ ਤਾਂ ਆਧਾਰ ਹਨ-ਉੱਚ-ਆਤਮਕ ਜ਼ਿੰਦਗੀ ਨੂੰ ਨਿਰਮਾਣਨ ਤੇ ਚੜ੍ਹਦੀ-ਕਲਾ ਵਿਚ ਰਹਿਣ ਦੇ । 'ਚੜ੍ਹਦੀ-ਕਲਾ' ਦੀ ਉੱਚ ਆਤਮਕ ਬਿਰਤੀ ਵਿਚ ਜੀਊਣ ਵਾਲਾ ਮਨੁਖ ਹੀ 'ਸਰਬੱਤ ਦਾ ਭਲਾ' ਮੰਗ ਸਕਦਾ ਹੈ ।

'ਸਰਬੱਤ' ਦਾ ਭਾਵ-ਅਰਥ ਹੈ, 'ਸ੍ਰਿਸ਼ਟ-ਆਕਾਰ ਵਿਚ ਵਸਦੀ ਸਾਰੀ ਮਨੁੱਖਤਾ' । 'ਮਨੁਖਤਾ' ਹੀ ਸਰਦਾਰ ਹੈ, ਸਾਰੀਆਂ ਜੀਊਂਦੀਆਂ ਸ਼ਕਤੀਆਂ ਦੀ । ਜਦੋਂ 'ਸਰਬੱਤ ਦਾ ਭਲਾ' ਭਾਵ ਪ੍ਰਗਟਾਇਆ ਜਾਂਦਾ ਹੈ ਤਾਂ ਇਕ ਦ੍ਰਿਸ਼ਟੀਕੋਣ ਤੋਂ ਸਾਰੀ ਮਨੁਖਤਾ ਦੀ ਭਲਿਆਈ ਵਾਸਤੇ ਆਪਣੇ ਮਨ-ਭਾਵ ਵਿਚ ਸ਼ੁਭ-ਇੱਛਾ ਪੈਦਾ ਕੀਤੀ ਜਾਂਦੀ ਹੈ । ਸ੍ਰਿਸ਼ਟੀ-ਆਕਾਰ ਵਿਚ ਵਸਦੀ ਸਾਰੀ ਮਨੁਖੜਾ ਵਾਸਤੇ ਸਦੀਵ-ਕਾਲ ਸ਼ੁਭ-ਇੱਛਤ ਹੋ ਜਾਣਾ ਹੀ 'ਸਰਬੱਤ ਦਾ ਭਲਾ' ਭਾਵ ਦਾ ਪੂਰਨ-ਪ੍ਰਗਟਾਵਾ ਹੈ । ਇਹ ਠੀਕ ਹੈ ਕਿ ਸਰਬ ਮਨੁਖਤਾ ਵਿਚ ਦ੍ਵੈਤ-ਭਾਵ ਪ੍ਰਧਾਨ ਹੈ । ਮਜ਼ਹਬ, ਗੁਰੂ, ਗ੍ਰੰਥ, ਬੋਲੀ, ਜਾਤਿ, ਸਭਿਆਚਾਰ, ਰੂਪ-ਰੰਗ ਤੇ ਵਰਣ ਦੇ ਅਨੇਕਾਂ ਹੀ ਦ੍ਵੈਤ-ਭਾਵ ਪ੍ਰਤੱਖ ਤੌਰ ਤੇ ਵੇਖੇ ਜਾ ਸਕਦੇ ਹਨ । ਪਰ ਮਜ਼ਹਬ, ਸਭਿਅਤਾ ਤੇ ਰੂਪ-ਭਾਵਾਂ ਦੀ ਅਨੇਕਤਾ ਹੋਣ ਦੇ ਬਾਵਜੂਦ ਵੀ, ਨਿਜ ਤੇ ਪਰ-ਪੱਧਰ ਉਤੇ ਸਰਬੱਤ ਦੀ ਭਲਿਆਈ ਵਾਸਤੇ ਪ੍ਰਭੂ ਪਾਸੋਂ ਖੈਰ ਮੰਗਣਾ, ਸਰਬੱਤ ਨੂੰ ਆਦਰਸ਼ਕ ਤੇ ਉਸਾਰੂ ਵੇਖਣ ਦੀ ਆਭੇਲਾਸ਼ਾ ਦਾ ਪ੍ਰਗਟਾਵਾ ਕਰਨਾ, ਸਰਬੱਤ ਵਿਚ ਚੰਗਿਆਈ-ਗੁਣਾਂ ਦਾ ਪਰਵੇਸ਼ ਤਕਣਾ, ਸਰਬੱਤ ਨੂੰ ਸਰਬ-ਖੇਤਰ ਵਿਚ ਅਦ੍ਵੈਤ ਹੋ ਕੇ ਵੇਖਣ ਦਾ ਮਾਨਸਿਕ-ਨਿਰਣਾ ਕਰਨਾ, ਇਹ ਇਕ ਚੜ੍ਹਦੀ ਕਲਾ ਵਿਚ ਜੀਊਂਦੀ ਆਤਮਾ ਦਾ ਹੀ ਪ੍ਰਗਟਾਵਾ ਆਖਿਆ ਜਾ ਸਕਦਾ ਹੈ । 'ਚੜ੍ਹਦੀ-ਕਲਾ' ਦੀ ਬਿਰਤੀ-ਅਵੱਸਥਾ ਵਿਚੋਂ ਹੀ 'ਸਰਬੱਤ ਦਾ ਭਲਾ' ਭਾਵ ਅਮਲੀ ਰੂਪ ਵਿਚ ਉਜਾਗਰ ਹੁੰਦਾ ਹੈ । 'ਸਰਬਤ ਦਾ ਭਲਾ' ਭਾਵ ਇਕ ਅਜਿਹਾ ਤੱਤ੍ਵ ਹੈ, ਜਿਸ ਸਹਾਰੇ ਮਨੁਖ ਦੀ ਚੜ੍ਹਦੀ-ਕਲਾ ਤੇ ਢਹਿੰਦੀ-ਕਲਾ ਬਿਰਤੀ ਦਾ ਅੰਗ-ਨਿਖੇੜ ਕੀਤਾ ਜਾ ਸਕਦਾ ਹੈ ।

ਚੜ੍ਹਦੀ-ਕਲਾ ਦਾ ਵਿਰੋਧੀ ਤੱਤ੍ਵ ਢਹਿੰਢੀ-ਕਲਾ ਹੈ । ਢਹਿੰਦੀ-ਕਲਾ ਦੀ ਅਵੱਸਥਾ ਵਿਚ ਮਨੁਖ ਬੜਾ ਉਦਾਸ, ਨਿਰਾਸ਼, ਅਪਸਾਰੂ ਤੇ ਉਲਾਰ-ਜ਼ਿੰਦਗੀ ਜੀਊ ਰਿਹਾ ਹੁੰਦਾ ਹੈ । ਪ੍ਰਭੂ-ਨਾਮ ਜਾਂ ਪ੍ਰਭੂ-ਭਾਣਾ ਨੂੰ ਮੰਨਣਾ, ਉਸ ਵਾਸਤੇ ਬੜੇ ਦੂਰ ਦੀ ਗਲ ਹੁੰਦੀ ਹੈ । ਦੁਖ, ਵਿਰੋਧਤਾ ਤੇ ਧੀਰਜ ਤਾਂ ਉਸ ਵਾਸਤੇ ਇਕ ਤਰਾਂ ਦਾ ਪਹਾੜ-ਬੋਝ ਹੰਦੇ ਹਨ । ਸਬਰ ਤੇ ਧੀਰਜ ਤਾਂ ਉਸ ਵਿਚ ਬਿਲਕੁਲ ਹੀ ਮੁਕ ਜਾਂਦਾ ਹੈ । ਜ਼ਿੰਦਗੀ ਵਿਚ ਕਾਹਲ, ਕੁੜ੍ਹਨਾ ਤੇ ਕੁੜਿੱਤਨ ਹੀ ਪ੍ਰਧਾਨ ਬਣ ਜਾਂਦੇ ਹਨ । ਅਜਿਹੀ ਅਵੱਸਥਾ ਵਿਚ ਮਨੁਖ ਨਾ ਤਾਂ ਉਸਾਰੂ-ਕਰਤੱਵ ਕਰ ਸਕਦਾ ਹੈ ਅਤੇ ਨਾ ਹੀ ਆਦਰਸ਼ਕ-ਪੰਥ ਦੀ ਤਾਬਿਆ ਰਹਿ ਸਕਦਾ ਹੈ । 'ਮਨੁਖ' ਮਨ-ਮਰਜ਼ੀ ਨੂੰ ਹੀ ਬਲਵਾਨ ਮੰਨ ਲੈਂਦਾ ਹੈ । ਮਨ-ਮਰਜ਼ੀ ਮੁਤਾਬਿਕ ਜ਼ਿੰਦਗੀ ਵਿਚ ਵਿਚਰਣ ਨਾਲ ਤਾਂ ਮਨੁਖ ਹਮੇਸ਼ਾਂ ਅੰਤ ਉਦਾਸ ਤੇ ਨਿਰਾਸ਼ ਹੁੰਦਾ ਹੈ । ਕਿਉਂਕਿ ਮਨ-ਮਰਜ਼ੀ ਦੀ ਸੀਮਾ ਦੁਨਿਆਵੀ-ਸ਼ਕਤੀਆਂ ਤਕ ਹੀ ਸੀਮਤ ਹੈ । ਭਾਵੇਂ ਸੰਸਾਰ ਜਾਂ ਦੁਨੀਆਂ ਸਤਿ ਜਾਂ ਸੰਚਖੱਡ ਦਾ ਹੀ ਪ੍ਰਤੀਬਿੰਬ ਹੈ, ਪਰ ਦੁਨਿਆਵੀ-ਸ਼ਕਤੀਆਂ ਨੂੰ ਜਦੋਂ ਮਨ-ਮਰਜ਼ੀ ਦੇ ਸਹਾਇਕ ਨਿਸਚਿਤ ਕੀਤਾ ਜਾਵੇਗਾ,

Digitized by Panjab Digital Library | www.panjabdigilib.org

ਤਾਂ ਉਸ ਦਾ ਜਿਹੜਾ ਸੁਭਾਵਕ ਪ੍ਰਤੀਕਰਮ ਹੋਵੇਗਾ, ਉਹ ਬਹੁਤਾ ਦੁਨਿਆਵੀ ਤੇ ਥੋੜ-ਚਿਰਾ ਹੀ ਹੋਵੇਗਾ। ਕਿਉਂਕਿ ਮਨ–ਮਰਜ਼ੀ ਪਿਛੇ ਖਾਹਿਸ਼ਾਂ ਦਾ ਭੰਡਾਰ ਹੈ। ਖਾਹਿਸ਼ਾਂ ਹੀ ਮਨੁਖ ਨੂੰ ਦੁਨਿਆਵੀ ਤੌਰ ਤੇ ਲੋਭੀ ਤੇ ਲਾਲਚੀ ਬਣਾਉਂਦੀਆਂ ਹਨ। ਚੂੰਕਿ ਖਾਹਿਸ਼ਾਂ ਬਦਲਦੀਆਂ ਹਨ, ਲੋਭ ਅਤੇ ਲਾਲਚ ਵਧਦੇ ਘਟਦੇ ਰਹਿੰਦੇ ਹਨ, ਇਸ ਦਾ ਇਕ ਫੱਲ ਇਹ ਹੁੰਦਾ ਹੈ ਕਿ 'ਮਨੁਖ' ਆਪਣੇ 'ਮਨ ਦੀ ਇਕਾਗਤਾ', ਇਕ ਰਸ-ਮਗਨਤਾ ਨੂੰ ਖੋਹ ਬੈਠਦਾ ਹੈ। ਨਿਜ–ਪੱਧਰ ਉਤੇ ਉਸ ਦਾ ਦੁਨਿਆਵੀ--ਸ਼ਕਤੀਆਂ ਨਾਲ ਸੰਘਰਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। 'ਸੰਘਰਸ਼' ਵਿਚੋਂ ਉਹ ਹਮੇਸ਼ਾਂ ਫ਼ਤਹਿ ਪ੍ਰਾਪਤ ਕਰਨਾ ਚਾਹੁੰਦਾ ਹੈ, ਪਰ ਜਦੋਂ ਸਦੀਵ-ਕਾਲ ਫ਼ਤਹਿ ਨਹੀਂ ਹੁੰਦੀ, ਕਦੇ ਕਦੇ ਹੁੰਦੀ ਹੈ, ਤਾਂ ਉਹ ਉਦਾਸ ਤੇ ਖੁਸ਼ੀ, ਨਿਰਾਸ਼ ਤੇ ਆਸ ਦੇ ਚੱਕਰ ਵਿਚ ਗ੍ਰਸਿਆ ਜਾਂਦਾ ਹੈ। ਇਸੇ ਚੱਕਰ ਨੂੰ ਹੀ ਸੰਸਾਰ ਦਾ ਚੱਕਰ ਆਖਿਆ ਜਾਂਦਾ ਹੈ। 'ਸੰਸਾਰ' ਅਸਲ ਵਿਚ ਹੈ ਹੀ ਇਕ ਚੱਕਰ। ਸ੍ਰਿਸ਼ਟੀ ਦੀ ਹਰ ਦਿਸ਼ਾ ਇਸ ਚੱਕਰ ਦਾ ਹੀ ਇਕ ਭਾਗ ਹੈ। ਜਦੋਂ ਸ੍ਰਿਸ਼ਟੀ-ਸੰਸਾਰ ਨੂੰ ਗੋਲ ਆਖਿਆ ਜਾਂਦਾ ਹੈ, ਤਾਂ ਇਸ ਦਾ ਭਾਵ–ਅਰਥ ਵੀ ਇਹੀ ਹੈ ਕਿ ਸੰਸਾਰ ਚੱਕਰ ਹੈ। ਮਨ ਨੂੰ ਚੱਕਰ ਵਿਚ ਫਸਾ ਲੈਣਾ, ਅਸਲ ਵਿਚ ਦੁਨਿਆਵੀ-ਜ਼ਿੰਦਗੀ ਵਿਚ ਵਿਚਰਣ ਦੀ ਪਹਿਚਾਣ ਹੈ। ਦੁਨਿਆਵੀ ਚੱਕਰ ਵਿਚ ਦੁਖ ਵੀ ਹਨ ਤੇ ਸੁਖ ਵੀ ਹਨ। ਵਿਅਕਤੀਗਤ ਪੱਧਰ ਤੇ 'ਦੁਖ' ਵੇਲੇ ਦੁਖੀ ਹੋਣਾ ਤੇ 'ਸੁਖ' ਵੇਲੇ ਸੁਖੀ ਹੋਣਾ, ਅਸਲ ਵਿਚ ਇਹ ਜ਼ਿੰਦਗੀ ਅਪਸਾਰੂ ਤੇ ਉਲਾਰ–ਜ਼ਿੰਦਗੀ ਹੈ। ਇਸ ਤਰ੍ਹਾਂ ਦੀ ਚੱਕਰ-ਜ਼ਿੰਦਗੀ ਵਿਚ ਨਾਂ ਤਾਂ ਮਨੁਖ ਵਿਕਾਸ਼ ਕਰ ਸਕਦਾ ਹੈ ਅਤੇ ਨਾ ਹੀ ਆਪਣੇ ਮਨ ਦੀ ਸ਼ਾਂਤੀ ਨੂੰ ਸਥਿਰ ਰਖ ਸਕਦਾ ਹੈ। ਕਿਉਂਕਿ ਉਦਾਸ, ਨਿਰਾਸ਼, ਅਪਸਾਰੂ ਤੇ ਉਲਾਰ–ਵਾਤਾਵਰਣ ਵਿਚ ਤਾਂ ਕਦੀ ਵੀ ਮਨ ਦੀ ਇਕਾਗਰਤਾ ਰਹਿ ਹੀ ਨਹੀਂ ਸਕਦੀ ਤੇ ਜੇ ਮਨ ਦੀ ਇਕਾਗਰਤਾ ਨਹੀਂ, ਮਨ ਦੀਆਂ ਬਿਰਤੀਆਂ ਅਖੰਡ ਨਹੀਂ, ਤਾਂ ਮਨ ਹਮੇਸ਼ਾਂ ਦ੍ਵੈਤ ਵਲ ਭਜਦਾ ਹੈ। ਦ੍ਵੈਤ ਵਿਚ ਫਸਿਆ ਮਨ ਤਾਂ ਹਮੇਸ਼ਾਂ ਅੰਤਿਮ ਰੂਪ ਵਿਚ ਦੁਖੀ ਹੁੰਦਾ ਹੈ। 'ਦੁਖ–ਭਰਪੂਰ–ਜੀਵਨ' ਵਿਚ 'ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ' ਵਰਗੀਆਂ ਦੈਵੀ-ਬਿਰਤੀਆਂ ਨੂੰ ਨਹੀਂ ਲਭਿਆ ਜਾ ਸਕਦਾ। ਨਾਲੇ ਦੁਖ–ਭਰਪੂਰ–ਜੀਵਨ ਤਾਂ ਹਮੇਸ਼ਾਂ ਅਸ਼ਾਂਤ ਤੇ ਅਸਥਿਰ ਜੀਵਨ ਹੈ। ਅਜਿਹੇ ਜੀਵਨ ਵਿਚ ਉਸਾਰੂ ਤੇ ਆਦਰਸ਼ਕ ਭਾਵਨਾਵਾਂ ਤਾਂ ਬਿਲਕੁਲ ਹੀ ਨਹੀਂ ਹੁੰਦੀਆਂ। ਉਸਾਰੂ ਤੇ ਆਦਰਸ਼ਕ-ਭਾਵਨਾਵਾਂ ਤਾਂ ਹਮੇਸ਼ਾਂ ਮਨ ਦੀ ਇਕਾਗਰਤਾ ਵਿਚੋਂ ਪੈਦਾ ਹੁੰਦੀਆਂ ਹਨ। 'ਮਨ ਦੀ ਇਕਾਗਤਾ' ਹੀ ਅਸਲ ਵਿਚ 'ਚੜ੍ਹਦੀ-ਕਲਾ' ਦਾ 'ਬੇਗਮ–ਪੁਰਾ' ਹੈ।

'ਬੇਗਮ–ਪੁਰ' ਪ੍ਰਭੂ-ਮੰਡਲ ਦਾ ਪ੍ਰਤੀਕ ਹੈ। ਪ੍ਰਭੂ-ਮੰਡਲ ਵਿਚ ਕਿਸੇ ਤਰ੍ਹਾਂ ਦਾ ਗਮ, ਦੁਖ ਜਾਂ ਵੈਰ ਭਾਵ ਨਹੀਂ ਹੁੰਦਾ। ਗਮ, ਦੁਖ, ਤੇ ਵੈਰ ਭਾਵਾਂ ਤੋਂ ਮੁਕਤ ਹੋ ਕੇ ਹੀ ਮਨ ਦੀਆਂ ਬਿਰਤੀਆਂ ਨੂੰ ਸ਼ਾਂਤ ਤੇ ਅਡੋਲ ਰਖਿਆ ਜਾ ਸਕਦਾ ਹੈ। ਅਸਲ ਵਿਚ ਮਨੁਖ-ਮਨ ਦੀ ਸ਼ਾਂਤ ਤੇ ਅਡੋਲ ਅਵੱਸਥਾ ਹੀ ਚੜ੍ਹਦੀ-ਕਲਾ ਦੀ ਅਵੱਸਥਾ ਹੈ। ਸ਼ਾਂਤ-ਅਵੱਸਥਾ ਵਿਚ ਉਹ ਕਿਸੇ ਦੁਖ ਤੋਂ ਦੁਖੀ ਨਹੀਂ ਹੁੰਦਾ, ਬਲਕਿ ਦੁਖ ਨੂੰ 'ਪ੍ਰਭੂ' ਵਲੋਂ ਪ੍ਰਾਪਤ ਹੋਇਆ ਦੁਖ-ਦਾਰੂ ਮੰਨ ਕੇ ਜ਼ਿੰਦਗੀ ਵਿਚ ਵਿਚਰਦਾ ਰਹਿੰਦਾ ਹੈ, ਤੇ ਇਸੇ ਤਰ੍ਹਾਂ ਸੁਖ ਨੂੰ ਰੋਗ ਸਮਝ ਕੇ, ਆਪਣੇ ਆਪ ਨੂੰ ਉਸ ਵਿਚ ਬਹੁਤਾ ਖਚਿੱਤ ਨਹੀਂ ਕਰਦਾ। ਦੁਖ਼ ਤੇ ਸੁਖ ਨੂੰ 'ਪ੍ਰਭੂ–ਚੱਕਰ' ਦਾ ਭਾਗ (ਕਿਸਮਤ)

Digitized by Panjab Digital Library | www.panjabdigilib.org

ਮੰਨ ਕੇ, ਆਪਣੇ ਆਪ ਨੂੰ ਸਰਬ ਮੰਡਲ ਵਿਚ ਸਮ-ਦ੍ਰਿਸ਼ਟ ਬਣਾ ਲੈਣਾ, ਅਸਲ ਵਿਚ ਇਹ ਚੜ੍ਹਦੀ-ਕਲਾ ਬਿਰਤੀ ਦਾ ਪ੍ਰਮਾਣ ਹੈ, ਚੜ੍ਹਦੀ-ਕਲਾ ਦੀ ਜੀਵਨ-ਅਵੱਸਥਾ ਦੀ ਪਹਿਚਾਣ ਹੈ। ਚੜ੍ਹਦੀ-ਕਲਾ ਦੀ ਬਿਰਤੀ ਵਿਚ ਜੀਉਣ ਵਾਲਾ ਵਿਰੋਧਤਾਈਆਂ ਤੋਂ ਘਬਰਾਂਦਾ ਨਹੀਂ, ਸਗੋਂ ਵਿਰੋਧਤਾਈਆਂ ਨੂੰ ਜ਼ਿੰਦਗੀ ਦੀ ਖੂਬਸੂਰਤੀ ਮੰਨ ਕੇ, ਜ਼ਿੰਦਗੀ ਦੇ ਉੱਚ-ਆਤਮਕ-ਪੰਥ ਵਲ ਹੀ ਵਧਦਾ ਜਾਂਦਾ ਹੈ। ਚੜ੍ਹਦੀ-ਕਲਾ ਵਾਲਾ ਜੀਵਨ ਤਾਂ ਵਿਰੋਧਤਾਈਆਂ ਨੂੰ ਆਪਣੀ ਪ੍ਰਗਤੀ-ਸ਼ੀਲਤਾ ਦਾ ਰਾਜ਼-ਭੇਦ ਸਵੀਕਾਰ ਕਰਦਾ ਹੈ। ਉਸ ਦਾ ਵਿਸ਼ਵਾਸ ਹੁੰਦਾ ਹੈ, ਕਿ ਮੇਰਾ ਕਰੱਤਵ ਉਸਾਰ ਤੇ ਆਦਰਸ਼ਕ-ਪੰਥ ਵਲ ਜਾਣਾ ਹੀ ਹੈ, ਭਾਵੇਂ ਵਿਰੋਧੀ ਦਾ ਕਰੱਤਵ ਵਿਰੋਧਤਾ ਕਰਨਾ ਹੀ ਹੋਵੇ। ਉਹ ਵਿਰੋਧੀ ਦੀ ਵਿਰੋਧਤਾ ਨਹੀਂ ਕਰਦਾ। ਆਪਣੇ ਆਪ ਹੀ ਉਸ ਦੇ ਦੈਵੀ-ਕਰਤੱਵ ਵਿਰੋਧੀ ਦੀ ਵਿਰੋਧਤਾ ਉਤੇ ਹਾਵੀ ਹੋ ਜਾਂਦੇ ਹਨ। ਅਸਲ ਵਿਚ ਇਹੀ ਦੈਵੀ ਕਰਤੱਵ ਵਿਸ਼ਵ ਦੀ ਧਰਮ-ਪ੍ਰਣਾਲੀ ਵਿਚ 'ਰੱਬ ਜਾਂ ਬ੍ਰਹਮ' ਦੇ ਮੂਰਤੀਮਾਨ ਕੀਤੇ ਗਏ ਹਨ। ਚੜ੍ਹਦੀ-ਕਲਾ ਦੇ ਇਹ ਦੈਵੀ-ਗੁਣ ਕਿਸੇ ਮਨੁਖ ਵਿਚ 'ਪ੍ਰਮਾਤਮਾ' ਦੀ ਮੱਘਦੀ ਹੋਂਦ ਦਾ ਸਬੂਤ ਹਨ। 'ਚੜ੍ਹਦੀ-ਕਲਾ' ਤਾਂ ਪ੍ਰਮਾਤਮਾ ਦੀ ਉੱਚ-ਆਤਮਕ-ਅਵੱਸਥਾ ਦਾ ਹੀ ਨਾਮ ਹੈ। ਉਚ-ਆਤਮਕ-ਅਵੱਸਥਾ ਵਿਚ ਜੀਉਣਾ ਪ੍ਰਭੂ ਦਾ ਜੀਉਣਾ ਹੈ। 'ਪ੍ਰਭੂ-ਜੀਵਨ' ਵਿਚ ਹੀ ਚੜ੍ਹਦੀ-ਕਲਾ ਰਹਿ ਸਕਦੀ ਹੈ ਤੇ ਇਸੇ ਜੀਵਨ-ਅਵੱਸਥਾ ਵਿਚੋਂ ਹੀ ਸ੍ਰਿਸ਼ਟੀ-ਆਕਾਰ ਵਿਚ ਵਸਦੇ ਸਰਬ ਜੀਵਾਂ ਵਾਸਤੇ 'ਸਰਬੱਤ ਦਾ ਭਲਾ' ਭਾਵ ਦਾ ਅਮਲੀ ਪ੍ਰਗਟਾਵਾ ਕੀਤਾ ਜਾ ਸਕਦਾ ਹੈ।

'ਸਿੱਖ ਧਰਮ' ਚੜ੍ਹਦੀ-ਕਲਾ ਦਾ ਧਰਮ ਹੈ। 'ਧਰਮ' ਭ ਵੇਂ ਕੋਈ ਹੋਵੇ, ਜੇ ਉਹ ਸਹੀ ਅਰਥਾਂ ਵਿਚ ਧਰਮ ਹੈ, 'ਚੜ੍ਹਦੀ-ਕਲਾ' ਉਸ ਦਾ ਸਰਵੋਤਮ ਲੱਛਣ ਹੋਵੇਗਾ। ਚੜ੍ਹਦੀ-ਕਲਾ ਦੀ ਬਿਰਤੀ ਬਿਨਾਂ ਕੋਈ ਧਰਮ 'ਪੂਰਨ ਧਰਮ' ਅਖਵਾ ਹੀ ਨਹੀਂ ਸਕਦਾ। 'ਪੂਰਨ ਧਰਮ' ਦੀ ਅੰਤਿਮ ਟੀਸੀ ਤੇ ਬੈਠਾ ਹੋਇਆ ਵੀ ਪ੍ਰਭੂ-ਕਲਾ ਦਾ ਅਭਿਲਾਸ਼ੀ ਹੈ, ਪ੍ਰਭੂ-ਕਲਾ ਨੂੰ ਆਪਣਾ ਸਾਥੀ ਸਮਝਦਾ ਹੈ, ਪ੍ਰਭੂ-ਭਾਣੇ ਨੂੰ ਮੰਨਣ ਦਾ ਹਮੇਸ਼ਾਂ ਵਰਦਾਨ ਮੰਗਦਾ ਹੈ। 'ਸਿਖ ਧਰਮ' ਭਾਵੇਂ ਚੜ੍ਹਦੀ-ਕਲਾ ਦਾ ਧਰਮ ਹੈ, ਪਰ 'ਸਿੱਖ' ਚੜ੍ਹਦੀ-ਕਲਾ ਦੀ ਜ਼ਿੰਦਗੀ ਜੀਉਂਦਾ ਹੋਇਆ ਵੀ ਪ੍ਰਭੂ-ਕਲਾ ਦਾ ਅਭਿਲਾਸ਼ੀ ਹੈ, ਪ੍ਰਭੂ-ਕਲਾ ਦਾ ਅਨੁਸਾਰੀ ਹੈ, ਪ੍ਰਭੂ-ਕਲਾ ਨੂੰ ਸਦੀਵ-ਕਾਲ ਆਪਣਾ ਸਾਥੀ ਸਥਿਰ ਰਖਦਾ ਹੈ, ਪ੍ਰਭੂ-ਭਾਣੇ ਵਿਚ ਸਰਬੱਤ ਦਾ ਭਲਾ ਵੀ 'ਹਮੇਸ਼ਾਂ ਮੰਗਦਾ ਰਹਿੰਦਾ ਹੈ। 'ਸਿਖ' ਦੀ ਜ਼ਿੰਦਗੀ ਸੰਜਮ ਤੇ ਜ਼ਬਤ ਦੀ ਜ਼ਿੰਦਗੀ ਹੈ, ਇਕ ਮੁਰਦੇ ਭਗਤ ਦੀ ਜ਼ਿੰਦਗੀ ਨਹੀਂ। 'ਸਿੱਖ' ਸੰਜਮ ਤੇ ਜ਼ਬਤ ਵਿਚ ਰਹਿੰਦਾ ਹੋਇਆ ਵੀ ਪ੍ਰਭੂ-ਆਚਰਣ ਵਿਚ ਵਿਚਰਣਾ ਤੇ ਵਿਕਾਸ ਕਰਨਾ ਚਾਹੁੰਦਾ ਹੈ! ਸਿੱਖ ਦੀ ਜ਼ਿੰਦਗੀ ਨਿਰੋਲ ਨਿਜ ਦੀ ਜ਼ਿੰਦਗੀ ਨਹੀਂ, ਨਿਜ ਨੂੰ ਸ਼ੁੱਧ ਰੂਪ ਵਿਚ ਢਾਲ ਕੇ ਉਸ ਨੇ ਪਰ-ਜ਼ਿੰਦਗੀਆਂ ਨੂੰ ਵੀ ਸ਼ੁੱਧ ਰੂਪ ਵਿਚ ਢਾਲਣਾ ਹੁੰਦਾ ਹੈ। 'ਸਿੱਖ' ਦੀ ਜ਼ਿੰਦਗੀ 'ਨਿਜ ਤੇ ਪਰ' ਦੀ ਇਕ ਸਾਂਝੀ ਜ਼ਿੰਦਗੀ ਹੈ। ਸਿੱਖ ਦੇ 'ਨਿਜ ਤੇ ਪਰ' ਵਿਚ ਇਕ ਸਮਾਜਾਤਮਕ ਸਾਂਝ ਵੀ ਹੈ। ਇਸੇ ਲਈ ਸਿੱਖ ਧਰਮ ਆਪਣੀ ਚਿੰਤਨ-ਪ੍ਰਣਾਲੀ ਵਿਚ ਰੱਬ ਤੇ ਸੰਸਾਰ ਵਿਚ ਇਕ ਆਤਮਕ-ਸਾਂਝ ਮੰਨਦਾ ਹੈ। ਵੇਦਾਂਤ-ਪ੍ਰਣਾਲੀ ਦੇ ਨੀਤੀ ਨੇਤਾ ਭਾਵੇਂ ਬ੍ਰਹਮ ਦੇ ਸਤਿ ਰੂਪ ਨੂੰ ਤਾਂ ਮੰਨਦੇ ਹਨ, ਪਰ ਉਹ

Digitized by Panjab Digital Library | www.panjabdigilib.org

ਸੰਸਾਰ ਦੇ ਦਵੈਤ ਰੂਪ ਨੂੰ ਸਤਿ ਸਵੀਕਾਰ ਨਹੀਂ ਕਰਦੇ, ਅਤੇ ਨਾ ਹੀ ਬ੍ਰਹਮ ਅਤੇ ਸੰਸਾਰ ਵਿਚ ਕਿਸੇ ਤਰ੍ਹਾਂ ਦੀ ਆਤਮਕ-ਸਾਂਝ ਨੂੰ ਸਵੀਕਾਰ ਕਰਦੇ ਹਨ। ਇਹੀ ਤਾਂ ਵੇਦਾਂਤ–ਪ੍ਰਣਾਲੀ ਦੀ ਕੰਮਜ਼ੋਰੀ ਸੀ, ਜਿਸ ਨੇ ਕੁਝ ਸਮੇਂ ਪਿਛੋਂ ਹੀ ਭਾਰਤੀ ਜ਼ਿੰਦਗੀ ਵਿਚ ਨਾ ਤਾਂ ਕੋਈ ਸਮਾਜਕ ਤੇ ਸਾਰਥਿਕ ਰਿਸ਼ਤਾ ਰਹਿਣ ਦਿੱਤਾ ਅਤੇ ਨਾ ਹੀ ਸਾਂਝੀ ਤੇ ਸਰਬ ਸਾਮਾਨ–ਜ਼ਿੰਦਗੀ ਭਾਵਾਂ ਨੂੰ ਸਥਿਰ ਰਹਿਣ ਦਿੱਤਾ। ਸਿਖ ਧਰਮ ਦੇ ਆਗਮਨ ਤੋਂ ਪਹਿਲਾਂ ਸਾਰੇ ਪੰਜਾਬ–ਭਾਰਤੀ 'ਨਿਜ' ਦੀ ਜ਼ਿੰਦਗੀ ਵਿਚ ਵਿਚਰ ਰਹੇ ਸਨ। ਹਰ ਮਨੁਖ ਆਪਣੀ ਭਗਤੀ ਤੇ ਐਸ਼ ਇਸ਼ਰਤ ਵਿਚ ਮਸਤ ਸੀ। 'ਸਰਬ–ਸਾਂਝ' ਜਿਹੜਾ ਆਤਮਕ–ਅਨੁਭਵ ਕਿਸੇ ਜੀਉਂਦੀ, ਅਣਖ ਧਾਰੀ, ਤੇ ਆਜ਼ਾਦ ਕੌਮ ਵਿਚ ਹੁੰਦਾ ਹੈ, ਉਹ ਖੰਭ ਲਾ ਕੇ ਉਡ ਗਿਆ ਸੀ, ਉਹਨਾਂ ਵਿਚ ਮਿਲ–ਬੈਠਣ ਤੇ ਸਾਂਝੇ ਹਿੱਤਾਂ ਦੀ ਸੁਰਖਿਆ ਕਰਨ ਦੀ ਭਾਵਨਾ ਤੇ ਆਦਰਸ਼ ਮੁਕ ਚੁਕਾ ਸੀ। ਇਸੇ ਆਦਰਸ਼ ਦੀ ਘਾਟ ਕਾਰਨ ਹੀ ਪੰਜਾਬ-ਭਾਰਤੀ ਤਾਣ ਤੇ ਮਾਣ–ਹੀਣ ਹੋ ਗਏ ਸਨ। ਇਸੇ ਕੰਮਜ਼ੋਰੀ ਸਦਕਾ ਹੀ ਉਹ ਬਦੇਸ਼ੀਆਂ ਦੇ ਸਦੀਵ ਕਾਲ ਗੁਲਾਮ ਬਣ ਕੇ ਰਹਿਣਾ ਪਸੰਦ ਕਰ ਚੁਕੇ ਸਨ। ਗੁਲਾਮੀ ਦੀ ਜ਼ਿੰਦਗੀ ਵਿਚ ਨਾ ਉਸਾਰੂ–ਭਾਵਨਾ ਹੁੰਦੀ ਹੈ, ਨਾ ਕੋਈ ਉਚ–ਆਤਮਕ–ਆਦਰਸ਼ ਅਤੇ ਨਾ ਹੀ ਮਨ ਦੀ ਇਕਾਗਰਤਾ ਵਾਲਾ ਜੀਵਨ ਹੁੰਦਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ 'ਪਰ ਅਧੀਨ ਸੁਪਨੇ ਸੁਖ ਨਾਹੀਂ' ਦੀ ਆਵਾਜ਼ ਨੂੰ ਜੇ ਬੁਲੰਦ ਕੀਤਾ, ਤਾਂ ਇਸ ਦਾ ਭਾਵ ਇਹ ਸੀ ਕਿ ਉਹ ਉਸ ਵਕਤ ਦੀ ਪੰਜਾਬ–ਭਾਰਤੀ ਜ਼ਿੰਦਗੀ ਅੰਦਰ ਪ੍ਰਵੇਸ਼ ਕਰ ਚੁਕੀ ਤਾਣ ਤੇ ਮਾਣ–ਹੀਣਤਾ ਦਾ ਵਿਰੋਧ ਕਰ ਕੇ, ਲੋਕਾਂ ਅੰਦਰੋਂ ਸੈ–ਮਾਣ ਦਾ ਜ਼ਿੰਦਾ–ਅਹਿਸਾਸ ਜਗਾਉਣਾ ਚਾਹੁੰਦੇ ਸਨ। ਉਹਨਾਂ ਨੇ 'ਨਿਜ ਤੇ ਪਰ' ਦੋਹਾਂ ਖੇਤਰਾਂ ਵਿਚ ਵਿਚਰ ਕੇ, ਸੈ ਤੇ ਪਰ-ਤਾਣ ਤੇ ਮਾਣ ਨੂੰ ਪੂਰੀ ਤਰ੍ਹਾਂ ਜਗਾਇਆ ਵੀ ਹੈ। ਸਾਰੀਆਂ ਗੁਰੂ–ਹਸਤੀਆਂ ਨੇ ਪੰਜਾਬ–ਭਾਰਤ ਦੇ ਤਾਣ ਤੇ ਮਾਣ ਨੂੰ ਜਗਾਉਣ ਵਿਚ ਹਿੱਸਾ ਪਾਇਆ ਹੈ। ਤਾਣ ਨੂੰ ਵਿਅਕਤੀ–ਗਤ ਪੱਧਰ ਉਤੇ ਜਗਾ ਕੇ, ਫਿਰ ਉਸ ਵਿਚ ਸਮਾਜਾਤਮਕ–ਸਾਂਝ ਨੂੰ ਪੈਦਾ ਕੀਤਾ ਹੈ। ਗੁਰੂ ਸਾਹਿਬਾਂ ਨੇ ਸਮਾਜ ਦੇ ਉਹਨਾਂ ਤੱਤ੍ਵ ਦਾ ਪੂਰੇ ਜ਼ੋਰ ਨਾਲ ਵਿਰੋਧ ਕੀਤਾ ਹੈ ਜਿਹੜੇ ਪੰਜਾਬ–ਭਾਰਤ ਦੀ ਜ਼ਿੰਦਗੀ ਵਿਚ ਦੁਫੇੜ ਪੈਦਾ ਕਰ ਰਹੇ ਸਨ, ਜਿਹੜੇ ਮਨੁਖ ਦੀ ਸ਼ਖਸੀਅਤ ਦਾ ਘਾਤ ਕਰ ਰਹੇ ਸਨ, ਜਿਹੜੇ ਮਨੁਖ ਨੂੰ ਉਦਾਸ, ਨਿਰਾਸ਼, ਅਪਸਾਰੂ ਤੇ ਉਲਾਰ ਬਣਾ ਰਹੇ ਸਨ। ਗੁਰੂ ਸਾਹਿਬਾਂ ਨੇ ਤਾਂ ਦੁਖ, ਗਮ ਤੇ ਵੈਰ-ਭਾਵਾਂ ਦੇ ਉਹ ਭਾਵ–ਸੰਕਲਪ ਵੀ ਸਵੀਕਾਰ ਨਹੀਂ ਕੀਤੇ ਜਿਹੜੇ ਭਾਵ–ਸੰਕਲਪ ਦੁਨਿਆਵੀ ਪੱਧਰ ਤੇ ਆਮ ਤੌਰ ਤੇ ਸਵੀਕਾਰ ਕੀਤੇ ਜਾ ਰਹੇ ਜਨ। ਗੁਰੂ ਸਾਹਿਬਾਂ ਤਾਂ ਸਰਬ–ਸਥਿਤੀ, ਸਰਬ–ਮੰਡਲ ਤੇ ਸਰਬ–ਆਦਰਸ਼ ਵਿਚ ਅਦ੍ਵੈਤ ਦੀ ਸਾਂਝ ਪੈਦਾ ਕੀਤੀ ਹੈ। ਦ੍ਵੈਤ ਦਾ ਤਾਂ ਉਹਨਾਂ ਨੇ ਮੂਲੋਂ ਹੀ ਵਿਰੋਧ ਕੀਤਾ ਹੈ। ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ 'ਦ੍ਵੈਤ' ਹੀ 'ਨਿਜ ਤੇ ਪਰ' ਮਨ ਵਿਚ ਉਦਾਸ, ਨਿਰਾਸ਼, ਅਪਸਾਰੂ ਤੇ ਉਲਾਰ ਭਾਵਾਂ ਨੂੰ ਉਪਜਾਣ ਦਾ ਕਾਰਨ ਬਣਦਾ ਹੈ। ਇਸੇ ਲਈ ਉਹਨਾਂ ਨੇ ਦ੍ਵੈਤ ਦੀ 'ਨਿਜ ਤੇ ਪਰ' ਹਰ ਸਥਿਤੀ ਤੇ ਮੰਡਲ ਦਾ ਵਿਰੋਧ ਕੀਤਾ ਹੈ। ਉਹ ਤਾਂ ਸਰਬ ਦ੍ਰਿਸ਼ਟ ਤੇ ਅਦ੍ਰਿਸਟ–ਮੰਡਲ ਵਿਚ ਏਕਤਾ ਦੇ ਇੱਛਾਵਾਨ ਸਨ। ਸਰਬ ਮਨੁਖਤਾ ਵਿਚ ਇਕਾਗਰ–ਜ਼ਿੰਦਗੀ ਪੈਦਾ ਕਰਨ ਦੇ ਹਾਮੀ ਸਨ। ਇਸੇ ਲਈ ਉਹਨਾਂ ਨੇ ਨਾ ਕਿਸੇ ਮਜ਼ਹਬ ਨੂੰ ਸਰਬ ਸਰੇਸ਼ਟ ਮੰਨਿਆਂ ਅਤੇ ਨਾ ਹੀ ਗੁਰੂ, ਗ੍ਰੰਥ, ਬੋਲੀ ਸਭਿਆਚਾਰ, ਜਾਤਿ,

Digitized by Panjab Digital Library | www.panjabdigilib.org

ਰੂਪ-ਰੰਗ ਤੇ ਕਿਸੇ ਕਿੱਤੇ ਨੂੰ ਵਿਸ਼ੇਸ਼ ਮੰਨਿਆਂ ਹੈ। ਉਹਨਾਂ ਵਾਸਤੇ ਸਭ ਕੁਝ ਸਮਦ੍ਰਿਸ਼ਟ ਸੀ। ਉਹਨਾਂ ਦਾ ਨਿਜ ਪੱਧਰ ਦਾ ਮਨ, ਬਚਨ ਤੇ ਕਰਮ ਦਾ ਮੰਡਲ ਵੀ ਸਮਦ੍ਰਿਸ਼ਟ ਸੀ। ਵਿਤਕਰਾ ਜਾਂ ਵੈਰ ਭਾਵ ਤਾਂ ਉਹਨਾਂ ਦੇ ਕਿਸੇ ਕਰਤੱਵ ਵਿਚੋਂ ਵੀ ਮੂਰਤੀਮਾਨ ਨਹੀਂ ਹੁੰਦੇ ਅਤੇ ਨਾ ਹੀ ਉਹਨਾਂ ਦੀ ਪ੍ਰਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਕਾਵਿ ਰਚਨਾ ਵਿਚੋਂ ਵੀ ਪ੍ਰਤੱਖ ਹੁੰਦੇ ਹਨ।

ਗੁਰੂ ਸਾਹਿਬਾਂ ਦੀ ਜ਼ਿੰਦਗੀ ਬੜੀ ਉਸਾਰੂ ਤੇ ਆਦਰਸ਼ਕ ਸੀ। 'ਚੜ੍ਹਦੀ-ਕਲਾ' ਤਾਂ ਉਹਨਾਂ ਦੀ ਜ਼ਿੰਦਗੀ ਜਾਂ ਜੋਤਿ ਦਾ ਪ੍ਰਮੁਖ ਗੁਣ ਸੀ। ਇਸੇ ਲਈ ਉਹ 'ਸਰਬੱਤ ਦਾ ਭਲਾ' ਆਦਰਸ਼ ਨੂੰ ਤਾਂ ਉਹਨਾਂ ਨੇ ਆਪਣੇ 'ਨਿਜ' ਨੂੰ ਸ਼ਹੀਦ ਕਰਵਾ ਕੇ ਵੀ ਸਥਿਰ ਰਖਿਆ। 'ਨਿਜ' ਦੀ ਸ਼ਹਾਦਤ ਦੇ ਕੇ 'ਸਰਬੱਤ ਦਾ ਭਲਾ' ਸਿਧਾਂਤ ਨੂੰ ਸਦੀਵੀ ਤੌਰ ਤੇ ਸਥਿਰ ਰਖਣਾ ਅਸਲ ਵਿਚ 'ਚੜ੍ਹਦੀ-ਕਲਾ' ਵਿਚ ਰਹਿਣ ਦੀ ਇਹੀ ਪਹਿਚਾਣ ਹੈ।

'ਚੜ੍ਹਦੀ-ਕਲਾ' ਵਾਲਾ ਮਨੁਖ ਉਚ-ਆਤਮਕ-ਜ਼ਿੰਦਗੀ ਦਾ ਮਾਲਕ ਹੁੰਦਾ ਹੈ। ਉਸ ਦਾ ਦੁਨਿਆਵੀ ਪੱਧਰ ਦੀਆਂ ਕੀਮਤਾਂ ਨਾਲ ਬਹੁਤਾ ਮੋਹ ਪਿਆਰ ਨਹੀਂ ਹੁੰਦਾ। ਮੋਹ-ਪਿਆਰ ਦੀਆਂ ਕੀਮਤਾਂ ਹੀ ਮਨੁਖ ਨੂੰ ਮਹਾਨ ਤੇ ਉਚ-ਆਦਰਸ਼ਾਂ ਦੀ ਟੀਸੀ ਤੇ ਪਹੁੰਚਾਣ ਵਿਚ ਬਾਧਕ ਦਾ ਕੰਮ ਕਰਦੀਆਂ ਹਨ। ਮਹਾਨ ਆਦਰਸ਼ਾਂ ਨੂੰ ਸਥਿਰ ਰੱਖਣ ਦੀ ਖਾਤਰ, ਜੇ ਮਨੁਖ ਸ਼ਹੀਦ ਹੋਣੋਂ ਘਬਰਾਂਦਾ ਹੈ, ਤਾਂ ਉਸ ਵਿਚ ਵੀ ਮੋਹ-ਪਿਆਰ ਦੀਆਂ ਕੀਮਤਾਂ ਹੀ ਉਸ ਨੂੰ ਡਰਾ ਜਾ ਧਮਕਾ ਰਹੀਆਂ ਹੁੰਦੀਆਂ ਹਨ। 'ਸ਼ਹੀਦ ਹੋਣਾ' ਇਹ ਇਕ ਉਚ-ਆਤਮਕ ਕਰਤੱਵ ਹੈ, ਚੜ੍ਹਦੀ-ਕਲਾ ਦਾ ਸਿਖਰ ਹੈ। ਕੋਈ ਚੜ੍ਹਦੀ-ਕਲਾ ਦੀ ਬਿਰਤੀ ਵਾਲਾ ਹੀ ਆਪਣੇ ਨਿਜ ਨੂੰ ਸ਼ਹੀਦ ਕਰਵਾ ਸਕਦਾ ਹੈ। ਕਿਉਂਕਿ ਚੜ੍ਹਦੀ-ਕਲਾ ਦੀ ਬਿਰਤੀ ਵਾਲਾ ਮਨੁਖ 'ਦੇਹ' ਦੀ ਜ਼ਿੰਦਗੀ ਵਿਚ ਨਹੀਂ ਜੀਉਂਦਾ ਹੁੰਦਾ। ਉਹ ਤਾਂ ਕਿਸੇ ਦੈਵੀ-ਜੋਤਿ ਦੇ ਮੰਡਲ ਵਿਚ ਜੀਉ ਰਿਹਾ ਹੁੰਦਾ ਹੈ। ਉਸ ਦਾ ਵਿਵਸ਼ਾਸ ਹੁੰਦਾ ਹੈ ਕਿ 'ਦੇਹ' ਨਾਸ਼ਮਾਨ ਹੈ, ਇਹ ਪੰਜਾਂ ਤੱਤਾਂ ਦੀ ਪੁਤਲੀ ਹੈ। 'ਤੱਤ' ਨਾਸ਼ਮਾਨ ਹਨ ਅਤੇ ਇਹਨਾਂ ਤੱਤਾਂ ਤੋਂ ਬਣੀ ਦੇਹ ਵੀ ਨਾਸ਼ਮਾਨ ਹੈ। ਇਸੇ ਲਈ 'ਦੇਹ' ਪ੍ਰਤੀ ਉਸ ਦਾ ਕੋਈ ਮੋਹ ਪਿਆਰ ਨਹੀਂ ਹੁੰਦਾ। ਉਹ ਆਪਣੀ 'ਦੇਹ' ਨੂੰ ਪਰ-ਹਿੱਤਾਂ ਦੀ ਸੁਰਖਿਆ ਹਿੱਤ ਕੁਰਬਾਨ ਕਰਾਉਣ ਵਾਸਤੇ ਤਿਆਰ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਸ਼ਹਾਦਤ ਦੇਣ ਦਾ ਮੌਕਾ ਪ੍ਰਾਪਤ ਹੁੰਦਾ ਹੈ, ਤਾਂ ਉਹ ਕਿਸੇ ਕਾਰਨ ਵੀ ਆਪਣੀ 'ਦੇਹ' ਵਾਸਤੇ ਮੋਹ-ਪਿਆਰ ਦੇ ਭਾਵਾਂ ਨੂੰ ਉਜਾਗਰ ਨਹੀਂ ਹੋਣ ਦਿੰਦੇ ਅਤੇ ਨਾ ਹੀ ਸ਼ਹੀਦ ਹੋਣ ਵੇਲੇ ਉਹ ਕਿਸੇ ਤਰ੍ਹਾਂ ਦਾ 'ਦੇਹ' ਪ੍ਰਤੀ ਗਮ ਜਾਂ ਦੁਖ ਲਾਂਦੇ ਹਨ। ਬਾਕੀ ਗੁਰਸਿਖ ਸ਼ਹੀਦਾਂ ਦਾ ਵੀ ਖਿੜੇ ਮੱਥੇ ਸ਼ਹਾਦਤ ਦੇ ਦੇਣ ਦਾ ਇਹੀ ਰਾਜ਼ ਹੈ।

'ਸ਼ਹੀਦ' ਭਾਵੇਂ ਕੋਈ ਹੋਵੇ, ਜੇ ਉਸ ਕੋਲ ਸਬਰ ਤੇ ਸਿਦਕ ਹੈ, ਭਰਮ ਤੇ ਭਉ ਤੋਂ ਉਹ ਮੁਕਤ ਹੈ, ਤਾਂ ਉਹ ਚੜ੍ਹਦੀ-ਕਲਾ ਵਿਚ ਜੀਉ ਰਿਹਾ ਹੈ, ਉਹ 'ਸਰਬੱਤ ਦੇ ਭਲੇ' ਵਾਸਤੇ ਜੀਉ ਰਿਹਾ ਹੈ। ਜਦੋਂ ਵੀ ਉਸ ਨੂੰ 'ਨਿਜ ਜਾਂ ਪਰ-ਮਾਣ' ਦੀ ਖਾਤਰ ਸ਼ਹੀਦ ਹੋਣਾ ਪਿਆ, ਉਹ ਆਪਣੇ ਆਪ ਨੂੰ ਪੂਰਨ ਰੂਪ ਵਿਚ ਤਿਆਰ ਕਰ ਲੈਂਦਾ ਹੈ। ਚੜ੍ਹਦੀ-ਕਲਾ ਦੀ ਬਿਰਤੀ

Digitized by Panjab Digital Library | www.panjabdigilib.org

ਵਿਚੋਂ ਹੀ 'ਸਰਬੱਤ ਦੇ ਭਲੇ' ਦਾ ਭਾਵ ਮੂਰਤੀਮਾਨ ਹੁੰਦਾ ਹੈ। 'ਸਰਬੱਤ ਦਾ ਭਲਾ' ਮੰਗਣ ਵਾਲੀ ਆਤਮਾ ਹਮੇਸ਼ਾਂ ਸ਼ਾਂਤ ਤੇ ਅਡੋਲ-ਜ਼ਿੰਦਗੀ ਜੀਉ ਰਹੀ ਹੁੰਦੀ ਹੈ । ਉਸ ਵਿਚ ਨਾ ਦੁਖ ਦਾ ਪ੍ਰਤੀਕਰਮ ਹੁੰਦਾ ਹੈ, ਨਾ ਗਮ ਦੀ ਸਦੀਵੀ ਧੁੱਖਣ ਹੁੰਦੀ ਹੈ ਅਤੇ ਨਾ ਹੀ ਵਿਰੋਧੀਆਂ ਪ੍ਰਤੀ ਉਸ ਵਿਚ ਵੈਰ-ਭਾਵ ਉਪਜਦੇ ਹਨ। 'ਚੜ੍ਹਦੀ-ਕਲਾ' ਤੇ 'ਸਰਬੱਤ ਦਾ ਭਲਾ' ਦੀ ਅਵੱਸਥਾ ਵਿਚ ਉਹ ਬਿਲਕੁਲ, ਸ਼ਾਂਤ ਤੇ ਅਡੋਲ-ਚਿੱਤ ਰਹਿੰਦਾ ਹੈ। ਗੁਰੂ-ਸ਼ਖਸੀਅਤਾਂ (ਸਾਰੀਆਂ) ਸ਼ਾਂਤ ਤੇ ਅਡੋਲ-ਚਿਤ ਸਨ। ਉਹ ਕਦੀ ਵੀ ਕਿਸੇ ਗਮ, ਦੁੱਖ ਜਾਂ ਵਿਰੋਧਤਾ ਤੋਂ ਘਬਰਾਂਦੀਆਂ ਨਹੀਂ ਸਨ। ਉਹ ਹਮੇਸ਼ਾਂ 'ਚੜ੍ਹਦੀ-ਕਲਾ ਤੇ 'ਸਰਬੱਤ ਦਾ ਭਲਾ'-ਆਦਰਸ਼ ਵਾਸਤੇ ਜੀਉਂਦੀਆਂ ਸਨ। ਭਾਵੇਂ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਹੋਣਾ ਪਿਆ, ਭਾਵੇਂ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲ-ਫੌਜਾਂ ਨਾਲ ਸੰਘਰਸ਼ ਕਰਨਾ ਪਿਆ, ਨਾ ਉਹ ਸ਼ਹੀਦ ਹੋਣ ਵੇਲੇ ਘਬਰਾਏ ਅਤੇ ਨਾ ਹੀ ਸੰਘਰਸ਼ ਕਰਨ ਵੇਲੇ ਅਣ-ਸੰਤੁਲਣ ਹੋਏ। ਉਹਨਾਂ ਹਰ ਸਥਿਤੀ, ਮੰਡਲ ਤੇ ਆਦਰਸ਼ ਵਿਚ ਆਪਣੇ ਆਪ ਨੂੰ ਸੰਤੁਲਣ ਰਖਿਆ। ਆਪਣੇ ਆਪ ਨੂੰ ਆਸ਼ਾਵਾਦੀ ਤੇ ਉਸਾਰੂ ਰਖਿਆ।.....ਕਿਵੇਂ ? ਕਿਉਂਕਿ ਉਹ ਚੜ੍ਹਦੀ-ਕਲਾ ਦੀ ਬਿਰਤੀ ਵਿਚ ਜੀਉਂਦੇ ਸਨ, 'ਸਰਬਤ ਦੇ ਭਲੇ' ਵਾਸਤੇ ਜੀਉਂਦੇ ਸਨ। ਉਹਨਾਂ ਨੂੰ ਨਾ ਤਾਂ ਕਿਸੇ ਰਾਜ-ਗੱਦੀ ਦਾ ਲਾਲਚ ਸੀ, ਨਾ ਹੀ ਮਾਇਆ ਧਾਰੀ ਬਣਨ ਤੇ ਨਿਜੀ ਪੱਧਰ ਤੇ ਕੋਠੇ-ਮੰਡਪ ਉਸਾਰਨ ਦਾ ਲੋਭ ਸੀ, ਅਤੇ ਨਾ ਹੀ ਕਿਸੇ ਤਰ੍ਹਾਂ ਦੀਆਂ ਅਰਥ ਜਾਂ ਹੋਰ ਖਾਹਿਸ਼ਾਂ ਸਨ। ਉਹਨਾਂ ਦੀ ਜ਼ਿੰਦਗੀ ਖਾਹਿਸ਼-ਮੁਕਤ ਸੀ, ਉਹ ਨਿਸ਼ਕਾਮ, ਨਿੰਮਰਤਾ ਤੇ ਸੇਵਾ-ਭਾਵ ਦੀ ਜ਼ਿੰਦਗੀ ਵਿਚ ਜੀਉਂਦੇ ਸਨ, ਮਨੁਖਤਾ ਦਾ ਆਸ਼ਕ ਤੇ ਸੇਵਕ ਬਣਕੇ ਜੀਉਂਦੇ ਸਨ। ਮਨੁਖਤਾ ਦੀ ਭਲਿਆਈ ਖਾਤਰ ਤਾਂ ਉਹ ਆਪਣਾ ਸਰਬੰਸ ਵੀ ਕੁਰਬਾਨ ਕਰਨ ਵਾਸਤੇ ਤਿਆਰ ਹੋ ਜਾਂਦੇ ਸਨ। ਇਹੀ ਕਾਰਨ ਹੈ ਕਿ ਉਹਨਾਂ ਦੇ ਮਨ, ਬਚਨ ਤੇ ਕਰਮ-ਤਿੰਨਾਂ ਖੇਤਰਾਂ ਵਿਚ ਹਮੇਸ਼ਾਂ 'ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ' ਦ੍ਰਿਸ਼ਟੀ-ਦਿਸ਼ਾ ਪ੍ਰਧਾਨ ਸੀ।

'ਸਿਖ ਧਰਮ' ਦੀ ਵੀ ਪ੍ਰਮੁਖ 'ਦ੍ਰਿਸ਼ਟੀ-ਦਿਸ਼ਾ' ਚੜ੍ਹਦੀ-ਕਲਾਂ ਤੇ ਸਰਬੱਤ ਦੇ ਭਲੇ ਵਾਲੀ ਹੀ ਹੋਣੀ ਚਾਹੀਦੀ ਹੈ। ਇਸ ਦ੍ਰਿਸ਼ਟੀ-ਦਿਸ਼ਾ ਅਧੀਨ ਵਿਚਰ ਕੇ ਹੀ ਸਰਬ ਸਿਖ ਕੌਮ ਵਿਚ ਸ਼ਾਤੀ ਪੈਦਾ ਕੀਤੀ ਜਾ ਸਕਦੀ ਹੈ ਤੇ ਜੇ ਵਿਸ਼ਵ ਦੀ ਸਾਰੀ ਮਨੁੱਖਤਾ 'ਚੜ੍ਹਦੀ-ਕਲਾ' ਤੈ 'ਸਰਬੱਤ ਦਾ ਭਲਾ' ਦ੍ਰਿਸ਼ਟੀ-ਦਿਸ਼ਾ ਨੂੰ ਧਾਰਨ ਕਰ ਲਵੇ, ਤਾਂ ਇਹ ਵਿਸ਼ਵਾਸ ਨਾਲ ਆਖਿਆ ਜਾ ਸਕਦਾ ਹੈ ਕਿ ਸਰਬ-ਸੰਸਾਰ ਵਿਚ ਪੂਰਨ ਰੂਪ ਵਿਚ ਸ਼ਾਂਤੀ ਤੇ ਸ਼ੁਧ-ਮੰਡਲ ਦਾ ਨਿਰਮਾਣ ਹੋ ਸਕਦਾ ਹੈ।

'ਕਿਰਤ' ਕਰਤੇ ਦੀ ਮੂਰਤਿ ਦਾ ਸਾਖਿਆਤ ਪ੍ਰਤੀਬਿੰਬ ਹੋਇਆ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ-ਕਰਤਿਆਂ, ਭਗਤ ਤੇ ਭੱਟ-ਕਰਤਿਆਂ ਦੀ ਮੂਰਤਿ ਦਾ ਹੀ ਸ੍ਵੈ-ਪ੍ਰਗਟਾਵਾ ਹੈ। 'ਗੁਰੂ, ਭਗਤ ਤੇ ਭੱਟ ਉਚ-ਆਤਮਕ-ਜ਼ਿੰਦਗੀ ਦੇ ਮਾਲਕ ਸਨ। ਉਹਨਾਂ ਦੀ ਦ੍ਰਿਸ਼ਟੀ-ਦਿਸ਼ਾ ਵਿਚ ਪ੍ਰਮੁੱਖਤਾ 'ਚੜ੍ਹਦੀ-ਕਲਾ ਤੇ ਸਰਬੱਤ ਦੇ ਭਲੇ' ਆਦਰਸ਼ ਦੀ ਹੀ ਸੀ। ਸਾਰੀ ਗੁਰੂ-ਬਾਣੀ, ਭਗਤ-ਬਾਣੀ ਤੇ ਭੱਟ-ਬਾਣੀ 'ਚੜ੍ਹਦੀ-ਕਲਾ' ਤੇ 'ਸਰਬੱਤ ਦਾ ਭਲਾ'

Digitized by Panjab Digital Library | www.panjabdigilib.org

ਬਿਰਤੀ ਦਾ ਹੀ ਪੂਰਨ ਤੇ ਪ੍ਰਤੀਨਿਧ ਪ੍ਰਮਾਣ ਹੈ । ਚੜ੍ਹਦੀ–ਕਲਾ ਤੇ 'ਸਰਬੱਤ ਦਾ ਭਲਾ' ਸਿੱਖੀ–ਆਚਰਣ ਦਾ ਵੀ ਪੂਰਨ ਮਾਪ–ਗਜ਼ ਹੈ । ਸਿੱਖ ਦੀ ਸ਼ਖਸੀਅਤ ਚੜ੍ਹਦੀ–ਕਲਾ ਤੇ 'ਸਰਬਤ ਦੇ ਭਲੇ' ਵਾਲੀ ਸ਼ਖਸੀਅਤ ਹੀ ਹੋ ਸਕਦੀ ਹੈ । ਜੇ ਸਿੱਖ ਕੋਲ 'ਚੜ੍ਹਦੀ–ਕਲਾ' ਤੇ 'ਸਰਬਤ ਦਾ ਭਲਾ' ਵਾਲੀ ਬਿਰਤੀ ਨਹੀਂ ਤਾਂ ਸਹੀ ਅਰਥਾਂ ਵਿਚ ਉਸ ਨੂੰ 'ਸਿਖ' ਨਹੀਂ ਆਖਿਆ ਜਾ ਸਕਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ, ਅਧਿਆਤਮਿਕ-ਖੇਤਰ ਦੀ ਸਾਰੀ ਕਾਵਿ–ਬਾਣੀ, ਜਿਸ ਨੂੰ ਸਮੁੱਚੇ ਰੂਪ ਵਿਚ 'ਸ਼ਬਦ' ਜਾਂ 'ਨਾਮ' ਦਾ ਸੰਕਲਪ ਦਿੱਤਾ ਗਿਆ ਹੈ, ਇਸੇ ਆਸ਼ੇ ਤੇ ਉਦੇਸ਼ ਦੀ ਹੀ ਪ੍ਰਤੀਨਿਧਤਾ ਤੇ ਪਰਚਾਰ ਕਰਦੀ ਹੈ । 'ਸ਼ਬਦ' ਜਾਂ 'ਨਾਮ' ਦ ਪ੍ਰਮੁਖ ਕਰਤੱਵ ਮਨੁਖਤਾ ਨੂੰ ਚੜ੍ਹਦੀ–ਕਲਾ ਤੇ 'ਸਰਬਤ ਦਾ ਭਲਾ' ਬਿਰਤੀ ਪ੍ਰਦਾਨ ਕਰਨਾ ਹੀ ਹੈ । ਸ੍ਰੀ ਗੁਰੂ ਗਰੰਥ ਸਾਹਿਬ ਦੇ 1430 ਪੰਨਿਆਂ ਵਿਚ 'ਚੜ੍ਹਦੀ–ਕਲਾ ਤੇ 'ਸਰਬਤ ਦਾ ਭਲਾ' ਬਿਰਤੀ ਨੂੰ ਹੀ ਉਚਿਆ ਕੇ, ਦ੍ਰਿੜ੍ਹ ਕਰਾਉਣ ਦਾ ਸਾਰਥਿਕ ਯਤਨ ਕੀਤਾ ਗਿਆ ਹੈ । ਜਦੋਂ 'ਖਾਲਸਾ–ਪੰਥ' ਆਪਣੀ ਨਿਤ ਦੀ ਅਰਦਾਸ ਵਿਚ 'ਨਾਨਕ ਨਾਮ ਚੜ੍ਹਦੀ–ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਮਹਾਂ ਵਾਕ ਨੂੰ ਆਪਣੀ ਸਿਮਰਤੀ ਦਾ ਹਿੱਸਾ ਬਣਾਉਂਦਾ ਹੈ, ਤਾਂ ਇਕ ਤਰ੍ਹਾਂ ਉਹ ਇਹੀ ਦ੍ਰਿੜ੍ਹ ਕਰ ਰਿਹਾ ਹੁੰਦਾ ਹੈ ਕਿ 'ਨਾਨਕ–ਨਾਮ' (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ) ਦੇ ਆਚਰਣ ਨੂੰ ਮਨ, ਬਚਨ ਤੇ ਕਰਮ ਦੇ ਖੇਤਰ ਵਿਚ ਇਕ ਰਸ–ਰੂਪ ਵਿਚ ਗ੍ਰਹਿਣ ਕਰ ਕੇ ਹੀ ਚੜ੍ਹਦੀ–ਕਲਾ ਦੀ ਅਵੱਸਥਾ ਜਾਂ ਬਿਰਤੀ ਵਿਚ ਜੀਵਿਆ ਜਾ ਸਕਦਾ ਹੈ । 'ਨਾਨਕ–ਨਾਮ' (ਪ੍ਰਮੇਸ਼ਰ–ਗੁਣਾਂ ਦੇ ਸਮੂਹਕ–ਪ੍ਰਭਾਵ ਦਾ ਹੀ ਨਾਮ ਹੈ) ਅਸਲ ਵਿਚ ਚੜ੍ਹਦੀ–ਕਲਾ ਦੀ ਬਿਰਤੀ ਦਾ ਹੀ ਪੂਰਨ ਪ੍ਰਗਟਾਵਾ ਹੈ । ਨਾਨਕ–ਨਾਮ ਵਿਚ ਮੂਰਤੀਮਾਨ ਕੀਤੇ ਗਏ ਆਚਰਣ ਮੁਤਾਬਿਕ ਆਪਣੇ ਆਪ ਨੂੰ ਢਾਲ ਕੇ ਹੀ, ਚੜ੍ਹਦੀ–ਕਲਾ ਦੀ ਉਚ–ਆਤਮਕ–ਅਵੱਸਥਾ ਨੂੰ ਪੂਰਨ ਰੂਪ ਵਿਚ ਮਾਣਿਆਂ ਜਾ ਸਕਦਾ ਹੈ । ਚੜ੍ਹਦੀ–ਕਲਾ ਦੀ ਉਚ–ਆਤਮਕ–ਅਵਸਥਾ ਨੂੰ ਸੰਖੇਪ ਸ਼ਬਦਾਂ ਵਿਚ 'ਭਾਣਾ ਮੰਨਣ ਨਾਲ ਵੀ ਉਪਮਾ ਦਿਤੀ ਜਾ ਸਕਦੀ ਹੈ । 'ਪ੍ਰਭੂ–ਭਾਣਾ' ਨੂੰ ਮੰਨ ਲੈਣਾ ਵੀ 'ਚੜ੍ਹਦੀ–ਕਲਾ' ਬਿਰਤੀ ਦਾ ਹੀ ਪ੍ਰਗਟਾਵਾ ਹੈ । (ਨਾਮ ਦਾ ਉਪਦੇਸ਼ਾਤਮਕ ਰੂਪ ਭਾਣਾ ਮੰਨਣਾ ਹੀ ਹੈ) 'ਭਾਣਾ' ਸ਼ਬਦ ਦੀ ਥਾਂ ਗੁਰੂ ਸਾਹਿਬਾਂ ਨੇ 'ਹੁਕਮ' ਸ਼ਬਦ ਦੀ ਵਰਤੋਂ ਵੀ ਕੀਤੀ ਹੈ । 'ਪ੍ਰਭੂ–ਹੁਕਮ' ਮੰਨਣਾ ਜਾਂ ਪ੍ਰਭੂ–ਭਾਣਾ ਮੰਨਣਾ, ਗੁਰੂ–ਬਾਣੀ ਵਿਚ ਇਸ ਨੂੰ ਉਚ–ਆਤਮਕ–ਅਵੱਸਥਾ ਹੀ ਸਵੀਕਾਰ ਕੀਤਾ ਗਿਆ ਹੈ । ਇਸੇ ਅਵੱਸਥਾ ਨੂੰ ਚੜ੍ਹਦੀ–ਕਲਾ ਦੀ ਅਵੱਸਥਾ ਆਖਿਆ ਜਾ ਸਕਦਾ ਹੈ । ਪ੍ਰਭੂ–ਹੁਕਮ ਮੰਨਣ ਵਾਲੀ ਅਵੱਸਥਾ ਵਿਚੋਂ ਹੀ 'ਸਰਬੱਤ ਦਾ ਭਲਾ' ਭਾਵ ਮੂਰਤੀਮਾਨ ਹੁੰਦਾ ਹੈ । ਅਮਲੀ ਰੂਪ ਵਿਚ 'ਸਰਬੱਤ ਦਾ ਭਲਾ' ਮੰਗਿਆ ਤੇ ਕੀਤਾ ਵੀ ਜਾ ਸਕਦਾ ਹੈ । ਜਦੋਂ 'ਅਰਦਾਸ' ਵਿਚ 'ਨਾਨਕ–ਨਾਮ' ਚੜ੍ਹਦੀ–ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਵਾਕ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਇਸ ਦਾ ਇਕ ਭਾਵ ਇਹ ਵੀ ਹੈ ਕਿ 'ਚੜ੍ਹਦੀ–ਕਲਾ ਤੇ ਸਰਬੱਤ ਦਾ ਭਲਾ' ਬਿਰਤੀ ਵਾਲੀ ਜ਼ਿੰਦਗੀ 'ਪ੍ਰਭੂ–ਨਾਮ ਤੇ 'ਪ੍ਰਭੂ ਭਾਣੇ' ਅਧੀਨ ਹੀ ਸਿਰਜੀ ਜਾ ਸਕਦੀ ਹੈ । ਗੁਰੂ ਸਾਹਿਬਾਂ ਦੀ ਸਾਰੀ ਜ਼ਿੰਦਗੀ 'ਪ੍ਰਭੂ–ਨਾਮ ਤੇ ਪ੍ਰਭੂ–ਭਾਣੇ' ਅਧੀਨ ਹੀ ਸਿਰਜੀ ਗਈ ਸੀ । ਇਸੇ ਲਈ ਉਹਨਾਂ ਦੀ ਸ਼ਖਸੀਅਤ ਤੇ ਉਹਨਾਂ ਦੀ ਕਾਵਿ–ਬਾਣੀ ਮੁਖ ਰੂਪ ਵਿਚ 'ਚੜ੍ਹਦੀ–ਕਲਾ' ਤੇ 'ਸਰਬਤ ਦਾ ਭਲਾ' ਆਸ਼ੇ ਤੇ ਉਦੇਸ਼ ਦੀ ਹੀ ਧਾਰਨੀ ਹੈ । ਖਾਲਸਾ–ਪੰਥ ਦਾ ਵੀ ਇਹੀ ਆਸ਼ਾ ਤੇ ਉਦੇਸ਼ ਹੋਣਾ ਚਾਹੀਦਾ ਹੈ । ਜਦੋਂ 'ਖਾਲਸਾ-ਪੰਥ'

Digitized by Panjab Digital Library | www.panjabdigilib.org

'ਨਾਨਕ-ਨਾਮ ਚੜ੍ਹਦੀ-ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਵਾਕ ਨੂੰ ਦੁਹਰਾਂਦਾ ਹੈ ਤਾਂ ਉਹ ਆਪਣੀ ਅੰਤਰ-ਆਤਮਾ ਅੰਦਰ ਇਸ ਅਹਿਸਾਸ ਨੂੰ ਵੀ ਦ੍ਰਿੜ੍ਹ ਕਰ ਰਿਹਾ ਹੁੰਦਾ ਹੈ ਕਿ 'ਪ੍ਰਭੂ-ਨਾਮ' ਨੂੰ ਮੰਨਣ ਨਾਲ ਹੀ ਚੜ੍ਹਦੀ-ਕਲਾ ਦੀ ਜ਼ਿੰਦਗੀ ਵਿਚ ਜੀਵਿਆ ਜਾ ਸਕਦਾ ਹੈ ਤੇ 'ਪ੍ਰਭੂ-ਭਾਣੇ' ਵਿਚ ਰਹਿ ਕੇ ਹੀ 'ਸਰਬੱਤ ਦਾ ਭਲਾ' ਵਰਦਾਨ ਮੰਗਿਆ ਤੇ ਅਮਲੀ ਰੂਪ ਵਿਚ ਪੂਰਾ ਕੀਤਾ ਜਾ ਸਕਦਾ ਹੈ।

'ਸਿੱਖ ਦੀ ਜ਼ਿੰਦਗੀ 'ਪ੍ਰਭੂ-ਨਾਮ ਤੇ ਪ੍ਰਭੂ-ਭਾਣੇ' ਵਿਚ ਵਿਚਰਣ ਵਾਲੀ ਹੀ ਹੋਣੀ ਚਾਹੀਦੀ ਹੈ।'

ਕਾਸ਼! ਸਾਰੀ ਮਨੁੱਖਤਾ ਨੂੰ, ਵਿਸ਼ੇਸ਼ ਤੌਰ ਤੇ ਸਿਖ ਕੌਮ ਨੂੰ 'ਚੜ੍ਹਦੀ-ਕਲਾ ਤੇ ਸਰਬੱਤ ਦਾ ਭਲਾ' ਆਦਰਸ਼ ਦੀ ਧਾਰਨੀ ਜ਼ਿੰਦਗੀ ਪ੍ਰਾਪਤ ਹੋ ਸਕੇ।

Digitized by Panjab Digital Library | www.panjabdigilib.org

ਖਾਲਸਾ ਤੇ ਫ਼ਤਹ

'ਖਾਲਸਾ ਤੇ ਫਤਹਿ' ਦੋਵੇਂ ਸ਼ਬਦ ਸਿਖ-ਸ਼ਬਦਾਵਲੀ ਵਿਚ ਉੱਚ-ਆਤਮਕ, ਪਵਿੱਤਰ, ਤੇ ਜੇਤੂ-ਭਾਵਨਾ ਦੇ ਪ੍ਰਤੀਕ ਹਨ। 'ਖਾਲਸਾ ਤੇ ਫਤਹ' ਉੱਚ-ਆਤਮਕ, ਪਵਿੱਤਰ ਤੇ ਜੇਤੂ-ਧਰਮਾਂ ਦੀ ਆਦਰਸ਼-ਦਸ਼ਾ ਤੇ ਉਦੇਸ਼ ਦੀ ਸਫਲਤਾ ਦਾ ਪ੍ਰਮਾਣ ਵੀ ਹਨ ਤੇ ਨਿਰਗੁਣ-ਪ੍ਰਭੂ ਦੇ ਕਰਤੱਵਾਂ ਦਾ ਸਰਗੁਣ-ਪ੍ਰਤੀਕਰਮ ਫਲ ਵੀ ਹਨ। 'ਖਾਲਸਾ ਤੇ ਫਤਹਿ' ਸਿਖ ਲਹਿਰ ਦਾ ਸਰਬ-ਉੱਤਮ ਤੇ ਸਰਬ-ਉੱਚ ਆਦਰਸ਼ ਵੀ ਹਨ ਤੇ ਵਿਸ਼ੇਸ਼ ਰੂਪ ਵਿਚ ਸਿਖ ਲਹਿਰ ਦੀ ਗੌਰਵਸ਼ੀਲ ਪ੍ਰਾਪਤੀ ਵੀ ਹੈ। ਇਹੀ ਪ੍ਰਾਪਤੀ ਕਿਸੇ ਧਰਮ, ਕੌਮ ਤੇ ਜਥੇਬੰਦੀ ਨੂੰ ਵਿਸ਼ੇਸ਼ ਤੇ ਸਰੇਸ਼ਟ ਬਣਾ ਦਿੰਦੀ ਹੈ। 'ਖਾਲਸਾ ਤੇ ਫਤਹਿ' ਵਿਸ਼ੇਸ਼ ਤੇ ਸਰੇਸ਼ਟ ਆਦਰਸ਼ ਵੀ ਹਨ, ਤੇ ਸਿਖ ਲਹਿਰ ਦੀ ਪ੍ਰਤੀਨਿਧ ਤੇ ਪੂਰਨ ਜਥੇਬੰਦੀ ਦਾ ਤੱਤ-ਦਰਸ਼ਨ ਵੀ ਹਨ। ਇਸੇ ਲਈ ਗੁਰੂ-ਜ਼ਿੰਦਗੀ, ਗੁਰੂ-ਬਾਣੀ ਤੇ ਗੁਰੂ-ਇਤਿਹਾਸ, ਸਾਰੇ ਦਾ ਸਾਰਾ 'ਖਾਲਸਾ' ਜੀਵਨ ਦੀ ਉਸਾਰੀ-ਨਮਿਤ ਹੀ ਸਿਰਜਿਆ ਗਿਆ ਹੈ ਤੇ 'ਫਤਹਿ' ਪ੍ਰਾਪਤੀ ਇਸ ਦਾ ਵਿਸ਼ੇਸ਼ ਤੇ ਸਦੀਵੀ ਆਦਰਸ਼ ਰਿਹਾ ਹੈ। ਇਸੇ ਕਰਕੇ ਸਮੁੱਚੀ ਸਿਖ ਲਹਿਰ ਦਾ ਸਿਖਰ 'ਖਾਲਸਾ-ਪੰਥ' ਨੂੰ ਆਖ ਲਿਆ ਜਾਂਦਾ ਹੈ ਤੇ 'ਫਤਹਿ' ਇਸ ਦੀ ਜ਼ਿੰਦਗੀ ਦਾ ਵਿਸ਼ੇਸ਼ ਆਦਰਸ਼ ਮੰਨ ਲਿਆ ਜਾਂਦਾ ਹੈ।

'ਖਾਲਸਾ' ਅਰਬੀ ਦਾ ਸ਼ਬਦ ਹੈ ਤੇ ਇਸ ਦਾ ਭਾਵ-ਅਰਥ ਹੈ, 'ਉਹ ਜਾਇਦਾਦ, ਜਿਹੜੀ ਸਿੱਧੇ ਤੌਰ ਤੇ ਪ੍ਰਭੂ-ਮਾਲਕ ਦੀ ਹੋਵੇ।' 'ਖਾਲਸਾ' ਇਕ ਤਰ੍ਹਾਂ ਦੀ ਜਾਇਦਾਦ ਹੀ ਹੈ। ਭਾਵੇਂ ਇਹ ਜਾਇਦਾਦ ਜ਼ਮੀਨ-ਜਾਗੀਰ ਦੇ ਰੂਪ ਵਿਚ ਹੋਵੇ, ਜਾਂ ਸੰਤ-ਸਤਾ ਦੇ ਰੂਪ ਵਿਚ ਹੋਵੇ. ਜਾਂ ਸੈਨਿਕ-ਸ਼ੱਸਤਰਾਂ ਦੇ ਰੂਪ ਵਿਚ ਹੋਵੇ ਤੇ ਜਾਂ ਪ੍ਰਭੂ-ਭਗਤੀ ਦੇ ਰੂਪ ਵਿਚ ਹੋਵੇ, 'ਖਾਲਸਾ' ਹੈ ਇਕ ਜਾਇਦਾਦ ਹੀ, ਪਰ ਇਸ ਦਾ ਮਾਲਕ ਕੋਈ ਧਰਤੀ ਦਾ ਪੂੰਜੀ ਪਤੀ ਨਹੀਂ, ਨਾ ਹੀ ਕੋਈ ਸੈਨਿਕ ਜਾਂ ਨੀਤੀ-ਨਿਪੁੰਨ ਨੇਤਾ ਹੈ ਅਤੇ ਨਾ ਹੀ ਇਸ ਨੂੰ ਕਿਸੇ ਦੀ ਨਿਜੀ ਜਾਇਦਾਦ ਸਵੀਕਾਰ ਕੀਤਾ ਜਾ ਸਕਦਾ ਹੈ। 'ਖਾਲਸਾ' ਕਿਸੇ ਮਤ-ਮਜ਼ਹਬ ਦੀ ਸੰਕੀਰਣਤਾ ਦਾ ਫਲ ਵੀ ਨਹੀਂ ਆਖਿਆ ਜਾ ਸਕਦਾ। ਹਾਂ 'ਖਾਲਸਾ' ਨੂੰ ਤਾਂ ਸਿੱਧੀ 'ਪ੍ਰਭੂ' ਦੀ ਜਾਇਦਾਦ ਹੀ ਆਖਿਆ ਜਾ ਸਕਦਾ ਹੈ। ਇਸ ਦਾ ਮਾਲਕ ਤੇ ਸਿਰਜਕ ਵੀ 'ਪ੍ਰਭੂ' ਆਪ ਹੀ ਹੈ। ਸਿਖ ਸਮਾਜ ਵਿਚ ਇਸੇ ਭਾਵ-ਅਧੀਨ 'ਖਾਲਸੇ' ਨੂੰ 'ਵਾਹਿਗੁਰੂ' ਦਾ ਆਖਿਆ ਜਾਂਦਾ ਹੈ।

'ਖਾਲਸਾ' ਸ਼ਬਦ ਤਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਵਰਤਿਆ ਜਾਂਦਾ ਸੀ। (ਜਿਵੇਂ ਭਗਤ ਕਬੀਰ ਜੀ ਨੇ ਵਰਤਿਆ ਹੈ—'ਕਹੁ ਕਬੀਰ ਜਨ ਭਏ ਖਾਲਸੇ ਪਰੇਮ ਭਗਤਿ ਜਿਹ ਜਾਨੀ। ਪੰਨਾ 654) ਪਰ 'ਖਾਲਸਾ' ਨੂੰ ਜਥੇਬੰਦ ਰੂਪ ਵਿਚ ਪਹਿਲੀ ਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸੰਸਾਰ-ਸਨਮੁਖ ਲਿਆਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਦੇ ਨਿਰਮਾਣ-ਹਿੱਤ ਜਿਹੜਾ ਅਨੰਦਪੁਰ ਸਾਹਿਬ ਦੀ ਧਰਤੀ ਤੇ 'ਬਚਿਤ੍ਰ-ਨਾਟਕ'

Digitized by Panjab Digital Library | www.panjabdigilib.org

ਖੇਡਿਆ, ਉਸ ਨਾਟਕ ਵਿਚ ਜਿਹੜੀ ਕਿਰਿਆ ਕੀਤੀ ਗਈ, ਖਾਲਸੇ ਦਾ ਜਿਹੜਾ ਰੂਪ ਤੇ ਸਰੂਪ ਨਿਯਮ-ਬੱਧ ਕੀਤਾ ਗਿਆ, ਖਾਲਸੇ ਨੂੰ ਜਿਹੜਾ ਸਾਂਝਾ ਆਦਰਸ਼ ਦ੍ਰਿੜ੍ਹ ਕਰਵਾਇਆ ਗਿਆ, ਇਹ ਸਭ ਕੁਝ ਮਨੁਖ ਨੂੰ ਇਕ ਤਾਂ ਖਾਲਸਾ (ਖਾਲਸ) ਬਣਨ ਵਾਸਤੇ ਪ੍ਰੇਰਦਾ ਸੀ, ਦੂਜਾ ਖਾਲਸਾ-ਜਥੇਬੰਦੀ ਦਾ ਮੈਂਬਰ ਬਣਨ ਵਾਸਤੇ ਟੁੰਬਦਾ ਸੀ, ਤੀਜਾ ਮੋਹ-ਮਾਇਆ ਤੇ ਮੌਤ ਤੋਂ ਮੁਕਤ ਕਰਵਾ ਕੇ ਨਿਰਭਉ ਤੇ ਨਿਰਵੈਰ ਬਣਾਉਂਦਾ ਸੀ, ਚੌਥਾ ਸਾਬਤ-ਮਰਦਾਨਗੀ ਦਾ ਸਰੂਪ ਪ੍ਰਦਾਨ ਕਰਦਾ ਸੀ, ਪੰਜਵਾਂ ਚੱਕਰ-ਚਿਹਨ, ਬਰਨ-ਜਾਤਿ, ਰੂਪ-ਰੰਗ ਤੇ ਰੇਖ-ਭੇਖ ਦੀਆਂ ਵਿਤਕਰੇ-ਵੰਡੀਆਂ ਤੋਂ ਸੁਤੰਤਰ ਕਰਕੇ, ਉਸ ਨੂੰ ਅਦ੍ਵੈਤ ਬਣਾਉਂਦਾ ਸੀ, ਛੇਵਾਂ ਲਿੰਗ-ਸਰੀਰ ਦੀਆਂ ਸਮਾਜਕ ਸਾਂਝਾਂ ਤੋਂ ਹਟਾ ਕੇ ਖਾਲਸੇ ਨੂੰ ਆਤਮਾ ਦੀ ਸਾਂਝ ਪਵਾਉਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਨੂੰ ਕੁਆਰੀ-ਆਤਮਾ ਦੀ ਸੰਤਾਨ ਆਖਿਆ ਹੈ, ਖਾਲਸੇ ਨੂੰ ਸ਼ੁਧ-ਆਤਮਕ ਮੰਡਲ ਵਿਚੋਂ ਉਪਜੇ 'ਪ੍ਰਭੂ-ਪੁਰਖ' ਦਾ ਪਦ ਪ੍ਰਦਾਨ ਕੀਤਾ ਹੈ। 'ਖਾਲਸਾ' ਸੱਚ-ਮੁਚ ਹੀ 'ਪ੍ਰਭੂ-ਵਾਹਿਗੁਰੂ' ਦਾ ਹੈ ਤੇ 'ਪ੍ਰਭੂ-ਵਾਹਿਗੁਰੂ' ਹਮੇਸ਼ਾਂ ਖਾਲਸੇ ਦਾ ਹੈ। ਜਦੋਂ 'ਖਾਲਸਾ' ਵਿਅਕਤੀਗਤ ਪੱਧਰ ਤੇ ਮੇਲ-ਮਿਲਾਪ ਕਰਦਾ ਹੈ, ਤਾਂ ਉਸ ਵਕਤ ਵੀ ਉਹ ਇਹੀ ਦ੍ਰਿੜ੍ਹ ਕਰਦਾ ਹੈ, ਅਰਥਾਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਤੇ ਇਸੇ ਤਰ੍ਹਾਂ ਜਦੋਂ ਸੰਗਤ ਰੂਪ ਵਿਚ 'ਖਾਲਸਾ' ਅਰਦਾਸ ਦੀ ਸਮਾਪਤੀ ਪਿਛੋਂ ਬੋਲ ਬੋਲਦਾ ਹੈ, ਤਾਂ ਉਸ ਵਕਤ ਵੀ 'ਖਾਲਸਾ-ਪੰਥ' ਇਹੀ ਭਾਵ ਪ੍ਰਗਟ ਕਰਦਾ ਹੈ, ਕਿ 'ਖਾਲਸਾ' ਵਾਹਿਗੁਰੂ ਦਾ ਹੈ!

'ਖਾਲਸੇ' ਦਾ ਆਤਮਕ-ਕਰਤਾ 'ਪ੍ਰਭੂ' ਆਪ ਹੈ। ਹਾਂ ਪ੍ਰਭੂ-ਕਰਤੱਵ ਨੂੰ ਸਮਾਜਕ ਰੂਪ ਵਿਚ ਸਾਕਾਰ ਕਰਨ ਵਾਲਾ ਪਰਮ ਪੁਰਖੁ ਕਾ ਦਾਸ-ਗੁਰੂ ਗੋਬਿੰਦ ਸਿੰਘ ਹੈ। 'ਪ੍ਰਭੂ' ਤੇ ਗੁਰੂ ਗੋਬਿੰਦ ਸਿੰਘ ਜੀ ਭਾਵੇਂ ਦੋ ਨਹੀਂ, ਉਹਨਾਂ ਆਪ ਆਖਿਆ ਹੈ, 'ਦੋ ਤੇ ਏਕ ਰੂਪ ਹੈ ਗਯੋ', 'ਜੋ ਪ੍ਰਭੂ ਕਹਾ ਸੋ ਕਹਯੋ'। ਜਦੋਂ ਗੁਰੂ ਗੋਬਿੰਦ ਸਿੰਘ ਜੀ ਇਹ ਭਾਵ ਵੀ ਪ੍ਰਗਟ ਕਰਦੇ ਹਨ, ਕਿ ਜੋ ਕਹਿ ਰਿਹਾ ਹਾਂ, ਉਹ ਸਭ ਕੁਝ ਪ੍ਰਭੂ ਹੀ ਆਖਵਾ ਰਿਹਾ ਹੈ, ਤਾਂ ਇਸ ਦਾ ਭਾਵ ਇਹ ਵੀ ਹੈ, ਕਿ 'ਪ੍ਰਭੂ ਤੇ ਗੁਰੂ' ਦੋਵੇਂ ਹੀ ਸਾਖੀ ਭਰ ਰਹੇ ਹਨ, ਕਿ ਅੰਤਰ-ਆਤਮੇਂ ਅਸੀਂ ਇਕ ਹਾਂ। ਇਹ ਵਖਰੀ ਗਲ ਹੈ, ਗੁਰੂ ਗੋਬਿੰਦ ਸਿੰਘ ਜੀ ਅੰਤਰ-ਆਤਮੇ ਪ੍ਰਭੂ ਨਾਲ ਇਕ ਸੁਰ ਹੋ ਕੇ ਵੀ ਆਪਣੇ ਆਪ ਨੂੰ ਪ੍ਰਭੂ-ਪੁਰਖੁ ਦਾ 'ਦਾਸ' ਸਵੀਕਾਰ ਕਰਦੇ ਹਨ। ਪ੍ਰਭੂ-ਪੁਰਖੁ ਦਾ ਦਾਸ ਬਣਨਾ ਹੀ ਤਾਂ ਅਸਲ ਪ੍ਰਵਾਨਗੀ ਹੈ—ਪ੍ਰਭੂ ਦਰਬਾਰ ਵਿਚ। ਗੁਰੂ ਗੋਬਿੰਦ ਸਿੰਘ ਜੀ ਪ੍ਰਭੂ-ਦਰਬਾਰ ਵਿਚ ਪ੍ਰਵਾਨ ਹੋਈ ਆਤਮਾ ਦੇ ਮਾਲਕ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦਾ ਨਿਰਮਾਣ-ਨਾਟਕ ਖੇਡਦੇ ਹਨ, ਤਾਂ ਉਸ ਵਕਤ ਉਹ ਪ੍ਰਭੂ-ਨਾਟਕ ਦੀ ਇਸ ਵਿਸ਼ੇਸ਼ ਤੇ ਸਰੇਸ਼ਟ-ਝਾਕੀ ਨੂੰ ਹੀ ਮੂਰਤੀਮਾਨ ਕਰ ਰਹੇ ਹਨ। ਪ੍ਰਭੂ-ਨਾਟਕ ਦਾ ਖਿਲਾਰਾ ਤਾਂ ਬਹੁਤ ਵੱਡਾ ਹੈ, ਪਰ ਸਮੇਂ ਦੀਆਂ ਸਮਕਾਲੀ ਸਥਿਤੀਆਂ ਮੁਤਾਬਿਕ ਲੋੜ ਸੀ, ਕਿਸੇ ਮਹਾਨ ਨਾਟਕ-ਝਾਕੀ ਨੂੰ ਦਿਖਾਣ ਦੀ, ਤਾਂ ਕਿ ਸਾਰੀ ਭਾਰਤੀ ਮਨੁਖਤਾ ਉਸ ਵਲ ਆਕਰਖਿਤ ਹੋ ਕੇ, ਆਪਣੀ ਉਦਾਸ ਜਨਕ ਅਵੱਸਥਾ ਨੂੰ ਕਿਸੇ ਆਸ਼ਾ-ਜਨਕ ਦਸ਼ਾ ਵਿਚ ਢਾਲ ਸਕੇ। ਨਾਲੇ ਭਾਰਤੀ-ਮਨੁਖਤਾ ਆਤਮਕ ਤੌਰ ਤੇ ਅਤਿ ਅਧੋਗਤੀ ਦਾ ਸ਼ਿਕਾਰ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਨਿਰਮਾਣ-ਨਾਟਕ ਝਾਕੀ ਨੂੰ ਦਿਖਾ ਕੇ, ਇਕ ਤਾਂ ਉਹਨਾਂ ਦੀ ਅੰਤਰ-

Digitized by Panjab Digital Library | www.panjabdigilib.org

ਆਤਮਾ ਵਿਚ ਆਸ਼ਾ-ਜਨਕ ਭਾਵ ਪੈਦਾ ਕਰਨਾ ਚਾਹੁੰਦੇ ਸਨ, ਦੂਜਾ ਉਹਨਾਂ ਨੂੰ ਮੋਹ-ਮਾਇਆ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਕਰਵਾਕੇ, ਉਹਨਾਂ ਅੰਦਰ ਸਿਰ ਕਟਾਣ ਦਾ ਜਜ਼ਬਾ ਪੈਦਾ ਕਰਨਾ ਚਾਹੁੰਦੇ ਸਨ, ਤੀਜਾ ਸਵੈ-ਰਖਿਆ ਤੇ ਪਰ-ਰਖਿਆ ਵਾਸਤੇ ਜ਼ਬਰ ਤੇ ਜ਼ੁਲਮ ਵਿਰੁਧ ਡਟ ਜਾਣ ਦਾ ਸਾਹਸ ਤੇ ਦਲੇਰੀ ਪੈਦਾ ਕਰਨਾ ਚਾਹੁੰਦੇ ਸਨ, ਚੌਥਾ ਅਤਿ ਅਧੋਗਤੀ ਦਾ ਨਾਸ਼ ਕਰਨ ਵਾਸਤੇ, ਪੰਜਾਬ-ਭਾਰਤੀਆਂ ਦੀ ਖਿੰਡਾ-ਸ਼ਕਤੀ ਨੂੰ ਇਕ ਥਾਂ ਕੇਂਦ੍ਰਤ ਕਰਨਾ ਚਾਹੁੰਦੇ ਸਨ, ਪੰਜਾਬ-ਭਾਰਤੀਆਂ ਦੀ ਕੇਂਦ੍ਰਤ ਹੋਈ ਸ਼ਕਤੀ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ 'ਅਨੰਦਪੁਰ' ਦੇ ਰੂਪ ਵਿਚ ਦੇਖਿਆ, ਫਿਰ ਉਸ ਨੂੰ ਭਗਤੀ-ਮੰਡਲ ਦੇ ਅਮਲ-ਰੂਪ ਵਿਚ ਪਰਖਿਆ, ਫਿਰ ਉਹਨਾਂ ਦੀ ਹਰ ਤਰ੍ਹਾਂ ਦੀ ਪਰ-ਅਧੀਨਤਾ ਨੂੰ ਮੁਕਾ ਕੇ, ਉਹਨਾਂ ਨੂੰ ਪ੍ਰਭੂ-ਅਧੀਨ ਜਾਂ ਪ੍ਰਭੂ-ਤਾਬਿਆ ਰਹਿਣ ਲਈ ਹੁਕਮ ਕੀਤਾ, ਫਿਰ ਉਹਨਾਂ ਨੂੰ ਪ੍ਰਭੂ-ਦਰਬਾਰ ਵਿਚ ਪ੍ਰਵਾਨ-ਪਿਆਰੇ ਮੰਨ ਕੇ, ਆਪਣੇ ਪਰੇਮ-ਭਾਵ ਨੂੰ ਪ੍ਰਗਟ ਕੀਤਾ, ਫਿਰ ਖਾਲਸੇ ਨੂੰ ਅਦਵੈਤ-ਪ੍ਰਭੂ-ਜੋਤਿ, ਸਾਂਝਾ ਧਰਮ-ਗਰੰਥ, ਸਾਂਝਾ ਰੂਪ-ਸਰੂਪ, ਸਾਂਝਾ ਸਭਿਆਚਾਰ, ਸਾਂਝੇ ਤਖਤ, ਤੇ ਗੁਰਦਵਾਰੇ, ਸਾਂਝਾ ਆਦਰਸ਼ ਤੇ ਉਦੇਸ਼ ਪ੍ਰਦਾਨ ਕਰਕੇ, ਉਹਨਾਂ ਨੇ ਖਾਲਸੇ ਦੇ ਸਰਬ ਵੰਡੀ-ਵਿਤਕਰਿਆਂ ਨੂੰ ਮਿਟਾਕੇ ੧ ਓ ਦੀ ਅਦਵੈਤ-ਲੜੀ ਵਿਚ ਬੰਨ੍ਹ ਦਿੱਤਾ। ਇਸੇ ਲਈ 'ਖਾਲਸਾ' ੧ ਓ ਦਾ ਪੁਜਾਰੀ ਹੈ, ਬੁਤ-ਪੂਜਾ ਤੇ ਦੇਵੀ ਦੇਵਤਿਆਂ ਦਾ ਪੁਜਾਰੀ ਨਹੀਂ। ਖਾਲਸੇ ਦਾ ਵਿਸ਼ਵਾਸ ਹੈ, ਕਿ ਸਰਬ-ਬ੍ਰਹਮੰਡ ਵਿਚ ੧ ਓ ਦੀ ਸ਼ਕਤੀ ਹੀ ਪ੍ਰਧਾਨ ਹੈ। ਸਰਬ ਦਿਸ਼ਾ ਵਿਚ ਪਸਰੀ ੧ ਓ ਦੀ ਸਤਿ-ਸ਼ਕਤੀ ਨਾਲ ਅੰਤਰ-ਆਤਮੇ ਇਕਸੁਰ ਹੋ ਜਾਣਾ ਹੀ 'ਖਾਲਸੇ' ਦੀ ਸਹੀ ਪਹਿਚਾਣ ਹੈ। '੧ ਓ ਵਾਹਿਗੁਰੂ' ਨਾਲ ਇਕ ਰਸ-ਸੰਜੋਗ ਪ੍ਰਾਪਤ ਕਰ ਲੈਣ ਵਾਲਾ ਹੀ 'ਖਾਲਸਾ' ਹੈ। ਖਾਲਸ ਜਾਂ ਸ਼ੁਧ-ਆਤਮਕ ਜੀਵਨ ਜੀਉਣ ਵਾਲਿਆਂ ਦੀ ਜਥੇ-ਬੰਦੀ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ-ਪੰਥ' ਪੱਦ ਪ੍ਰਦਾਨ ਕੀਤਾ ਸੀ। ਚੂੰਕਿ 'ਖਾਲਸਾ-ਪੰਥ' ਪ੍ਰਭੂ-ਮਾਰਗ ਦਾ ਪ੍ਰਤੀਕ ਹੈ, ਵਾਹਿਗੁਰੂ ਦਾ ਪ੍ਰਤੀਕ ਹੈ, ਇਸ ਲਈ 'ਖਾਲਸਾ' ਵਾਹਿਗੁਰੂ ਦਾ ਹੈ, ਤੇ 'ਵਾਹਿਗੁਰੂ' ਖਾਲਸੇ ਦਾ ਹੈ। ਦੋਹਾਂ ਵਿਚ ਭਿੰਨ-ਭੇਦ ਨਹੀਂ।

'ਖਾਲਸੇ' ਦੀ ਨਿਰਮਾਣ ਨਾਟਕ-ਕਿਰਿਆ ਖੇਡਣ ਤੋਂ ਪਿਛੋਂ, ਰਵਾਇਤ ਮੁਤਾਬਿਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰੇ ਖਾਲਸੇ ਨੂੰ ਨਵੀਂ ਪ੍ਰਵਾਰਕ-ਸਾਂਝ ਪ੍ਰਦਾਨ ਕੀਤੀ। ਅੰਮ੍ਰਿਤ ਛੱਕਣ ਤੋਂ ਪਹਿਲਾਂ ਉਹਨਾਂ ਦੇ ਜਨਮ-ਸੰਸਕਾਰ ਨਾਮ-ਸੰਸਕਾਰ ਤੇ ਪਰਿਵਾਰ-ਸੰਸਕਾਰ ਦੁਨਿਆਵੀ ਸਨ। ਪਰ ਅੰਮ੍ਰਿਤ ਛੱਕਣ ਤੋਂ ਪਿਛੋਂ ਨਾ ਤਾਂ ਉਹਨਾਂ ਦੇ ਜਨਮ-ਸੰਸਕਾਰਾਂ ਨੂੰ ਸਵੀਕਾਰ ਕੀਤਾ ਗਿਆ, ਨਾ ਹੀ ਨਾਮ ਤੇ ਪਰਿਵਾਰ ਸੰਸਕਾਰਾਂ ਨੂੰ, ਅਤੇ ਨਾ ਹੀ ਉਹਨਾਂ ਦੀ ਦੁਨਿਆਵੀ ਮਹੱਤਤਾ ਨੂੰ। ਅੰਮ੍ਰਿਤ ਛਕ ਕੇ ਸਿਖ 'ਸਿੰਘ' ਬਣ ਗਿਆ, ਗੁਰੂ ਕਾ ਸਿੰਘ, ਪ੍ਰਭੂ ਦੀ ਉਚਗਤੀ ਨੂੰ ਪ੍ਰਾਪਤ ਕਰਨ ਵਾਲਾ ਸਿੰਘ, ਦੁਨਿਆਵੀ ਰਿਸ਼ਤੇ-ਨਾਤੇ ਤਿਆਗ ਕੇ,

Digitized by Panjab Digital Library | www.panjabdigilib.org

ਉਹ ਵਿਸ਼ਾਲ ਜਾਂ ਵੱਡੇ ਪਰਿਵਾਰ ਦਾ ਮੈਂਬਰ ਬਣ ਗਿਆ, ਦੁਨਿਆਵੀ ਤੇ ਸੀਮਤ ਸੀਮਾਵਾਂ ਨੂੰ ਤਿਲਾਂਜਲੀ ਦੇ ਕੇ, ਉਹ ਬੇਗਮਪੁਰ ਜਾਂ ਵਿਸ਼ਾਲ-ਆਤਮਕ-ਮੰਡਲ ਦਾ ਵਾਸੀ ਬਣ ਗਿਆ। ਉਹ ਆਪਣੇ ਆਪ ਨੂੰ ਕੁਝ ਨਵਾਂ, ਕੁਝ ਗਵਨ-ਭਾਵਨਾਵਾਂ ਤੋਂ ਸੁਤੰਤਰ ਤੇ ਸ਼ੁਧ ਸਮਝਣ ਲਗ ਪੈਂਦਾ ਹੈ, ਉਸ ਦਾ ਜਨਮ-ਸਥਾਨ ਅਨੰਦਪੁਰ ਬਣ ਜਾਂਦਾ ਹੈ, ਉਸ ਦਾ ਨਾਮ ਸੰਸਕਾਰ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਹੋ ਜਾਂਦਾ ਹੈ, ਉਸ ਦੀ ਮਾਤਾ 'ਸਾਹਿਬ ਦੇਵਾਂ' ਬਣ ਜਾਂਦੀ ਹੈ, ਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਬਣ ਜਾਂਦੇ ਹਨ। ਗਲ ਕੀ ਅੰਮ੍ਰਿਤ ਛੱਕਣ ਤੋਂ ਬਾਅਦ ਮਨੁਖ ਆਪਣੇ ਆਪ ਨੂੰ ਅੰਮ੍ਰਿਤਧਾਰੀ, ਮੌਤ ਦੇ ਡਰ-ਡਰਾਵੇ ਤੋਂ ਕੁਝ ਬੇ-ਪ੍ਰਵਾਹ, ਨਿਆਂ ਤੇ ਸੱਚ-ਪ੍ਰਸਤ, ਸ਼ੁਧ ਤੇ ਸਹਜਾਤਮਿਕ-ਜ਼ਿੰਦਗੀ ਦਾ ਇੱਛਾਵਾਨ, ਪ੍ਰਭੂ ਦੀ ਸਾਬਤ-ਸੂਰਤਿ ਤੇ ਸਦਾ ਜਾਗਦੀ-ਜੋਤਿ ਦਾ ਉਪਾਸ਼ਕ ਸਮਝਣ ਲਗ ਪੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ-ਕਰਾਮਾਤ ਅਸਲ ਵਿਚ ਕੀਤੀ ਵੀ ਇਸੇ ਉਦੇਸ਼ ਦੀ ਪ੍ਰਾਪਤੀ ਵਾਸਤੇ ਹੀ ਸੀ। ਉਹ ਪੰਜਾਬ-ਭਾਰਤ ਦੇ ਲੋਕਾਂ ਨੂੰ ਮੌਤ ਦੇ ਡਰ-ਡਰਾਵੇ ਤੋਂ ਬੇ-ਪ੍ਰਵਾਹ ਕਰਨਾ ਚਾਹੁੰਦੇ ਸਨ, ਨਿਆਂ ਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਵਾਉਣਾ ਚਾਹੁੰਦੇ ਸਨ, ਸ਼ੁਧ, ਸਹਜਾਤਮਿਕ, ਸਾਬਤ ਤੇ ਸਦਾ ਜਾਗਦੀ-ਜੋਤਿ ਜੀਵਨ ਧਾਰਨ ਕਰਾਉਣਾ ਚਾਹੁੰਦੇ ਸਨ। ਅੰਮ੍ਰਿਤ ਛਕਾ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ-ਭਾਰਤ ਦੇ ਸਿਖਾਂ ਨੂੰ 'ਅੰਮ੍ਰਿਤ ਤੇ ਅਮਰ' ਹੋ ਜਾਣ ਦਾ ਅਹਿਸਾਸ ਉਹਨਾਂ ਦੀ ਅੰਤਰ-ਆਤਮਾ ਵਿਚੋਂ ਜਗਾਇਆ, ਤਾਂ ਨਾਲ ਹੀ ਉਹਨਾਂ ਨੂੰ ਇਹ ਵੀ ਪੜ੍ਹਾ ਦਿੱਤਾ, ਕਿ ਅਜ ਤੋਂ (ਜਦੋਂ ਤੋਂ ਅੰਮ੍ਰਿਤ ਛਕਿਆ ਹੈ) ਤੁਸੀਂ 'ਖਾਲਸਾ' ਹੋ, ਤੁਸੀਂ ਵਾਹਿਗੁਰੂ ਦੇ ਹੋ, ਤੁਹਾਡੀ ਜ਼ਿੰਦਗੀ ਦਾ ਸਰੂਪ ਵਾਹਿਗੁਰੂ ਦਾ ਸਰੂਪ ਹੋਣਾ ਚਾਹੀਦਾ ਹੈ, ਤੁਹਾਡੀ ਕਾਰ ਵਾਹਿਗੁਰੂ ਦੀ ਕਾਰ ਹੋਣੀ ਚਾਹੀਦੀ ਹੈ, ਤੁਹਾਡਾ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਵਾਹਿਗੁਰੂ ਹੀ ਹੈ, ਤੁਹਾਡਾ ਜਨਮ-ਕਾਰਨ ਕੋਈ ਲਿੰਗ-ਸਰੀਰ ਨਹੀਂ, ਤੁਸੀਂ ਅਜ ਤੋਂ ਲਿੰਗ-ਸਰੀਰ ਦੀਆਂ ਸੀਮਾਵਾਂ ਵਿਚੋਂ ਸੁਤੰਤਰ ਹੋ ਗਏ ਹੋ, ਵਾਹਿਗੁਰੂ ਵੀ ਕਿਸੇ ਲਿੰਗ-ਸਰੀਰ ਦੀ ਉਪਜ ਨਹੀਂ। ਜੇ ਵਾਹਿਗੁਰੂ ਕਿਸੇ ਲਿੰਗ-ਸਰੀਰ ਦੀ ਉਪਜ ਨਹੀਂ, ਤਾਂ ਤੁਸੀਂ ਤਾਂ ਵਾਹਿਗੁਰੂ ਦੇ ਹੋ, ਇਸ ਲਈ ਤੁਸੀਂ ਵੀ ਲਿੰਗ-ਸਰੀਰ ਦੀ ਉਪਜ ਨਹੀਂ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਨੂੰ ਮਾਤਾ ਸਾਹਿਬ ਦੇਵਾਂ ਦੀ ਝੋਲੀ ਵਿਚ ਪਾਇਆ ਤਾਂ ਖਾਲਸੇ ਨੂੰ ਮੁਖਾਤਿਬ ਕਰਦਿਆਂ ਗੁਰੂ ਪਾਤਸ਼ਾਹ ਨੇ ਇਹ ਵੀ ਕਿਹਾ ਸੀ, ਕਿ 'ਅਜ ਤੋਂ ਤੁਹਾਡੀ ਮਾਤਾ' ਮਾਤਾ ਸਾਹਿਬ ਦੇਵਾਂ ਹੈ। ਮਾਤਾ ਸਾਹਿਬ ਦੇਵਾਂ ਕਿਉਂ ? ਇਸ ਲਈ, ਕਿਉਂਕਿ ਮਾਤਾ ਸਾਹਿਬ ਦੇਵਾਂ ਦੀ ਸਾਰੀ ਜ਼ਿੰਦਗੀ ਸ਼ੁਧ, ਸੁਤੰਤਰ ਤੇ ਸਦਾ ਜਾਗਦੀ-ਜੋਤਿ ਵਾਲੀ ਸੀ, ਸੰਜਮ ਤੇ ਜ਼ਬਤ ਵਾਲੀ ਸੀ। ਸਬਰ ਤੇ ਸੰਤੋਖ-ਧਾਰੀ ਸੀ, ਮਿਠਤ ਤੇ ਨਿੰਮ੍ਰਤਾ ਵਾਲੀ ਸੀ। ਇਤਿਹਾਸਕਾਰ ਭਾਵੇਂ ਕਹਿਣ ਪਏ, ਗੁਰੂ ਗੋਬਿੰਦ ਸਿੰਘ ਜੀ ਤੋਂ ਵੱਡਾ ਇਤਿਹਾਸਕਾਰ ਤੇ ਸਾਹਿਤਕਾਰ ਹਾਲਾਂ ਤਕ ਵਿਸ਼ਵ-ਧਰਤੀ ਤੇ ਕੋਈ ਪੈਦਾ ਨਹੀਂ ਹੋ ਸਕਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਦੇਵਾਂ ਨੂੰ 'ਖਾਲਸੇ' ਦੀ ਮਾਤਾ ਹੋਣ ਦਾ ਵਰ ਪ੍ਰਦਾਨ ਕਰਦੇ ਹਨ, ਤਾਂ ਇੰਜ ਜਾਪਦਾ ਹੈ, ਕਿ ਇਸ ਵਰ-ਪ੍ਰਦਾਨਗੀ ਵਿਚ ਬੜਾ ਡੂੰਘਾ, ਸਾਹਿਤਕ ਤੇ ਇਤਿਹਾਸਕ-ਰਹੱਸ ਹੈ। ਸਿਖ, ਹਿੰਦੂ, ਮੁਸਲਮਾਣ ਤੇ ਅੰਗਰੇਜ਼ ਸਰਬ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਇਕ ਗਲ ਤਾਂ ਸਪੱਸ਼ਟ ਹੈ, ਕਿ 'ਮਾਤਾ ਸਾਹਿਬ ਦੇਵਾਂ' ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਪਤਨੀ ਮੰਨੀ ਜਾਏ,

Digitized by Panjab Digital Library | www.panjabdigilib.org

ਪਰ ਉਹਨਾਂ ਦੇ ਘਰ ਕੋਈ ਬਾਲ-ਬੱਚਾ ਨਹੀਂ ਸੀ। ਬਾਲ-ਬੱਚਾ ਨਾ ਹੋਣ ਤੋਂ ਇਹ ਭਾਵ ਉਪਜਦਾ ਹੈ, ਕਿ ਹੋ ਸਕਦਾ ਹੈ, ਕਿ ਮਾਤਾ ਸਾਹਿਬ ਦੇਵਾਂ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਲਿੰਗ-ਸਰੀਰ ਦੇ ਸੰਬੰਧ ਹੀ ਨਾ ਹੋਣ। ਹਾਂ ਲਿੰਗ-ਸਰੀਰ ਤੋਂ' ਸੁਤੰਤਰ, ਸ਼ੁਧ ਤੇ ਆਤਮਕ-ਸੰਬੰਧ ਜ਼ਰੂਰ ਸਨ। ਮਾਤਾ ਸਾਹਿਬ ਦੇਵਾਂ ਜੀ ਸਾਰੀ ਜ਼ਿੰਦਗੀ 'ਅਧਿਆਤਮਿਕ-ਬੰਧਨ-ਅਧੀਨ', ਗੁਰੂ ਗੋਬਿੰਦ ਸਿੰਘ ਜੀ ਦੀ ਜਾਗਤ-ਜੋਤਿ ਤੋਂ ਨਿਛਾਵਰ ਰਹੀ। ਹਾਂ ਇਹ ਨਿਸਚੇ ਨਾਲ ਆਖਿਆ ਜਾ ਸਕਦਾ ਹੈ, ਕਿ ਮਾਤਾ ਸਾਹਿਬ ਦੇਵਾਂ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ ਛਾਯਾ ਹੇਠ ਰਹਿੰਦੀ ਹੋਈ ਵੀ ਸਾਰੀ ਜ਼ਿੰਦਗੀ ਅਛੋਹ ਤੇ ਕੁਆਰੀ ਰਹੀ। ਮਾਤਾ ਸਾਹਿਬ ਦੇਵਾਂ ਅਛੋਹ, ਪਵਿੱਤਰ ਤੇ ਕੁਆਰੀ-ਆਤਮਾ ਸੀ। 'ਖਾਲਸਾ' ਇਸੇ ਅਛੋਹ, ਪਵਿੱਤਰ ਤੇ ਕੁਆਰੀ ਆਤਮਾ ਦੀ ਹੀ ਸਪੂਤ-ਸੈਨਾ ਹੈ। ਭਾਵੇਂ ਇਸ ਸਪੂਤ-ਸੈਨਾ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ, ਪਰ ਇਹ ਵੀ ਉਸੇ ਅਧਿਆਤਮਿਕ-ਬੰਧਨ ਕਰਕੇ, ਜਿਸ ਬੰਧਨ ਅਧੀਨ ਮਾਤਾ ਸਾਹਿਬ ਦੇਵਾਂ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟ ਰਹਿ ਕੇ ਵੀ, ਆਪਣੇ ਆਪ ਨੂੰ ਅਛੋਹ, ਪਵਿੱਤਰ ਤੇ ਕੁਆਰੀ ਰਖਿਆ ਸੀ। 'ਖਾਲਸੇ' ਦੀ ਮਾਤਾ ਭਾਵੇਂ ਸਾਹਿਬ ਦੇਵਾਂ ਹੈ ਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ, ਪਰ ਮਾਤਾ ਸਾਹਿਬ ਦੇਵਾਂ ਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਜਿਹੜਾ ਲਿੰਗ-ਸਰੀਰ ਤੇ ਸੁਹਜ-ਸੁੰਦਰਤਾ ਤੋਂ ਮੁਕਤ, ਸ਼ੁਧ-ਆਤਮਕ, ਮੇਲ-ਮਿਲਾਪ ਸੀ, ਅਸਲ ਵਿਚ ਖਾਲਸਾ ਉਸੇ ਸ਼ੁਧ-ਆਤਮਕ ਮੇਲ-ਮਿਲਾਪ ਵਿਚੋਂ ਹੀ ਜਨਮ ਲੈਂਦਾ ਹੈ। ਮਾਤਾ ਸਾਹਿਬ ਦੇਵਾਂ ਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਜੋਤਿ-ਆਤਮਾ ਕਰਕੇ ਇਕ ਸਨ। ਖਾਲਸੇ ਦਾ ਆਤਮਕ ਪੱਧਰ ਤੇ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਮਾਤਾ ਸਾਹਿਬ ਦੇਵਾਂ ਹੈ, ਪਰ 'ਖਾਲਸਾ' ਆਤਮਾ ਦੇ ਉਦਰ ਵਿਚੋਂ ਹੀ ਪੈਦਾ ਹੋਇਆ ਹੈ। 'ਪ੍ਰਭੂ' ਦਾ ਪ੍ਰਮੁਖ ਸਰੂਪ 'ਆਤਮਕ' ਹੀ ਹੈ। 'ਖਾਲਸਾ' ਪ੍ਰਭੂ-ਆਤਮਾ ਦੀ ਖੇਡ ਹੈ, ਪ੍ਰਭੂ-ਆਤਮਾ ਦੀ ਮੌਜ ਤੇ ਫੌਜ ਹੈ। 'ਖਾਲਸਾ' ਪ੍ਰਭੂ-ਆਤਮਾ ਦੇ ਸਹਜਾਤਮਿਕ-ਮੰਡਲ ਦਾ ਸਗੁਣ ਰੂਪ ਵਿਚ ਚਮਤਕਾਰ ਹੈ। ਜਦੋਂ ਭਾਈ ਗੁਰਦਾਸ ਸਿੰਘ ਖਾਲਸੇ ਦੀ ਜਨਮ ਸਥਿਤੀ ਦਾ ਵਰਣਨ ਕਰਦਾ ਹੈ, ਤਾਂ ਉਹ ਵੀ ਇਹੀ ਭਾਵ ਪ੍ਰਗਟ ਕਰਦਾ ਹੈ, ਕਿ 'ਖਾਲਸਾ' ਜਿਸ ਦਾ ਸਰੂਪ ਸਾਬਤ ਤੇ ਮਰਦਾਨਗੀ ਵਾਲਾ ਹੈ, ਉਹ ਸਹਜਾਤਮਿਕ ਮੰਡਲ ਵਿਚੋਂ ਹੀ ਉਪਜਿਆ ਹੈ-ਤਬ ਸਹਜੈ ਰਚਿਉ ਖਾਲਸਾ ਸਾਬਤ ਮਰਦਾਨਾ।

ਜਦੋਂ ਗੁਰੂ ਗੋਬਿੰਦ ਸਿੰਘ ਜੀ 'ਖਾਲਸੇ' ਅੰਦਰ ਪ੍ਰਮੁਖ ਤੱਤ 'ਜਾਗਤਿ-ਜੋਤਿ' ਨੂੰ ਸਵੀਕਾਰ ਕਰਦੇ ਹਨ, ਤਾਂ ਇਹ ਜਾਗਤਿ-ਜੋਤਿ ਵੀ ਪ੍ਰਭੂ ਦੇ ਸਹਜਾਤਮਿਕ ਮੰਡਲ ਦੀ ਹੀ ਪ੍ਰਤੀਕ ਹੈ, ਜਦੋਂ ਖਾਲਸੇ ਨੂੰ ਸਰਬ ਪਖੋਂ ਆਤਮਾ ਦੀ ਕਰਾਮਾਤ ਹੀ ਸਿੱਧ ਕਰਦੇ ਹਨ, ਤਾਂ ਇਕ ਗਲ ਹੋਰ ਉਜਾਗਰ ਹੁੰਦੀ ਹੈ, ਕਿ 'ਆਤਮਾ' ਤਾਂ ਹਮੇਸ਼ਾਂ ਅਖੰਡ-ਮੰਡਲ ਦੀ ਵਾਸੀ ਹੈ। ਇਸ ਨੂੰ ਖੰਡ ਖੰਡ ਨਹੀਂ ਕੀਤਾ ਜਾ ਸਕਦਾ। ਇੰਸੇ ਕਰਕੇ 'ਖਾਲਸਾ' ਅਖੰਡ-ਮੰਡਲ ਦਾ ਵਾਸੀ ਹੈ। ਅਖੰਡ-ਮੰਡਲ ਹੀ ਸੱਚ-ਖੰਡ ਦਾ ਮੰਡਲ ਹੈ।' ਸੱਚ ਹਮੇਸ਼ਾਂ ਵੰਡ-ਹੀਣ ਹੁੰਦਾ ਹੈ। ਇਸੇ ਕਰਕੇ 'ਖਾਲਸਾ' ਕਿਸੇ ਵੀ ਵੰਡੀ-ਵਿਤਕਰੇ ਵਿਚ ਵਿਸ਼ਵਾਸ ਨਹੀਂ ਰਖਦਾ। ਵੰਡੀ-ਵਿਤਕਰੇ ਹੀ ਜੜ੍ਹ ਹਨ—ਚਕਰ ਚਿਹਨ, ਬਰਨ-ਜਾਤਿ, ਰੂਪ-ਰੰਗ ਤੇ ਰੇਖ-ਭੇਖ ਦੇ। 'ਖਾਲਸਾ' ਇਹਨਾਂ ਸਰਬ ਵੰਡੀ-ਵਿਤਕਰਿਆਂ ਤੋਂ ਸੁਤੰਤਰ ਹੈ। ਇਸੇ ਲਈ ਤਾਂ 'ਖਾਲਸਾ' ਪ੍ਰਗਾਸ ਤੇ ਪ੍ਰਕਾਸ਼ਸ਼ੀਲ ਜ਼ਿੰਦਗੀ ਜੀਉਂਦਾ ਹੈ। ਪ੍ਰਗਾਸ ਤੇ ਪ੍ਰਕਾਸ਼ਸ਼ੀਲ ਜ਼ਿੰਦਗੀ ਹੀ ਉਚ-ਆਤਮਕ,

Digitized by Panjab Digital Library | www.panjabdigilib.org

ਪਵਿਤਰ ਤੇ ਜੋਤੂ-ਭਾਵਾਂ ਵਾਲੀ ਜ਼ਿੰਦਗੀ ਹੈ। ਚੂੰਕਿ ਇਹ 'ਜ਼ਿੰਦਗੀ' ਪ੍ਰਭੂ-ਜ਼ਿੰਦਗੀ ਦੀ ਲਖਾਇਕ ਹੈ, ਇਸ ਕਰਕੇ 'ਖਾਲਸੇ' ਨੂੰ ਵੀ ਵਾਹਿਗੁਰੂ ਦਾ ਹੀ ਆਖਿਆ ਗਿਆ ਹੈ ਤੇ ਫਤਹਿ ਨੂੰ ਵੀ ਵਾਹਿਗੁਰੂ ਦੀ ਹੀ ਮੰਨ ਲਿਆ ਗਿਆ ਹੈ। 'ਖਾਲਸਾ ਤੇ ਫਤਹਿ' ਆਤਮਕ-ਮੰਡਲ ਦੀਆਂ ਹੀ ਵਿਸ਼ੇਸ਼ ਪੱਦ-ਪ੍ਰਾਪਤੀਆਂ ਹਨ।

ਆਤਮਕ-ਮੰਡਲ ਵਿਚ ਪ੍ਰਭੂ-ਆਤਮਾ ਹੀ ਪ੍ਰਧਾਨ ਹੁੰਦੀ ਹੈ। 'ਪ੍ਰਮਾਤਮਾ' ਸਰਬ-ਦਿਸ਼ਾ ਵਿਚ ਇਕ ਹੀ ਹੈ। ਹਾਂ ਉਸ ਦਾ ਸਰਗੁਣ-ਸਰੂਪ 'ਸਤਿ' ਵਾਲਾ ਹੈ, ਉਸ ਦਾ ਕਰਤੱਵ ਹਮੇਸ਼ਾਂ ਕਰਤਾਰੀ ਤੇ ਪੁਰਖ ਵਾਲਾ ਹੈ, ਨਿਰਭਉ ਤੇ ਨਿਰਵੈਰ ਉਸ ਦੇ ਵਿਸ਼ੇਸ਼ ਵਿਹਾਰ ਗੁਣ ਹਨ, ਮੌਤ ਤੋਂ ਬੇ-ਪਰਵਾਹ, ਸੈ-ਹੋਂਦ ਉਤੇ ਗੌਰਵ, ਲਿੰਗ-ਸਰੀਰ ਦੀਆਂ ਜੂਨਾਂ ਤੋਂ ਸੁਤੰਤਰ, ਉਸ ਦੀਆਂ ਖਾਸ ਵਿਸ਼ੇਸ਼ਤਾਈਆਂ ਹਨ, ਉਸ ਦਾ ਪ੍ਰਕਾਸ਼ ਸੁਤੇ-ਸਿਧ, ਆਪ-ਮੁਹਾਰੇ ਹਰ ਦਿਸ਼ਾ ਵਿਚ ਹੋ ਰਿਹਾ ਹੈ, ਉਸ ਦੇ ਬੋਲ ਵਿਚ ਗਿਆਨ ਦਾ ਬਲ ਹੈ, ਉਸ ਦੇ ਵਿਹਾਰ ਵਿਚ ਨਿੰਮ੍ਰਤਾ, ਮਿਠਾਸ, ਤੇ ਕੋਮਲਤਾ ਦਾ ਭਰਪੂਰ ਨਿਘ ਹੈ। 'ਖਾਲਸਾ' ਸਦਾ ਇਕ ਹੈ, ਸਦਾ ਪਰਮ-ਆਤਮਕ ਜ਼ਿੰਦਗੀ ਦਾ ਮਾਲਕ ਹੈ। ਜਿਵੇਂ ਪਰਮ-ਆਤਮਕ ਜ਼ਿੰਦਗੀ ਹਰ ਦਿਸ਼ਾ ਵਿਚ ਇਕ, ਉਸਾਰੂ ਤੇ ਆਦਰਸ਼ਕ ਹੈ, ਕੁਝ ਇਸੇ ਤਰ੍ਹਾਂ ਖਾਲਸੇ ਦੀ ਜ਼ਿੰਦਗੀ ਵੀ ਏਕਤਾ-ਪ੍ਰਧਾਨ ਹੀ ਹੈ, ਉਸਾਰੂ ਤੇ ਆਦਰਸ਼ਕ ਵੀ ਹੈ। ਜੇ 'ਖਾਲਸਾ' ਆਤਮਾ ਦੇ ਉਦਰ ਦੀ ਸੰਤਾਨ ਹੈ, ਤਾਂ ਜਿਵੇਂ ਪਰਮ-ਆਤਮਾ ਸਰਬ ਦਿਸ਼ਾ ਵਿਚ ਇਕੋ ਜਿਹੀ ਹੈ, ਤਾਂ ਇਸ ਦਾ ਇਕ ਭਾਵ ਇਹ ਵੀ ਹੈ, ਕਿ ਸਰਬ-ਬ੍ਰਹਿਮੰਡ ਪਰਿਵਾਰ 'ਖਾਲਸੇ' ਦਾ ਆਪਣਾ ਪਰਿਵਾਰ ਹੈ, ਸਰਬ ਮਨੁਖਤਾ ਖਾਲਸੇ ਦੀ ਭਾਈਵਾਲ ਹੈ। ਸਰਬ-ਮਨੁਖਤਾ ਦੇ ਜੀਵਨ ਨੂੰ 'ਖਾਲਸਾ ਤੇ ਫਤਹਿ' ਵਾਲਾ ਬਣਾਉਣਾ, ਇਹ ਖਾਲਸਾ ਜਥੇਬੰਦੀ ਦਾ ਪ੍ਰਮੁਖ ਉਦੇਸ਼ ਹੈ। ਸਰਬ-ਮਨੁਖਤਾ ਵਿਚ ਜਿੰਨੀ ਵੀ ਤਰ੍ਹਾਂ ਦੇ ਵੰਡੀ-ਵਿਤਕਰੇ ਹਨ, ਖਾਲਸੇ ਨੇ ਉਨ੍ਹਾਂ ਨੂੰ ਮਿਟਾਣ ਵਾਸਤੇ ਸੰਘਰਸ਼ ਵੀ ਕਰਨਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ 'ਖਾਲਸੇ' ਨੂੰ ਇਕ ਚਿੰਤਨ-ਧਾਰਾ ਪ੍ਰਦਾਨ ਕਰਦੇ ਹਨ। ਅਰਥਾਤ ਚਿੰਤਨ-ਧਾਰਾ ਦੇ ਦ੍ਰਿਸ਼ਟੀਕੋਣ ਤੋਂ ਖਾਲਸਾ ਇਕੋ ਆਸ਼ੇ ਤੇ ਉਦੇਸ਼ ਦਾ ਧਾਰਨੀ ਹੈ ਤੇ ਜਦੋਂ ਸਰਬ ਖਾਲਸੇ ਨੂੰ ਇਕੋ ਰੂਪ-ਸਰੂਪ ਪ੍ਰਦਾਨ ਕਰਦੇ ਹਨ, ਤਾਂ ਇਸ ਦਾ ਭਾਵ ਇਹ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਅੰਦਰੋਂ ਬਾਹਰੋਂ ਇਕੋ ਜਿਹਾ ਤੇ ਇਕੋ ਆਸ਼ੇ ਤੇ ਉਦੇਸ਼ ਦਾ ਧਾਰਨੀ ਬਣਾ ਕੇ, ਸ਼ਕਤੀ-ਨਿਪੁੰਨ ਸਿਧ ਕਰ ਦਿੱਤਾ ਹੈ। ਭਗਤੀ-ਨਿਪੁੰਨ ਤਾਂ ਨਿਰਮਲ-ਪੰਥ ਪਹਿਲਾਂ ਹੀ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ, ਅਸਤਰਾਂ, ਸ਼ਸ਼ਤਰਾਂ ਦਾ ਸਰੂਪ ਪ੍ਰਦਾਨ ਕਰਕੇ, ਉਹਨਾਂ ਨੂੰ ਪੂਰਨ ਸ਼ਕਤੀਵਾਨ ਵੀ ਬਣਾ ਦਿੱਤਾ। 'ਖਾਲਸਾ' ਭਗਤੀ ਤੇ ਸ਼ਕਤੀ, ਸਾਂਝੇ ਮੰਡਲ ਦੀ ਹੀ ਉਪਜ ਹੈ। ਇਸੇ ਲਈ ਖਾਲਸੇ ਦੀ ਸਾਰੀ ਸਾਹਿਤਕ ਤੇ ਇਤਿਹਾਸਕ-ਪ੍ਰਾਪਤੀ ਭਗਤੀ ਤੇ ਸ਼ਕਤੀ ਕਰਤਵਾਂ ਦੀ ਭਰਪੂਰ ਪ੍ਰਾਪਤੀ ਹੈ। ਜਦੋਂ ਗ਼ੁਰੂ ਗੋਬਿੰਦ ਸਿੰਘ ਜੀ ਪ੍ਰਭੂ-ਪ੍ਰਮਾਤਮਾ ਦਾ ਸਰੂਪ ਭਗਤੀ ਅਤੇ ਸ਼ਕਤੀ-ਭਰਪੂਰ ਮੂਰਤੀਮਾਨ ਕਰਦੇ ਹਨ, ਅਰਥਾਤ 'ਪ੍ਰਮਾਤਮਾ' ਭਗਤੀ ਦਾ ਭੰਡਾਰ ਵੀ ਹੈ ਤੇ 'ਸ਼ਕਤੀ' ਦਾ ਸੋਮਾ ਵੀ ਹੈ, ਤਾਂ ਉਹ ਇਹ ਦ੍ਰਿੜ੍ਹ ਨਿਸਚਾ ਪ੍ਰਗਟ ਕਰ ਰਹੇ ਹਨ ਕਿ ਪ੍ਰਭੂ-ਵਾਹਿਗੁਰੂ ਹੀ ਸਰਬ-ਖੇਤਰ ਵਿਚ ਸਰਵੋਤਮ ਹਸਤੀ ਤੇ ਸ਼ਕਤੀ ਹੈ। ਚੂੰਕਿ ਖਾਲਸੇ ਦੀ ਨਿਰਮਾਣਤਾ 'ਪ੍ਰਭੂ-ਸਰੂਪ' ਉਤੇ ਆਧਾਰਤ

Digitized by Panjab Digital Library | www.panjabdigilib.org

ਹੋਈ ਹੈ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ' ਵੀ ਵਾਹਿਗੁਰੂ ਦਾ ਹੀ ਮੰਨਿਆਂ ਹੈ ਤੇ ਫਤਹਿ' ਵੀ ਵਾਹਿਗੁਰੂ ਦੀ ਹੀ ਮੰਨੀ ਹੈ।

'ਖਾਲਸਾ' ਹੋਣਾ ਹੀ 'ਫਤਹਿ' ਵਾਲੀ ਜ਼ਿੰਦਗੀ ਦੀ ਪ੍ਰਤੀਕ-ਪਹਿਚਾਣ ਹੈ। 'ਫਤਹਿ' ਥੋੜ੍ਹ-ਚਿਰੀ ਵੀ ਹੋ ਸਕਦੀ ਹੈ, ਤੇ ਸਦੀਵੀ ਵੀ ਹੈ। ਥੋੜ੍ਹ-ਚਿਰੀ ਫਤਹਿ ਦੁਨਿਆਵੀ ਸ਼ੋਭਾ ਤੇ ਸ਼ਕਤੀ ਤਕ ਸੀਮਤ ਹੈ! ਲੋਕ ਨਜ਼ਰਾਂ ਵਿਚ ਸ਼ੋਭਨੀਕ ਤੇ ਸ਼ਕਤੀ-ਨਿਪੁੰਨ ਬਣਨਾ, ਇਹ ਥੋੜ੍ਹ-ਚਿਰੀ ਫਤਹਿ ਹੈ। ਸਦੀਵੀ ਫਤਹਿ ਤਾਂ ਹਮੇਸ਼ਾਂ 'ਮਨ' ਦੀ ਹੁੰਦੀ ਹੈ, ਜਾਂ ਮਾਨਸਿਕ-ਦਸ਼ਾ ਉਤੇ ਫਤਹਿ ਪ੍ਰਾਪਤ ਕਰਨ ਵਾਸਤੇ ਦੁਨਿਆਵੀ ਸ਼ਕਤੀ ਤੇ ਸ਼ਸਤਰਾਂ ਦੀ ਜ਼ਰੂਰਤ ਨਹੀਂ, ਅਤੇ ਨਾ ਹੀ ਲੋਕ ਨਜ਼ਰਾਂ ਵਿਚ ਸ਼ੋਭਾਵੰਤ ਬਣਨ ਦੀ ਲੋੜ ਹੈ। ਹਾਂ ਪ੍ਰਭੂ-ਦਰਬਾਰ ਵਿਚ ਸ਼ੋਭਾਵੰਤ ਪ੍ਰਵਾਨ ਹੋਣ ਨਾਲ ਹੀ ਸਦੀਵੀ ਫਤਹਿ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। 'ਪ੍ਰਭੂ' ਚੂੰਕਿ ਸਰਬ ਸਮਰਥ ਸ਼ਕਤੀ ਹੈ, ਸਰਵੋਤਮ ਤੇ ਸਰਬ-ਸਰੇਸ਼ਟ ਸ਼ਕਤੀ ਹੈ ਤੇ ਇਹੀ ਸ਼ਕਤੀ ਸ੍ਰਿਸ਼ਟੀ-ਆਕਾਰ ਦੇ ਕਾਰ-ਵਿਧਾਨ ਦੀ ਕਰਤਾ ਹੈ, ਪਾਲਕ ਤੇ ਘਾਤਕ-ਸ਼ਕਤੀ ਵੀ ਇਹੀ ਹੈ। ਇਸ ਪ੍ਰਭੂ-ਸ਼ਕਤੀ ਦਾ ਹੀ ਹੁਕਮ ਸਰਬ-ਪਾਸੇ ਪ੍ਰਚੱਲਤ ਹੈ। ਦੁਨਿਆਵੀ ਨਿਆਂ-ਅਨਿਆਂ ਦੀ ਜ਼ਿਮੇਂਵਾਰ ਤੇ ਮਾਲਕ-ਸ਼ਕਤੀ ਵੀ ਇਹੀ ਹੈ। ਇਸੇ ਲਈ ਜਿਸ ਵਲ ਪ੍ਰਭੂ-ਸ਼ਕਤੀ ਹੈ, ਭਾਵੇਂ ਉਹ ਇਕੱਲਾ ਹੈ, ਉਹ ਸਵਾ ਲਖ ਦੇ ਬਰਾਬਰ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਵਿਅਕਤੀ-ਗਤ ਪੱਧਰ ਤੇ ਦੁਸ਼ਮਣਾਂ ਦੀ ਸਵਾ ਲਖ ਫੌਜ ਨਾਲ ਲੜਨ ਲਈ ਤਿਆਰ ਹੋ ਜਾਂਦਾ ਹੈ, ਤਾਂ ਇਸ ਦਾ ਭਾਵ ਇਹ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਦੀ ਅੰਤਰ-ਆਤਮਾ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਕਰਵਾ ਦਿਤਾ ਹੈ, ਕਿ ਜਿੰਨਾ ਚਿਰ 'ਖਾਲਸਾ' ਨਿਆਰਾ ਹੈ, ਉਨਾਂ ਚਿਰ ਪ੍ਰਭੂ-ਸ਼ਕਤੀ ਦਾ ਸਾਰਾ 'ਤੇਜ਼' ਉਸ ਕੋਲ ਹੈ। ਤੇ ਜਦੋਂ ਤਕ 'ਪ੍ਰਭੂ-ਸ਼ਕਤੀ ਤੇਜ਼' ਖਾਲਸੇ ਕੋਲ ਹੈ, ਉਹ ਸਵਾ ਲਖ ਦੇ ਬਰਾਬਰ ਵੀ ਹੈ, ਤੇ ਉਸ ਤੇ ਭਾਰੂ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦ੍ਰਿੜ੍ਹ ਕਰਵਾਏ ਵਿਸ਼ਵਾਸਾਂ ਵਿਚੋਂ ਉਪਜੀ ਦਲੇਰੀ ਤੇ ਨਿਡਰਤਾ ਦਾ ਹੀ ਫਲ ਸੀ, ਕਿ 'ਖਾਲਸਾ' ਆਪਣੇ ਆਪ ਨੂੰ ਵਾਹਿਗੁਰੂ ਦਾ ਸਮਝ ਕੇ, ਤੇ 'ਫ਼ਤਹਿ' ਨੂੰ ਵੀ ਵਾਹਿਗੁਰੂ ਦੀ ਹੀ ਮੰਨ ਕੇ, ਸਵਾ ਸਵਾ ਲਖ ਦੁਸ਼ਮਣਾਂ ਨਾਲ ਬਿਨਾਂ ਕਿਸੇ ਡਰ-ਝਿਜਕ ਦੇ, ਇਕਲਿਆਂ ਹੀ ਲੜਨ ਲਗ ਪਿਆ। ਆਪਣੇ ਆਪ ਨੂੰ ਸਵਾ ਲਖ ਦੇ ਬਰਾਬਰ ਸਮਝ ਲੈਣਾ, ਕਿਸੇ ਉੱਚ-ਆਤਮਕ, ਪਵਿੱਤਰ ਤੇ ਜੇਤੂ-ਭਾਵਾਂ ਵਾਲੇ ਪੁਰਸ਼ ਦੀ ਹੀ ਕਰਾਮਾਤ ਆਖੀ ਜਾ ਸਕਦੀ ਹੈ। ਉੱਚ-ਆਤਮਕ, ਪਵਿੱਤਰ ਤੇ ਜੇਤੂ-ਮੰਡਲ ਵਿਚ ਵੱਸਣ ਵਾਲਾ ਹੀ ਸਦੀਵੀ ਫਤਹਿ ਪ੍ਰਾਪਤ ਕਰ ਸਕਦਾ ਹੈ। ਸਦੀਵੀ ਫਤਹਿ ਵਾਲੀ ਜ਼ਿੰਦਗੀ ਹੀ ਅਸਲ ਵਿਚ 'ਖਾਲਸਾ' ਜ਼ਿੰਦਗੀ ਹੈ।

'ਖਾਲਸਾ-ਜ਼ਿੰਦਗੀ' ਵਾਹਿਗੁਰੂ ਦੀ ਫਤਹਿ ਦੀ ਅਧਿਕਾਰੀ ਜ਼ਿੰਦਗੀ ਹੈ। ਗੁਰੂ-ਸ਼ਖਸੀਅਤਾਂ (ਸਾਰੀਆਂ) ਖਾਲਸਾ ਸ਼ਖਸੀਅਤਾਂ ਸਨ। ਇਸੇ ਕਰਕੇ ਉਹ ਵਾਹਿਗੁਰੂ ਦੀ ਫਤਹਿ ਦੀਆਂ ਵੀ ਅਧਿਕਾਰੀ ਸ਼ਖਸੀਅਤਾਂ ਸਨ। ਗੁਰੂ-ਸ਼ਖਸੀਅਤਾਂ ਸਾਰੀਆਂ ਦੀਆਂ ਸਾਰੀਆਂ ਫਤਹਿ ਵਾਲੀਆਂ ਸ਼ਖਸੀਅਤਾਂ ਸਨ। ਉਹਨਾਂ ਦੇ ਬਚਨ ਤੇ ਕਰਤਵ ਵੀ ਖਾਲਸ ਸਨ ਤੇ ਸਦੀਵੀ ਫਤਹਿ ਵਾਲੇ ਵੀ ਸਨ। ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਰੀ ਬਾਣੀ 'ਖਾਲਸਾ ਤੇ ਫਤਹਿ' ਵਾਲੀਆਂ ਸ਼ਖਸੀਅਤਾਂ ਦੀ ਉਸਾਰੀ-ਨਮਿਤ ਹੀ ਰਚੀ ਗਈ ਹੈ। ਸਾਰਾ 'ਸਿਖ ਇਤਿਹਾਸ 'ਖਾਲਸਾ ਤੇ ਫਤਹਿ' ਵਾਲੀਆਂ ਸ਼ਖਸੀਅਤਾਂ ਦੀਆਂ ਗੌਰਵਸ਼ੀਲ-ਘਟਨਾਵਾਂ ਦਾ ਹੀ ਕਰਾਮਾਤੀ

Digitized by Panjab Digital Library | www.panjabdigilib.org

ਇਤਿਹਾਸ ਹੈ । 'ਅਰਦਾਸ' ਦੀ ਸਰਬ-ਸਿਰਜਨਾਂ ਵੀ 'ਖਾਲਸਾ ਤੇ ਫਤਹਿ' ਵਾਲੀਆਂ ਆਤਮਾਵਾਂ ਦਾ ਹੀ ਫਲ-ਸਰੂਪ ਹੈ । 'ਅਰਦਾਸ' ਦੇ ਸਾਰੇ ਪਾਤਰ-ਗੁਰੂ, ਪਿਆਰੇ, ਸਾਹਿਬ-ਜ਼ਾਦੇ, ਸ਼ਹੀਦ ਤੇ ਗੁਰਸਿਖ 'ਖਾਲਸਾ ਤੇ ਫਤਹਿ' ਵਾਲੀ ਜ਼ਿੰਦਗੀ ਦੇ ਹੀ ਮਾਲਕ ਸਨ । ਚੂੰਕਿ ਗੁਰੂ, ਪਿਆਰੇ, ਸਾਹਿਬਜ਼ਾਦੇ, ਸ਼ਹੀਦ ਤੇ ਗੁਰਸਿਖ ਸਾਰੇ 'ਵਾਹਿਗੁਰੂ'-ਉਪਾਸ਼ਕ ਸਨ, ਵਾਹਿਗੁਰੂ ਦੇ ਸਰੂਪ ਦਾ ਹੀ ਸਰਗੁਣ ਰੂਪ ਸਨ, ਇਸ ਲਈ ਖਾਲਸਾ ਕੌਮ ਨੇ ਆਪਣੀ 'ਖਾਲਸ ਤੇ ਫਤਹਿ' ਵਾਲੀ ਜ਼ਿੰਦਗੀ ਨੂੰ ਵਾਹਿਗੁਰੂ ਦਾ ਹੀ ਆਖਿਆ ਹੈ । ਸਾਰਾ ਖਾਲਸਾ-ਪੰਥ ਇਸੇ ਵਿਸ਼ਵਾਸ ਦਾ ਹਾਮੀ ਹੈ । ਪੂਰਨ ਵਿਸ਼ਵਾਸ ਭਾਵੇਂ ਪ੍ਰਭੂ-ਸ਼ਕਤੀ ਦਾ ਹੋਵੇ ਤੇ ਭਾਵੇਂ ਗੁਰੂ ਹੁਕਮਾਂ ਤੇ ਉਪਦੇਸ਼ਾਂ ਦਾ ਹੋਵੇ, ਫਤਹਿ ਹਮੇਸ਼ਾਂ ਵਿਸ਼ਵਾਸ ਵਾਲੇ ਦੀ ਹੀ ਹੋਣੀ ਹੈ । 'ਖਾਲਸਾ-ਕੌਮ' ਪ੍ਰਭੂ-ਵਿਸ਼ਵਾਸੀ ਵੀ ਹੈ ਤੇ ਗੁਰੂ-ਹੁਕਮ ਵਿਸ਼ਵਾਸੀ ਵੀ । ਪ੍ਰਭੂ-ਵਿਸ਼ਵਾਸ ਤੇ ਗੁਰੂ-ਹੁਕਮ ਵਿਸ਼ਵਾਸਾਂ ਤੋਂ ਹੀ ਸਵੈ-ਵਿਸ਼ਵਾਸ ਪੈਦਾ ਹੁੰਦਾ ਹੈ । ਇਸੇ ਕਰਕੇ ਖਾਲਸਾ-ਕੌਮ ਸਵੈ-ਵਿਸ਼ਵਾਸੀ ਵੀ ਹੈ । ਸਵੈ-ਵਿਸ਼ਵਾਸ ਤੋਂ ਹੀ ਦ੍ਰਿੜ੍ਹਤਾ. ਦਲੇਰੀ ਤੇ ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਦ੍ਰਿੜ੍ਹਤਾ, ਦਲੇਰੀ ਤੇ ਧੀਰਜ ਵਾਲਾ ਹੀ ਮਨ-ਜੇਤੂ ਹੋ ਸਕਦਾ ਹੈ । ਮਨ-ਜੇਤੂ ਹੀ ਅਸਲ ਵਿਚ ਜਗਤ-ਜੇਤੂ ਹੁੰਦਾ ਹੈ । ਜਗਤ ਨੂੰ ਸ਼ਸਤਰਾਂ-ਅਸਤਰਾਂ ਨਾਲ ਫਤਹਿ ਕਰਨਾ ਅਸੰਭਵ ਹੈ, ਪਰ ਜਗਤ ਨੂੰ ਮਨ ਪੱਧਰ ਉਤੇ ਫਤਹਿ ਕਰਨਾ ਸੰਭਵ ਹੈ । 'ਮਨ-ਫਤਹਿ' ਅਸਲ ਵਿਚ ਗਿਆਨ ਦੀ ਫਤਹਿ ਹੈ, ਬ੍ਰਹਮ ਗਿਆਨ ਦੀ ਫਤਹਿ ਹੈ । 'ਬ੍ਰਹਮ ਗਿਆਨ ਦੁਆਰਾ ਹੀ ਸਦੀਵੀ ਫਤਹਿ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ਮਨ ਦੀਆਂ ਖਿੰਡਾ-ਬਿਰਤੀਆਂ ਨੂੰ ਇਕਾਗਰ ਕਰ ਲੈਣਾ ਹੀ 'ਬ੍ਰਹਮ-ਗਿਆਨ' ਦਾ ਪ੍ਰਗਾਸ ਤੇ ਪ੍ਰਕਾਸ਼ ਹੋਣਾ ਹੈ । ਬ੍ਰਹਮ-ਗਿਆਨ ਦਾ ਪ੍ਰਗਾਸ ਤੇ ਪ੍ਰਕਾਸ਼ ਹੀ ਪ੍ਰਭੂ ਦਾ ਪ੍ਰਗਾਸ ਤੇ ਪ੍ਰਕਾਸ਼ ਹੈ । 'ਪ੍ਰਭੂ' ਪ੍ਰਗਾਸ ਤੇ ਪ੍ਰਕਾਸ਼ ਨੂੰ ਸੱਚ ਦਾ ਪ੍ਰਕਾਸ਼ ਵੀ ਆਖਿਆ ਜਾ ਸਕਦਾ ਹੈ । 'ਸਚ ਦਾ ਪ੍ਰਕਾਸ਼' ਹੋਣਾ ਹੀ ਅਸਲ ਵਿਚ ਉਚ-ਆਤਮਕ, ਪਵਿਤਰ ਤੇ ਜੇਤੂ ਸਤਾ ਦਾ ਪ੍ਰਤੀਕ ਹੈ । ਇਹੀ ਗੁਰੂਆਂ, ਪਿਆਰਿਆਂ, ਸਾਹਿਬਜ਼ਾਦਿਆਂ, ਸ਼ਹੀਦਾਂ ਤੇ ਗੁਰਸਿਖਾਂ ਦੀ ਜੇਤੂ-ਸਤਾ ਸੀ । ਇਸੇ ਜੇਤੂ-ਸਤਾ ਨੂੰ ਸੰਤ-ਸਤਾ ਜਾਂ ਸਤਿ-ਸਤਾ ਵੀ ਆਖਿਆ ਜਾ ਸਕਦਾ ਹੈ । 'ਸਤਿ-ਸਤਾ' ਹੀ ਅਸਲ ਵਿਚ 'ਅਕਾਲ-ਸਤਾ' ਹੈ । 'ਖਾਲਸਾ ਤੇ ਫਤਹਿ' ਇਸੇ ਅਕਾਲ-ਸਤਾ ਦੀ ਹੀ ਫਲ ਪ੍ਰਾਪਤੀ ਹੈ । ਅਕਾਲ ਸਤਾ ਦੇ ਹੀ ਪ੍ਰਤੀਕ ਆਦਰਸ਼, ਜਥੇਬੰਦੀ ਆਦਰਸ਼ ਜਾਂ ਸੈਨਿਕ-ਆਦਰਸ਼ ਖਾਲਸਾ ਤੇ ਫਤਹਿ ਸ਼ਬਦ ਵਿਚੋਂ ਮੂਰਤੀਮਾਨ ਹੁੰਦੇ ਹਨ । 'ਖਾਲਸਾ' (ਕੌਮ) ਤੇ ਫਤਹਿ' (ਦੀ ਪ੍ਰਾਪਤੀ) ਸਤਿ ਸ੍ਰੀ ਅਕਾਲ ਦੀ ਹੀ ਖੇਡ ਹੈ । 'ਸਤਿ ਸ੍ਰੀ ਅਕਾਲ' ਵਾਹਿਗੁਰੂ ਦਾ ਹੀ ਪ੍ਰਤੀਕ-ਬੋਲ ਹੈ । ਜਦੋਂ 'ਖਾਲਸਾ-ਪੰਥ' ਆਦਰਸ਼ ਦੀ ਸਮਾਪਤੀ ਪਿਛੋਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਉਂਦਾ ਹੈ, ਤਾਂ ਇਕ ਤਾਂ ਉਹ ਇਹ ਦ੍ਰਿੜ੍ਹ ਕਰ ਰਿਹਾ ਹੁੰਦਾ ਹੈ, ਕਿ 'ਖਾਲਸਾ ਤੇ ਫਤਹਿ' ਵਾਹਿਗੁਰੂ ਦੀ ਹੈ, ਦੂਜਾ ਇਹ ਪ੍ਰਣ ਕਰ ਰਿਹਾ ਹੁੰਦਾ ਹੈ, ਕਿ ਮੈਂ ਸਦਾ ਖਾਲਸਾ ਤੇ ਫਤਹਿ ਦੀ ਜ਼ਿੰਦਗੀ ਜੀਵਾਂਗਾ, ਤੀਜਾ ਇਹ ਵਿਸ਼ਵਾਸ ਵੀ ਪ੍ਰਗਟ ਕਰ ਰਿਹਾ ਹੁੰਦਾ ਹੈ, ਕਿ 'ਖਾਲਸਾ ਪੰਥ' ਸਦਾ 'ਸਤਿ ਸ੍ਰੀ ਅਕਾਲ' ਨਮਿਤ ਸੰਘਰਸ਼ ਕਰੇਗਾ, ਚੌਥਾ ਉਹ ਇਹ ਅਹਿਸਾਸ ਵੀ ਰੂਪਮਾਨ ਕਰ ਰਿਹਾ ਹੁੰਦਾ ਹੈ ਕਿ 'ਸਤਿ ਸ੍ਰੀ ਅਕਾਲ' ਵਾਲੀ ਜ਼ਿੰਦਗੀ ਦੇ ਬੋਲ ਵਿਚ ਹੀ ਸਦਾ ਬਲ ਹੁੰਦਾ ਹੈ, ਤੇ ਇਹੀ ਜ਼ਿੰਦਗੀ ਸਦਾ ਨਿਹਾਲ ਰਹਿੰਦੀ ਹੈ ।

'ਅਰਦਾਸ' ਵਿਚ ਨਿਹਾਲ ਜ਼ਿੰਦਗੀਆਂ ਦੀਆਂ ਗੌਰਵਸ਼ੀਲ ਪ੍ਰਾਪਤੀਆਂ ਤੇ ਉਹਨਾਂ ਦੇ ਬੱਲ ਵਾਲੇ ਬੋਲਾਂ ਦਾ ਹੀ ਚਮਤਕਾਰੀ ਤੇ ਸੰਖੇਪ ਇਤਿਹਾਸ ਹੈ ।

Digitized by Panjab Digital Library | www.panjabdigilib.org

ਜੈਕਾਰਾ

ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ

'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਸਿਖ ਕੌਮ ਦਾ ਅਧਿਆਤਮਕ, ਸਮਾਜਿਕ ਤੇ ਰਾਜਨੀਤਕ ਜੈਕਾਰਾ ਹੈ। ਇਹ ਜੈਕਾਰਾ ਸਿਖ ਕੌਮ ਦੀ ਕੀਤੀ ਨਿਤ ਪ੍ਰਤਗਿਆ ਵੀ ਹੈ, ਕੀਤਾ ਨਿਤ ਪ੍ਰਣ ਵੀ ਹੈ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਇਹੀ ਜੈਕਾਰਾ ਸਿਖ ਕੌਮ ਦਾ ਆਦਰਸ਼ ਹੈ, ਗੁਰੂ ਗਰੰਥ ਤੇ ਪੰਥ ਦਾ ਮੁਖ ਉਦੇਸ਼ ਹੈ। ਸਿਖ ਕੌਮ ਵਿਸ਼ਵਾਸ ਦੀ ਜ਼ਿੰਦਗੀ ਜੀਉਂਦੀ ਹੈ, ਇਹ ਜੈਕਾਰਾ ਮਨੁਖੀ-ਵਿਸ਼ਵਾਸ ਵਿਚ ਹੋਰ ਦ੍ਰਿੜ੍ਹਤਾ ਪੈਦਾ ਕਰਦਾ ਹੈ, ਮਨੁਖ ਨੂੰ ਸਤਿਵਾਦੀ ਬਣ ਕੇ ਰਹਿਣ ਲਈ ਪਰੇਰਦਾ ਹੈ। ਸਿਖ ਕੌਮ ਦਾ ਇਹ ਵਿਸ਼ਵਾਸ ਹੈ ਕਿ ਸਤਿਵਾਦੀ ਜ਼ਿੰਦਗੀ ਹੀ ਅਕਾਲ ਹੈ, ਸਤਿ-ਰਖਿਆ ਹਿਤ ਬੋਲਣ ਵਾਲੀ ਜ਼ਿੰਦਗੀ ਹੀ ਨਿਹਾਲ ਹੈ। ਸਿਖ ਕੌਮ ਨਿਹਾਲ ਤੇ ਅਕਾਲ ਦੀ ਜ਼ਿੰਦਗੀ ਜੀਉਂਦੀ ਹੈ। ਨਿਹਾਲ ਤੇ ਅਕ੍ਰਾਲ-ਵਿਅਕਤੀ ਹੀ 'ਨਿਸਚੇ ਕਰ ਆਪਣੀ ਜੀਤ ਕਰੋਂ' ਦੀ ਜ਼ਿੰਦਗੀ ਜੀਉਂਦੇ ਹਨ। 'ਨਿਸਚੇ ਕਰ ਆਪਣੀ ਜੀਤ ਕਰੋਂ, ਇਹ ਵਾਕ ਇਕ ਵਿਸ਼ਵਾਸੀ ਜ਼ਿੰਦਗੀ ਦਾ ਹੀ ਪ੍ਰਗਟਾਵਾ ਹਨ। ਵਿਸ਼ਵਾਸ ਵਾਲੀ ਜ਼ਿੰਦਗੀ ਹੀ ਕੋਈ ਕਰਾਮਾਤ ਕਰ ਸਕਦੀ ਹੈ। 'ਗੁਰੂ-ਇਤਿਹਾਸ' ਕੌਮੀ ਕਰਾਮਾਤੀਆਂ ਦਾ ਹੀ ਇਤਿਹਾਸਕ ਚਮਤਕਾਰ ਹੈ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਇਹ ਜੈਕਾਰਾ ਗੁਰੂ-ਇਤਿਹਾਸ ਦਾ ਇਕ ਚਮਤਕਾਰ ਵੀ ਹੈ। ਇਸੇ ਇਤਿਹਾਸਕ-ਚਮਤਕਾਰ ਦੇ ਸਹਾਰੇ ਹੀ ਸਿਖ ਕੌਮ ਆਪਣੇ ਬੋਲੇ, ਨਿਹਾਲ, ਸਤਿ ਤੇ ਅਕਾਲ ਦਾ ਵਿਸ਼ਵ-ਪਧਰ ਤੇ ਪਿਛਲੀਆਂ ਲਗਭਗ ਚਾਰ ਸਦੀਆਂ ਤੋਂ ਬੜਾ ਡੂੰਘਾ ਤੇ ਵਿਆਪਕ ਪ੍ਰਭਾਵ ਪਾਉਂਦੀ ਆ ਰਹੀ ਹੈ।

'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰੇ ਦਾ ਪਹਿਲਾ ਭਾਗ ਹੈ, 'ਬੋਲੇ'। 'ਬੋਲੇ' ਦਾ ਭਾਵ ਹੈ, ਬੋਲਣਾ। ਸਿਖ ਕੌਮ ਨੇ ਕਿਸ ਲਈ ਬੋਲਣਾ ਹੈ ? ਇਸ ਪ੍ਰਸ਼ਨ ਦਾ ਉੱਤਰ ਹੀ 'ਬੋਲੇ' ਦਾ ਭਾਵ ਸਪਸ਼ਟ ਕਰਦਾ ਹੈ। ਸਿਖ ਕੌਮ ਦਾ 'ਬੋਲ' ਸੱਚ, ਪਰੇਮ, ਅਣਖ ਤੇ ਆਜ਼ਾਦੀ ਲਈ ਰਾਖਵਾਂ ਹੈ। 'ਖਾਲਸਾ' ਸਚ, ਪਰੇਮ, ਅਣਖ ਤੇ ਅਜ਼ਾਦੀ ਦਾ ਹੀ ਮੁਤਲਾਸ਼ੀ ਹੈ। ਜੇ 'ਖਾਲਸਾ' ਸੱਚ, ਪਰੇਮ, ਅਣਖ ਤੇ ਆਜ਼ਾਦੀ ਦਾ ਚਾਹਵਾਨ ਹੈ, ਤਾਂ ਇਹ ਸੁਭਾਵਕ ਹੈ ਕਿ ਉਸ ਨੇ ਕੂੜ, ਦ੍ਵੈਤ, ਅਨਿਆਂ, ਪਰ-ਅਧੀਨਤਾ ਤੇ ਜ਼ਬਰ ਦੇ ਵਿਰੁਧ ਬੋਲਣਾ ਹੈ। ਕੀ 'ਖਾਲਸਾ ਫੌਜ' ਕੂੜ, ਦ੍ਵੈਤ, ਅਨਿਆਂ, ਪਰ-ਅਧੀਨਤਾ ਤੇ ਜ਼ਬਰ ਦੇ ਵਿਰੁਧ ਬੋਲਦੀ ਆ ਰਹੀ ਹੈ ? ਇਸ ਦਾ ਅਧਿਆਤਮਕ, ਸਮਾਜਿਕ, ਰਾਜਨੀਤਕ ਤੇ ਇਤਿਹਾਸਕ ਉੱਤਰ ਬੜਾ ਆਸ਼ਾਵਾਦੀ ਤੇ ਗੌਰਵਸ਼ੀਲ ਹੈ। 'ਖਾਲਸਾ ਫੌਜ' ਨੇ ਆਦਿ ਤੋਂ ਆਪਣੇ ਬੋਲ ਨੂੰ ਪਛਾਣਿਆ ਹੈ ਤੇ ਬੜੇ ਦਲੇਰ, ਨਿਡਰ ਤੇ ਨਿਰਵੈਰ ਰੂਪ ਵਿਚ ਬੋਲਦੀ ਆਈ ਹੈ। ਗੁਰੂ ਸਾਹਿਬਾਨ ਦਾ ਜੀਵਨ ਤੇ ਸਿਖ ਇਤਿਹਾਸ ਇਸ ਕਥਨ ਦੀ ਪੂਰਨ ਸਾਖੀ ਭਰਦੇ ਹਨ।

Digitized by Panjab Digital Library | www.panjabdigilib.org

'ਸਿੱਖ ਇਤਿਹਾਸ' ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੇ ਬਾਲ-ਉਮਰ ਵਿਚ ਕੀਤੇ ਕਰਤਵਾਂ ਨਾਲ ਹੀ ਹੋਂਦ ਵਿਚ ਆ ਜਾਂਦਾ ਹੈ। ਕਿਉਂਕਿ ਸਿਖ ਧਰਮ ਦੇ ਆਗੂ ਗੁਰੂ ਨਾਨਕ ਦੇਵ ਜੀ ਹਨ। ਇਹਨਾਂ ਦੇ ਜਨਮ, ਜੀਵਨ-ਕਰਤਵਾਂ, ਗੋਸ਼ਟਾਂ, ਮੇਲ-ਮਿਲਾਪਾਂ ਤੇ ਸਫ਼ਰਾਂ-ਉਦਾਸੀਆਂ ਨਾਲ ਹੀ ਸਿਖ ਇਤਿਹਾਸ ਦਾ ਮੁਢ ਬੱਝਦਾ ਹੈ। ਗੁਰੂ ਅੰਗਦ ਦੇਵ ਜੀ ਵੇਲੇ ਲਿਖੀ ਗਈ ਗੁਰੂ ਨਾਨਕ ਦੇਵ ਜੀ ਦੀ 'ਜਨਮ ਸਾਖੀ' ਨੂੰ ਹੀ ਸਿਖ ਇਤਿਹਾਸ ਦੀ ਪਹਿਲੀ ਰਚਨਾ ਕਹਿਣਾ ਚਾਹੀਦਾ ਹੈ। ਭਾਵੇਂ ਇਸ 'ਜਨਮ ਸਾਖੀ ਨੂੰ ਪ੍ਰਮਾਣਿਕ ਇਤਿਹਾਸ ਕੋਈ ਨਾ ਵੀ ਮੰਨੇ, ਪਰ ਗੁਰੂ ਗਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ, ਉਸ ਵੇਲੇ ਦੀ ਅਧਿਆਤਮਕ, ਸਮਾਜਿਕ ਤੇ ਰਾਜ-ਨੀਤਕ-ਸਥਿਤੀ ਦੇ ਇਤਿਹਾਸਕ-ਚਿਤਰ ਜ਼ਰੂਰ ਮਿਲ ਜਾਂਦੇ ਹਨ। ਅਜੋਕੇ ਇਤਿਹਾਸਕਾਰ ਵੀ ਇਸ ਕਥਨ ਨਾਲ ਸਹਿਮਤ ਹਨ, ਕਿ ਗੁਰੂ ਨਾਨਕ ਦੇਵ ਜੀ ਸਾਰੀ ਜ਼ਿੰਦਗੀ ਕੂੜ, ਦ੍ਵੈਤ, ਅਨਿਆਂ, ਪਰ-ਅਧੀਨਤਾ ਤੇ ਜ਼ਬਰ ਵਿਰੁਧ ਬੋਲਦੇ ਰਹੇ ਹਨ ਤੇ ਸੱਚ, ਪਰੇਮ, ਅਣਖ ਤੇ ਆਜ਼ਾਦੀ ਦੀ ਹਾਮੀ ਭਰਦੇ ਰਹੇ ਹਨ। ਡਾ: ਗੋਕਲ ਚੰਦ ਨਾਰੰਗ[1] ਦੇ ਸ਼ਬਦਾਂ ਵਿਚ ਸਿਖਰਾਂ ਦਾ ਸਤਿ ਹੈ :-

"ਕਈਆਂ ਸਦੀਆਂ ਦੀ ਗੁਲਾਮੀ ਪਿਛੋਂ ਹਿੰਦੂਆਂ ਵਿਚ ਗੁਰੂ ਨਾਨਕ ਦੇਵ ਜੀ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਜ਼ਬਰ ਅਤੇ ਧਕੇ ਸ਼ਾਹੀ ਵਿਰੁਧ ਆਵਾਜ਼ ਉਠਾਈ।"

'ਸੀ. ਐਚ. ਪੇਨ' ਪ੍ਰਸਿਧ ਇਤਿਹਾਸਕਾਰ ਤਾਂ ਸਪਸ਼ਟ ਸ਼ਬਦਾਂ ਵਿਚ ਕਹਿੰਦਾ ਹੈ, ਕਿ ਗੁਰੂ ਨਾਨਕ ਦੇਵ ਜੀ ਦਾ 'ਮਤ' ਸੱਚ, ਪਰੇਮ, ਅਣਖ ਤੇ ਆਜ਼ਾਦੀ ਲਈ ਬੋਲਦਾ ਹੈ।

ਗੁਰੂ ਨਾਨਕ-ਬਾਣੀ ਦੀਆਂ ਹੇਠਲੀਆਂ ਸਤਰਾਂ ਤਾਂ ਇਸ ਕਥਨ ਦੀ ਹੋਰ ਪ੍ਰਮਾਣੀਕਤਾ ਸਿਧ ਕਰਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਕੂੜ, ਦ੍ਵੈਤ, ਅਨਿਆਂ, ਪਰ-ਅਧੀਨਤਾ ਤੇ ਜ਼ਬਰ ਵਿਰੁਧ ਬੋਲਦੇ ਰਹੇ ਹਨ :—

(ੳ) ਕੂੜੁ ਬੋਲਿ ਮੁਰਦਾਰੁ ਖਾਇ ਅਵਰੀ ਨੂੰ ਸਮਝਾਵਣਿ ਜਾਇ।
ਮੁਠਾ ਆਪਿ ਮੁਹਾਏ ਸਾਥੈ ਨਾਨਕ ਐਸਾ ਆਗੂ ਜਾਪੇ। (ਮਾਝ ਕੀ ਵਾਰ ਮ: ੧)

(ਅ) ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।
(ਆਸਾ ਮ: ੧)

(ਏ) ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ। (ਮਾਝ ਕੀ ਵਾਰ ਮ: ੧)

(ਸ) ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।
(ਮਾਝ ਕੀ ਵਾਰ ਮ: ੧)

---

੧ After centuries of subjection, Nanak was the first among the Hindus to raise his voice against tyranny and oppression.
(Transformation of Sikhism. P. 25.)

Digitized by Panjab Digital Library | www.panjabdigilib.org

'ਜਿਤ' । 'ਜਿਤ' ਸ਼ਬਦ ਦਾ ਉਚੇ ਸੁਰ ਨਾਲ ਉਚਾਰਣ ਹੀ 'ਜੈਕਾਰਾ' ਅਖਵਾਉਂਦਾ ਹੈ । 'ਜੈਕਾਰਾ' ਖਾਲਸੇ ਦੀ ਜ਼ਿੰਦਗੀ ਦਾ ਇਕ ਅਟੁੱਟਵਾਂ ਅੰਗ ਹੈ । ਖਾਲਸਾ ਹਮੇਸ਼ਾਂ ਜੈ–ਜਿਤ ਦੀ ਜ਼ਿੰਦਗੀ ਜੀਉਂਦਾ ਹੈ, ਉਸ ਨੂੰ ਸਤਿ ਦੀ ਲੜਾਈ ਵਿਚ ਜਿੱਤਣ ਦਾ ਪੂਰਾ ਨਿਸਚਾ ਹੁੰਦਾ ਹੈ, ਉਸ ਨੂੰ ਆਪਣੀ ਸਤਿਵਾਦੀ ਤਾਕਤ ਤੇ ਮਾਣ ਤੇ ਗੌਰਵ ਹੁੰਦਾ ਹੈ । ਨਾਲੇ ਉਹ ਲੜਦਾ ਨਿਸਚੇ ਨਾਲ ਹੈ ਤੇ 'ਨਿਸਚਾ' ਹਮੇਸ਼ਾਂ ਮਨੁਖ ਦੀ ਜਿਤ ਕਰਵਾਉਂਦਾ ਹੈ । 'ਖਾਲਸਾ' ਜਦੋਂ ਵੀ ਸਤਿ ਖਾਤਰ ਲੜਦਾ ਹੈ, ਨਿਸਚੇ ਨਾਲ ਲੜਦਾ ਹੈ, ਉਸ ਦੀ ਹਮੇਸ਼ਾਂ ਫਤਹਿ ਹੁੰਦੀ ਹੈ। ਕਿਉਂਕਿ 'ਜੈਕਾਰੇ' ਦੀ ਉੱਚੀ ਆਵਾਜ਼ ਹੀ ਉਸ ਦੀ ਰਗ–ਰਗ ਵਿਚ ਗੂੰਜਦੀ ਹੈ, ਉਸ ਨੂੰ ਕਦਮ ਕਦਮ ਤੇ ਆਪਣੀ ਜਿੱਤ ਹੁੰਦੀ ਨਜ਼ਰ ਆਉਂਦੀ ਹੈ । ਉਹ ਜਿੱਤ ਦੀ ਖਾਤਰ ਲੜਦਾ ਹੈ, ਮਰ–ਮਿਟਣਾ ਉਸ ਲਈ ਮਾਮੂਲੀ ਗਲ ਹੁੰਦੀ ਹੈ, ਮਰ–ਮਿਟਣ ਵਿਚ ਵੀ ਉਹ ਆਪਣੀ ਜਿੱਤ ਮਹਿਸੂਸ ਕਰਦਾ ਹੈ । ਸਤਿ ਦੀ ਸੁਰਖਿਆ ਹਿਤ ਮਰ–ਮਿਟਣਾ, ਖਾਲਸਾ ਇਸ ਨੂੰ ਗੁਰੂ ਦਰਬਾਰ ਵਿਚ 'ਸੱਚਾ–ਪਿੜ' ਮੱਲਣ ਦੀ ਘਟਨਾ ਸਮਝਦਾ ਹੈ । 'ਸੱਚਾ–ਪਿੜ' ਮਲਣਾ ਹੀ ਸਾਰੇ ਖਾਲਸੇ ਦਾ ਮੁਖ ਕਰਤੱਵ ਹੈ । ਇਸੇ ਪਿੜ ਨੂੰ ਮੱਲਣ ਵਾਸਤੇ ਹੀ ਖਾਲਸਾ ਮੌਤ ਨੂੰ ਸਹੇੜਨੋਂ ਵੀ ਝਿਜਕਦਾ ਨਹੀਂ, ਮੌਤ ਨਾਲ ਇੰਜ ਜੂਝਦਾ ਹੈ, ਜਿਵੇਂ ਮੌਤ ਉਸ ਲਈ ਕੋਈ ਬਹੁਤੀ ਮਹੱਤਵ ਪੂਰਨ ਤੇ ਸ਼ਕਤੀ–ਨਿਪੁੰਨ ਵਸਤੂ ਹੀ ਨਹੀਂ ਹੁੰਦੀ । ਨਾਲੇ ਖਾਲਸਾ ਆਪਣੀ ਨਿਤ ਕੀਤੀ 'ਅਰਦਾਸ' ਦੁਆਰਾ 'ਜੈਕਾਰੇ' ਨੂੰ ਆਪਣੇ ਅਹਿਸਾਸ ਦਾ ਹਿੱਸਾ ਬਣਾਉਂਦਾ ਹੈ । ਵਿਅਕਤੀਗਤ ਜਾਂ ਸਮਾਜਕ ਪੱਧਰ ਤੇ ਇਕੱਠੇ ਹੋਕੇ 'ਅਰਦਾਸ' ਪਿਛੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਨੂੰ ਗਜਾਉਣਾ, ਆਪਣੇ ਅਹਿਸਾਸ ਨੂੰ, ਆਪਣੇ ਵਿਸ਼ਵਾਸ ਨੂੰ, ਆਪਣੀ ਜਿੱਤ ਨੂੰ ਜਿੱਤ ਦ੍ਰਿੜ੍ਹ ਕਰਨਾ ਵੀ ਹੈ । ਜਦੋਂ ਖਾਲਸਾ ਗੁਰਦਵਾਰੇ ਅੰਦਰ 'ਜੈਕਾਰਾ' ਬੁਲਾਉਂਦਾ ਹੈ, ਤਾਂ ਉਹ ਇਕ ਤਾਂ ਆਪਣੀ ਆਤਮਕ–ਸ਼ਕਤੀ ਨੂੰ ਪ੍ਰਚੰਡ ਕਰ ਰਿਹਾ ਹੁੰਦਾ ਹੈ, ਦੂਜਾ ਗੁਰਦਵਾਰੇ ਆਈ ਮਜ਼ਹਬ–ਰੱਤੀ, ਜਾਤ ਭੇਦ–ਭਾਵੀ, ਬੋਲੀ ਤੇ ਅਮੀਰ–ਗਰੀਬ ਦੇ ਵਿਤਕਰੇ ਭਰੀ ਸੰਗਤ ਨੂੰ ਕੌਮੀ–ਏਕਤਾ ਵਿਚ ਪਰੁੱਚਣ ਲਈ ਟੁੰਬ ਰਿਹਾ ਹੁੰਦਾ ਹੈ, ਸਤਿਵਾਦੀ ਪੱਧਰ ਉਤੇ ਸਭ ਨੂੰ ਆਉਣ ਲਈ ਪਰੇਰ ਰਿਹਾ ਹੁੰਦਾ ਹੈ, ਕੌਮੀ ਜਾਗ੍ਰਿਤੀ ਦਾ ਅਹਿਸਾਸ ਜਗਾ ਰਿਹਾ ਹੁੰਦਾ ਹੈ । ਜਦੋਂ ਰਣ–ਖੇਤਰ ਵਿਚ ਜਾਂ ਕਿਸੇ ਜੰਗੀ ਸਮਾਜ ਵਿਚ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਂਦਾ ਹੈ, ਤਾਂ ਇਸ ਨਾਲ ਇਕ ਤਾਂ ਸੈਨਿਕ–ਏਕਤਾ ਦਾ ਅਹਿਸਾਸ ਜਾਗਦਾ ਹੈ, ਦੂਜਾ ਸੈਨਿਕ–ਸ਼ਕਤੀ ਵਿਚ ਵਾਧਾ ਹੋਇਆ ਮਹਿਸੂਸ ਹੁੰਦਾ ਹੈ, ਤੀਜਾ ਜੇਤੂ ਹੋਣ ਦਾ ਵਿਸ਼ਵਾਸ ਬੱਝਦਾ ਹੈ, ਚੌਥਾ ਸਤਿ ਦਾ ਵਾਤਾਵਰਣ ਉਭਰਦਾ ਹੈ । ਅਜਿਹੇ ਵਾਤਾਵਰਣ ਵਿਚ ਹੀ ਸੈਨਿਕ ਮਰ–ਮਿਟਣ ਦੀ ਲੜਾਈ ਲੜਦਾ ਹੈ । ਗੁਰੂ ਹਰਿ ਗੋਬਿੰਦ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ ਫੌਜ ਕੁਝ ਇਸੇ ਤਰ੍ਹਾਂ ਦੇ ਜੈਕਾਰੇ ਗਜਾ ਗਜਾ ਕੇ, ਵਾਤਾਵਰਣ ਉਪਜਾ ਕੇ, ਮੁਗਲਾਂ ਤੇ ਜਾਬਰਾਂ ਵਿਰੁਧ ਲੜਿਆ ਕਰਦੀ ਸੀ ।

ਖਾਲਸਾ ਫੌਜ ਵਿਚ ਤਿੰਨ ਜੈਕਾਰੇ ਬੜੇ ਪ੍ਰਸਿੱਧ ਹਨ :—

੧. ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ।

੨. ਗੁਰਬਰ ਅਕਾਲ ।

Digitized by Panjab Digital Library | www.panjabdigilib.org

੩. ਵਾਹਿਗੁ਼ਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।

ਇਹਨਾਂ ਤਿੰਨਾਂ ਜੈਕਾਰਿਆਂ ਦਾ ਰਚਨ-ਕਾਲ ਕੀ ਹੈ ? ਰਚਨ-ਸਥਾਨ ਕਿਹੜਾ ਹੈ ? ਇਹਨਾਂ ਜੈਕਾਰਿਆਂ ਦੇ ਰਚਨ-ਕਰਤਾ ਕੌਣ-ਕੌਣ ਹਨ ? ਇਹ ਪ੍ਰਸ਼ਨ ਹਾਲਾਂ ਇਤਿਹਾਸਕ ਖੋਜ ਦੀਆਂ ਸਮਸਿਆਵਾਂ ਹਨ । ਹਾਂ ਇਹਨਾਂ ਤਿੰਨਾਂ ਜੈਕਾਰਿਆਂ ਵਿਚੋਂ ਪਹਿਲਾ ਤੇ ਤੀਜਾ ਜੈਕਾਰਾ ਸਾਡੀ ਮੇਲ-ਮਿਲਾਪ ਦੀ ਜ਼ਿੰਦਗੀ ਦਾ ਇਕ ਸਾਧਨ ਵੀ ਬਣ ਗਏ ਹਨ । 'ਗੁਰਬਰ ਅਕਾਲ' ਵੀ ਸਿਖ ਸੈਨਾ ਦਾ ਇਕ ਜੈਕਾਰਾ ਹੈ । ਭਾਈ ਗੁਰਦਾਸ ਸਿੰਘ ਨੇ ਆਪਣੀ ਵਾਰ ਦੀ ਹੇਠਲੀ ਸਤਰ ਵਿਚ ਇਸੇ 'ਜੈਕਾਰੇ' ਬਾਰੇ ਹੀ ਸੰਕੇਤ ਕੀਤਾ ਹੈ :—

'ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਉ ਬਿਗਿਆਨਾ ।'

ਪਰ ਇਹ ਜੈਕਾਰਾ ਖਾਲਸੇ ਵਿਚ ਬਹੁਤਾ ਪ੍ਰਚੱਲਤ ਨਹੀਂ, ਘਟ ਹੀ, ਕਦੀ ਕਦੀ, ਕਿਸੇ ਕਿਸੇ ਸਿੰਘ ਕੋਲੋਂ ਇਹ ਜੈਕਾਰਾ ਹਾਲਾਂ ਵੀ ਸੁਣਿਆਂ ਜਾਂਦਾ ਹੈ । ਪਹਿਲਾ ਤੇ ਤੀਜਾ ਜੈਕਾਰਾ ਤਾਂ ਸਿੰਘਾਂ ਵਿਚ ਆਮ ਪ੍ਰਚੱਲਤ ਹੈ । ਵਿਸ਼ੇਸ਼ ਤੌਰ ਤੇ ਅੰਮ੍ਰਿਤਧਾਰੀ ਸਿੰਘ ਜਦੋਂ ਆਪੋ ਵਿਚ ਮੇਲ-ਮਿਲਾਪ ਕਰਦੇ ਹਨ, ਤਾਂ ਉਹ ਉੱਚੀ ਆਵਾਜ਼ ਵਿਚ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਹੀ ਗਜਾਉਂਦੇ ਹਨ । ਗੁਰਦਵਾਰੇ ਅੰਦਰ ਹੋ ਰਹੇ ਪ੍ਰੋਗਰਾਮ ਦੀ ਸਮਾਪਤੀ ਤੇ ਵੀ ਇਹੀ ਫਤਹਿ ਬੁਲਾਈ ਜਾਂਦੀ ਹੈ। ਭਾਵੇਂ 'ਸਤਿ ਸ੍ਰੀ ਅਕਾਲ' ਵੀ ਅਜ ਸਿੱਖਾਂ ਤੇ ਸਿੰਘਾਂ ਦੇ ਮੇਲ-ਮਿਲਾਪ ਸਮੇਂ ਬੁਲਾ ਲਈ ਜਾਂਦੀ ਹੈ, ਪਰ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਇਸ ਜੈਕਾਰੇ ਵਿਚ ਕੁਝ ਜੰਗੀ ਤੇ ਜੋਤੂ-ਜੋਸ਼ ਜਾਪਦਾ ਹੈ । ਸ਼ਾਇਦ ਇਸੇ ਕਰਕੇ ਜੰਗੀ-ਖੇਤਰਾਂ ਵਿਚ 'ਵਾਹਿਗੁਰੂ' ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਹੀ ਗਜਾਇਆ ਜਾਂਦਾ ਹੈ । ਇਹ ਜੈਕਾਰਾ 'ਵਾਹਿਗੁਰੂ ਜੀ ਕੀ ਫਤਹਿ' ਜੈਕਾਰੇ ਨਾਲੋਂ ਵਧੇਰੇ ਜੋਸ਼-ਉਭਾਰੂ ਤੇ ਜੋਸ਼-ਭਰਪੂਰ ਹੈ । ਜਦੋਂ ਖਾਲਸਾ ਫੌਜ ਦੁਆਰਾ ਕਿਸੇ ਜੰਗੀ-ਮੈਦਾਨ ਵਿਚ ਇਸ ਜੈਕਾਰੇ ਦੀ ਗੂੰਜ ਗੁੰਜਾਈ ਜਾਂਦੀ ਹੈ, ਤਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੀ ਉੱਚੀ ਆਵਾਜ਼ ਵਿਚ ਕੋਈ ਰੱਬੀ-ਤਾਣ ਬੋਲ ਰਿਹਾ ਮਹਿਸੂਸ ਹੁੰਦਾ ਹੈ । 'ਖਾਲਸਾ—ਫੌਜ' ਰੱਬੀ-ਤਾਣ ਦੇ ਸਹਾਰੇ ਤਾਂ ਵਿਰੋਧੀ ਦਲ ਨਾਲ ਲੜਦੀ ਹੈ । 'ਖਾਲਸਾ' ਹਮੇਸ਼ਾਂ ਮਰ-ਮਿਟਣ ਵਾਲੀ ਲੜਾਈ ਸਤਿ-ਰਖਿਆ ਵਾਸਤੇ ਹੀ ਲੜਦਾ ਹੈ । ਕਿਉਂਕਿ ਰੱਬੀ-ਸਤਿ ਹੀ ਸ਼ਰੋਮਣੀ ਤਾਕਤ ਹੈ ।

ਜਦੋਂ ਸ਼ਰੋਮਣੀ ਤਾਕਤ ਖਾਲਸੇ ਦੇ ਅੰਗ ਸੰਗ ਹੋਵੇ, ਫਿਰ ਖਾਲਸਾ-ਸੈਨਾ ਕਿਵੇਂ ਹਾਰ ਸਕਦੀ ਹੈ ? ਹਾਰਦਾ ਤਾਂ ਉਹ ਹੈ, ਜਿਸ ਕੋਲ ਰੱਬੀ ਤਾਕਤ ਤੇ ਸਤਿ-ਤਾਕਤ ਨਾ ਹੋਵੇ । ਭਾਰਤੀ ਸੈਨਾਂ ਦੀ ਪੰਜਾਬ ਦੀਆਂ ਸੀਮਾਵਾਂ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਗਜਾ ਕੇ ਪਾਕਿਸਤਾਨੀ ਦਲ ਤੇ ਫਤਹਿ ਪਾ ਲੈਣੀ, ਇਸ ਦਾ ਇਕ ਰਾਜ਼ ਇਹ ਵੀ ਹੈ ਕਿ ਭਾਰਤੀ ਸਤਿ-ਰਖਿਆ ਹਿਤ ਬੋਲ ਰਹੇ ਸਨ, ਸਤਿ-ਰਖਿਆ ਹਿਤ ਲੜ ਰਹੇ ਸਨ ।

Digitized by Panjab Digital Library | www.panjabdigilib.org

ਇਸੇ ਕ਼ਰਕੇ ਭਾਰਤ–ਪਾਕਿਸਤਾਨ ਵਿਚਕਾਰ ਹੋਈ ਲੜਾਈ ਵਿਚ ਭਾਰਤੀ ਤੇ ਵਿਸ਼ੇਸ਼ ਤੌਰ ਤੇ ਪੰਜਾਬੀ ਨਿਹਾਲ ਵੀ ਹਨ ਤੇ ਕਾਲ ਤੇ ਫਤਹਿ ਪਾ ਕੇ ਅਕਾਲ ਪੁਰਖ ਵਾਸੀ ਵੀ ਬਣ ਗਏ ਹਨ।

"ਵਿਸ਼ਵ ਦਾ ਹਰ ਵਾਸੀ ਪੰਜਾਬ–ਭਾਰਤੀ ਜਵਾਨਾਂ, ਤੇ ਵਿਸ਼ੇਸ਼ ਤੌਰ ਤੇ ਸਿੱਖਾਂ ਦੀ ਇਸ ਕਰਾਮਾਤ ਉੱਤੇ ਹੈਰਾਨ ਹੈ।"

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0938

Digitized by Panjab Digital Library | www.panjabdigilib.org